# ਬਾਥੇਲੋਨਾ-ਘਰ ਵਾਪਸੀ

# ਬਾਥੇਲੋਨਾ-ਘਰ ਵਾਪਸੀ

(ਨਾਵਲ)

ਰੂਪ ਢਿੱਲੋਂ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

***BATHELONA- GHAR VAAPSI***

***Noval by by :***

**Roop Dhillon** ©

.........

ISBN : 978-81-7883--

**Rs. ---/-**

**2011**

*Printing and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA

Ph. 0161-2413613, 2404928, Website: www.chetnaparkashan.com

E-mail: chetnaparkashan@sify.com, chetnaparkashan@gmail.com

**Sub Off.:** Qila Road, Opp. Bus Stand, **KOTKAPURA** (Pb.) INDIA

Ph.: 01635-222651

Printer: R.K.Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

## ਸਮਰਪਣ

## ਧੰਨਵਾਦ

ਪਹਿਲੀ ਕਿਤਾਬ

**ਪਹਿਲਾ ਭਾਗ**

## ਤਾਰਾ

### *ਇਕ*

ਉਂਝ ਤਾਂ ਦੁਨੀਆਂ ਵਿਚ ਬੜੇ ਸਾਫ਼ ਸੁਥਰੇ ਅਤੇ ਸੁੰਦਰ ਸ਼ਹਿਰ ਹਨ। ਜੇਕਰ ਯੂਰਪ ਦੇ ਨਕਸ਼ੇ 'ਤੇ ਨਜ਼ਰ ਮਾਰੀਏ ਤਾਂ ਬਾਥੇਲੋਨਾ ਇਕ ਰੰਗੀਨ ਰਵਾਇਤੀ ਅਤੇ ਨਵੀਨ ਸ਼ਹਿਰ ਦੇ ਕਰਕੇ ਜਾਣਿਆ ਜਾਂਦਾ ਹੈ। ਐਸਪਾਨੀਆ ਦੇ ਕੈਟਾਲਾਂਨ ਇਲਾਕੇ ਦੀ ਰਾਜਧਾਨੀ ਹੋਣ ਦੇ ਨਾਲ ਅਤੇ ਮਸ਼ਹੂਰ ਕਲਾ ਹੋਣ ਨਾਲ ਮੌਜੂਦਾ ਪੀੜ੍ਹੀ ਇਸ ਸ਼ਹਿਰ ਨੂੰ (ਸਿਕ) ਆਖਦੀ ਹੈ। ਮੇਰੇ ਹਾਣ ਦਾ ਜ਼ਮਾਨਾ ਇਸ ਸ਼ਹਿਰ ਨੂੰ (ਕੂਲ) ਆਖਦਾ ਹੈ। ਪਰ ਹਰ ਸ਼ਹਿਰ ਆਪਣੀ ਬੁੱਕਲ ਵਿਚ ਕੁਝ ਐਸੇ ਦੁੱਖ-ਦਰਦ ਗ਼ਮੀਆਂ-ਖ਼ੁਸ਼ੀਆਂ ਅਤੇ ਮੇਲ ਵਿਛੋੜੇ ਦੀ ਤਪਸ਼ ਨੂੰ ਲੁਕਾਈ ਬੈਠੇ ਹੁੰਦੇ ਹਨ। ਜਿਨ੍ਹਾਂ ਦੀਆਂ ਪੀੜਾਂ ਤੇ ਚੀਸਾਂ ਨੂੰ ਫਰੋਲਣ 'ਤੇ ਸਮਝਣ ਲਈ ਕਹਾਣੀ ਨੂੰ ਅੱਗੇ ਤੋਰਨਾ ਹੀ ਪਏਗਾ। ਤਾਂ ਹੀ ਕਹਾਣੀ ਵਿਚਲੀ ਚੰਗਿਆਈ ਤੇ ਬੁਰਾਈ ਨੂੰ ਅਨੁਭਵ ਕਰ ਸਕਾਂਗੇ। ਇਸ ਕਹਾਣੀ ਦੇ ਸਫ਼ੇ ਪਾਰ ਕਰਕੇ ਪਾਠਕ ਨੂੰ ਤਿੰਨ ਪਾਤਰ ਨਾਲ ਜਾਣਕਾਰੀ ਹੋ ਜਾਵੇਗੀ। ਕਹਾਣੀ ਦੀ ਸ਼ੁਰੂਆਤ ਬਾਥੇਲੋਨਾ-ਘਰ ਵਾਪਸੀ 'ਚ ਨਹੀਂ ਹੈ। ਇਸ ਸ਼ਹਿਰ 'ਚ ਕਹਾਣੀ ਖ਼ਤਮ ਹੁੰਦੀ ਹੈ। ਇਕ ਪਾਤਰ ਦੀ ਮੌਤ ਨਾਲ ਮੁੱਕਦੀ ਹੈ। ਕਿਹੜੇ ਪਾਤਰ ਨਾਲ ਅਤੇ ਕਿਉਂ? ਗੋਰੇ ਲੋਕ ਕਹਿੰਦੇ ਨੇ ਕਹਾਣੀ ਦੇ ਦੋ ਪਾਤਰ ਹੁੰਦੇ ਨੇ। ਪਰ ਇਸ ਕਹਾਣੀ ਵਿਚ ਤਿੰਨ ਪਾਤਰ ਹਨ ਅਤੇ ਇਸ ਕਰਕੇ ਤਿੰਨ ਖ਼ਿਆਲ ਹਨ। ਇਸ ਲਈ ਇਹ ਕਹਾਣੀ ਵਿਚ ਤਿੰਨ ਪੱਖ ਦਿਖਾਏ ਹਨ। ਤੁਹਾਨੂੰ ਕੀ ਲੱਗਦਾ ਹੈ? ਤੁਹਾਨੂੰ ਤਿੰਨਾਂ ਦੀਆਂ ਅੱਖਾਂ 'ਚੋਂ ਕਹਾਣੀ ਦਿਖਾਈ ਜਾਵੇਗੀ।

ਸ਼ੁਰੂ ਪੰਜਾਬ ਵਿਚ ਹੈ। ਆਉ, ਪਹਿਲੇ ਪਾਤਰ ਨੂੰ ਮਿਲੀਏ।

### *ਦੋ*

ਤਾਰਾ ਉੱਨੀ ਸੌ ਸੰਤਾਲੀ ਵਿਚ ਜੰਮਿਆਂ ਸੀ। ਇਸ ਦਾ ਜਨਮ ਸਮੇਂ ਤੋਂ ਇਕ ਮਹੀਨਾ ਪਹਿਲਾ ਹੋ ਗਿਆ ਸੀ। ਕਹਿਣ ਦਾ ਮਤਲਬ ਜਨਮ ਅਗੇਤਾ ਸੀ। ਇਸ ਕਰਕੇ ਤਾਰੇ ਦੇ ਸਰੀਰ ਵਿਚ ਕਮਜ਼ੋਰੀ ਸੁਭਾਵਕ ਸੀ। ਪਰ ਫਿਰ ਇਹ ਰੋਂਦਾ ਰਿਹਾ, ਕੁਰਲਾਉਂਦਾ ਰਿਹਾ, ਜਿਵੇਂ ਆਪਣਾ ਮਨ ਦਾ ਬੋਝ ਹਲਕਾ ਕਰਨਾ ਚਾਹੁੰਦਾ ਸੀ। ਜਦ ਵੀ ਰੋਂਦਾ ਆਵਾਜ਼ ਗਲੇ ਨਾਲ ਭਰੀ ਹੋਈ ਹੁੰਦੀ। ਜਿੱਦਾਂ ਇਸ ਨੂੰ ਮਾਂ ਦੀ ਕੁੱਖ 'ਚੋਂ ਅਗੇਤਾ ਆਉਣ



ਦਾ ਬੜਾ ਅਫ਼ਸੋਸ ਕਰੋਧ ਅਤੇ ਦੁੱਖ ਸੀ। ਦਾਦੀ ਦਾ ਪਿਆਰ ਅਤੇ ਨਿੱਘ ਵੀ ਮਿਲਿਆ ਪਰ ਫਿਰ ਵੀ ਰੋਹ ਨਾਲ ਭਰਿਆ ਸੀ। ਤਾਰੇ ਨੂੰ ਰਤੀ ਭਰ ਵੀ ਤੱਤੀ ਹਵਾ ਨਹੀਂ ਸੀ ਲੱਗਣ ਦਿੱਤੀ ਪਰ ਫਿਰ ਵੀ ਸੰਨ ਉੱਨੀ ਸੌ ਸੰਤਾਲੀ ਦੀ ਨਾਮੁਰਾਦ ਹਨੇਰੀ ਦਾ ਸੇਕ ਇਸ ਸੁਭਾਅ ਨੂੰ ਛੋਹ ਹੀ ਗਿਆ। ਜਿਸ ਕਰਕੇ ਹੀ ਸ਼ਾਇਦ ਤਾਰੇ ਦੇ ਸੁਭਾਅ ਵਿਚ ਕੁਝ ਕੁੜੱਤਣ ਜਿਹੀ ਆ ਗਈ। ਤਾਰੇ ਨੂੰ ਸੰਸਾਰ 'ਚ ਪੈਦਾ ਕਰਕੇ ਹੀ ਮਾਂ ਰੱਬ ਨੂੰ ਪਿਆਰੀ ਹੋ ਗਈ। ਘਰ ਵਿਚ ਦਾਦੀ, ਬਾਪੂ ਅਤੇ ਭੈਣ-ਭਰਾ ਹੀ ਰਹਿ ਗਏ ਸਨ। ਦਾਦੀ ਸੁਭਾਅ ਵਿਚ ਨਿੱਡਰ ਸੀ। ਪੰਜ ਸਾਲਾਂ ਲਈ ਦਾਦੀ ਨੇ ਇਸ ਦਲੇਰ ਮੁੰਡੇ ਨੂੰ ਅਤੇ ਇਹਦੇ ਭੈਣ ਭਰਾ ਨੂੰ ਪਾਲਿਆ। ਤਾਰਾ ਸ਼ੁਰੂ ਤੋਂ ਹੀ ਇਨ੍ਹਾਂ ਨਾਲ ਟਕਰਾਉਂਦਾ ਰਹਿੰਦਾ ਸੀ। ਜਦ ਦਾਦੀ ਰੱਬ ਨੂੰ ਪਿਆਰੀ ਹੋਈ ਉਸ ਵਕਤ ਨਿਆਣਿਆਂ ਲਈ ਕੇਵਲ ਬਾਪੂ ਹੀ ਰਹਿ ਗਿਆ ਸੀ, ਪਰ ਇਹ ਬਾਪੂ ਬਹੁਤ ਕਠੋਰ ਬੰਦਾ ਸੀ। ਗਰਮ ਤਬੀਅਤ ਵਾਲਾ ਸੀ। ਉਸਨੇ ਤਾਰੇ ਨੂੰ ਕੌੜਾ ਪਿਆਰ ਹੀ ਦਿੱਤਾ। ਫਿਰ ਵੀ ਤਾਰਾ ਉਸਨੂੰ ਦੇਵਤਾ ਹੀ ਮੰਨਦਾ ਸੀ। ਦਿਲਾਂ ਦਾ ਦਰਦ ਸਭ ਨੂੰ ਅੰਨ੍ਹਾ ਕਰ ਦਿੰਦਾ ਹੈ। ਇੱਦਾਂ ਦਾ ਹਾਲ ਇਸ ਟੱਬਰ ਦਾ ਸੀ।

### *ਤਿੰਨ*

ਤਾਰੇ ਦਾ ਬਾਪੂ ਅੜੀਅਲ ਅਤੇ ਅਨਪੜ੍ਹ ਸੀ। ਪਰ ਤਾਰੇ ਦੀਆਂ ਅੱਖਾਂ ਵਿਚ ਉਹ ਫਰਿਸ਼ਤਾ ਸੀ। ਤਾਰਾ ਉਹਦੀਆਂ ਊਣਤਾਈਆਂ ਤੋਂ ਅੰਨ੍ਹਾ ਸੀ। ਜਦ ਵੀ ਬੱਚਾ ਪਿਤਾ ਦਾ ਪਿਆਰ ਚਾਹੁੰਦਾ ਤਾਂ ਇੱਦਾਂ ਹੀ ਹੁੰਦਾ ਹੈ। ਤਾਰੇ ਦਾ ਪਿਤਾ ਪਿੰਡ ਦਾ ਸਰਪੰਚ ਸੀ। ਲੋਕ ਉਸ ਤੋਂ ਡਰਦੇ ਸਨ। ਇਕ ਵਾਰ ਪਿੰਡ ਵਿਚ ਸਪੇਰਾ ਆਇਆ ਅਤੇ ਤਾਰੇ ਦੇ ਬਾਪੂ ਨੇ ਉਸਦੀ ਬੇਇੱਜ਼ਤੀ ਕਰ ਦਿੱਤੀ। ਸਪੇਰਾ ਆਪਣੇ ਆਪ ਨੂੰ ਹਕੀਮ ਸਮਝਦਾ ਸੀ।" ਕਹਿੰਦਾ ਸੀ - "ਮੈਂ ਜ਼ਹਿਰ ਚੂਸ ਕੇ ਕੱਢ ਦਿੰਦਾ ਹਾਂ। ਮਰੀਜ਼ ਠੀਕ ਕਰ ਦਿੰਦਾ ਹਾਂ। ਪਰ ਕਿਸੇ ਨੇ ਉਸਨੂੰ ਇੱਦਾਂ ਕਰਦਿਆਂ ਕਦੇ ਦੇਖਿਆ ਨਹੀਂ ਸੀ। ਤਾਰੇ ਦੇ ਬਾਪੂ ਨੇ ਜ਼ਿੱਦ ਵਿਚ ਉਸਨੂੰ ਮਜਬੂਰ ਕਰ ਦਿੱਤਾ। ਉਸ ਤੋਂ ਪਿਛੋਂ ਸਪੇਰਾ ਉਸ ਪਿੰਡ ਵਿਚ ਵਾਪਸ ਨਹੀਂ ਆਇਆ। ਤਾਰੇ ਦਾ ਬਾਪੂ ਤਰਕਵਾਦੀ ਸੀ। ਕਾਮਰੇਡ ਸੀ। ਪਰ ਆਪਣੀ ਚਾਲ ਢਾਲ ਵਿਚ ਰੰਗੜ ਸੀ। ਇਕ ਵਾਰੀ ਉਨ੍ਹਾਂ ਦੇ ਘਰ ਸਾਹਮਣੇ ਇਕ ਬੁੱਢੀ ਖੂਹ 'ਚੋਂ ਪਾਣੀ ਭਰਨ ਆਈ। ਬਾਪੂ ਨੇ ਤਾਰੇ ਨੂੰ ਸਿਖਾਇਆ ਸੀ ਕਿ ਇਹ ਖੂਹ ਸਿਰਫ਼ ਸਾਡਾ ਹੈ। ਇਸ ਕਰਕੇ ਸ਼ਰਾਰਤ ਨਾਲ ਤਾਰੇ ਨੇ ਜਾਣ-ਬੁਝ ਕੇ ਬੁੱਢੀ ਦੀ ਮਟੀ ਵਿਚ ਥੁੱਕ ਦਿੱਤਾ। ਤਾਰੇ ਦਾ ਬਾਪੂ ਬਹੁਤ ਮਾਣ ਨਾਲ ਸਭ ਨੂੰ ਇਹ ਗੱਲ ਦਸਦਾ ਸੀ। ਦੋਵੇਂ ਪਿਓ ਪੁੱਤਰਾਂ ਦੀ ਆਦਤ ਸੀ ਮੁੜ ਘਿੜ ਡੇਰਾ ਜ਼ਫਰ ਜਾਲਣਾ।

### *ਚਾਰ*

ਤਾਰਾ ਗਭਲਾ ਪੁੱਤ ਸੀ। ਇਹਦਾ ਭਰਾ ਇਸ ਤੋਂ ਵੱਡਾ ਸੀ ਅਤੇ ਭੈਣ ਛੋਟੀ। ਭਰਾ ਦਾ ਨਾਂ ਗੁਰਮੀਤ ਅਤੇ ਭੈਣ ਦਾ ਨਾਂ ਮਨਪ੍ਰੀਤ। ਗੁਰਮੀਤ ਬਾਪ ਦਾ ਅਸਲੀ

ਲਾਡਲਾ ਸੀ। ਪਰ ਭਰਮ ਵਿਚ ਤਾਰਾ ਆਪਣੇ ਆਪ ਨੂੰ ਹੀ ਲਾਡਲਾ ਸਮਝਦਾ ਸੀ। ਇਹ ਭੁਲੇਖਾ ਉਸਨੂੰ ਪੂਰੇ ਜੀਵਨ ਰਿਹਾ। ਸੱਚਮੁੱਚ ਗੁਰਮੀਤ ਨੂੰ ਸਾਰੇ ਪਸੰਦ ਕਰਦੇ ਸਨ। ਕੁਦਰਤ ਵੱਲੋਂ ਹਰੇਕ ਘਰ ਵਿਚ ਲਾਡਲੇ ਹੁੰਦੇ ਹੀ ਹਨ। ਬਾਪੂ ਨੂੰ ਮਨਪ੍ਰੀਤ ਤਾਂ ਕਦੇ ਵੀ ਗਿਆਤ ਨਹੀਂ ਹੋਈ। ਪਰ ਤਾਰਾ ਹਮੇਸ਼ਾਂ ਬੋਲਦਾ ਸੀ - ਪਾਪਾ ਜੀ ਮੈਨੂੰ ਬਹੁਤ ਪਿਆਰ ਕਰਦੇ ਨੇ –। ਇਹ ਰਾਗ ਤਾਰਾ ਨੇ ਜ਼ਿੰਦਗੀ ਭਰ ਗਾਉਣਾ ਸੀ। ਗੁਰਮੀਤ ਤੇ ਹਮੇਸ਼ਾਂ ਈਰਖਾ ਰਹਿਣੀ ਸੀ। ਉਹਦੇ ਨਾਲ ਹਰੇਕ ਚੀਜ਼ ਵਿਚ ਮੁਕਾਬਲਾ ਕਰਨਾ। ਉਸਨੂੰ ਫੇਲ੍ਹ ਕਰਾਉਣ ਦੀ ਕੋਸ਼ਿਸ਼ ਕਰਨੀ। ਭਰਾਵਾਂ ਵਿਚ ਕੋਈ ਪਿਆਰ ਨਹੀਂ ਸੀ। ਤਾਰਾ ਨੇ ਦੌੜਨ ਵਿਚ ਪਹਿਲਾਂ ਆਉਣਾ। ਪੜ੍ਹਾਈ ਵਿਚ ਵੀ। ਤਾਰਾ ਲੋਕਾਂ ਨੂੰ ਜੋ ਮਰਜ਼ੀ ਦੱਸੇ। ਪਰ ਬਾਪੂ ਨੇ ਆਪਣੇ ਮੁੰਡਿਆਂ ’ਚ ਪਿਆਰ ਨਹੀਂ ਵੰਡਿਆ। ਦਿਲ ਵਿਚ ਤਾਰਾ ਇਹ ਗੱਲ ਜਾਣਦਾ ਵੀ ਸੀ। ਜਦ ਕਿਸੇ ਨੇ ਬਾਪੂ ਦੇ ਖ਼ਿਲਾਫ਼ ਬੋਲਣਾ ਤਾਰੇ ਨੂੰ ਕ੍ਰੋਧ ਆ ਜਾਂਦਾ ਸੀ। ਇਹ ਦਿਖਾਵਾ ਇੰਨੇ ਜੋਸ਼ ਨਾਲ ਦਿਖਾਉਣਾ ਕੇ ਹੌਲੀ-ਹੌਲੀ ਆਪ ਵੀ ਆਪਣੀ ਜ਼ਟਲ ਮੰਨਣ ਲੱਗ ਪਿਆ। ਬਾਪੂ ਦੇ ਕਾਮਰੇਡ ਖ਼ਿਆਲਾਂ ਲਈ ਤਾਰਾ ਨੇ ਕੈਦਖ਼ਾਨੇ ਵਿਚ ਰਾਤ ਵੀ ਕੱਟੀ। ਬਾਪੂ ਤੇ ਗੁਰਮੀਤ ਤੋਂ ਕੁੱਟ ਵੀ ਖਾਧੀ। ਇਹ ਹਾਲ ਸੀ ਘਰ ਦਾ।

### *ਪੰਜ*

ਤਾਰੇ ਦਾ ਟੱਬਰ ਗ਼ਰੀਬ ਸੀ। ਪਾਠਸ਼ਾਲਾ ਦੀਆਂ ਫ਼ੀਸਾਂ ਵੀ ਨਹੀਂ ਪੂਰੀਆਂ ਹੁੰਦੀਆਂ ਸਨ। ਇਹ ਗੱਲ ਤਾਰੇ ਨੂੰ ਤੰਗ ਕਰਦੀ ਸੀ। ਬਾਪ ਰੁਪਏ ਖੁਣੋਂ ਤੰਗ ਸੀ। ਹੋਰ ਬੱਚਿਆਂ ਦੇ ਕੱਪੜੇ ਸੋਹਣੇ ਸਨ ਅਤੇ ਉਹ ਹੈ ਵੀ ਮਿਡਲ ਕਲਾਸ ਸਨ। ਉਨ੍ਹਾਂ ਨੂੰ ਵੇਖ ਕੇ ਤਾਰਾ ਖੁਨਸ ਜਾਂਦਾ ਸੀ। ਉਹਨਾਂ ਵਰਗਾ ਬਣਨਾ ਚਾਹੁੰਦਾ ਸੀ।

ਤਾਰਾ ਆਪਣੇ ਆਪ ਨੂੰ ਮਿੱਟੀ ਦਾ ਭਾਂਡਾ ਸਮਝਦਾ ਸੀ ਤੇ ਉਨ੍ਹਾਂ ਨੂੰ ਕੱਚ ਦੀਆਂ ਸੁਰਾਈਆਂ। ਪਰ ਤਾਰਾ ਸਖ਼ਤ ਕਮਾਈਆਂ ਕਰਕੇ ਮਾਲਦਾਰ ਬਣਨਾ ਚਾਹੁੰਦਾ ਸੀ। ਇਹ ਵੀ ਦੂਜੇ ਮੁੰਡਿਆਂ ਵਰਗਾ ਬਣ ਸਕਦਾ ਸੀ। ਸੱਚਮੁਚ ਤਾਰਾ ਇਸ ਕਰਕੇ ਹੀਣ ਭਾਵਨਾ ਦਾ ਸ਼ਿਕਾਰ ਸੀ। ਪਰ ਇਹਨੇ ਪੱਕਾ ਇਰਾਦਾ ਬਣਾ ਲਿਆ ਸੀ ਕਿ ਜ਼ਿੰਦਗੀ ਦਾ ਮਿਆਰ ਸੁਧਾਰਨਾ ਹੈ। ਉਪਰੋਂ ਘਰ ਦੇ ਹਾਲਾਤ ਔਖੇ ਸਨ। ਛੇ ਮਹੀਨਿਆਂ ਲਈ ਬਾਪ ਠੀਕ ਸੀ। ਫਿਰ ਛੇ ਮਹੀਨਿਆਂ ਲਈ ਗੜਬੜ ਕਰਨ ਲੱਗ ਪੈਂਦਾ ਸੀ। ਇਸ ਦੁਖਿਆਰੇ ਮੁੰਡੇ ਲਈ ਘਰ ਦੋਜ਼ਖ ਬਰਾਬਰ ਸੀ। ਬਾਪ ਦਾ ਦੌਰਾ ਸਭ ਨੂੰ ਖ਼ਰਾਬ ਕਰਦਾ ਸੀ। ਤੁਸੀਂ ਦੱਸੋ ਕੀ ਸਾਰੇ ਪੰਜਾਬੀ ਬਾਪ ਪਾਗ਼ਲ ਹਨ? ਤਾਰਾ ਹੀ ਕੁੱਟ ਖਾਂਦਾ ਸੀ। ਬਾਪੂ ਦੀ ਆਦਤ ਸੀ ਕਿ ਪਿੰਡ ਵਿਚ ਟੱਬਰ ਦੀ ਬੇਇੱਜ਼ਤੀ ਕਰਾਉਣੀ। ਲੋਕਾਂ ਵਿਚ ਇਵੇਂ ਭੌਂਕਦਾ ਸੀ, ਜਿਵੇਂ ਕੋਈ ਨਹਿਸ਼ ਹੂਰ ਚੀਕਦੀ ਹੋਵੇ।

ਤਾਰੇ ’ਤੇ ਜਵਾਨੀ ਆ ਗਈ ਤੇ ਦਸਵੀਂ ਤਕ ਪਹੁੰਚ ਗਿਆ। ਤਾਰਾ ਗਣਿਤ ਵਿਦਿਆ ਵਿਚ ਹੁਸ਼ਿਆਰ ਸੀ। ਦਿਮਾਗ਼ ਤੋਂ ਤੇਜ਼ ਸੀ। ਗੁੱਸੇ ਵਿਚ ਵੀ ਤੇਜ਼ ਸੀ। ਨੇਪੋਲੀਅਨ ਵਾਂਗੂੰ ਨਿੱਕਾ ਸੀ ਅਤੇ ਨੇਪੋਲੀਅਨ ਵਾਂਗੂੰ ਲੜਾਕਾ ਵੀ। ਅਗੇਤੇ ਜਨਮ ਕਰਕੇ ਤਾਰਾ ਨਿੱਕਾ ਸੀ। ਕੀ ਪਤਾ ਲੜਾਕਾ ਤਾਂ ਸੀ ਕਿਉਂਕਿ ਉੱਨੀ ਸੌ ਸੰਤਾਲੀ ਦੇ



ਪਾੜ ਵਿਚ ਦੁਨੀਆਂ ’ਚ ਆਇਆ ਸੀ। ਉਸ ਵੇਲੇ ਪੰਜਾਬ ਦੇ ਨਸੀਬਾਂ ਨੇ ਪੰਜਾਬ ਦੀ ਛਾਤੀ ਚੀਰ ਦਿੱਤੀ ਸੀ। ਤਾਰੇ ਦੇ ਜਮਾਤੀ ਉਸ ਤੋਂ ਡਰਦੇ ਸਨ ਪਰ ਉਹ ਆਪ ਮਾਸਟਰ ਦਾ ਲੜਕਾ ਸੀ। ਆਪਣੇ ਆਪ ਨੂੰ ਬਹੁਤ ਹੁਸ਼ਿਆਰ ਸਮਝਦਾ ਸੀ। ਗੁਰਮੀਤ ਨੂੰ ਭੋਲਾ ਸਮਝਦਾ ਸੀ। ਇਹ ਛੋਕਰਾ ਹੰਕਾਰ ਨਾਲ ਭਰਿਆ ਪਿਆ ਸੀ। ਸਿਰਫ਼ ਇਕ ਮੁੰਡਾ ਤਾਰੇ ਤੋਂ ਨਹੀਂ ਸੀ ਡਰਦਾ। ਉਸ ਮੁੰਡੇ ਦਾ ਨਾਂ ਮੇਜਰ ਸੀ। ਸਾਰੇ ਮੁੰਡੇ-ਖੁੰਡੇ ਮੇਜਰ ਤੋਂ ਡਰਦੇ ਸਨ। ਤਾਰਾ ਵੀ ਉਸ ਤੋਂ ਪਰ੍ਹੇ ਰਹਿੰਦਾ ਸੀ।

ਤਾਰੇ ਦੀ ਨੀਅਤ ਚੰਗੀ ਸੀ। ਮੇਜਰ ਅੜਬ ਸੀ। ਪਰ ਦੋਨਾਂ ਦੇ ਸਿੰਗ ਮਿਲਣੇ ਸਨ। ਨਾਲੇ ਨਤੀਜਾ ਤਾਰੇ ਦੇ ਖ਼ਿਲਾਫ਼ ਜਾ ਸਕਦਾ ਸੀ। ਇਸ ਤੋਂ ਦਸ ਸਾਲ ਬਾਅਦ ਮੇਜਰ ਸ਼ਿਮਲੇ ਦੇ ਆਲ਼ੇ-ਦੁਆਲ਼ੇ ਸਮੂਰਾਂ ਨੂੰ ਭਾਲਦਾ ਸੀ। ਜੰਗਲਾਂ ਵਿਚ ਕੋਈ ਮੁਕਾਬਲੇ ਦਾ ਨਤੀਜਾ ਸੀ। ਕਹਿਣ ਦਾ ਮਤਲਬ ਲੜਾਈ ਤੋਂ ਬਾਅਦ ਸਾਰੇ ਪਾਸੇ ਲਾਸ਼ਾਂ ਸਨ। ਸਾਰੇ ਪਾਸੇ ਮੁਰਦੇ ਨਜ਼ਰ ਆਉਂਦੇ ਸਨ। ਪੁਲਿਸ ਨੂੰ ਦੱਸਣ ਦੀ ਥਾਂ ਲਾਸ਼ਾਂ ਦੀ ਫਰੋਲਾ-ਫਰਾਲੀ ਕਰਕੇ ਇਕ ਲਾਸ਼ ਨਾਲ ਅਟੈਚੀ ਲੱਭ ਲਿਆ। ਜਿਸ ਵਿਚ ਪੈਸੇ ਸਨ। ਉਸਨੇ ਅਟੈਚੀ ਰੱਖ ਲਿਆ ਜਿਸ ਵਿਚ ਇਕ ਲੱਖ ਰੁਪਏ ਸਨ। ਇਕ ਬੰਦਾ ਜਿਉਂਦਾ ਸੀ। ਉਸਨੇ ਪਾਣੀ ਲਈ ਆਖਿਆ। ਬੰਦੇ ਦੇ ਪੈਰ ਕਬਰ ਵਿਚ ਲਟਕਦੇ ਸਨ। ਮੇਜਰ ਨੇ ਉੱਤਰ ਦਿੱਤਾ- ਮੇਰੇ ਕੋਲ ਪਾਣੀ ਨਹੀਂ ਹੈ ਅਤੇ ਉਥੋਂ ਚਲਾ ਗਿਆ। ਅੱਧੀ ਰਾਤ ਉਹਦੀ ਜ਼ਮੀਰ ਨੇ ਉਸਨੂੰ ਕਿਹਾ - ਬੰਦੇ ਨੂੰ ਪਾਣੀ ਦੇ। ਬੰਦੇ ਨੂੰ ਪਾਣੀ ਦੇ। ਮੇਜਰ ਉਸ ਥਾਂ ’ਤੇ ਹਨੇਰੇ ਵਿਚ ਵਾਪਸ ਗਿਆ। ਪਰ ਉਹ ਆਦਮੀ ਤਾਂ ਪੂਰਾ ਹੋ ਗਿਆ ਸੀ। ਡਾਕੂਆਂ ਨੇ ਉਸਨੂੰ ਵੇਖ ਲਿਆ ਸੀ। ਇਕ ਨਿਰਦਈ ਘਾਤਕ ਨੇ ਉਹਦਾ ਪਿੱਛਾ ਕੀਤਾ। ਇਕ ਗੱਭਰੂ ਨੇ ਮੇਜਰ ਨੂੰ ਮਾਰ ਦਿੱਤਾ। ਇਹ ਹੈ ਲਾਲਚ ਦਾ ਨਤੀਜਾ। ਜੇ ਤਾਰੇ ਨੂੰ ਇਸ ਬਾਰੇ ਪਤਾ ਹੁੰਦਾ ਤਾਂ ਕੀ ਪਤਾ ਪੈਸਿਆਂ ਨਾਲ ਘੱਟ ਪਿਆਰ ਕਰਦਾ ਪਰ ਤਾਰਾ ਬਹੁਤ ਜ਼ਿੱਦੀ ਸੀ।

ਦਸਵੀਂ ਤੋਂ ਬਾਅਦ ਤਾਰੇ ਨੇ ਕਾਲਜ ਵਿਚ ਟੀਚਿੰਗ ਕੋਰਸ ਕੀਤਾ। ਉਹ ਗਣਿਤ ਵਿਦਿਆ ਵਿਚ ਤੇਜ਼ ਸੀ। ਇਸ ਲਈ ਕਾਲਜ ਵਿਚ ਪੜ੍ਹਾਉਣ ਲੱਗ ਪਿਆ। ਉਹ ਖ਼ੁਸ਼ ਸੀ। ਪਰ ਇਕ ਸ਼ਗਿਰਦ ਉਸ ਨੂੰ ਟੱਕਰਿਆ। ਨਿੱਤ ਨਿੱਤ ਉਹ ਮੁੰਡਾ ਤਾਰੇ ਦਾ ਮਖ਼ੌਲ ਕਰਦਾ ਸੀ। ਗੁੱਸੇ ਵਿਚ ਉਸ ਨੂੰ ਤਾਰੇ ਨੇ ਭੰਨ ਦਿੱਤਾ। ਉਹ ਆਪਣੇ ਗੁੱਸੇ ਨੂੰ ਸੰਭਾਲਣਾ ਨਹੀਂ ਜਾਣਦਾ ਸੀ। ਇਹ ਹਰੇਕ ਚੀਜ਼ ਦਾ ਪਹਿਲਾ ਜਵਾਬ ਸੀ। ਮੈਂ ਤੁਹਾਨੂੰ ਦਿਖਾ ਦਿੰਦਾ ਹਾਂ।

ਮਠਿਆਈ ਵਾਲੀ ਦੁਕਾਨ ਵਿਚ ਗਿਆ। ਹਲਵਾਈ ਨੇ ਉਵੇਂ ਪੁੱਛਿਆ- ਹੋਰ ਜਨਾਬ। ਹਾਲ ਚਾਲ ਸੁਨਾਓ-

ਤਾਰਾ ਨੇ ਉਸਨੂੰ ਡਰਾਉਣੀ ਨਜ਼ਰ ਨਾਲ ਕਿਹਾ।

-ਤੈਨੂੰ ਮੇਰੇ ਹਾਲ ਚਾਲ ਨਾਲ ਕੀ ਲੈਣਾ ਦੇਣਾ?-

-ਭਾ ਜੀ ਮੈਂ ਤਾਂ ਵੈਸੇ ਪੁੱਛਿਆ ਸੀ-

-ਵੈਸੇ ਕਿਉਂ? ਤੇਰਾ ਕੰਮ ਹੈ ਮਠਿਆਈ ਬਨਾਉਣਾ-

-ਫਿਰ ਦਿਓ ਆਰਡਰ -

-ਇਕ ਕਿਲੋ ਲੱਡੂ -

–ਠੀਕ ਹੈ –

–ਕਿਵੇਂ ਠੀਕ?–

–ਮਤਲਬ ਮੈਂ ਤੁਹਾਨੂੰ ਲੱਡੂ ਦਿੰਦਾ ਹਾਂ–

–ਮੇਰਾ ਹਾਲ ਕਿਉਂ ਪੁੱਛਿਆ ਸੀ?–

–ਭਰਾ ਜੀ –

–ਤੂੰ ਮੇਰਾ ਭਰਾ ਨਹੀਂ ਐਂ– ਫਿਰ ਅੱਖਾਂ ਕੱਢ ਕੇ ਬੋਲਿਆ-ਦੁਕਾਨ ਕਦੋਂ ਬੰਦ ਕਰਦੈਂ?

–ਸ਼ਾਮ ਨੂੰ–

–ਕਿਹੜੇ ਟਾਇਮ?–

–ਘਰ ਜਾਣ ਵੇਲੇ–

–ਇਹ ਟਾਇਮ ਨ੍ਹੀ ਐ। ਮੈਂ ਪੁੱਛਿਆ ਕਿਹੜੇ ਟਾਇਮ? ਉੱਲੂ –

–ਸਰ। ਇੱਦਾਂ ਕਿਉਂ ਗੱਲ ਕਰਦੇ ਹੋ? ਮੇਰੀ ਦੁਕਾਨ ਵਿਚੋਂ–

–ਤੇਰੀ ਦੁਕਾਨ?– ਤਾਰਾ ਨੇ ਉਹਦੀ ਗੱਲ ਨੂੰ ਖੰਡਿਤ ਕੀਤਾ।

–ਮੇਰੇ ਸਹੁਰੇ ਦੀ ਹੈ–

–ਅੱਛਾ ਇਸ ਬਿਜਨਿਸ ਵਿਚ ਵਿਆਹ ਕਰਾਕੇ ਆਉਣਾ ਪਿਆ ਤੈਨੂੰ। –

–ਇਹ ਤੇਰਾ ਬਿਜਨਿਸ ਨਹੀਂ ਹੈ–

–ਜਿੱਦਾਂ ਮੇਰਾ ਹਾਲ ਪੁੱਛਣਾ ਤੇਰਾ ਕੰਮ ਨਹੀਂ ਹੈ–। ਤਾਰੇ ਨੇ ਹਲਵਾਈ ਨੂੰ ਅੱਖਾਂ ’ਚ ਗੁੱਸਾ ਦਿਖਾਇਆ। ਹਲਵਾਈ ਨੂੰ ਤਾਰਾ ਦੈਂਤ ਜਾਪਿਆ। ਉਸਨੇ ਪੈਸੇ ਮੰਗ ਕੇ ਲੱਡੂ ਉਹਨੂੰ ਫੜਾ ਦਿੱਤੇ। ਤਾਰਾ ਬਾਜ਼ ਵਾਂਗੂੰ ਹਲਵਾਈ ਵੱਲ ਵੇਖੀ ਗਿਆ। ਉਹਦੀ ਤੱਕਣੀ ਤੋਂ ਇਉਂ ਜਾਪਦਾ ਸੀ ਜਿੱਦਾਂ ਉਹ ਸ਼ਿਕਾਰ ਕਰਨ ਲੱਗਾ ਹੋਵੇ। ਤਾਰੇ ਦੇ ਹੌਲੀ ਦੇਣੀ ਬੋਲੇ ਅੱਖਰਾਂ ਵਿਚ ਜ਼ਬਰਦਸਤ ਅਸਰ ਸੀ। ਕਹਿਣ ਦਾ ਮਤਲਬ ਜਿੱਦਾਂ ਕਿਸੇ ਨੇ ਪਿਸਤੌਲ ਦੇ ਖ਼ਾਮੋਸ਼ ਵੇਲਨ ਨਾਲ ਗੋਲੀਆਂ ਮਾਰੀਆਂ ਹੋਣ ਉਂਝ ਹੀ ਭੋਲੀ ਆਵਾਜ਼ ਦਾ ਅਸਰ ਸੀ। ਚੁੱਪ ਹੋ ਕੇ ਦੋਨੇ ਖੜ੍ਹੇ ਸਨ।

–ਤੂੰ ਕਦੀ ਸ਼ਰਤ ਲਾਈ ਏ ਸਿੱਕੇ ਸੁੱਟਣ ਦੀ?-

–ਭਰਾਵਾ ਮੈਂ ਜੁਏਬਾਜ਼ ਨਹੀਂ ਹਾਂ। ਬਸ ਤੈਨੂੰ ਮਠਿਆਈ ਮਿਲ ਗਈ। ਹੁਣ ਤੂੰ ਜਾਹ–

–ਗਾਹਕ ਨਾਲ ਇੱਦਾਂ ਨਹੀਂ ਬੋਲੀ ਦਾ– ਮੌਤ ਵਰਗੀ ਮੁਸਕਰਾਹਟ ਨਾਲ ਕਿਹਾ। ਫੇਰ ਤੋਂ ਬੁਲਾ–।

–ਮੈਂ ਨਹੀਂ ਬੁਲਾਉਣਾ–। ਘਬਰਾਏ ਹਲਵਾਈ ਨੇ ਜਵਾਬ ਦਿੱਤਾ।

–ਬੁਲਾ!

–ਕੀ ਚੀਜ਼ ਲਈ ਬੁਲਾਉਂਦੈਂ?–

–ਸਭ ਕੁਝ ਲਈ। ਬੁਲਾ।

–ਤੂੰ ਤਾਂ ਅਜਬ ਆਦਮੀ ਆਂ– ਫਿਰ ਹੌਂਸਲੇ ਨਾਲ ਕਿਹਾ– ਨਿਕਲ ਬਾਹਰ–।

–ਸਿਰ ਕੇ ਪੂਛਲ?– ਤਾਰੇ ਦੀ ਠੰਢੀ ਨਜ਼ਰ ਨੇ ਹੌਲਦਾਰ ਦਾ ਦਿਲ ਠਾਰ



ਦਿੱਤਾ। ਤਾਰੇ ਨੇ ਸਿੱਕਾ ਮੇਜ਼ ’ਤੇ ਧਰ ਦਿੱਤਾ। ਉਸਦੇ ਉੱਤੇ ਤਲ਼ੀ। ਦੁਕਾਨ ਵਾਲਾ ਚਾਹੁੰਦਾ ਸੀ ਕਿ ਇਹ ਪਾਗ਼ਲ ਜਾਵੇ। ਕੁਝ ਇਸ ਕਰਕੇ ਤੇ ਕੁਝ ਡਰ ਤੋਂ (ਕਿਉਂ ਇਹ ਬੰਦਾ ਖ਼ੂਨੀ ਵੀ ਹੋ ਸਕਦਾ ਹੈ) ਬੋਲਿਆ– ਸਰ–।

–ਸ਼ਾਬਾਸ਼– ਤਲ਼ੀ ਦੇ ਥਲੇ ਸਿਰ ਹੀ ਸੀ। –ਹੁਣ ਤੈਨੂੰ ਸਭ ਕੁਝ ਮਿਲ ਗਿਆ– ਭੂਤ ਵਰਗੀ ਮੁਸਕਾਨ ਤਾਰੇ ਦੇ ਲਬਾਂ ’ਤੇ ਸੀ। ਸਿੱਕਾ ਹੌਲਦਾਰ ਨੂੰ ਦੇ ਦਿੱਤਾ। ਜਦ ਤਕ ਬੰਦਾ ਆਪਣੀ ਜੇਬ ਵਿਚ ਪਾਉਣ ਲੱਗਾ। ਤਾਰਾ ਨੇ ਕਿਹਾ - ਨਾ ਬਾਬਾ ਨਾ। ਇਹ ਬਹੁਤ ਖ਼ਾਸ ਸਿੱਕਾ ਏ। ਤਾਰੀਖ ਦੇਖ। ਸੰਨ ਉੱਨੀ ਸੌ ਸੰਤਾਲੀ। ਇਸ ਸਿੱਕੇ ਨੇ ਬਹੁਤ ਔਖਾ ਸਫ਼ਰ ਝੱਲਿਆ ਤੇਰੇ ਕਬਜ਼ੇ ਵਿਚ ਹੋਣ ਲਈ। ਸੰਭਾਲ ਕੇ ਰੱਖ–।

ਇਹ ਸਭ ਤੁਹਾਨੂੰ ਕਿਉਂ ਦਿਖਾਇਆ? ਤੁਹਾਨੂੰ ਹੁਣ ਪਤਾ ਲੱਗਿਆ ਕਿ ਤਾਰੇ ਦਾ ਦਿਮਾਗ਼ ਕਿੰਨਾ ਹਿਲਿਆ ਸੀ। ਤਾਰੇ ਅਤੇ ਹੌਲਦਾਰ ਦੀ ਗੱਲ ਤੁਹਾਨੂੰ ਅਜੀਬ ਲੱਗਦੀ ਹੋਵੇਗੀ। ਪਰ ਤਾਰੇ ਦੇ ਸੁਆਲ ਪਾਗ਼ਲ ਦੇ ਨਿਸ਼ਾਨ ਹਨ। ਖ਼ਤਰਨਾਕ ਬੰਦੇ ਦੀ ਵੀ ਨਿਸ਼ਾਨੀ ਹੈ। ਤਾਰਾ ਕਿਸੇ ਨਾਲ ਪੰਗਾ ਲੈਣ ਤੋਂ ਪਹਿਲਾਂ ਸਿੱਕਾ ਸੁੱਟਦਾ ਸੀ। ਜੇ ਇਹਦੇ ਹਿਸਾਬ ਨਾਲ ਦੂਜਾ ਆਦਮੀ ਹਾਰ ਜਾਂਦਾ ਤਾਂ ਉਸ ਆਦਮੀ ਨੂੰ ਕੁੱਟਣ ਲੱਗ ਪੈਂਦਾ ਸੀ। ਇਹ ਅਜੀਬ ਤਰੀਕਾ ਬਾਲ ਬੱਚਿਆਂ ਉੱਤੇ ਵੀ ਵਰਤਦਾ ਸੀ। ਸਿੱਕਿਆਂ ਦੇ ਫ਼ੈਸਲੇ ਨਾਲ ਬਹੁਤ ਕੁਝ ਕਰਦਾ ਸੀ। ਖੈਰ, ਅਸੀਂ ਤਾਂ ਹੋਰ ਪਾਸੇ ਤੁਰ ਪਏ। ਅੱਛਾ। ਕਥਾ ਵੱਲ ਵਾਪਸ ਚੱਲੀਏ।

ਕਾਲਜ ਵਿਚ ਤਾਰੇ ਦੀ ਮੁਲ਼ਾਕਾਤ ਇਕ ਟੀਚਰ ਨਾਲ ਹੋਈ। ਟੀਚਰ ਦਾ ਨਾਂ ਕਵਿਤਾ ਸੀ। ਤਾਰਾ ਨੇ ਉਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਪਰ ਫ਼ੈਸਲਾ ਤਾਂ ਉਪਰ ਹੋ ਰਿਹਾ ਸੀ।

### ਛੇ

ਕਵਿਤਾ ਇਕ ਭੋਲੀ ਲੜਕੀ ਸੀ। ਖੈਰ ਆਪਣੇ ਆਪ ਨੂੰ ਤਾਂ ਭੋਲੀ ਅਤੇ ਸਿੱਧੀ ਸਾਧੀ ਸਮਝਦੀ ਸੀ। ਉਹ ਕਾਲਜ ਦੇ ਕਲਾਕਾਰਾਂ ਦੀ ਉਸਤਾਦ ਸੀ। ਤੇਲ ਦੇ ਰੰਗਾਂ ਨਾਲ ਤਸਵੀਰਾਂ ਬਣਾਉਂਦੀ ਸੀ। ਤਸਵੀਰਾਂ ਬਨਾਉਣ ਦਾ ਸ਼ੌਂਕ ਸੀ। ਇਕ ਦਿਨ ਉਸਦੇ ਬਰੱਸ਼ ਤਾਰਾ ਦੇ ਕਲਾਸ ਵਿਚ ਰਹਿ ਗਏ। ਕਵਿਤਾ ਨੇ ਬੂਹਾ ਖੜਕਾਇਆ। ਤਾਰਾ ਨੇ ਉਸ ਨੂੰ ਦੇਖ ਲਿਆ। ਪਰ ਦਰਵਾਜ਼ਾ ਨਹੀਂ ਖੋਲ੍ਹਿਆ। ਹਾਰ ਕੇ ਕਵਿਤਾ ਨੇ ਕਵਾੜ ਆਪ ਹੀ ਖੋਲ੍ਹ ਕੇ ਕਿਹਾ– ਮੇਰੇ ਬਰੱਸ਼ ਤੁਹਾਡੇ ਕਮਰੇ ਵਿਚ ਹਨ। ਪਲੀਜ਼ ਮੈਂ ਲੈ ਸਕਦੀ ਹਾਂ?–। ਤਾਰਾ ਨੇ ਘੂਰ ਕੇ ਜਵਾਬ ਦਿੱਤਾ - ਨਹੀਂ–। ਇਹ ਇਨ੍ਹਾਂ ਦੋਨਾਂ ਦੀ ਪਹਿਲੀ ਮੁਲ਼ਾਕਾਤ ਸੀ। ਇਹ ਅਗਾੜੀ ਦੀ ਵੀ ਨਿਸ਼ਾਨੀ ਸੀ। ਵਿਚਾਰੀ ਕਵਿਤਾ!

### ਸਤ

ਸ਼ਗਿਰਦ ਦੇ ਮਾਂ ਪਿਓਂ ਨੇ ਸਕੂਲ ਦੇ ਹੈਡ-ਮਾਸਟਰ ਨੂੰ ਉਲਾਂਭਾ ਦੇ ਦਿੱਤਾ। ਇਸ ਲਈ ਕਾਲਜ ਨੇ ਤਾਰੇ ਨੂੰ ਕੱਢ ਦਿੱਤਾ ਸੀ। ਉਹ ਆਪਣੇ ਪਿੰਡ ਵਾਪਸ ਪਹੁੰਚ ਗਿਆ।

ਬਾਪੂ ਨੇ ਕੁਝ ਕਿਹਾ ਨਹੀਂ। ਗਰੀਬ ਕਰਕੇ ਕੋਈ ਖੇਤ ਨਹੀਂ ਸੀ ਪਰ ਮਕਾਮੀ ਨੌਕਰੀ ਮਿਲ ਗਈ ਸੀ। ਗੁਰਮੀਤ ਵੀ ਪੜ੍ਹ ਗਿਆ ਸੀ। 'ਕੱਲੀ ਮਨਪ੍ਰੀਤ ਰਹਿ ਗਈ ਸੀ। ਇਹ ਗੱਲ ਤਾਰੇ ਨੂੰ ਚੁੱਭੀ ਹੋਣ ਕਰਕੇ ਹੀ ਬਹੁਤ ਮਿਹਨਤ ਨਾਲ ਕੰਮ ਕਰਕੇ ਉਹਦੀ ਫ਼ੀਸ ਭਰੀ ਸੀ। ਜਿਹੜੇ ਅਮੀਰਾਂ ਨਾਲ ਪੜ੍ਹਦਾ ਸੀ। ਉਨ੍ਹਾਂ ਤੋਂ ਸੁਣਿਆ ਕਿ ਇੰਗਲੈਂਡ ਜਾ ਕੇ ਬਹੁਤ ਪੈਸੇ ਬਣਦੇ ਸੀ। ਉਸ ਵੇਲੇ ਸਭ ਨੂੰ ਵਲੈਤ ਪਹੁੰਚਣ ਦੀ ਕਾਹਲੀ ਸੀ। ਲੋਕ ਉਥੋਂ ਪੈਸੇ ਭੇਜ ਕੇ ਕੋਠੀਆਂ ਬਣਾਉਂਦੇ ਸਨ। ਇਕ ਦੂਜੇ ਨੂੰ ਵੇਖ ਕੇ ਲਾਲਚ ਹੋ ਗਿਆ ਸੀ। ਤਾਰਾ ਤਾਂ ਜਾਣਾ ਨਹੀਂ ਚਾਹੁੰਦਾ ਸੀ। ਪਰ ਬਾਪੂ ਨੂੰ ਭਾਰਤ ਵਿਚ ਕੋਈ ਅਗਾਂਹ ਨਹੀਂ ਦਿਸਦਾ ਸੀ। ਉਨ੍ਹਾਂ ਦਿਨਾਂ ਵਿਚ ਅੱਜ ਕੱਲ੍ਹ ਦੇ ਇੰਡੀਆ ਵਰਗਾ ਅਮੀਰ ਮੁਲਕ ਨਹੀਂ ਸੀ। ਬਾਪੂ ਦੇ ਕਹਿਣ 'ਤੇ ਵਾਓਚਰ ਉੱਤੇ ਤਾਰਾ ਵਲੈਤ ਆ ਗਿਆ। ਸੰਨ ਉੱਨੀ ਸੌ ਤਰੇਹਠ ਸੀ। ਤਾਰਾ ਸਿਰਫ਼ ਸੌਲ੍ਹਾਂ ਸਾਲਾਂ ਦਾ ਸੀ।

ਇਕੱਲਾ ਨਹੀਂ ਸੀ। ਬਹੁਤ ਪੰਜਾਬ ਦੇ ਮੁੰਡੇ ਇੱਦਾਂ ਹੀ ਉਸ ਦੇਸ਼ ਗਏ। ਟੁੱਟੀ-ਫੁੱਟੀ ਅੰਗਰੇਜ਼ੀ ਬੋਲਦਾ ਸੀ। ਪਰ ਇਹ ਤਾਂ ਸਭ ਦਾ ਹਾਲ ਸੀ। ਬਦਲਾਈ ਦਾ ਭਾਅ ਇੰਨਾ ਚੰਗਾ ਸੀ ਕਿ ਪੌਂਡ ਬਹੁਤ ਰੁਪਏ ਦਿੰਦੇ ਸਨ। ਹੀਥਰੋ ਏਅਰਪੋਰਟ ਪਹੁੰਚ ਕੇ ਸਾਊਥਾਲ ਆ ਗਿਆ ਸੀ। ਪਰ ਸਾਊਥਾਲ ਵਿਚ ਕੰਮ ਨਹੀਂ ਮਿਲਿਆ ਕਰਕੇ ਚਾਚੇ ਦੇ ਮੁੰਡੇ ਨੇ ਤਾਰੇ ਨੂੰ ਲੈੱਸਟਰ ਲੁਆ ਦਿੱਤਾ ਸੀ।

ਲੈੱਸਟਰ ਇਕ ਸਾਲ ਕੁਲੀ ਦਾ ਕੰਮ ਕੀਤਾ। ਇੱਥੇ ਜੋਧ ਨੂੰ ਮਿਲਿਆ। ਜੋਧ ਪੜ੍ਹਿਆ ਲਿਖਿਆ ਮੁੰਡਾ ਸੀ। ਸੱਚ-ਮੁੱਚ ਕਈ ਪੜ੍ਹੇ ਲਿਖੇ ਸਨ। ਪਰ ਮਜ਼ਦੂਰੀ ਦੀ ਹੀ ਨੌਕਰੀ ਕੇਵਲ ਮਿਲਦੀ ਸੀ। ਜੋਧ ਰੋਜ਼ ਲੈੱਸਟਰ ਤੋਂ ਡਰਬੀ ਜਾਂਦਾ ਸੀ। ਜਿਥੇ ਫਾਊਂਡਰੀ ਵਿਚ ਕੰਮ ਕਰਦਾ ਸੀ। ਤਾਰਾ ਉਹਦੇ ਨਾਲ ਲੱਗ ਗਿਆ।

ਡਰਬੀ ਦੀ ਫਾਊਂਡਰੀ 'ਚ ਕੰਮ ਕਰਦੇ ਦੀ ਹੋਰ ਪੜ੍ਹੇ ਲਿਖੇ ਬੰਦੇ ਨਾਲ ਮੁਲਾਕਾਤ ਹੋ ਗਈ। ਉਸਨੂੰ ਸਭ ਪ੍ਰੋਫ਼ੈਸਰ ਸੱਦਦੇ ਸੀ। ਤਾਰਾ ਮੋਨਾ ਸੀ। ਪ੍ਰੋਫ਼ੈਸਰ ਕੇਸਧਾਰੀ ਸੀ। ਪ੍ਰੋਫ਼ੈਸਰ ਨੇ ਦੇਖਿਆ ਕਿ ਤਾਰਾ ਬਹੁਤ ਹਿੰਮਤ ਅਤੇ ਜੋਸ਼ ਨਾਲ ਕੰਮ ਕਰਦਾ ਸੀ। ਉਸਨੂੰ ਮੁੰਡਾ ਚੰਗਾ ਲੱਗਿਆ। ਤਾਰਾ ਨੇ ਬਹੁਤ ਸਖ਼ਤ ਅਤੇ ਭਾਰਾ ਕੰਮ ਕੀਤਾ। ਚੰਗੇ ਪੈਸੇ ਪੰਜਾਬ ਭੇਜੇ। ਉਸ ਪੈਸੇ ਨਾਲ ਟੱਬਰ ਨੇ ਐਸ਼ ਕੀਤੀ। ਘਰ ਵੱਡਾ ਬਣਾ ਲਿਆ। ਕੁੜੀ ਨੂੰ ਕਾਲਜ ਭੇਜਿਆ। ਗੁਰਮੀਤ ਨੂੰ ਵੀ ਵਲੈਤ ਭੇਜ ਦਿੱਤਾ। ਫਾਊਂਡਰੀ ਵਿਚ ਨਿੱਗਰ ਕੰਮ ਸੀ। ਭੱਠੀ ਬਹੁਤ ਗਰਮ ਸੀ। ਖੁੱਲ੍ਹੀ ਅੱਗ ਦੇ ਨਾਲ ਖੜ੍ਹ ਕੇ ਪਸੀਨਾ ਬਹੁਤ ਆਉਂਦਾ ਸੀ। ਹੱਥਾਂ ਵਿਚ ਧਾਤ ਭਾਰਾ ਅਤੇ ਤੱਤਾ ਸੀ। ਇਹ ਲੋਹੇ ਦੇ ਸ਼ਤੀਰਾਂ ਨੂੰ ਚੁੱਕਣ ਨੂੰ ਦੋ ਆਦਮੀ ਚਾਹੀਦੇ ਸਨ। ਇਸ ਜੋੜ ਵਾਲੀ ਗਰਮੀ ਵਿਚ ਕਰੜਾ ਕੰਮ ਕਰਦੇ ਸਨ। ਤਾਰਾ ਵੀ ਤਕੜਾ ਸੀ। ਇਕ ਵਾਰੀ ਤਾਰੇ ਦਾ ਸਾਥੀ (ਗੋਰਾ ਭਾਈਵਾਲ ਸੀ) ਨੇ ਜਾਣ ਬੁੱਝ ਕੇ ਸ਼ਤੀਰਾਂ ਨੂੰ ਖਿੱਚ ਕੇ ਮੋੜਿਆ। ਭਾਰ ਸਾਰਾ ਤਾਰੇ ਦੇ ਪਾਸੇ ਗਿਆ। ਉਸ ਵੇਲੇ ਗਰਮ ਭੱਠੀ ਦੇ ਮੂੰਹ ਨਾਲ ਤਾਰਾ ਖਲੋਤਾ ਸੀ। ਮਾਸ ਗਰਮੀ ਵਿਚ ਜਲਿਆ। ਜਦ ਤਾਰੇ ਨੂੰ ਮੌਕਾ ਮਿਲਿਆ। ਇਹਨੇ ਵੀ ਇੱਦਾਂ ਵਾਪਸ ਕੀਤਾ। ਪਰ ਤਾਰਾ ਇਨ੍ਹਾਂ ਕਰੜਾ ਸੀ ਗੋਰੇ ਦੇ ਵਾਲ ਅੱਗ ਨਾਲ ਸਾੜ ਗਏ। ਤਾਰੇ ਵਰਗਾ ਫਾਊਂਡਰੀ ਵਿਚ ਕੋਈ ਹੱਟਾ ਕੱਟਾ ਨਹੀਂ ਸੀ।

ਫਾਊਂਡਰੀ ਦਾ ਕੰਮ ਬਹੁਤ ਸਖ਼ਤ ਕਰਕੇ ਸਭ ਮਜ਼ਦੂਰ ਬਾਅਦ ਵਿਚ ਪੱਬ ਵਿਚ



ਬੀਅਰ ਪੀਂਦੇ ਸਨ। ਕੇਵਲ ਤਾਰਾ ਕੋਚ ਵਿਚ ਪਿੱਛੇ ਬੈਠਾ ਰਹਿ ਜਾਂਦਾ ਸੀ। ਗਰਮੀ ਕਰਕੇ ਸਭ ਨੂੰ ਪਿਆਸ ਆਉਂਦੀ ਸੀ। ਪਰ ਇਹ ਸ਼ਰਾਬ ਦਾ ਸ਼ੌਂਕੀਨ ਨਹੀਂ ਸੀ। ਪ੍ਰੋਫ਼ੈਸਰ ਨੂੰ ਇਹ ਦੇਖ ਕੇ ਤਰਸ ਆਇਆ। ਉਨ੍ਹੇ ਇਹਦੇ ਬਾਪ ਨੂੰ ਖ਼ਤ ਲਿੱਖ ਦਿੱਤਾ ਸੀ।

ਤਾਰਾ ਬਾਪੂ ਤੋਂ ਦੂਰ ਸੀ ਪਰ ਫਿਰ ਵੀ ਪਿਉ ਲਈ ਅਦਬ ਸੀ। ਇਸ ਲਈ ਪਿਤਾ ਦੇ ਹੁਕਮ ਬਗ਼ੈਰ ਸ਼ਰਾਬ ਪੀਣ ਨੂੰ ਤਿਆਰ ਨਹੀਂ ਸੀ। ਤਾਰੇ ਦਾ ਇਹ ਅਸੂਲ ਪੱਕਾ ਸੀ। ਖ਼ਤ ਵਿਚ ਪ੍ਰੋਫ਼ੈਸਰ ਦੇ ਲਫ਼ਜ਼ਾਂ ਨੇ ਰਹਿਮ ਮੰਗਿਆ। ਬਾਪੂ ਤੋਂ ਚਿੱਠੀ ਆਈ। ਲਿਖਿਆ (ਤਾਰਾ ਤੂੰ ਪੀ ਸਕਦਾ ਏਂ)। ਪ੍ਰੋਫ਼ੈਸਰ ਨੇ ਤਾਰੇ ਨੂੰ ਆਪਣੇ ਫਲੈਟ ਵਿਚ ਰਹਿਣ ਦਿੱਤਾ। ਪ੍ਰੋਫ਼ੈਸਰ ਦਾ ਥਾਂ ਡਰਬੀ ਖਾਸ ਸੀ। ਜੋਧ ਨੇ ਗੁੱਸਾ ਨਹੀਂ ਕੀਤਾ।

ਪ੍ਰੋਫ਼ੈਸਰ ਕੋਲ ਫਲੈਟ ਸੀ। ਕਹਿਣ ਦਾ ਮਤਲਬ ਇਕ ਕਮਰਾ। ਇੱਥੇ ਦੋ ਪਲੰਘ ਸਨ। ਇਕ ਸਿੰਕ ਅਤੇ ਅਲਮਾਰੀ ਵੀ ਸੀ। ਟਾਇਲਟ ਬਾਹਰ ਸੀ। ਜਦ ਇਕ ਇਨ੍ਹਾਂ 'ਚੋਂ ਸ਼ਿਫ਼ਟ 'ਤੇ ਗਿਆ ਦੂਜਾ ਵਾਪਸ ਆ ਕੇ ਪਿਆ। ਘਰ ਸਿਰਫ਼ ਇਹ ਦੋਵੇਂ ਹੀ ਸਨ। ਪ੍ਰੋਫ਼ੈਸਰ ਖਾਣਾ ਪੀਣਾ ਬਣਾਉਂਦਾ ਸੀ। ਕੋਈ-ਕੋਈ ਬਹਾਨੇ ਨਾਲ ਤਾਰਾ ਰੋਟੀ ਪਕਾਉਣ 'ਚੋਂ ਨਿੱਕਲ ਜਾਂਦਾ ਸੀ। ਪ੍ਰੋਫ਼ੈਸਰ ਨੇ ਦੇਖਿਆ ਕਿ ਫੈਕਟਰੀ ਵਿਚ ਇਹ ਮੁੰਡਾ ਬਹੁਤ ਹਿੰਮਤ ਨਾਲ ਕੰਮ ਕਰਦਾ ਸੀ। ਇਹਦੇ ਲਈ ਰੁਚੀ ਪੈਦਾ ਹੋ ਗਈ।

ਪ੍ਰੋਫ਼ੈਸਰ ਗਿਆਨਵਾਨ ਅਤੇ ਪੜ੍ਹਿਆ-ਲਿਖਿਆ ਬੰਦਾ ਸੀ। ਤਾਰੇ ਤੋਂ ਹੁਸ਼ਿਆਰ ਸੀ। ਪ੍ਰੋਫ਼ੈਸਰ ਸ਼ਰੀਫ਼ ਅਤੇ ਸਥਿਰ ਆਦਮੀ ਸੀ। ਤਾਰੇ ਵਾਂਗੂੰ ਸੌਖਾ ਨਰਾਜ਼ ਨਹੀਂ ਹੁੰਦਾ ਸੀ। ਤਾਰਾ ਉਸਦੀ ਇੱਜ਼ਤ ਕਰਦਾ ਸੀ। ਉਮਰ ਵਿਚ ਵੀ ਸ਼ਾਇਦ ਫਾਸਲਾ ਸੀ। ਪਰ ਦੋਵੇਂ ਖਾਸ ਦੋਸਤ ਬਣ ਗਏ ਸੀ। ਪ੍ਰੋਫ਼ੈਸਰ ਦਾ ਟੱਬਰ ਇਸ ਵੇਲੇ ਪੰਜਾਬ ਵਿਚ ਸੀ।

ਤੇਈ ਸਤੰਬਰ ਦੀ ਤਾਰੀਖ ਨੂੰ ਪੱਛਮ ਵਿਚ ਧਮਾਕਾ ਹੋਇਆ। ਇਸ ਤਾਰੀਖ ਨੂੰ ਉਸ ਜ਼ਮਾਨੇ ਦੇ ਲੋਕ ਯਾਦ ਇਵੇਂ ਕਰਦੇ ਜਿੱਦਾਂ ਅੱਜ ਦੇ ਲੋਕ ਗਿਆਰਾਂ ਸਤੰਬਰ ਨੂੰ ਯਾਦ ਕਰਦੇ। ਜਿੱਦਾਂ ਪੰਜਾਬ ਦੇ ਲੋਕ ਤਿੰਨ ਜੂਨ ਉੱਨੀ ਸੌ ਚੁਰਾਸੀ ਦੇ ਬਲੂ ਸਟਾਰ ਨੂੰ। ਹੁੱਲੜਬਾਜ਼ੀ। ਕਨਫ਼ਰੰਟੈਸ਼ਨਾਂ ਨੂੰ ਯਾਦ ਕਰਦੇ। ਇਤਿਹਾਸ ਨੇ ਤਾਰੀਖ਼ ਮਨ ਵਿਚ ਝਰੀਟ ਦਿੱਤੀ।

ਤੇਈ ਸਤੰਬਰ ਨੂੰ ਯੂਨਾਈਟਡ ਸਟੇਟਸ। ਕਹਿਣ ਦਾ ਮਤਲਬ ਅਮਰੀਕਾ ਦਾ ਸੰਯੁਕਤ ਰਾਜ ਦਾ ਮਸ਼ਹੂਰ ਪ੍ਰਧਾਨ ਕੈਨੇਡੀ ਦਾ ਕਤਲ ਹੋਇਆ। ਤਾਰੇ ਨੂੰ ਵੀ ਇਹ ਤਾਰੀਖ਼ ਯਾਦ ਹੈ। ਉਸ ਦਿਨ ਤਾਰਾ, ਜੋਧ ਅਤੇ ਬਿੰਦਰ ਨੇ ਗਲੀ ਵਿਚ ਟੇਡੀ ਬੋਐਜ਼ ਨਾਲ ਟੱਕਰ ਲਈ। ਕਿਸੇ ਕੋਲ ਚਾਕੂ ਸੀ। ਕਿਸੇ ਕੋਲ ਜ਼ੰਜ਼ੀਰ ਤੇ ਕਿਸੇ ਕੋਲ ਡਾਂਗ। ਤਾਰੇ ਨੇ ਗੋਰਿਆਂ ਨੂੰ ਆਪਣੇ ਸਿੱਕੇ ਨਾਲ ਸਤਾਇਆ। ਤਾਰੇ ਦੇ ਮੂਹਰਲੇ ਹੇਠਲੇ ਦੰਦ ਭੰਨੇ ਗਏ ਸੀ। ਪ੍ਰੋਫ਼ੈਸਰ ਤੋਂ ਇਹ ਗੱਲ ਲੁਕੋ ਕੇ ਰੱਖੀ।

ਚਾਰ ਸਾਲ ਡਰਬੀ ਦੇ ਫਾਊਂਡਰੀ ਵਿਚ ਬੀਤੇ। ਚਾਰ ਔਖੇ ਸਾਲ। ਉਸਨੇ ਚਾਰ ਸਾਲਾਂ ਵਿਚ ਗੁਰਮੀਤ ਨੂੰ ਇੰਗਲੈਂਡ ਮੰਗਾਇਆ। ਰਾਹਦਾਰੀ ਮਿਲ ਗਈ। ਬਾਪੂ ਅਤੇ ਭੈਣ ਪੰਜਾਬ ਵਿਚ ਰਹਿ ਗਏ। ਗੁਰਮੀਤ ਲੰਦਨ ਵਿਚ ਟਿਕ ਗਿਆ।

ਘਸਿਆਲ ਵਿਚ ਜ਼ਬਰਦਸਤ ਸਨੋ ਫਾਲ ਪਿਆ। ਸਨੋ ਤਿੰਨ ਫੁੱਟ ਉੱਚੀ ਸੀ। ਕੋਸੇ ਕੋਸੇ ਕੱਪੜਿਆਂ ਵਿਚ ਸਭ ਕੰਮ 'ਤੇ ਗਏ। ਸਖ਼ਤ ਹਾਲਾਤ ਸਨ। ਸਖ਼ਤ ਕਮਾਈਆਂ।

ਤਾਰੇ ਨੂੰ ਕੰਮ ਕਰਨ ਦੀ ਆਦਤ ਬਣ ਗਈ। ਇਹ ਉਸਦਾ ਗੁਣ ਸੀ। ਨਹੀਂ ਤਾਂ ਕਹਿ ਸਕਦਾ ਹੈ ਉਲਟ ਬੁੱਧੀਆਂ ਸੀ। ਪਰ ਪ੍ਰੋਫ਼ੈਸਰ ਨੂੰ ਤਾਂ ਚੰਗਾ ਮਿਹਨਤੀ ਮੁੰਡਾ ਲੱਗਿਆ। ਹਾਰ ਕੇ ਉਸ ਨੇ ਫਾਊਂਡਰੀ ਛੱਡ ਦਿੱਤੀ। ਤਾਰਾ ਦੱਖਣ ਨੂੰ ਤੁਰ ਪਿਆ। ਨੌਕਰੀ ਕੋਚਾਂ ਵਿਚ ਮਿਲ ਗਈ। ਪ੍ਰੋਫ਼ੈਸਰ ਤੋਂ ਅਲੱਗ ਹੋਣ ਲਈ ਜੋ ਗਿਆ ਸੀ।

ਕੋਚਾਂ ਚਲਾਉਣ ਲਈ ਦੋ ਦਿਹਾੜੀਆਂ ਲਾਉਣ ਲੱਗਾ। ਇਕ ਸਵੇਰੇ। ਇਕ ਸ਼ਾਮ ਨੂੰ। ਕੰਪਨੀ ਦਾ ਬੇਸ ਸਾਊਥਾਲ ਸੀ। ਤਾਰਾ ਕੇਵਲ ਦੇਸੀ ਲੋਕਾਂ ਦੀਆਂ ਕੋਚਾਂ ਚਲਾਉਂਦਾ ਸੀ। ਸਵਾਰੀਆਂ ਵੀ ਪੰਜਾਬ ਤੋਂ ਸਨ। ਪੰਧ ਸਾਊਥਾਲ ਤੋਂ ਸਲੌਹ ਅਤੇ ਸਲੌਹ ਤੋਂ ਕਾਵੈਂਟਰੀ, ਅੱਗੇ ਕਾਵੈਂਟਰੀ ਤੋਂ ਬਰਮਿੰਘਮ। ਕਈ ਇਲਫ਼ੋਰਡ ਤੋਂ ਗਰੇਵਜ਼ੈਂਡ ਜਾਂਦੇ ਸੀ। ਕੋਈ ਬਰਮਿੰਘਮ ਤੋਂ ਵੂਲਵਰਹੈਂਪਟਨ ਅਤੇ ਡਰਬੀ ਤੱਕ। ਕਈ ਕੋਚਾਂ ਮਿਡਲੈਂਡ ਤੋਂ ਉੱਤਰ ਬਰੈਡਫ਼ੋਰਡ ਤੱਕ ਵੀ। ਜਿਥੇ ਪੰਜਾਬੀ ਖਿੱਲਰੇ ਪਏ ਸਨ। ਸਭ ਰਾਹ ਤਕਰੀਬਨ ਤਾਰਾ ਸਵਾਰੀਆਂ ਨੂੰ ਲੈ ਕੇ ਗਿਆ। ਸਾਰਾ ਮੁਲਕ ਵੇਖ ਲਿਆ। ਲੇਖਕ ਦੀ ਭੁੱਲ ਹੋਵੇਗੀ ਜੇ ਤੁਹਾਨੂੰ ਇਹ ਥਾਵਾਂ ਦਾ ਕੁਝ ਨਹੀਂ ਦੱਸਿਆ। ਸਭ ਤੋਂ ਮਸ਼ਹੂਰ, ਸਭ ਤੋਂ ਮੰਨਿਆ ਦੰਨਿਆ ਥਾਂ ਸਾਊਥਾਲ ਸੀ।

ਸਾਊਥਾਲ ਉਸ ਵੇਲੇ ਭਾਰਤੀਆਂ ਅਤੇ ਪਾਕਿਸਤਾਨੀਆਂ ਦਾ ਟਿਕਾਣਾ ਬਣ ਗਿਆ ਸੀ। ਲੰਦਨ ਦੇ ਕੇਂਦਰ ਤੋਂ ਗਿਆਰਾਂ ਮੀਲ ਹੈ। ਇਹ ਸਾਊਪੁਣੀ ਈਲੰਗ ਦੇ ਇਲਾਕੇ ਵਿਚ ਸੀ। ਸਾਊਥਾਲ ਦੇ ਆਲ਼ੇ-ਦੁਆਲ਼ੇ ਹੇਜ਼। ਯੈਡਿੰਗ। ਹੈਨਵੈਲ। ਹੈਸਟਨ। ਹੰਸਲੋ। ਗ੍ਰੀਨਫ਼ੋਰਡ ਅਤੇ ਨੂੰਰਥਹੋਲਟ ਹਨ। ਸਭ ਵਿਚ ਕਈ ਦੇਸੀ ਟੱਬਰ ਰਹਿੰਦੇ ਹਨ।

ਸਾਊਥਾਲ ਆਂਗਲਓ ਸੈਕਸ਼ਨ ਸਮੇਂ ਤੋਂ ਨਾਂ ਹੈ। ਨਾਂ ਦਾ ਮਤਲਬ ਦੱਖਣੀ ਹਿੱਸਾ ਦਾ ਕੌਰਨਰ। ਨੂੰਰਥਹੋਲਟ ਉੱਪਰਲੇ ਕੌਰਨਰ ਤੋਂ ਬਾਅਦ ਸੱਦਿਆ ਗਿਆ। ਇੱਥੇ ਜੰਗਲ ਸੀ। ਇਹ ਉਹ ਜੰਗਲ ਦੇ ਚੋਨੇਆਂ ਤੇ ਨਗਰ ਬਣਾਏ ਸਨ। ਸੰਨ ਉੱਨੀ ਸੌ ਪੰਜਾਹ ਵਿਚ ਭਾਰਤੀ ਲੋਕ ਇੱਥੇ ਆਉਣ ਲੱਗ ਗਏ ਸੀ। ਇਸ ਦੀ ਵਜ੍ਹਾ ਹੀਥਰੋ ਨੇੜੇ ਕਰਕੇ । ਉਨ੍ਹਾਂ ਦਿਨਾਂ ਵਿਚ ਸਾਊਥਾਲ ਦੀ ਮਸ਼ਹੂਰ ਪਛਾਣ ਨੀਲਾ ਗੈਸ ਦਾ ਬੁਰਜ ਸੀ। ਇਹ ਬੁਰਜ ਅੱਜ ਵੀ ਹੈ। ਇਹ ਤੇ ਲੱਲਾ ਅਤੇ ਹਾਹਾ ਵਾਹੇ ਹੋਏ ਹਨ। ਇਨ੍ਹਾਂ ਅੱਖਰਾਂ ਦੀ ਨਿਸ਼ਾਨੀ ਨਾਲ ਜਹਾਜ਼ ਲੰਘਦੇ ਹਨ। ਉਸ ਸੰਮਤ ਵਿਚ ਇਲਫੋਰਡ ਤੋਂ ਕੋਚ ਆਂਦੀ ਸੀ। ਜਿਸ ਵਿਚ ਦੇਸੀ ਮਜ਼ਦੂਰ ਸਨ। ਇਕ ਫ਼ੌਜ ਦੇ ਕਰਨਲ ਨੇ ਇੱਥੇ ਪੰਜਾਬੀ ਲਿਆਉਣੇ ਸ਼ੁਰੂ ਕੀਤੇ ਸਨ। ਇਹ ਫ਼ੌਜੀ ਇੰਡੀਆ ਵਿਚ ਰਿਹਾ ਕਰਕੇ ਜਾਣਦਾ ਸੀ ਕਿ ਇਹ ਬਹੁਤ ਹਿੰਮਤ ਵਾਲੇ ਕਿਰਤੀਏ ਸਨ। ਹੌਲੀ-ਹੌਲੀ ਸਾਡੀ ਸਾਂਝ ਪੈਦਾ ਹੋ ਗਈ।

ਸੱਗੂ ਤੱਖਰ ਨੇ ਛੜਿਆਂ ਲਈ ਰੇਸਤੋਰੈਂਟ ਥਾਪੀ। ਨਾਲ ਡੋਮੀਨੀਅਨ ਸਿਨਮਾ ਹਿੰਦੀ ਫ਼ਿਲਮਾਂ ਦਿਖਾਉਂਦਾ ਸੀ ਤੇ ਦੋ ਹੋਰ ਸਿਨਮੇ ਵੀ ਸਨ। ਲਿਬਰਟੀ ਅਤੇ ਤੀਸਰਾ ਸੈਂਚਰੀ ਜਿਸ ਦਾ ਨਾਂ ਵਕਤ ਦੇ ਹਵਾਵਾਂ 'ਚ ਭੁਲ ਗਿਆ। ਕਿੰਗ ਸਟਰੀਟ ਵਿਚ ਸਬਜ਼ੀਆਂ ਅਤੇ ਕੱਪੜੇ ਲੀੜੇ ਦੀਆਂ ਦੁਕਾਨਾਂ ਖੁੱਲ੍ਹ ਗਈਆਂ। ਬ੍ਰਾਡਵੇ ਤਾਂ ਬਾਜ਼ਾਰ ਬਣ ਗਿਆ। ਲੋਕਾਂ ਨੂੰ ਫ਼ੈਕਟਰੀਆਂ ਅਤੇ ਹੀਥਰੋ ਵਿਚ ਨੌਕਰੀਆਂ ਮਿਲ ਗਈਆਂ ਸੀ। ਨਿੱਕਾ ਪੰਜਾਬ ਪੈਦਾ ਹੋ ਗਿਆ। ਇੱਥੇ ਫ਼ੋਨਸੀਜ਼ ਆਫ ਹੇਜ਼ ਨੇ ਆਪਣਾ ਕੋਚਾਂ ਦਾ ਅੱਡਾ ਰਖਿਆ ਸੀ। ਤਾਰਾ ਇਥੋਂ ਸਭ ਪਾਸੇ ਗਿਆ। ਸਵੇਰੇ ਕੋਚਾਂ ਉੱਤੇ ਕੰਮ ਕਰਦਾ ਸੀ। ਸ਼ਾਮ



ਨੂੰ ਰਥਵਾਨ ਸੀ। ਦੋਹਾਂ ਹੱਥਾਂ ਨੂੰ ਔਖਾ ਕਰਦਾ ਸੀ। ਹਿੰਮਤ ਨਾਲ ਭਰਾ ਦੀ ਵੀ ਮੱਦਦ ਕਰਦਾ ਸੀ। ਪ੍ਰੋਫ਼ੈਸਰ ਨੇ ਸਿਖਾਇਆ 'ਨੇਕੀ ਕਰ ਖੂਹ ਵਿਚ ਸੁੱਟ।'

ਅਗਲਾ ਮਸ਼ਹੂਰ ਥਾਂ ਬਰਮਿੰਘਮ ਸੀ। ਇੱਥੇ ਸਭ ਤੋਂ ਵੱਧ ਅਬਾਦੀ ਪੰਜਾਬੀਆਂ ਦੀ ਸੀ। ਹਾਲੇ ਵੀ ਹੈ।

ਬਰਮਿੰਘਮ ਬਰਤਾਨੀਆਂ ਦਾ ਦੂਜਾ ਸ਼ਹਿਰ ਹੈ। ਕਹਿਣ ਦਾ ਮਤਲਬ ਲੰਦਨ ਦਿੱਲੀ ਹੈ। ਬਰਮਿੰਘਮ ਮੁੰਬਈ ਹੈ। ਦਸ ਲੱਖ ਨਿਵਾਸੀ ਹਨ। ਇਨ੍ਹਾਂ ਨੂੰ ਲੋਕ 'ਬਰਾਮੀਜ਼' ਆਖਦੇ ਹਨ। *ਇਨਡਸਟਰੀਅਲ ਰੇਵੂਲੂਸ਼ਨ* ਵਿਚ ਤਾਕਤ ਸੀ। ਇਕ ਸਮੇਂ ਵਿਚ ਰੀਆ ਦਰਿਆ ਦੇ ਕੰਢੇ ਨਾਲ ਢੋ ਸੀ। ਇਹ ਢੋ ਪਿੰਡ ਬਣ ਗਿਆ। ਪਿੰਡ ਨਗਰ ਬਣ ਗਿਆ ਤੇ ਨਗਰ ਸ਼ਹਿਰ। ਇਹ ਬਰਮਿੰਘਮ ਦੀ ਸ਼ੁਰੂਆਤ ਸੀ। ਬਾਰ੍ਹਵੀਂ ਸਦੀ ਵਿਚ ਮੰਡੀਆਂ ਲਈ ਮਸ਼ਹੂਰ ਹੋ ਗਿਆ। ਬਰਮਿੰਘਮ ਦੇ ਦੁਆਲ਼ੇ ਲੋਹਾ ਅਤੇ ਕੋਲਿਆਂ ਦੇ ਰੀਸੋਰਸ ਹਨ। ਸ਼ਹਿਰ ਲੋਹੇ ਦੇ ਕੰਮ ਲਈ ਮਸ਼ਹੂਰ ਹੋ ਗਿਆ। ਬਰਤਾਨੀਆਂ ਦੀ ਮੁਲਕੀ ਜੰਗ ਵਿਚ ਤੋਪ ਬੰਦੂਕ ਦਸਤ ਕਰਨ ਲੱਗ ਗਏ।

ਸੰਨ ਉੱਨੀ ਸੌ ਸੱਠ ਤੋਂ ਦੇਸੀ ਲੋਕ ਇੱਥੇ ਆਬਾਦ ਹੋ ਗਏ ਸੀ। ਹੁਣ ਚਾਰ ਪਰਸੈਂਟ ਅਬਾਦੀ ਇਨ੍ਹਾਂ ਦੀ ਹੈ। ਸ਼ਾਇਦ ਹੁਣ ਸਭ ਤੋਂ ਵਧ ਅਬਾਦੀ ਆਪਣਿਆਂ ਦੀ ਇੱਥੇ ਹੈ। ਖਵਰੇ ਆਲ਼ੇ-ਦੁਆਲ਼ੇ ਵੀ ਲੱਖ ਲੱਖ ਪੰਜਾਬੀ ਹਨ। ਹੈਂਡਜ਼ਵਰਥ ਸਭ ਤੋਂ ਮਸ਼ਹੂਰ ਇਲਾਕਾ ਹੈ। ਇੱਥੇ ਸੋਹੋ ਰੋਡ ਹੈ। ਕੋਚਾਂ ਇੱਥੇ ਸਵਾਰੀਆਂ ਛੱਡਦੀਆਂ ਹਨ। ਸੁਖਸ਼ਿੰਦਰ ਸ਼ਿੰਦਾ ਇੱਥੇ ਰਹਿੰਦਾ ਹੈ। ਅੱਜਕਲ੍ਹ ਇਸ ਲਈ ਪੰਜਾਬੀ ਬਰਤਾਨੀਆ ਦੀ ਦੂਸਰੀ ਬੋਲੀ ਹੈ।

ਅੱਜ ਬਰਮਿੰਘਮ ਪੰਜਾਬ ਹੈ। ਇਹ ਸ਼ਹਿਰ ਦੇ ਆਲ਼ੇ-ਦੁਆਲ਼ੇ ਪੰਜਾਬੀ ਪਿਛੱਲਗੇ। ਫਿਰ ਬਰੈਡਫ਼ੋਰਡ ਵੀ ਸੀ।

ਬਰੈਡਫ਼ੋਰਡ ਵੈਸਟ ਯੌਰਕਸ਼ਾਇਰ ਵਿਚ ਹੈ। ਇਹ ਸ਼ਹਿਰ ਵੈਸਟ ਰਾਏਦੰਗ ਤਹਿਸੀਲ ਵਿਚ ਹੈ। ਬਰਤਾਨੀਆਂ ਦਾ ਛੇਵਾਂ ਸ਼ਹਿਰ ਹੈ। ਇਸ ਦਾ ਨਾਂ ਦੋ ਲਫ਼ਜ਼ਾਂ ਦਾ ਮੇਲ ਹੈ। ਬਰਾਡ ਦਾ ਮਤਲਬ ਚੌੜਾ। ਫ਼ੋਰਡ ਦਾ ਮਤਲਬ ਨਦੀ। ਇਹ ਸ਼ਹਿਰ ਉੱਨ ਸਨਅਤ ਦਾ ਸੈਂਟਰ ਹੈ। ਉਣੇ ਹੋਏ ਕੱਪੜਿਆਂ ਲਈ ਮਸ਼ਹੂਰ ਹੈ। ਜਿੱਦਾਂ ਬਰਮਿੰਘਮ। ਲੀਡਜ਼ ਅਤੇ ਸਾਊਥਾਲ ਵਿਚ ਸਿੱਖ ਬੈਠੇ ਹਨ। ਬਰੈਡਫ਼ੋਰਡ ਵਿਚ ਵੱਧ ਮੁਸਲਮਾਨ ਹਨ। ਇਹ ਥਾਂ ਪੰਜਾਬੀਆਂ ਦੇ ਮੁੱਢਲੇ ਹਨ। ਕਈ ਹੋਰ ਸ਼ਹਿਰ ਵੀ ਹਨ।

ਸੌ ਸਾਲਾਂ ਵਿਚ ਦੇਸੀ ਲੋਕ ਬਰਤਾਨੀਆ ਆ ਕੇ ਆਬਾਦ ਹੋ ਗਏ ਹਨ। ਚਾਰ-ਚਫ਼ੇਰੇ ਖਿੱਲਰੇ ਹਨ। ਜਿਹੜੇ ਕੰਮ ਗੋਰੇ ਨਹੀਂ ਤਿਆਰ ਸੀ ਕਰਨ ਨੂੰ ਉਹ ਇਨ੍ਹਾਂ ਨੇ ਕੀਤੇ। ਸੱਚਮੁੱਚ ਗੋਰੇ ਤਾਂ ਕੇਵਲ ਪੜ੍ਹੇ ਲਿਖੇ ਡਾਕਟਰ ਚਾਹੁੰਦੇ ਸਨ। ਪਰ ਕਿਸਾਨ ਵੀ ਇੱਥੇ ਆ ਪਹੁੰਚੇ। ਪੈਸੇ ਬਣਾ ਕੇ ਵਾਪਸ ਜਾਣਾ ਸੀ। ਪਰ ਹੁਣ ਤਾਂ ਪੱਕੇ ਹੋ ਗਏ। ਤਾਰਾ ਉਨ੍ਹਾਂ ਦੀ ਗਿਣਤੀ 'ਚੋਂ ਹੈ।

## *ਅੱਠ*

ਤਾਰੇ ਨੇ ਲੰਦਨ ਟਰਾਂਸਪੋਰਟ ਵਿਚ ਕੰਮ ਕਰਨ ਦਰਖ਼ਾਸਤ ਕਰ ਲਈ ਸੀ। ਪਹਿਲੇ ਕੰਮ ਵੀ ਕਰੀ ਗਿਆ। ਦੋਹਾਂ ਹੱਥਾਂ ਨਾਲ ਨੌਕਰੀ ਕਰਨ ਦੀ ਆਦਤ ਪੈ ਗਈ ਸੀ।

ਤਾਰੇ ਨੇ ਡਰਾਈਵਰ ਦਾ ਰੋਲ ਪੂਰਾ ਕੀਤਾ। ਇਕ ਹੋਰ ਆਦਮੀ ਜਿਸਨੂੰ ਸਭ ਕੰਡਕਟਰ ਆਖਦੇ ਸੀ, ਨੇ ਕੰਡਕਟਰੀ ਕੀਤੀ। ਤਿੰਨ-ਚਾਰ ਰੂਟਾਂ ਉੱਤੇ ਦੋਨੂੰ ਕੰਮ ਕਰਦੇ ਸਨ। ਖਾਸ ਦੋਸਤ ਬਣ ਗਏ ਸੀ।

ਕੰਡਕਟਰ ਪ੍ਰੋਫ਼ੈਸਰ ਦਾ ਉਲਟਾ ਸੀ। ਇਹ ਬੁੱਢ ਕੁਆਰਾ ਪੁਰਾਣੇ ਢੰਗ ਦਾ ਸੀ। ਛੇ ਫ਼ੁੱਟ ਲੰਬਾ ਸੀ। ਸੀਸ ਰੋਡਾ। ਨੱਕ ਗੰਢਲੀਆਂ। ਅੱਖਾਂ ਤੇਜ਼। ਇਸ ਨੂੰ ਸਾਊ ਤਾਂ ਕਹਿ ਨਹੀਂ ਸਕਦੇ ਸੀ। ਬਦਕਾਰ ਸੀ। ਇਹਦੀਆਂ ਗੱਲਾਂ ਨੇ ਤਾਰੇ ਦਾ ਹੋਸ਼ ਗੁੰਮ ਜਿਹਾ ਕਰ ਦਿੱਤਾ। ਤਾਰਾ ਇਹ ਇੱਲ ਨੂੰ ਬਹੁਤ ਮਹਾਨ ਸਮਝਦਾ ਸੀ। ਤਾਰੇ ਦੀ ਆਦਤ ਸੀ। ਬਾਹਰਲੇ ਬੰਦਿਆਂ ਦੀਆਂ ਗੱਲਾਂ ਵਿਚ ਪੈਣ ਦੀ। ਘਰ ਵਾਲਿਆਂ ਨੂੰ ਤਾਂ ਆਈ ਗਈ ਕਰਦਾ ਸੀ। ਇਸ ਲਈ ਦੋ ਸਾਲਾਂ ਲਈ ਕੰਡਕਟਰ ਦਾ ਅਸਰ ਪਿਆ। ਕੰਡਕਟਰ ਅੰਨ੍ਹਿਆਂ ਵਿਚ ਕਾਣਾ ਰਾਜਾ ਸੀ। ਕਿਦਾਂ ਦੀ ਅਸਰ?

ਕੰਡਕਟਰ ਦੇ ਖ਼ਿਆਲ ਐਨ ਬਾਪੂ ਵਰਗੇ ਸਨ। ਇਸ ਲਈ ਤਾਰਾ ਗੱਲਾਂ-ਬਾਤਾਂ ਨੂੰ ਕੋਈ ਸਿਆਣਪ ਦੀਆਂ ਮੋਤੀਆਂ ਵਾਂਗ ਸਮਝਦਾ।

– ਮੇਰਾ ਬੱਚਾ। ਸਭ ਤੀਵੀਆਂ ਬਦਕਾਰ ਹਨ। – ਹਮੇਸ਼ਾਂ ਤਾਰੇ ਨੂੰ 'ਮੇਰਾ ਬੱਚਾ' ਆਖਦਾ ਸੀ।

– ਮੇਰਾ ਬੱਚਾ। ਆਦਮੀ ਹੀ ਸੁੰਦਰੀਆਂ 'ਤੇ ਹੱਕ ਰੱਖਦੇ ਹਨ। ਜਨਾਨੀ ਉੱਤੇ ਭਰੋਸਾ ਨਹੀਂ ਕਰੀਦਾ। ਰਖੈਲ ਨਾਲ ਵਿਆਹ ਕਰ ਲੈਣਾ। – ਉਹ ਵਿਹਲੀਆਂ ਗੱਲਾਂ ਵਿਚ ਸਮਾਂ ਇੱਦਾਂ ਗੁਆਂਦਾ ਰਿਹਾ। ਤਾਰਾ ਸੁਣੀ ਗਿਆ।

– ਮੇਰਾ ਬੱਚਾ। ਆਪ ਨੂੰ ਪਹਿਲਾਂ ਰਖੀ ਦਾ। ਕੇਵਲ ਆਪ। – ਤੰਗ ਖਿਆਲਾਂ ਨੇ ਦਿਮਾਗ਼ ਵਿਚ ਬੁੱਧੀ ਸੋਚਾਂ ਉਪਰ ਸੁੰਨ ਪਈ ਸੀ ਜਿੱਦਾਂ ਗ੍ਰਹਿਣ ਚਾਨਣ ਨੂੰ ਹਨੇਰਾ ਕਰਦਾ ਆ। ਇਹ ਗੱਲਾਂ ਵਿਚ ਹਮੇਸ਼ਾਂ ਲਈ ਤਾਰਾ ਪੱਕਾ ਹੋ ਗਿਆ।

ਬੱਸਾਂ ਵਿਚ ਕਈ ਆੜੀ ਬਣਾ ਲਏ। ਤਾਰਾ ਨੇ ਉਨ੍ਹਾਂ ਨਾਲ ਸਾਂਝੀ ਕੋਠੜੀ ਕਰਾਏ 'ਤੇ ਲਈ ਸੀ। ਦੋ ਹੀ ਬਿਸਤਰੇ ਸਨ। ਕਮਰੇ ਵਿਚ ਛੇ ਮਰਦ ਸਨ। ਜਦ ਇਕ ਆਂਦਾ। ਦੂਜਾ ਜਾਂਦਾ ਸੀ। ਇਸ ਲਈ ਮੰਜਾ ਹਮੇਸ਼ਾਂ ਕੋਸਾ ਸੀ। ਜਦ ਇਕ ਦੀ ਸ਼ਿਫ਼ਟ ਮੁੱਕੇ ਦੂਜੇ ਦੀ ਸ਼ੁਰੂ ਹੋ ਜਾਂਦੀ ਸੀ। ਕੰਡਕਟਰ ਹੋਰ ਕੋਈ ਘਰ ਵਿਚ ਰਹਿੰਦਾ ਸੀ। ਜਦ ਦੋ ਤਿੰਨਾਂ ਦੀ ਛੁੱਟੀ ਸੀ ਆਪਸ ਵਿਚ ਤਾਸ਼ ਖੇਡਦੇ ਸੀ। ਵਿਸਕੀ ਦੀ ਬੋਤਲ ਖੋਲ੍ਹ ਕੇ ਗਲਾਸੀ ਲਾਉਂਦੇ ਸੀ। ਇਕ ਮੁੰਡੇ ਨੇ ਬੇਰੰਗ ਭੂਰਾ ਟੀ.ਵੀ. ਲਿਆਂਦਾ ਸੀ। ਤਾਰੇ ਤੋਂ ਛੁਟ ਸਭ ਨੂੰ ਫ਼ੁੱਟਬਾਲ ਵੇਖਣ ਦੀ ਸ਼ੌਂਕ ਸੀ। ਜਦ ਖ਼ਬਰਾਂ ਆਉਂਦੀਆਂ ਫਿਰ ਹੀ ਦਿਲਚਸਪੀ ਨਾਲ ਦੇਖਦਾ ਸੀ। ਸਾਲ ਇੱਦਾਂ ਹੀ ਲੰਘ ਗਿਆ ਸੀ।

ਤਾਰੇ ਨੇ ਉਨ੍ਹਾਂ ਆਦਮੀਆਂ ਨਾਲ ਮੁਹਿੰਮ ਸ਼ੁਰੂ ਕੀਤਾ। ਰਾਜਿੰਦਰ ਅਤੇ ਨਿਰਮਲ ਮਕਾਨਾਂ ਨੂੰ ਸਾਫ਼ ਕਰਨ ਦਾ ਕੰਮ ਕਰਦੇ ਸੀ। ਤਿੰਨ ਚਾਰਾਂ ਜਣੇ ਆਪਣੇ ਪੈਸੇ ਪਾ ਕੇ ਘਰਾਂ ਨੂੰ ਫ਼ਿਕਸ ਕਰਕੇ ਕਰਾਏ ਉੱਤੇ ਦਿੰਦੇ ਸੀ। ਕਈ ਕਈ ਵਾਰੀ ਮਕਾਨ ਨੂੰ ਸੈਟ ਕਰਕੇ ਵੇਚਦੇ ਸੀ। ਨਫ਼ੇ ਨਾਲ ਹੋਰ ਕੋਈ ਲਾਗਤ ਕਰ ਲੈਂਦੇ ਸੀ। ਇੱਦਾਂ ਹੀ ਇਹ ਸਭ ਕਾਮਯਾਬ ਬਣ ਗਏ ਸਨ। ਤਾਰੇ ਨੇ ਪੈਸੇ ਬਣਾ ਕੇ ਦੋ ਮਕਾਨ ਕਰਾਏ 'ਤੇ ਲੈਣ ਲਈ ਖਰੀਦ ਲਏ ਸਨ। ਮਿਹਨਤ ਨਾਲ ਇਹ ਦੇਸੀਆਂ ਨੇ ਆਪ ਵੀ ਤਰੱਕੀ ਕੀਤੀ ਅਤੇ ਪੰਜਾਬ ਨੂੰ ਵੀ



ਸੈੱਟ ਕਰ ਦਿੱਤਾ ਸੀ।

ਤਾਰੇ ਨੇ ਏ ਟੂ ਜ਼ੈਡ ਘਰਾਂ ਦਾ ਸਭ ਕੁਝ ਸਿੱਖ ਲਿਆ ਸੀ। ਮਕਾਨ ਸਾਰਿਆਂ ਨੇ ਠੇਕੇ ਉੱਤੇ ਲਾ ਕੇ ਕਿਰਾਏ ਨਾਲ ਕਰਜ਼ਾ ਚੁੱਕੀ ਗਏ। ਹੌਲੀ ਹੌਲੀ ਜਿਨ੍ਹਾਂ ਨੇ ਵਿਆਹ ਕੀਤਾ ਸੀ ਆਪਣਿਆਂ ਨੂੰ ਮੰਗਾਉਣ ਲੱਗ ਗਏ। ਕਈ ਕੰਡਕਟਰ ਵਰਗੇ ਬਜ਼ੁਰਗਾਂ ਨੇ ਜੁਆਨ ਲੜਕੀਆਂ ਨੂੰ ਮੰਗਾ ਕੇ ਵਿਆਹ ਕਰ ਲਏ ਸੀ। ਲੋਕ ਵਲੈਤ ਆਉਣ ਨੂੰ ਇੰਨ੍ਹੇ ਕਾਹਲੇ ਸੀ ਕਿ ਆਪਣੀਆਂ ਧੀਆਂ ਨੂੰ ਵੀ ਵਰਤਿਆ। ਸਾਊਥਾਲ ਵਿਚ ਪੰਜਾਬੀਆਂ ਦਾ ਸਮਾਜ ਇੱਦਾਂ ਪੈਦਾ ਹੋਇਆ।

ਸਾਊਥਾਲ ਵਿਚ ਤਾਰਾ ਪੱਕਾ ਹੋ ਗਿਆ ਸੀ, ਪਰ ਗੁਰਮੀਤ ਅਤੇ ਤਾਰੇ ਵਿਚ ਫ਼ਾਸਲਾ ਰਿਹਾ। ਭਰਾ ਗ੍ਰੀਨਫ਼ੋਰਡ ਵਿਚ ਵਸਿਆ ਸੀ। ਚਾਚੇ ਨੇ ਤਾਂ ਉਸਦਾ ਵਿਆਹ ਕਰ ਦਿੱਤਾ ਸੀ। ਗੁਰਮੀਤ ਤਾਂ ਘਰ ਅੱਡਣਾਂ ਬੂਹਾ ਖੋਲ੍ਹਣਾ ਖ਼ੁਸ਼ ਸੀ, ਪਰ ਤਾਰੇ ਨਾਲ ਝਗੜੇ ਕਰਨ ਤੋਂ ਬਾਅਦ ਵੱਖਰਾ ਹੀ ਰਿਹਾ। ਇਨ੍ਹਾਂ ਦੀ ਰਿਸ਼ਤੇਦਾਰੀ ਵਿਚ ਤਰੇੜ ਪੈ ਗਈ ਸੀ। ਪਰ ਇਹ ਗੱਲ ਬਾਪੂ ਨੂੰ ਨਹੀਂ ਦਿਖਾਈ।

ਮਕਾਨਾਂ ਦੇ ਕਿਰਾਇਆਂ ਨੂੰ ਬੱਸਾਂ ਅਤੇ ਕੋਚਾਂ ਵਿਚ ਕੰਮ ਕਰਕੇ ਮਨਜ਼ੂਰੀ ਨੂੰ ਜ਼ਿਮਨੀ ਕੀਤੀ। ਅਬਜ਼ਰਵਰ। ਕਹਿਣ ਦਾ ਮਤਲਬ ਨਿਗਰਾਨ ਗੋਰੇ ਸਨ। ਇਕ ਦੋ ਚੰਗੇ ਸੀ ਪਰ ਬਹੁਤੇ ਤਾਂ ਸੜੇ ਸੀ। ਉਹ ਦੇਸੀਆਂ ਨੂੰ ਨਫ਼ਰਤ ਕਰਦੇ ਸੀ। ਉਨ੍ਹਾਂ ਲਈ ਤਾਂ ਇਹ ਸਭ 'ਪੈਕੀ' ਸੀ। ਇਸ ਲਈ ਤਾਰਾ ਅਤੇ ਕੰਡਕਟਰ ਉਨ੍ਹਾਂ ਨਾਲ ਝਗੜਦੇ ਸੀ। ਕਈ ਸਿੱਕਿਆਂ ਨੇ ਫ਼ੈਸਲੇ ਕੀਤੇ। ਸਵਾਰੀ ਵੀ ਦੇਸੀਆਂ ਵੱਲ ਖਰਾਬ ਸੀ। ਗੋਰੇ ਸਥਰੀ ਯੂਨੀਅਨ ਦੇ ਮੈਂਬਰ ਸੀ। ਇਹ ਬੰਦੇ ਸੁਸਤ ਸੀ ਇਸ ਲਈ ਪੰਜਾਬੀਆਂ ਨੇ ਡਬਲ ਸ਼ਿਫ਼ਟਾਂ ਕਰਕੇ ਇਹ ਢਿੱਲਿਆਂ ਦੀ ਬੇਇੱਜ਼ਤੀ ਕਰ ਦਿੱਤੀ ਸੀ। ਗੋਰਿਆਂ ਅਤੇ ਪੰਜਾਬੀਆਂ ਵਿਚ ਟੈਂਸ਼ਨ ਸੀ। ਇਹ ਟੈਂਸ਼ਨ ਅੱਜਕਲ੍ਹ ਦੇ ਟੈਂਸ਼ਨਾਂ ਤੋਂ ਭੈੜੀ ਸੀ। ਸੱਤਰ ਦੇ ਦਹਾਕੇ ਤੋਂ ਥੈਚਰ ਦੇ ਟਾਇਮ ਤਕ ਇਹ ਹੀ ਹਾਲ ਰਿਹਾ। ਤਾਰਾ ਕੰਮ ਵਿਚ ਤੇਜ ਹੋਣ ਕਰਕੇ ਇਹ ਨੂੰ ਵੱਧ ਨਫ਼ਰਤ ਗੋਰੇ ਕਰਦੇ ਸੀ। ਹਮੇਸ਼ਾਂ ਤਾਰੇ ਨੂੰ ਗ਼ਲਤੀ 'ਤੇ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਸੀ।

ਤਾਰੇ ਨੂੰ ਤਾਂ ਅੰਗਰੇਜ਼ੀ ਲੋਕ ਜੋਕਰ ਲੱਗਦੇ ਸੀ। ਸ਼ੁੱਕਰਵਾਰ ਉਨ੍ਹਾਂ ਨੂੰ ਮਜ਼ਦੂਰੀ ਮਿਲਦੀ ਸੀ। ਸ਼ਨਿੱਚਰਵਾਰ ਤਕ ਉਨ੍ਹਾਂ ਦੀਆਂ ਜੇਬਾਂ ਖਾਲੀ ਸੀ! ਸ਼ਰਾਬਾਂ, ਸਿਗਰਟਾਂ ਅਤੇ ਫ਼ੂਹੜਾਂ ਉੱਤੇ ਪੈਸੇ ਚਲ ਜਾਂਦੇ ਸੀ। ਗੋਰਿਆਂ ਨੂੰ ਸਮਝ ਨਹੀਂ ਸੀ ਕਿਵੇਂ ਪੰਜਾਬੀ ਪੈਸੇ ਜੋੜ ਲੈਂਦੇ ਸੀ। ਟੈਡੀ ਬੋਜ਼ ਦੇ ਥਾਂ ਹੁਣ ਲੜਾਈਆਂ ਸਕਿਨਹੈਡਾਂ ਨਾਲ ਹੁੰਦੀਆਂ ਸੀ। ਵਿਦੇਸ਼ਾਂ ਦਾ ਭੈਅ ਸੀ ਪਰ ਤਾਰੇ ਵਰਗੇ ਡਰੇ ਨਹੀਂ। ਕਈਆਂ ਕੁੱਟ ਖਾਧੀ। ਪਰ ਇਹ ਕੌਮ ਕਾਮਯਾਬ ਹੋ ਗਈ ਸੀ। ਹਿੰਮਤ ਨਾਲ ਜ਼ੋਰ ਫੜ ਲਿਆ ਸੀ। ਸਭ ਤੋਂ ਜ਼ੋਰ ਸਾਊਥਾਲ ਵਿਚ ਸੀ। ਤਾਰੇ ਦੇ ਦਿਨ ਸਾਊਥਾਲ ਵਿਚ ਕਿਵੇਂ ਬੀਤੇ?

ਜਦ ਕੰਡਕਟਰ ਕੰਮ ਨਹੀਂ ਕਰਦਾ ਸੀ। ਰਾਜਿੰਦਰ ਅਤੇ ਨਿਰਮਲ ਨਾਲ ਬਾਹਰ ਸੈਰ ਕਰਨ ਜਾਂਦਾ ਸੀ। ਅੰਗਰੇਜ਼ਾਂ ਵਾਂਗੂੰ ਆਦਤ ਪੈ ਗਈ ਸੀ। ਪੱਬਾਂ ਵਿਚ ਸ਼ਰਾਬ ਪੀਣ ਦੀ। ਸੱਗੂ ਠੱਖਰ ਤੋਂ ਖਾਣਾ ਲੈਂਦੇ ਸੀ। ਅੱਧੀ ਰਾਤ ਘਰ ਸ਼ਰਾਬੀ ਹੋ ਕੇ ਵਾਪਸ ਆ ਜਾਂਦੇ ਸੀ। ਜਦ ਕੰਡਕਟਰ ਆਪਣੀਆਂ ਕਰਤੂਤਾਂ ਕਰਦਾ ਸੀ। ਸਭ ਕੱਬੇ ਹੋ ਜਾਂਦੇ ਸੀ। ਕਈ-ਕਈ ਵਾਰੀ ਹਿੰਦੀ ਫ਼ਿਲਮਾਂ ਦੇਖਣ ਡੋਮਿਨੀਅਮ ਵਿਚ ਜਾਂਦੇ ਸੀ। ਯਾਰਾਂ ਦੇ ਘਰੀਂ ਜਾ ਕੇ

ਸ਼ਰਾਬ ਪੱਤੀਆਂ ਦੀਆਂ ਮੌਜ਼ਾਂ ਹੁੰਦੀਆਂ ਸੀ। ਇਹ ਹਾਲ-ਚਾਲ ਸੀ। ਜਦ ਮਨ ਕਰਦਾ ਗੁਰਦੁਆਰੇ ਮੱਥਾ ਟੇਕਣ ਵੀ ਚਲੇ ਜਾਂਦੇ ਸੀ। ਉਸ ਜ਼ਮਾਨੇ ਵਿਚ ਇਕ ਦੋ ਗੁਰਦੁਆਰੇ ਸੀ। ਸਭ ਤੋਂ ਵੱਡਾ ਹੈਵੱਲੌਕ ਰੋਡ ਵਾਲਾ ਸੀ।

ਹੌਲੀ-ਹੌਲੀ ਦੇਸੀਆਂ ਦੀਆਂ ਦੁਕਾਨਾਂ ਖੁੱਲ੍ਹਣ ਲੱਗ ਪਈਆਂ। ਅੱਜ ਦੀ ਰੰਗੀਨ ਮੰਡੀ ਉਸ ਵੇਲੇ ਸ਼ੁਰੂ ਹੋਈ ਸੀ। ਪੰਜਾਬੀ ਗੋਰਿਆਂ ਨਾਲ ਸ਼ਾਮਲ ਨਹੀਂ ਹੁੰਦੇ ਸੀ। ਇੱਦਾਂ ਨਿੱਕਾ ਇੰਡੀਆ ਪੈਦਾ ਹੋ ਗਿਆ। ਸਾਊਥਾਲ ਦਾ ਰੂਪ ਦੇਸੀਆਂ ਲਈ ਨਜ਼ਦੀਕ ਬਣ ਗਿਆ। ਪੰਜਾਬ ਨੇੜੇ ਆ ਗਿਆ। ਤਾਰਾ ਹੁਣ ਸੈੱਟ ਸੀ। *ਜ਼ਰਾ ਹਸਕੇ ਜ਼ਰਾ ਬਚਕੇ ਸਾਊਥਹਾਲ ਮੇਰੀ ਜਾਨ* । ਇਹਦਾ ਦਿਲ ਗਾਵੇ।

ਉਸ ਵੇਲੇ ਸਾਊਥਾਲ ਦਾ ਰੂਪ ਅੱਜ ਵਰਗਾ ਨਹੀਂ ਸੀ। ਜਿਥੇ ਸਨਰਾਈਜ਼ ਹੈ। ਉਥੇ ਫ਼ੈਕਟਰੀਆਂ ਸਨ। ਜਿਥੇ ਪੰਜਾਬ ਰੇਡੀਓ ਹੈ। ਉਥੇ ਫ਼ੁੱਟਬਾਲ ਦਾ ਮੈਦਾਨ ਸੀ। ਜਿਥੇ ਬਰਤਾਨੀਆ ਦਾ ਸਭ ਤੋਂ ਵੱਡਾ ਗੁਰਦਆਰਾ ਹੈ। ਉਥੇ ਨਿੱਕਾ ਜਿਹਾ ਸਿੰਘ ਸਭਾ ਗੁਰਦੁਆਰਾ ਸੀ। ਕੋਈ ਗਲਾਸੀ ਜੰਕਸ਼ਨ ਨਹੀਂ ਸੀ। ਹਾਲੇ ਦੇਸੀਆਂ ਦਾ ਹੜ੍ਹ ਨਹੀਂ ਇੱਥੇ ਪਹੁੰਚਿਆ ਸੀ। ਹੌਲੀ-ਹੌਲੀ ਰੂਪ ਬਦਲ ਗਿਆ। ਨਿੱਕਾ ਇੰਡੀਆ। ਹਾਰ ਕੇ ਸਾਰੇ ਪਾਸੇ ਗੁਰਦੁਆਰੇ, ਮਸਜਿਦ ਅਤੇ ਮੰਦਰ ਉੱਗ ਗਏ। ਆਪਨਿਆਂ ਨੇ ਵੀ ਦੁਕਾਨਾਂ ਖ਼ਰੀਦ ਲਈਆਂ।

ਪਰਦੇਸੀ ਸਪਾਇਕ ਬ੍ਰਿੱਜ ਪਾਕ ਵਿਚ ਕੱਬਡੀ ਵੇਖਣ ਜਾਂਦੇ ਸੀ। ਤਿੰਨਾਂ ਸਿਨੇਮਿਆਂ ਵਿਚ ਫ਼ਿਲਮਾਂ। ਇਧਰ ਉਧਰ ਹਰ ਥਾਂ ਆਪਣੇ ਹੀ ਸਨ। ਇਰਾਦਾ ਤਾਂ ਦੇਸ਼ ਵਾਪਸ ਜਾਣ ਦਾ ਸੀ। ਪਰ ਪੱਕੇ ਹੋ ਗਏ। ਕਿਉਂ ਨਹੀਂ? ਸੜਕਾਂ ਪੱਕੀਆਂ ਸਨ। ਬਿਜਲੀਆਂ ਦੀਆਂ ਤਾਰਾਂ ਸਨ। ਸਾਫ਼ ਪਾਣੀ ਦੇ ਨਲਕੇ। ਸਿਸਟਮ ਸੀ। ਹੋਰ ਤਾਂ ਤੁਸੀਂ ਸਭ ਜਾਣਦੇ ਹੋ। ਕਈ ਲੇਖਕਾਂ ਨੇ ਇਹ ਹੱਡ-ਬੀਤੀ ਤੇ ਇਹ ਹਾਲ-ਚਾਲ ਕਈ ਵਾਰੀ ਲਿਖਿਆ ਹੈ। ਪਾਠਕ ਹੋਰ ਕਿਤਾਬਾਂ ਵਿਚ ਪੜ੍ਹ ਸਕਦਾ ਹੈ। ਪਰ ਆਪਾਂ ਤਾਂ ਹੁਣ ਪਿਛਲੇ ਵੇਰਵੇ ਭਰ ਦਿੱਤੇ। ਵੇਖਣਾ ਤਾਂ ਚਾਹੀਦਾ ਤਾਰਾ ਕੌਣ ਸੀ। ਤਾਰੇ ਦੇ ਖ਼ਿਆਲ ਕੀ ਸੀ। ਮਾੜੀ ਮਾੜੀ ਤਸਵੀਰ ਵਾਹ ਦਿੱਤੀ। ਹੁਣ ਇਹ ਪ੍ਰਧਾਨ ਪਾਤਰ ਨੂੰ ਹੋਰ ਸਮਝੀਏ।

ਅੱਛਾ ਹੁਣ ਸਾਰ ਲਈਏ।

ਤਾਰਾ ਜ਼ਿੱਦੀ ਹੈ। ਤਾਰਾ ਕਰੋਪੀ ਹੈ। ਤਾਰਾ ਮਜ਼ਾਜੀ ਭਾਰਤੀ ਹੈ। ਤਾਰਾ ਮਿਹਨਤੀ ਵੀ ਹੈ। ਤਾਰਾ ਪਾਗ਼ਲ ਵੀ ਹੈ (ਸਿੱਕਾ ਦਾ ਯਾਦ ਰੱਖੋ)। ਤਾਰੇ ਦੀ ਬਾਪ ਨਾਲ ਨਹੀਂ ਨਿਭਦੀ, ਪਰ ਬਾਪ ਨੂੰ ਬਹੁਤ ਪਿਆਰ ਕਰਦਾ। ਸੱਚਮੁੱਚ ਬਾਪ ਤੋਂ ਪਿਆਰ ਭਾਲਦਾ। ਇਹ ਸਭ ਚੀਜ਼ਾਂ ਇਕ ਮਿਸਾਲ ਵਿਚ ਵਿਖਾਉਂਦਾ।

ਜਦ ਅੰਗਰੇਜ਼ ਦੇਸ਼ ਆਇਆ ਇਹਨੂੰ ਪਤਾ ਲੱਗਿਆ ਕਿ ਰਾਣੀ ਦੇ ਮਹੱਲ ਵਿਚ ਤਿੰਨ ਹਿੱਸਿਆਂ ਕੁੱਟਕੇ ਮਹਾਰਾਜਾ ਰਣਜੀਤ ਸਿੰਘ ਦੇ ਕੋਹਿਨੂਰ ਨੂੰ ਤਾਜ ਵਿਚ ਰੱਖਿਆ ਸੀ। ਇਹ ਭਵਨ ਦੇ ਗੇਟਾਂ ਕੋਲ ਜਾ ਕੇ ਉੱਚੀ ਦੇਣੀ ਹਾਕਾਂ ਮਾਰਨ ਲੱਗ ਗਿਆ -ਸਾਡਾ ਹੀਰਾ ਵਾਪਸ ਦੀਓ-ਖਾਸੀਆਂ ਰੰਗੀਲੀਆਂ ਗੱਲਾਂ ਕੱਢੀਆਂ। ਸੁੱਚਮੁੱਚ ਤਾਰਾ ਤਾਂ ਰੱਬ ਤੋਂ ਵੀ ਨਹੀਂ ਡਰਦਾ ਸੀ। ਅਫ਼ਸਰ ਆ ਕੇ ਨਾਲ ਖੜ੍ਹ ਗਿਆ। ਤੁਹਾਨੂੰ ਲੱਗਦਾ ਤਾਰਾ ਡਰ ਗਿਆ? ਇਹ ਵੀ ਉਥੇ ਖਲੋਤਾ। ਅੱਖਾਂ-ਅੱਖਾਂ ਵਿਚ ਪਾਉਣ ਤੋਂ ਬਾਅਦ



ਗਿਆ।

ਉਸ ਵੇਲੇ ਸਾਊਥਾਲ ਵਿਚ ਗੁਆਂਢੀ ਸਭ ਗੋਰੇ ਹੀ ਸਨ। ਤਾਰਾ ਚਾਚੇ ਦੇ ਨਾਲ ਰਹਿੰਦਾ ਸੀ। ਨਾਲ ਦੀ ਘਰ ਵਾਲੀ ਨੇ ਗਿਲ੍ਹਾ ਕੀਤਾ – ਉਸ ਇੰਡੀਅਨਾਂ ਦੇ ਖਾਣੇ ਪੀਣੇ ਤੋਂ ਮੁਸ਼ਕ ਆਉਂਦਾ ਆਂ-। ਇਹ ਗੱਲ ਸੁਣ ਕੇ ਖਿੱਝ ਵਿਚ ਤਾਰਾ ਚਾਚੀ ਦਾ ਪਤੀਲਾ ਚੁੱਕ ਕੇ ਬਾਹਰ ਲੈ ਗਿਆ। ਆਪਣੇ ਹੱਡ ਹਾਸ ਦੇ ਖ਼ਿਲਾਫ਼ ਕੁਝ ਨਹੀਂ ਸਹਾਰਦਾ ਸੀ। ਇਹਨੇ ਫ਼ਰਿਆਦਣੀ ਦਾ ਬੂਹਾ ਖੜ੍ਹਕਾਇਆ। ਉਹਦੇ ਬੂਥੇ ਵਿਚ ਕਰ ਦਿੱਤਾ- ਆ! ਕਿੰਨੀ ਸੋਹਣੀ ਖ਼ੁਸ਼ਬੂ! ਫਿਰ ਜਾਣ ਕੇ ਚਾਰ-ਪੰਜ ਹੋਰ ਘਰਾਂ ਨਾਲ ਏਦਾ ਕੀਤਾ। ਤਾਰਾ ਹਟਿਆ ਨਹੀਂ ਜਦ ਤਕ ਗੋਰੀ ਨੇ ਮਾਫ਼ੀ ਨਾ ਮੰਗੀ। ਘਰ ਤੋਂ ਘਰ ਤਾਈਂ ਗਿਆ ਜਿਦਾਂ ਸੁਮੰਦਰੀ ਬਾਘ ਤਰਨੋਂ ਨਹੀਂ ਹਟਦਾ। ਕਿਉਂਕਿ ਖਲੋ ਕੇ ਮਰ ਜਾਊਗਾ। ਨਿੱਕੀਆਂ ਮੱਛੀਆਂ ਲਈ ਲਗਾਤਾਰ ਸ਼ਿਕਾਰ ਕਰਨਾ ਪੈਂਦਾ ਹੈ। ਇੱਦਾਂ ਹੀ ਇਨ੍ਹੇ ਗੁਆਂਢਣ ਨੂੰ ਭਾਲਿਆ। ਯਾਰ ਮੈਂ ਚੇਤਾ ਭੁਲਾ 'ਤਾ ਕਿ ਤੁਹਾਨੂੰ ਪਿਓ ਪੁੱਤ ਦਾ ਰਿਸ਼ਤੇ ਦੀ ਮਿਸਾਲ ਹੋਰ ਦੇਣੀ ਸੀ। ਤਾਰੇ ਦੇ ਵਿਚੋਂ ਸਭ ਤੋਂ ਅੱਛੀ ਮਿਸਾਲ ਕੱਢ ਸਕਦੇ ਹੈ।

ਆਪਾ ਵੇਖ ਲਿਆ ਕਿੱਦਾਂ ਦੇ ਮਾਹੌਲ ਵਿਚ ਜਨਮ ਲਿਆ। ਹੁਣ ਇਹਦੇ ਮਨ ਵਿਚ ਕੁੰਡੀ ਮਾਰੀਏ। ਸ਼ਾਂਤ ਸੁਪਨੇ ਦੂਰ ਰਹਿੰਦੇ ਸੀ। ਤਾਰੇ ਨੂੰ ਕਦੀ ਨਿੱਘੀ ਨੀਂਦ ਨਹੀਂ ਆਉਂਦੀ ਸੀ। ਇਕ ਰਾਤ ਖ਼ਾਬ ਵਿਚ ਤਾਰਾ ਕੋਈ ਉੱਚੇ ਥਾਂ ਤੋਂ ਡਿੱਗਦਾ ਸੀ। ਡਿੱਗਦੇ ਡਿੱਗਦੇ ਨੇ ਆਪਣਾ ਪਿਤਾ ਥੱਲੇ ਤੱਕਿਆ। ਪਰ ਪਿਓ ਨੇ ਕੋਸ਼ਿਸ਼ ਨਹੀਂ ਕੀਤੀ ਬਾਂਹਾਂ ਅੱਗੇ ਕਰਕੇ ਤਾਰੇ ਨੂੰ ਫੜਣ ਦੀ। ਹੋਰ ਰਾਤ ਤਾਰਾ ਰਾਜਾ ਸੀ। ਪਰ ਬਾਪ ਨੂੰ ਇਸ ਗੱਲ ਦੀ ਈਰਖਾ ਲੱਗਦੀ ਸੀ। ਬਾਪ ਨੇ ਸੁੱਤੇ ਸ਼ਾਹ ਦੇ ਕੰਨ ਵਿਚ ਬਿਖਿਆ ਡੋਲ੍ਹਤੀ ਸੀ। ਫਿਰ ਆਪ ਸਭਾ ਪਤੀ ਉੱਤੇ ਬਹਿ ਗਿਆ। ਇਕ ਵਾਰੀ ਨੀਂਦ ਵਿਚ ਬਾਪ ਨੇ ਬਾਂਹਾਂ ਉੱਤੇ ਹੱਥਕੜੀਆਂ ਬੰਨ੍ਹ ਦਿੱਤੀਆਂ ਸੀ। ਬਾਪੂ ਬੋਲਿਆ – ਸਾਡੇ ਵਿਚ ਬਣਦੀ ਨਹੀਂ। ਸਾਡੇ ਵਿਚ ਫਿਕ ਪੈ ਗਿਆ ਹੈ-।

ਤਾਰੇ ਨੇ ਉੱਤਰ ਦਿੱਤਾ - ਪਰ ਪਾਪਾ ਜੀ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ-। ਅੱਖਾਂ ਵਿਚੋਂ ਹੁੰਝੂ ਖਿਲਾਰੇ। ਬਾਪ ਨੇ ਜਵਾਬ ਦਿੱਤਾ- ਇਹ ਤਾਂ ਮਗਰਮੱਛ ਦੇ ਅੱਥਰੂ ਹਨ। ਤਾਰੇ ਦੇ ਦਿਲ ਨੂੰ ਛਲਨੀ ਪਈ। ਤਾਰਾ ਫਿਰ ਧਰਤੀ ਦੀ ਕੁੱਖ ਵਿਚ ਧੱਸ ਗਿਆ। ਉਪਰ ਪਿਤਾ ਦੀ ਆਵਾਜ਼ ਬੋਲੇ - ਤੂੰ ਕਿਤੇ ਨਹੀਂ ਪਹੁੰਚਣਾ। ਤੂੰ ਉਕਾਈ ਐ। ਤੁਸੀਂ ਸੋਚੋ ਇਹਨਾਂ ਸੁਫ਼ਨਿਆਂ ਦਾ ਕੀ ਮਤਲਬ ਹੈ।

ਸਭ ਤੋਂ ਭਾਰਾ ਸੁਫ਼ਨਾ ਨਿੱਤ ਨਿੱਤ ਆਈ ਗਿਆ। ਬਾਲਪਣ ਦਾ ਤਾਰਾ ਥਲ ਵਿਚ ਖੜ੍ਹਾ ਸੀ। ਪਿਛੇ ਹੱਥ ਜੋੜੇ ਸਨ। ਤਾਰੇ ਦੇ ਮੋਢਿਆਂ ਉੱਤੇ ਅੱਜ ਦਾ ਤਾਰਾ ਖਲੋਤਾ ਸੀ। ਬੱਚਾ ਬੰਦੇ ਨੂੰ ਸਹਾਰਾ ਦਿੰਦਾ ਸੀ। ਕਦ ਨੂੰ ਸਹਾਰਾ। ਯਾਦ ਰਖੋ ਇਹ ਖ਼ਾਬਾਂ ਦੀ ਘੇਰਨਾ ਹੈ। ਅੱਗੇ ਕੋਈ ਧੁੰਦਲਾ ਤਾਰੇ ਵੱਲ ਆਉਂਦਾ ਸੀ। ਮੁਖੜਾ ਸਾਫ਼ ਨਹੀਂ ਦਿਸਦਾ ਸੀ। ਆਹੋ ਇਕ ਵੇਰਵਾ ਚੇਤਾ ਭੁਲਾ ਤਾਂ! ਬਾਲ ਦੇ ਧੌਣ ਉੱਤੇ ਫਾਂਸੀ ਦਾ ਫੰਦਾ ਸੀ! ਕਾਸ਼! ਤਾਰੇ ਦਾ ਭਰਮ ਬਹੁਤ ਅਸਲੀਅਤ ਲੱਗਦਾ ਸੀ। ਤਾਂ ਹੀ ਤਾਂ ਸਹਾਰਾ ਦਿੰਦਾ ਸਾਂ। ਓ ਵੀ ਆਪਨੂੰ। ਥੱਕੇ-ਥੱਕੇ ਵਿਚਾਰੇ ਨੇ ਕੋਸ਼ਿਸ਼ ਕੀਤੀ ਡਿੱਗਣ ਤੋਂ। ਪਰ ਉਹਦੇ ਵੱਲ ਤੁਰਦਾ ਆਦਮੀ ਕੌਣ ਸੀ? ਆਵਾਜ਼ ਆਈ - ਮੈਂ ਕੁੱਖ ਹਾਂ ਤੇ ਕਬਰ ਵੀ। ਹੁਣ ਮੂੰਹ ਸਾਫ਼

ਦਿਸ ਗਿਆ। -ਪਾਪਾ ਜੀ!-। ਇਸੇ ਵਕਤ ਜਵਾਨ ਤਾਰਾ ਘਿਰ ਗਿਆ। ਰੱਸਾ ਭਾਰ ਨਾਲ ਸਿੱਧਾ ਹੋ ਗਿਆ। ਇਸ ਵੇਲੇ ਤਾਰਾ ਪਸੀਨੇ ਦੇ ਸੁਮੰਦਰ ਵਿਚ ਉਤਰ ਜਾਂਦਾ ਸੀ। ਕਿਵੇਂ ਇਹਦਾ ਦੇਵ ਇੱਦਾਂ ਕਰ ਸਕਦਾ ਹੈ? ਤਾਰੇ ਨੂੰ ਲੱਗੇ ਇਹ ਭਾਰਾ ਖ਼ਾਬ ਜਦ ਤਕ ਸੂਰਜ ਸੜ ਕੇ ਸਵਾਹ ਨਹੀਂ ਹੋ ਜਾਂਦਾ ਤਦ ਤਕ ਰੋਜ਼-ਰੋਜ਼ ਉਸਨੂੰ ਸਤਾਊਗਾ।

### *ਨੌਂ*

ਤਾਰੇ ਨੂੰ ਲੰਦਨ ਨਾਲ ਪਿਆਰ ਹੋ ਗਿਆ ਜਿੱਦਾਂ ਕੋਈ ਰੂਪਵਾਨ ਲੜਕੀ ਨਾਲ ਹੁੰਦਾ। ਗੋਰਿਆਂ ਦਾ ਰਾਜ ਕਰਕੇ ਸਭ ਦੇਸੀਆਂ ਨੂੰ ਲੱਗੇ ਇੰਗਲੈਂਡ ਕੋਈ ਜੰਨਤ ਸੀ। ਆਪ ਨੂੰ ਅੱਗੇ ਕਰਨ ਲਈ ਬਹੁਤ ਇੱਥੇ ਆ ਗਏ। ਇਹ ਗੱਲ ਸੱਚ ਵੀ ਸੀ ਤੇ ਝੂਠ ਵੀ ਸੀ। ਦਰਅਸਲ ਗੋਰੇ ਜਾਣ ਬੁਝ ਕੇ ਇਹ ਮਿਥਿਆ ਗੱਲ ਨੂੰ ਪ੍ਰੋਮੋਟ ਕਰਦੇ ਸੀ। ਪਰ ਇਹ ਕਹਾਣੀ ਤਾਂ ਹੋਰਾਂ ਨੇ ਤੁਹਾਨੂੰ ਕਈ ਵਾਰ ਦੱਸੀ ਹੈ। ਲੰਦਨ ਜ਼ਰੂਰ ਕਮਾਲ ਸੀ।

ਵਲੇਵੇਂ ਸੱਪ ਜਿੱਦਾਂ ਵਿੰਡਸਰ ਤੋਂ ਕੈਂਟ ਤਕ ਦਰਿਆ ਚਲਦਾ ਸੀ। ਤਿੰਨ ਚਾਰ ਵੱਟ ਲੰਦਨ ਵਿਚ ਮਾਰ ਕੇ। ਕਾਸ ਲੰਦਨ ਵਿਚ ਮਸ਼ਹੂਰ ਨਿਸ਼ਾਨੇ ਸਨ। ਤਾਰੇ ਨੂੰ *ਪੋਸਟ ਆਫਿਸ ਟਾਵਰ* ਪਸੰਦ ਸੀ। ਕਿਉਂਕਿ ਇਸ ਗੜ੍ਹ ਦਾ ਸਿਰ ਨਸੀਬ ਵਾਲੀ ਫ਼ਿਲਮ ਦੇ ਚੱਕਰ ਲੈਣ ਵਾਲੀ ਰੈਸਟਰੈਂਟ ਵਾਂਗੂੰ ਘੁੰਮਦੀ ਸੀ। ਤਾਰਾ ਸੰਸਦ ਦੇ ਦੋਵਾਂ ਸੱਭੀਆਂ ਦੀਆਂ ਤਾਰੀਫ਼ਾਂ ਕਰਦਾ ਸੀ। ਉਹ ਉਸਾਰੀਆਂ ਦਗਰੀਆਂ ਉਪਰ ਉੱਜਲਤਾ ਨਾਲ ਖਲੋਤੇ ਸਨ। ਤਾਰੇ ਨੂੰ ਸਭ ਤੋਂ ਸੁੰਦਰ ਥਾਂ ਟਰਫ਼ਾਲਗਰ ਚੌਕ ਲੱਗੇ। ਇੱਥੇ ਤਾਰਾ ਜਦ ਵਿਹਲ ਮਿਲਦਾ ਸੀ। ਘੁੱਗੀ ਕਬੂਤਰਾਂ ਨੂੰ ਦਾਣੇ ਖਲਾਉਂਦਾ ਸੀ। ਨੇਲਸਨ ਦਾ ਸਤੂਨ ਉਪਰੋਂ ਉਸਦਾ ਬੁੱਤ ਚਾਰ-ਚੁਫ਼ੇਰੇ ਝਾਕੇ। ਤਾਰੇ ਨੂੰ ਲੱਗੇ ਜਿਵੇਂ ਸਾਰੇ ਘਰ ਲੰਦਨ ਵਿਚ ਉਸ ਆਦਮੀ ਦੇ ਬੁੱਤ ਵੱਲ ਝੁਕਦੇ ਸੀ। ਇਨ੍ਹੇ ਸੋਚਿਆ ਕੇ ਇਕ ਦਿਨ ਆਵੇਗਾ ਜਦ ਮੇਰੇ ਵੱਲ ਲੋਕ ਝੁਕਣਗੇ?

ਪਰ ਹਮੇਸ਼ਾਂ ਪਿੱਛੇ ਉਹ ਭਾਰਾ ਸੁਫ਼ਨਾ ਸੀ। ਲਹਿਰ ਵਾਂਗੂੰ ਵਾਪਸ ਤਾਰੇ ਦੇ ਮਨ ਦੇ ਕਿਨਾਰੇ ਉੱਤੇ ਆ ਬੈਠਦਾ ਸੀ। ਇਸ ਲਈ ਆਪ ਨੂੰ ਕੰਮ ਕਰਨ ਵਿਚ ਗੁਆਉਂਦਾ ਸੀ। ਕੰਮ ਦੇ ਭੁਲ ਭੁੱਲੇਖੇ ਵਿਚ ਖ਼ੁਸ਼ ਸੀ। ਕੰਮ ਨੂੰ ਬਾਹਰ ਵਾਲੀ ਵਾਂਗੂੰ ਪਿਆਰ ਕਰਦਾ ਸੀ। ਸੰਨ ਉੱਨੀ ਸੌ ਅਠਾਹਠ ਤਕ ਇਹ ਚੱਕਰ ਰਿਹਾ। ਇਹ ਸਾਲ ਇਕ ਵਾਰੀ ਫਿਰ ਪੱਛਮੀ ਜੱਗ ਨੂੰ ਸਲ ਮਿਲਿਆ। ਮਾਰਟਨ ਲੂਥਰ ਕਿੰਗ ਨੂੰ ਇਕ ਗੋਰੇ ਨੇ ਗੋਲੀ ਨਾਲ ਉਡਾ 'ਦਿੱਤਾ। ਤਾਰੇ ਲਈ ਨਵੀਂ ਕੰਡ ਸ਼ੁਰੂ ਹੋ ਗਈ ਸੀ।

### *ਦਸ*

ਸਭ ਤੋਂ ਪਹਿਲੀ ਫ਼ਿਲਮ ਤਾਰੇ ਨੇ ਮੀਨਾ ਕੁਮਾਰੀ ਦੀ *'ਸਾਹਿਬ, ਬੀਬੀ ਔਰ ਗੁਲਾਮ'* ਵੇਖੀ ਸੀ। ਚੋਰੀ ਚੋਰੀ ਪਿਉ ਤੋਂ ਪਰੇ ਚੰਡੀਗੜ੍ਹ ਜਾ ਕੇ ਸਿਨਮੇ ਵਿਚ ਦੇਖ ਲਈ ਸੀ। ਉਸ ਵੇਲੇ ਤਾਰਾ ਇਨ੍ਹਾਂ ਲੋਲਾ ਸੀ ਕਿ ਇਹਨੂੰ ਸੱਚਮੁਚ ਲੱਗਿਆ ਐਕਟਰ ਗਾਉਂਦੇ ਸੀ। ਬਾਅਦ 'ਚ ਪਤਾ ਲੱਗਿਆ ਕੇ ਪਲੇਅਬੈਕ ਸਿੰਗਰ ਸਨ। ਸੰਨ ਉੱਨੀ ਸੌ ਸੱਤਰ ਵਿਚ



ਇੱਦਾਂ ਹੀ ਫ਼ਿਲਮ ਦੇਖਣ ਗਿਆ ਸੀ। ਮੂਵੀ ਦਾ ਨਾਂ *'ਮੇਰੇ ਹਮਸਫ਼ਰ'* ਸੀ। ਲੋਕਾਂ ਦੇ ਸਿਰ ਰਾਹ ਵਿਚ ਸੀ। ਤਾਰੇ ਨੂੰ ਇਹ ਝਾਉਲੀਆਂ ਉੱਤੇ ਨਫ਼ਰਤ ਸੀ। ਇਕ ਕੁੜੀ ਖੜ੍ਹੀ। ਤਾਰੇ ਨੇ ਗਾਲ੍ਹ ਕੱਢ 'ਤੀ ਸੀ। ਉਹ ਘੁੰਮੀ। ਕਵਿਤਾ ਸੀ। ਇਹ ਉਨ੍ਹਾਂ ਦੀ ਦੂਜੀ ਮੁਲ਼ਾਕਾਤ ਸੀ। ਸ਼ਰਮਿੰਦਾ ਹੋ ਗਿਆ।

ਜਦ ਫ਼ਿਲਮ ਮੁਕ ਗਈ। ਤਾਰੇ ਨੇ ਬਾਹਰ ਕਵਿਤਾ ਅਤੇ ਉਹਦੀ ਭੈਣ ਨੂੰ ਗੱਡੀ ਵਿਚ ਬੈਠਦੇ ਤੱਕਿਆ। ਡਰਾਈਵਰ ਪ੍ਰੋਫ਼ੈਸਰ ਸੀ! ਤਾਰੇ ਨੇ ਹਾਕ ਮਾਰੀ ਪਰ ਕਾਰ ਤੁਰ ਪਈ ਸੀ। ਇਸ ਤੋਂ ਬਾਅਦ ਤਾਰੇ ਨੇ ਖੋਜ ਕੀਤੀ। ਉਸ ਵੇਲੇ ਸਾਰੇ ਪਿੰਡ ਆਪਸ ਵਿਚ ਨੂੰ ਮਿਲ ਜਾਂਦੇ ਸੀ। ਤਾਰੇ ਨੂੰ ਦਸ ਪਈ ਕੇ ਪ੍ਰੋਫ਼ੈਸਰ ਹੁਣ ਗੱਤੇ ਦੀ ਫੈਕਟਰੀ ਵਿਚ ਕੰਮ ਕਰਦਾ ਸੀ। ਪ੍ਰੋਫ਼ੈਸਰ ਨੇ ਆਪਣਾ ਸਾਰਾ ਟੱਬਰ ਮੰਗਵਾ ਲਿਆ ਸੀ। ਸੋ ਕਵਿਤਾ ਉਹਦੀ ਧੀ ਸੀ? ਸਮਾਂ ਪਾ ਕੇ ਪ੍ਰੋਫ਼ੈਸਰ ਤਾਂ ਨਜ਼ਦੀਕ ਦਾ ਨਿੱਕਲ ਗਿਆ। ਚਾਚੀ ਦੇ ਪੇਕਿਆਂ ਵਿਚੋਂ ਸੀ।

ਪ੍ਰੋਫ਼ੈਸਰ ਖ਼ੁਸ਼ੀ ਨਾਲ ਤਾਰੇ ਨੂੰ ਮਿਲਿਆ। ਪ੍ਰੋਫ਼ੈਸਰ ਹੁਣ ਸਾਊਥਾਲ ਰਹਿੰਦਾ ਸੀ। ਉਨ੍ਹੇ ਵਹੁਟੀ ਮੁੰਡਾ ਅਤੇ ਧੀਆਂ ਮੰਗਾਈਆਂ ਸਨ। ਹੁਣ ਪੁਰਾਣੇ ਸਾਊਥਾਲ ਵਿਚ ਟਿਕਿਆ ਸੀ। ਪ੍ਰੋਫ਼ੈਸਰ ਨੂੰ ਆਪਣੇ ਨਵੇਂ ਆੜੀਆਂ ਨੂੰ ਮਿਲਾਇਆ। ਕੰਡਕਟਰ ਨੇ ਪ੍ਰੋਫ਼ੈਸਰ ਨੂੰ ਫਿਟਕਾਰ ਨਾਲ ਤੱਕਿਆ। ਪ੍ਰੋਫ਼ੈਸਰ ਨੂੰ ਵੀ ਕੰਡਕਟਰ ਨਹੀਂ ਪਸੰਦ ਸੀ। ਤਾਰੇ ਨੇ ਇਹ ਗੱਲ ਸਮਝ ਲਈ। ਦੋਨਾਂ ਨੂੰ ਵਖਰੇ ਵਖਰੇ ਦਿਨ ਮਿਲਦਾ ਸੀ।

ਚਾਚੀ ਦੀ ਅੱਖ ਕਵਿਤਾ ਉਪਰ ਗਈ। ਉਹ ਤਾਰੇ ਦੇ ਚਚੇਰੇ ਭਰਾ ਲਈ ਰਿਸ਼ਤਾ ਮੰਗਣਾ ਚਾਹੁੰਦੀ ਸੀ। ਪਰ ਰਿਸ਼ਤੇਦਾਰੀ ਬਹੁਤੀ ਲਾਗਿਓਂ ਸੀ। ਚਾਚੇ ਨੇ ਪ੍ਰੋਫ਼ੈਸਰ ਨੂੰ ਤਾਰੇ ਲਈ ਆਖ ਲਿਆ। ਤਾਰਾ ਤਾਂ ਛੜਾ ਰਹਿ ਕੇ ਖ਼ੁਸ਼ ਸੀ। ਪਰ ਪ੍ਰੋਫ਼ੈਸਰ ਨੂੰ ਜ਼ਬਰਦਸਤ ਕਮਾਊ ਦਿਸਦਾ ਸੀ। ਤਾਰਾ ਤਾਂ ਉਹਦੀ ਧੀ ਦੀ ਚੰਗੀ ਸ਼ਰਨ ਕਰੂਗਾ। ਪ੍ਰੋਫ਼ੈਸਰ ਨੂੰ ਰਿਸ਼ਤਾ ਮਨਜ਼ੂਰ ਸੀ। ਚਾਚੇ ਨੇ ਆਪਣੇ ਭਰਾ ਨੂੰ ਖ਼ਤ ਲਿਖ ਦਿੱਤਾ। ਵਾਪਸ ਚਿੱਠੀ ਵਿਚ ਜਵਾਬ - ਹਾਂ- ਆਇਆ। ਪਹਿਲਾ ਤਾਰਾ ਖਿੱਝਿਆ। ਪਰ ਸੋਚ ਸੋਚ ਕੇ ਖ਼ੁਸ਼ ਹੋ ਗਿਆ। ਕਵਿਤਾ ਨੂੰ ਤਾਂ ਕਿਸੇ ਨੇ ਨਹੀਂ ਪੁੱਛਿਆ। ਔਰਤ ਸੀ ਨਾ। ਹੈਵੱਲੋਕ ਰੋਡ ਵਾਲੇ ਗੁਰਦੁਆਰੇ ਵਿਚ ਵਿਆਹ ਹੋ ਗਿਆ ਸੀ। ਹੈਵੱਲੋਕ ਇਕ ਗੋਰੇ ਸਰਦਾਰ ਦਾ ਨਾਂ ਸੀ। ਜਿਸ ਨੇ ਪੰਜਾਬ ਨਾਲ ਜੰਗ ਕੀਤੀ ਸ਼ੇਰੇ ਪੰਜਾਬ ਵੇਲੇ। ਉਸ ਸੜਕ ਉੱਤੇ ਸਭ ਤੋਂ ਮਸ਼ਹੂਰ ਗੁਰਦਆਰਾ ਖੜ੍ਹਾ ਸੀ।

ਚਾਚੀ ਜੀ ਨੇ ਥੋੜ੍ਹਾ ਜਾ ਰੌਲਾ ਪਾਇਆ। ਪਰ ਤਾਰੇ ਨੇ ਲਾਜਵਾਬ ਕਰ 'ਤੀ ਸੀ। ਸ਼ਾਇਦ ਜੇ ਚਾਚੀ ਜਿੱਤ ਜਾਂਦੀ ਸੀ ਖਵਰੇ ਬਿਹਤਰ ਹੁੰਦਾ। ਸ਼ਾਇਦ ਇਹ ਪ੍ਰੋਫ਼ੈਸਰ ਦੀ 'ਕੱਲੀ ਗ਼ਲਤੀ ਸੀ।

ਤਾਰਾ ਪਾਲਕੀ ਦੇ ਸਾਹਮਣੇ ਮੱਥਾ ਟੇਕ ਕੇ ਬਹਿ ਗਿਆ। ਇਹਨੂੰ ਦੁਲਹਨ ਦਾ ਛਾਇਆ ਆਪਣੇ ਭਰਾ ਨਾਲ ਤੁਰਦਾ ਦਿਸ ਗਿਆ ਢਾਲ ਵਿਚ। ਪਾਲਕੀ ਦੇ ਅੱਗੇ ਖੰਡਾ ਢਾਲ ਸਨ। ਇਹ ਸ਼ੀਸ਼ੇ ਵਰਗਾ ਸੀ। ਤਾਰੇ ਨੂੰ ਕੀ ਦਿਸਿਆ?

ਕਵਿਤਾ ਲੰਮੀ ਸੀ ਪਰ ਤਾਰੇ ਤੋਂ ਨਹੀਂ। ਗੁਲਾਬੀ ਲਹਿੰਗਾ ਪਾਇਆ ਸੀ। ਨੱਥ ਚਮਕੇ। ਜਦ ਮੱਥਾ ਟੇਕ ਕੇ ਬੈਠੀ ਬੜੇ ਧਿਆਨ ਨਾਲ ਉਸਦੇ ਨਕਸ਼ ਤੱਕੇ। ਢਾਲ ਨੇ ਸਭ

ਕੁਝ ਦੱਸ ਦਿੱਤਾ। ਚਿਹਰਾ ਲੰਮਾ ਸੀ। ਮੱਥਾ ਚੌੜਾ। ਨੱਕ ਫੀਨਾ ਪਤਲਾ। ਅੱਖਾਂ ਮੋਟੀਆਂ। ਬੁੱਲ੍ਹ ਕਮਲ ਵਰਗੇ। ਸੁਰਖੀ ਲਾਲ ਲਾਲ ਸੀ। ਰੰਗ ਥੋੜ੍ਹਾ ਜਿਹਾ ਪੱਕਾ। ਉਸ ਪਲ ਵਿਚ ਹੀ ਤਾਰੇ ਦਾ ਦਿਲ ਲੈ ਗਈ।

ਤਾਰੇ ਦੀਆਂ ਤੇਜ਼ ਅੱਖਾਂ ਉਹਦੇ ਠੋਡੀ ਵੱਲ ਗਈਆਂ। ਉਹਦੇ ਤਿੱਖੇ ਗੱਲ੍ਹਾਂ ਵੱਲ। ਰਾਜ਼ ਨਾਲ ਸਭ ਪੈਮਾਇਸ਼ ਕਰ ਲਿਆ। ਤਾਰੇ ਦੇ ਹੋਠਾਂ ਉੱਤੇ ਮੁਸਕਾਨ ਇੱਲਤ ਕਰੇ। ਕਿਸਮਤ ਵਾਲਾ ਸੀ।

----------------

**ਦੂਸਰਾ ਭਾਗ**

## ਕਵਿਤਾ

### *ਇਕ*

ਕਵਿਤਾ ਕਮਰੇ ਵਿਚ ਸਹੇਲੀਆਂ ਨਾਲ ਬੈਠੀ ਸੀ। ਸਪੀਕਰ ਵਿਚੋਂ ਗ੍ਰੰਥੀ ਦੀ ਮਿੱਠੀ ਸੁਰ ਆਉਂਦੀ ਸੀ। ਸਹੇਲੀਆਂ ਜੋਸ਼ ਵਿਚ ਸਨ। ਕਵਿਤਾ ਦੀ ਭੈਣ ਕਾਫੀਆ ਬਹੁਤ ਖ਼ੁਸ਼ ਸੀ। ਕਹਿ ਸਕਦੇ ਆਂ ਕਿ ਬੰਨੀ ਤੋਂ ਵੀ ਵੱਧ। ਪਰ ਦੁਲਹਨ ਤਾਂ ਘਬਰਾਹਟ ਵਿਚ ਸੀ। ਮੁੰਡਾ ਦਾ ਕੇਵਲ ਨਾਂ ਹੀ ਜਾਣਦੀ ਸੀ। ਰਿਸ਼ਤਾ ਤਾਂ ਪਿਤਾ ਜੀ ਦੀ ਮਰਜ਼ੀ ਨਾਲ ਹੋਇਆ ਸੀ। ਕਵਿਤਾ ਦੀ ਇੱਛਾ ਗੂੰਗੀ ਰਹਿ ਗਈ।

ਦਰਵਾਜ਼ੇ ਉੱਤੇ ਖੜਕ ਆਈ। ਕਿਸੇ ਨੇ ਕਿਹਾ- ਆਹੂ-। ਅੰਦਰ ਮੁੰਡਾ ਆ ਗਿਆ। ਦੁਲਹਨ ਦਾ ਇਕੋ ਹੀ ਭਰਾ ਦਿਲਵੀਰ ਸੀ। ਉਹਨੂੰ ਲਾਡ ਨਾਲ ਸਭ 'ਡੇਲ' ਆਖਦੇ ਸੀ। ਵਕਤ ਆ ਗਿਆ। ਦੁਲਹਨ ਉੱਠ ਗਈ। ਡੇਲ ਭੈਣ ਨੂੰ ਸੰਭਾਲ ਕੇ ਬਾਹਰ ਲੈ ਗਿਆ। ਡੇਲ ਕੇਵਲ ਪੰਦਰ੍ਹਾਂ ਸਾਲਾਂ ਦਾ ਸੀ। ਮਗਰ-ਮਗਰ ਕਾਫੀਆ ਅਤੇ ਸਹੇਲੀਆਂ ਆਈਆਂ। ਲੱਗੇ ਜਿਵੇਂ ਰੰਗ ਬਰੰਗੀ ਰੇਲ ਗੱਡੀ ਪਿੱਛੇ ਆ ਗਈ ਸੀ। ਉਂਅ ਕਵਿਤਾ ਨੇ ਨੀਵੀਂ ਨਜ਼ਰ ਰਖੀ ਸੀ ਪਰ ਉਹਨੂੰ ਅੱਗੇ ਦਿਸਦਾ ਸੀ। ਖੱਬੇ ਪਾਸੇ ਔਰਤਾਂ ਬੈਠੀਆਂ ਸਨ। ਸੱਜੇ ਪਾਸੇ ਮਰਦ। ਖੱਬੇ ਲਾਲ, ਜਾਮਨੀ, ਨੀਲਾ, ਸੰਗਤਰਾ, ਪੀਲਾ, ਸੁਮੰਦਰ। ਸੱਤੇ ਰੰਗ ਸੂਝਵਾਨ ਸਨ। ਪਰ ਕੇਵਲ ਕੁਝ ਪੱਗਾਂ ਉੱਤੇ। ਕਹਿ ਸਕਦੇ ਓ ਸੁਮੰਦਰ ਦੇ ਉਪਰ ਦੀਪਾਂ ਛੱਲ ਮਾਰਦੀਆਂ ਸਨ। ਅੱਜ ਕੱਲ੍ਹ ਦੀ ਜੰਨਾਂ ਤੋਂ ਘਟ ਲੋਕ ਸੀ। ਉਸ ਸਮੇਂ ਸੱਜ ਧੱਜ ਘਟ ਸੀ। ਡੇਲ ਭੈਣ ਨੂੰ ਅੱਗੇ ਲੈ ਗਿਆ।

ਕਵਿਤਾ ਅੱਖਾਂ ਝੁਕਾ ਕੇ ਤੁਰੀ। ਕਵਿਤਾ ਕਾਮਣ ਵਿਚ ਸੀ। ਹਰੇਕ ਪਲ ਗ੍ਰੰਥੀ ਨੇ ਚੁੜ ਝੱਲਾਈਆ ਦੁਲਹਨ ਆਪਣੇ ਤਕਦੀਰ ਦੇ ਨੇੜੇ ਹੁੰਦੀ ਸੀ। ਇਹਨੂੰ ਲੱਗੇ ਜਿਵੇਂ ਹਵਾ ਉੱਤੇ ਤਰਦੀ ਸੀ। ਹਰੇਕ ਪਲ ਪਾਲਕੀ ਵੱਡੀ ਹੋਈ ਜਾਵੇ, ਕਿਉਂਕਿ ਹਰੇਕ ਕਦਮ ਦੁਲਹੇ ਦੇ ਕੋਲ੍ਹ ਦੁਲਹਨ ਗਈ। ਕਵਿਤਾ ਨੂੰ ਦੁਲਹੇ ਦਾ ਪਿੱਠ ਹੀ ਦਿਸਦੀ ਸੀ।

ਗ੍ਰੰਥੀ ਬੋਲੇ - *ਨਾਨਕ ਕਾਗਦ ਲੱਖ ਮਣਾ ਪੜਿ ਪੜਿ ਕੀਚੈ ਭਾਉ।*

*ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ-*।



ਮੱਥਾ ਟੇਕ ਕੇ ਤਾਰੇ ਦੇ ਖੱਬੇ ਪਾਸੇ ਬਹਿ ਗਈ। ਮਟਕ, ਮਟਕ ਢਾਲ ਦੇ ਸ਼ੀਸ਼ੇ ਵਿਚ ਤਾਰੇ ਦਾ ਮੁੱਖ ਪਰਖਿਆ। ਉਹ ਮੁੰਡੇ ਦੇ ਪੱਗ ਬੰਨ੍ਹੀ ਸੀ ਪਰ ਦਾੜ੍ਹੀ ਨਹੀਂ ਰੱਖੀ ਸੀ। ਰੰਗ ਸਾਫ਼ ਸੁਥਰਾ ਸੀ। ਬੁੱਲ੍ਹ ਪਤਲੇ। ਨੱਕ ਲੰਬਾ ਤਿੱਖਾ। ਅੱਖਾਂ ਮੋਟੀਆਂ ਅਤੇ ਤੇਜ। ਜਬਾੜ੍ਹਾ ਭਾਰਾ ਸੀ। ਮੁੰਡੇ ਦਾ ਪਰਛਾਵਾਂ ਢਾਲ ਵਿਚ ਸੁੰਦਰ ਲੱਗਦਾ ਸੀ। ਕਵਿਤਾ ਨੇ ਸੋਚਿਆ - ਇਹ ਮੁੰਡਾ ਤਾਂ ਸੁਣੱਖਾ ਐ। ਮੈਂਥੋਂ ਤਾਂ ਹੁਸੀਨ ਐ-। ਪ੍ਰੋਫ਼ੈਸਰ ਨੇ ਪੱਲਾ ਮੁੰਡੇ ਦੇ ਮੋਢਿਆਂ ਤੋਂ ਆਪਣੀ ਕੁੜੀ ਦੇ ਹੱਥਾਂ ਵਿਚ ਰੱਖਤਾ।

ਗ੍ਰੰਥੀ ਬੋਲੇ - *ਰਾਗੁ ਸੂਹੀ ਮਹਲਾ ੪ ਛੰਤ ਘਰੁ ੧ ।‹ ਸਤਿਗੁਰ ਪ੍ਰਸਾਦਿ-*

ਪਤਾ ਨਹੀਂ ਕਿਉਂ ਪਰ ਕਵਿਤਾ ਦੇ ਲੂੰ ਕੰਡੇ ਖੜੇ ਹੋ ਗਏ।

ਗ੍ਰੰਥੀ ਬੋਲੇ - *ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ-*

ਮੁੰਡਾ ਉੱਠ ਗਿਆ। ਉਹਦੇ ਮਗਰ ਕਵਿਤਾ ਬੇਹੋਸ਼ੀ ਵਿਚ ਤੁਰੇ। ਮੁੰਡੇ ਨੇ ਜਾਣ ਬੁੱਝ ਕੇ ਪੱਲਾ ਇਲਤ ਵਿਚ ਖਿੱਚਿਆ। ਪਰ ਕਵਿਤਾ ਨੇ ਛੱਡਿਆ ਨਹੀਂ।

ਲਾਵਾਂ ਕਰਕੇ ਬੈਠ ਗਏ। ਡੇਲ ਸਭ ਤੋਂ ਆਖ਼ਰਾ ਸੀ।

ਗ੍ਰੰਥੀ ਬੋਲੇ - *ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ-*। ਇੰਨੇ ਚਿਰ ਵਿਚ ਲਾਵਾਂ ਲੰਘ ਗਈਆਂ।

ਵਿਆਹ ਤੋਂ ਪਹਿਲਾਂ ਤਾਰਾ ਕੰਮ ਦੀ ਸ਼ਿਫ਼ਟ ਤੋਂ ਆਇਆ ਸੀ। ਜਦ ਫੋਟੋਆਂ ਖਿੱਚ ਲਈਆਂ ਬਸ ਚੜਕੇ ਕੰਮ 'ਤੇ ਚਲਾ ਗਿਆ।

ਇੱਦਾਂ ਕਵਿਤਾ ਦਾ ਵਿਆਹ ਹੋਇਆ ਸੀ। ਕਵਿਤਾ ਤਾਂ ਬਸ ਲੈਲਾ ਬਣ ਕੇ ਖੜੀ ਰਹਿ ਗਈ।

### *ਦੋ*

ਕਵਿਤਾ ਦਾ ਜਨਮ ਸੰਨ ਉੱਨੀ ਸੌ ਇਕਤਾਲੀ ਵਿਚ ਸੀ। ਤੂਫ਼ਾਨੀ ਸ਼ਾਮ ਸੀ ਅਤੇ ਕਹਿਰਾਂ ਦਾ ਝੱਖੜ ਝੱਲ ਰਿਹਾ ਸੀ। ਸ਼ਾਇਦ ਇਹ ਇਹਦੇ ਸਾਰੇ ਜੀਵਨ ਦਾ ਭਵਿੱਖਤ ਸੀ। ਹੋ ਸਕਦਾ ਉਸ ਰਾਤ ਦੇ ਗਰਭਵਤੀ ਬੱਦਲ ਇਹ ਹੀ ਗੱਲ ਆਪਣੇ ਕੁੱਖ ਵਿਚੋਂ ਕੱਢਣੇ ਚਾਹੁੰਦੇ ਸਨ।

ਉਸ ਵੇਲੇ ਪਿਤਾ ਪ੍ਰੋਫ਼ੈਸਰ ਨਹੀਂ ਸੀ। ਪਿਤਾ ਦਾ ਨਾਂ ਸੁਖਵੰਤ ਸੀ ਅਤੇ ਮਾਂ ਦਾ ਨਾਂ ਬਲਜੀਤ। ਪਿਤਾ ਗ਼ਦਰ ਪਾਰਟੀ ਦਾ ਮੈਂਬਰ ਸੀ। ਸਿਆਸੀ ਗੱਲਾਂ-ਬਾਤਾਂ ਵਿਚ ਸ਼ਾਮਲ ਹੁੰਦਾ ਸੀ। ਮਾਂ ਅਨਪੜ੍ਹ ਸੀ। ਕੱਲ੍ਹ ਦਾ ਪ੍ਰੋਫ਼ੈਸਰ ਅਮਰੀਕਾ ਵਿਚ ਰਹਿ ਕੇ ਪੰਜਾਬ ਵਾਪਸ ਆਇਆ ਸੀ। ਪੰਜਾਬੀਆਂ ਨੂੰ ਅੱਗੇ ਕਰਨਾ ਚਾਹੁੰਦਾ ਸੀ। ਆਪਣਿਆਂ ਨੂੰ ਵੀ। ਕਾਲਜ ਵਿਚ ਨੌਕਰੀ ਮਿਲ ਗਈ ਸੀ। ਸਾਹਿਤ ਪੜ੍ਹਾਉਂਦਾ ਸੀ। ਇਸ ਲਈ ਕਵਿਤਾ ਦੇ ਚਾਰ ਚੁਫ਼ੇਰੇ ਕਿਤਾਬਾਂ ਦਾ ਜੰਗਲ ਸੀ। ਸੁਖਵੰਤ ਭੱਦਰ ਪੁਰਸ਼ ਸੀ। ਇਸ ਮਾਹੌਲ ਵਿਚ ਕਵਿਤਾ ਪਾਲੀ ਸੀ। ਇਸ ਲਈ ਉਸਨੂੰ ਕਲਾਕਾਰ ਨਾਲ ਮੋਹ ਹੋ ਗਿਆ ਸੀ। ਪ੍ਰੋਫ਼ੈਸਰ ਨੂੰ ਗ਼ਜ਼ਲ ਤੇ ਨਜ਼ਮ ਪੜ੍ਹਣ ਦਾ ਸ਼ੌਂਕ ਸੀ। ਇਸ ਲਈ ਵੱਡੀ ਬੇਟੀ ਨੂੰ ਕਵਿਤਾ ਸੱਦ ਲਿਆ।

ਦੂਸਰੀ ਨੂੰ ਕਾਫੀਆ। ਜੇ ਡੇਲ ਦੇ ਥਾਂ ਹੋਰ ਲੜਕੀ ਹੁੰਦੀ ਉਸਨੂੰ ਨਗ਼ਮਾ ਸੱਦ ਦੇਣਾ ਸੀ।

ਪਹਿਲੇ ਦਿਨਾਂ ਵਿਚ ਕਵਿਤਾ ਦਾ ਟੱਬਰ ਪਿੰਡ ਵਿਚ ਰਹਿੰਦਾ ਸੀ। ਫਿਰ ਵੱਡੇ ਨਗਰ ਵਿਚ ਟਿਕ ਗਏ। ਇੱਥੇ ਪੰਜਾਬੀ ਭਵਨ ਵਿਚ ਪਿਤਾ ਨੂੰ ਰੁਜ਼ਗਾਰ ਮਿਲ ਗਿਆ ਸੀ। ਸੰਨ ਉੱਨੀ ਸੌ ਸੰਨਤਾਲੀ ਵਿਚ ਕਾਫੀਆ ਦੇ ਆਉਣ ਨਾਲ ਘਰ ਵਿਚ ਖ਼ੁਸ਼ੀਆਂ ਦੀ ਬਹਾਰ ਆਈ। ਪਰ ਇਸ ਵੇਲੇ ਮੁਲਕ ਵਿਚ ਪਾਗ਼ਲਪਨ ਸ਼ੁਰੂ ਹੋ ਗਿਆ ਸੀ।

ਅੰਗਰੇਜ਼ਾਂ ਨੂੰ ਦੇਸ ਛੱਡਣਾ ਹੀ ਪੈਣਾ ਸੀ। ਮੁਸਲਿਮ ਲੀਗ ਅਤੇ ਕਾਂਗਰਸ ਵਿਚ ਰੌਲਾ ਪੈਂਦਾ ਰਹਿੰਦਾ ਸੀ। ਜਦ ਕਾਫੀਆ ਅੱਠ ਮਹੀਨਿਆਂ ਦੀ ਸੀ। ਪੰਜਾਬ ਵਿਚ ਅੰਧਕਾਰ ਛਾ ਗਿਆ। ਕਵਿਤਾ ਨੰ ਹਾਲੇ ਤਕ ਯਾਦ ਹੈ ਘਰ ਦੀ ਛੱਤ ਉਪਰ ਨਾਨੀ ਜੀ ਅਤੇ ਬੀਬੀ ਜੀ ਨਾਲ ਖੜ ਕੇ ਥੱਲੇ ਹਮਲੇ ਕਰਨ ਵਾਲੇ ਆਦਮੀਆਂ ਉੱਤੇ ਵੱਟੇ ਰੋੜੇ ਸੁੱਟਦੇ ਸੀ। ਕਾਫੀਆ ਬੀਬੀ ਜੀ ਦੇ ਗੋਦ ਨਾਲ ਚੰਬੜ ਕੇ ਰੋਂਦੀ ਸੀ। ਇਹ ਡਰਾਉਣੇ ਹਾਲਾਤ ਉੱਨੀ ਸੌ ਸੰਤਾਲੀ ਵਿਚ ਔਟ ਗਏ। ਉੱਨੀ ਸੌ ਸੰਤਾਲੀ ਨੇ ਮਨ ਵਿਚ ਪੱਕਾ ਦਾਗ਼ ਖੁਣ ਦਿੱਤਾ ਸੀ। ਇਸ ਲਈ ਗੁਆਂਢੀ ਮੁਲਕ ਉੱਤੇ ਭਰੋਸਾ ਵਿਸ਼ਵਾਸ ਨਹੀਂ ਸੀ। ਕਵਿਤਾ ਪੱਖਪਾਤ ਕਰਨ ਵਾਲੀ ਕੁੜੀ ਨਹੀਂ ਸੀ। ਆਪ ਪਰੋਲਣ ਸਾਊ ਸਮਾਜ ਦੀ ਸੀ। ਪਰ ਇਸ ਵੇਲੇ ਥੋਹੜਾ ਜਾਂ ਨਫ਼ਰਤ ਮਨ ਵਿਚ ਬਹਿ ਗਿਆ ਸੀ। ਵੰਡ ਤੋਂ ਬਾਅਦ ਟੱਬਰ ਲੁਧਿਆਣਾ ਵਿਚ ਟਿਕ ਗਿਆ। ਇੱਥੇ ਪ੍ਰੋਫ਼ੈਸਰ ਨਾਂ ਪੱਕਾ ਹੋ ਗਿਆ ਸੀ। ਡੇਲ ਦਾ ਜਨਮ 'ਚੁਰੰਜਵਾਂ ਵਿਚ ਸੀ।

ਪ੍ਰੋਫ਼ੈਸਰ ਨੇ ਬਾਹਰ ਦੀਆਂ ਬਹੁਤ ਚੰਗੀਆਂ ਗੱਲਾਂ ਸੁਣੀਆਂ ਸੀ। ਵਲੈਤ ਦੀਆਂ ਸੜਕਾਂ ਕੰਚਨ ਸੋਨੇ ਨਾਲ ਬਣਾਈਆਂ ਸੀ। ਮਨ ਬਣਾ ਲਿਆ ਉਥੇ ਜਾਣ। ਪਰ ਆਪਾਂ ਅੱਗੇ ਦੌੜ ਗਏ।

ਲੁਧਿਆਣਾ ਵਿਚ ਕਵਿਤਾ ਦੇ ਟੱਬਰ ਕੋਲੇ ਵੱਡੀ ਕੋਠੀ ਸੀ। ਰਹਿਣਾ ਸਹਿਣਾ ਤਾਰੇ ਦੇ ਪਰਵਾਰ ਤੋਂ ਬਹੁਤ ਚੰਗਾ ਸੀ। ਇੱਥੇ ਇਹਦੇ ਪਹਿਲੇ ਸ਼ਾਂਤਮਈ ਦਿਨ ਰਾਤ ਬੀਤੇ। ਕਾਫੀਆ ਨੂੰ ਪਾਲਿਆ ਸੀ। ਭੈਣਾਂ ਨਜ਼ਦੀਕ ਸਨ। ਵਿਹੜੇ ਵਿਚ ਪੀਂਘ ਸੀ। ਇੱਥੇ ਕਈ ਘੰਟੇ ਸੋਚਾਂ ਵਿਚ ਲੰਘਾਏ। ਕਹਿ ਸਕਦੇ ਕਵਿਤਾ ਸਧਾਰਨ ਲੜਕੀ ਸੀ। ਤਸਵੀਰਾਂ ਬਨਾਉਣ ਨੂੰ ਕਈ ਘੰਟੇ ਲਾਉਂਦੀ ਸੀ। ਖ਼ੂਬ ਨਕਸ਼ ਬਣਾਉਂਦੀ ਸੀ। ਮੇਲੇ ਜਾਣ ਦਾ ਸ਼ੌਂਕ ਸੀ। ਨਾਨਕ ਸਿੰਘ ਦੇ ਨਾਵਲ ਪੜ੍ਹਣ ਦਾ ਸ਼ੌਂਕ ਸੀ। ਹਾਕੀ ਖੇਡਣ ਦਾ ਵੀ ਸ਼ੌਂਕ ਸੀ। ਇੰਨੀ ਨਰਮ ਕੁੜੀ ਸੀ ਕਿ ਜਦ ਘਰ ਵਿਚ ਸੱਪ ਆ ਗਿਆ ਸੀ ਮੰਜੇ ਉੱਤੇ ਚੀਕੀ - ਬੀਬੀ ਜੀ! ਬਚਾਉ!-।

ਕਵਿਤਾ ਲਿੱਸੀ ਅਤੇ ਕਮਜ਼ੋਰ ਕੁੜੀ ਸੀ। ਭੌਂਕਦੇ ਕੁੱਤੇ ਤੋਂ ਡਰ ਜਾਂਦੀ ਸੀ। ਪਿਤਾ ਨੂੰ ਬਹੁਤ ਪਿਆਰੀ ਸੀ। ਮਾਮੇ ਨੇ ਵੀ ਸਿਰ ਉੱਤੇ ਹੱਥ ਧਰਤੇ ਸੀ। ਮਾਮਾ ਮੇਲੇ ਲੈ ਕੇ ਜਾਂਦਾ ਸੀ। ਅਖਾੜੇ ਵਿਚ ਘੋਲਾਂ ਦਿਖਾਉਣ ਵੀ। ਮਾਮਾ ਭਲਵਾਨ ਸੀ। ਬੇੜੀ ਦੀ ਸੈਰ ਵੀ ਕਰਾਉਂਦਾ ਸੀ। ਕਵਿਤਾ ਦੀ ਜ਼ਿੰਦਗੀ ਪਿਆਰ ਨਾਲ ਭਰੀ ਸੀ। ਡੇਲ ਨਾਲ ਗੁੱਲੀ ਡੰਡਾ ਖੇਡਦੀ। ਕਾਫੀਆ ਨਾਲ ਚੌਪੜ ਖੇਡਦੀ ਸੀ। ਘਰ ਪਿਆਰ ਨਾਲ ਭਰਿਆ ਸੀ। ਜੀਵਨ ਪਿਆਰ ਨਾਲ ਚੋਂਦਾ ਸਿੰਮਦਾ ਸੀ।



### *ਤਿੰਨ*

ਕਵਿਤਾ ਲਈ ਡੇਲ ਲਾਡਲਾ ਸੀ। ਜਦ ਕਾਲਜ ਗਈ ਵਾਪਸ ਆਉਂਦੀ ਹਮੇਸ਼ਾਂ ਡੇਲ ਲਈ ਸੁਗਾਤ ਲਿਆਉਂਦੀ ਸੀ। ਨਿੱਕੇ ਫ਼ੌਜੀ। ਗੁੱਡੇ ਗੱਡੀਆਂ। ਗਾਚੀ ਮਲਾਈ ਬਰਫ਼। ਸਵੇਰ ਵੇਲੇ ਸੂਰਜ ਚੜ੍ਹਦੇ ਸਮੇਂ ਕਵਿਤਾ ਪਾਠ ਕਰਦੀ ਸੀ। ਦੁਪਹਿਰ ਨੂੰ ਕਾਲਜ ਤੋਂ ਘਰ ਆ ਕੇ ਬੀਬੀ ਜੀ ਦੀ ਮੱਦਦ ਕਰਦੀ ਸੀ। ਇਸ ਟਾਇਮ 'ਤੇ ਇਹਦੇ ਲਈ ਜੀਵਨ ਸਵਰਗ ਸੀ। ਨਜ਼ਰ ਨੇ ਅੱਗੇ ਦੀ ਰਾਸ਼ੀ ਨਹੀਂ ਵਖਾਈ। ਕਰਮਾਂ ਦਾ ਭੋਗ ਤਾਂ ਦੂਰ ਸੀ। ਕਵਿਤਾ ਤੂਫ਼ਾਨੀ ਸ਼ਾਮ ਅਤੇ ਕਹਿਰਾਂ ਦੇ ਝੱਖੜ ਝੱਲ ਵਿਚ ਇਹ ਸੰਸਾਰ ਵਿਚ ਆਈ ਸੀ। ਜਿੰਨਾ ਬੰਦਾ ਹੱਸਦਾ, ਉਨ੍ਹਾਂ ਬੰਦਾ ਰੋਂਦਾ। ਇਹ ਕੁਦਰਤ ਦੀ ਗੱਲ ਹੈ।

ਪਿਤਾ ਨੂੰ ਵਾਊਚਰ ਉੱਤੇ ਵਲੈਤ ਦੀ ਰਾਹਦਾਰੀ ਮਿਲ ਗਈ ਸੀ। ਪ੍ਰੋਫ਼ੈਸਰ 'ਇਕਾਹਠ ਵਿਚ ਪੰਜਾਬ ਛੱਡ ਗਿਆ ਸੀ। ਉਹ ਸਾਲਾਂ ਵਿਚ ਮਾਮੇ ਨੇ ਟੱਬਰ ਦੀ ਰਾਖੀ ਕੀਤੀ ਸੀ। ਮਾਡਲ ਟਾਊਨ ਵਿਚ ਗੁਰੂ ਨਾਨਕ ਗਰਲਜ਼ ਕਾਲਜ ਵਿਚ ਕੋਰਸ ਵਿਚ ਕਵਿਤਾ ਦਾਖਲ ਹੋ ਗਈ ਸੀ।

ਇੱਥੇ ਅਰਾਮ ਨਾਲ ਆਪਣੇ ਸ਼ੌਂਕ ਨਾਲ ਕਈਂ ਤਸਵੀਰਾਂ ਵਾਹੀਆਂ। ਕਲਪਨਾ ਤੇ ਅਲੋਕਾਰ ਅਤੇ ਅਚਰਜੀਆਂ ਮੂਰਤਾਂ ਪੇਸ਼ ਕੀਤੀਆਂ। ਯਸੂ ਮਸੀਹ ਨੂੰ ਵਾਹਿਆ। ਗੁਰੂਆਂ ਨੂੰ ਵਾਹਿਆ। ਪਿੰਡਾਂ ਨੂੰ ਵੀ ਵਾਹਿਆ। ਕੁਝ ਤਸਵੀਰਾਂ ਮਰਯਾਦੀ ਸੀ। ਕੁਝ ਤਸਵੀਰਾਂ ਅਮਰਯਾਦੀ ਸੀ। ਜ਼ਰੂਰ ਕਵਿਤਾ ਕੋਲ ਗੁਣ ਸੀ। ਗੁਣਵਾਨ ਅਤੇ ਸ਼ਾਨ ਸੀ। ਪਰ ਕਮੀ ਸੀ। ਕਵਿਤਾ ਦਾ ਜੀਵਨ ਸੁਖ ਨਾਲ ਭਰਿਆ ਸੀ। ਦੁਖ ਤੋਂ ਬਗ਼ੈਰ ਕਲਾਕਾਰ ਸਕਾਰਥ ਕੰਮ ਪੇਸ਼ ਕਰ ਸਕਦਾ ਹੈ? ਦਸਵੀਂ ਤੋਂ ਬਾਅਦ ਕਾਲਜ ਵਿਚ ਟੀਚਿੰਗ ਕੋਰਸ ਕੀਤੀ। ਇੱਥੇ ਤਾਰੇ ਨਾਲ ਪਹਿਲੀ ਮੁਲ਼ਾਕਾਤ ਹੋਈ ਸੀ।

ਕਵਿਤਾ ਕਾਲਜ ਦੀ ਕਲਾਕਾਰ ਦੀ ਉਸਤਾਦ ਸੀ। ਤੇਲ ਦੇ ਰੰਗਾਂ ਨਾਲ ਤਸਵੀਰਾਂ ਵਾਹੁੰਦੀ ਸੀ। ਇਕ ਦਿਨ ਬਰੱਸ਼ ਉਸਦੇ ਤਾਰੇ ਦੇ ਕਲਾਸ ਵਿਚ ਰਹਿ ਗਏ। ਸਵੇਰ ਦਾ ਪਾਠ ਕਵਿਤਾ ਨੇ ਉਸ ਹੀ ਕਲਾਸ ਵਿਚ ਦਿੱਤਾ ਸੀ। ਬਰੱਸ਼ ਦੀ ਲੋੜ ਸੀ, ਠੇਲ੍ਹੇ ਦੀ ਤਸਵੀਰ ਵਾਹੁਣ ਨੂੰ। ਨਾਲੇ ਲੌਢੇ ਵੇਲੇ ਤੋਂ ਬਾਅਦ ਪੇਂਟਿੰਗ ਲੈਸਨ ਸੀ। ਪਰ ਜਿਸ ਕਮਰੇ ਵਿਚ ਸਵੇਰੇ ਲੈਸਨ ਤਿਆਰ ਕੀਤਾ ਉਥੇ ਹੁਣ ਤਾਰਾ ਗਣਿਤ ਵਿਦਿਆ ਸਿਖਾਉਂਦਾ ਸੀ। ਕਵਿਤਾ ਨੇ ਬਾਹਰੋਂ ਇਸ਼ਾਰੇ ਦੇਣ ਦੀ ਕੋਸ਼ਿਸ਼ ਕੀਤੀ। ਫਿਰ ਅੱਕ ਫੜਣ ਦੀ ਹਿੰਮਤ ਕੀਤੀ। ਹਾਰ ਕੇ ਕਵਿਤਾ ਨੇ ਬੂਹਾ ਖੜਕਾਇਆ। ਤਾਰੇ ਨੇ ਉਸ ਨੂੰ ਦੇਖ ਲਿਆ ਪਰ ਦਰਵਾਜ਼ਾ ਨਹੀਂ ਖੋਲ੍ਹਿਆ। ਹਾਰ ਕੇ ਕਵਿਤਾ ਨੇ ਦਰਵਾਜ਼ਾ ਆਪ ਹੀ ਖੋਲ੍ਹ ਕੇ ਕਿਹਾ– ਮੇਰੇ ਬਰੱਸ਼ ਤੁਹਾਡੇ ਕਮਰੇ ਵਿਚ ਹਨ। ਪਲੀਜ਼ ਕੀ ਮੈਂ ਲੈ ਸਕਦੀ ਆਂ?–। ਤਾਰੇ ਨੇ ਘੂਰ ਕੇ ਜਵਾਬ ਦਿੱਤਾ - ਨਹੀਂ–। ਕਵਿਤਾ ਦਾ ਚਿਹਰਾ ਲਾਲ ਹੋ ਗਿਆ। ਖਿੱਚ ਕੇ ਦਰਵਾਜ਼ਾ ਬੰਦ ਕਰਕੇ ਚਲੀ ਗਈ। ਸਾਊ ਸੀ ਪਰ ਖਿਝ ਨਾਲ ਭਰ ਗਈ ਸੀ। ਉਹ ਮੁੰਡਾ ਆਪਣੇ ਆਪ ਨੂੰ ਕੀ ਸਮਝਦਾ ਸੀ? ਉਹਦੇ ਲੱਛਣ ਅਸਹਿ ਸਨ। ਕਵਿਤਾ ਦੇ ਭਾਵਾਂ ਨੂੰ ਚੁਭ ਗਏ। ਇੱਦਾਂ ਲੱਗੇ ਜਿੱਦਾਂ ਨਰਮ ਨਰਮ ਕਿਨਾਰੇ ਉੱਤੇ ਖਲੋਤੇ ਰੇਤ–ਕਿਲ੍ਹੇ ਨੂੰ ਡਾਫੇ ਲਹਿਰ ਮਲਿੱਦ ਗਏ। ਕਵਿਤਾ ਨੇ ਮੁੰਡੇ ਦਾ ਪਤਾ ਲਿਆ। ਨਾਂ ਦਸ ਪੈ ਗਿਆ। ਇਰਾਦਾ

ਬਣਾ ਲਿਆ ਉਹ ਤੋਂ ਪਰ੍ਹੇ ਰਹਿਣ ਦਾ। ਨਰਮ ਕੁੜੀ ਕਰਕੇ ਸ਼ਿਕਾਇਤ ਨਹੀਂ ਕੀਤੀ। ਇਹ ਇਨ੍ਹਾਂ ਦੋਨਾਂ ਦੀ ਪਹਿਲੀ ਮੁਲ਼ਾਕਾਤ ਸੀ। ਕੁਝ ਹਫ਼ਤਿਆਂ ਬਾਅਦ ਤਾਰਾ ਕਾਲਜ ਛੱਡ ਗਿਆ ਸੀ। ਮੁੰਡੇ ਦੀ ਪੂਰੀ ਕਦ ਦੀ ਤਸਵੀਰ ਨਹੀਂ ਸਲਾਹੁਣ ਸਕੀ। ਜੇ ਵਕਤ ਇਸ ਲਈ ਸੀ ਤਾਰੇ ਤੋਂ ਪਰ੍ਹੇ ਹਮੇਸ਼ਾਂ ਲਈ ਰਹਿੰਦੀ।

ਉਸ ਸਾਲ ਕਵਿਤਾ ਨੂੰ ਗੋਲਡ ਮੈਡਲ ਮਿਲਿਆ ਚਿੱਤਰਕਾਰੀ ਲਈ। ਕਹਿਣ ਦਾ ਮਤਲਬ ਪੇਂਟਿੰਗ ਲਈ। ਡੇਲ ਅਤੇ ਕਾਫੀਆ ਨਾਲ ਨਵਾਂ ਸ਼ਹਿਰ ਜਤ ਧਾਰੀ ਕਰਨ ਗਈ। ਤਸਵੀਰ ਵਿਚ ਔਰਤ ਨੂੰ ਪੀੜ ਵਿਚ ਵਿਖਾਇਆ। ਖੱਬੇ ਪਾਸੇ ਅਤੇ ਸੱਜੇ ਪਾਸੇ ਚਿੱਤਰੇ ਸਨ। ਖੱਬੇ ਸਿਆਹ ਬਾਘ। ਸੱਜੇ ਬਘਿਆੜ। ਇਕ ਸੀ ਪਾਕਿਸਤਾਨ। ਇਕ ਭਾਰਤ ਸੀ। ਜਨਾਨੀ ਪੰਜਾਬ ਸੀ।

ਦੁਖ ਸੁਖ ਵਿਚੋਂ ਤਾਂ ਹਾਲੇ ਤੱਕ ਨਹੀਂ ਲੰਘੀ ਸੀ। ਪਰ ਕਵਿਤਾ ਦੀ ਕਲਪਨਾ ਕਾਇਮ ਸੀ।

### *ਚਾਰ*

ਕਵਿਤਾ ਬੋਲੀ - ਸ਼ੀਰੋ (ਕਾਫੀਆ ਨੂੰ ਸਭ ਪਿਆਰ ਨਾਲ ਸ਼ੀਰੋ ਸੱਦਦੇ ਸੀ) ਉਹ ਮੁੰਡੇ ਨੇ ਮੇਰੀ ਬਹੁਤ ਬੇਇੱਜ਼ਤੀ ਕੀਤੀ। ਪਹਿਲਾ ਮੈਂ ਆਪਣੇ ਟੇਕਣ ਉੱਤੇ ਬਰੱਸ਼ ਨੂੰ ਟੋਲਿਆ। ਫਿਰ ਮੈਂ ਕਮਰੇ ਦੇ ਆਸ-ਪਾਸ ਵੇਖਿਆ। ਕਿਤੇ ਨਹੀਂ ਲੱਭਿਆ। ਯਾਦ ਮੈਨੂੰ ਫਿਰ ਆ ਗਈ ਕੇ ਮੈਂ ਸਵੇਰੇ ਕਲਾਸ ਵਿਚ ਰਹਿਣ 'ਤਾ ਸੀ। -

ਕਾਫੀਆ - ਹਾਂ ਪਰ ਮੁੰਡੇ 'ਤੇ ਕਿਉਂ ਖਿੱਝੀ ਆਂ?-।

ਕਵਿਤਾ- ਠਹਿਰ ਮੈਂ ਦਸਦੀ ਆ- ਇਸ ਗੱਲ ਉੱਤੇ ਭੈਣ ਭਰਾ ਦੋਨੋਂ ਕਵਿਤਾ ਨਾਲ ਖਿੱਝ ਜਾਂਦੇ ਸੀ। ਕਦੀ ਸਾਫ ਗੱਲ ਉੱਤੇ ਨਹੀਂ ਆਉਣਾ। ਹਮੇਸ਼ਾਂ ਝੱਟ-ਪੱਟ ਪੈਂਤੜਾ ਬਦਲ ਲੈਣਾ। ਹਰੇਕ ਡੀਟੇਲ ਦੇਣੀ ਸੀ। ਜਦ ਦੂਸਰਾ ਬੋਲਦਾ ਵੀ ਸੀ ਉਹਦੇ ਉਪਰ ਆਪਣੀਆਂ ਮਾਰਨੀਆਂ ਵੀ। ਕਹਿਣ ਦਾ ਮਤਲਬ ਪੁਆਇੰਟ, ਤੇ ਨਹੀਂ ਆਉਣਾ।

ਕਾਫੀਆ - ਪਰ ਮੁੰਡਾ?-।

ਕਵਿਤਾ - ਹਾਂ ਇਹ ਹੀ ਤਾਂ ਮੈਂ ਦੱਸਦੀ ਆਂ। ਮੈਨੂੰ ਕਲਾਸ ਦਾ ਦਰਵਾਜ਼ਾ ਖੜਕਾਉਣਾ ਪਿਆ। ਫਿਰ ਉਨ੍ਹੇ ਮੇਰੇ ਵੱਲ ਮੂੰਹ ਬਣਾਇਆ-।

ਕਵਿਤਾ- ਉਫ਼! ਭੈਣ ਜੀ ਤੁਹਾਡਾ ਪੁਆਇੰਟ ਕੀ ਆਂ। ਇਹ ਗੁਲੇੜ ਦੀ ਦੁਖੀ ਤੋਂ ਡੇਲ ਨੇ ਬਚਾ ਤਾਂ।

ਡੇਲ - ਪਿਤਾ ਜੀ ਦੀ ਚਿੱਠੀ ਆਈ ਆ!-।

ਕਵਿਤਾ ਨੂੰ ਇਹ ਆਦਤ ਜ਼ਿੰਦਗੀ ਭਰ ਰਹੀ। ਸ਼ੋਰ ਨੂੰ ਵੀ ਇੱਦਾਂ ਖਿੱਝਾਂਦੀ ਸੀ। ਪੱਤ ਨੂੰ ਵੀ। ਜਦ ਹੋਰ ਕੁਝ ਕਵੇ ਉਤਾਰਨਾ - ਮੈਂ ਇੱਦਾਂ ਦੀ ਨਹੀਂ ਹੁੰਦੀ ਸੀ। ਮੈਨੂੰ ਬਣਾ ਤਾ। ਸਾਊ ਕੁੜੀ ਸੀ। - ਪਰ ਕਾਫੀਆ ਨੂੰ ਪਤਾ ਇਹ ਤਾਂ ਇਹਦੀ ਆਦਤ ਸੀ। ਇਹ ਆਦਤ ਨੇ ਕਾਫ਼ੀ ਝਗੜਿਆਂ ਨੂੰ ਸ਼ੁਰੂ ਕੀਤਾ ਸੀ। ਹਮੇਸ਼ਾਂ ਅੰਜਾਮ ਇੱਦਾਂ ਦਾ ਨਹੀਂ ਸੀ।



ਕਿਉਂਕਿ ਆਪਣੇ ਆਪ ਨੂੰ ਸਾਊ ਸਮਝਦੀ ਸੀ। ਖ਼ਤ ਨੇ ਖ਼ਬਰ ਦਿੱਤੀ।

ਪਿਤਾ ਜੀ ਨੇ ਸਾਰਿਆਂ ਲਈ ਇੰਗਲੈਂਡ ਦੀ ਰਾਹਦਾਰੀ ਪਾ ਲਈ ਸੀ। ਪ੍ਰੋਫ਼ੈਸਰ ਦਾ ਟੱਬਰ ਵਲੈਤ ਚੱਲਿਆ ਸੀ। ਜੀਵਨ ਦਾ ਨਵਾਂ ਸਫ਼ਾ ਸ਼ੁਰੂ ਹੋਣ ਲੱਗਾ ਸੀ। ਜੋ ਜਾਣਦੇ ਸੀ ਪਿੱਛੇ ਰਹਿ ਜਾਣਾ ਸੀ। ਸਹੇਲੀਆਂ, ਸਾਥੀ ਅਤੇ ਸ਼ਰੀਕ। ਪਿੰਡ ਨਗਰ ਅਤੇ ਸ਼ਹਿਰ। ਅਰਾਮ ਗਿਆਤ ਅਤੇ ਪਿਛੋਕੜ। ਗਾਵਾਂ, ਮੱਝਾਂ ਅਤੇ ਬੱਕਰੀਆਂ। ਕੋਸੇ ਦਿਨ ਨਿਰਮਲ ਅੰਬਰ ਰਸੀਲੇ। ਪੰਜਾਬ ਦਾ ਉਘੜ ਦੁਘੜ ਹਮੇਸ਼ਾਂ ਲਈ ਪਿੱਛੇ ਰਹਿਣ ਦੇਣਾ ਸੀ। ਪੰਜਾਬ ਵੀ ਕਮਾਲ ਵੀ। ਪੰਜਾਬ ਦਾ ਪਿਆਰ ਵੀ। ਦੇਸ਼ ਉੱਤੇ ਸੂਰਜ ਡੁੱਬਣ ਲੱਗਾ ਸੀ। ਸਵੇਰ ਸਾਰ ਪਰਦੇਸ ਜਾ ਬੈਠਣਾ ਸੀ। ਬਚੋ ਵਲੈਤੀਓ! ਪੰਜਾਬੀਆਂ ਦਾ ਹੜ੍ਹ ਆਉਣ ਲੱਗਾ! ਕਵਿਤਾ ਦਾ ਟੱਬਰ ਲਾਲਚ ਲਹਿਰ ਵਿਚ ਵੀ ਸ਼ਾਮਲ ਸਨ।

ਕਾਗਜ਼ ਪੱਤਰ ਤਿਆਰ ਕਰਤੇ ਸੀ। ਕਈ ਸਾਲਾਂ ਬਾਅਦ ਪਿਤਾ ਜੀ ਨੂੰ ਦੇਖਣ ਲੱਗੇ ਸੀ। ਜਦ ਜਾਂਦਾ ਵਕਤ ਆਇਆ ਕਵਿਤਾ ਨੂੰ ਅਹਿਸਾਸ ਹੋਇਆ ਕਿੰਨਾ ਖ਼ਾਲੀ ਹੋਣਾ ਪੰਜਾਬ ਤੋਂ ਪਰੇ। ਸਹੇਲੀਆਂ ਨੂੰ ਅਲਵਿਦਾ ਕੀਤਾ। ਆਖ਼ਰੀ ਰਾਤ ਬਹੁਤ ਰੋਈ।

ਪਿਤਾ ਨੇ ਮਕਾਨ ਖ਼ਰੀਦ ਲਿਆ ਸੀ। ਪੀਂਘ ਉੱਤੇ ਬਹਿ ਕੇ ਫੋਟੋ ਨੂੰ ਦੇਖਦੀ ਸੀ। ਘਰ ਪੰਜਾਬ ਵਾਲਿਆਂ ਤੋਂ ਭਿੰਨ ਸੀ। ਪਰ ਕਵਿਤਾ ਦੀਆਂ ਅੱਖਾਂ ਬਾਪੂ ਉੱਤੇ ਟਿਕੀਆਂ। ਉਹਦੀ ਖਿੱਚ ਨੇ ਪੰਜਾਬ ਛੱਡਣਾ ਸੌਖ਼ਾ ਬਣਾ ਲਿਆ ਸੀ।

### *ਪੰਜ*

ਅਸਬਾਬ ਤਿਆਰ ਕਰਕੇ ਬੀਬੀ ਡੇਲ, ਸ਼ੀਰੋ ਅਤੇ ਕਵਿਤਾ ਟੈਂਪੂ ਵਿਚ ਬੈਠ ਗਏ। ਜਦ ਟੈਂਪੂ ਤੁਰ ਗਿਆ ਕਵਿਤਾ ਨੇ ਪਿੱਛੇ ਇਕ ਟੱਕ ਨਾਲ ਵੇਖਿਆ। ਘਰ ਹੌਲੀ ਹੌਲੀ ਨਿੱਕਾ ਹੋ ਗਿਆ। ਹਾਰ ਕੇ ਮਕਾਨ ਮੱਖ ਬਣ ਗਿਆ। ਸਹਿਮ ਪਾਸੇ ਕਰਕੇ ਆਲ਼ੇ-ਦੁਆਲ਼ੇ ਦੇਖਣ ਲੱਗ ਗਈ। ਸੜਕ ਉੱਤੇ ਵੀ ਵਰਣ-ਵਰਣ ਦਾ ਸਿਸਟਮ ਸੀ। ਉੱਚੀ ਜਾਤ ਟਰੱਕਾਂ ਲਾਰੀਆਂ ਦੀ ਸੀ। ਉਨ੍ਹਾਂ ਤੋਂ ਬਾਅਦ ਗੱਡੀਆਂ। ਫਿਰ ਗੱਡੇ ਟਾਂਗੇ ਠੇਲ੍ਹੇ। ਫਿਰ ਮੋਟਰਸਾਇਕਲ। ਹਾਰ ਕੇ ਸਾਇਕਲ। ਸਾਰੇ ਪਾਸੇ ਕਮਲ ਸੀ। ਇਹ ਪੰਜਾਬ ਹੈ ਕਵਿਤਾ ਨੇ ਸੋਚਿਆ। ਬੀਬੀ ਬੋਲੀ - ਰੱਬਾ ਸਹੀ ਸਲਾਮਤ ਨਾਲ ਹਵਾਈ ਅੱਡੇ ਪਹੁੰਚਾ ਦੇਵੋ -। - ਬੀਬੀ ਜੀ ਏਅਰਪੋਰਟ ਹੁੰਦੀ ਆ- ਡੇਲ ਨੇ ਕਿਹਾ।

ਸੱਚਮੁੱਚ ਬੀਬੀ ਜੀ ਡਰਦੀ ਸੀ। ਸਭ ਪਹਿਲੀ ਵਾਰੀ ਜਹਾਜ਼ ਵਿਚ ਕਿਤੇ ਚੱਲੇ ਸੀ। ਸਭ ਅਜੀਬ ਲੱਗਦਾ ਸੀ। ਬੀਬੀ ਨੂੰ ਕੁਰਸੀ ਡੇਲ ਨਾਲ ਮਿਲੀ। ਭੈਣਾਂ ਨੂੰ ਵੱਖਰੀਆਂ ਮਿਲੀਆਂ। ਜਦ ਜਹਾਜ਼ ਉੱਡਿਆ ਬੀਬੀ ਆਪਣੀ ਕੁਰਸੀ ਨਾਲ ਖਿੱਚ ਹੋ ਗਈ। - ਸਤਨਾਮ ਸਤਨਾਮ ਜੀ। ਵਹਿਗੁਰੂ ਵਹਿਗੁਰੂ ਜੀ - ਬੀਬੀ ਜੀ ਚਿੰਤਾਵਾਨ ਸੀ। ਪਰ ਡੇਲ ਨੇ ਤਾਂ ਇਹ ਸਫ਼ਰ ਨੂੰ ਭੋਗਿਆ। ਜਹਾਜ਼ ਵਾਲਿਆਂ ਨੇ ਮੂਵੀ ਲਾਈ ਸੀ। ਅੱਠ ਘੰਟਿਆਂ ਬਾਅਦ ਇਹ ਹੰਸ ਲੰਦਨ ਪਹੁੰਚ ਗਿਆ। ਹਜੂਮ ਜਹਾਜ਼ ਵਿਚੋਂ ਕੀੜੀਆਂ ਵਾਂਗੂੰ ਨਿਕਲ ਗਿਆ। ਕਵਿਤਾ ਨੇ ਪਹਿਲੀ ਵਾਰੀ ਵਲੈਤ ਵਿਚ ਕਦਮ ਰੱਖਿਆ। ਉਪਰ ਬੱਦਲ ਕਾਲੇ ਸੀ। ਮੀਂਹ ਦੀਆਂ ਲਕੀਰਾਂ ਅਰਜਨ ਦੇ ਤੀਰਾਂ ਵਾਂਗੂੰ ਕਵਿਤਾ ਉਪਰ ਡਿੱਗੇ। ਇਕ ਹੋਰ

ਤੂਫ਼ਾਨੀ ਸ਼ਾਮ ਸੀ ਅਤੇ ਕਹਿਰਾਂ ਦਾ ਝੱਖੜ ਝੁੱਲ ਰਿਹਾ ਸੀ। ਲੱਗੇ ਜਿਵੇਂ ਵਲੈਤ ਨੂੰ ਇਹਦੇ ਆਉਣ ਨਾਲ ਰੋਹ ਚੜ੍ਹ ਗਿਆ ਸੀ। ਕਵਿਤਾ ਲਈ ਤਾਂ ਤੂਫ਼ਾਨ ਹਾਲੇ ਸ਼ੁਰੂ ਹੋਣਾ ਸੀ। ਕਾਸ਼! ਨਸੀਬ ਕੀ ਗੱਲ ਹੈ!

ਪ੍ਰੋਫ਼ੈਸਰ ਆਪਣੇ ਟੱਬਰ ਨੂੰ ਹੀਥਰੋ ਤੋਂ ਚੁੱਕ ਕੇ ਨਵੇਂ ਘਰ ਸਾਊਥਹਾਲ ਵਿਚ ਲੈ ਗਿਆ। ਗੱਡੀ ਦੇ ਬਾਹਰ ਬਾਰਸ਼ ਨੇ ਉਨ੍ਹਾਂ ਦਾ ਸਵਾਗਤ ਕੀਤਾ। ਏਅਰਪੋਰਟ ਵਿਚ ਜੱਫੀਆਂ ਪਾ ਕੇ ਮਿਲੇ ਸੀ। ਬਹੁਤ ਰੋਏ ਸੀ। ਹੁਣ ਘਰ ਆ ਕੇ ਫਿਰ ਆਵੇਗ ਨਾਲ ਮਿਲੇ। ਪਿਤਾ ਬੇਟੀ ਦਾ ਬਹੁਤ ਪਿਆਰ ਸੀ। ਬਾਹਰ ਅੰਗਰੇਜ਼ੀ ਮੌਸਮ ਨਵੇਂ ਨਿਵਾਸੀਆਂ ਨੂੰ ਧੌਂਸੇ। ਕੀ ਗਿੱਦੜ ਤੋਂ ਬੱਚ ਕੇ ਸ਼ੇਰ ਵੱਲ ਆ ਗਏ? ਕਵਿਤਾ ਨੂੰ ਆਉਣਾ ਸਵਰਗ ਨਹੀਂ ਲੱਗਿਆ ਜਿੰਨਾ ਲੋਕ ਦੱਸਦੇ ਸੀ।

ਅਗਲੇ ਮਹੀਨਿਆਂ ਵਿਚ ਡੇਲ ਲਈ ਸਕੂਲ ਟੋਲਿਆ। ਸ਼ੀਰੋ ਲਈ ਕਾਲਜ ਅਤੇ ਕਵਿਤਾ ਲਈ ਨੌਕਰੀ। ਪਰ ਅੰਗਰੇਜ਼ੀ ਘੱਟ ਕਰਕੇ ਫੈਕਟਰੀ ਵਿਚ ਨੌਕਰੀ ਮਿਲੀ। ਇਹ ਮੁਲਕ ਵਿਚ ਕਵਿਤਾ ਦੀ ਟੀਚਰ ਟਰੇਨਿੰਗ ਦਾ ਮੁੱਲ ਨਹੀਂ ਸੀ। ਵੱਲਜ਼ ਸਾਸੇਜ਼ ਲਈ ਕੰਮ ਕਰਨ ਲੱਗ ਗਈ ਸੀ। ਉਸ ਵੇਲੇ ਜਿਥੇ ਅੱਜ ਸੰਰਾਈਗ਼ ਰੇਡੀਓ ਖੜ੍ਹਾ ਕੋਈ ਥਰੂ ਰੋਡ ਅਤੇ ਰੇਡੀਓ ਸਟੇਸ਼ਨ ਨਹੀਂ ਸੀ। ਕੇਵਲ ਕਾਰਖਾਨੇ ਸਨ। ਬੀਬੀ ਜੀ ਵੀ ਮਜ਼ਦੂਰੀ ਕਰਨ ਲੱਗ ਗਈ ਸੀ। ਉਨ੍ਹਾਂ ਨੂੰ ਸੀਉਣ ਦੀ ਮਸ਼ੀਨ ਘਰ ਰੱਖਣ ਨੂੰ ਮਿਲ ਗਈ ਸੀ। ਤਕਰੀਬਨ ਸਾਰੇ ਪੰਜਾਬੀ ਘਰਾਂ ਵਿਚ ਸੀਉਣ ਵਾਲੇ ਬਣ ਗਏ ਸੀ। ਡੇਲ ਦਾ ਨਾਂ ਗੋਰੇ ਕਹਿ ਨਹੀਂ ਸਕਦੇ ਕਰਕੇ ਡੇਲ ਨਾਂ ਬਣ ਗਿਆ। ਇੱਦਾਂ ਹੀ ਕਾਰਖਾਨੇ ਵਾਲੀਆਂ ਨੇ ਕਵਿਤਾ ਦਾ ਵੀਤਾ ਨਾਂ ਬਣਾਤਾ ਸੀ। ਇਸ ਤੋਂ ਬਾਅਦ ਡੇਲ ਸ਼ੀਰੋ ਅਤੇ ਵੀਤਾ ਸੀ।

ਸਾਲ ਬੀਤ ਗਿਆ। ਪੰਜਾਬ ਦੀਆਂ ਯਾਦਾਂ ਵੀਤਾ ਨੂੰ ਡੰਗਦੀਆਂ ਸੀ। ਜੀ ਡੁਬਦਾ ਸੀ। ਮਨ ਛਿੱਜਦਾ ਸੀ। ਪਰ ਪਿਤਾ ਜੀ ਨੂੰ ਪੂਰੀ ਉਮੀਦ ਸੀ ਕਿ ਟਾਈਮ ਸਿਰ ਵੀਤਾ ਖ਼ੁਸ਼ ਹੋਜੂ ਗੀ। ਪ੍ਰੋਫ਼ੈਸਰ ਦੀ ਧੀ ਹਾਲੇ ਵੀ ਬਾਲੜੀ ਸੀ। ਵੀਤਾ ਦਾ ਘਰ ਇਕ ਤੰਗ ਸੜਕ ਦੇ ਗੱਭੇ ਸੀ। ਦਰਅਸਲ ਸਾਰੇ ਮਕਾਨ ਇਕੋ ਜਿਹੇ ਸਨ। ਪੰਜ ਪੰਜ ਘਰ ਆਪਸ ਵਿਚ ਜੁੜੇ ਸੀ। ਪੰਜਵੇਂ ਮਕਾਨ ਬਾਅਦ ਗਲੀ ਸੀ। ਸਾਮ੍ਹਣੇ ਬਗੀਚੇ ਨਿੱਕੇ ਸਨ। ਅੰਗਰੇਜ਼ੀ ਇਨ੍ਹਾਂ ਨੂੰ ਟੇਰੱਸ ਘਰ ਆਖਦੇ ਸੀ। ਚਾਰ ਛੁਪੇਰੇ ਗੱਚ-ਗੱਚ ਸੀ। ਨਾਲੇ ਇੱਦੇ ਕਰਕੇ ਵੀਤਾ ਨੂੰ ਵੀ ਗੱਚ ਪੈਂਦਾ ਸੀ। ਗੱਚ ਦੀ ਬਣਵਾਸ ਸੀ। ਆਲ਼ਾ-ਦੁਆਲ਼ਾ ਵੀਤਾ ਦੇ ਖ਼ਿਲਾਫ਼ ਸਾਜ਼ਿਸ ਕਰਦਾ ਸੀ। ਦਸੌਰ ਵਿਚ ਆ ਗਈ ਸੀ। ਪਰ ਸੱਚਮੁਚ ਰਹਿਣ ਸਹਿਣ ਬਿੱਟਰ ਸੀ। ਇਸ ਲਈ ਸਹਾਰ ਲਿਆ। ਪ੍ਰੋਫ਼ੈਸਰ ਲਈ ਜਰ ਲਿਆ।

ਜਦ ਸਵੇਰ ਸਾਰ ਕੰਮ ਜਾਂਦੀ ਲੱਗੇ ਜਿਵੇਂ ਗੁਆਂਢੀਆਂ ਦੀਆਂ ਬਾਰੀਆਂ ਬਦਮਾਸ਼ੀ ਅੱਖਾਂ ਨਾਲ ਇਹਨੂੰ ਦੇਖਦੀਆਂ ਸਨ। ਵੱਲਜ਼ ਫੈਕਟਰੀ ਵੀ ਕਬਰਸਤਾਨ ਵਰਗੀ ਸੁਆਗਤ ਨਾਲ ਮਿਲਦੀ ਸੀ। ਸਾਸੇਜ਼ ਬਣਾਉਣਾ ਵੀ ਗੰਦਾ ਕੰਮ ਸੀ। ਗੰਦੇ ਹੱਥਾਂ ਨਾਲ ਮੀਟ ਸੂਰ ਦੀ ਪੇਟ ਚਮੜੀ ਵਿਚ ਰੱਖਦੇ ਸੀ। ਵੀਤਾ ਦੀਆਂ ਅੱਖਾਂ ਸਾਹਮਣੇ ਫ਼ਰਸ਼ ਉੱਤੇ ਡਿੱਗਿਆ ਮੀਟ ਵਾਪਸ ਚੁੱਕ ਕੇ ਪਾਉਂਦੇ ਸੀ। ਜੇ ਕੁਝ ਵੀਤਾ ਬੋਲੇ ਤਾਂ ਉਬਰਰਾਖੀ ਤਨਜ਼ ਨਾਲ ਇਹਨੂੰ ਗਾਲ੍ਹ ਕੱਢਦੇ। ਇਸ ਕਰਕੇ ਸੂਰ ਦਾ ਮਾਸ ਨਹੀਂ ਖਾਂਦੀ ਸੀ। ਛਿਛੜੇ ਗੋਰੇ ਸ਼ੌਂਕ ਨਾਲ ਖਾਂਦੇ ਸੀ।



ਸਾਰਾ ਟੱਬਰ ਬਹੁਤ ਹਿੰਮਤ ਨਾਲ ਕੰਮ ਕਰਦਾ ਸੀ। ਦਰਅਸਲ ਸਾਰਾ ਪਰਦੇਸ ਹੋਇਆ ਪੰਜਾਬ। ਦੋ ਤਿੰਨ ਸ਼ਿਫਟਾਂ ਕਰਕੇ ਗੋਰਿਆਂ ਤੋਂ ਵੱਧ ਕਮਾਉਂਦੇ ਸੀ। ਇਸ ਵੇਲੇ ਇਹ ਚੱਕਰ ਸੀ।

### *ਛੇ*

*'ਮੇਰੇ ਹਮਸਫ਼ਰ'* ਫ਼ਿਲਮ ਸਿਨੇਮਾ ਵਿਚ ਦਿਖਾਉਂਦੇ ਸੀ। ਵੀਤਾ ਨੂੰ ਮੂਵੀਆਂ ਵੇਖਣ ਦਾ ਸ਼ੌਂਕ ਸੀ। ਦੋਵੇਂ ਭੈਣਾਂ ਦੇਖਦੀਆਂ ਸੀ। ਇੰਟਰਮਿਸ਼ਨ ਵੇਲੇ ਬਾਅਦ ਇਸ਼ਨਾਨ ਘਰ ਗਈ ਸੀ ਪਰ ਫਿਰ ਵੀ ਤੀਸਰੇ ਰੀਲ ਚੱਲਦੀ ਤੇ ਜਾਣ ਦੀ ਲੋੜ ਪੈ ਗਈ। ਜਦ ਖਲੋਤੀ ਕੋਈ ਪਿੱਛੇ ਬੈਠੇ ਆਦਮੀ ਨੇ ਕਰਾਰੀ ਗਾਲ੍ਹ ਕੱਢੀ। ਵੀਤਾ ਨੇ ਘੁੰਮ ਕੇ ਉਸ ਵੱਲ ਜਲਿਆ-ਬਲਿਆ ਮੂੰਹ ਬਣਾਇਆ। ਬੰਦਾ ਤਾਰਾ ਸੀ। ਉਸਨੇ ਛਿੱਥੇ ਨਾਲ ਵਾਪਸ ਤੱਕਿਆ। ਲੋਕਾਂ ਦੇ ਸਿਰ ਰਾਹ ਵਿਚ ਸੀ। ਤਾਰੇ ਨੂੰ ਇਹ ਝਾਉਲੀਆਂ ਉੱਤੇ ਨਫ਼ਰਤ ਸੀ। ਇਹ ਉਨ੍ਹਾਂ ਦੀ ਦੂਜੀ ਮੁਲ਼ਾਕਾਤ ਸੀ। ਫਿਰ ਤਾਰਾ ਸ਼ਰਮਿੰਦਾ ਹੋ ਗਿਆ। ਵੀਤਾ ਇਸ਼ਨਾਨ ਵੱਲ ਤੁਰ ਪਈ। ਇੰਨ੍ਹੇ ਮੁੰਡਾ ਪਛਾਣਿਆ ਨਹੀਂ।

### *ਸੱਤ*

ਵਿਆਹ ਦੀ ਰਾਤ ਤਾਰੇ ਨੇ ਚਾਚੇ ਦੇ ਘਰ ਕੱਟੀ। ਥਾਂ ਥੋੜ੍ਹਾ ਕਰਕੇ ਇਨ੍ਹਾਂ ਦਾ ਸੌਣ ਦਾ ਇੰਤਾਜਾਮ ਛੱਤਣ ਵਿਚ ਸੀ। ਚਾਚੀ ਛੱਡੀ ਹੋਈ ਸੀ। ਉਹਦੇ ਮੁੰਡੇ ਨਾਲ ਵਿਆਹ ਨਹੀਂ ਹੋਇਆ, ਇਸ ਕਰਕੇ ਇੱਥੇ ਇਨ੍ਹਾਂ ਨੂੰ ਰੱਖਿਆ। ਪਰ ਤਾਰਾ ਬੇਵਕੂਫ ਨਹੀਂ ਸੀ। ਉਸਨੇ ਆਪਣੇ ਲਈ ਇਕ ਮਕਾਨ ਕਰਾਏ 'ਤੇ ਲੈ ਕੇ ਘਰ ਵਸਾ ਲਿਆ ਸੀ।

ਪਹਿਲੇ ਮਹੀਨੇ ਖ਼ੂਬ ਖ਼ੁਸ਼ੀਆਂ ਵਿਚ ਲੰਘੇ। ਵੀਤਾ ਨੇ ਵੇਖਿਆ ਕਿ ਮਰਦ ਮਚਲਾ ਸੀ। ਪਰ ਵੀਤਾ ਨੂੰ ਬਹੁਤ ਪਿਆਰ ਕਰਦਾ ਸੀ। ਵੀਤਾ ਤੋਂ ਸੁੰਦਰ ਸੀ ਪਰ ਫਿਰ ਵੀ ਵੀਤਾ ਨੂੰ ਇੰਨਾ ਪ੍ਰੇਮ ਕਰਦਾ ਸੀ। ਵੀਤਾ ਨੇ ਵੇਖਿਆ ਤਾਰਾ ਤਰੰਗੀ ਬੰਦਾ ਹੈ। ਕਦੀ ਜਨਮੁਰੀਦ ਨਹੀਂ ਬਣ ਸਕਦਾ ਹੈ। ਹਰੇਕ ਚੀਜ਼ ਨੂੰ ਪੂਰਾ ਅਧੀਨ ਕਰਦਾ ਹੈ। ਖੱਚਰ ਹੈ ਪਰ ਸੱਚਾ ਵੀ। ਖੱਖਾ ਹੈ ਪਰ ਚਿੰਤਨਸ਼ੀਲ ਵੀ। ਤੰਗ ਖ਼ਿਆਲ ਸੀ ਪਰ ਖੁੱਲ੍ਹੇ ਦਿਲ ਨਾਲ ਪਿਆਰ ਵੀ ਕਰਦਾ ਹੈ। ਔਰਤ ਦੀ ਬਿਰਤੀ ਪੁਰਖ ਦਾ ਪਤਾ ਛੇਤੀ ਪਾ ਲੈਣ ਦੀ ਐ।

ਟੱਬਰ ਸਾਮ੍ਹਣੇ ਸਾਫ਼ ਪਿਆਰ ਤਾਰਾ ਦਿਖਾਉਂਦਾ। ਲੋਕਾਂ ਨੂੰ ਇਹ ਵੀ ਦੱਸਦਾ ਕਿ ਕਾਲਜ ਅਤੇ ਸਿਨੇਮਾ ਵਿਚ ਇਨ੍ਹਾਂ ਦੀ ਮੁਲ਼ਾਕਾਤ ਹੋਈ ਸੀ। ਬੇਸ਼ਰਮ ਨੇ ਇਸ ਗੱਲ ਸਭ ਨੂੰ ਦੱਸ ਦਿੱਤੀ ਸੀ। ਪਰ ਉਹ ਵੀਤਾ ਨੂੰ ਪਿਆਰ ਕਰਦਾ ਕਰਕੇ ਵੀਤਾ ਨੇ ਕੁਝ ਨਹੀਂ ਕਿਹਾ। ਵੀਤਾ ਚੁੱਪ ਸੀ। ਉਸ ਨੇ ਕ੍ਰੋਧ ਨੂੰ ਨਜ਼ਰ-ਅੰਦਾਜ਼ ਕੀਤਾ। ਤੰਗ ਸੁਹਾਗ ਨੇ ਇਹ ਨੂੰ ਆਦਮੀਆਂ ਤੋਂ ਪਰ੍ਹੇ ਰੱਖਿਆ। ਵੀਤਾ ਮੌਨ ਰਹੀ।

ਤਾਰੇ ਨੇ ਵੀਤਾ ਨੂੰ ਫ਼ਿਲਮਾਂ ਵਿਖਾਈਆਂ। ਤਾਰੇ ਨੇ ਵੀਤਾ ਨੂੰ ਲੰਦਨ ਲੈਸੱਟਰ ਗਲਾਸਗੋ ਦਿਖਾਇਆ। ਮੇਲੇ ਲੈ ਕੇ ਗਿਆ। ਬਾਗ਼ ਦਿਖਾਏ। ਪਰ ਤੈਸ਼ ਨਾਲ ਧਾਵੇ ਵੀ ਦਿੱਤੇ। ਇਹ ਗੱਲ ਨੇ ਵੀਤਾ ਨੂੰ ਡਰਾ ਦਿੱਤਾ। ਧਾਵਿਆਂ ਨੇ ਇਸ ਕਮਜ਼ੋਰ ਤੀਵੀ ਨੂੰ

ਹਮੇਸ਼ਾਂ ਲਈ ਮੌਨ ਬਣਾਤਾ। ਬਸ ਇਕ ਵਾਰੀ ਲੋੜ ਸੀ। ਉਸ ਤੋਂ ਬਾਅਦ ਕੁੱਟ ਤੋਂ ਬਚਣ ਲਈ ਜੋ ਮਰਜ਼ੀ ਕਰ ਸਕਦੀ ਸੀ ਪਰ ਇੱਦਾਂ ਦਾ ਕਰੋਧ ਨਹੀਂ ਸਹਾਰ ਸਕਦੀ ਸੀ। ਹੋਰ ਪੰਜਾਬਣਾਂ ਵਾਂਗੂੰ ਵਿਆਹ ਵਿਚ ਕੈਦ ਹੋ ਗਈ ਸੀ। ਪਰ ਤਾਰਾ ਪਿਆਰ ਵੀ ਕਰਦਾ ਸੀ। ਉਹ ਨੂੰ ਤਾਂ ਹੋਸ਼ ਵੀ ਨਹੀਂ ਕਿ ਉਹ ਗ਼ਲਤ ਸੀ। ਗ਼ੈਰਤ ਕਰਕੇ ਇਹ ਔਰਤਾਂ ਚੁੱਪ ਚਾਪ ਰਹੀਆਂ। ਵੀਤਾ ਨੇ ਇਸ ਵਾਰਤਾ ਬਾਰੇ ਕਦੀ ਨਹੀਂ ਦੱਸਿਆ। ਆਪ ਦਾ ਨਹੀਂ ਵੇਖਿਆ ਪਰ ਤਾਰੇ ਦੀ ਪੱਗੜੀ ਉੱਤੇ ਦਾਗ਼ ਨਹੀਂ ਚਾਹੁੰਦੀ ਸੀ। ਨਾਲੇ ਪਿਤਾ ਦੇ ਵੀ ਨਹੀਂ।

ਤਾਰੇ ਦੇ ਘਰ ਕੋਈ ਕਿਤਾਬਾਂ ਨਹੀਂ ਸਨ। ਕੋਈ ਸਾਹਿਤ ਨਹੀਂ ਸੀ। ਇਹ ਚੀਜ਼ਾਂ ਵਿਚ ਉਹ ਨੂੰ ਦਿਲਚਸਪੀ ਨਹੀਂ ਸੀ। ਕੰਮ ਦਿਲਚਸਪ ਸੀ। ਕੇਵਲ ਕੰਮ। ਡਬਲ ਸ਼ਿਫਟਾਂ ਕਰੀ ਗਿਆ। ਵੀਤਾ ਨੂੰ ਇਹ ਚੱਕਰ ਵਿਚ ਪਾਇਆ। ਇਕ ਵਾਰੀ ਉਹਦੇ ਭਰਾ ਦੇ ਘਰ ਗਏ ਸੀ। ਕੋਈ ਨਹੀਂ ਬੋਲਿਆ। ਪੇਂਡੂ ਲੋਕ ਸੀ। ਆਪਣੇ ਆਪ ਨੂੰ ਤਾਰੇ ਦੇ ਟੱਬਰ ਦੇ ਪੱਧਰ ਤੇ ਲਿਆ। ਤਾਰਾ ਕਦੀ ਵੀ ਗੁਰਮੀਤ ਨੂੰ ਫ਼ੋਨ ਨਹੀਂ ਕਰਦਾ ਸੀ। ਜਠਾਨੀ ਦਰਾਨੀ ਨੂੰ ਰਿਸ਼ਤਾ ਕਾਇਮ ਰੱਖਣਾ ਪਿਆ। ਪਰ ਇਹ ਗੱਲਾਂ ਤੋਂ ਛੁਟ ਖ਼ੁਸ਼ ਸੀ।

ਜਦ ਸ਼ੋਲੇ ਫ਼ਿਲਮ ਆਈ ਸੀ ਵੀਤਾ ਨੂੰ ਪਤਾ ਨਹੀਂ ਸੀ ਕਿ ਇਸ ਤੋਂ ਬਾਅਦ ਕਦੀ ਨਹੀਂ ਇਹ ਨੂੰ ਸਿਨਮੇ ਲੈ ਕੇ ਜਾਣਾ ਸੀ। ਇਸ ਤੋਂ ਬਾਅਦ ਸ਼ੀਰੋ ਅਤੇ ਡੇਲ ਨਾਲ ਗਈ। ਹੌਲੀ ਹੌਲੀ ਬਾਗ਼ਾਂ, ਮੇਲਿਆਂ ਵਿਚ ਜਾਣਾ ਵੀ ਹਟ ਗਏ। ਕੋਚਾਂ ਵਿਚ ਮਹਾਂ ਮਾਰਗ ਉੱਤੇ ਵੱਧ ਟਾਇਮ ਲਾਉਂਦਾ ਸੀ। ਜਦ ਬੱਸਾਂ ਦੀ ਸ਼ਿਫਟ ਮੁੱਕਦੀ ਤਦ ਕੋਚਾਂ ਦੀ ਸ਼ੁਰੂ ਹੋ ਜਾਂਦੀ ਸੀ। ਵਿਹਲੇ ਟਾਇਮ ਵਿਚ ਰੋਟੀਆਂ ਖਾਣ ਵਿਚ ਬੀਤ ਜਾਂਦਾ ਸੀ। ਸਾਲ ਲਈ ਇੱਦਾਂ ਰਿਸ਼ਤੇਦਾਰਾਂ ਦੇ ਘਰ ਤੋਰੇ ਫਿਰਦੇ ਸੀ।

ਫਿਰ ਰਾਣਾ ਆ ਗਿਆ ਸੀ।

ਸੇਵਨਟੀ ਥਰੀ ਵਿਚ ਜਨਮ ਸੀ। ਪਿਉ ਪਬ ਵਿਚ ਬੈਠਾ ਸ਼ਰਾਬੀ ਹੁੰਦਾ ਸੀ। ਮਾਂ ਹਸਪਤਾਲ ਵਿਚ ਇਕੱਲੀ ਸੀ। ਡਾਕਟਰ ਨੇ ਪੇਟ ਵਿਚੋਂ ਦੋਨਾਂ ਹੱਥਾਂ ਨਾਲ ਰੋਂਦਾ ਚੁੱਕਿਆ ਸੀ। ਮਾਂ ਨੇ ਜਦ ਦੇਖਿਆ ਲੱਗੇ ਜਿੱਦਾਂ ਸਿਮਬਾ ਦੀ ਪਹਿਲੀ ਸੀਨ ਸ਼ਾਹ ਸ਼ੇਰ ਵਿਚ ਸੀ। ਡਾਕਟਰ ਨੇ ਮਾਂ ਦੇ ਹਵਾਲੇ ਕਰ ਦਿੱਤਾ। ਮਾਂ ਨੇ ਪਿਆਰ ਨਾਲ ਆਪਣੇ ਬਾਲਕ ਨੂੰ ਦੇਖਿਆ। ਬਾਲ ਨੇ ਮਾਂ ਨੂੰ ਵਾਪਸ। ਇਹ ਜ਼ੋਰੀ ਨੇਮੀ ਸੀ ਅਤੇ ਨੇਮੀ ਹੈ। ਮਮਤਾ ਨੂੰ ਕੋਈ ਸੁਆਲ ਨਹੀਂ ਕਰ ਸਕਦਾ। ਇਹ ਨਿੱਗਰ ਰਿਸ਼ਤਾ ਹੈ। ਇਹ ਪਲ ਵਿਚ ਮਾਂ ਬਹੁਤ ਖ਼ੁਸ਼ ਸੀ। ਸਭ ਤੰਗੀਆਂ ਚੇਤਾ ਭੁਲਾਦੀਆਂ ਸੀ। ਜਦ ਫੋਨ ’ਤੇ ਤਾਰੇ ਨੂੰ ਪਤਾ ਲੱਗਾ ਮੁੰਡਾ ਸੀ ਬਹੁਤ ਖ਼ੁਸ਼ ਹੋ ਗਿਆ ਸੀ। ਇਹ ਦਿਨ ਤੋਂ ਤਿੰਨੇ ਹੀ ਆਨੰਦ ਵਿਚ ਸਨ।

ਰਾਣਾ ਵੀਤਾ ਦਾ ਪਾਤਸ਼ਾਹ ਸੀ। ਇਹਦਾ ਮਾਣ ਤਾਣ ਸੀ। ਤਾਰਾ ਕਹਿ ਗਿਆ - ਜੋ ਮੈਂ ਨਹੀਂ ਬਣ ਸਕਿਆ ਰਾਣਾ ਬਣੇਗਾ। – ਪਹਿਲੀ ਵਾਰੀ ਲਈ ਵਲੈਤ ਵੀਤਾ ਨੂੰ ਚੰਗੀ ਲੱਗੀ।

### *ਅੱਠ*

ਮਾਂ ਦੀ ਪੂਜਾ, ਰੱਬ ਦੀ ਪੂਜਾ, ਮਾਂ ਤਾਂ ਰੱਬ ਦਾ ਨਾਂ ਹੈ ਦੂਜਾ (ਹਰਦੇਵ ਦਿਲਗੀਰ)। ਇਹ ਗੱਲ ਵੀਤਾ ਨੇ ਪੜ੍ਹੀ ਸੀ। ਮਾਂ ਨੇ ਨਿੱਕੇ ਇਨਸਾਨ ਨੂੰ ਦੁਨੀਆਂ ਵਿਚ



ਲਿਆਂਦਾ। ਰਾਣਾ ਦੀ ਪਹਿਲੀ ਪਛਾਣ ਵੀਤਾ ਨਾਲ ਸੀ। ਵੀਤਾ ਦੇ ਮਨ ਵਿਚ ਰਾਣਾ ਰੱਬ ਦਾ ਰੂਪ ਸੀ। ਬਾਲਕ ਦੀ ਪੂਜਾ ਰੱਬ ਦੀ ਪੂਜਾ ਹੈ। ਰੱਬ ਦਾ ਦੂਜਾ ਰੂਪ ਬਾਲਕ ਹੈ। ਇਹ ਗੱਲ ਵੀਤਾ ਮੰਨਦੀ ਸੀ। ਬਾਲਕ ਨਿਰਦੋਸ਼ ਹੈ। ਜੱਗ ਉਸਦੇ ਦਾਗ਼ ਪਾਉਂਦਾ ਹੈ।

ਵੀਤਾ ਦੇ ਨਜ਼ਰ ਵਿਚ ਰਾਣਾ ਬਹੁਤ ਵਚਿੱਤਰ ਮਨੋਹਰ ਕਾਕਾ ਸੀ। ਲਾਡਲੇ ਨਾਲ ਖੇਡਦੀ ਰਹਿੰਦੀ ਸੀ। ਬੀਬੀ ਜੀ ਦੀ ਮੱਦਦ ਨਾਲ ਪਾਲਿਆ। ਰਾਣੇ ਲਈ ਬਹੁਤ ਖੇਡਾਂ ਲਿਆਂਦੀਆਂ। ਗੁੱਡੇ, ਟੇਡੀ ਬੈਰ ਅਤੇ ਛਣਕਣੇ। ਤਾਰਾ ਜਦ ਘਰ ਪਹੁੰਚਦਾ ਸੀ ਇਕਦਮ ਬੇਟੇ ਨਾਲ ਖੇਡਣ ਲੱਗ ਜਾਂਦਾ ਸੀ। ਮੁੰਡੇ ਨੂੰ ਜਾਨ ਤੋਂ ਵੱਧ ਪਿਆਰ ਕਰਦਾ ਸੀ। ਝੂਟੇ ਮਾਟੇ ਕਰਦੇ ਸੀ। ਲਾਡ ਕਰਦੇ ਸੀ। ਰਾਣਾ ਘਰ ਦੀ ਜਿੰਦਜਾਨ ਜਿੰਦੜੀ ਸੀ।

ਰਾਣਾ ਮੋਟਾ ਪੋਲਾ ਕਾਕਾ ਸੀ। ਵਾਲ ਕਾਲੇ ਸਨ। ਅੱਖਾਂ ਬਦਾਮੀ, ਰੰਗ ਗੋਰਾ ਚਿੱਟਾ। ਜਦ ਇਕ ਸਾਲ ਦਾ ਸੀ ਬੀਬੀ ਜੀ ਉਸਨੂੰ ਪੰਜਾਬ ਲੈ ਗਈ ਸੀ ਸੈਰ ਕਰਵਾਉਣ। ਵੀਤਾ ਨੇ ਫੋਟੋ ਉਦੋਂ ਖਿੱਚੀ ਜਦ ਤਾਰੇ ਨੇ ਰਾਣੇ ਨੂੰ ਪਹਿਲੀ ਵਾਰੀ ਤੋਰਨ ਲਾਇਆ। ਪਹਿਲੇ ਜਨਮ ਦਿਨ ਪਾਰਟੀ ਲਈ ਮਾਂ ਪਿਉ ਅਤੇ ਬੀਬੀ ਜੀ ਹੀ ਸਨ। ਬਹੁਤ ਫ਼ੋਟੋਆਂ ਖਿੱਚੀਆਂ। ਸਾਊਥਹਾਲ ਦੇ ਬਾਗ਼ਾਂ ਵਿਚ ਵੀ ਖਿੱਚੀਆਂ। ਕਯੂ ਗਾਰਡਨ ਵਿਚ ਵੀ। ਜੇਮਜ਼ ਦਰਿਆ ਉੱਤੇ ਬੋਟਾਂ ਵਿਚ ਵੀ। ਜਦ ਮਾਂ ਪਿਉ ਕੰਮ ਤੇ ਸੀ ਬੀਬੀ ਨੇ ਪਾਲਿਆ। ਇੱਦਾਂ ਦਿਨ ਬੀਤੇ। ਇੱਦਾਂ ਸਾਲ ਲੰਘਦੇ ਗਏ।

ਤਾਰੇ ਅਤੇ ਵੀਤਾ ਨੇ ਸਖ਼ਤ ਕਮਾਈਆਂ ਕੀਤੀਆਂ। ਤਾਰਾ ਇੰਨਾ ਹਿਰਸੀ ਸੀ ਕਿ ਉਸ ਜ਼ਮਾਨੇ ਵੀਤਾ ਨੂੰ ਖ਼ੁਦ ਕਾਰ ਚਲਾਉਣੀ ਸਿਖਾਈ। ਹੋਰ ਲੋਕਾਂ ਦੀਆਂ ਤੀਵੀਆਂ ਬੱਸਾਂ ’ਤੇ ਟੱਕਰਾਂ ਮਾਰਦੀਆਂ ਸਨ। ਵੀਤਾ ਦੈਟਸਨ ਚਲਾਉਂਦੀ ਸੀ। ਇਸ ਲਈ ਸਭ ਕੁੜੀਆਂ ਇਹ ਤੋਂ ਲਿਫ਼ਟ ਲੈਂਦੀਆਂ ਸੀ। ਜਿਹੜੇ ਕੰਮ ਤਾਰੇ ਤੋਂ ਨਹੀਂ ਹੁੰਦੇ ਵੀਤਾ ਕਰਦੀ ਸੀ।

ਇੱਦਾਂ ਕਰਦਿਆਂ ਸਾਲ ਬਾਅਦ ਕਾਮਯਾਬ ਹੋ ਗਏ ਸਨ। ਹੁਣ ਇਨ੍ਹਾਂ ਕੋਲ ਪੰਜ ਮਕਾਨ ਸਨ। ਜੀ ਲਾ ਕੇ ਕੰਮ ਕਰਦੇ ਸੀ। ਦੋਨਾਂ ਨੂੰ ਚੰਗੇ ਭਾਗ ਲੱਗੇ ਸੀ। ਤਾਰੇ ਨੇ ਵੀਤਾ ਨੂੰ ਸਠੈਣ ਬਣਾ ਤਾ ਸੀ। ਪਰ ਇਹ ਗੱਲਾਂ ਦੀਆਂ ਦਿਲਚਸਪੀ ਨਹੀਂ ਸੀ ਵੀਤਾ ਲਈ। ਇਹ ਤਾਂ ਰਾਣੇ ਨਾਲ ਪਿਲਚਦੀ ਸੀ।

ਰਾਣਾ ਹੁਣ ਪੰਜ ਸਾਲਾਂ ਦਾ ਸੀ। ਤਿੰਨੇ ਹੀ ਸਾਰੇ ਪਾਸੇ ਜਾਂਦੇ ਸੀ। ਤਾਰਾ ਰਾਣੇ ਨੂੰ ਬੱਸਾਂ ਉੱਤੇ ਲੈ ਜਾਂਦਾ ਸੀ। ਡਰਬੀ ਲੈਂਸਟਰ ਇਲਫ਼ੋਰਡ ਤੋਂ ਗਰੈਵਸਇੰਡਜ਼ ਜਾਂਦੇ ਸੀ। ਬਰਮਿੰਗਮ ਤੋਂ ਵੁਲਵਾਰਹਾਮਟੋਨ ਤੱਕ ਵੀ। ਇਨ੍ਹਾਂ ਟਾਇਮਾਂ ਤੇ ਵੀਤਾ ਦਾ ਦਿਲ ਚੁਭਦਾ ਸੀ। ਰਾਣਾ ਪੋਲਾ ਮਾਸ ਸੀ। ਵੀਤਾ ਦਾ ਰਾਜਦੁਲਾਰ ਸੀ। ਘਰ ਦਾ ਟਿੱਕਾ ਸੀ। ਵੀਤਾ ਨੂੰ ਆਪਣੇ ਪੁੱਤਰ ਦੇ ਅੱਖਾਂ ਵਿਚ ਬਾਪ ਦਾ ਗਰਮ ਮਿਜ਼ਾਜ ਨਹੀਂ ਦਿਸਦਾ ਸੀ। ਪਰ ਬਾਪ ਤੇ ਥਰੋ ਥਰੋ!

ਸੰਨ ਅਠੱਤਰ ਚੜ੍ਹ ਗਿਆ ਸੀ।

ਵੀਤਾ ਨੂੰ ਸਾਹਿਤ ਪੜ੍ਹਣ ਦਾ ਸ਼ੌਂਕ ਸੀ। ਇਸ ਲਈ ਉਹ ਕਿਤਾਬਾਂ ਲਿਆ ਲਿਆ ਪੜ੍ਹਦੀ ਸੀ। ਤਾਰਾ ਤਾਂ ਵਿਵਹਾਰਕ ਸੀ। ਕੋਈ ਕਲਪਨਾ ਨਹੀਂ ਸੀ। ਵੀਤਾ ਰਾਣੇ ਨੂੰ ਆਪਣੇ ਪੱਟਾਂ ਉੱਤੇ ਬੈਠਾ ਕੇ ਪੜ੍ਹਦੀ ਸੀ।

– ਇਕ ਸਮੇਂ ਬਹੁਤ ਤੇਜ਼ ਸਹਿਆ ਅਤੇ ਬਹੁਤ ਹੌਲੀ ਕੱਛੂ ਸੀ। ਸਹਿਆ ਹਰ ਪਾਸੇ ਬਹੁਤ ਤੇਜ਼ੀ ਨਾਲ ਫਿਰਦਾ ਗੜਬੜ ਕਰਦਾ ਸੀ। ਕੱਛੂ ਹੌਲੀ ਚੱਲਣ ਵਾਲਾ ਅਤੇ ਵਧੇਰੇ ਸਮਝਦਾਰ ਜਾਨਵਰ ਸੀ। ਇਕ ਦਿਨ ਸਹਿਆ ਬਹੁਤ ਤੇਜ਼ੀ ਨਾਲ ਨੱਸ ਰਿਹਾ ਸੀ ਜਿਸ ਵੇਲੇ ਉਹ ਕੱਛੂ ਉਰ ਦੀ ਠੁੱਡ ਖਾ ਕੇ ਬਾਜੀਆਂ ਪਾਉਂਦਾ ਕੰਢਿਆਂ ਵਾਲੀ ਝਾੜੀ ਵਿਚ ਡਿੱਗਿਆ–।

ਗ਼ਲਤ ਵਹਿਮ ਨਾਲ ਵੀਤਾ ਅਤੇ ਸਭ ਉਸ ਜ਼ਮਾਨੇ ਵਿਚ ਮੰਨਦੇ ਸੀ ਕਿ ਅੰਗਰੇਜ਼ੀ ਪੰਜਾਬੀ ਤੋਂ ਵੱਧ ਜ਼ਰੂਰੀ ਹੈ। ਇਸ ਲਈ ਇੰਗਲਿਸ਼ ਵਿਚ ਕਹਾਣੀਆਂ ਵੀ ਪੜ੍ਹਦੇ ਸਨ। ਇਸ ਤਰ੍ਹਾਂ ਹਾਂਸਲ ਅਤੇ ਗਰੈਟਲ ਵਰਗੀਆਂ ਕਹਾਣੀਆਂ ਵੀ ਸੁਨਾਉਂਦੀ ਸੀ।

– ਜਿਸ ਵੇਲੇ ਪੰਛੀ ਜੰਗਲ ਵਿਚ ਨੂੰ ਉੱਡਿਆ ਤਾਂ ਬੱਚੇ ਇਕ ਸੁੰਦਰ ਮਕਾਨ ਕੋਲ ਪਹੁੰਚਣ ਤੱਕ ਉਸ ਦੇ ਮਗਰ ਮਗਰ ਗਏ। ਕੰਧਾਂ ਉਰ ਸਟਰਾਬਰੀ ਦੀਆਂ ਟਾਈਲਾਂ ਲੱਗੀਆਂ ਹੋਈਆਂ ਸਨ। ਛੱਤ ਚੌਕਲੇਟ ਦੇ ਦਿਲਾਂ ਦੀ ਬਣੀ ਸੀ। – ਰਾਣੇ ਨੂੰ ਸਭ ਕਹਾਣੀਆਂ ਪਸੰਦ ਸਨ। ਸੱਚਮੁਚ ਗੋਰਿਆਂ ਦੀਆਂ ਕਹਾਣੀਆਂ ਵਿਚ ਕਲਪਨਾ ਸੀ।

ਪਰ ਬਾਪੂ ਨੂੰ ਇਹ ਚੀਜ਼ਾਂ ਵਿਚ ਕੋਈ ਦਿਲਚਸਪੀ ਨਹੀਂ ਸੀ।

### ਨੌਂ

ਰਾਣੇ ਦਾ ਛੇਵਾਂ ਬਰਥਡੇ ਆ ਗਿਆ ਸੀ। ਘਰ ਵਿਚ ਸਾਰੀਆਂ ਆਂਟੀਆਂ ਬੀਬੀਆਂ ਸਨ। ਸਾਰੇ ਪਾਸੇ ਨਿਆਣੇ ਦੌੜਦੇ ਸੀ। ਬੀਬੀਆਂ ਪਿੱਛੇ ਕਮਰੇ ਵਿਚ ਸਨ। ਮਰਦ ਅਗਲੇ ਮੋਰਲੇ ਬੈਠਕ ਵਿਚ। ਪ੍ਰੋਫ਼ੈਸਰ ਵੀ ਸੀ। ਕੰਡਕਟਰ, ਰਾਜਿੰਦਰ ਅਤੇ ਨਿਰਮਲ ਵੀ ਸਨ। ਮਸੇਰੇ ਅਤੇ ਚਚੇਰੀਆਂ ਨੇ ਘਰ ਕਾਬੂ ਕਰ ਲਿਆ ਸੀ।

ਰਾਣਾ ਆਪਣੇ ਬਾਪ ਦਾ ਰੂਪ ਸੀ। ਕੇਵਲ ਇਕ ਫਰਕ। ਰਾਣੇ ਨੇ ਕੇਸ ਰੱਖੇ ਸੀ। ਸਿਰ ਦੇ ਉਪਰ ਜੂੜਾ ਸੀ। ਮਸਤੀ ਵਿਚ ਖੇਡੀ ਗਿਆ। ਇੱਥੇ ਉਥੇ ਬੱਚੇ ਨੱਸਦੇ ਸੀ। ਆਦਮੀ ਬੈਠਕ ਵਿਚ ਸ਼ਰਾਬ ਪੀਂਦੇ ਸਨ। ਜਨਾਨੀਆਂ ਚਬਰ ਚਬਰ ਕਰਦੀਆਂ ਸਨ। ਇਹ ਮਾਹੌਲ ਜਨਮ ਦਿਨ ਵਾਲੇ ਦਿਨ ਵਾਂਗ ਸੀ।

ਕੇਕ ਕੱਟਣ ਦਾ ਟਾਇਮ ਆ ਗਿਆ। ਸ਼ੀਰੋ ਮਾਸੀ ਨੇ ਕੇਕ ਮੇਜ ਉੱਤੇ ਰੱਖ ਦਿੱਤਾ ਸੀ। ਮਾਸੀ ਨੇ ਮੋਮਬੱਤੀਆਂ ਕੇਕ ਵਿਚ ਫਸਾ ਦਿੱਤੀਆਂ। ਰਾਣਾ ਕਮਰੇ ਵਿਚ ਆ ਗਿਆ ਸੀ। ਸਾਰਿਆਂ ਨੂੰ ਵੀਤਾ ਨੇ ਬੁਲਾ ਲਿਆ ਸੀ। ਜਿੱਦ ਨਾਲ ਰਾਣਾ ਕਹਿਣ ਲੱਗ ਗਿਆ - ਮੈਂ ਬੱਤੀਆਂ ਲਾਉਂਣੀਆਂ। - ਮਾਂ ਨੇ ਨਾਂਹ ਕਰਤੀ। ਬਸ ਮੁੰਡਾ ਟੇਬਲ ਦੇ ਥੱਲੇ ਲੁੱਕ ਗਿਆ। ਕਿਉਂਕਿ ਜਿੱਦ ਫੜ ਲਈ ਬਲਾਏ ’ਤੇ ਨਹੀਂ ਬਾਹਰ ਆਇਆ। ਲੋਕ ਵੇਖੀ ਗਏ। ਤਾਰੇ ਨੂੰ ਪਤਾ ਲੱਗ ਗਿਆ। ਆਪਾਂ ਹੁਣ ਤਾਂ ਜਾਣਦੇ ਹਾਂ ਕਿ ਕਿੱਦਾਂ ਦਾ ਬੰਦਾ ਤਾਰਾ ਸੀ। - ਬਾਹਰ ਆਜਾ–। ਮੁੰਡਾ ਨਾ ਮੰਨਿਆ। ਜ਼ਬਰਦਸਤੀ ਉਹਦੀ ਬਾਂਹ ਖਿੱਚ ਲਈ। ਤਾਰਾ ਉਸਨੂੰ ਰੋਂਦਾ ਘੜੀਸ ਕੇ ਬੈਠਕ ਵਿਚ ਲੈ ਗਿਆ। ਕਿਉਂ ਕਿ ਸਭ ਪਿੱਛਲੇ ਕਮਰੇ ਵਿਚ ਸਨ, ਬੈਠਕ ਵਿਚ ਧਾਵਾ ਦੇ ਸਕਦਾ ਸੀ। ਆਪਣੇ ਪਿੱਛੇ ਦਰਵਾਜ਼ਾ ਬੰਦ ਕਰ ਦਿੱਤਾ। ਵੀਤਾ ਡਰਦੀ ਡਰਦੀ ਮਗਰ ਗਈ ਪਰ ਤਾਰੇ ਨੇ ਤਾਲਾ ਲਾ ’ਤਾ ਸੀ।



ਵੀਤਾ ਬੂਹੇ ਨਾਲ ਖੜ ਕੇ ਰੋਈ। - ਤੁਸੀਂ ਮਾਰੋ ਨਾ - ਬਾਰ ਬਾਰ ਕਹੀ ਗਈ। ਅੰਦਰੋਂ ਰਾਣੇ ਦੀ ਰੋਣ ਦੀ ਆਵਾਜ਼।

ਕੇਵਲ ਕੰਡਕਟਰ ਅੱਗੇ ਆਇਆ ਮਦਦ ਕਰਨ।

– ਭੈਣ ਜੀ ਫਿਕਰ ਨਾ ਕਰੋਂ। ਮੈਂ ਭਾ ਜੀ ਨਾਲ ਗੱਲ ਕਰਦਾ– ਕੰਡਕਟਰ ਨੇ ਦਰਵਾਜ਼ਾ ਖੜਕਾਇਆ।

– ਬਾਹਰ ਰਿਹੋ - । ਤਾਰੇ ਦਾ ਜਵਾਬ ਆਇਆ।

– ਭਰਾਵਾ ਮੈਂ ਏ -

– ਤੁਸੀਂ ਉਹਨੂੰ ਕਿਉਂ ਮਾਰਦੇ ਓ-

– ਤੂੰ ਨਾ ਵਿਚ ਆਈ!

– ਸੁਣ ਤਾਂ ਸਈ -

– ਰਾਣੇ ਨੂੰ ਨਾ ਮਾਰੋ -

– ਤਾਰੇ ਨੇ ਅੰਦਰ ਆਉਂਦੇ ਕਿਹਾ ਮੇਰਾ ਬੱਚਾ ਲੜਾਕਾ ਹੀ ਏ–

ਖ਼ਾਮੋਸ਼ੀ ਛਾ ਗਈ। ਫਿਰ ਤਾਲਾ ਚਕ ਚਕ ਕਰਕੇ ਖੁੱਲ੍ਹਾ। ਕੰਡਕਟਰ ਅੰਦਰ ਗਿਆ। ਵੀਤਾ ਉਹਦੇ ਮਗਰ ਜਾਣ ਲੱਗੀ ਪਰ ਸੁਹਾਗ ਨੇ ਉਹਤੇ ਦਰਵਾਜ਼ਾ ਬੰਦ ਕਰਤਾਂ। ਸਿਰ ਬੂਹੇ ਉੱਤੇ ਰੱਖ ਕੇ ਰੋਈ। ਪ੍ਰਾਹੁਣੇ ਚੁਪ ਚਾਪ ਖੜੇ ਰਹੇ। ਜਿੱਦਾਂ ਕਬਰਸਤਾਨ ਵਿਚ ਮੂਰਤੀਆਂ ਸਨ। ਅੰਦਰੋਂ ਕੁੱਟ ਖਾਂਦੇ ਦੀ ਆਵਾਜ਼ ਆਈ।

– ਡੈਡੀ ਨਹੀਂ! ਪਲੀਜ਼!–।

### *ਦਸ*

ਜਦ ਸਭ ਆਪਣੇ ਘਰਾਂ ਵੱਲ ਚਲੇ ਗਏ ਵੀਤਾ ਨੇ ਰਾਣੇ ਨੂੰ ਆਪਣੇ ਨਾਲ ਜੋੜ ਕੇ ਉਸ ਦੇ ਕਮਰੇ ਵਿਚ ਪਈ। ਦੋਵੇਂ ਸਾਰੀ ਰਾਤ ਰੋਏ। ਬਾਹਰ ਬੱਦਲ ਵੀ ਰੋਏ। ਇਹ ਵੀਤਾ ਦੀ ਜ਼ਿੰਦਗੀ ਸੀ। ਇਹ ਇਸ ਦੇ ਕਰਮ ਸੀ।

----------------------

## ਤੀਜਾ ਭਾਗ

## ਰਾਣਾ

### *ਇਕ*

ਰਾਣੇ ਦੀ ਸਭ ਤੋਂ ਪਹਿਲੀ ਯਾਦ ਵਕਤ ਦੇ ਕੁਹੀਰ ਵਿਚ ਗੁੰਮ ਗਈ ਸੀ। ਅੱਜ ਕੱਲ੍ਹ ਕੇਵਲ ਦਿਮਾਗ ਵਿਚ ਇਕ ਗੱਲ ਯਾਦ ਆਉਂਦੀ ਸੀ। ਡੈਡੀ ਮਾਰਦਾ ਹੈ। ਡੈਡੀ ਮਾਰਦਾ ਹੈ। ਸੱਚਮੁਚ ਗੱਲ ਤਾਂ ਪੁੱਛੋਂ ਜਵਾਬ ਬਾਪੂ ਬਹੁਤ ਪਿਆਰ ਕਰਦਾ ਆਵੇਗਾ। ਪਰ ਤਾਰੇ ਨੇ ਕਦੀ ਪਿਆਰ ਨਹੀਂ ਵਿਖਾਇਆ, ਕਿਉਂਕਿ ਉਹਦੇ ਬਾਪੂ ਨੇ ਸਿਖਾਇਆ ਕਿ

ਪਿਆਰ ਨਾਲ ਬੱਚੇ ਵਿਗੜ ਜਾਂਦੇ ਆਂ। ਪਰ ਇਹ ਗੱਲ ਰਾਣੇ ਨੂੰ ਮਹਿਸੂਸ ਨਹੀਂ ਸੀ। ਇਹਨੂੰ ਤਾਂ ਇਕ ਹੀ ਚੀਜ਼ ਪਤਾ ਸੀ। ਇਕ ਹੀ ਚੀਜ਼ ਜਾਪਦੀ ਸੀ - ਡੈਡੀ ਮਾਰਦਾ ਹੈ। ਪਹਿਲੇ ਦਿਨਾਂ ਵਿਚ ਮਾਂ ਪਿਉ ਇਹ ਨੂੰ ਸਾਰੇ ਪਾਸੇ ਲੈ ਕੇ ਜਾਂਦੇ ਸੀ। ਤਾਰਾ ਕੰਮ ਤੋਂ ਘਰ ਆ ਕੇ ਇਹਦੇ ਨਾਲ ਖੇਡਦਾ ਸੀ। ਰਾਣਾ ਤਾਰੇ ਦੇ ਅੱਖ ਦੀ ਧੀਰੀ ਸੀ। ਪਰ ਰਾਣੇ ਦੀ ਪਹਿਲੀ ਪਛਾਣ ਮਾਂ ਨਾਲ ਸੀ। ਮਮਤਾ ਹੈ। ਪੈਦਾ ਹੁੰਦੇ ਇਨਸਾਨ ਦੀ ਸਭ ਤੋਂ ਪਹਿਲੀ ਪਛਾਣ ਆਪਣੀ ਮਾਂ ਨਾਲ ਹੁੰਦੀ, ਅਗਲੀ ਮਾਂ ਬੋਲੀ ਨਾਲ। ਫਿਰ ਬਾਪ ਆਉਂਦਾ। ਦਰਅਸਲ ਰਾਣੇ ਦਾ ਬਾਪ ਉਸ ਵੇਲੇ ਪੱਬ ਵਿਚ ਸੀ।

ਰਾਣੇ ਨੂੰ ਬਾਪ ਦਾ ਪਿਆਰ ਨਹੀਂ ਯਾਦ ਸੀ। ਨਾਲੇ ਸਮਝ ਸੀ ਕਿ ਬਾਪ ਦੋ ਨੌਕਰੀਆਂ ਕਰਕੇ ਉਸ ਨੂੰ ਭਾਰ ਪਹਿੰਦਾ ਸੀ। ਇਹ ਭਾਰ ਹਲਕਾ ਕਰ ਲੈਂਦਾ ਸੀ ਆਪਣੇ ਪਿਆਰਿਆਂ ਨੂੰ ਝਿੜਕਾਂ ਮਾਰ ਕੇ। ਰਾਣੇ ਦੇ ਮਨ ਵਿਚ ਸਿਰਫ਼ ਇਹ ਗੱਲ ਯਾਦ ਆਉਂਦੀ ਸੀ। ਬਾਪੂ ਦੇ ਦਬਕੇ। ਤਾਰਾ ਵੀ ਬਹੁਤਾ ਪੋਲਾ ਮਾਸ ਸੀ। ਉਸਨੂੰ ਦਿਸਦਾ ਨਹੀਂ ਸੀ ਕੀ ਅਸਰ ਬੱਚੇ 'ਤੇ ਪੈਂਦਾ ਹੈ। ਇਸ ਲਈ ਕੁਹੀਰ ਵਿਚੋਂ ਰਾਣੇ ਨੇ ਇਕ ਹੀ ਯਾਦ ਨੂੰ ਕੱਢ ਲਿਆ। - ਡੈਡੀ ਮਾਰਦਾ ਹੈ-। ਇਹ ਇਨ੍ਹਾਂ ਦੇ ਮੇਲ ਖੇਡ ਦੀ ਬੁਨਿਆਦ ਬਣ ਗਈ ਸੀ। ਟੁੱਟੇ ਤਵੇ ਵਾਂਗੂੰ ਜੀਵਨ ਲਈ ਇਕ ਹੀ ਰਾਗ ਰਾਣੇ ਨੇ ਗਾਉਣੀ ਸੀ। ਬਾਪ ਦਾ ਗੀਤ - ਇਹਨੇ ਕਿਤੇ ਨੀ ਪਹੁੰਚਣਾ- ਹੋਣਾ ਸੀ।

ਰਾਣੇ ਨੂੰ ਆਪਣਾ ਛੇਵਾਂ ਜਨਮ ਦਿਨ ਅਮਿੱਟ ਦਾਗ਼ ਵਾਂਗੂੰ ਮਨ ਵਿਚ ਰੱਖ ਲਿਆ। ਇਹਦੂੰ ਛੁੱਟ ਭਾਰਤ ਦੀਆਂ ਧੁੰਦਲੀਆਂ ਜਿਹੀਆਂ ਯਾਦਾਂ ਸਨ। ਬੀਬੀ ਜੀ ਨਾਲ ਕਿਸੇ ਦੇ ਪੰਜਾਬੀ ਵਿਹੜੇ ਵਿਚ ਬੈਠੇ। ਕੋਈ ਬੁਢੇੜ ਨਾਲ ਗੱਡੇ ਉੱਤੇ ਬੈਠਾ ਹੋਇਆ। ਵਾੜੇ ਦੀ ਮਹਿਕ। ਕਿਰਲੀਆਂ ਦੀਆਂ ਲੰਬੀਆਂ ਜੀਭਾਂ। ਜਦ ਅੱਗ ਦੇ ਕੋਲੋਂ ਲੰਘਦਾ ਸੀ ਧੂੰਆਂ ਇੰਡੀਆ ਦਾ ਚੇਤਾ ਵਾਪਸ ਲਿਆਉਂਦਾ ਸੀ। ਬੀਬੀ ਹਰੇਕ ਯਾਦ ਵਿਚ ਸੀ। ਜਦ ਵਲੈਤ ਵਾਪਸ ਆਏ ਮੰਮੀ ਉਡੀਕਦੀ ਸੀ। ਅੰਗਰੇਜ਼ੀਸਤਾਨ ਦੇ ਯਾਦ ਵੀ ਧੁੰਦਲੇ ਸਨ। ਛੇ ਸਾਲ ਦੀ ਉਮਰ ਤੋਂ ਪਹਿਲਾ ਸਾਫ਼ ਸਫ਼ਾ ਸੀ। ਛੇਵਾਂ ਜਨਮ ਦਿਨ ਸਾਫ਼ ਦਿਸਦਾ ਸੀ। ਬਹੁਤ ਸਾਫ਼।

### *ਦੋ*

ਰਾਣਾ ਪਹਿਲੇ ਪੰਜ ਸਾਲ ਨਾਨੀ ਨਾਲ ਰਿਹਾ। ਉਹ ਇਹਦੇ ਨਾਲ ਪੰਜਾਬੀ ਬੋਲਦੀ ਸੀ। ਉਹ ਅੱਜ ਕਲ੍ਹ ਹਰੇਕ ਅੰਗਰੇਜ਼ੀ-ਪੰਜਾਬੀ ਵਾਂਗੂੰ ਇੰਗਲਿਸ਼ ਵਿਚ ਹੀ ਸੋਚਦਾ ਬੋਲਦਾ ਹੈ। ਆਪਾਂ ਕਹਿ ਸਕਦੇ ਆਂ ਕੇ ਪੰਜਾਬੀ ਇਹਦੀ ਪਹਿਲੀ ਬੋਲੀ ਸੀ। ਇਸ ਕਰਕੇ ਆਪਾ ਰਾਣੇ ਦੀ ਜੀਵਨ ਕਥਾ ਪੰਜਾਬੀ ਵਿਚ ਹੀ ਦੱਸਾਂਗੇ। ਪਹਿਲੇ ਦਿਨਾਂ ਵਿਚ ਮਾਂ ਵੱਲਿਜ਼ ਸਾਸੇਜ਼ ਲਈ ਕੰਮ ਕਰਦੀ ਸੀ। ਇਹ ਦਿਨਾਂ ਵਿਚ ਬੀਬੀ ਜੀ ਨਾਲ ਨਜ਼ਦੀਕ ਸੀ। ਜਦ ਪੰਜਾਂ ਸਾਲਾਂ ਦਾ ਹੋ ਗਿਆ ਨਰਸਰੀ ਜਾਣ ਲੱਗ ਪਿਆ ਸੀ। ਦੂਜੇ ਸਾਰੇ ਅੰਗਰੇਜ਼ੀ ਬੋਲੇ ਇਹ ਪੰਜਾਬੀ ਵਿਚ। ਕਮਾਲ ਦੀ ਗੱਲ ਸੀ! ਇਕ ਇਕ ਬੋਲੀ ਵਿਚ ਚਬੜ ਚਬੜ ਕਰੇ। ਦੂਜਾ ਦੂਸਰੀ ਬੋਲੀ ਵਿਚ। ਅੰਗਰੇਜ਼ੀ ਵਿਚ ਤੇਜ਼ ਨਾ ਹੋਣ ਕਰਕੇ



ਗੜਬੜ ਹੋ ਜਾਂਦੀ ਸੀ। ਉਲ੍ਹਾਮੇ ਘਰ ਆਉਂਦੇ ਸੀ ਕਿ ਬੇਵਕੂਫ਼ ਆ। ਬਸ ਤਾਰਾ ਗਰਮ ਹੋ ਜਾਂਦਾ ਸੀ।

ਸਾਰੇ ਬੱਚੇ ਸੋਹਣੇ ਮੌਡਲ ਬਣਾਉਂਦੇ ਸੀ। ਸੱਚ ਗੱਲ ਉਨ੍ਹਾਂ ਦੇ ਮਾਂ-ਪਿਉ ਟਾਇਮ ਕੱਢ ਕੇ ਮੱਦਦ ਕਰਦੇ ਸੀ। ਰਾਣੇ ਦੇ ਮਾਂ-ਪਿਉ ਕੰਮਾਂ ਵਿਚ ਲੱਗੇ ਸੀ। ਬੀਬੀ ਜੀ ਕੋਲ ਨੂੰ ਆਉਂਦਾ ਨਹੀਂ ਸੀ। ਇਸ ਲਈ ਰਾਣਾ ਰੁਸ ਜਾਂਦਾ ਸੀ। ਹੋਰਾਂ ਦੇ ਬਣਾਵਟੀ ਚਿਹਰਿਆਂ ਉੱਤੇ ਈਰਖਾ ਸੀ। ਇਕ ਵਾਰੀ ਨਿਆਣਿਆਂ ਨੂੰ ਕਿਸ਼ਤੀ ਬਣਾਉਣੀ ਪਈ। ਹੋਰਾਂ ਦੇ ਮਾਂ-ਪਿਉਆਂ ਨੇ ਮਦਦ ਕਰਕੇ ਗੱਤਿਆਂ ਦੇ ਡੱਬੀਆਂ ਨਾਲ ਕਿਸ਼ਤੀਆਂ ਬਣਾਈਆਂ ਸਨ। ਰਾਣੇ ਦੇ ਮਾਂ-ਬਾਪ ਕੰਮਾਂ ਵਿਚ ਮਗਨ ਸਨ। ਟੀਚਰ ਨੇ ਇਹਦੇ ਲਈ ਕਾਗਜ਼ ਦੀ ਕਿਸ਼ਤੀ ਬਣਾਈ। ਇਹ ਇੰਨਾ ਰੁੱਸ ਗਿਆ ਕਿ ਇਸੇ ਨੇ ਪਾੜ ਕੇ ਸਿੱਟ ਦਿਤੀ। ਗਰਮੀ ਚੜ੍ਹ ਗਈ। ਘਰ ਰੋ ਰੋ ਕੇ ਬੀਬੀ ਨਾਲ ਗਿਆ। ਜ਼ਿੱਦੀ ਮੁੰਡਾ ਸੀ। ਇਹਦੇ ਜ਼ਿੱਦ ਨੇ ਬਾਪੂ ਤੋਂ ਕਈ ਵਾਰੀ ਕੁੱਟ ਖਾਧੀ ਸੀ।

ਨਰਸਰੀ ਤੋਂ ਬਾਅਦ ਪਾਠਸ਼ਾਲੇ ਵਿਚ ਦਾਖ਼ਲ ਹੋਇਆ। ਇੱਥੇ ਤਾਰੇ ਦੇ ਚਾਚੇ ਦਾ ਪੋਤਾ ਪੜ੍ਹਦਾ ਸੀ। ਪੋਤੇ ਦਾ ਨਾਂ ਸੁਖੀ ਸੀ। ਸਾਰੇ ਬੱਚੇ ਉਸਨੂੰ ਸੁਖ ਆਖਦੇ ਸੀ। ਸੁਖ ਰੋਜ਼ ਰਾਣੇ ਨੂੰ ਤੁਰ ਕੇ ਸਕੂਲ ਲੈ ਕੇ ਜਾਂਦਾ ਸੀ। ਦੁਪਹਿਰੇ ਘਰ ਵਾਪਸ ਛੱਡਦਾ ਸੀ। ਉਹ ਸੁਖੀ ਖੁਣਸੀ ਮੁੰਡਾ ਸੀ। ਪਰ ਰਾਣੇ ਦੀ ਰਾਖੀ ਰਖਦਾ ਸੀ। ਰਾਣੇ ਦੀ ਆਦਤ ਬਣ ਗਈ ਮੱਦਦ ਲੈਣ ਦੀ। ਰਾਣੇ ਦੇ ਪਹੀਆ ਦਾ ਨਾਬ ਸੁਖ ਸੀ। ਪਰ ਗਾਲੜੀ ਸੀ, ਹਾਰ ਕੇ ਸੁਖ ਮੱਦਦ ਕਰਨੋਂ ਹਟ ਗਿਆ। ਚਪੜ-ਚਪੜ ਕਰਦਾ ਸੀ। ਇਹਦੇ ਲਗਾਤਾਰ ਗੱਲਾਂ ਬਾਤਾਂ ਨਾਲ ਆਖ ਜਾਂਦਾ ਸੀ।

ਕੁੜੀਆਂ ਤੋਂ ਰਾਣਾ ਸੰਗਦਾ ਸੀ। ਜਦ ਕੋਈ ਲੜਕੀ ਇਹਦੇ ਨਾਲ ਬੋਲੇ ਜੱਕ ਜਾਂਦਾ ਸੀ। ਕੁੜੀ ਦੀ ਤਬਸੱਮ ਤੋਂ ਤ੍ਰਭਕਦਾ ਸੀ। ਇਸ ਕਰਕੇ ਯਾਰਣੀ ਕਦੀ ਨਹੀਂ ਬਣਾਈ। ਮੁੰਡਿਆਂ ਨਾਲ ਰੀਸੇਸ ਵਿਚ ਸ਼ਿਕਾਰ ਖੇਡਦਾ ਸੀ। ਇੱਲਤਾਂ ਵਿਚ ਚੁਸਤ ਸੀ। ਪੜ੍ਹਾਈ ਵਿਚ ਸੁਸਤ ਸੀ। ਜਦ ਗੱਡੀ ਵਿਚ ਸੁਖ ਨਾਲ ਹੁੰਦਾ ਤਾਰਾ ਦੋਨਾਂ ਨੂੰ ਪੁਛਦਾ ਸੀ - ਓ ਕੀ ਲਿਖਿਆ?-। ਹਰੇਕ ਵਾਰੀ ਸੁਖ ਉਤਾਰਦਾ ਸੀ - ਇਹ ਲਿਖਾ । ਜੇ ਉਹ ਲਿਖਾ- । ਰਾਣਾ ਨਹੀਂ ਜਵਾਬ ਦਿੰਦਾ ਕਰਕੇ ਪਿਉ ਖਿੱਝ ਜਾਂਦਾ ਸੀ। ਮਸਤੀ ਵਿਚ ਖ਼ੁਸ਼ ਸੀ।

ਜਦ ਸਕੂਲ ਵਿਚ ਸ਼ਬਦ ਜੋੜੀਆਂ ਕਰਨੀਆਂ ਪੈਂਦੀਆਂ ਸੀ। ਰਾਣਾ ਫ਼ੇਲ ਹੋ ਜਾਂਦਾ ਸੀ। ਇਸ ਕਰਕੇ ਇਕ ਹਿੱਜੇ ਤੋਂ ਬਚ ਕੇ ਰਹਿਣ ਮਾਂ-ਪਿਉ ਨੂੰ ਝੂਠ ਬੋਲ ਕੇ ਕਿਹਾ - ਮੇਰਾ ਪੇਟ ਦੁਖਦਾ-। ਘਰ ਰਿਹਾ। ਪਰ ਸ਼ੈਤਾਨ ਮਾਸਟਰ ਨੇ ਜਾਣ ਕੇ ਜਾਂਚ ਡੀਲੇਅ ਕਰ ਦਿੱਤਾ ਸੀ। ਜਦ ਪਾਠਸ਼ਾਲਾ ਵਾਪਸ ਗਿਆ ਹਿੱਜਾ ਬੈਠਣਾ ਪਿਆ।

ਪਾਠਸ਼ਾਲੇ ਵਿਚ ਵੱਧ ਗੋਰੇ ਬੱਚੇ ਸਨ। ਉਸ ਦਿਨਾਂ ਵਿਚ ਕਾਲੇ ਅਤੇ ਏਸ਼ੀਅਨ ਘੱਟ ਸੀ। ਸਕੂਲ ਦੇ ਖੇਡਣ ਵਾਲੇ ਮੈਦਾਨ ਵਿਚ ਤਾੜ ਤਾੜ ਹੁੰਦੇ ਸਨ। ਗੋਰੇ - ਪਾਕੀ - ਦੇਸੀਆਂ ਨੂੰ ਸਾੜਦੇ ਸੀ। ਦੇਸੀਆਂ ਦੀ ਮੰਡਲੀ ਅਤੇ ਅੰਗ੍ਰੇਜ਼ਾਂ ਦੀ ਬਣ ਗਈ ਸੀ। ਸਵੇਰੇ-ਸਕੂਲ ਵਿਚ ਕਚਹਿਰੀ ਇਕੱਠੀ ਹੁੰਦੀ ਸੀ। ਈਸਾਈ ਭਜਨ ਸ਼ਬਦ ਸਭ ਨੂੰ ਗਾਉਂਣੇ ਪੈਂਦੇ ਸੀ। ਰਾਣੇ ਲਫ਼ਜ਼ ਸਿੱਖਣ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਪਾਠਸ਼ਾਲਾ ਲਾਲ ਕਿਲ੍ਹੇ ਵਰਗਾ ਸੀ। ਕਿਉਂਕਿ ਇੱਟਾਂ ਲਾਲ ਸਨ। ਜਦ ਬੁਰੀ ਰਿਪੋਰਟ ਆਉਂਦੀ ਸੀ ਪਿਉ ਗਿੱਟਿਆਂ 'ਤੇ

ਲਾਉਂਦਾ ਸੀ। ਜਦ ਕਿਸੇ ਟੈਸਟ ਵਿਚ ਫ਼ੇਲ੍ਹ ਹੁੰਦਾ ਸੀ। ਪਿਉ ਥੱਲੇ ਮਾਰਦਾ ਸੀ। ਪਰ ਇਹ ਹਾਲਾਤ ਛੇਵੇਂ ਬਰਥ ਡੇ 'ਤੇ ਸ਼ੁਰੂ ਹੋਇਆ ਸੀ।

## *ਚਾਰ*

ਜਦ ਰਾਣਾ ਚਾਰਾਂ ਸਾਲਾਂ ਦਾ ਹੋਇਆ ਡੇਲ ਮਾਮੇ ਨੇ ਇਹਨੂੰ ਸਿਨੇਮਾ ਲੈ ਕੇ ਗਿਆ। ਮਾਂ ਬਾਪ ਜਦ ਜਾਂਦੇ ਵੀ ਕੇਵਲ ਹਿੰਦੀ ਫ਼ਿਲਮਾਂ ਨੂੰ ਦੇਖਦੇ। ਇਸ ਲਈ ਜਦ ਮਾਮੇ ਨੇ ਕਿਹਾ - ਮੈਂ ਤੈਨੂੰ *'ਨੱਛਤਰ ਜੰਗ'* ਦੀ ਮੂਵੀ ਵਿਖਾਉਗਾ ਤਾਂ ਰਾਣਾ ਬਹੁਤ ਖ਼ੁਸ਼ ਹੋ ਗਿਆ। ਇਹ ਫ਼ਿਲਮ ਰਾਣੇ ਦੀ ਪਹਿਲੀ ਅੰਗਰੇਜ਼ੀ ਪਿਕਚਰ ਸੀ। ਜਦ *'ਨੱਛਤਰ ਜੰਗ'*। ਕਹਿਣ ਦਾ ਮਤਲਬ ਸਟਾਰ ਵਾਰਜ਼ ਦੇਖੀ ਰਾਣਾ ਸ਼ੁਕੀਨ ਬਣ ਗਿਆ।

ਰਾਣੇ ਦੇ ਚਿਤ ਵਿਚ ਫ਼ਿਲਮ ਦੀ ਖੁੱਲ੍ਹਣ ਵਾਲੀ ਸੀਨ ਹਮੇਸ਼ਾਂ ਲਈ ਪੱਕੀ ਰਹਿ ਗਈ। ਜਦ ਕਾਲੇ ਰਾਜ ਦੇ ਪੁਲਾੜ ਜਹਾਜ਼ ਨੇ ਸਕਨਿ ਨੂੰ ਪਾਰ ਕੀਤਾ ਸਾਰਾ ਸਰੋਤਾ ਹੈਰਾਨ ਹੋ ਗਿਆ। ਫ਼ਿਲਮ ਦੁਨੀਆਂ ਵਿਚ ਨੰਬਰ ਵੰਨ ਹਿੱਟ ਸੀ। ਬੱਚਿਆਂ ਦੀ ਕਲਪਨਾ ਦੌੜ ਗਈ। ਰੋਜ਼ ਸਕੂਲ ਤੋਂ ਪਾਉਂਣ ਪਹਿਲਾ ਦੁਕਾਨ ਤੋਂ *'ਨੱਛਤਰ ਜੰਗ'* ਦੇ ਸਟੀਕਰ ਖ਼ਰੀਦਦੇ ਸੀ। ਰਾਣਾ ਵੀ। ਪਰ ਰਾਣੇ ਦੀ ਨੀਤ ਫ਼ਿਲਮ ਦੇ ਪਾਤਰਾਂ ਦੀਆਂ ਨਿੱਕੀਆਂ ਗੁੱਡੀਆਂ ਖ਼ਰੀਦਣ ਵਿਚ ਸੀ। ਬਿਮਾਰੀ ਸੀ ਕਿ ਦਸ ਸ਼ਲੰਗਾਂ ਹੀ ਜੇਬ ਵਿਚ ਹੁੰਦੇ ਸੀ। ਗੁੱਡੇ ਦੋ ਪੌਂਡ ਦੇ ਸਨ। ਨਿੱਤ-ਨਿੱਤ ਦੁਕਾਨ ਦੇ ਬਾਰੀ ਅੱਗੇ ਖਲੋ ਕਿ ਸ਼ੀਸ਼ੇ ਨਾਲ ਅੱਖਾਂ ਰੱਖ ਕੇ ਭੁੱਖੀ ਨਜ਼ਰ ਨਾਲ ਦੇਖਦਾ ਸੀ। ਪਰ ਸਟੀਕਰ ਲੈਣ ਲਈ ਹਫ਼ਤੇ ਦੀ ਪਰਹੇਜ਼ ਕਰਕੇ ਪੈਸੇ ਬੱਚਾ ਲੈਂਦਾ ਸੀ। ਜਦ ਲਿਫ਼ਾਫ਼ਾ ਖੁਲ੍ਹਦਾ ਸੀ। ਵਿਚੋਂ ਛੇ ਕਾਰਡ ਕੱਢ ਕੇ ਦਿਲਚਸਪੀ ਨਾਲ ਤਸਵੀਰਾਂ ਨੂੰ ਪਰਖਦਾ ਸੀ। ਹਮੇਸ਼ਾਂ ਲਿਫ਼ਾਫ਼ੇ ਵਿਚ ਬੱਬਲ ਗੰਮ ਹੁੰਦੀ ਸੀ।

*ਨੱਛਤਰ ਜੰਗ* ਦੇ ਕਾਰਡ ਕੀਮਤੀ ਸਨ। ਸਾਰੇ ਮੁੰਡੇ ਪਾਠਸ਼ਾਲਾ ਦੇ ਖੇਡਣ ਵਾਲੇ ਮੈਦਾਨ ਵਿਚ ਆਪਸ ਵਿਚ ਕਾਰਡਾਂ ਨੂੰ ਬਦਲਦੇ ਸੀ। ਜਿਸ ਕਿਸੇ ਕੋਲ ਤਸਵੀਰਾਂ ਦੀਆਂ ਦੋ ਕੋਪੀਆਂ ਸੀ। ਓ ਵੱਟ ਕੇ ਕਿਸੇ ਹੋਰ ਤੋਂ ਜਿਸ ਤਸਵੀਰ ਦੀ ਕਮੀ ਹੈ ਲੈ ਲੈਂਦਾ। ਕਾਰਡਾਂ ਦੇ ਪਿੱਛੇ ਬਹੁਤ ਵਧੀਆ ਮੂਰਤ ਦਾ ਹਿੱਸਾ ਸੀ। ਜਦ ਵੀਹ ਕਾਰਡਾਂ ਨੂੰ ਨਾਲ ਜੋੜ ਕੇ ਰੱਖਦੇ ਵਧੀਆ ਤਸਵੀਰ ਬਣ ਜਾਂਦੀ ਸੀ। ਖੇਡਣ ਵਾਲੇ ਮੈਦਾਨ ਦੇ ਪੱਕੇ ਥਾਂ ਕਾਰਡ ਵਿਛਾ ਕੇ ਰਾਣਾ ਅਤੇ ਇਹ ਦੇ ਦੋਸਤ *ਨੱਛਤਰ ਜੰਗ ਦਾ* ਮਸ਼ਹੂਰ ਇਸ਼ਤਿਹਾਰ ਵੇਖਦੇ ਸੀ। ਕਦੀ ਹਾਂਨ ਸੋਲੋ ਦੇ *ਮਿਲਏਨੰਮੀਆਮ ਫਾਲਕਨ* ਦਾ ਕਾਕਪਿਟ (ਕਹਿਣ ਦਾ ਮਤਲਬ ਪੁਲਾੜ ਜਹਾਜ਼ ਦਾ ਕੁੱਕੜ ਭੇੜ) ਨੂੰ ਜਿਗਸਾਹ ਵਾਂਗ ਜੋੜ ਕੇ ਬਣਾਉਂਦੇ ਸਨ। ਹੋਰ ਬੱਚਿਆਂ ਨੂੰ ਫੁਟਬਾਲ ਕਾਰਡਾਂ ਦਾ ਸ਼ੌਂਕ ਸੀ ਪਰ ਰਾਣੇ ਨੂੰ ਨਹੀਂ ਸੀ।

ਛੇਵੇਂ ਜਨਮ ਦਿਨ ਬਾਅਦ ਇਹ ਨੂੰ ਪਹਿਲੀ ਵਾਰੀ ਕਲਾਰਬਾਰ ਦਾ ਪਤਾ ਲੱਗਿਆ। ਟੀ.ਵੀ. ਉੱਤੇ ਰੂਟਸ ਫ਼ਿਲਮ ਮਾਂ-ਪਿਉਂ ਦੇਖਦੇ ਸੀ। ਇਹ ਉਨ੍ਹਾਂ ਨਾਲ ਬਹਿ ਗਿਆ। ਫ਼ਿਲਮ ਵਿਚ ਕਾਲਾ ਦਿਖਾਇਆ ਜਿਸ ਨੂੰ ਅਫ਼ਰੀਕਾ ਤੋਂ ਜ਼ਬਰਦਸਤੀ ਨਾਲ ਗੋਰੇ ਅਮਰੀਕਾ ਲਿਆ ਕੇ ਗੁਲਾਮ ਬਣਾ ਦਿੱਤਾ ਸੀ। ਕਾਲੇ ਦਾ ਨਾਂ *ਕੁੱਟਾਘੇਂਟੇ* ਸੀ। ਪਰ ਗੋਰੇ ਮਾਲਿਕਾਂ ਨੇ ਟੋਬੀ ਬਣਾ 'ਤਾ ਸੀ। ਦੋ ਯਾਦਾਂ ਰਾਣੇ ਨਾਲ ਪੱਕੀਆਂ ਰਹੀਆਂ। ਇੱਕ



ਵਿਚ *ਕੁੱਟਾਘੇਂਟੇ* ਉਪਰ ਗੋਰੇ ਮਾਲਿਕ ਦੀ ਧੀ ਬੈਠ ਕੇ ਘੋੜੇ ਵਾਂਗੂੰ ਉਸਨੂੰ ਨੱਠਾਉਂਦੀ ਸੀ। ਮੂੰਹ ਉਪਰ ਥੁੰਨੀ ਬਣੀ ਸੀ। ਜਦ ਆਪ ਨੂੰ *ਕੁੱਟਾਘੇਂਟੇ* ਸੱਦਦਾ ਸੀ ਕੌੜੇ ਨਾਲ ਮਾਰ-ਮਾਰ ਕੇ ਜ਼ਬਰਦਸਤੀ ਉਸ ਤੋਂ 'ਟੋਬੀ' ਨਾਂ ਕਹਿਵਾਇਆ। ਇਸ ਕੌੜੇ ਨਾਲ ਧੀ ਸ਼ੁਕਲ ਵਿਚ ਉਹਦੇ ਮਾਰੇ। ਦੂਸਰੀ ਯਾਦ ਟੋਬੀ ਦੀ ਦੌੜਨ ਦੀ ਸੀ। ਜਦ ਫੜ ਲਿਆ ਉਸ ਨੂੰ ਰੁਖ ਨਾਲ ਬੰਨ੍ਹ ਕੇ ਪੈਰ ਦੀਆਂ ਉਂਗਲਾਂ ਕੱਟ 'ਤੀਆਂ ਸੀ। ਇਹ ਸਬਕ ਸੀ। ਗੋਰਿਆਂ ਦੇ ਨਸਲੀ ਖ਼ਿਆਲਾਂ ਦਾ ਪਹਿਲਾ ਸੁਆਦ ਸੀ। ਗੋਰਿਆਂ ਵੱਲ ਨਫ਼ਰਤ ਅਤੇ ਡਰ ਪੈਦਾ ਹੋ ਗਿਆ ਸੀ।

## *ਪੰਜ*

ਸੰਨ ਉੱਨੀ ਸੌ ਉਨਾਸੀ ਚੜ੍ਹ ਗਿਆ। ਡੇਲ ਮਾਮੇ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸੇਵੰਟੀਜ਼ ਦੇ ਵਿਚ ਲੋਕ ਅੱਜ ਵਰਗੇ ਨਹੀਂ ਸੀ। ਪਹਿਲੀ ਤਾਂ ਗੱਲ ਖ਼ਰਚ ਘਟ ਸੀ। ਪੈਸੇ ਘਟ ਸੀ ਅਤੇ ਸ਼ੇਖ਼ੀਆਂ ਘਟ ਸੀ। ਰਾਣੇ ਨੂੰ ਤਾਂ ਬਹੁਤ ਖ਼ੂਬ ਵਿਆਹ ਲੱਗਦੇ ਸੀ। ਹਰੇਕ ਵਾਰੀ ਰੂਟੀਨ ਸੇਮ ਸੀ। ਸਾਰਿਆਂ ਨੇ ਸੁਬ੍ਹਾ ਸੁਬ੍ਹਾ ਉਠ ਜਾਣਾ। ਜਨਾਨੀਆਂ ਨੇ ਘੰਟੇ ਲਾ ਦੇਂਣੇ ਕੱਪੜੇ ਪਾਉਂਣ ਨੂੰ। ਬੰਦੇ ਬੈਠਕ ਨਹੀਂ ਤਾਂ ਗਾਰਨ ਵਿਚ ਬੀਬੀਆਂ ਲਈ ਠਹਿਰ ਠਹਿਰ ਕੇ ਅੱਕ ਜਾਂਦੇ ਸੀ। ਬਰਾਤ ਹਮੇਸ਼ਾਂ ਹੌਲੀ ਹੌਲੀ ਤੁਰਦੀ ਸੀ। ਰਾਣੇ ਦੇ ਖ਼ਿਆਲ ਵਿਚ ਬੀਬੀਆਂ ਦੀਆਂ ਸੰਸਾਰਕ ਵਸਤੂਆਂ ਕਰਕੇ । ਕਹਿਣ ਦਾ ਮਤਲਬ ਦਿਖਾਵਾ ਵੈਨਿਟੀ ਕਰਕੇ । ਔਰਤਾਂ ਕੋਲੇ ਤਿੰਨ ਚਾਰ ਸੂਟਾਂ ਦੇ ਸੈੱਟ ਸੀ। ਨਾਲੇ ਤਿੰਨ ਚਾਰ ਵਾਰੀ ਦਿਨ ਵਿਚ ਕੱਪੜੇ ਬਦਲਦੀਆਂ ਸਨ। ਰਾਣੇ ਦੇ ਅੱਖਾਂ ਵਿਚ ਹਮੇਸ਼ਾਂ ਉਨ੍ਹਾਂ ਕਰਕੇ ਬਰਾਤ ਲੇਟ ਹੋ ਜਾਂਦੀ ਸੀ। ਫਿਰ ਦੋ ਘੰਟੇ ਲੇਟ ਕੋਚ ਵਿਚ ਸਾਰੇ ਬੈਠ ਕੇ ਕੁੜੀ ਦੇ ਨਗਰ ਚਲੇ ਜਾਂਦੇ ਸੀ। ਕੋਚ ਵੀ ਦੋ ਹੁੰਦੀਆਂ ਸੀ। ਇਕ ਮਰਦਾਂ ਲਈ। ਇਕ ਬੀਬੀਆਂ ਲਈ। ਇੱਦਾਂ ਸਾਰਾ ਜਲੂਸ ਤੁਰ ਪੈਂਦਾ ਸੀ। ਮਹਾਂ ਮਾਰਗ ਉੱਤੇ ਫਿਰ ਦੋ ਤਿੰਨ ਹੋਰ ਘੰਟੇ ਲੱਗ ਜਾਂਦੇ ਸੀ। ਹਰੇਕ ਮਿਲਨੀ ਦੇ ਟੇਮ ਤੋਂ ਦੋ ਘੰਟੇ ਬਾਅਦ ਪਹੁੰਚਦੇ ਸੀ। ਇਸ ਵੇਲੇ ਰਾਣਾ ਕਈ ਵਿਆਹ ਸ਼ਾਦੀਆਂ 'ਤੇ ਗਿਆ ਸੀ। ਹਰ ਵਿਆਹ ਦਾ ਇਹੀ ਹਾਲ ਸੀ। ਫਿਰ ਬਰਾਤ ਪਹੁੰਚ ਕੇ ਆਦਮੀਆਂ ਦੀਆਂ ਮਿਲਨੀਆਂ ਕਰਕੇ ਹਾਲ ਵਿਚ ਜਾ ਕੇ ਚਾਹ ਪਾਣੀ ਪੀਂਦੇ ਸੀ। ਰਾਣੇ ਨੂੰ ਸਮੋਸੇ ਅਤੇ ਮਠਿਆਈਆਂ ਪਸੰਦ ਸੀ। ਕਈ-ਕਈ ਵਾਰੀ ਗੁਰਦੁਆਰੇ ਵਿਚ ਵਿਆਹ ਹੁੰਦਾ ਸੀ। ਕਦੀ ਹਾਲ ਵਿਚ ਪਾਲਕੀ ਅਤੇ ਮਹਾਰਾਜ ਦੀ ਬੀੜ ਸੈੱਟ ਕਰਦੇ ਸੀ। ਜ਼ਮੀਨ ਉੱਤੇ ਚਾਦਰਾਂ ਵਿਛਾਉਂਦੇ ਸੀ। ਇਕ ਪਾਸੇ ਔਰਤਾਂ ਬੈਠੀਆਂ। ਦੂਜੇ ਪਾਸੇ ਬੰਦੇ। ਜਦ ਅਨੰਦ ਕਾਰਜ ਹੋ ਚੁੱਕਿਆ ਸੀ ਹਾਲ ਵਿਚ ਵਿਛਾਈਆਂ ਚਾਦਰਾਂ ਚੁੱਕ ਦਿੰਦੇ ਸੀ। ਜੇ ਗੁਰਦਆਰੇ ਵਿਚ ਵਿਆਹ ਹੋਇਆ। ਸਾਰੇ ਦੌੜ ਦੌੜ ਕੇ ਹਾਲ ਵਿਚ ਚਲੇ ਜਾਂਦੇ ਸੀ। ਸੱਚ ਸੀ ਉਹ ਦਿਨਾਂ ਵਿਚ ਪੰਜਾਬੀ ਹਾਲੇ ਅਮੀਰ ਨਹੀਂ ਹੋਏ ਸੀ। ਇਸ ਲਈ ਕਦੀ ਵਿਆਹ ਕੋਈ ਕਾਮੂਨਾਟੀ ਸੈਂਟਰ ਵਿਚ ਸੀ। ਨਹੀਂ ਤਾਂ ਸਕੂਲਾਂ ਦੇ ਹਾਲ ਵਿਚ। ਜਦ ਇੱਦਾਂ ਹੁੰਦਾ ਸੀ ਜਨਾਨੀਆਂ ਲਈ ਇੱਕ ਪਾਸੇ ਮੇਜ਼ ਸੈੱਟ ਕਰ ਦਿੰਦੇ ਸੀ। ਮਰਦ ਦੂਸਰੇ ਪਾਸੇ। ਕੇਵਲ ਆਦਮੀ ਨੱਚਦੇ ਸੀ। ਪਹਿਲੇ ਦਿਨਾਂ ਵਿਚ ਕੋਈ ਗਾਇਕ ਅਤੇ ਗਾਉਣ ਵਾਲੀ ਗਾਉਂਦੇ ਸੀ। ਹੌਲੀ ਹੌਲੀ ਬੈਂਡ ਵਾਜੇ ਦਾ ਰਿਵਾਜ ਹੋ ਗਿਆ ਸੀ।

ਜਿਹੜੇ ਲੋਕਾਂ ਨੇ ਹਾਲ ਬੁੱਕ ਨਹੀਂ ਕੀਤਾ ਸੀ ਉਨ੍ਹਾਂ ਦੇ ਜਨਾਨੀਆਂ ਵਿਆਹ ਵਾਲੇ ਘਰ ਦੇ ਅਗਲੇ ਕਮਰਿਆਂ ਵਿਚ ਗਿੱਧਾ ਪਾਉਂਦੀਆਂ ਸੀ। ਮੁੰਡੇ ਖੁੰਡੇ ਪਬ ਵਿਚ ਪਿੱਛਲੇ ਕਮਰੇ ਬੁੱਕ ਕਰਕੇ ਮੀਟ ਸ਼ਰਾਬ ਦੇ ਮਸਤੀ ਵਿਚ ਭੰਗੜਾ ਪਾਉਂਦੇ ਸੀ। ਇਹ ਸੰਮੇਲਨ ਦੇ ਥਾਂ ਇਕ ਦੋ ਪੱਗ ਵਾਲੇ ਬੁੱਢੇ ਹੁੰਦੇ ਸੀ। ਰਾਣੇ ਨੂੰ ਬੀਬੀ ਜੀ ਨੇ ਸਿਖਾਇਆ ਸੀ ਕਿ ਸਿੰਘ ਬਹੁਤ ਪਵਿੱਤਰ ਸਨ। ਇਸ ਲਈ ਰਾਣਾ ਹੈਰਾਨ ਹੋ ਗਿਆ ਸੀ ਜਦ ਇਕ ਬਾਬੇ ਨੇ ਇਹ ਨੂੰ ਬਾਕਾਡੀ ਦੀ ਬੋਤਲ ਲਈ ਆਖਿਆ। ਇਹ ਗੱਲ ਨੂੰ ਮੁੰਡੇ ਨੇ ਘੁੰਤਰੀ ਸਮਝੀ। ਪਰ ਇਹ ਥਾਂਵਾਂ 'ਤੇ ਨੱਚਣ ਦਾ ਸ਼ੌਂਕ ਸੀ। ਗਾਉਣ ਵਾਲੇ ਨੂੰ ਜਦ ਪੈਸੇ ਦੇਣ ਲੋਕ ਉੱਠਦੇ ਸੀ ਰਾਣੇ ਵਰਗੇ ਮੁੰਡੇ (ਜਿਹੜੇ ਜੋਸ਼ ਨਾਲ ਨੱਚਦੇ ਸੀ) ਨੂੰ ਨੋਟ ਸਿਰ ਉਪਰੋਂ ਵੱਟ ਵੱਟ ਘੁੰਮਾ ਕੇ ਫੜਾ ਦਿੰਦੇ ਸੀ। ਇੱਦਾਂ ਰਾਣੇ ਨੇ ਪੈਸੇ ਬਣਾਲੇ ਸੀ।

ਡੇਲ ਦਾ ਵਿਆਹ ਪਹਿਲੇ ਤਰ੍ਹਾਂ ਦਾ ਸੀ। ਸੋਸ਼ਲ ਕਲੱਬ ਦਾ ਹਾਲ ਕਿਰਾਏ ਉੱਤੇ ਲਿਆ ਸੀ। ਸ਼ੁਕਰਵਾਰ ਦੀ ਰਾਤ ਸ਼ੁਰੂ ਹੋ ਗਏ ਸੀ। ਪਿੱਛਲੇ ਬਗ਼ੀਚੇ ਵਿਚ ਤੰਬੂ ਲਾਇਆ ਸੀ। ਇੱਥੇ ਬੀਬੀਆਂ ਰੋਟੀਆਂ ਪਕਾਉਂਦੀਆਂ ਸੀ। ਬੈਕ ਰੂਮ ਵਿਚ ਗਿੱਧਾ ਪਾਉਂਦੀਆਂ ਸੀ। ਅਗਲੇ ਬੈਠਕ ਵਿਚ ਬੰਦੇ ਸ਼ਰਾਬਾਂ ਪੀਂਦੇ ਸੀ। ਰਾਣੇ ਦਾ ਪਿਓ ਹਾਲੇ ਕੰਮ 'ਤੇ ਸੀ। ਖੁੱਲੇ ਡੁੱਲੇ ਸਭ ਨੱਚਦੇ ਖੇਡਦੇ ਸੀ। ਰਾਣੇ ਦੇ ਛੇਵੇਂ ਜਨਮ ਦਿਨ ਵਾਂਗੂੰ ਬੱਚੇ ਸਾਰੇ ਪਾਸੇ ਦੌੜਦੇ ਸੀ। ਜਦ ਸਵੇਰਾ ਹੋਇਆ ਮਾਮਾ ਤਾਂ ਪੱਗ ਲਾ ਕੇ ਕੁਰਸੀ ਉੱਤੇ ਬੈਠਾ ਸੀ। ਹਰੇਕ ਮਾਸੀ ਚਾਚੀ ਸੁਰਮੇ ਦੀ ਸੂਹੀ ਨਾਲ ਉਸਦੇ ਨੇੜੇ ਆ ਖਲੋਤੀ ਸੀ। ਕਿਉਂਕਿ ਉਹ ਸਭ ਆਪਣੀਆਂ ਫੋਟੋਆਂ ਖਿੱਚਾਉਣੀਆਂ ਚਾਹੁੰਦੀਆਂ ਸਨ। ਰਾਣੇ ਨੂੰ ਲੱਗਾ ਜਿਵੇਂ ਹੁਣੇ ਡੇਲ ਦੀ ਅੱਖ ਕੱਢ ਦੇਣੀ ਆਂ। ਫਿਰ ਬੋਲੀਆਂ ਪਾ ਪਾ ਬਾਹਰ ਤੁਰ ਗਈਆਂ। ਕੋਚ ਨੇ ਅੱਧਾ ਹੀ ਘੰਟਾ ਲਾਇਆ ਕਿਉਂਕਿ ਹਾਲ ਗ੍ਰੀਂਫੋਡ ਸੀ। ਇਹ ਉਮਰ ਵਿਚ ਰਾਣੇ ਨੂੰ ਲਾਵਾਂ ਲੰਬੀਆਂ ਲੱਗੀਆਂ ਅਤੇ ਬੋਰਿੰਗ। ਇਸ ਕਰਕੇ ਰਾਣਾ ਅਤੇ ਉਸਦੇ ਹਾਣੀ ਬਾਹਰ ਖੇਤਾਂ ਵਿਚ ਖੇਡਣ ਲੱਗ ਗਏ। ਕਦੀ ਖ਼ਾਲੀ ਕੋਚ ਵਿਚ (ਤਾਰੇ ਦੇ ਚਾਚੇ ਦੇ ਮੁੰਡੇ ਦਾ ਸੀ) ਇੱਲਤਾਂ ਕਰਦੇ ਸੀ। ਕਦੀ ਨਾਰ ਨਾਲ। ਜਦ ਅੰਦਰ ਆਏ ਵਿਆਹ ਹੋ ਗਿਆ ਸੀ। ਪਾਲਕੀ ਚੁੱਕ ਕੇ ਗਿਆਨੀ ਲੈ ਗਏ ਸੀ। ਹੁਣ ਮਹਾਰਾਜ ਦੀ ਸਵਾਰੀ ਚੱਲੀ ਗਈ ਕਰਕੇ ਸ਼ਰਾਬਾਂ ਨਿਕਲ ਗਈਆਂ ਸੀ।

ਨਵੀਂ ਮਾਮੀ ਬਹੁਤ ਸੁੰਦਰ ਸੀ। ਉਸਦਾ ਨਾਂ ਟੀਨਾ ਸੀ। ਅੰਗਰੇਜ਼ੀ ਹਿਸਾਬ ਨਾਲ ਸਭ ਉਸਨੂੰ ਟੀਨ ਮਾਮੀ ਆਖਣ ਲੱਗ ਪਏ। ਮਾਮਾ ਇਸ ਵੇਲੇ ਲੈਲਾਂਡ ਕਾਰਜ਼ ਲਈ ਕੰਮ ਕਰਦਾ ਸੀ। ਪੜ੍ਹਨੋਂ ਹਟ ਗਿਆ ਸੀ। ਵਿਆਹ ਤੋਂ ਬਾਅਦ ਜਿੱਦਾਂ ਤਾਰਾ ਕੰਮ 'ਤੇ ਗਿਆ ਸੀ ਉਸੇ ਤਰ੍ਹਾਂ ਹੀ ਡੇਲ ਗਿਆ।

ਵਿਆਹ ਤੇ ਗੁਰਮੀਤ ਤਾਇਆ ਵੀ ਆਇਆ। ਸਾਰੇ ਵਿਆਹ ਰਾਣੇ ਦੇ ਬਾਪ ਨਾਲ ਨਹੀਂ ਬੋਲਿਆ। ਰਾਣੇ ਨੂੰ ਤਾਇਆ ਪਸੰਦ ਨਹੀਂ ਸੀ। ਤਾਈ ਰਾਣੇ ਨੂੰ ਡੈਣ ਲੱਗੀ। ਸ਼ਰੀਕ ਸਿਰਫ਼ ਵਿਆਹਾਂ 'ਤੇ ਮਿਲਦੇ ਸੀ। ਸੱਤਰ ਦੇ ਦਹਾਕਿਆਂ ਵਿਚ ਜੀਵਨ ਰੰਗੀਲਾ ਵਿਆਹਾਂ ਦਾ ਚੱਕਰ ਰਾਣੇ ਲਈ ਸੀ।



## ਛੇ

ਰਾਣੇ ਨੂੰ ਉਹਦੇ ਮਾਂ-ਪਿਉਂ ਕਈ ਵਾਰੀ ਗੁਰਦੁਆਰੇ ਲੈ ਕੇ ਜਾਂਦੇ ਸੀ। ਟੱਬਰ ਦੀ ਆਦਤ ਨਹੀਂ ਸੀ ਗੁਰਦੁਆਰੇ ਜਾਣਦੀ। ਮਾਂ ਮੰਨਦੀ ਸੀ ਕਿ ਬੰਦਾ ਘਰ ਵੀ ਰੱਬ ਨੂੰ ਮਨ ਸਕਦਾ ਹੈ। ਕਿਉਂਕਿ ਰੱਬ ਦਿਲ ਵਿਚ ਹੁੰਦਾ ਹੈ। ਬਾਪ ਨੂੰ ਰੱਬ ਦੇ ਵਿਚ ਕੋਈ ਦਿਲਚਸਪੀ ਨਹੀਂ ਸੀ। ਕਾਮਰੇਡ ਖਿਆਲਾਂ ਨਾਲ ਰੱਬ ਨੂੰ ਵੇਖਦਾ ਸੀ। ਸੱਚਮੁਚ ਤਾਂ ਵਹਿਗੁਰੂ ਕਰਦਾ ਸੀ ਪਰ ਹਮੇਸ਼ਾਂ ਸਿੱਖੀ ਵਿਚ ਨੁਕਸ ਕੱਢਦਾ ਸੀ। ਇਸ ਲਈ ਵਿਆਹ ਅਖੰਡ ਪਾਠ ਤੋਂ ਛੁਟ ਗੁਰਦੁਆਰੇ ਨਹੀਂ ਜਾਂਦੇ ਸੀ। ਉਸ ਜ਼ਮਾਨੇ ਵਿਚ ਘਟ ਗੁਰਦੁਆਰੇ ਮੰਦਰ ਅਤੇ ਮਸਜਿਦ ਸਨ। ਰਾਣੇ ਦਾ ਟੱਬਰ ਹੈਵੱਲੋਕ ਰੋਡ ਵਾਲੇ ਗੁਰਦੁਆਰੇ ਜਾਂਦਾ ਸੀ ਜਦ ਹਾਜ਼ਰ ਹੋਣ ਦਾ ਚਿੱਤ ਕੀਤਾ। ਅੱਜ ਲੋਕ ਕਹਿੰਦੇ ਕੇ ਵਲੈਤ ਦਾ ਸਭ ਤੋਂ ਵੱਡਾ ਗੁਰਦੁਆਰਾ ਉਥੇ ਖੜਾ ਹੈ। ਪਰ ਉਸ ਵੇਲੇ ਨਾਨਕ ਸਿੰਘ ਸੱਭੇ ਦਾ ਹੋਰ ਰੂਪ ਸੀ।

ਹੈਵੱਲੋਕ ਅਰਮਜ਼ ਪਬ ਲੰਘ ਕੇ ਤੁਰੀ ਦਾ ਸੀ। ਦੋ ਫਾਟਕ ਸੀ। ਉਨ੍ਹਾਂ ਦੇ ਗੱਭੇ ਕੰਧ ਸੀ। ਗੁਰਦੁਆਰੇ ਦੇ ਸਾਹਮਣੇ ਕਬਰਿਸਤਾਨ ਸੀ। ਜਦ ਸੱਜੇ ਫਾਟਕ ਦੇ ਰਾਹ ਅੰਦਰ ਆਈ ਦਾ ਸਜੇ ਪਾਸੇ ਟੋਲੇਟਾਂ ਸਨ ਖੱਬੇ ਪਾਸੇ ਵੱਲਗਨ ਸੀ। ਜਦ ਇਹ ਨੂੰ ਲੰਘਦੇ ਸੀ ਦੂਜਾ ਫਾਟਕ ਤਕ ਪਹੁੰਚ ਜਾਂਦੇ ਸੀ। ਸੱਜੇ ਮਾਰ ਕੇ ਗਲੀ ਦੇ ਰਾਹ ਗੁਰਦੁਆਰੇ ਦੇ ਪਿਛਲੇ ਵਿਹੜੇ ਵਿਚ ਪਹੁੰਚ ਜਾਂਦੇ ਸੀ। ਇੱਥੇ ਕਤਾਰ ਨਾਲ ਕਤਾਰ ਸਨ। ਕੋਨੇ ਵਿਚ ਸਿਕ ਸੀ ਜਿਹਦੇ ਵਿਚ ਹੱਥ ਧੋ ਕੇ ਥਾਲੀਆਂ ਚੁੱਕ ਕੇ ਕਤਾਰ ਪਹੁੰਚ ਕੇ ਲੰਗਰ ਲੈਣ ਜਾਈਦਾ ਸੀ। ਇੱਥੇ ਸੇਵਾ ਕਰਨ ਵਾਲੇ ਖਾਣਾ ਬਣਾਉਂਦੇ ਸੀ। ਇਨ੍ਹਾਂ ਦੇ ਪਿੱਛੇ ਰਸੋਈ ਸੀ। ਇੱਥੇ ਕਈ ਵਾਰੀ ਬੀਬੀ ਜੀ ਨਹੀਂ ਤਾਂ ਪ੍ਰੋਫ਼ੈਸਰ ਸੇਵਾ ਕਰਦੇ ਸੀ। ਆਪਾਂ ਪਹਿਲੇ ਫਾਟਕ ਵੱਲ ਵਾਪਸ ਜਾਈਏ।

ਪਹਿਲੇ ਫਾਟਕ ਸਾਹਮਣੇ ਗੁਰਦੁਆਰੇ ਦਾ ਦਾਖ਼ਲ ਦਰਵਾਜ਼ਾ ਸੀ। ਖੱਬੇ ਪਾਸੇ ਪੌੜੀਆਂ ਸੀ ਸੱਜੇ ਪਾਸੇ ਕੋਈ ਦਫ਼ਤਰ। ਅੱਗੇ ਜਾ ਕੇ ਖੱਬੇ ਜੋੜਿਆਂ ਦਾ ਕਮਰਾ ਸੀ ਤੇ ਫਿਰ ਅਸਲ ਗੁਰਦਆਰਾ। ਅੰਦਰ ਜਾ ਕੇ ਜਦੋਂ ਰਾਣਾ ਸਾਹਮਣੇ ਵੇਖੇ ਸੱਜੇ ਪਾਸੇ ਕੰਧ ਨਾਲ ਬਜ਼ੁਰਗ ਬੈਠੇ ਸੀ। ਇਕ ਲਾਲ ਕਾਰਪੇਟ ਟੇਢੀ ਟੀ ਦੇ ਰੂਪ ਵਿਚ ਸੀ। ਜਿਥੇ ਇਹ ਟੀ ਰੂਪ ਦੇ ਲਕੀਰਾਂ ਮਿਲਦੀਆਂ ਸਨ। ਉਸ ਥਾਂ' ਤੇ ਹਮੇਸ਼ਾਂ ਕੋਈ ਗਿਆਨੀ ਲਿਖਣ ਦੇ ਮੇਜ਼ ਪਿੱਛੇ ਬੈਠਿਆ ਸੀ। ਖੱਬੇ ਪਾਸੇ ਨੇੜੇ ਥਾਂ ਉੱਤੇ ਬੰਦੇ ਬੈਠੇ ਅਤੇ ਦੂਸਰੇ ਪਾਸੇ ਜਨਾਨੀਆਂ। ਇਹ ਗਿਆਨੀ ਕੋਲ੍ਹ ਪਹੁੰਚ ਕੇ ਖੱਬਾ ਮਾਰ ਕੇ ਪਾਲਕੀ ਦੇ ਸਾਹਮਣੇ ਕਯੂ ਵਿਚ ਫਸ ਜਾਂਦੇ ਸੀ। ਪਾਲਕੀ ਦੇ ਖੱਬੇ ਪਾਸੇ ਇਕ ਉੱਚਾ ਕਮਰਾ ਸੀ ਜਿਸ ਵਿਚ ਮਹਾਰਾਜ ਦੀ ਬੀੜ ਸੀ। ਕੰਧਾਂ ਉੱਤੇ ਕਈ ਤਸਵੀਰਾਂ ਗੁਰੂਆਂ ਦੀਆਂ ਟੰਗੀਆਂ ਸਨ। ਮੱਥੇ ਟੇਕਣ ਤੋਂ ਬਾਅਦ ਜਦ ਰਾਣਾ ਨਿੱਕਾ ਸੀ ਜਨਾਨੀਆਂ ਨਾਲ ਬੈਠਦਾ ਸੀ। ਜਦ ਥੋੜ੍ਹਾ ਜਿਹਾ ਵੱਡਾ ਹੋ ਗਿਆ ਬਾਪੂ ਨਾਲ ਬੈਠਣਾ ਪਿਆ। ਉਸ ਉਮਰ ਵਿਚ ਸਭ ਰਾਣੇ ਅਤੇ ਦੂਸਰੇ ਬੱਚਿਆਂ ਨੂੰ ਬੋਰੰਗ ਲੱਗਦਾ ਕਰਕੇ ਪੌੜੀਆਂ ਚੜ੍ਹ ਕੇ ਉਪਰ ਇੱਲਤਾਂ ਕਰਦੇ ਸੀ। ਇੱਥੇ ਬਾਰੀ ਸੀ ਜਿਸ ਵਿਚੋਂ ਪਾਠ ਕਰਨ ਵਾਲੇ ਦਿਸਦੇ ਸਨ। ਸੱਚਮੁਚ ਨਿੱਕੇ ਬੱਚੇ ਗੁਰਦੁਆਰੇ ਵਿਚ ਵੀ ਇੱਲਤਾਂ

ਕਰਦੇ ਸੀ। ਮਾਂ ਦੇ ਗੋਦ ਵਿਚ ਬੈਠ ਕੇ ਨਿਆਣੇ ਰੋਂਦੇ ਸੀ। ਗ੍ਰੰਥੀ ਟੋਕਦੇ ਡਾਂਟਦੇ ਸੀ ਪਰ ਉਨ੍ਹਾਂ ਨੂੰ ਕੌਣ ਸੁਣਦਾ ਸੀ?

ਜਦ ਝਿੜਕ ਖਾ ਕੇ ਰਾਣੇ ਨੂੰ ਚੌਂਕੜੀ ਮਾਰਣੀ ਪੈ ਗਈ ਬੋਰ ਹੋ ਕੇ ਆਲ਼ੇ-ਦੁਆਲ਼ੇ ਦੇਖਦਾ ਸੀ। ਦਿਲ ਕਰਦਾ ਸੀ ਬਾਹਰ ਜਾ ਕੇ ਖੇਡਣ। ਊਂ ਬੈਠ ਕੇ ਗੁਰੂਆਂ ਦੀਆਂ ਤਸਵੀਰਾਂ ਦੇਖ ਕੇ ਬਹਾਦਰੀ ਦੀਆਂ ਸੁਪਨੇ ਲੈਂਦਾ ਸੀ। ਇਕ ਹੀ ਚੀਜ਼ ਸਿਖਾਈ (ਕਿਉਂਕਿ ਪੰਜਾਬੀ ਤਾਂ ਪੱਲੇ ਪੈਂਦੀ ਨਹੀਂ ਸੀ) ਕੇ ਮੁਸਲਮਾਨ ਜ਼ਾਲਮ ਨਿਰਦਈ ਲੋਕ ਸਨ।

ਇਹ ਹੀ ਤਾਂ ਦਾਸਤਾਨੀ ਤਸਵੀਰਾਂ ਦਿਖਾਉਂਦੇ ਸਨ। ਪਰ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਇਕ ਦਮ ਫੁਸਲਾਹਟ ਸੁੰਦਰ ਅਤੇ ਬਹਾਦਰ ਲੱਗਦੀ ਸੀ। ਰਾਣੇ ਲਈ ਦਸਮੀਂ ਪਾਤਸ਼ਾਹ *ਉਬਰਮਾਨਵ* ਵਰਗਾ ਸੀ।

ਬਾਪੂ ਤਾਂ ਗੁਰਦੁਆਰੇ ਜਾਂਦਾ। ਹਮੇਸ਼ਾਂ ਕੋਈ ਸਾਥੀ ਨਾਲ ਗੱਲਾਂ-ਬਾਤਾਂ ਕਰਦਾ। ਰਾਣੇ ਨੂੰ ਕਈ ਵਾਰੀ ਲੱਗਿਆਂ ਕਿ ਇੱਥੇ ਤਾਂ ਸਿਰਫ਼ ਇੰਡੀਅਨ ਫੀਲ ਕਰਨ ਲੋਕ ਆਉਂਦੇ ਸੀ। ਊ ਰਾਣੇ ਨੇ ਜੂੜਾ ਰੱਖਿਆ, ਪਰ ਦਿਲ ਵਿਚ ਜਾਣਦਾ ਕਿ ਨਾਈ ਦੇ ਕੈਂਚੀ ਤੋਂ ਡਰਦਾ ਕਰਕੇ ਕੇਸ ਨਹੀਂ ਕੱਟੇ ਸੀ। ਜਦ ਮੌਕਾ ਮਿਲਦਾ ਸੀ ਪਿੱਛੇ ਵਿਹੜੇ ਵਿਚ ਦੂਜਿਆਂ ਬੱਚਿਆਂ ਨਾਲ ਇਕ ਘਰੇ ਖੋਲ੍ਹ ਚਲਾ ਜਾਂਦਾ ਸੀ। ਇਹ ਗੋਰਾ ਹਮੇਸ਼ਾਂ ਇੱਥੇਂ ਹੁੰਦਾ ਸੀ। ਲੰਬੀ ਦਾੜ੍ਹੀ ਸਿੰਘਾਂ ਵਾਂਗ ਰੱਖੀ ਸੀ। ਹਰ ਸੰਡੇ ਨੂੰ ਚਿੱਟੇ ਚਿੱਟੇ ਕਾਗਜ਼ ਫੜਾਉਂਦਾ ਸੀ ਪੈਂਸਲਾਂ ਨਾਲ। ਬੱਚੇ ਮੂਰਤਾ ਵਾਹੁੰਦੇ ਸੀ। ਬਾਪੂ ਰਾਣੇ ਨੂੰ ਕਹਿੰਦਾ ਕਿ ਜ਼ਰੂਰ ਇਹ ਗੋਰਾ ਜਾਸੂਸ ਸੀ.ਆਈ.ਡੀ. ਲਈ ਸੀ। - ਕਿਉਂ? - ਰਾਣੇ ਨੇ ਆਖਿਆ। - ਕਿਉਂਕਿ ਗੌਰਮਿੰਟ ਸਾਡੇ ਲੋਕਾਂ ਉੱਤੇ ਭਰੋਸਾ ਨਹੀਂ ਰੱਖਦੀ-। ਪਰ ਇਹ ਜਵਾਬ ਰਾਣੇ ਨੂੰ ਪਰਾਇਆ ਲੱਗਦਾ। ਜਿੰਨੇ ਖ਼ਿਆਲ ਉਸਦਾ ਪਿਉ ਦੱਸੀ ਗਿਆ ਓਨਾਂ ਘਟ ਭਰੋਸਾ ਬਾਪ 'ਤੇ ਹੋਈ ਗਿਆ। ਨਿੱਤ ਨਿੱਤ ਫ਼ਾਸਲਾ ਪੈ ਹੀ ਗਿਆ ਪਿਉ ਪੁੱਤਰ ਵਿਚ।

### *ਸਤ*

ਰਾਣਾ ਆਪਣੇ ਪਿਉ ਦਾ ਪੂਰਾ ਉਲਟ ਸੀ। ਜਿਥੇ ਤਾਰਾ ਕਿਸੇ ਤੋਂ ਨਹੀਂ ਡਰਦਾ ਸੀ। ਰਾਣਾ ਘਬਰਾ ਜਾਂਦਾ। ਛੇਤੀ ਡਰ ਜਾਂਦਾ ਸੀ। ਰਾਣਾ ਦਿਲ ਛੱਡਦਾ ਕਰਕੇ ਬਾਪ ਨੂੰ ਖਿੱਝਾਂਦਾ ਸੀ। ਇਹ ਡਰੂ ਆਦਤ ਜ਼ਿੰਦਗੀ ਭਰ ਲਈ ਰਹਿਣੀ ਸੀ। ਇਸ ਲਈ ਜ਼ਾਲਮ ਇਹਦਾ ਨਾਜਾਇਜ਼ ਫਾਇਦਾ ਲੈ ਲੈਂਦੇ ਸੀ। ਤਿੰਨ ਮੁੰਡੇ ਰਾਣੇ ਦੇ ਸਕੂਲ ਆਉਂਦੇ ਹਮੇਸ਼ਾਂ ਉਡੀਕ ਕਰਦੇ ਸਨ। ਜਦ ਫਾਟਕ ਲੰਘ ਗਿਆ ਉਸ ਵੇਲੇ ਹੀ ਇਹ ਨੂੰ ਘੇਰ ਲੈਂਦੇ। ਡਰਦਾ ਡਰਦਾ ਪੈਸੇ ਦੇ ਦਿੰਦਾ। ਕਦੀ ਖਾਣਾ ਵੀ। ਮਾਸਟਰਾਂ ਨੂੰ ਦੱਸਣ ਤੋਂ ਡਰਦਾ। ਉਹ ਗੁੰਡਿਆਂ ਦੇ ਲੀਡਰ ਦੀ ਮਾਸੀ ਇਕ ਫੈਕਟਰੀ ਵਿਚ ਕੰਮ ਕਰਦੀ ਸੀ ਜਿਥੇ ਨੱਛਤਰ ਜੰਗ ਦੇ ਫ਼ਿਲਮ ਦੇ ਸਟੀਕਰ ਮਿਲਦੇ ਸਨ। ਉਹ ਮਾਸੀ ਟੋਲੇ ਦੇ ਲੀਡਰ ਨੂੰ ਮੁਫ਼ਤ ਦੇ ਸਟੀਕਰ ਦੇ ਦੇਂਦੀ। ਉਹ ਸਟੀਕਰ ਲੈਣ ਲਈ ਉਹ ਲੜਕੇ ਤੋਂ ਰਾਣੇ ਨੂੰ ਖਰੀਦਣੇ ਪੈ ਜਾਣ ਕੇ ਵੱਧ ਮੁੱਲ ਲਈ ਇਹ ਨੂੰ ਵੇਚ ਦਿੰਦਾ ਸੀ। ਫਿਰ ਸਾਡੇ ਤੋਂ ਬਾਅਦ ਜ਼ਬਰਦਸਤੀ ਹੋਰ ਪੈਸੇ ਲੈ ਲੈਂਦਾ ਸੀ। ਇਸ ਲਈ ਰਾਣੇ ਨੂੰ ਸਕੂਲ ਨਹੀਂ ਪਸੰਦ ਸੀ। ਇਕ ਵਾਰੀ ਪੈਸੇ ਜੇਬ ਵਿਚ ਨਹੀਂ



ਸਨ। ਫ਼ਿਲਮ ਦੇ ਸਟੀਕਰ ਲਏ ਸੀ। ਇਸ ਲਈ ਲੜਕੇ ਨੇ ਬੂਥੇ ਉਤੇ ਠੋਕਦਾ। ਰਾਣੇ ਦੀਆਂ ਬੁਲ੍ਹੀਆਂ ਪਾਟ ਗਈਆਂ। ਫਿਰ ਵੀ ਡਰਦੇ ਨੇ ਮਾਸਟਰ ਜੀ ਨੂੰ ਨਹੀਂ ਦਸਿਆ।

ਰਾਣਾ ਉਹ ਮੁੰਡਾ ਸੀ ਜਿਸ ਨੂੰ ਲੋਕ ਦੇਖ ਕੇ ਸੋਚਦੇ 'ਇਹ ਚੂਹਾ ਆ। ਇਹ ਨੂੰ ਤੰਗ ਕਰੀਏ'। ਰਾਣਾ ਗਾਲੜੀ ਅਤੇ ਗੱਪੀ ਸੀ। ਰਾਣਾ ਹਰੇਕ ਚੀਜ਼ ਦਾ ਚੌੜ ਕਰ ਦਿੰਦਾ ਸੀ। ਇਸ ਲਈ ਬੱਚਿਆਂ ਲਈ ਸੌਖਾ ਸੀ ਇਹ ਨੂੰ ਤੰਗ ਕਰਨਾ। ਕੁੜੀਆਂ ਤੋਂ ਜਕਦਾ ਸੀ। ਖੇਡਾਂ ਵਿਚ ਪਿੱਛੇ ਸੀ। ਆਪਣੇ ਆਪ ਲਈ ਸੌਗੀ ਫੀਲ ਕਰਨ ਲੱਗ ਗਿਆ ਸੀ। ਅਸਵੱਸਥ ਮਨ ਸੀ। ਗੱਲਾਂ ਕਰਨ ਦੀ ਆਦਤ ਪਿਉ ਤੋਂ ਸੀ। ਪਰ ਦੋਨਾਂ ਨੂੰ ਇਹ ਗੱਲ ਮਹਿਸੂਸ ਨਹੀਂ ਸੀ। ਜਦ ਬੱਚੇ ਸਕੂਲੋਂ ਆਉਂਦੇ ਸੀ ਦਸਦੇ ਸੀ ਕਿ ਰਾਣਾ ਗਾਲੜੀ ਹੈ। ਕੁਟਾਪਾ ਫਿਰ ਬਾਪ ਤੋਂ ਪੈਂਦਾ ਸੀ। ਰਾਣੇ ਨੂੰ ਤਾਂ ਬਾਪੂ ਵੀ ਲੜਾਕੇ ਜ਼ਾਲਮ ਦੇ ਰੂਪ ਵਿਚ ਦਿਸਦਾ। ਸਾਰੇ ਪਾਠਸ਼ਾਲੇ ਦੇ ਦਿਨ ਇਹ ਹਾਲ ਵਿਚ ਬੀਤੇ ਸੀ। ਘਰ ਬਾਪ ਤੋਂ ਇਹ ਡਰੂ ਮੁੰਡਾ ਕੁੱਟ-ਕੁੱਟ ਖਾ ਕੇ ਪੋਲਾ ਹੋ ਗਿਆ ਸੀ।

ਬਾਪੂ ਰੋਜ਼ ਦੱਸਦਾ ਸੀ ਕਿਵੇਂ ਉਹ ਔਖੇ ਦਿਨਾਂ ਵਿਚੋਂ ਲੰਘ ਗਿਆ ਸੀ। ਨਾਲੇ ਕਿੰਨਾ ਸੌਖਾ ਰਾਣੇ ਲਈ ਸੀ। ਪਰ ਇਸ ਵਿਚ ਰਾਣੇ ਦੀ ਕਿਤੇ ਗ਼ਲਤੀ ਸੀ?

### *ਅੱਠ*

ਸ਼ੀਰੋ ਮਾਸੀ ਜੀ ਦਾ ਵਿਆਹ ਵੀ ਹੋ ਗਿਆ ਸੀ। ਸ਼ੀਰੋ ਮਾਸੀ ਕੋਲ ਦੋ ਲੜਕੀਆਂ ਸਨ। ਮਿੰਦਰ ਅਤੇ ਗੁਰਿੰਦਰ ਨਾਂ ਸੀ। ਡੇਲ ਕੋਲ ਦੋ ਮੁੰਡੇ ਹੋ ਗਏ ਸੀ। ਪਰ ਸੁੱਖੀ ਹੀ ਰਾਣੇ ਦਾ ਖਾਸ ਮਿੱਤਰ ਰਿਹਾ। ਜਦ ਸੁੱਖੀ ਨੂੰ ਲੜਕਿਆਂ ਦੇ ਧਾੜ ਦਾ ਪਤਾ ਲੱਗਿਆ ਉਨ੍ਹਾਂ ਦੇ ਲੀਡਰ ਨੂੰ ਪਈਆਂ।

ਮਿੰਦਰ ਅਤੇ ਗੁਰਿੰਦਰ ਕੋਲ ਸਾਇਕਲ ਸੀ। ਇਹ ਸਾਇਕਲ ਉਪਰ ਨਿੱਤ ਨਿੱਤ ਚਲਾ ਕੇ ਰਾਣੇ ਨੇ ਸਾਇਕਲ ਸਿੱਖਿਆ। ਰੋਜ਼ ਪੱਕੀ ਪਾਥ ਉਪਰ ਮਿੰਦਰ ਧੱਕ ਕੇ ਰਾਣੇ ਨੂੰ ਛੱਡ ਦੀ ਸੀ। ਗੋਡੇ ਰੱਗੜ ਜਾਂਦੇ ਸਨ। ਸਾਇਕਲ ਰਾਣੇ ਨੂੰ ਗੋਡਿਆਂ ਭਾਰ ਕਰ ਦਿੰਦਾ ਸੀ। ਪੋਲਾ ਕਰਕੇ ਰੋਣ ਲੱਗ ਜਾਂਦਾ ਸੀ। ਪਰ ਭੈਣ ਸਖ਼ਤ ਸੀ। ਮਿੰਦਰ ਧੱਕੀ ਗਈ। ਹਾਰ ਕੇ ਡਿੱਗ ਡਿੱਗ ਕੇ ਸਾਇਕਲ ਸਿੱਖ ਗਿਆ।

ਬਾਪੂ ਨੇ ਨਵਾਂ ਸਾਇਕਲ ਖਰੀਦ ਤਾ ਸੀ। ਸਾਇਕਲ ਦਾ ਮੌਡਲ ਸਟਰਾਈਕਰ ਸੀ। ਰਾਣਾ ਮਾਂ-ਪਿਉਂ ਨਾਲ ਹਾਲਫ਼ੋਰਡ ਦੁਕਾਨ ਤੋਂ ਲੈਣ ਗਿਆ ਸੀ। ਤਿੰਨ ਹੀ ਭੜਕ ਉਠਾਉਂਦੇ ਸੀ। ਜਦ ਬੱਸਾਂ ਫੜ ਕੇ ਆਪਣੀ ਸੜਕ ਉੱਤੇ ਪਹੁੰਚੇ ਦੋ ਤਿੰਨ ਘੰਟਿਆਂ ਲਈ ਸਾਇਕਲ ਉੱਤੇ ਰਾਣਾ ਗੇੜੇ ਦੇਈ ਗਿਆ ਸੀ। ਇਸ ਵੇਲੇ ਬਾਪੂ ਨੇ ਬੱਸਾਂ ਕੋਚਾਂ ਦਾ ਕੰਮ ਛੱਡ ਕੇ ਰਸੋਈਖ਼ਾਨਾ ਖੋਲ੍ਹ ਲਿਆ ਸੀ। ਰਾਣੇ ਨੂੰ ਇੱਥੇ ਕੰਮ ਕਰਨਾ ਪੈਂਦਾ ਸੀ। ਇਕ ਦਿਨ ਸਾਇਕਲ ਚਲਾ ਕੇ ਉੱਤੇ ਪਹੁੰਚ ਗਿਆ ਸੀ। ਰਸੋਈਖ਼ਾਨਾ ਸਾਊਥਹਾਲ ਬਰੋਡਵੇ ਉੱਤੇ ਸੀ। ਇੱਦਾਂ ਰਾਣੇ ਦੀ ਜੱਕ ਖੁਲ੍ਹ ਗਈ ਸੀ। ਹੁਣ ਸਾਰੇ ਪਾਸੇ ਸਾਇਕਲ ਚਲਾਉਣ ਲੱਗ ਪਿਆ।

ਇਕ ਦਿਨ ਰਾਣੇ ਨੂੰ ਸੁੱਖੀ ਨਹੀਂ ਮਿਲਿਆ ਸੀ। ਪਰ ਹੋਰ ਮੁੰਡਾ ਨਾਲ ਸਾਇਕਲ

ਚਲਾਉਣ ਨੂੰ ਤਿਆਰ ਸੀ। ਦੋਨੋਂ ਪੁਰਾਣੇ ਸਾਊਥਹਾਲ ਤੋਂ ਕਿੰਗ ਸਟਰੀਟ ਲੰਘ ਕੇ ਇਕ ਸੌ ਵੀਹ ਬਸ ਦੀ ਰੂਟ ਹੇਸਟੰਨ ਵੱਲ ਗਏ। ਆਸਟਰਲੀ ਪਾਰਕ ਵੱਲ ਗਏ।

ਆਸਟਰਲੀ ਪਾਰਕ ਪਹੁੰਚ ਕੇ ਮਸਤੀ ਵਿਚ ਪੈ ਗਏ। ਅੰਗਰੇਜ਼ੀ ਬੁਨਾਰਾਂ ਹੇਠ ਦੋਨੋਂ ਸਾਇਕਲਾਂ ਦੀਆਂ ਰੇਸ ਲਾਉਂਦੇ ਸੀ। ਰਸੀਲੇ ਹਰੇ-ਹਰੇ ਘਾਹ ਉਪਰ ਪਹੀਏ ਘੁੰਮੀ ਗਏ ਭਾਗਾਂ ਦੇ ਫੇਰ ਵਾਂਗ। ਚੋਰੀ-ਚੋਰੀ ਇਨ੍ਹਾਂ ਦੇ ਪਿੱਛੇ ਚੰਦ ਸਿਰ 'ਤੇ ਚੜ੍ਹਣ ਲੱਗ ਪਿਆ। ਵਕਤ ਇਨ੍ਹਾਂ ਦੇ ਪਹੀਆਂ ਜਿੰਨੀ ਤੇਜ਼ੀ ਨਾਲ ਦੌੜਦਾ ਸੀ। ਪਰ ਮੁੰਡਿਆਂ ਨੂੰ ਇਸ ਗੱਲ ਦੀ ਹੋਸ਼ ਨਹੀਂ ਸੀ। ਜਿਹੜੇ ਲੇਟ ਪਾਰਕ ਵਿਚ ਰਹਿ ਕੇ ਮਾਂ-ਬਾਪ ਨੂੰ ਸਤਾਉਂਣ ਵਾਲੀ ਗੱਲ ਹੈ। ਹੋਣੀ ਦੀ ਲਿਖਤ ਨਹੀਂ ਦੇਖੀ।

ਰਾਣਾ ਆਪਣੇ ਸਾਇਕਲ ਨਾਲ ਬਹੁਤ ਖ਼ੁਸ਼ ਸੀ। ਮਿੱਟੀ ਵਿਚ ਕਹੀ ਮਾਰੀ ਗਏ। ਚਿੱਕੜ ਰੋਕ ਤੋਂ ਪੇਂਟ ਤਕ ਲਿੱਬੜ ਗਈ ਸੀ। ਆਸਟਰਲੀ ਅਟਾਰੀ ਦੇ ਕਾਫ਼ੀ ਚੱਕਰ ਕੀਤੇ ਸਨ। ਰਾਣਾ ਹੁਣ ਨਿਆਣਾ ਤਾਂ ਨਹੀਂ ਸੀ। ਪਰ ਗ਼ੈਰ ਜ਼ਿੰਮੇਵਾਰੀ ਨਾਲ ਸ਼ਰਾਬੀ ਸੀ। ਜਦ ਹਨੇਰਾ ਆਲ਼ੇ-ਦੁਆਲ਼ੇ, ਉਪਰ ਨੀਚੇ ਮਹਿਸੂਸ ਹੋਣ ਲੱਗਿਆ ਫਿਰ ਘਰ ਜਾਣ ਦੀ ਯਾਦ ਆਈ। ਦੋਵੇਂ ਅੰਧਕਾਰ ਵਿਚ ਵਾਪਸ ਗਏ। ਰਾਣਾ ਲੋਲਾ ਮੁੰਡਾ ਸੀ।

ਜਦ ਚੜ੍ਹਦੀ ਰਾਤ ਵਿਚ ਰਾਣਾ ਘਰ ਦੇ ਬੂਹੇ ਵੱਲ ਪਹੁੰਚਿਆ ਬਾਹਰ ਪੁਲਿਸ ਦੀ ਗੱਡੀ ਖੜ੍ਹੀ ਸੀ। ਬੈੱਲ ਵਜਾਈ। ਮਾਂ ਨੇ ਦਰਵਾਜ਼ਾ ਖੋਲ੍ਹਿਆ। ਇਕ ਦਮ ਮਾਂ ਨੇ ਇਹਨੂੰ ਜੱਫੀ ਪਈ। ਗਲੀ ਵਿਚ ਪੁਲਸੀ ਖਲੋਤਾ ਸੀ। ਰਾਣਾ ਡਰ ਗਿਆ। ਇਹ ਕੀ ਹੁੰਦਾ ਸੀ? ਅੰਦਰੋਂ ਬਾਪ ਦੀ ਆਵਾਜ਼ ਖੜਕੀ - ਕੁੱਤਿਆ ਤੂੰ ਕਿਥੇ ਸੀ? ਇੱਥੇ ਆਂ!-।

- ਵੈਲ ਐਟ ਲੀਸਟ ਹੀ ਇਜ਼ ਹੈਰ। ਓਕੈ ਮਿਸਟਰ —— ਐਲ ਲੀਵ ਯੂ ਟੂ ਇਟ- ਪੁਲਸੀ ਸਤਿ ਸ੍ਰੀ ਅਕਾਲ ਕਰਕੇ ਤੁਰ ਗਿਆ। ਡਰਦਾ ਰਾਣਾ ਬਾਪੂ ਸਾਹਮਣੇ ਖੜ੍ਹ ਗਿਆ। ਬਾਪੂ ਦੀਆਂ ਉਕਾਬੀ ਅੱਖਾਂ ਲਾਲ ਲਾਲ ਸੂਹੇ ਸਨ।

- ਪੁੱਤ ਅਸੀਂ ਡਰ-ਡਰ ਕੇ ਫਿਕਰ ਵਿਚ ਪੁਲਸ ਨੂੰ ਫੋਨ ਕਰ ਤਾ। ਸਾਨੂੰ ਪਤਾ ਨ੍ਹੀ ਲੱਗਾ ਤੂੰ ਕਿਥੇ ਸੀ। ਮਾਸੀ ਦੇ ਘਰ ਫ਼ੋਨ ਕੀਤਾ, ਮਾਮੇ ਨੂੰ ਵੀ - ਮਾਂ ਸ਼ੁਰੂ ਹੋਈ। ਪਰ ਬਾਪ ਨੇ ਗੱਲ ਕੱਟ 'ਤੀ।

- ਬੱਸ ਮੇਰਾ ਹੀ ਮੁੰਡਾ ਇਨ੍ਹਾਂ ਲਾਪ੍ਰਵਾਹ ਹੋ ਸਕਦਾ ਐ। ਕਰਾੜਿਆ ਤੇਰੇ ਵਜਾ ਮਾਂ ਤੜਫਦੀ ਸੀ। ਤੈਨੂੰ ਪਤਾ ਦੋ ਤਿੰਨ ਘੰਟੇ ਹੋ ਗਏ ਜਦ ਦੇ ਤੇਰਾ ਉਡੀਕ ਕਰਦੈ ਐ। ਹੁਣ ਕਿਉਂ ਗੂੰਗਾ ਹੋ ਗਿਆ। ਬੋਲਦਾ ਕਿਉਂ ਨ੍ਹੀ?- ਬਾਪੂ ਖਿਝਿਆ ਪਿਆ ਸੀ। ਰਾਣਾ ਮਾਂ ਦੀ ਬੁੱਕਲ ਵਿਚ ਜਾ ਵੜਿਆ।

- ਤੁਸੀਂ ਇਹਨੂੰ - ਮਾਂ ਸ਼ੁਰੂ ਹੋਈ।

- ਚੁੱਪ ਰਹਿ ਨ੍ਹੀ ਤਾਂ ਤੇਰੀ ਮੇਰੀ ਹੱਥ ਪੈਰੀ ਹੋ ਜਾਣੀ ਐ- ਤਾਰਾ ਅੰਗੂਠੇ ਨਾਲ ਸਿੱਕਾ ਉਪਰ ਹੇਠ ਮਾਰੀ ਗਿਆ। ਰਾਣਾ ਡਰ ਨਾ ਠਰ ਗਿਆ ਸੀ। ਬਾਪੂ ਸੋਫ਼ੇ ਉੱਤੇ ਬੈਠਾ ਸੀ। ਹੱਥ ਵਿਚ ਚੱਪਲ ਆ ਗਈ। ਜੋੜ ਦੇਂਣੀ ਰਾਣੇ ਵੱਲ ਮਾਰੀ। - ਮਾਂ ਤੋਂ ਪਰੇ ਹੋ ਕੁੱਤਿਆ-। ਰਾਣਾ ਡਰਦਾ ਡਰਦਾ ਅੱਗੇ ਆ ਗਿਆ ਸੀ। ਫਿਰ ਤਾਰੇ ਅੰਦਰ ਲੁਤਰੋ ਵੜਗੀ। ਗੱਲਾਂ ਗਾਏ ਗਿਆ। ਰਾਣਾ ਚਾਹੁੰਦਾ ਸੀ ਕੇ ਹੁਣੀ ਹੀ ਸਭ ਕੁਝ ਹਟ ਜੇ। ਪਰ ਆਪਨੂੰ ਇਹ ਦੇ ਪਿਉ ਦੀ ਆਦਤ ਦਾ ਪਤਾ ਹੈ। ਵਿਚਾਰੇ ਨੂੰ ਡੰਡ ਬੈਠਕਾਂ ਕਰਨੀਆਂ



ਪਈਆਂ।

- ਤੁਸੀਂ ਹੁਣ ਰਹਿਣ ਦਿਓ - ਮਾਂ ਨੇ ਆਖਿਆ।

- ਮੈਨੂੰ ਤੇਰੀ ਰਾਇ ਦੀ ਲੋੜ ਨਹੀਂ! ਇਹਦਾ ਸਾਇਕਲ ਕੱਲ੍ਹ ਹੀ ਸੁੱਟ ਦੇਣਾ। - ਜੇ ਮਾਂ ਵਿਚ ਹਿੰਮਤ ਸੀ ਉਸਨੇ ਕਹਿਣਾ ਸੀ - ਮੈਂ ਥੋਨੂੰ ਕੋਈ ਰਾਇ ਕਰਨ ਲਈ ਬੁਲਾਇਐ। ਬੱਸ ਬੱਚੇ ਨੂੰ ਇੰਨਾ ਨਾ ਡਰਾਉ-। ਪਰ ਵੀਤੇ ਵਿਚ ਇੰਨੀ ਹਿੰਮਤ ਨਹੀਂ ਸੀ। ਰਾਣਾ ਮਾਂ ਵੱਲ ਦੇਖਣਾ ਚਾਹੁੰਦਾ ਸੀ ਪਰ ਪਿਤਾ ਤੋਂ ਡਰਦਾ ਸੀ। ਮਾਂ ਨੂੰ ਹੌਲ ਪੈਣ ਲੱਗ ਗਿਆ ਸੀ। ਉਹ ਕਮਰੇ ਤੋਂ ਬਾਹਰ ਤੁਰ ਪਈ। ਬਾਪ ਨੇ ਟੀ.ਵੀ. ਚਾਲੂ ਕਰ ਦਿੱਤਾ। ਮੁੰਡੇ ਨੂੰ ਉਹ ਹੀ ਥਾਂ ਰੱਖਿਆ। ਜਦ ਦਾਂਦ ਕਰਨੋਂ ਹਟ ਜਾਂਦਾ ਸੀ ਬਾਪ ਥੱਪੜ ਮਾਰ ਦਿੰਦਾ ਸੀ। ਇਹ ਰਾਣੇ ਦੇ ਆਸਟਰਲੀ ਪਾਰਕ ਜਾਣ ਦਾ ਨਤੀਜਾ ਸੀ। ਉਸ ਰਾਤ ਰਾਣਾ ਆਪਣੇ ਪਲੰਘ ਵਿਚ ਰੱਜ ਕੇ ਰੋਇਆ। ਬਾਪ ਵੱਲ ਹੁਣ ਤੁੱਛ ਉਡ ਗਈ। ਦਿਨ ਮਹੀਨੇ ਬਣ ਗਏ। ਮਹੀਨੇ ਸਾਲ। ਰੋਜ਼ ਨਫ਼ਰਤ ਵੱਧ ਗਈ। ਪਿਉ ਪੁੱਤ ਵਿਚ ਫ਼ਾਸਲਾ ਹੋ ਗਿਆ।

## ਨੌਂ

ਰਾਣਾ ਦਸਾਂ ਸਾਲਾਂ ਦਾ ਹੋ ਗਿਆ ਸੀ। ਰੋਜ਼ ਬਾਪੂ ਦੀ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਪਰ ਬਾਪੂ ਨੂੰ ਹੋਰ ਲੋਕਾਂ ਦੀਆਂ ਕਾਮਯਾਬੀਆਂ ਵੇਖ ਕੇ ਈਰਖਾ ਹੁੰਦੀ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਰਾਣਾ ਕੋਈ ਚੰਗੇ ਸਕੂਲ ਵਿਚ ਪੜ੍ਹ ਜਾਵੇ। ਇਕ ਦਿਨ ਰੈਸਟੋਰੈਂਟ ਵਿਚ ਪਰਾਈਵੇਟ ਸਕੂਲ ਦੀ ਹੈਡਮਿੱਸਟ੍ਰੇਸ ਆਈ। ਉਹਦੇ ਨਾਲ ਦੋਸਤੀ ਕਰਕੇ ਪਿਉ ਨੇ ਪਤਾ ਪਾਇਆ ਕੇ ਕੁਝ ਕਿਤਾਬਾਂ ਮਿਲ ਜਾਂਦੀਆਂ ਸੀ, ਜਿਨ੍ਹਾਂ ਨਾਲ ਇਮਤਿਹਾਨ ਪਾਸ ਕਰਨ ਦੀ ਮੱਦਦ ਹੋ ਜਾਂਦੀ ਸੀ। ਗਰਮੀਆਂ ਦੀਆਂ ਛੁੱਟੀਆਂ ਵਿਚ ਰਾਣੇ ਨੂੰ ਇਨ੍ਹਾਂ ਦੇ ਨਾਲ ਵਾਕਫ਼ੀ ਕਰਾਤੀ ਸੀ। ਝਿੜਕਾਂ ਗੱਲਾਂ ਨਾਲ ਈਲੈਵੰਨ ਪਲਾਸ ਲਈ ਰਾਣੇ ਨੂੰ ਤਿਆਰ ਕਰਤਾ ਸੀ। ਸੱਚਮੁਚ ਪੁੱਛੋ ਰਾਣੇ ਕੋਲ ਕੋਈ ਚਾਹ ਨਹੀਂ ਸੀ। ਪਰ ਬਾਪ ਦੇ ਕਰੋਧ ਤੋਂ ਡਰਦਾ ਹੋਣ ਕਰਕੇ ਟੈਸਟ ਲੈਣ ਪਰਾਈਵੇਟ ਸਕੂਲ ਚੱਲ ਗਿਆ।

ਇਮਤਿਹਾਨ ਕਲਾਸ ਰੂਮ ਵਿਚ ਸੀ। ਕਮਰੇ ਵਿਚ ਕਤਾਰ ਕਤਾਰ ਡੈਸਕ ਸਨ। ਕਮਰੇ ਵਿਚ ਕੇਵਲ ਤਿੰਨ ਮੁੰਡੇ ਸਨ। ਹੈਡਮਾਸਟਰ ਉਨ੍ਹਾਂ ਦੇ ਸਾਹਮਣੇ ਬਹਿ ਕੇ ਸਖ਼ਤੀ ਨਾਲ ਝਾਕਿਆ। ਪਹਿਲਾ ਗਣਿਤ ਸੀ। ਫਿਰ ਅੰਗਰੇਜ਼ੀ ਦਾ ਟੈਸਟ ਸੀ। ਹਾਰ ਕੇ ਇਕ ਔਖੇ ਨਾਵਲ ਨੂੰ ਪੜ੍ਹਨਾ ਪਿਆ। ਜਦ ਖ਼ਤ ਘਰ ਆਈ ਉਹਦੇ ਵਿਚ ਲਿਖਿਆ ਸੀ - ਪਾਸ-।

ਬਾਪ ਇਕ-ਦਮ ਖ਼ੁਸ਼ ਹੋ ਗਿਆ ਸੀ। ਰਾਣੇ ਨੂੰ ਸੁੱਝਿਆ ਕਿ ਸਾਰੇ ਪੁਰਾਣੇ ਮਿੱਤਰਾਂ ਨੂੰ ਛੱਡਣਾ ਪਵੇਗਾ। ਫਿਰ ਵੀ ਤਿਆਰ ਹੋ ਗਿਆ ਨਵੇਂ ਪਾਠਸ਼ਾਲੇ ਜਾਣ ਲਈ। ਬਾਪੂ ਨਾਲ ਲੰਦਨ ਗਿਆ ਸਕੂਲ ਦੀ ਵਰਦੀ ਲੈਣ। ਸਿਰ ਲਈ ਇਕ ਕੱਪੜੇ ਦੀ ਟੋਪੀ ਵੀ ਸੀ। ਵਰਦੀ ਮਹਿੰਗੀ ਸੀ। ਫੀਸਾਂ ਵੀ ਮਹਿੰਗੀਆਂ ਸਨ। ਪਹਿਲੇ ਦਿਨ ਬਾਪੂ ਰਾਣੇ ਨੂੰ ਸਕੂਲ ਗੱਡੀ ਵਿਚ ਲੈ ਕੇ ਗਿਆ।

– ਰਾਣਾ ਹਾਲੇ ਵੀ ਵਕਤ ਹੈ। ਜੇ ਤੂੰ ਇੱਥੇ ਪੜ੍ਹਣ ਲਈ ਖ਼ੁਸ਼ ਨ੍ਹੀ ਮੈਨੂੰ ਹੁਣੇ ਦੱਸਦੇ–। ਪਰ ਡਰਦਾ ਕਰਕੇ ਬਾਪੂ ਨੂੰ ਕਹਿ 'ਤਾਂ - ਨ੍ਹੀ ਮੈਂ ਤਾਂ ਬਹੁਤ ਖੁਸ਼ ਆਂ ਡੈਡੀ ਜੀ। ਇੱਦਾਂ ਹੀ ਸੈਕੰਡਰੀ ਸਕੂਲ ਵਿਚ ਗਿਆ। ਖੇਡਣ ਵਾਲੇ ਮੈਦਾਨ ਵਿਚ ਘਬਰਾਅ ਕੇ ਖਲੋਤਾ ਰਿਹਾ। ਆਲ਼ੇ-ਦੁਆਲ਼ੇ ਬੱਚੇ ਦੌੜਦੇ ਸੀ। ਰੌਲਾ ਗੌਲਾ ਸੀ। ਕਿਸਮਤ ਨਾਲ ਇਕ ਪਹਿਲੇ ਸਕੂਲ ਦਾ ਮੁੰਡਾ ਮਿਲ ਪਿਆ। ਇਹ ਸਕੂਲ ਕੋਮਪ੍ਰੀਹੇਂਸਿਫ ਤੋਂ ਅਲੱਗ ਸੀ। ਮਾਸਟਰਾਂ ਦੇ ਮੁਖੜੇ ਸਖ਼ਤ ਸਨ। ਕਮਰੇ ਸੋਹਣੇ ਸਨ। ਨਿਯਮ ਸਖ਼ਤ ਸਨ। ਛੇਵੀਂ ਕਲਾਸ ਦੇ ਸ਼ਗਿਰਦੇ ਪ੍ਰੀਫ਼ੇਟ ਸਨ। ਇਨ੍ਹਾਂ ਕੋਲ ਮਾਸਟਰ ਵਰਗੇ ਪਾਵਰ ਸਨ। ਪਾਠਸ਼ਾਲੇ ਦੇ ਥਾਂ ਨਜ਼ਰਬੰਦੀ ਕੈਂਪ ਵਿਚ ਦਾਖ਼ਲ ਹੋ ਗਿਆ ਸੀ। ਅਗਲੇ ਪੰਜ ਸਾਲ ਬਹੁਤ ਔਖੇ ਹੋਣੇ ਸੀ। ਬਾਪ ਕਈ ਵਾਰੀ ਚਾਹ ਸੀ ਰਾਣੇ ਨੂੰ ਪੜ੍ਹਾਉਣੀ। ਕਦੀ ਕਦੀ ਚਾਹ ਸੀ ਰਸੋਈਖ਼ਾਨਾ ਵਿਚ ਥੱਕ ਕੇ ਪੈਸੇ ਬਣਾਉਣ ਦੀ। ਇਸ ਲਈ ਰਾਣੇ ਨੂੰ ਕਦੀ ਨਹੀਂ ਸਮਝ ਸੀ ਜ਼ਿੰਦਗੀ ਵਿਚ ਕਿਹੜੇ ਰਾਹ ਪੈਣ।

ਰਾਣੇ ਨੂੰ ਤਾਂ ਸਾਹਿਤ ਦਾ ਪੜ੍ਹਣ ਦਾ ਚਾਅ ਹੀ ਸੀ। ਅੰਗਰੇਜ਼ੀ ਕਾਇਮ ਕਰਨ ਲਈ ਸਕੂਲ ਨਾਵਲਾਂ ਦੀਆਂ ਪੜ੍ਹਾਈਆਂ ਨੂੰ ਹੱਲਾਸ਼ੇਰੀ ਦਿੰਦਾ ਸੀ। ਉਹ ਬਾਪੂ ਨੇ ਹੀ ਇਹ ਕਿਤਾਬਾਂ ਸਕੂਲ ਦੀ ਲਿਸਟ ਤੋਂ ਖਰੀਦੀਆਂ ਸਨ। ਪਰ ਜਦ ਉਨ੍ਹੇ ਇਕ ਰਾਤ ਰੰਗੀਨ ਰਾਤ ਰਾਣੇ ਨੂੰ ਨਾਵਲ ਪੜ੍ਹਦੇ ਨੂੰ ਫੜ ਲਿਆ ਗਾਲ੍ਹਾਂ ਕੱਢੀਆਂ ਅਤੇ ਕੁੱਟਿਆ। ਮੰਨਦਾ ਨਹੀਂ ਸੀ ਕਿ ਸਕੂਲ ਦੀ ਪੜ੍ਹਾਈ ਦੀ ਕਿਤਾਬ ਸੀ। ਤਾਰੇ ਨੂੰ ਪੰਜਾਬੀ, ਸਾਹਿਤ ਅਤੇ ਕਲਾ ਨਾਲ ਕੋਈ ਪਿਆਰ ਨਹੀਂ ਸੀ। ਸਿਰਫ਼ ਮਜ਼ਦੂਰੀ ਸਮਝਦਾ ਸੀ। ਜੋ ਰਾਣੇ ਨੂੰ ਪਸੰਦ ਸੀ ਉਹਦੇ ਵੱਲ ਨੱਕ ਵਟਾਉਂਦਾ ਸੀ।

ਜਿਵੇਂ ਕਿਵੇਂ ਰਾਣਾ ਹਾਰ ਕੇ ਸਕੂਲ ਵਿਚ ਸੈੱਟਲ ਹੋ ਗਿਆ।

## *ਦਸ*

ਸੰਨ ਉੱਨੀ ਸੌ ਉਨਾਸੀ ਵਿਚ ਸਾਊਥਹਾਲ ਵਿਚ ਬੁਲਾਵਾ ਆਇਆ ਸੀ। ਉਸ ਜ਼ਮਾਨੇ ਵਿਚ ਗੋਰੇ ਖੁਲ੍ਹੇ ਡੁਲ੍ਹੇ ਦੇਸੀਆਂ ਵੱਲ ਨਫ਼ਰਤ ਵਿਖਾਉਂਦੇ ਸੀ। ਦੇਸੀਆਂ ਦੇ ਬੋਲੀ ਨਹੀਂ ਪਸੰਦ ਕਰਦੇ ਸੀ। ਦੇਸੀਆਂ ਦੇ ਰੰਗ ਧਰਮ ਨੂੰ ਅੰਜ਼ਾਨ ਸਮਝਦੇ ਸੀ। ਉਨ੍ਹਾਂ ਦੇ ਦੇਖਦੇ-ਦੇਖਦੇ ਉਨ੍ਹਾਂ ਦੀਆਂ ਨੌਕਰੀਆਂ ਦੇਸੀ ਲੈ ਗਏ ਸਨ। ਇਸ ਸਮੇਂ ਵਿਚ ਪੰਜਾਬੀ ਬੱਚੇ ਹਾਲੇ ਵੀ ਇੰਡੀਆ ਨੂੰ ਸਪੋਟ ਕਰਦੇ ਸਨ। ਘਰਾਂ ਵਿਚ ਹਾਲੇ ਪੰਜਾਬੀ ਚੱਲਦੀ ਸੀ।

ਤੇਡੀ ਬੋਏਜ਼ ਦੇ ਥਾਂ ਸੱਕਿਨ ਹੇਡ ਆ ਗਏ ਸਨ। ਰਾਣੇ ਨੂੰ ਪੂਰੀ ਸਮਝ ਨਹੀਂ ਉਸ ਵੇਲੇ ਕੀ ਹੋਇਆ ਸੀ। ਪਰ ਏਨਾ ਤਾਂ ਪਤਾ ਸੀ ਕਿ ਗੋਰੇ ਆਪਣਿਆਂ ਨੂੰ ਭੰਨਣ ਆਏ ਸਨ। ਤਿੰਨ ਚਾਰਾਂ ਰਾਤਾਂ ਲਈ ਸਾਊਥਹਾਲ ਵਿਚ ਝੱਲ ਆ ਬੈਠਾ। ਪੰਜਾਬੀ ਜੁਆਕਾਂ ਨੂੰ ਪੁਲਸ ਨਿੱਤ ਨਿੱਤ ਦੁਖੀ ਕਰਦੇ ਸੀ। ਟੀ.ਵੀ. ਦੀਆਂ ਖ਼ਬਰਾਂ ਵਿਚ ਦੇਸੀਆਂ ਅਤੇ ਗੋਰਿਆਂ ਦੇ ਕਲੇਸ਼ ਦਿਖਾਉਂਦੇ ਸੀ। ਸਕੂਲੋਂ ਚਰਚਿਆਂ ਰਾਹੀਂ ਦੇਖ ਗੱਲਾਂ ਰਾਣੇ ਦੇ ਕੰਨ੍ਹਾਂ ਵਿਚ ਪਈਆਂ।

ਇਕ ਸੋਸ਼ਲ ਵਰਕਰ ਨੂੰ ਕਿਸੇ ਨੇ ਮਾਰ 'ਤਾਂ ਸੀ। ਇਸ ਦੇ ਅੰਜਾਮ ਨੈਸ਼ਨਲ



ਫਰੰਟ ਉੱਤੇ ਗਿਆ। ਨੈਸ਼ਨਲ ਫਰੰਟ ਦੀ ਤਲਵਾਰ ਸੱਕਿਨ ਹੇਡ ਸਨ। ਸੋਸ਼ਲ ਵਰਕਰ ਦਾ ਨਾਂ ਬੱਲੈਰ ਪੀਚ ਸੀ। ਇਹ ਸਾਡੇ ਲੋਕਾਂ ਨਾਲ ਰਹਿਮ ਕਰਦਾ ਸੀ। ਰਾਣੇ ਨੂੰ ਦਸ ਪਈ ਕਿ ਦੋ ਕੋਚਾਂ ਸੱਕਿਨ ਹੇਡਾਂ ਨਾਲ ਭਰੀਆਂ ਪਈਆਂ ਬ੍ਰਾਡਵੈ ਦੇ ਬਾਹਰਲੇ ਪਾਸੇ (ਵੇਸ ਡਰਾਇਟਨ ਵੱਲੋਂ) ਪਬ ਕੋਲ੍ਹ ਪਹੁੰਚ ਗਈਆਂ। ਪੁਲਸ ਨੇ ਇਨ੍ਹਾਂ ਨੂੰ ਰੋਕਿਆ ਨਹੀਂ। ਸਮਾ ਪੰਜਾਬੀਆਂ ਦੇ ਮਗਰ ਪਏ। ਭੁਤਆਰਾ ਏਸ਼ੀਅਨਾਂ ਅਤੇ ਗੋਰਿਆਂ ਵਿਚਾਲੇ ਬਣਾ ਤਾ। ਗੱਲ ਵੱਧ ਗਈ। ਨੈਸ਼ਨਲ ਫਰੰਟ ਵਾਲਿਆਂ ਨੇ ਪੱਬ ਨੂੰ ਪੈਟਰੋਲ ਬੰਬਾਂ ਨਾਲ ਜਲਾ ਤਾਂ। ਬੱਸ ਹਮਲਾ ਸ਼ੁਰੂ ਹੋ ਗਿਆ। ਰਾਣਾ ਡਰਦਾ ਡਰਦਾ ਸਕੂਲ ਜਾਂਦਾ ਸੀ। ਪਰ ਸਾਊਥਹਾਲ ਵਿਚ ਸਾਫ਼ ਦੇਸੀਆਂ ਦਾ ਜੋੜ ਸੀ। ਘਰ ਵਿਚ ਜਦੋਂ ਸਕੂਲੋਂ ਆਉਂਦਾ ਸੀ ਕੇਵਲ ਰਾਇਟਾਂ ਵਾਲੇ ਸੁਣਦਾ ਸੀ। ਬੀਬੀ ਤਾਂ ਲਿਬਰਿਟੀ ਸਿਨੇਮਾ ਦੇ ਸਾਹਮਣੇ ਹੋਰ ਬਜ਼ੁਰਗਾਂ ਨਾਲ ਬਹਿ ਗਈ ਸੀ। ਪੁਲਸ ਲਾਠੀਆਂ ਨਾਲ ਉਠਾਉਣ ਦੀ ਕੋਸ਼ਿਸ਼ ਕਰਦੇ ਸੀ। ਬ੍ਰਾਡਵੈ ਉੱਤੇ ਪੁਲਸ ਫ਼ਸ ਗਈ ਸੀ। ਜਿੱਦਾਂ ਲਾਲ ਲਾਲ ਫ਼ੜਗੋਲਾ ਦਾ ਜਾਮ ਸਾਂਡਵਿਚ ਦੇ ਬ੍ਰੇਡ ਦੇ ਵਿਚਾਲੇ ਹੁੰਦਾ ਆਂ। ਉਦ੍ਹਾਂ ਹੀ ਏਸ਼ੀਅਨਾਂ ਅਤੇ ਐਣ ਐਫ ਵਿਚਾਲੇ ਪੁਲਸ ਆਪਣੇ ਕੱਚ ਵਾਲੇ ਢਾਲਾਂ ਨਾਲ ਫ਼ਸ ਗਈ। ਪ੍ਰੋਫ਼ੈਸਰ ਰੋਜ਼ ਬ੍ਰਾਡਵੈ ਜਾ ਕੇ ਤਮਾਸ਼ਾ ਦੇਖਦਾ ਸੀ। ਇਕ ਵਾਰੀ ਆਪਣੇ ਨਾਨੇ ਨੂੰ ਟੀ.ਵੀ. ਉੱਤੇ ਰਾਣੇ ਨੇ ਵੀ ਦੇਖਿਆ।

ਪਤਾ ਨਹੀਂ ਕਿੰਨੇ ਪੰਜਾਬੀ ਜੇਲ੍ਹ ਗਏ। ਪੁਲਸ ਸੱਕਿਨ ਹੇਡਾਂ ਨੂੰ ਕੁਝ ਨਹੀਂ ਕਹਿੰਦੇ ਸੀ। ਪਰ ਸਿੱਖ ਮੁਸਲਿਮ ਅਤੇ ਹਿੰਦੂਆਂ ਨੂੰ ਔਖਾ ਕਰਦੇ ਸੀ। ਸੰਨ ਉੱਨੀ ਸੌ ਉਨਾਸੀ ਦੇ ਜੁਆਕ ਆਪਣੇ ਮਾਂ-ਪਿਉਂ ਵਾਂਗ ਪੋਲੇ ਨਹੀਂ ਸੀ। ਗੋਰਿਆਂ ਤੋਂ ਨਹੀਂ ਡਰਦੇ ਸੀ। ਇਸ ਤੋਂ ਬਾਅਦ ਸਾਊਥਹਾਲੋ ਨੈਸ਼ਨਲ ਫਰੰਟ ਭੋਹ ਕਰ 'ਤਾ ਸੀ।

ਸਾਊਥਹਾਲ ਮਿੰਨੀ ਪੰਜਾਬ ਬਣ ਗਿਆ ਸੀ।

## *ਗਿਆਰਾ*

ਰਾਣੇ ਨੂੰ ਤਾਂ ਕਿਤਾਬਾਂ ਨਾਲ ਬਹੁਤ ਪਿਆਰ ਹੋ ਗਿਆ ਸੀ। ਰੋਜ਼ ਸੈਕੰਡ ਹੈਂਡ ਦੁਕਾਨ ਵਿਚ ਜਾ ਕੇ ਵੀਹ ਪੇਨੀਆਂ ਦੀਆਂ ਨਾਵਲਾਂ ਖ਼ਰੀਦੀਆਂ ਗਈਆਂ। ਜਿੱਦਾਂ ਹੋਰ ਲੋਕ ਸ਼ਰਾਬ ਪੀਂਦੇ ਸੀ ਉਦ੍ਹਾਂ ਇਹ ਲਫ਼ਜ਼ਾਂ ਨੂੰ ਪੀਂਦਾ ਸੀ। ਸਫ਼ਿਆਂ ਤੋਂ ਅੱਖਾਂ ਰਾਹੀਂ ਮਨ ਵਿਚ ਮਦ ਭਾਰਦਾ ਸੀ। ਪੰਜਾਬੀ ਤਾਂ ਆਪਣੀ ਪੀੜ੍ਹੀ ਵਾਂਗ ਨਹੀਂ ਜਾਂਦਾ ਸੀ। ਪਰ ਅੰਗਰੇਜ਼ੀ ਦੀਆਂ ਕਿਤਾਬਾਂ ਨੂੰ ਚੂਸਦਾ ਸੀ। ਕਦੇ ਪਿੰਗੁ ਦੀਆਂ ਕਿਤਾਬਾਂ ਪੜ੍ਹਦਾ। ਕਦੇ ਫ਼ੈਬਰ ਦੀਆਂ। ਕਦੇ ਦਿਲ ਕਰਦਾ ਸੀ ਹਲਕਾ ਜਿਹਾ ਕੁਝ ਪੜ੍ਹਣ। ਕਦੇ ਡੂੰਗੇ ਪੜ੍ਹਣ। ਜਿੱਦਾਂ ਸਮੁੰਦਰੀ ਬਾਘ ਮੱਛੀਆਂ ਖਾਣ ਲਈ ਭੁੱਖਾ ਹੁੰਦਾ ਉਦ੍ਹਾਂ ਸਾਹਿਤ ਲਈ ਭੁੱਖਾ ਸੀ।

ਰਾਣਾ ਅੱਧੀ ਰਾਤ ਪਲੰਘ ਉੱਤੇ ਲੇਟ ਕੇ ਡਿੱਕੀਨਜ਼। ਜਾਓਇਸ। ਡੂਮਾ ਅਤੇ ਕਾਫਕਾ ਪੜ੍ਹਦਾ ਸੀ। ਕਦੀ ਗ੍ਰਾਏਮ ਗ੍ਰੀਨ ਕਦੀ ਹਾਰਪਰ ਲੀ ਵੀ। ਹਰੇਕ ਕਿਸਮ ਦੀ ਕਿਤਾਬ ਰੈਸਟੋਰੈਂਟ ਦੇ ਖਾਲੀ ਡੱਬਿਆਂ ਵਿਚ ਰੱਖੀ ਸੀ। ਰਸੀਲੇ ਕਿੱਸੇ। ਦਿਲ ਹਿਲਾਊ ਅਤੇ ਵਿਗਿਆਨਕ ਕਿੱਸੇ। ਹਰੇਕ ਕਿਸਮ ਦੀ ਕਹਾਣੀ ਚਾਹ ਨਾਲ ਹਜ਼ਮ ਕਰੀ ਗਿਆ। ਪਰ ਖੁਲ੍ਹਾ ਡੁਲ੍ਹਾ ਪੜ੍ਹ ਨਹੀਂ ਸਕਦਾ ਸੀ। ਬਕਸੇ ਅਲਮਾਰੀ ਵਿਚ ਉਪਰ ਅਤੇ ਹੇਠ ਲਕੋਈਆਂ

ਸਨ। ਅਲਮਾਰੀ ਲਬਾਦੇ ਦਾ ਫ਼ਾਂਕਸ਼ਨ ਕਰਦਾ ਸੀ। ਪਰ ਇਕ ਦਿਨ ਕੰਮ ਖ਼ਰਾਬ ਹੋ ਗਿਆ ਸੀ।

ਬਾਪੂ ਨੂੰ ਗ਼ਲਤ ਤਰ੍ਹਾਂ ਦੀ ਕਿਤਾਬ ਰਾਣੇ ਦੇ ਕਮਰਿਉਂ ਹੱਥ ਆ ਗਈ ਸੀ। ਗੁੱਸੇ ਵਿਚ ਤਾਰਾ ਫੋਲਾ ਫਾਲੀ ਕਰਨ ਲੱਗ ਗਿਆ। ਪੰਜ ਡੱਬੇ ਲੱਭ ਲਏ। ਭਾਵੇਂ ਬਾਪ ਦੇ ਖ਼ਿਆਲ ਗ਼ੈਰ ਵਾਜਬ ਸਨ। ਪਰ ਇਹ ਘਟਨਾ ਨੇ ਬਾਪ ਨੂੰ ਬਹਾਨਾ ਨਾ ਦੇ ਦਿੱਤਾ, ਤਾਂ ਕਿ ਉਹ ਰਾਣੇ ਨੂੰ ਸਤਾਉਂਣ। ਹਰੇਕ ਵੱਖਰੀ ਗੱਲ ਛੇਵੇਂ ਬਰਥ ਡੇ ਤੋਂ ਸਾਇਕਲ ਤਕ ਕੱਢ ਲਿਆ। ਬਾਪ ਦੀ ਅਸਾਧ ਸੀ ਸਾਰੇ ਆਰਜ਼ੀਆਂ ਨੂੰ ਹਮੇਸ਼ਾਂ ਅੱਗੇ ਲਿਆਉਣ। ਜਦ ਝਿੜਕਾਂ ਪੈਂਦੀਆਂ ਸੀ ਰਾਣੇ ਨੂੰ ਇਹ ਆਦਤ ਨੂੰ ਬਰਦਾਸ਼ਤ ਕਰਨਾ ਪੈਂਦਾ ਸੀ। ਡਰ ਨਾਲ ਠਰ ਜਾਂਦਾ ਸੀ। ਬੱਸ ਉਹ ਹੀ ਚੱਕਰ ਫੇਰ ਸ਼ੁਰੂ ਹੋ ਜਾਂਦਾ ਸੀ।

ਜਦ ਇਹ ਘਟਨਾ ਹੋਇਆ ਬੋਕਸਿੰਗ ਦੈ ਸੀ। ਬਾਪੂ ਦੀ ਰੈਸਟੋਰੈਂਟ ਦੀ ਸ਼ਿਫ਼ਟ ਹੱਲੇ ਸ਼ੁਰੂ ਨਹੀਂ ਹੋਈ ਸੀ। ਘਰ ਸੋਫ਼ੇ ਉੱਤੇ ਪੈ ਕੇ ਮੋਜ਼ਿਸ ਦੀ ਫ਼ਿਲਮ ਦੇਖਦਾ ਸੀ। ਰਾਣੇ ਦੀ ਮਾਂ ਨੇ ਉਸਨੂੰ ਆਖਿਆ ਸੀ ਰੈਡੀਏਟਰ ਨੂੰ ਬਣਾਉਣ। ਭਾਫ਼ ਕੱਢਣ ਵਾਲੀ ਚਾਬੀ ਟੋਲਦਾ ਸੀ ਜਦ ਰਾਣੇ ਦੇ ਕਮਰੇ ਵਿਚ ਪਾਪੀ ਕਿਤਾਬ ਮਿਲ ਪਈ ਸੀ। ਸੱਚਮੁੱਚ ਰਾਣੇ ਦੀ ਤਾਂ ਨਹੀਂ ਸੀ। ਕਿਸੇ ਨੇ ਇੱਲਤ ਵਿਚ ਜਾਣ ਕੇ ਇਹਦੇ ਬੈਗ ਵਿਚ ਪਾ ਦਿੱਤੀ ਸੀ। ਪਰ ਬਾਪ ਪੁੱਤ ਦੇ ਸੱਚ ਨੂੰ ਝੂਠ ਸਮਝਦਾ ਸੀ। ਘੜੀਸ ਕੇ ਹੇਠ ਮੁੰਡੇ ਨੂੰ ਲਿਆ। ਮਾਂ ਮੈਂ ਤਾ ਕਰਦੀ ਸੀ। ਪਰ ਤਾਰਾ ਆਪ ਦੀਆਂ ਲੁਤਰੋਈਆਂ ਸ਼ੁਰੂ ਕਰ ਗਿਆ। ਸੋਫ਼ੇ ਤੋਂ ਹਿੱਲਿਆ ਨਹੀਂ ਪਰ ਰਾਣੇ ਤੋਂ ਸਾਰੇ ਬਕਸੇ ਥੱਲੇ ਲਿਆਂਦੇ। ਫਿਰ ਹਰੇਕ ਕਿਤਾਬ ਕੱਢ ਕੱਢ ਕੇ ਦੇਖਿਆ। ਕੋਈ ਬਾਪੂ ਦੇ ਅਹਿਸਾਨ ਨਾਲ ਪੜ੍ਹਾਈ ਵਾਲੀਆਂ ਨਹੀਂ ਸੀ। ਰਾਣੇ ਨੇ ਇੱਦਾਂ ਸਾਰੀ ਮੂਵੀ ਦੇ ਟਾਇਮ ਲਈ ਟੀ.ਵੀ ਵੱਲ ਪਿੱਠ ਕਰਕੇ ਖਲੋਤਾ ਰਿਹਾ। ਬਾਪੂ ਨਾਲੇ ਮੋਜ਼ੇਸ ਵੇਖੇ ਨਾਲੇ ਇਕ-ਇਕ ਨਾਵਲ ਚੁੱਕ ਕੇ ਰਾਣੇ ਵੱਲ ਮਾਰੇ। ਕੰਬਦਾ ਮੁੰਡਾ ਡਰ ਵਿਚ ਖੜ੍ਹਿਆ ਰਿਹਾ। ਅੱਖਾਂ ਵਿਚ ਰੰਗ ਬਰੰਗੇ ਦਾਣੇ ਦਿਸਦੇ ਸਨ। ਸੰਘ ਸੁੱਕ ਗਿਆ। ਫ਼ਿਲਮ ਮੁਕਣ ਤੱਕ ਇੱਦਾਂ ਰੱਖਿਆ। ਫਿਰ ਹਰੇਕ ਕਿਤਾਬ ਬਾਹਰ ਸਿੱਟ ਦਿੱਤੀ ਸੀ। ਕਈ ਮਿਸਾਲ ਦ੍ਰਿਸ਼ਟਾਂਤ ਇੱਦਾਂ ਦੇ ਹਨ। ਪੁੱਤ ਬਾਪ ਨੂੰ ਨਫ਼ਰਤ ਕਰਨ ਲੱਗ ਗਿਆ। ਇਹ ਘਰ ਦੀ ਰਹਿਣ-ਸਹਿਣ ਹੋ ਗਈ। ਆਓ ਦੋ ਕੁ ਹੋਰ ਘਟਨਾਵਾਂ ਤੁਹਾਨੂੰ ਦਿਖਾਈਏ।

ਇਕ ਵਾਰੀ ਤਾਏ ਦਾ ਮੁੰਡਾ ਛੁੱਟੀਆਂ ਵਿਚ ਰਾਤ ਰਹਿਣ ਆਇਆ ਸੀ। ਬਾਪ ਖ਼ਬਰਾਂ ਦੇਖਦਾ ਸੀ। ਰਾਣੇ ਨੂੰ ਪਤਾ ਸੀ ਚੁੱਪਚਾਪ ਰਹਿਣ। ਪਰ ਚਚੇਰਾ ਮਸਤੀ ਵਿਚ ਬੋਲ ਗਿਆ। ਬੱਸ ਬੱਚੇ ਖੇਡਦੇ ਸੀ, ਪਰ ਤਾਰੇ ਨੂੰ ਇੰਨਾ ਗੁੱਸਾ ਆਇਆ ਉਸਨੇ ਗੁਰਮੀਤ ਦੇ ਮੁੰਡੇ ਨੂੰ ਢਾਹਤਾ। ਮੁੰਡੇ ਨੂੰ ਇੰਨੀ ਖਿੱਝ ਆਈ ਵਾਅਦਾ ਕਰ ਲਿਆ ਕਦੀ ਚਾਚੇ ਦੇ ਘਰ ਕਦਮ ਨਹੀਂ ਰੱਖਣ ਲਈ।

ਇਕ ਵਾਰੀ ਵਿਚਾਰੇ ਰਾਣੇ ਦੀ ਬੁਰੀ ਰਿਪੋਰਟ ਸਕੂਲੋਂ ਆਈ। ਬਾਪੂ ਨੇ ਜਾਣ ਕੇ ਟਕੋਰ ਲਾ ਕੇ ਕਿਹਾ - ਵਾਹ ਵਾਹ ਬੇਟਾ ਬਹੁਤ ਚੰਗੀ ਰਿਪੋਰਟ ਐ। ਤੂੰ ਤਾਂ ਡਾਕਟਰ ਬਣ ਜੇ ਦੇਖ ਰੀਜ਼ਲਟ ਨਾਲ-। ਫਿਰ ਬਹੁਤ ਕੁੱਟਿਆ। ਆਪ ਸੌਣ ਚਲਾ ਗਿਆ ਪਰ ਰਾਣੇ ਨੂੰ ਮਨ੍ਹਾਂ ਕਰ ਤਾ ਸੌਣ ਲਈ। ਮਾਂ ਡਰਦੀ ਆਪਣੇ ਕਮਰੇ ਗਈ। ਮੁੰਡਾ ਥੱਲੇ ਰਿਹਾ। ਸੌ ਤਾਂ ਸਕਦਾ ਸੀ ਪਰ ਪਿਉ ਤੋਂ ਡਰਦਾ ਸੀ। - ਮੈਂ ਜਦ ਚਾਹਵਾਂ ਹੇਠਾਂ ਆ ਸਕਦਾ ਆਂ। ਜੇ ਮੈਂ



ਤੈਨੂੰ ਸੁੱਤਾ ਫੜ੍ਹ ਲਿਆ ਚਮੜੀ ਲਾਲ ਕਰ ਦੂੰ ਗਾ-। ਸਾਰੀ ਰਾਤ ਨੀਂਦ ਨਾਲ ਲੜਦਾ ਉਤਾਰਿਆ। ਬੱਤੀਆਂ ਨੂੰ ਬੁਝਾਉਣਾ ਵੀ ਮਨ੍ਹਾਂ ਸੀ। ਇਕ ਮੱਖੀ ਦੇ ਮਗਰ ਹੋ ਕੇ ਟਾਇਮ ਪਾਸ ਕੀਤਾ। ਹਾਰ ਕੇ ਗਲਾਸ ਵਿਚ ਪਾ ਲਈ ਸੀ। ਮੱਖੀ ਗਲਾਸ ਵਿਚ ਬੰਦੀ ਸੀ। ਰਾਣਾ ਗਲਾਸ ਦੇ ਬਾਹਰ ਬੰਦੀ ਸੀ।

ਆਹੋ ਪਿਉ ਵੱਲ ਖ਼ੂਬ ਨਫ਼ਰਤ ਪੈਦਾ ਹੋ ਗਈ ਸੀ। ਹਾਰ ਕੇ ਸਵੇਰੇ ਦੇ ਚਾਰ ਵਜੇ ਸੌ ਗਿਆ। ਬਾਪੂ ਨੇ ਹੇਠਾਂ ਆ ਕੇ ਮਾਰਿਆ। ਮਾਂ ਡਰਦੀ ਉਪਰ ਪਈ ਰੋਵੇ। ਆਹੋ ਪਿਉ ਵੱਲ ਨਫ਼ਰਤ ਸੀ।

## *ਬਾਰਾਂ*

ਜਦ ਰਾਣੇ ਨੂੰ ਕੁੱਟ ਪੈਂਦੀ ਸੀ ਉਹ ਆਪਣੇ ਦੁਨੀਆਂ ਵਿਚ ਗਵਾਚ ਜਾਂਦਾ ਸੀ। ਦੁੱਖਾਂ ਤੋਂ ਦੂਰ ਦੌੜ ਜਾਂਦਾ ਸੀ। ਕੱਢੇ ਅਸਲੀਅਤ ਅਤੇ ਖ਼ਵਾਬਜੱਗ ਘੁਲਮਿਲ ਹੋ ਜਾਂਦੇ ਸੀ। ਕੀ ਸੱਚਾਈ ਸੀ ਕੀ ਕਲਪਨਾ ਸੀ? ਰਾਣੇ ਦਾ ਦਰਵੇਸ਼ ਵਰਗਾ ਹਾਲ ਚਾਲ ਹੋ ਜਾਂਦਾ ਸੀ। ਇਹ ਰਸਤਾ ਸੀ ਘਰ ਦੀਆਂ ਪੀੜਾਂ ਤੋਂ ਭਾਗੰਨ। ਇਹ ਦੁਨੀਆਂ ਦਾ ਨਾਂ ਸੀ ਐਸਤਾਰਫੀਨੀਆ। ਇਹ ਥਾਂ ਵਿਚ ਗੁੰਮ ਜਾਂਦਾ ਸੀ। ਕਦੇ ਐਸਤਾਰਫੀਨੀਆ ਅਸਲੀਅਤ ਲੱਗੇ ਅਤੇ ਘਰ ਦੇ ਤਮਾਸ਼ੇ ਸੁਪਨੇ। ਮੁੰਡੇ ਲਈ ਇਹ ਇਕ ਰਾਹ ਸੀ। ਐਸਤਾਰਫੀਨੀਆ ਵਿਚ ਕੋਈ ਲੁਤੋਰ ਬਾਪ ਨਹੀਂ ਸੀ। ਵਚਿੱਤਰ ਦੁਨੀਆਂ ਸੀ। ਅਲੌਕਿੱਕ ਜੱਗ ਸੀ। ਸਾਡੀ ਸੱਚਾਈ ਰਾਣੇ ਲਈ ਭਿਆਨਕ ਸੁਫ਼ਨਾ ਸੀ। ਕੀ ਪਤਾ ਸੱਚਾਈ ਹੀ ਸੀ। ਕੀ ਪਤਾ ਸਾਡੀ ਦੁਨੀਆਂ ਮਿਥਿਆ ਸੀ? ਰਾਣੇ ਨੂੰ ਤਾਂ ਇੱਦਾਂ ਹੀ ਲੱਗੇ। ਇਸਦਾ ਪਰਮਾਣ ਸਬੂਤ ਅੱਗੇ ਹੈ।

ਪਿਉ ਨੇ ਇਕ ਵਾਰੀ ਜੋੜ ਦੇਣੀ ਰਾਣੇ ਦਾ ਜੂੜਾ ਫੜ ਕੇ ਘੁੰਮਾਇਆ ਜਿੱਦਾਂ ਕੋਈ ਰੋਹੀ ਦੇ ਮਿਰਗ ਨੂੰ ਗਲ ਰੱਸੀ ਪਾ ਕੇ ਘੁੰਮਾਉਂਦਾ ਸੀ। ਰਾਣਾ ਘਿਰ ਕੇ ਡਿੱਗ ਪਿਆ। ਜਦ ਗਿੱਲੀਆਂ ਗਿੱਲਿਆਂ ਅੱਖਾਂ ਖੋਲ੍ਹੀਆਂ ਆਲ਼ੇ-ਦੁਆਲ਼ੇ ਹਿਮ ਦਾ ਥੋਲ ਸੀ। ਬਰਫ਼ਬਾਰੀ ਮੂੰਹ ਵਿਚ ਢੱਕ ਦੀ ਸੀ। ਸਫ਼ੇਦ ਰੇਤ ਸਾਰੇ ਪਾਸੇ ਸੀ। ਬਰਫ਼ਾਨੀ ਵਿਚ ਕੁਝ ਨਹੀਂ ਦਿਸਦਾ ਸੀ। ਰਾਣੇ ਦੇ ਆਮ ਕੱਪੜੇ ਪਾਏ ਸਨ। ਇਕਦਮ ਠਰ ਗਿਆ ਸੀ। ਬਰਫ਼ ਖੋਪੇ ਤੋਂ ਬਿਗੈਰ ਇੱਦਾਂ ਦੇ ਮੌਸਮ ਵਿਚ ਦੇਖਣਾ ਵੀ ਔਖਾ ਹੈ। ਜਿੱਤੇ ਵੇਖੇ ਉਥੇ ਬਿਅੰਤ ਬਰਫ਼ਹਾਰ ਸੀ। ਰਾਣੇ ਨੂੰ ਸਮਝ ਨਾ ਲੱਗੇ ਕਿਥੇ ਜ਼ਮੀਨ ਸ਼ੁਰੂ ਹੋਵੇ ਅਤੇ ਕਿਥੇ ਅੰਬਰ ਮੁਕੂ। ਗੋਡੇ ਭਾਰ ਡਿੱਗ ਗਿਆ ਸੀ। ਆਲ਼ੇ-ਦੁਆਲੇ ਹਵਾ ਚੁੜੇਲ ਵਾਂਗੂੰ ਚੀਕੀ। ਰਾਣਾ ਬੇਹੋਸ਼ ਹੋ ਗਿਆ।

ਐਸਤਾਰਫੀਨੀਆ ਇਕ ਬੇਅੰਤ ਚਿੱਟਾ ਸੰਮੁਦਰ ਸੀ। ਠੰਢਾ ਠਾਰਿਆ ਧਰਤ ਦ੍ਰਿਸ਼। ਰਾਣੇ ਨੂੰ ਸ਼ਾਇਦ ਆਪਣਾ ਬਾਪੂ ਇੱਦਾਂ ਦਾ ਲੱਗਦਾ ਸੀ। ਜਿੱਦਾਂ ਰਾਜਪੁਤਾਨਾ ਰੇਤ ਹੈ ਉਹਦਾ ਐਸਤਾਰਫੀਨੀਆ ਨਿੱਰੇ ਬਰਫ਼ ਹੈ। ਕੁਝ ਕੁਝ ਲਈ ਸਫ਼ੇਦ ਮੈਦਾਨ ਸਨ। ਕੁਝ ਕੁਝ ਲਈ ਪਹਾੜ ਹੀ ਪਹਾੜ ਸਨ।

ਰਾਣੇ ਦੇ ਉਪਰ ਬੱਦਲਾਂ ਵਿਚ ਦੋ ਨੀਆਂ ਠੰਡੀਆਂ ਅੱਖਾਂ ਥਲੇ ਝਾਕਿ। ਠੰਡ ਵਿਚ ਹੱਥ ਮੂੰਹ ਵੱਲ ਕਰਲੇ। ਗੋਡੇ ਪੇਟ ਵੱਲ। ਫਿਰ ਕੋਈ ਚਿੱਟੇ ਪੰਜੇ ਨੇ ਫੜ੍ਹ ਕੇ ਖਿੱਚ

ਲਿਆ। ਸਨੋਅ ਵਿਚ ਅੰਗ ਤੰਗ ਦੇ ਖਿੱਚਣੇ ਦੇ ਨਿਸ਼ਾਨ ਰੇਲ ਗੱਡੀ ਦੇ ਟਰੱਕਾਂ ਵਾਂਗੂੰ ਲਿਖੀਆਂ ਵਾਹੁੰਦੇ ਸਨ। ਇੱਦਾਂ ਕੋਈ ਅਜੀਬ ਹੱਥ ਨੇ ਰਾਣੇ ਨੂੰ ਘਿੜੀਸਿਆ।

ਰਾਣੇ ਨੂੰ ਆਪਣੇ ਮੁਖੜੇ ਉਪਰ ਉਸਾਸ ਵਗਦਾ ਮਹਿਸੂਸ ਹੋਇਆ। ਹੌਲੀ ਹੌਲੀ ਅੱਖਾਂ ਖੋਲ੍ਹੀਆਂ। ਸਾ ਚਿੱਟੇ ਸੀਸੀ ਵਿਚੋਂ ਆਉਂਦਾ ਸੀ। ਇਹ ਚਿਹਰੇ ਦਾ ਨੱਕ ਥੋਥੜਾ ਸੀ। ਇਹ ਮੁਖ ਦੀ ਚਮੜੀ ਸਫ਼ੇਦ ਪਸ਼ਮ ਸੀ। ਮੂੰਹ ਵਿਚੋਂ ਤਿੱਖੇ ਤਿੱਖੇ ਦੰਦ ਸੀ। ਚਿਹਰਾ ਇਕ ਸਫ਼ੇਦ ਰਿੱਛ ਦਾ ਸੀ! ਰਾਣਾ ਨੂੰ ਦਹਿਸ਼ਤ ਚੜ੍ਹ ਗਈ।

– ਸਾਸਰੀਅਕਾਲ– ਭਾਲੂ ਦੀ ਆਵਾਜ਼ ਆਈ। ਆਸਚਰਸ ਵਿਚ ਰਾਣਾ ਫਿਰ ਬੇਹੋਸ਼ ਹੋ ਗਿਆ।

– ਮੈਂਥੋਂ ਕੁਛ ਵੱਧ ਕਹਿ ਹੋ ਗਿਆ?– ਰਿੱਛ ਨੇ ਸੋਚਿਆ।

ਜਦ ਰਾਣੇ ਨੂੰ ਹੋਸ਼ ਫਿਰ ਆਇਆ ਰਿੱਛ ਕੁਰਸੀ ਉਪਰ ਬੈਠਾ ਚਾਹ ਪੀਂਦਾ ਸੀ। ਰਾਣਾ ਗੁਫ਼ਾ ਵਿਚ ਸੀ। ਦਿਵਾਰਾਂ ਉੱਤੇ ਤਸਵੀਰਾਂ ਸਨ। ਇਕ ਫਰੇਮ ਵਿਚ ਰਿੱਛ ਚਸ਼ਮੇ ਪਾ ਕੇ ਸਰਫਬਾਰਦ ਨਾਲ ਰੰਗੀਨ ਜਾਂਘੀਆਂ ਵਿਚ ਖੜਾ ਸੀ। ਇਕ ਹੋਰ ਦੇ ਵਿਚ ਸ਼ਹਿਨਸ਼ਾਹੀ ਪਿੰਗੂ ਨਾਲ ਲਿਪਟ ਦਾ ਸੀ।

– ਚਾਹ ਪੀਣੀ ਆਂ?– ਰਿੱਛ ਨੇ ਪੁੱਛਿਆ।

ਰਾਣਾ ਹੈਰਾਣੀ ਵਿਚ ਠਰ ਗਿਆ।

**ਤੀਜਾ ਭਾਗ ਖ਼ਤਮ**

ਦੂਜੀ ਕਿਤਾਬ

**ਚੌਥਾ ਭਾਗ**

**ਤਾਰਾ**

***ਇਕ***

ਬਾਹਰ ਬਗੀਚੇ ਵਿਚ ਹੈ ਰੁੱਖ
ਇਹਦੀ ਛਾਂ ਹੇਠ ਸੁੱਖ
ਚਾਰ ਚੁਫੇਰੇ ਚੱਲਦਾ ਚਾਂਗਰ
ਪੰਛੀਆਂ ਪਸ਼ੂਆਂ ਦਾ ਬਾਜ਼ਾਰ
ਬਿਖਰ ਦੇ ਦੁਆਲ਼ੇ ਪੀਲ਼ੇ ਖੇਤ
ਅੰਨ ਅੰਬਰ ਨੀਲੇ ਹੇਠ
ਖ਼ੁਸ਼ੀਆਂ ਪੀੜਾਂ ਵਿਚ ਹੈ ਮੇਲ
ਆਣੀ ਜਾਣੀ ਸਾਡੀ ਖੇਡ



***ਦੋ***

ਤਾਰਾ ਜਦ ਸਵੇਰੇ ਉਠਦਾ ਆਪਣੇ ਬਚਪਨ ਦੇ ਘਰ ਖੇਤ ਅਤੇ ਬਿਖਰ ਦਾ ਯਾਦ ਕਰਦਾ ਸੀ। ਤਾਰੇ ਨੂੰ ਗਰੀਬੀ ਛੇੜਦੀ ਸੀ - ਜਦ ਤੱਕ ਤੂੰ ਅਮੀਰ ਨਹੀਂ ਤਦ ਤਕ ਤੂੰ ਖ਼ੁਸ਼ ਨਹੀਂ ਹੋ ਸਕਦਾ ਏਂ–। ਸਤਰ ਦੇ ਦਸ ਸਾਲ ਬੀਤ ਗਏ ਸਨ ਅਤੇ ਅੱਸੀਵਾਂ ਦੇਕੈਡ ਚੜ੍ਹ ਗਿਆ ਸੀ। ਤਾਰੇ ਨੂੰ ਬੱਸਾਂ ਕੋਚਾਂ ਤੋਂ ਨਿਵਿਰਤੀ ਚਾਹੀਦੀ ਸੀ। ਤਾਰੇ ਕੋਲ਼ੇ ਦੋਸਤ ਸੀ ਜਿਹੜਾ ਕੈਟਰਿੰਗ ਵਿਚ ਕੰਮ ਕਰਦਾ ਸੀ। ਉਨ੍ਹੇ ਤਾਰੇ ਨੂੰ ਦੱਸਿਆ ਸੀ ਕੇ ਪੈਸੈ ਬਹੁਤ ਬਣਾ ਸਕਦਾ ਸੀ। ਪਰ ਕੰਮ ਸਖ਼ਤ ਸੀ। ਤਾਰਾ ਸਖ਼ਤ ਕੰਮ ਤੋਂ ਨਹੀਂ ਡਰਦਾ ਸੀ। ਉਸ ਜ਼ਮਾਨੇ ਵਿਚ ਲੋਕ ਇਕ ਦੂਜੇ ਨੂੰ ਇਤਲਾਹ ਦਿੰਦੇ ਸਨ। ਤਾਰਾ ਨੂੰ ਲੋਕਾਂ ਤੋਂ ਗੱਲ ਕੱਢਣੀ ਆਉਂਦੀ ਸੀ। ਅੱਜ–ਕਲ੍ਹ ਦੀ ਪੀੜ੍ਹੀ ਵਾਂਗੂੰ ਨਹੀਂ ਸੀ। ਇੱਦਾਂ ਹੀ ਸਭ ਕਾਮਯਾਬ ਸਨ। ਇਸ ਤਾਰਾ ਦਾ ਧਿਆਨ ਰਸੋਈਖ਼ਾਨੇ ਵੱਲ ਤੁਰ ਪਿਆ। ਕਹਿਣ ਦਾ ਮਤਲਬ ਰੈਸਟੋਰੈਂਟ ਵੱਲ ਦਿਲਚਸਪੀ ਹੋ ਗਈ।

ਇਕ ਦਿਨ ਤਾਰੇ ਨੂੰ ਕੰਡਕਟਰ ਨੇ ਰੈਸਟੋਰੈਂਟ ਦੀ ਦਸ ਪਾਈ। ਘੁੰਮਣ ਸਾਹਿਬ ਕੋਲ ਇੰਡੀਅਨ ਰੈਸਟੋਰੈਂਟ ਸੀ ਹਾਂਸਲਾਓ ਵਿਚ। ਇਹ ਰਸੋਈਖ਼ਾਨਾ ਚਲਦਾ ਨਹੀਂ ਸੀ। ਇਸ ਵੇਲੇ ਵਿਆਜ਼ ਨੈਗਟਿਵ ਸਨ। ਕਾਰਜ ਲੋਕਾਂ ਤੋਂ ਉਤਾਹ ਨਹੀਂ ਹੁੰਦੇ ਸੀ। ਤਾਰੇ ਅਤੇ ਕੰਡਕਟਰ ਨੇ ਪੈਸੈ ਜੋੜ ਕੇ ਘੁੰਮਣ ਨੂੰ ਆਫ਼ਰ ਬਣਾਤੀ ਸੀ। ਦੋਨਾਂ ਨੂੰ ਕਾਨਸਾਮਾ ਦਾ ਕੁਝ ਨਹੀਂ ਪਤਾ ਸੀ। ਕੰਡਕਟਰ ਖਾਮੋਸ਼ ਹਿੱਸੇਦਾਰ ਬਣ ਗਿਆ ਸੀ। ਤਾਰਾ ਰੋਜ਼ ਆਪਣੀ ਬੱਸਾਂ ਦੀ ਸ਼ਿਫ਼ਟ ਬਾਅਦ ਘੁੰਮਣ ਦੇ ਰਸੋਈਖ਼ਾਨੇ ਵਿਚ ਜਾ ਖੜ੍ਹਦਾ ਸੀ। ਇੱਦਾਂ ਸਭ ਕੁਝ ਸਿੱਖ ਗਿਆ। ਧੋਬੀ ਦਾ ਕੰਮ ਸਿੱਖਿਆ। ਬੈਰੇ ਦਾ ਕੰਮ ਸਿੱਖਿਆ। ਬਾਵਰਚੀ ਦਾ ਕੰਮ ਵੀ। ਤਾਰੇ ਦਾ ਅਸੂਲ ਸੀ ਕੇ ਜਿੰਨਾ ਚਿਰ ਆਪਨੂੰ ਕੰਮ ਨਹੀਂ ਆਉਂਦਾ ਹੋਰ ਕਿਸੇ ਨੂੰ ਕੁਝ ਕਹਿ ਨਹੀਂ ਸਕਦੇ ਹੈ। ਵੀਤਾ ਨੂੰ ਕੰਮ ਸਿੱਖਾ 'ਤਾ ਸੀ।

ਰਸੋਈਖ਼ਾਨੇ ਦਾ ਨਾਂ *ਲਾਲ ਕਿਲ੍ਹਾ* ਸੀ।

ਜਦ ਘੁੰਮਣ ਨੇ ਸਾਰਾ ਕਾਰੋਬਾਰ ਤਾਰੇ ਨੂੰ ਦੇ ਦਿੱਤਾ ਸੀ, ਰਾਣਾ ਦਸਾਂ ਸਾਲਾਂ ਦਾ ਸੀ। ਤਾਰੇ ਨੂੰ ਚੇਤਾ ਆਉਂਦਾ ਸੀ ਕਿਵੇਂ ਇਹ ਦਾ ਬਾਪ ਸਖ਼ਤੀ ਨਾਲ ਕੰਮ ਬਚਪਨ ਵਿਚ ਵੀ ਕਰਾਉਂਦਾ ਸੀ। ਇਸ ਲਈ ਇਨ੍ਹੇ ਵੀ ਮੁੰਡੇ ਨੂੰ ਕੰਮ 'ਤੇ ਲਾ ਲਿਆ। ਜਦ ਰਾਣਾ ਸਕੂਲੋਂ ਆਉਂਦਾ ਸੀ ਰਸੋਈਖ਼ਾਨੇ ਪਹੁੰਚ ਕੇ ਰੋਟੀ ਖਾ ਕੇ ਕੰਮ 'ਤੇ ਲੱਗ ਜਾਂਦਾ ਸੀ। ਉਹਦੇ ਦੋਸਤ ਬਾਹਰ ਖੇਤਾਂ ਵਿਚ ਫ਼ੁੱਟਬਾਲ ਖੇਡਦੇ ਸਨ। ਇਹਨੂੰ ਇਹ ਗੱਲ ਦਾ ਪੂਰਾ ਪਤਾ ਸੀ। ਪਰ ਜਦ ਇਹਨੂੰ ਕੰਮ ਕਰਨਾ ਪਿਆ। ਫਿਰ ਮੁੰਡੇ ਨੂੰ ਵੀ ਕਰਨਾ ਪਊਗਾ। ਰਾਣਾ ਪੱਕਾ ਧੋਬੀ ਬਣ ਗਿਆ।

ਰੀਵ ਚੜ੍ਹਣ ਤੋਂ ਹੀ ਪਹਿਲਾ ਸਵੇਰ ਦੇ ਚਾਰ ਵਜੇ ਉੱਠ ਜਾਂਦਾ ਸੀ। ਬਾਜ਼ਾਰ ਜਾ ਕੇ ਤਾਜ਼ੇ ਤਾਜ਼ੇ ਸ਼ਲਗਮ। ਟਮਾਟਰ। ਪਿਆਜ਼। ਗਾਜਰ। ਧਨੀਆ। ਲੌਂਗ। ਮੀਟ ਲਿਆਂਦਾ ਸੀ। ਪਰ ਖਾਣਾ ਪੰਜਾਬੀ ਘਰਾਂ ਦੇ ਖਾਣੇ ਤੋਂ ਅਲੱਗ ਸੀ। ਕਿਉਂਕਿ ਅਸਲੀਅਤ ਜਿਸ ਨੂੰ ਅੰਗਰੇਜ਼ੀ ਇੰਡੀਅਨ ਰੋਸ਼ੀ ਸੱਦਦੇ ਸਨ। ਦਰਅਸਲ ਬੰਗਾਲੀ ਖਾਣਾ ਸੀ। ਕਈ ਕਈ ਡਿੱਸ਼ਾਂ ਤਾਂ ਤਾਰੇ ਲਈ ਅਣਜਾਨ ਸਨ। ਵਿੰਡਾਲੂ । ਮਦਰਾਸ ਅਤੇ ਟਿੱਕਾ ਮਸਾਲਾ

ਸਭ ਨਵੇਂ ਨਾਂ ਸਨ। ਸੱਚਮੁੱਚ ਇਹ ਕਰੀਆਂ ਤਾਂ ਗੋਰਿਆਂ ਦੀਆਂ ਬਣਾਈ ਹੋਈਆਂ ਰੋਸ਼ੀਆਂ ਸਨ।

ਜਦ ਅੱਠ ਵੱਜ ਜਾਂਦੇ ਸੀ ਵੀਤਾ ਰਾਣੇ ਨੂੰ ਸਕੂਲ ਛੱਡ ਕੇ ਜਲਪਾਨ ਗ੍ਰਹਿ ਪਹੁੰਚ ਜਾਂਦੀ ਸੀ। ਖੋਲ੍ਹਣ ਤੋਂ ਪਹਿਲਾਂ ਸਾਰੀਆਂ ਤਿਆਰੀਆਂ ਕਰਨੀਆਂ ਪੈਂਦੀਆਂ ਸੀ। ਦਸ ਵਜੇ ਬੈਰੇ ਅਤੇ ਰਸੋਈ ਦੇ ਦਰੋਗੇ ਆ ਗਏ ਸਨ। ਕਾਲੀਨ ਨੂੰ ਹੂਵਰ ਕੀਤਾ। ਮੇਜ਼ਾਂ ਉੱਤੇ ਚਾਦਰ ਵਿਛਾਏ। ਫਿਰ ਉਨ੍ਹਾਂ ਉਪਰ ਛੁਰੀ ਕਾਂਟੇ ਰੱਖੇ। ਬਾਰ ਵਿਚ ਗਲਾਸ ਸਾਫ਼ ਕੀਤੇ। ਰਸੋਈ ਏ ਟੂ ਜ਼ੈਡ ਸਾਫ਼ ਕੀਤੀ। ਜੋ ਅੰਸ਼ ਖਾਣੇ ਪਕਾਣੇ ਲਈ ਤਿਆਰ ਕਰਨੇ ਸੀ। ਤਿਆਰ ਕੀਤੇ। ਦੋ ਬੈਰੇ ਅਤੇ ਦੋ ਸ਼ੇਫ਼ ਰੱਖੇ ਸੀ। ਵੀਤਾ ਰਸੋਈ ਵਿਚ ਇਨ੍ਹਾਂ ਦੀ ਦੇਖ ਭਾਲ ਕਰਦੀ ਸੀ। ਮੂਹਰੇ ਤਾਰਾ ਰਾਜ ਕਰਦਾ ਸੀ। ਜਦ ਗਾਹਕ ਨਾਲ ਮਿੱਠੇ ਹੋਣ ਦੀ ਲੋੜ ਸੀ ਤਦ ਮਾਧੁਰੀ ਨਾਲ ਬੋਲਦਾ ਸੀ। ਜਦ ਸੀਨਾਜ਼ੋਰੀ ਕਰਨੀ ਪੈਂਦੀ ਸੀ ਤਿਆਰ ਸੀ।

ਤਾਰੇ ਨੇ ਪਹਿਲੇ ਦਿਨਾਂ ਵਿਚ ਕਈ ਗ਼ਲਤੀਆਂ ਕੀਤੀਆਂ ਸੀ। ਚਲਾਕ ਗਾਹਕ ਮੁਫ਼ਤ ਖਾਣਾ ਖਾ ਲੈਂਦੇ ਸੀ। ਸ਼ਰਾਬੀ ਗਾਹਕ - ਪਾਕੀ- ਕਰਦੇ ਕਰਦੇ ਪੈਸੇ ਦੇਣ ਤੋਂ ਬਗ਼ੈਰ ਨੱਸ ਜਾਂਦੇ ਸੀ। ਗੋਰੀਆਂ ਨੂੰ ਆਦਤ ਪਈ ਸੀ ਬੀਅਰ ਸ਼ਰਾਬ ਕਰੀ ਨਾਲ ਪੀਣ। ਇਹ ਆਦਤ ਅੰਗ੍ਰੇਜ਼ਸਤਾਨ ਵਿਚ ਹੀ ਸੀ। ਸਭ ਤੋਂ ਪਹਿਲੀ ਰੈਸਟੋਰੈਂਟ ਵੀਰਸ਼ਵਾਮੀ ਵਿਚ ਡੈਨਮਾਰਕ ਦੇ ਰਾਜਾ ਖਾਣ ਆਉਂਦਾ ਸੀ। ਉਨ੍ਹੇ ਆਪਣੇ ਮੁਲਕ ਤੋਂ ਬੀਅਰ ਦੇ ਦੋ ਤਿੰਨ ਵੱਡੇ ਕੁੱਪੇ ਮੰਗਵਾਏ ਸੀ। ਜਦ ਵਾਪਸ ਚਲ ਜਾਂਦਾ ਸੀ ਇਹ ਕੁੱਪੇ ਪਏ ਰਹਿੰਦੇ ਸਨ। ਇਸ ਲਈ ਗਾਹਕਾਂ ਨੂੰ ਸੱਰਵ ਕਰ ਦਿੰਦੇ ਸੀ। ਇੱਦਾਂ ਮੁਲਕ ਨੂੰ ਆਦਤ ਪੈ ਗਈ ਸੀ। ਹਰੇਕ ਰਾਤ ਸਾਰੇ ਗੋਰੇ ਕਰੀ ਖਾਂਦੇ ਸੀ। ਆਖ਼ਰੀ ਗਾਹਕ ਬਾਰਾਂ ਵਜੇ ਬਾਹਰ ਨਿਕਲਦੇ ਸਨ। ਇਸ ਲਈ ਇਕ ਵਜੇ ਰਾਤ ਨੂੰ ਤਾਰਾ ਅਤੇ ਵੀਤਾ ਪਹੁੰਚੇ ਸੀ। ਘੁੰਮਣ ਗ਼ਲਤ ਟਾਇਮ ਇਹ ਕਾਰੋਬਾਰ ਵਿਚੋਂ ਨਿੱਕੀਆ ਸੀ। ਕਿਉਂਕਿ ਵਿਦਿਆਰਥੀਆਂ ਨੂੰ ਹੋਰ ਖਾਣਾ ਐਫ਼ੋਰਡ ਨਹੀਂ ਹੁੰਦਾ ਸੀ। ਇਸ ਲਈ ਸਸਤੇ ਇੰਡੀਅਨ ਰੈਸਟੋਰੈਂਟ ਵਿਚ ਖਾਣ ਲੱਗ ਗਏ ਸੀ। ਹੌਲੀ ਹੌਲੀ ਚਿਕਨ ਟਿੱਕਾ ਮਸਾਲਾ ਨੰਬਰ ਵੰਨ ਖਾਣਾ ਬਣ ਗਿਆ ਸੀ।

ਤਾਰਾ ਲਾਲਚੀ ਹੋ ਗਿਆ। ਨਿਵਿਰਤੀ ਦੀ ਪਲਾਣ ਚੇਤਾ ਭੁਲਾਤੀ ਸੀ। ਦੋ ਸਾਲਾਂ ਵਿਚ ਦੋ ਜਲਪਾਨ ਗ੍ਰਹਿ ਹੱਥ ਵਿਚ ਕਾਬੂ ਕਰ ਲਏ। ਹੋਰ ਮਕਾਨ ਖਰੀਦ ਲਏ ਸਨ। ਸ਼ਰੀਕ ਜੱਲਣ ਲੱਗ ਪਏ। ਇਹ ਗੱਲ ਇਹਨੂੰ ਖ਼ੁਸ਼ ਰੱਖਦੀ ਸੀ। ਪਰ ਜਿੰਨਾ ਸਟਰੇਸ ਵਧੀਆ ਉਨ੍ਹਾਂ ਗਾਰਮ ਬਣ ਗਿਆ। ਰਾਣਾ ਅਤੇ ਵੀਤਾ ਉੱਤੇ ਖਿੱਝ ਕੱਢ ਕੇ ਮਨ ਹੌਲਾ ਹੋ ਜਾਂਦਾ ਸੀ। ਗੱਲ ਸੀ ਪਰ ਹਟ ਨਹੀਂ ਹੁੰਦਾ ਸੀ।

### *ਤਿੰਨ*

ਮਾਰਗ੍ਰੇਟ ਥੇਚਰ ਦੇ ਅਮਲਦਾਰੀ ਹੇਠ ਸਭ ਕੁਝ ਬਦਲ ਗਿਆ। ਟੋਰੀਆਂ ਨੂੰ ਹੁਣ ਨੈਸ਼ਨਲ ਫਰੰਟ ਦੀ ਲੋੜ ਨਹੀਂ ਸੀ। ਕਿਉਂਕਿ ਟੋਰੀਆਂ ਕੋਲ ਹੁਣ ਸੰਸਦ ਦਾ ਕਬਜ਼ਾ ਸੀ। ਯੂਨੀਅਨਾਂ ਨੂੰ ਤੋਰ 'ਤਾ ਸੀ। ਸਮਾਜ ਵਿਚ ਥੇਚਰ ਨੂੰ ਭਰੋਸਾ ਨਹੀਂ ਸੀ। ਇੰਗਲੈਂਡ ਦੀ ਪਹਿਲੀ ਔਰਤ ਸੀ ਪ੍ਰਧਾਨ ਮੰਤਰੀ ਬਣਨ। ਥੇਚਰ ਵਿਅਕਤੀ ਵਿਚ ਹੀ ਮਨ ਦੀ ਸੀ।



ਉਸਦਾ ਬਾਪ ਦੁਕਾਨਦਾਰ ਸੀ। ਕੰਮ ਜੋਸ਼ ਨਾਲ ਕਰਦਾ ਸੀ ਕਿੱਥੇ ਨਾ ਕਿੱਥੇ ਪਹੁੰਚਣ। ਇਸ ਲਈ ਨਿੱਕੇ ਬੰਦੇ ਦੀ ਕਾਮਯਾਬੀ ਦੇ ਪਾਸੇ ਸੀ। ਥੇਚਰ ਦੇ ਥੱਲੇ ਦੇਸੀ ਬਹੁਤ ਕਾਮਯਾਬ ਹੋ ਗਏ ਸੀ।

ਥੇਚਰ ਨੇ ਆਪਣਾ ਮਕਸਦ ਲਾਲ ਝੰਡੇ ਵਾਲਿਆਂ ਨੂੰ ਮੁਕਾਉਣ। ਆਰਥਰ ਸਕਾਰਗੱਲ ਦੇ ਖਾਣੀ ਮਜ਼ਦੂਰਾਂ ਦਾ ਲੀਡਰ ਸੀ। ਇਨ੍ਹਾਂ ਦੋਨਾਂ ਦੇ ਸਿੰਗ ਮਿਲੇ। ਸਾਲ ਤੋਂ ਉਪਰ ਝਗੜਾ ਪਿਆ। ਖਾਣੀ ਸਕਾਰਗੱਲ ਲਈ ਘਰ ਰਹਿ-ਰਹਿ ਕੇ ਭੁੱਖੇ ਮਰ ਗਏ। ਪੁਲਸ ਤੋਂ ਧਰਨੇ ਦੇ ਲਾਈਨ ਖੜ੍ਹ ਖੜ੍ਹ ਕੇ ਕੁੱਟ ਖਾਂਦੇ ਸੀ। ਇੰਗਲੈਂਡ ਦਾ ਰੂਪ ਬਦਲ 'ਤਾ ਸੀ। ਵਰਕਿੰਗ ਕਲਾਸਾਂ ਦਾ ਢਾਅ ਤੋਰ 'ਤਾ। ਇਸ ਨਾਲ ਸਕਿਨਹੈਡਾਂ ਦਾ ਵੀ। ਦੇਸੀਆਂ ਲਈ ਬਹੁਤ ਮੌਕੇ ਉਠ ਗਏ ਸੀ। ਤਾਰੇ ਵਰਗਿਆਂ ਨੇ ਵਕਤ ਫੜ੍ਹ ਲਈ। ਜੱਟ ਦੁਕਾਨਾਂ। ਜਲਪਾਨ ਗ੍ਰਹਿ ਅਤੇ ਕਾਰਖਾਨਿਆਂ ਦੇ ਕੰਮ ਅਨੁਕੂਲ ਕਰ ਲਏ। ਤਾਰੇ ਵਰਗੇ ਤੇਜ਼ ਆਦਮੀ ਤਰੱਕੀ ਕਰ ਗਏ ਸੀ। ਪਰ ਹਰੇਕ ਪੇਨੀ ਜੋੜ ਜੋੜ ਕੇ ਲਾਲਚੀ ਬਣ ਗਿਆ। ਸਭ ਨੂੰ ਆਪਣਾ ਵਿਰਸਾ ਚੇਤਾ ਭੁਲ ਗਿਆ। ਕੇਵਲ ਪੈਸੇ ਬਣਾਉਣ ਵਾਲੇ ਹਿੱਸੇ ਰੱਖੇ। ਗਉਣੇ ਕੇਵਲ ਮਨ ਪਿਆਰੇ ਸਨ। ਆਬਾਦੀ ਤੋਂ ਵੱਧ ਗੁਰਦੁਆਰੇ ਮਸਜਿਦ ਬਣਾ ਦਿੱਤੇ ਸਨ। ਪੈਸਾ ਨਵਾਂ ਧਰਮ ਸੀ। ਤਾਰੇ ਨੂੰ ਇਹ ਧਰਮ ਨਜ਼ਦੀਕ ਸੀ। ਥੇਚਰ ਦਾ ਧਰਮ ਸੀ। ਕੰਮ ਦੇ ਭਾਰ ਟੱਬਰ ਉੱਤੇ ਖਾਦ ਦਿੰਦਾ ਸੀ। ਨਿੱਤ-ਨਿੱਤ ਇਹ ਮੁੰਡੇ ਤੋਂ ਅਲੱਗ ਹੋਈ ਗਿਆ। ਜਿੰਨਾ ਤਾਰਾ ਆਪਣੇ ਪਿਉ ਨੂੰ ਪਿਆਰ ਕਰਦਾ। ਓਨਾ ਰਾਣਾ ਇਹਨੂੰ ਨਹੀਂ ਕਰਦਾ ਸੀ। ਪੂਰਾ ਪਤਾ ਸੀ। ਤਾਰਾ ਰਾਣੇ ਨੂੰ ਢੀਠ ਸਮਝਦਾ ਸੀ। ਰੋਜ਼ ਮੁੰਡੇ ਨੂੰ ਕੁੱਟਦਾ ਸੀ।

ਤਾਰੇ ਦਾ ਹੱਥ ਤੇਜ਼ ਹੀ ਸੀ। ਕੰਮ ਕਰਨ ਵਿਚ ਨਿਰੋਆ ਸੀ। ਪਰ ਖਿੱਝ ਆ ਜਾਂਦੀ ਸੀ ਜਦ ਵੇਖੇ ਰਾਣਾ ਹੌਲੀ ਹੌਲੀ ਕੰਮ ਕਰਦਾ ਸੀ। ਨਾਲੇ ਬਚਪਨ ਕਰਦਾ ਸੀ। ਤਾਰਾ ਚਾਹੁੰਦਾ ਸੀ ਕੇ - ਮੇਰੇ ਵਾਂਗੂੰ ਤੇਜ਼ ਹੋਵੇ-। ਜਦ ਖੁਲ੍ਹਦਾ ਸੀ। ਫਿਰ ਰਾਣਾ ਤੇਜ਼ ਸੀ। ਇਸ ਲਈ ਤਾਰੇ ਨੂੰ ਲੱਗਿਆ ਕੇ ਜਾਣ ਬੁੱਝ ਕੇ ਮੁੰਡਾ ਕਰਦਾ ਸੀ। ਤਾਰਾ ਹਮੇਸ਼ਾਂ ਆਵੇਸ਼ ਵਿਚ ਸੀ। ਕਰੋਪੀ ਨਾਲ ਸਾਹ ਵੀ ਸੁੰਘਦਾ ਸੀ। ਇਹ ਕਰੋਧ ਦਾ ਪੂਰਾ ਪਤਾ ਸੀ ਪਰ ਕੋਈ ਕੋਸ਼ਿਸ਼ ਨਹੀਂ ਕੀਤੀ ਅਧੀਨ ਕਰਨ। ਵੀਤਾ ਤੋਂ ਵੀ ਵੱਧ ਪਿਆਰ ਰੈਸਟੋਰੈਂਟ ਨੂੰ ਕਰਦਾ ਸੀ। ਪੈਸੇ ਜੋੜ ਕੇ ਰਾਹਦਾਰੀ ਭੈਣ ਲਈ ਵੀ ਪਾ ਦਿੱਤੀ ਸੀ। ਮਜਬੂਰ ਸੀ। ਬਾਪੂ ਪੰਜਾਬ ਵਿਚ ਤਾਰੇ ਅਤੇ ਗੁਰਮੀਤ ਨੂੰ ਉਡੀਕਦਾ ਮਰ ਗਿਆ ਸੀ। ਸਸਕਾਰ ਤੋਂ ਬਾਅਦ ਕਦੀ ਨਹੀਂ ਇੰਡੀਆ ਵਾਪਸ ਗਿਆ। ਸਮਾਂ ਕੰਮ ਵਿਚ ਹੋਰ ਗੁੰਮ ਗਿਆ। ਬਾਪ ਦੇ ਜਾਣ ਨਾਲ ਦਿਲ ਦੇ ਵਿਚ ਬਹੁਤ ਦਰਦ ਹੋਇਆ ਸੀ। ਬਹੁਤ ਦਰਦ। ਇਸ ਟਾਇਮ ਵਿਚ ਬਾਪੂ ਦੀਆਂ ਦਾਸਤਾਨੀਆਂ ਰਾਣੇ ਨੂੰ ਦੱਸਣ ਲੱਗ ਗਿਆ। ਹਰੇਕ ਦਿਨ। ਰਾਣੇ ਨੂੰ ਸਪੇਰੇ ਬਾਰੇ ਦੱਸਿਆ। ਬੁੱਢੀ ਦੀ ਮੱਟੀ ਵਿਚ ਥੁਕਣ ਬਾਰੇ ਵੀ ਦੱਸਿਆ। ਸਭ ਕੁਝ ਇੱਦਾਂ ਦੱਸਿਆ ਜਿੱਦਾਂ ਰਾਣੇ ਦਾ ਦਾਦਾ ਹੀਰੋ ਸੀ। ਜਿੱਦਾਂ ਉਹਦੇ ਅਸੂਲ ਚੰਗੇ ਸੀ। ਇਕ ਵਾਰੀ ਘਰ ਵਿਚ ਪਾਰਟੀ ਰੱਖੀ ਸੀ। ਰਾਣੇ ਦੇ ਦਾਦੇ ਦੀ ਤਸਵੀਰ ਚੁੱਕ ਕੇ ਨੱਚਦਾ ਸੀ। ਇਹ ਨਹੀਂ ਸਮਝਿਆ ਹੋਰ ਲੋਕ ਕਿਵੇਂ ਦੇਖਦੇ ਸੀ। ਆਪਣੇ ਗੁਣ ਹੀ ਦਿਸਦੇ ਸੀ। ਕੋਈ ਕਹਿੰਦਾ ਨਹੀਂ ਸੀ ਕੇ ਮੇਰੇ ਵਿਚ ਨੁਕਸ ਵੀ ਹੋ ਸਕਦੇ ਆਂ। ਥੇਚਰ ਵਾਂਗੂੰ ਪੈਸੇ ਪੈਸੇ ਹੀ ਦਿਸਦੇ ਸੀ।

ਤਾਰਾ ਗਰਮ ਹੋ ਜਾਂਦਾ ਸੀ ਜਦ ਹੋਰ ਲੋਕ ਲਾ ਕੇ ਗੱਲ ਕਰਦੇ ਸੀ। ਆਪਣਾ ਪਤਾ ਨਹੀਂ ਸੀ ਰਹਿੰਦਾ। ਰਿਸ਼ਤੇਦਾਰ ਪਰ੍ਹੇ ਹੋਣ ਲੱਗ ਗਏ ਸਨ। ਆਪਣੀਆਂ ਪੁੱਠੀਆਂ ਗੱਲਾਂ-ਬਾਤਾਂ ਨਾਲ ਸਾਰਿਆਂ ਨੂੰ ਧੱਕਣ ਲੱਗ ਪਿਆ। ਇਹ ਗੱਲ ਦੀ ਹੋਸ਼ ਨਹੀਂ ਸੀ। ਆਪ ਤਾਂ ਹੁਸ਼ਿਆਰ ਸਮਝਦਾ ਸੀ। ਗੱਲ ਤਾਂ ਥੋੜ੍ਹੀ ਸੱਚ ਵੀ ਸੀ। ਪਰ ਕੰਮ ਦੇ ਬੋਝ ਨਾਲ ਘਰ ਆ ਕੇ ਸਟਰੇਸ ਕੱਢ ਦਿੰਦਾ ਸੀ। ਜਿੱਦਾਂ ਬਿੱਛੂ ਤੋਂ ਕੱਛੂ ਨੂੰ ਲੜਨਾ ਹੱਟ ਨਹੀਂ ਹੋਇਆ। ਇਹ ਹਾਲ ਪਿਉ ਪੁੱਤ ਦੀ ਸੀ।

### *ਚਾਰ*

ਤਾਰਾ ਕਾਮਰੇਡ ਦਾ ਬੱਚਾ ਸੀ। ਪਰ ਆਪ ਤਾਂ ਪੂਰਾ ਸਰਮਾਏਦਾਰ ਸੀ। ਉਪਰੋਂ ਲੇਬਰ ਦਾ ਸ਼ੌਂਕੀਨ ਸੀ। ਪਰ ਅੰਦਰੋਂ ਟੋਰੀਆਂ ਨੂੰ ਪਸੰਦ ਕਰਦਾ ਸੀ। ਕਿਉਂਕਿ ਇਸ ਵੇਲੇ ਤਿੰਨ ਚਾਰ ਘਰ ਸੀ। ਦੋ ਰੈਸਟੋਰੈਂਟ ਸੀ। ਸਭ ਨੂੰ ਟੈਕਸ ਲੱਗਦਾ ਸੀ। ਲੇਬਰ ਹੇਠ ਟੈਕਸ ਉੱਚਾ ਸੀ। ਇਸ ਲਈ ਟੋਰੀਆਂ ਨੂੰ ਡੋਨੈਸ਼ਨ ਦੇਣ ਲੱਗ ਗਿਆ ਸੀ। ਪਰ ਵੀਤਾ ਉੱਤੇ ਕੋਈ ਭਰੋਸਾ ਨਹੀਂ ਸੀ। ਕੰਮ ਤਾਂ ਜ਼ਰੂਰ ਕਰਦੀ ਸੀ, ਪਰ ਤਾਰੇ ਦੇ ਅੱਖਾਂ ਵਿਚ ਔਰਤ ਹੀ ਸੀ। ਇਹ ਜ਼ਹਿਰ ਤਾਰੇ ਦੇ ਬਾਪ ਨੇ ਇਹਦੇ ਵਿਚ ਪੈਦਾ ਕੀਤੀ ਸੀ। ਤਾਰਾ ਵੀਤਾ ਨੂੰ ਡਰਾ ਕੇ ਰੱਖਦਾ ਸੀ। ਤਾਰੇ ਨੂੰ ਪਤਾ ਸੀ ਉਹ ਕਦੀ ਨਹੀਂ ਇਹਨੂੰ ਛੱਡ ਸਕਦੀ ਆਂ। ਇਸ ਲਈ ਰੋਹਬ ਚਲਾਉਂਦਾ ਸੀ। ਲੋਕਾਂ ਨੂੰ ਡਰਾ ਕੇ ਰਖਦਾ ਸੀ। ਤਕੜਾ ਸੀ ਇਸ ਕਰਕੇ ਜੋ ਮਰਜ਼ੀ ਕਰ ਸਕਦਾ ਸੀ।

### *ਪੰਜ*

ਮਨਪ੍ਰੀਤ ਨੂੰ ਰਾਹਦਾਰੀ ਮਿਲ ਗਈ ਸੀ। ਤਾਰਾ ਹੀਥਰੋ ਗਿਆ ਸੀ ਉਸਨੂੰ ਚੁੱਕਣ। ਦੋਵੇਂ ਭੈਣ-ਭਰਾ ਜਦ ਮਿਲੇ ਬਹੁਤ ਰੋਏ। ਜਦ ਦਾ ਬਾਪੂ ਪੂਰਾ ਹੋ ਗਿਆ ਸੀ। ਤਾਰੇ ਨੇ ਫ਼ੈਸਲਾ ਕਰ ਲਿਆ ਭੈਣ ਦਾ ਵਿਆਹ ਕਰਨ ਦਾ। ਗੁਰਮੀਤ ਨਾਲ ਸਮੀਤ ਸੀ ਕੇ ਵਲੈਤੀ ਮੁੰਡੇ ਨਾਲ ਵਿਆਹ ਕਰਾਉਣ। ਚਾਚਾ ਸਭ ਚੰਗੇ ਟੱਬਰਾਂ ਨੂੰ ਸਾਊਥਹਾਲ ਵਿਚ ਜਾਣਦਾ ਸੀ। ਭੂਆ ਅਤੇ ਰਾਣੇ ਦੀ ਯਾਰੀ ਹੋ ਗਈ ਸੀ। ਮਨਪ੍ਰੀਤ ਤਾਰੇ ਦੇ ਘਰ ਟਿਕ ਗਈ। ਪਿਆਰ ਵਿਚ ਰਾਣਾ ਮਨਪ੍ਰੀਤ ਨੂੰ- ਫੁੱਫੀ ਆਖਦਾ ਸੀ। ਪਰ ਮਨਪ੍ਰੀਤ ਅਤੇ ਵੀਤਾ ਦੀ ਸਾਕਾਦਾਰੀ ਠੰਡੀ ਸੀ। ਨਣਾਨ ਲਾ ਕੇ ਗੱਲਾਂ ਕਰਦੀ ਸੀ। ਜੇ ਤਾਰੇ ਨੇ ਕੁਝ ਪੁੱਠਾ ਸਿੱਧਾ ਵੀਤਾ ਨੂੰ ਕਿਹਾ ਭੈਣ-ਭਰਾ ਨੂੰ ਕੁਝ ਵੀ ਨਹੀਂ ਕਹਿੰਦੀ ਸੀ। ਸ਼ੂਕਦੇ ਸਾਹ ਨਾਲ ਬੋਲਦੀ - ਇਹਦੀ ਤਾਂ ਆਦਤ ਹੀ ਇੱਦਾਂ ਏ ਭਾਬੀ ਜੀ-। ਸੱਚ ਮੁੱਚ ਸੀ ਕਿ ਤਾਰਾ ਮਨਪ੍ਰੀਤ ਨੂੰ ਉਕਾਬੀ ਤੱਕਣੀ ਨਾਲ ਡਰਾ ਡਰਾ ਕੇ ਚੁੱਪ ਕਰ ਦਿੰਦਾ ਸੀ।

ਤਾਰੇ ਨੇ ਚਾਚੇ ਦੀ ਮੱਦਦ ਨਾਲ ਵਿਆਹ ਸੈੱਟ ਆਪ ਕਰ ਲਿਆ। ਮੁੰਡੇ ਦਾ ਨਾਂ ਸੋਹਣ ਸਿੰਘ ਸੀ। ਵਿਆਹ ਹਾਵੇਲੋਕ ਰੋਡ ਵਾਲੇ ਗੁਰਦੁਆਰੇ ਵਿਚ ਹੋਇਆ ਸੀ। ਤਾਰਾ ਸਖ਼ਤ ਸੀ। ਲੈਣ ਦੇਣ ਨਹੀਂ ਕਰਨ ਦਿੱਤਾ। ਆਪਣੇ ਅਸੂਲ ਕਰੜਾ ਨਾਲ ਰੱਖੇ।



ਕਾਮਰੇਡ ਬਾਪ ਦੇ ਮੁੱਖ ਜੀਂਦੇ ਰੱਖੇ। ਇਸ ਗੱਲ ਵਿਚ ਪ੍ਰੋਫ਼ੈਸਰ। ਚਾਚਾ ਅਤੇ ਕੰਡਕਟਰ ਵੀ ਨਾਲ ਖੜ੍ਹੇ।

ਤਾਰਾ ਰੱਜ ਰੱਜ ਕੇ ਰੋਇਆ ਜਦ ਭੈਣ ਸੋਹਣ ਨਾਲ ਬਾਰਕਿੰਗ ਗਈ। ਪਰ ਜਦ ਛੁੱਟੀ ਆਉਂਦੀ ਸੀ ਲੰਦਨ ਦੀ ਸਰਕਲ ਰੋਡ ਰਾਈ ਬਾਰਕਿੰਗ ਪਹੁੰਚ ਜਾਂਦਾ ਸੀ। ਪਰ ਭੈਣ ਤਾਂ ਗੁਰਮੀਤ ਨਾਲ ਨਜ਼ਦੀਕ ਸੀ। ਸੋਹਣ ਅਤੇ ਗੁਰਮੀਤ ਦੀ ਆਪਸ ਵਿਚ ਬਣਦੀ ਸੀ। ਤਾਰੇ ਨੂੰ ਸੋਹਣ ਉੱਤੇ ਭਰੋਸਾ ਨਹੀਂ ਸੀ। ਇਹ ਗੱਲ ਪਿਛਲਾ ਸਮਝਦਾ ਸੀ। ਉਹ ਗੁਰਮੀਤ ਦਾ ਵੱਡਾ ਭਰਾ ਸੀ। ਪਰ ਤਾਰੇ ਨੇ ਆਪ ਹੀ ਆਪ ਬਾਪ ਦਾ ਰੋਲ ਲੈ ਲਿਆ। ਟੱਬਰ ਦਾ ਹੈੱਡ ਬਣ ਗਿਆ। ਸਾਰੇ ਇਹ ਤੋਂ ਡਰਦੇ ਸੀ। ਕੰਮ ਜੋਸ਼ ਨਾਲ ਕਰਦਾ ਸੀ। ਅਮੀਰ ਬਣ ਗਿਆ ਸੀ। ਮੁੰਡੇ ਨੂੰ ਪ੍ਰਾਈਵੇਟ ਸਕੂਲ ਵਿਚ ਲਾ ਤਾਂ ਸੀ। ਸਾਊਥਹਾਲ ਵਿਚੋਂ ਨਿਕਲ ਕੇ ਆਸਟਰਲੀ ਵਿਚ ਘਰ ਖਰੀਦ ਲਿਆ ਸੀ।

ਤਾਰੇ ਦੀ ਨਵੇਂ ਮਕਾਨ ਵਿਚ ਛੇ ਸੌਣ ਵਾਲੇ ਕਮਰੇ ਸਨ। ਦੋ ਬੈਠਕ। ਵੱਡਾ ਖਾਣ ਵਾਲਾ ਕਮਰਾ ਅਤੇ ਤਿੰਨ ਗ਼ੁਸਲਖਾਨੇ। ਹੇਠਾਂ ਰਸੋਈ ਸੀ ਆਮ ਘਰ ਦੇ ਬੈਠਕ ਜਿੱਡੀ। ਤਾਰੇ ਦਾ ਘਰ ਆਖਰ ਨਾਲ ਸੀਨਾ ਚੌੜਾ ਕਰਕੇ ਖਲੋਤਿਆ ਸੀ। ਘਰ ਨੂੰ ਆਪਣੀ ਔਕਾਤ ਪੂਰੀ ਸਮਝ ਸੀ। ਪਰ ਫਿਰ ਵੀ ਤਾਰਾ ਖ਼ੁਸ਼ ਨਹੀਂ ਸੀ। ਆਪਣੇ ਮਨ ਵਿਚ ਸੋਚਦਾ - ਮੈਂ ਹਾਲੇ ਵੀ ਕਿੱਤੇ ਨਹੀਂ ਪਹੁੰਚਾ-। ਇਹ ਹਾਲ ਤਾਰੇ ਦਾ ਸੀ।

### *ਛੇ*

ਤਾਰੇ ਨੂੰ ਰਾਣੇ ਉੱਤੇ ਬਹੁਤ ਛੇਤੀ ਖਿੱਝ ਫੁਟ ਜਾਂਦੀ ਸੀ। ਜਲਪਾਨ ਗ੍ਰਹਿ ਵਿਚ ਸਭ ਤੋਂ ਆਲਸੀ ਹੱਥ ਰਾਣੇ ਦਾ ਸੀ। ਇਕ ਵਾਰੀ ਨਹੀਂ ਪਰ ਤਿੰਨ ਚਾਰ ਵਾਰੀ ਉਹੀ ਚੀਜ਼ ਮੁੰਡੇ ਨੂੰ ਦੱਸਣੀ ਪੈਂਦੀ ਸੀ। ਇਸ ਕਰਕੇ ਤਾਰੇ ਨੂੰ ਉਹਦੇ ਵੱਲ ਗਰਮੀ ਚੜ੍ਹ ਜਾਂਦੀ ਸੀ। ਬੁੱਤ ਵਾਂਗੂੰ ਠਰ ਜਾਂਦਾ ਸੀ। ਪਰ ਤਾਰੇ ਦੇ ਸੁਆਲਾਂ ਨੂੰ ਜੁਆਬ ਨਹੀਂ ਦਿੰਦਾ ਸੀ। ਤਾਰਾ ਨੂੰ ਹੋਰ ਗਰਮੀ ਚੜ੍ਹ ਜਾਂਦੀ ਸੀ। ਜਦ ਵੀ ਰਸੋਈ ਵਿਚ ਤਾਰਾ ਆਉਂਦਾ ਸੀ ਇਹਨੂੰ ਰਾਣੇ ਦੇ ਕੰਮ ਵਿਚ ਕਮੀਆਂ ਦਿਸ ਜਾਂਦੀਆਂ ਸੀ। ਦਿਨ ਦਿਨ ਬਾਅਦ ਤਾਰੇ ਦੇ ਸੁਪਨੇ ਆਪਣੇ ਮੁੰਡੇ ਲਈ ਟੁੱਟੀ ਜਾਂਦੇ ਸੀ। ਜਦ ਸਕੂਲੋਂ ਰਿਪੋਰਟ ਆਂਦੀ ਸੀ ਰਾਣਾ ਕਲਾਸ ਵਿਚ ਪਿੱਛੇ ਸੀ। ਹੋਰਾਂ ਲੋਕਾਂ ਤੋਂ ਗੱਲਾਂ ਸੁਣਕੇ ਦੱਸ ਪੈਂਦਾ ਸੀ ਕੇ ਉਨ੍ਹਾਂ ਦੇ ਲਾਲ ਤੇਜ਼ ਸਨ। ਇਹ ਸੁਣ ਕੇ ਤਾਰਾ ਮੁੰਡੇ ਨਾਲ ਹੱਥੀਂ ਪੈਰੀਂ ਕਰਨ ਲੱਗ ਜਾਂਦਾ ਸੀ। ਦਿਲ ਵਿਚ ਦੁੱਖ ਸੀ ਪਰ ਪਿਆਰ ਦਿਖਾਉਂਣਾ ਜਾਣਦਾ ਨਹੀਂ ਸੀ।- ਮੇਰਾ ਮੁੰਡਾ ਸੁਸਤ ਕਿਵੇਂ?- ਸੋਚੀ ਪੈ ਗਿਆ। - ਹੋ ਨਹੀਂ ਸਕਦਾ। ਜ਼ਰੂਰ ਜਾਣਕੇ ਕਰਦਾ-। ਜਦ ਤਾਰੇ ਨੂੰ ਰਾਣੇ ਉੱਤੇ ਗੁੱਸਾ ਆ ਜਾਂਦਾ ਸੀ ਤਿੰਨ ਚਾਰ ਦਿਨਾਂ ਲਈ ਬੂਥਾ ਵਿੰਗਾ ਟੇਡਾ ਰੱਖਦਾ ਸੀ। ਘਰ ਨੂੰ ਇਹ ਬੁਰੀ ਹਾਲਤ ਦਾ ਮਹਿਸੂਸ ਸੀ। ਘਰ ਕਦੇ ਸੁੰਨਾ ਹੋ ਜਾਂਦਾ ਸੀ। ਮਾਰ ਖਾਣ ਤੋਂ ਬਾਅਦ ਵੀ ਬੱਚਾ ਸੁਧਰਦਾ ਨਹੀਂ ਸੀ। ਇਕ ਵਾਰੀ ਭਾਂਡਾ ਤੋੜ ਦਿੱਤਾ ਸੀ। ਤਾਰੇ ਨੂੰ ਇਨ੍ਹਾਂ ਗੁੱਸਾ ਆਇਆ ਕੇ ਰਾਣੇ ਨੂੰ ਖੁੱਲ੍ਹਕੇ ਮੁਲਾਜ਼ਮਾਂ ਦੇ ਸਾਹਮਣੇ ਕੁੱਟਿਆ। ਤਾਰੇ ਨੂੰ ਕੋਈ ਪ੍ਰਵਾਹ ਨਹੀਂ ਸੀ, ਹੋਰ ਲੋਕ ਕੀ ਸੋਚਦੇ ਅਤੇ ਬੇਇੱਜ਼ਤੀ ਕੀ ਹੁੰਦੀ ਹੈ। ਨਿੱਤ ਨਿੱਤ ਲੋਕਾਂ ਦੇ

ਸਾਹਮਣੇ ਮੁੰਡੇ ਨੂੰ ਮਾਰਦਾ ਸੀ। ਕਿਉਂ ਨਹੀਂ? ਤਾਰੇ ਦੇ ਪਿਉ ਨੂੰ ਇੱਦਾਂ ਹੀ ਇਹਨੂੰ ਵੀ ਪਾਲਿਆ ਸੀ। ਤਾਰੇ ਨੂੰ ਆਦਤ ਬਣ ਗਈ ਕੱਗੜੀ ਖੋਲ੍ਹਣ।

ਤਾਰੇ ਨੂੰ ਬਹੁਤ ਖਿੱਝ ਆਉਂਦੀ ਸੀ ਜਦ ਕੋਈ ਚੱਚੇਰਾ ਮੱਸੇਰਾ ਲਾ ਕੇ ਗੱਲ ਕਰਦਾ ਸੀ। ਤਾਰੇ ਨੂੰ ਪੂਰੀ ਸਮਝ ਸੀ ਕੇ ਮੁੰਡੇ ਨੂੰ ਠੇਠ ਪੰਜਾਬੀ ਨਹੀਂ ਆਉਂਦੀ ਸੀ। ਪਰ ਫਿਰ ਵੀ ਜਦ ਬੱਚਾ ਲਾਜਵਾਬ ਹੋ ਜਾਂਦਾ ਸੀ। ਜਦ ਮੁੰਡੇ ਨੂੰ ਅਪੱਤੀ ਨਹੀਂ ਪੱਲੇ ਪੈਂਦੀ ਅਤੇ ਰਾਣਾ ਵਾਪਸ ਨਹੀਂ ਕੁਝ ਕਹਿਣ ਜੋਗਾ ਸੀ। ਰਾਣੇ ਨੂੰ ਝਿੜਕਣ ਲੱਗ ਜਾਂਦਾ ਸੀ।

ਮਨਪ੍ਰੀਤ ਨਾਲ ਵਲੈਤ ਆਉਂਣ ਨਾਲ ਹਾਲਾਤ ਥੋੜ੍ਹੇ ਜਿਹੇ ਬਦਲ ਗਏ ਸਨ। ਰਾਣਾ ਭੂਆ ਨੂੰ ਪਿਆਰ ਨਾਲ ਫੁੱਫੀ ਸੱਦਦਾ ਕਰਕੇ ਤਾਰੇ ਨੇ ਕਰੋਧ ਨੂੰ ਅਧੀਨ ਕਰ ਲਿਆ ਸੀ। ਤਾਰਾ ਚਾਹੁੰਦਾ ਸੀ ਕੇ ਭੈਣ ਦਾ ਵਿਆਹ ਚੰਗੀ ਤਰ੍ਹਾਂ ਬੀਤ ਜਾਵੇ, ਪਰ ਬੁਰੀ ਕਿਸਮਤ ਨਾਲ ਰਾਣੇ ਨੇ ਕੰਮ ਖਰਾਬ ਕਰ ਦਿੱਤਾ ਸੀ।

### *ਸਤ*

ਮਨਪ੍ਰੀਤ ਦੇ ਫੇਰੇ ਬਾਅਦ ਸਭ ਇਕ ਹਾਲ ਵਿਚ ਗਏ। ਆਦਮੀ ਇਕ ਪਾਸੇ ਬੈਠੇ ਸਨ। ਜਨਾਨੀਆਂ ਦੂਸਰੇ ਪਾਸੇ ਬੈਠ ਗਈਆਂ। ਮੰਚ ਉੱਤੇ ਦੋ ਬੰਦੇ ਖਲੋਤੇ ਸਨ। ਗਾਇਕ ਸਨ। ਪਰ ਉਨ੍ਹਾਂ ਦੇ ਗਾਣੇ ਤਾਂ ਗ਼ਰੀਬ ਸਨ। ਸਪੀਕਰਾਂ ਰਾਹੀਂ ਆਵਾਜ਼ ਬਣਾਉਂਦੇ ਸਨ। ਤਾਰਾ ਸੋਹਣ ਕੋਲੇ ਬੈਠਾ ਸੀ। ਪਰ ਦੋਨਾਂ ਆਦਮੀਆਂ ਦੀ ਨਹੀਂ ਬਣੀ। ਪਤਾ ਕੀਤਾ ਤਾਂ ਤਾਰਾ ਖਿੱਝਿਆਂ। ਜੋ ਮਰਜ਼ੀ ਜਦ ਆਲ਼ੇ-ਦੁਆਲ਼ੇ ਵੇਖੇ ਮੁੰਡਾ ਨਾ ਦਿਸਿਆਂ। ਕਾਲੇ ਕਾਲੇ ਚਿਹਰੇ ਨਾਲ ਆਲ਼ੇ-ਦੁਆਲ਼ੇ ਦੇਖਿਆ। ਪਰਾਹੁਣਿਆਂ ਨੂੰ ਸਾਫ਼ ਦਿਸਦਾ ਸੀ ਕੇ ਤਾਰਾ ਲਾਲ ਲਾਲ ਗੁੱਸੇ ਵਿਚ ਹੋ ਗਿਆ ਸੀ। ਇਹ ਦੀਆਂ ਉਕਾਬੀ ਅੱਖਾਂ ਚਾਰ-ਚੁਫ਼ੇਰੇ ਰਾਣੇ ਨੂੰ ਭਾਲਦੇ ਸਨ। ਪਰ ਹਾਲ ਵਿਚ ਮੁੰਡਾ ਕਿੱਥੇ ਨਾ ਦਿਸਿਆ। ਭੈਣ ਦਾ ਵਿਆਹ ਸੀ। ਉਹਦੀ ਭੂਆ ਦਾ ਵਿਆਹ ਸੀ। ਇਕ ਪਾਸੇ ਪਿਆਰ ਨਾਲ ਭੂਆ ਨੂੰ 'ਫੁੱਫੀ' ਆਖਦਾ ਸੀ। ਮਾਰ ਮਾਰ ਕੇ ਉਹਦੀ ਚਮੜੀ ਲਾਲ ਕਰ ਦੂੰਗਾ। ਤਾਰਾ ਚਾਹੁੰਦਾ ਸੀ ਕੇ ਕਸਮ ਖਾਣਿਆ ਨੱਚੇ। ਪਰ ਬੇਸ਼ਰਮ ਦਾ ਮੂੰਹ ਵੀ ਨਹੀਂ ਦਿਸਦਾ ਸੀ! ਘੰਟਾ ਬੀਤ ਗਿਆ। ਵੀਤਾ ਵੀ ਸਾਰੇ ਪਾਸੇ ਦੇਖੇ। ਡੇਲ ਨੂੰ ਉਸਨੂੰ ਲੱਭਣ ਭੇਜ ਤਾਂ। ਵੀਡੀਓ ਵਾਲੇ ਨੇ ਸਾਰਿਆਂ ਦੇ ਘਬਰਾਏ ਚਿਹਰੇ ਰੀਕਾਰਡ ਕਰ ਲਏ ਸੀ। ਸਭ ਤੋਂ ਵੱਧ ਤਾਰੇ ਦਾ ਜਲਦਾ ਸੀ।

ਵੀਡੀਓ ਵਿਚ ਤਾਰਾ ਵੀਤਾ ਕੋਲ ਖਲੋ ਕੇ ਲੜਦਾ ਭਰਿਆ ਗਿਆ। ਫਿਰ ਡੇਲ ਅੰਦਰ ਆ ਗਿਆ ਸੀ। ਡੇਲ ਨੇ ਵਿਚਾਰੇ ਹੋ ਕੇ ਕੁਝ ਕਿਹਾ। ਡੇਲ ਦੀ ਉਂਗਲੀ ਖੱਬੇ ਪਾਸੇ ਵਧਾਈ ਸੀ। ਤਾਰੇ ਦੀ ਨਜ਼ਰ ਉਂਗਲੀ ਦੇ ਰਾਹ ਗਈ। ਹਾਲ ਦੇ ਬੂਹੇ ਦੇ ਮੂੰਹ ਨਾਲ ਰਾਣਾ ਖੜ੍ਹਾ ਸੀ। ਤਾਰਾ ਦਵਾਦਵ ਉਹਦੇ ਕੋਲ੍ਹ ਪਹੁੰਚ ਗਿਆ। ਵੀਤਾ ਦੁੱਖ ਵਿਚ ਸੀ, ਪਰ ਡੇਲ ਉਸਨੂੰ ਇਕਰਾਰ ਦੇ ਕੇ ਤਾਰੇ ਦੇ ਮਗਰ ਤੁਰ ਪਿਆ। ਇਸ ਟਾਇਮ ਤਕ ਕੰਡਕਟਰ ਵੀ ਪਹੁੰਚ ਗਿਆ ਸੀ। ਵੀਡੀਓ ਦੀ ਨਜ਼ਰ ਵਿਚ ਤਾਰਾ ਤਮਕ ਤੈਸ਼ ਨਾਲ ਬਾਹਾਂ ਹਿਲਾਉਂਦਾ ਸੀ। ਆਵੇਸ਼ ਅੱਖਾਂ ਨਾਲ ਕੰਡਕਟਰ ਅਤੇ ਡੇਲ ਨਾਲ ਝਗੜਾ ਕਰਦਾ ਸੀ। ਤਾਰੇ ਦੀਆਂ



ਉਂਲਗਈਆਂ ਰਾਣਾ ਵੱਲ ਟੀਪ ਕਰ ਦੀਆਂ ਸੀ। ਤਾਰੇ ਨੇ ਫਿਰ ਮੁੰਡੇ ਵੱਲ ਚਪੇੜ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਕੰਡਕਟਰ ਅਤੇ ਸਾਲੇ ਨੇ ਪਿਉ ਪੁੱਤ ਨੂੰ ਹਾਲ ਵਿਚੋਂ ਬਾਹਰ ਘੜੀਸ ਲਿਆ। ਇਨ੍ਹਾਂ ਹੀ ਵੀਡੀਓ ਨੇ ਗਵਾਹ ਕੀਤਾ ਸੀ। ਹਮੇਸ਼ਾਂ ਲਈ ਟੇਪ ਵਿਚ ਇਹ ਸੀਨ ਭਰ ਗਈ।

ਤਾਰਾ ਜਦ ਬਾਹਰ ਪਹੁੰਚਿਆ ਮੁੰਡੇ ਨੂੰ ਦਬਕੇ ਮਾਰਦਾ ਸੀ। ਸੜਕ ਉੱਤੇ ਲੋਕ ਦੇਖਦੇ ਸੀ। ਇਸ ਲਈ ਕੰਡਕਟਰ ਨੇ ਆਪਣੀ ਗੱਡੀ ( ਇਨ੍ਹਾਂ ਦੇ ਨੇੜੇ ਸੀ) ਖੋਲ੍ਹ ਲਈ ਸੀ। ਡੇਲ ਨੂੰ ਪਤਾ ਸੀ ਕੇ ਤਾਰੇ ਨੇ ਭਾਂਜੇ ਨੂੰ ਭੰਨ ਦੇਣਾ ਸੀ। ਅਸਮਾਨੀ ਬਿਜਲੀ ਦੀ ਤੇਜੀ ਨਾਲ ਸੋਚ ਕੇ ਰਾਣੇ ਨੂੰ ਪਿੱਛਲੀਆਂ ਕੁਰਸੀਆਂ ਵਿਚ ਧੱਕ 'ਤਾ ਸੀ। ਤਾਰੇ ਨੂੰ ਅਗਲੀਆਂ ਵਿਚ। ਤਾਰਾ ਸਥਰੀ ਦੇ ਪਹੀਐ ਨਾਲ ਬਹਿ ਗਿਆ। ਉਹਦੇ ਨਾਲ ਸਵਾਰੀ ਦੀ ਚੌਂਕੀ ਉੱਤੇ ਡੇਲ ਬੈਠ ਗਿਆ। ਪਿੱਛੇ ਮੁੰਡੇ ਨਾਲ ਕੰਡਕਟਰ ਬਹਿ ਗਿਆ। ਇਹ ਇੰਤਜ਼ਾਮ ਤਾਰੇ ਨੂੰ ਪਸੰਦ ਨਹੀਂ ਸੀ। ਇਹਦਾ ਹੱਥ ਲੂਚੇ ਵੱਲ ਪਹੁੰਚ ਨਹੀਂ ਸਕਦਾ ਸੀ। ਇਕਦਮ ਬਾਪ ਆਪਣੀ ਔਲਾਦ ਨੂੰ ਗਾਲ੍ਹਾਂ ਕੱਢਣ ਲੱਗ ਗਿਆ। ਦੋਨੋਂ ਬੰਦੇ ਇਹਨੂੰ ਟਿਕਾਉਣ ਦੀ ਕੋਸ਼ਿਸ਼ ਕਰਦੇ ਸਨ। ਪਰ ਜਿੱਦਾਂ ਐਸਪਾਣੀਆ ਦਾ ਬੋਲਦ ਨੂੰ ਲਾਲ ਦੇਖ ਕੇ ਜੋਸ਼ ਆਉਂਦਾ ਸੀ। ਉਦਾਂ ਹੀ ਤਾਰੇ ਨੂੰ ਗਰਮੀ ਚੜ੍ਹਦੀ ਚੜ੍ਹਦੀ ਗਈ। ਤਾਰਾ ਦਾ ਮਨ ਹੌਲਾ ਨਹੀਂ ਹੁੰਦਾ ਸੀ ਜਦ ਤੱਕ ਮੁੰਡੇ ਦੇ ਦੋ ਤਿੰਨ ਮਾਰੇ ਅਤੇ ਦਿਲ ਦਾ ਹੌਲਾ ਨਾ ਠੰਡਾ ਹੋ ਜਾਂਦਾ ਸੀ। ਜੋ ਇਹਦੇ ਚਿੱਤ ਵਿਚ ਸੀ ਬਾਹਰ ਡੋਲਨਾ ਚਾਹੁੰਦਾ ਸੀ। ਉੱਚੀਆਂ ਆਵਾਜ਼ਾਂ ਵਿਚ ਮੁਰਲੇ ਦੋ ਬੋਲਦੇ ਸੀ।

– ਕੁੱਤਾ ਏ। ਕਿੱਥੇ ਗਿਆ? ਹੈ ਤੂੰ ਕਿੱਥੇ ਗਿਆ ਸੀ? ਮੇਰੇ ਵੱਲ ਕਿਉਂ ਦੇਖਦੈਂ? ਬੋਲ–

– ਭਾਜੀ ਬੱਸ ਰਹਿਣ ਦੇ। ਮਾਸੂਮ ਏ–

– ਸਵਾ ਸਿੱਧਾ ਐ। ਕੁੱਤਾ। ਕਿੱਥੇ ਗਿਆ ਸੀ? ਭੂਆ ਦਾ ਵਿਆਹ ਐ। ਲੋਕ ਕਹਿਣਗੇ ਨੱਚਿਆਂ ਨ੍ਹੀ–

– ਬੱਚਾ ਕਾਮ ਡਾਉਣ ਹੋ ਜਾ–

– ਆਪਨੂੰ ਬਹੁਤ ਹੁਸ਼ਿਆਰ ਸਮਝਦਾ ਨਾ?– ਮੁੰਡੇ ਦੇ ਛਪੜੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਕੰਡਕਟਰ ਨੇ ਹੱਥ ਰੋਕ ਦਿੱਤੇ ਸੀ। ਫਿਰ ਨਹਿਸ਼ ਹੂਰ ਵਾਂਗੂੰ ਚੀਕ ਕੇ ਇਕ ਵਾਰੀ ਹੋਰ ਆਖਿਆ।

– ਮੈਂ ਬੋਰਡ ਸੀ। ਗਾਣ ਵਾਲੇ ਦੇ ਆਵਾਜ਼ ਕੰਨ ਦੇ ਪਰਦਿਆਂ ਨੂੰ ਪੀੜ ਪਾਉਂਦੇ ਸੀ। ਉੱਚੀ ਗਾਉਂਦੇ -

– ਬਾਹਰ ਜਾਣ ਦੀ ਕੀ ਲੋੜ ਸੀ? ਹੈ?–

– ਭਾਜੀ ਗਰਮ ਨਾ ਹੋ। ਨਿਆਣਾ ਏ–

– ਮੈਂ। ਮੈਂ–

– ਮੈਂ ਮੈਂ ਮੈਂ। ਇਹਦਾ ਕੀ ਮਤਲਬ?–

– ਅਸੀਂ ਬੋਰ ਹੋ ਗਏ ਕਰਕੇ ਟੀਟੂ ਦੀ ਗੱਡੀ ਵਿਚ ਰੇਡੀਓ ਸੁਣਨ ਗਏ ਸੀ–

– ਟੀਟੂ ਕੌਣ ਐ? ਵਿਆਹ ਤਾਂ ਤੇਰੇ ਭੂਆ ਦਾ ਐ ਨਾ?– ਕਹਿ ਕੇ ਕੰਡਕਟਰ

ਦੇ ਬਾਹਾਂ ਵਿਚੋਂ ਹੱਥ ਲੰਘ ਕੇ ਰਾਣੇ ਦੇ ਬੂਥੇ ਵਿਚ ਵੱਜ ਗਿਆ।

– ਭਾਜੀ ਇੱਦਾਂ ਨਾ ਕਰ। – ਪਰ ਡੇਲ ਦੀਆਂ ਮੱਤਾਂ ਦੀ ਕੋਈ ਅਸਰ ਨਹੀਂ ਪਈ। ਤਾਰੇ ਦੇ ਲਾਲ ਲਾਲ ਅੱਖਾਂ ਨੇ ਮੁੰਡੇ ਨੂੰ ਡਰਾ 'ਤਾ ਸੀ। ਮੁੰਡਾ ਠਰ ਗਿਆ। ਪਰ ਇਹ ਚੀਜ਼ ਨੇ ਤਾਰੇ ਨੂੰ ਹੋਰ ਖਿੱਝਾ ਤਾਂ। ਗੱਡੀ ਵਿਚ ਪੁਆੜੇ ਖਿਲਰ ਗਏ। ਤਾਰੇ ਨੇ ਤਾਂ ਰਾਣੇ ਦਾ ਖਹਿੜਾ ਨਹੀਂ ਛੱਡਣਾ ਸੀ ਜਿਨਾ ਚਿਰ ਆਪਣੀ ਅੱਗ ਨੂੰ ਬੁਝਾਉਂਦਾ ਨਹੀਂ ਸੀ।

– ਵਿਆਹ ਦੇਖਣ ਆਇਆ ਕੁੱਤਿਆ। ਭੂਆ ਦਾ। ਮੇਰੀ ਭੈਣ ਦਾ। ਬਲਾਡੀ ਰੇਡਿਓ ਦਾ ਲੱਗਦਾ–

– ਦੇਖੋਂ ਭਾਜੀ ਇੱਦਾਂ ਤਾਂ ਤੁਸੀਂ ਅੰਦਰ ਤਾਂ ਨਹੀਂ ਸਕਦੇ। ਕੰਮ ਆਉਣ। ਹੱਥ ਸ਼ੇਕ ਕਰਕੇ ਫਰੈਂਡ ਬਣ ਜੋ। ਵਿਆਹ ਦੇਖਣਾ। ਮੁੰਡੇ ਨੇ ਗ਼ਲਤੀ ਕਰ ਲਈ। ਇਹਦਾ ਕੀ? ਇੱਦਾਂ ਗੁੱਸੇ ਪੈਣ ਵਿਚ ਕੋਈ ਫ਼ਾਇਦਾ ਨਹੀਂ– ਪਰ ਤਾਰੇ ਨੇ ਤਾਂ ਡੇਲ ਦੇ ਲਫ਼ਜ਼ ਨਾ ਸੁਣੇ।

– ਕਿਉਂ ਗਿਆ? ਤੂੰ ਕਦੀ ਕੁਝ ਸਹੀ ਕਰਦਾ ਐ?– ਤਾਰਾ ਗੁੱਸੇ ਵਿਚ ਸ਼ੁਰੂ ਹੋ ਗਿਆ।

– ਰਾਣਾ ਆਪਣੇ ਡੈਡੀ ਤੋਂ ਸੌਰੀ ਮੰਗ, ਨਾਲੇ ਵਿਆਹ ਵਿਚ ਆ ਕੇ ਐਂਜੋਏ ਕਰ– ਮਾਮਾ ਬੋਲਿਆ।

– ਸੌਰੀ ਡੈਡੀ ਜੀ–

– ਕੀ ਸੌਰੀ? ਜਾਣ ਦਿਆ ਕਰ– ਇਕ ਵਾਰੀ ਹੋਰ ਤਾਰੇ ਨੇ ਹੱਥ ਪਿੱਛੇ ਮਾਰਨ ਦੀ ਕੋਸ਼ਿਸ਼ ਕੀਤੀ।

– ਬੱਚੇ ਦੇਖ। ਤੇਰੇ ਪਰਾਉਣੇ ਅੰਦਰ ਬੈਠੇ ਹੈ। ਚੰਗਾ ਨਹੀਂ ਲੱਗਦਾ। ਇਨ੍ਹੀ ਛੋਟੀ ਨਿੱਕੀ ਗੱਲ ਉਪਰ ਕੰਮ ਨਾ ਖਰਾਬ ਕਰ ਲਈ - ਕੰਡਕਟਰ ਨੇ ਨਿਸ਼ਾ ਦਿੱਤਾ।

– ਕੁੱਤਾ। ਰੇਡਿਓ ਦਾ ਲੱਗਦਾ। –

– ਡੇਲ ਮੈਂ ਇਹਨੂੰ ਅੰਦਰ ਲੈ ਚਲੀ ਆਂ। ਬੱਚੇ ਹੁਣ ਸ਼ਾਂਤ ਰਹਿ। – ਕੰਡਕਟਰ ਮੁੰਡੇ ਨਾਲ ਬਾਹਰ ਗਿਆ।

– ਬੱਸ ਏ ਹਮੇਸ਼ਾਂ ਕੰਮ ਖਰਾਬ ਕਰ ਦਿੰਦਾ ਐ–

– ਭਾਜੀ ਨਿਆਣਾ ਹੈ। ਆਪਣਾ ਮੂੰਹ ਸਿੱਧਾ ਕਰ ਲੋ। ਐਮੀ ਲੋਕਾਂ ਦਾ ਇਟੈਸ਼ਨ ਸਾਡੇ ਵੱਲ ਨਾ ਲਿਆਈ। –

– ਮੈਨੂੰ ਕੀ? ਨਟ ਖਟ ਢੀਠ ਆਂ। ਜਾਣ ਕੇ ਕਰਦਾ–

– ਕਮ ਆਉਣ ਯਾਰ। ਇਹ ਗੱਲ ਨਹੀਂ ਹੈ। ਭੈਣ ਜੀ ਦਾ ਵਿਆਹ ਏ। ਆ ਜਾ ਖ਼ੁਸ਼ੀਆਂ ਨਾਲ ਅੰਦਰ ਨੱਚੀਏ–।

ਤਾਰਾ ਹਾਰ ਕੇ ਡੇਲ ਦੀਆਂ ਗੱਲਾਂ ਮੰਨ ਕੇ ਅੰਦਰ ਚਲਾ ਗਿਆ ਸੀ। ਕੰਡਕਟਰ ਨੇ ਰਾਣੇ ਨੂੰ ਮੰਚ ਦੇ ਸਾਹਮਣੇ ਲੈ ਗਿਆ ਸੀ। ਮੁੰਡਾ ਹੁਣ ਸਾਥੀਆਂ ਨਾਲ ਨੱਚਦਾ ਸੀ। ਤਾਰੇ ਨੂੰ ਖਿੱਚ ਖਿੱਚ ਕੇ ਡੇਲ ਵੀ ਨੱਚਨ ਲੈ ਗਿਆ। ਤਾਰੇ ਨੂੰ ਪੂਰੀ ਸਮਝ ਸੀ ਕੇ ਉਸਨੂੰ ਖ਼ੁਸ਼ ਕਰਨ ਲਈ ਸੀ। ਤਾਰਾ ਆਪਣੇ ਮੁੰਡੇ ਦੇ ਨੇੜੇ ਨਹੀਂ ਗਿਆ। ਪਰ ਹਾਰ ਕੇ ਡੇਲ ਨਾਲ ਨੱਚ ਨੁਚ ਕੇ ਹੱਸਣ ਲੱਗ ਪਿਆ। ਗੁੱਸਾ ਦਿਲ ਦੀ ਬੈਂਕ ਵਿਚ ਸਮਾਲ ਦਿੱਤਾ ਸੀ।



ਹੋਰ ਦਿਨ ਜਦ ਖਿੱਝ ਛੁੱਟੀ ਅੱਜ ਦੀਆਂ ਗੱਲਾਂ ਜਾਣ ਕੇ ਬਾਹਰ ਲਈ ਆਉਂਣੀਆਂ ਸੀ। ਵਿਆਹ ਇੱਦੂ ਬਾਅਦ ਚੰਗਾ ਲੰਘ ਗਿਆ ਸੀ।

### *ਅੱਠ*

ਉਸ ਰਾਤ ਜਦ ਤਾਰਾ ਸੁੱਤਾ ਇਹਨੂੰ ਫਿਰ ਉਹ ਭਿਅੰਕਰ ਸੁਫ਼ਨਾ ਆ ਗਿਆ ਸੀ। ਤਾਰਾ ਆਪਣੇ ਜੋੜੇ ਦਿਆਂ ਮੋਢਿਆਂ ਉੱਤੇ ਖੜ੍ਹਾ ਸੀ। ਪਰ ਜੋੜਾ ਵੀ ਕਰਕੇ ਮਹਿਸੂਸ ਸੀ ਕੇ ਆਪਣੇ ਮੋਢਿਆਂ ਉੱਤੇ ਉਹ ਵੀ ਖਲੋਤਾ ਸੀ। ਧੁੰਦ ਵਿਚੋਂ ਇਹਦਾ ਬਾਪੂ ਨਿਕਲ ਪਿਆ। ਉਦੇ ਬੁੱਲ੍ਹਾਂ ਉਪਰ ਸ਼ਰਾਰਤ ਸੀ। - ਸੌਰੀ ਬਾਪੂ ਜੀ–।

– ਜਾਣ ਦਿਆ ਕਰ– ਜਵਾਬ ਦੇ ਕੇ ਪਾਗ਼ਲ ਕੁੱਤੇ ਵਾਂਗੂੰ ਸਿਰ ਪਿੱਛੇ ਸਿੱਟ ਕੇ ਹੱਸਣ ਲੱਗ ਗਿਆ। ਤਾਰੇ ਨੂੰ ਮਨ ਵਿਚ ਲੱਗੇ ਕੇ ਪਿਉ ਪੁੱਤਾਂ ਦਾ ਕੋਈ ਨਫ਼ਰਤ ਪਿਆਰ ਦਾ ਚੱਕਰ ਚੱਲਦਾ ਸੀ। ਹੁਣ ਤਕ ਤਾਂ ਨਫ਼ਰਤ ਹੀ ਜਿੱਤਦੀ ਸੀ।

**ਚੌਥਾ ਭਾਗ ਖ਼ਤਮ**

## ਪੰਜਵਾਂ ਭਾਗ

## ਕਵਿਤਾ

### *ਇਕ*

ਬੱਦਲ ਰੋਂਦਾ ਸੀ। ਉਸਦੇ ਹੰਝੂ ਕਵਿਤਾ ਉਪਰ ਮੇਖਾਂ ਵਾਂਗੂੰ ਚੁੱਭਦੇ ਸੀ। ਮੀਂਹ ਵਿਚੋਂ ਘਰ ਵੜਗੀ। ਬੂਹੇ ਨੇ ਬੱਦਲਾਂ ਦੀਆਂ ਕਿੱਲੇ ਤਾਂ ਬਾਹਰ ਰੱਖ ਲਏ ਸੀ। ਪਰ ਕਵਿਤਾ ਦੇ ਮਨ ਵਿਚ ਤਾਰੇ ਦੀ ਬੇਇਨਸਾਫ਼ੀ ਰਾਣੇ ਵੱਲ ਨਹੀਂ ਦਰਵਾਜ਼ੇ ਦੇ ਬਾਹਰ ਰੱਖੀ। ਨਾ ਕੇ ਮਨਪ੍ਰੀਤ ਦਾ ਵਤੀਰਾ ਘਰ ਵਿਚੋਂ ਬਾਹਰ ਰੱਖਿਆ। ਮਨਪ੍ਰੀਤ ਤਾਰੇ ਦੇ ਘਰ ਟਿਕ ਗਈ। ਪਿਆਰ ਵਿਚ ਰਾਣਾ ਮਨਪ੍ਰੀਤ ਨੂੰ 'ਫੁੱਫੀ' ਆਖਦਾ ਸੀ। ਪਰ ਮਨਪ੍ਰੀਤ ਅਤੇ ਵੀਤਾ ਦੀ ਸਾਕਾਦਾਰੀ ਠੰਡੀ ਸੀ। ਨਣਾਨ ਲਾ ਕੇ ਗੱਲਾਂ ਕਰਦੀ ਸੀ। ਜੇ ਤਾਰੇ ਨੇ ਕੁਝ ਪੁੱਠਾ ਸਿੱਧਾ ਵੀਤਾ ਨੂੰ ਕਿਹਾ ਭੈਣ–ਭਰਾ ਨੂੰ ਕੁਝ ਵੀ ਨਹੀਂ ਕਹਿੰਦੀ ਸੀ। ਸ਼ੂਕਦੇ ਸਾਹ ਨਾਲ ਬੋਲਦੀ - ਇਹਦੀ ਤਾਂ ਆਦਤ ਹੀ ਇੱਦਾਂ ਏ ਭਾਬੀ ਜੀ–। ਸੱਚ ਮੁੱਚ ਸੀ ਕੇ ਤਾਰਾ ਮਨਪ੍ਰੀਤ ਨੂੰ ਉਕਾਬੀ ਤੱਕਣੀ ਨਾਲ ਡਰਾ ਡਰਾ ਕੇ ਚੁੱਪ ਕਰ ਦਿੰਦਾ ਸੀ। ਜਦ ਸੋਹਣ ਸਿੰਘ ਸੀ ਨਾਲ ਵਿਆਹ ਕਰਕੇ ਬਾਰਕਿੰਗ ਵਿਚ ਸੈਟ ਹੋ ਗਈ ਸੀ ਵੀਤਾ ਬਹੁਤ ਖ਼ੁਸ਼ ਸੀ। ਰਾਣੇ ਦੀ ਪਿਆਰੀ ਫੁੱਫੀ ਤੋਂ ਛੁਟਕਾਰਾ ਹੋ ਗਿਆ ਸੀ। ਮਨਪ੍ਰੀਤ ਦਾ ਬੱਦਲ ਵਾਸ਼ਪ ਬਣ ਕੇ ਉੱਡ ਗਿਆ ਸੀ। ਪਰ ਤਾਰਾ ਅਤੇ ਰਾਣਾ ਦਾ ਉਹੀ ਚੱਕਰ ਰਿਹਾ। ਜਦ ਰਾਣੇ ਨੂੰ ਸਾਰੀ ਰਾਤ ਉਠਾ ਕੇ ਰੱਖਿਆ ਸੀ। ਵੀਤਾ ਬਹੁਤ ਰੋਈ। ਉਸ ਰਾਤ ਉਹਦੀ ਖ਼ੁਸ਼ੀ ਖੰਭ ਲਾ ਕੇ ਉੱਡ

ਗਈ। ਫ਼ਰੰਗ ਦਾ ਮੌਸਮ ਬੇਈਮਾਨ ਸੀ।

ਵੀਤਾ ਕੰਮ ਤੋਂ ਥੱਕੀ ਟੁੱਟੀ ਦਿਹਾੜੀ ਲਾ ਕੇ ਘਰ ਪਹੁੰਚੀ ਸੀ। ਹਰ ਰੋਜ਼ ਦੀ ਤਰ੍ਹਾਂ ਬੈਗ ਰੱਖ ਕੇ ਚਾਹ ਦਾ ਕੱਪ ਬਣਾ ਕੇ ਪੀਣ ਬੈਠ ਗਈ। ਚਾਹ ਪੀਤੀ ਤੇ ਸੋਫੇ 'ਤੇ ਲੰਬੀ ਪੈ ਗਈ। ਸੋਚਾਂ ਵਿਚ ਡੁੱਬੀ ਹਰ ਰੋਜ਼ ਵਾਂਗ ਹੱਡ ਕੱਠੇ ਕਰਕੇ ਉਠੀ ਤੇ ਰਸੋਈ ਵਿਚ ਕੰਮ ਕਰਨ ਲੱਗ ਪਈ। ਪਰ ਸੋਚਾਂ ਨੇ ਕਦੀ ਵੀ ਉਸਦਾ ਪਿੱਛਾ ਨਾ ਛਡਿਆ। ਚਾਹ ਵਿਚ ਦੇਖਕਿ ਆਪਣਾ ਜਿੰਦ ਨੂੰ ਰਸਾਉਣ ਲੱਗ ਗਈ। ਚਾਹ ਵਾਪਸ ਤੱਕ ਕੇ ਬੋਲੀ - *ਦੁਇ ਪੁਰ ਜੋਰਿ ਰਸਾਈ ਭਾਠੀ। ਪੀਉ ਮਹਾ ਰਸ ਭਾਰੀ* – ਕਬੀਰ ਦੀ ਆਵਾਜ਼ ਵਿਚ। ਰਾਣਾ ਪੜ੍ਹਨ ਵਿਚ ਕੁਦਰਤ ਵੱਲੋਂ ਹੀ ਥੋੜ੍ਹਾ ਢਿੱਲਾ ਸੀ। ਪਰ ਕੁਝ ਹੋਰ ਗੁਣ ਉਸ ਵਿਚ ਸਨ ਜੋ ਕੇ ਉਸ ਦੀ ਮਾਂ ਤੋਂ ਬਿਨਾਂ ਕਿਸੇ ਨੂੰ ਮਤਲਬ ਬਾਪ ਨੂੰ ਦਿਖਾਈ ਨਹੀਂ ਸਨ ਦਿੰਦੇ। ਪਰ ਰਾਣਾ ਪੜ੍ਹਾਈ ਵਿਚ ਪੂਰੀ ਕੋਸਿਸ਼ ਜ਼ਰੂਰ ਕਰਦਾ ਸੀ। ਭੋਲਾ ਤੇਜ਼ ਮੁੰਡਾ ਸੀ ਪੜ੍ਹਾਈ ਵਿਚ ਵੀ ਤੇ ਇੱਲਤਾਂ ਵਿਚ ਵੀ। ਵੀਤਾ ਤੇ ਤਾਰਾ ਗ੍ਰੈਜੂਏਟ ਤਾਂ ਨਹੀਂ ਸਨ। ਪਰ ਇੰਡੀਆ ਦੀ ਦਸਵੀਂ ਪਾਸ ਸਨ। ਇੰਗਲੈਂਡ ਦੀ ਆਮ ਦੁਨੀਆਂ ਵਾਂਗ ਫੈਕਟਰੀਆਂ ਵਿਚ ਕੰਮ ਕਰਦੇ ਹੋਏ ਇੰਗਲਿਸ਼ ਬੋਲਣ ਤੇ ਸਮਝਣ ਵਿਚ ਕਾਮਯਾਬ ਸਨ। ਦੋਵੇਂ ਪਿਛਿਉਂ ਆਮ ਟੱਬਰਾਂ ਵਿਚੋਂ ਆਏ ਸਨ। ਜਿਵੇਂ ਹਰ ਇੰਡੀਆ ਤੇ ਆਏ ਇਨਸਾਨ ਦੇ ਸੁਪਨੇ ਸਨ। ਚੰਗੀ ਜ਼ਿੰਦਗੀ ਬਿਤਾਉਣ ਲਈ ਮਿਹਨਤ ਕਰਕੇ ਆਪਣੇ ਨਾਲੋਂ ਆਪਣੇ ਬੱਚਿਆਂ ਨੂੰ ਉਚਾ ਦੇਖਣਾ ਚਾਹੁੰਦੇ ਸਨ। ਦੋਵਾਂ ਨੇ ਬਹੁਤ ਮਿਹਨਤ ਕੀਤੀ। ਆਪਸ ਵਿਚ ਪਿਆਰ ਵੀ ਬਹੁਤ ਸੀ। ਪਰ ਜਦ ਤਾਰਾ ਇੱਦਾਂ ਰਾਣੇ ਨੂੰ ਕੁੱਟਦਾ ਸੀ ਵੀਤਾ ਦਿਲ ਛੱਡ ਦੇਂਦੀ ਸੀ।

ਵੀਤਾ ਆਪਣੇ ਟੱਬਰ ਨੂੰ ਆਪਣੇ ਘਰਦਾ ਦੁੱਖ ਸੁੱਖ ਨਹੀਂ ਸੀ ਦਸਦੀ। ਪਰ ਜਦੋਂ ਵੀ ਆਪਣੇ ਟੱਬਰ ਨੂੰ ਮਿਲਣ ਗਈ ਤਾਂ ਉਸਦਾ ਚਿਹਰਾ ਦੱਸਦਾ ਸੀ ਕੇ ਇਸਦੇ ਅੰਦਰ ਦੀ ਖ਼ੁਸ਼ੀ ਦੇ ਥਾਂ ਗ਼ਮੀ ਨਜ਼ਰ ਆਉਂਦੀ ਹੈਂ। ਪਰ ਪੁੱਛਣ ਤੇ ਵੀਤਾ ਹਮੇਸ਼ਾਂ ਟਾਲ ਜਾਂਦੀ। ਵੀਤਾ ਦੇ ਖ਼ਿਆਲ ਵਿਚ ਵੀਤਾ ਇਕ ਨੇਕ ਔਰਤ ਸੀ। ਉਚੇ ਇਖਲਾਕ ਵਾਲੀ। ਨਰਮ ਦਿੱਲ। ਪਤੀ ਬਰਤਾ। ਅਤੇ ਮਿਹਨਤੀ। ਉਸਨੇ ਤਾਰੇ ਨੂੰ ਹਰ ਤਰ੍ਹਾਂ ਦੇ ਸੁੱਖ ਦਿੱਤੇ।

ਬਾਹਰਲੇ ਕੰਮ ਵਿਚ ਪੂਰਾ ਹੱਥ ਵਟਾਇਆ। ਦੁੱਖ ਸੁੱਖ ਵਿਚ ਪੂਰਾ ਸਾਥ ਦਿੱਤਾ। ਪਿਆਰ। ਇੱਜ਼ਤ। ਕੰਮ ਤੋਂ ਆਏ ਨੂੰ ਸੋਹਣਾ ਖਾਣਾ ਬਣਾ ਕੇ ਅੱਗੇ ਰੱਖਣਾ ਆਪਣੇ ਖਾਣ ਦੀ ਪ੍ਰਵਾਹ ਨਾ ਕਰਨੀ। ਦਿਨ ਨੂੰ ਦਿਨ ਤੇ ਰਾਤ ਨੂੰ ਰਾਤ। ਤਾਰੇ ਦੇ ਕਹਿਣ ਮੁਤਾਬਕ ਚਲਣਾ ਸੋਹਣੀ ਜ਼ਿੰਦਗੀ ਬਤੀਤ ਕਰ ਰਹੀ ਸੀ। ਤਾਰਾ ਵੀ ਆਪਣੀ ਘਰ ਵਾਲੀ ਨੂੰ ਬਹੁਤ ਪਿਆਰ ਕਰਦਾ ਸੀ। ਹਰ ਸੁੱਖ ਦਿੰਦਾ ਸੀ। ਪਰ ਸੁਭਾਅ ਦਾ ਗਰਮ ਸੀ। ਵੀਤਾ ਆਪਣੀ ਜ਼ਿੰਦਗੀ ਦੇ ਪਹਿਲੇ ਦਿਨਾਂ ਵਿਚ ਤਾਰੇ ਦੇ ਗਰਮ ਸੁਭਾਅ ਨੂੰ ਸਹਾਰਦੀ ਗਈ।

ਰਾਣਾ ਬਾਪ ਦੀ ਗਰਮੀ ਤੋਂ ਡਰ ਜਾਂਦਾ ਅਤੇ ਸਹਿਮ ਜਾਂਦਾ ਸੀ। ਪਰ ਵੀਤਾ ਹਮੇਸ਼ਾਂ ਉਸਨੂੰ ਬਾਪ ਦਾ ਚੰਗਾ ਪਾਸਾ ਦਿਖਾ ਕੇ ਤਸੱਲੀ ਦੇ ਕੇ ਸਮਝਾਉਂਦੀ ਸੀ। ਜਿਉਂ ਜਿਉਂ ਰਾਣਾ ਵੱਡਾ ਹੁੰਦਾ ਗਿਆ ਤਾਰੇ ਦੇ ਤੱਤੇ ਸੁਭਾਅ ਤੋਂ ਬੇਚੈਨ ਹੋ ਜਾਂਦਾ ਤਾਂ ਵੀਤਾ ਹਮੇਸ਼ਾਂ ਕਹਿੰਦੀ – ਤੇਰਾ ਡੈਡੀ ਤੇਰੇ ਲਈ ਮਿਹਨਤ ਕਰਦਾ। ਤੇਰਾ ਬਣਾਉਂਦਾ। ਤੂੰ ਉਸਦੇ ਅੱਗੇ ਨਹੀਂ ਬੋਲਣਾ। ਤਾਰਾ ਦਾ ਚੰਗਾ ਪਾਸਾ ਦਿਖਾ ਕੇ ਮੁੰਡੇ ਨੂੰ ਚੰਗੇ ਰਾਹਾਂ 'ਤੇ ਤੋਰਦੀ



ਗਈ। ਪਰ ਹੁਣ ਦਿਨ ਦਿਨ ਔਖਾ ਹੁੰਦਾ ਸੀ। ਇਹ ਹਾਲ ਚਾਲ ਉਪਰ ਇਕ ਨਵੀਂ ਮੁਸੀਬਤ ਆ ਬੈਠੀ। ਵੀਤਾ ਦੇ ਗੋਦ ਵਿਚ ਬਹਿ ਕੇ ਉਜ਼ਰਦੀ ਸੀ। ਸ਼ੀਰੋ ਦੇ ਘਰ ਦੀਆਂ ਸੱਖੀਆਂ ਬਰਬਾਦ ਸਨ। ਹਾਂ ਚਾਹ ਇਹਦੇ ਵਾਲ ਹੱਸੇ - ਤੂੰ ਹੋਰ ਕਿੰਨਾ ਸਹਾਰ ਸਕਦੀ ਐ?–। ਬਾਹਰ ਬਾਰਸ਼ ਟਿੱਚਰ ਕਰਰੇ।

## *ਦੋ*

ਜਦ ਮਨਪ੍ਰੀਤ ਦਾ ਵਿਆਹ ਹੋਇਆ। ਤਾਰਾ ਵੀਤਾ ਕੋਲੇ ਆ ਕੇ ਆਖੀ ਗਿਆ - ਰਾਣਾ ਕਿਥੇ ਆਂ?–। ਵੀਤਾ ਨੂੰ ਫਿਕਰ ਸੀ ਸਭ ਦੀਆਂ ਅੱਖਾਂ ਤਮਾਸਾਂ ਵੇਖ ਦੀਆਂ ਸਨ। ਇਹਦੂੰ ਵੱਧ ਫਿਕਰ ਸੀ ਕੇ ਜਦ ਰਾਣਾ ਮਿਲ ਪਿਆ ਤਾਰੇ ਨੇ ਬਹੁਤ ਕੁੱਟਣਾ। ਜਦ ਪਤਾ ਲੱਗ ਗਿਆ ਗੱਡੀ ਵਿਚ ਕੀ ਹੁੰਦਾ ਸੀ ਮਨ ਵਿਚ ਵੀਤਾ ਬਹੁਤ ਰੋਈ। ਜਦ ਰਾਣਾ ਮਿਲਿਆ ਮਾਂ ਵੱਲ ਡਰੂ ਤੇ ਸੁੰਗੜਵੀਆਂ ਅੱਖਾਂ ਨਾਲ ਤੱਕਣ ਲੱਗੇ। ਮਾਂ ਨੇ ਪੁੱਤ ਨੂੰ ਜੱਫੀ ਪਾ ਲਈ। ਵੀਤਾ ਨੂੰ ਤਾਰੇ ਵੱਲ ਘਿਰਨਾ ਆਉਂਦਾ ਸੀ। ਮਾਂ ਪੁੱਤ ਮਰੇ ਬੁਤਾਂ ਵਾਂਗ ਖੜ੍ਹੇ ਰਹਿ। ਦੋ ਨਿਰਜਿੰਦ ਲਾਸ਼ਾਂ। ਵਿਆਹ ਦਾ ਹਾਲ ਕਬਰਸਤਾਨ ਸੀ। ਤਿੰਨ ਹਫ਼ਤਿਆਂ ਲਈ ਤਾਰੇ ਨੇ ਘਰ ਵਿਚ ਜੀਉਣਾ ਔਖਾ ਰੱਖਿਆ। ਮਨਪ੍ਰੀਤ ਦੇ ਜਾਣ ਤੋਂ ਬਾਅਦ ਭੋਜਨਸ਼ਾਲੇ ਵਿਚ ਗੁੰਮਿਆ ਰਿਹਾ।

ਇਕ ਦਿਨ ਟੀਨਾ ਮਾਮੀ ਅਤੇ ਮਿੰਦਰ ਗੁਰਿੰਦਰ ਘਰ ਆਏ ਸੀ। ਮਕਾਨ ਦੀ ਗਲੀ ਵਿਚ ਬੈਠ ਕੇ ਅੰਗਰੇਜ਼ੀ ਗਾਣੇ ਸੁਣਨ ਲੱਗੇ। ਰਾਣੇ ਦਾ ਬਾਪ ਅੱਕਿਆ ਥੱਕਿਆ ਅੰਦਰ ਆਇਆ। ਜਦ ਗੀਤ ਸੁਣਿਆ ਬੋਲਿਆ - ਬੱਸ ਗੰਦ ਹੀ ਸੁਣੀ ਜਾਉਂ। ਗੋਰਿਆਂ ਦੇ ਡਰਾਗੀ ਸ਼ੋਰ। – ਟੀਨਾ ਤਾਂ ਭਾਜੀ ਤੋਂ ਵੀਤਾ ਵਾਂਗੂੰ ਡਰਦੀ ਨਹੀਂ ਸੀ। - ਭਾਜੀ ਕੇਵਲ ਗਾਣੇ ਐ–। ਪਰ ਉਲਝ ਕੇ ਉੱਪਰ ਤੁਰ ਪਿਆ। ਟੀਨਾ ਨੇ ਪਿੱਠ ਪਿੱਛੇ ਚੁੰਝ ਮਾਰਿਆ। ਸ਼ੀਰੋ ਘੰਟੇ ਬਾਅਦ ਆਈ ਕੁੜੀਆਂ ਨੂੰ ਚੁੱਕਣ। ਉਨ੍ਹੇ ਭੈਣ ਨੂੰ ਪਾਸੇ ਕਰਕੇ ਕਿਹਾ - ਮੈਂ ਗੱਲ ਕਰ ਸਕਦੀ ਐ? ਟੀਨਾ ਤੋਂ ਪਰੇ?–। ਭੈਣਾਂ ਰਸੋਈ ਵਿਚ ਸਾਜ਼ਸ਼ੀਆਂ ਵਾਂਗ ਖਲੋਤੇ। ਜਦ ਸ਼ੀਰੋ ਨੇ ਆਪਣੀ ਗੱਲ ਸੁਣਾਈ ਵੀਤਾ ਹੈਰਾਨ ਹੋ ਗਈ।

## *ਤਿੰਨ*

ਸ਼ੀਰੋ ਦਾ ਵਿਆਹ ਤਾਰੇ ਵਾਗੂੰ ਤੇਜ਼ ਮੁੰਡੇ ਨਾਲ ਹੋਇਆ ਸੀ। ਮਨਪ੍ਰੀਤ ਦੇ ਸੋਹਣ ਤੋਂ ਵੀ ਚੁਸਤ। ਡੇਲ ਤੋਂ ਤਿੱਖਾ। ਮੁੰਡਾ ਪੱਗ ਪਾਉਂਣ ਵਾਲਾ ਸੀ। ਸੁਨੱਖਾ ਸੀ। ਲੰਬਾ ਸੀ। ਰੂਪ ਚੌਂਕ ਵਰਗਾ ਸੀ। ਸਿਰ ਵੀ ਚੌਕੋਰ ਸੀ। ਪੱਗ ਵੀ ਚੌਕੋਰ ਸੀ। ਵੀਤਾ ਨੂੰ ਤਾਂ ਚੌਂਕ ਹੀ ਦਿੱਸਦਾ ਸੀ। ਬੁੱਧੀ ਸੀ। ਪਰ ਘਣ ਵੀ ਸੀ। ਵੀਤਾ ਨੂੰ ਤਾਂ ਕਯੂਬਇਸਟ ਚਿੱਤਰਕਾਰੀ ਤਕਨੀਕ ਨਾਲ ਬਣਾਇਆ ਲੱਗਦਾ ਸੀ। ਸ਼ੀਰੋ ਦਾ ਚੌਂਕ ਨੂੰ ਟਹਿਲ ਆਖਦੇ ਸੀ। ਵੀਤਾ ਨੂੰ ਤਾਂ ਟਾਇਲ ਦਿਸਦਾ ਸੀ।

ਟਹਿਲ ਨੂੰ ਸਭ ਨੂੰ ਹਸਾਉਂਣਾ ਆਉਂਦਾ ਸੀ। ਸਭ ਵਿੱਚ ਰਲ ਮਿਲਦਾ ਸੀ।

ਕਾਫੀਆ ਬਹੁਤ ਖ਼ੁਸ਼ ਸੀ। ਟਹਿਲ ਨੂੰ ਜਿੱਦਾਂ ਕਾਫੀਆ ਨੂੰ ਸ਼ੀਰੋ ਸੱਦਦੇ ਸੀ। ਉਹਦਾ ਟਾਏ ਆਖਣ ਲੱਗ ਪਏ। ਮਖੌਲ ਨਾਲ ਟੀਨਾ ਟਾਏ ਨੂੰ ਟਿੱਚਰ ਕਰਦੇ ਸੀ। ਟਾਏ ਨੇ ਪਹਿਲਾ ਕਾਰ ਗੈਰਜ ਵਿਚ ਕੰਮ ਕੀਤਾ। ਫਿਰ ਕੋਚਾਂ 'ਤੇ। ਜਦ ਮਿੰਦਰ ਹੋਈ ਟਾਏ ਨੇ ਦੁਕਾਨ ਖ਼ਰੀਦ ਲਈ। ਜੇ ਬਾਪ ਘਣ ਸੀ। ਧੀ ਗੋਲ ਮੋਲ ਸੀ। ਵੀਤਾ ਨੂੰ ਸਭ ਕੁਝ ਤਸਵੀਰਾਂ ਰੰਗਾਂ ਦੇ ਹਿਸਾਬ ਨਾਲ ਦਿਸਦਾ ਸੀ। ਜਦ ਗੁਰਿੰਦਰ ਹੋਈ ਟਾਏ ਕੋਲੇ ਨਿੱਕਾ ਦੁਕਾਨਾਂ ਦਾ ਸਾਮਰਾਜ ਸੀ। ਇਹ ਬੇਟੀ ਕੂਚੀ ਸੀ।

ਵੀਤਾ ਦਾ ਜੀ ਕਰਦਾ ਸ਼ੈਲੀ ਬਣਾਕੇ ਕੋਈ ਤਸਵੀਰ ਵਾਹਵਾਂ। ਫਿਰ ਭੈਣ ਵੀ ਸੀ। ਸ਼ੀਰੋ ਲਾਲ ਲਾਲ ਗੋਯੇ ਦੀ ਪੁਰਜੋਸ਼ ਮੂਰਤ ਸੀ। ਜੇ ਇਹ ਟੱਬਰ ਚਿੱਤਰ ਹੁੰਦਾ। ਬਹੁਤ ਖ਼ੁਸ਼ ਅਤੇ ਨਿਰੋਗ ਸੂਰਤ ਦੀ ਤਸਵੀਰ ਹੁੰਦੀ।

ਪਰ ਉਸ ਦਿਨ ਰਸੋਈ ਵਿਚ ਸ਼ੀਰੋ ਨੇ ਵੀਤਾ ਦੇ ਤਸਵੀਰ ਨੂੰ ਬਰਬਾਦ ਕਰ ਦਿੱਤਾ। ਇਹਦੀ ਨੱਕਾਸ਼ੀ ਖੰਭ ਲਾ ਕੇ ਉੱਡ ਗਈ। ਕਿਉਂਕਿ ਜੋ ਬਾਹਰੋਂ ਜਾਪਦਾ ਸੀ ਉਹ ਅੰਦਰ ਨਹੀਂ ਸੀ। ਵੀਤਾ ਨੂੰ ਲੱਗੇ ਲੋਕਾਂ ਨੂੰ ਤਾਰਾ ਗ਼ਲਤ ਦਿੱਸਦਾ ਸੀ। ਪਰ ਹੁਣ ਸਮਝ ਆਈ ਕੇ ਸਭ ਬਾਹਰੋਂ ਹੋਰ ਹਨ ਅਤੇ ਅੰਦਰੋਂ ਹੋਰ। ਸੋ ਸ਼ੀਰੀ ਟਾਏ ਨਾਲ ਸੀ।

ਅੱਜ ਆਪਣੇ ਸੋਫੇ ਉੱਤੇ ਲੰਮੀ ਪੈ ਕੇ ਸ਼ੀਰੋ ਦੀ ਬਿਆਨਾਂ ਨੂੰ ਹਜ਼ਮ ਕਰਦੀ ਸੀ। ਚਾਹ ਵਾਪਸ ਡਾਂਟੇ। ਚਾਹ ਰੱਖ ਕੇ ਹਿੰਮਤ ਨਾਲ ਕਾਂਸਰਵਾਤੋਰੀ ਵਿਚ ਗਈ। ਪ੍ਰੋਫ਼ੈਸਰ ਨੇ ਆਪਣੀ ਧੀ ਲਈ ਟੇਕਣ ਅਤੇ ਚਿੱਤਰ ਟਾਟ ਲਿਆਂਦਾ ਸੀ। ਇਹ ਕਾਂਸਰਵਾਤੋਰੀ ਵਿਚ ਰੱਖਿਆ ਸੀ। ਤਾਰਾ ਇਹਦੇ ਵਲ ਵੀ ਟਕੋਰ ਮਾਰਦਾ ਸੀ। ਸ਼ੀਸ਼ੇ ਦੇ ਬਾਹਰ ਚਾਹ ਵਾਂਗੂੰ ਵਰਖਾ ਵੀਤਾ ਨੂੰ ਟੋਕਿ। ਇਕ ਹੋਰ ਤੂਫ਼ਾਨੀ ਸ਼ਾਮ ਸੀ ਅਤੇ ਕਹਿਰਾਂ ਦਾ ਝੱਖੜ ਝੱਲ ਰਿਹਾ ਸੀ। ਬੁਰਸ਼ ਨਾਲ ਟਾਟ ਨੂੰ ਰੰਗਿਆ। ਟਾਟ ਨੂੰ ਨੀਲਾ ਰੰਗ ਲਾ ਕੇ ਉਪਰ ਠੰਢੇ ਠੰਢੇ ਝਰੀਟਾਂ ਨਾਲ ਚਾਰ ਇਨਸਾਨ ਵਾਹੇ। ਇਕ ਪਾਸੇ ਲਾਲ ਲਾਲ ਜਨਾਨੀ ਸੀ। ਉਹਦੇ ਨਾਲ ਇਕ ਗੋਲਾ ਇਕ ਕੂਚੀ। ਦੂਸਰੇ ਪਾਸੇ ਚੌਂਕ ਸੀ।

ਫਿਰ ਜਦ ਧਿਆਨ ਨਾਲ ਦੇਖੋ ਚੌਂਕ ਵਿਚ ਆਇਤ ਸੀ। ਮਾਮਲੇ ਦੇ ਪੇਟ ਵਿਚ ਸੀ।

### ਚਾਰ

ਟੀਨਾ 'ਕੱਲੀ ਤਾਰੇ ਨੂੰ ਮੂੰਹ 'ਤੇ ਜੁਆਬ ਦੇਣ ਵਾਲੀ ਸੀ। ਪੜ੍ਹੀ ਲਿਖੀ ਕਰਕੇ ਤਾਰਾ ਸਹਾਰ ਲੈਂਦਾ ਸੀ। ਪਰ ਕਾਰ ਵਿਚ ਬਾਅਦ ਵੀਤਾ ਨੂੰ ਸੁਣਾ ਦਿੰਦਾ ਸੀ। ਜਦ ਵੀ ਪ੍ਰੋਫ਼ੈਸਰ ਦੇ ਘਰ ਜਾਂਦਾ ਸੀ ਉਹਦੇ ਟੱਬਰ ਖ਼ਿਲਾਫ਼ ਕੁਝ ਨਾ ਕੁਝ ਕਹਿ ਦਿੰਦਾ ਸੀ। ਸਹੁਰਾ ਗੁੰਮਸੁੰਮ ਰਹਿੰਦਾ ਸੀ। ਪੁਰਾਣੀਆਂ ਯਾਰੀਆਂ ਦਾ ਨਜਾਇਜ਼ ਫ਼ਾਇਦਾ ਉਤਾਉਂਦਾ ਸੀ। ਪਰ ਟੀਨਾ ਵਾਪਸ ਬੂਮਾਰਾਂਗ ਵਾਂਗ ਬੋਲਦੀ ਸੀ। ਡੇਲ ਨੂੰ ਸਮਝ ਸੀ ਤਾਰਾ ਅਖਰੂ ਬੰਦਾ ਸੀ। ਪਰ ਫਿਰ ਵੀ ਵੀਤਾ ਬਹੁਤ ਕੁਛ ਲੁਕਾਉਂਦੀ ਸੀ। ਟੀਨਾ ਖੁੱਲ੍ਹੀ ਡੁੱਲ੍ਹੀ ਡੇਲ ਨੂੰ ਵੀ ਸਭ ਸਾਹਮਣੇ ਝਾੜ ਦੇਂਦੀ ਸੀ। ਵੀਤਾ ਨੂੰ ਪਤਾ ਸੀ ਕੇ ਤਾਰੇ ਦੇ ਅੱਖਾਂ ਵਿਚ ਇਹ ਇਹਦੀ ਭਰਾ ਦੀ ਕਮਜ਼ੋਰੀ ਸੀ।



ਟਾਟ ਉੱਤੇ ਡੇਲ ਨੂੰ ਪੀਲਾ ਛਿੱਟਾ ਬਣਾਇਆ ਸੀ। ਟੀਨਾ ਨੂੰ ਸੰਤਰਾ। ਇੰਡੀਆ ਦਾ ਝੰਡਾ।

ਡੇਲ ਨੇ ਕਈ ਬੀਟਾਮੈਕਸ ਟੇਪਾਂ ਖਰੀਦਿਆਂ ਵਿਕਣ ਲਈ। ਪਰ ਵੀ ਹੈਚ ਐਸ ਚਲਿਆ। ਮਾਲ ਘਰ ਨੂੰ ਹੜੱਪ ਕਰ ਗਿਆ। ਟੀਨਾ ਨੇ ਸਭ ਦੇ ਸਾਹਮਣੇ ਡਾਂਟਾ। ਤਾਰਾ ਹੱਸਿਆ। ਵੀਤਾ ਨੂੰ ਸ਼ਰਮ ਆਈ। ਮੌਕਾ ਹੱਸਣ ਲਈ ਸ਼ੋਰ ਨੂੰ ਫਿਰ ਮਿਲਿਆ। ਪਰ ਹੜ੍ਹ ਤਾਂ ਟਾਏ ਨੇ ਲਿਆਂਦਾ।

### ਪੰਜ

ਉਹ ਆਇਤ ਕੌਣ ਸੀ?
ਭਾਵੇਂ ਕੋਈ ਚੁੜੇਲ ਜਿਸ ਨੇ ਚੌਂਕ ਨਾਲ ਸਿਲਸਿਲਾ ਕੀਤਾ?
ਭਾਵੇਂ ਕੋਈ ਬਾਲ ਜਿਸ ਚੌਂਕ ਦੇ ਕੁੱਖ ਵਿਚੋਂ ਥੁਕਿਆ?
ਭਾਵੇਂ ਕੋਈ ਝੂਠ ਜਿਸ ਚੌਂਕ ਨੇ ਪੇਟ ਵਿਚ ਰੱਖਿਆ?
ਭਾਵੇਂ ਕੋਈ ਗੋਰੀ ਜਿਸ ਨਾਲ ਕਾਮ ਕੀਤਾ?
ਭਾਵੇਂ ਕੋਈ ਦੋਸ਼?

ਚੌਂਕ ਦਾ ਰੰਗ ਪੀਲਾ ਸੀ। ਬੁਜ਼ਦਿਲ ਸੀ। ਆਇਤ ਕਾਲੀ ਸੀ। ਬਲਾ ਸੀ। ਦਾਗ਼ ਸੀ। ਸ਼ੀਰੋ ਦੇ ਵਿਆਹ ਉੱਤੇ। ਸ਼ੀਰੋ ਦੇ ਨਾਂ ਉੱਤੇ। ਸ਼ੀਰੋ ਦੀ ਚੁੰਮਣ ਉੱਤੇ। ਬੇਇੱਜ਼ਤੀ ਸੀ। ਢੋਲ ਤੋਂ ਉੱਚੀ ਆਵਾਜ਼ ਸੀ। ਚਰਚੇ ਕਾਲੇ ਸੀ। ਧੀਆਂ ਲਈ ਦੁੱਖ ਸੀ।

ਬੱਸ ਇਹੀ ਆਇਤ ਸੀ।

### ਛੇ

ਸਭ ਕੁਝ ਵੀਤਾ ਹਾਰ ਕੇ ਤਾਰੇ ਨੂੰ ਦਸ ਦੇਂਦੀ ਸੀ। ਪਤਾ ਉਸਨੂੰ ਲੱਗ ਜਾਂਦਾ ਸੀ। ਇਸ ਲਈ ਬਿਹਤਰ ਸੀ ਕੁਝ ਦੱਸਣਾ। ਚੌਂਕ ਉਸਨੂੰ ਸਮਝਾਂਦਾ ਸੀ। ਤਾਰਾ ਪਹਿਲਾ ਹੱਸਿਆ। ਪਰ ਬਾਅਦ ਖਿੱਝ ਗਿਆ। ਪ੍ਰੋਫ਼ੈਸਰ ਦੀ ਪੱਗ ਉੱਤੇ ਦਾਗ਼ ਸੀ। ਤਾਰੇ ਦੇ ਨਾਂ ਉਪਰ ਨਿਸ਼ਾਨ ਸੀ। ਚੌਂਕ ਦਾ ਦੁਕਾਨ ਤੱਕ ਪਹੁੰਚ ਗਿਆ। ਸਿੱਕਾ ਕਦ ਲਿਆ। ਟਾਏ ਹਾਰ ਗਿਆ। ਕੁੱਟ ਕੁੱਟਾਪਾ ਹੋਇਆ। ਪੁਲਸ ਆਈ।

ਸ਼ੀਰੋ ਨੇ ਤਲਾਕ ਲਈ ਫਾਇਲ ਕਰ ਲਿਆ। ਗੋਲ ਕੂਚੀ ਨੂੰ ਕਾਬੂ ਕਰ ਲਿਆ। ਟਾਏ ਨੂੰ ਘਰੋਂ ਕੱਢਣ ਦੀ ਕੋਸ਼ਿਸ਼ ਕੀਤੀ। ਪਰ ਉਹ ਤੇਜ਼ ਨਿੱਕਲ ਗਿਆ। ਕਾਨੂੰਨ ਆਪਣੇ ਪਾਸੇ ਕਰ ਲਿਆ। ਸ਼ੀਰੋ ਤਾਂ ਸੋਚਦੀ ਸੀ ਕੇ ਹਮੇਸ਼ਾਂ ਮਾਂ ਨੂੰ ਨਿਆਣੇ ਮਿਲਦੇ ਹਨ, ਪਰ ਸ਼ੀਰੋ ਨੂੰ ਲਾਪਰਵਾਹ ਅਦਾਲਤ ਵਿਚ ਵਾਹਿਆ। ਸ਼ੀਰੋ ਸ਼ਰਾਬ ਪੀਣ ਲੱਗ ਗਈ। ਜਦ ਮਿੰਦਰ ਗੁਰਿੰਦਰ ਘਰ ਆਏ ਮਾਂ ਦਾ ਹਾਲਤ ਵੇਖ ਕੇ ਰੋਣ ਲੱਗ ਪਏ।

ਮਾਂ ਬਿਸਤਰੇ ਉੱਤੇ ਲੇਟੀ ਪਈ ਸੀ। ਹੱਥ ਦੇ ਨਾਲ ਬਕਾਡੀ ਦੀ ਖ਼ਾਲੀ ਬੋਤਲ। ਬਾਪ ਨਾਲ ਅਲੱਗ ਸੀ ਪਰ ਇਕ ਛੱਤ ਹੇਠ। ਉਸ ਵੇਲੇ ਤੀਵੀ ਨੂੰ ਕੁੱਟਣ ਲੱਗ ਗਿਆ।

ਡੇਲ ਨੇ ਇਕ ਵਾਰੀ ਚੌਂਕ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਪਰ ਟਾਏ ਦੇ ਕੁਝ ਦੋਸਤ ਉਹਦੇ ਦਰਾ ਆ ਕੇ ਉਸਨੂੰ ਹਾਕੀਆਂ ਨਾਲ ਕੁੱਟ ਕੇ ਦੌੜ ਗਏ। ਤਾਰਾ ਤਿਆਰ ਹੋ ਗਿਆ ਬਦਲੇ ਲਈ ਪਰ ਪ੍ਰੋਫ਼ੈਸਰ ਨੇ ਰੋਕ ਲਿਆ। ਇਹ ਚੱਕਰ ਸੀ।

ਵੀਤਾ ਕੋਲੇ ਆ ਕੇ ਨਿੱਕੀ ਭੈਣ ਦੁੱਖ ਸੁੱਖ ਕਰਦੀ ਸੀ। ਪੂਰੇ ਮਹੀਨੇ ਲਈ ਵੀਤਾ ਦੇ ਗੋਦ ਵਿਚ ਰੋਈ। ਪੂਰੇ ਮਹੀਨੇ ਲਈ ਅੰਬਰ ਵੀ ਰੋਇਆ। - ਭੈਣੇ ਮੈਂ ਕੀ ਕੀਤਾ ਇਸ ਜਾਨਵਰ ਨਾਲ ਵਿਆਹ ਕਰਨ ਲਈ?-। ਮਨ ਵਿਚ ਵੀਤਾ ਆਪਣੇ ਸੁਹਾਗ ਬਾਰੇ ਇਹ ਹੀ ਸੀ ਪੁੱਛਦੀ ਸੀ।

ਚੌਂਕ ਚੌਂਕ ਨਹੀਂ ਸੀ। ਬਹੁਤਾ ਰੰਗ ਬਰੰਗੀ ਸੀ। ਸ਼ਰਾਬ ਲਈ ਸੁਆਦ ਸੀ। ਜਨਾਨੀਆਂ ਲਈ ਵੀ। ਜੂਆ ਲਈ ਵੀ। ਮੰਦ ਵਿਚ ਰਹਿੰਦਾ ਸੀ। ਜਦ ਜੀ ਕੀਤਾ ਸਮਲਿੰਗਾਂ ਨਾਲ ਵੀ ਪੈਂਦਾ ਸੀ।

ਚੌਂਕ ਗੰਦਾ ਬੰਦਾ ਸੀ।

### *ਸਤ*

ਇਕ ਗਿੱਲਾ ਕੋਰਾ ਦਿਨ ਵੀਤਾ ਉਧਰ ਬਾਜ਼ਾਰ ਗਈ ਸੀ ਕੁਝ ਸਬਜ਼ੀਆਂ ਲੈਣ। ਉਥੇ ਅਚਾਨਕ ਉਹੀ ਨਿਕੰਮਾ ਚੌਂਕ ਮਿਕ ਗਿਆ। ਇਨ੍ਹੇ ਆਪਣਾ ਸਿਰ ਚੁੱਕਿਆ ਅਤੇ ਉਹਦੀਆਂ ਅੱਖਾਂ ਵਿਚ ਦਲੇਰੀ ਨਾਲ ਝਾਕੀ। ਇਹ ਅੱਖਾਂ ਨਾਲ ਜ਼ਬਰਦਸਤ ਥੁੱਕਿਆ ਵਿਭਚਾਰੀ ਵੱਲ। ਪਰ ਢੀਠ ਨੇ ਵਾਪਸ ਮੁਸਕਾਣ ਫੜਾ 'ਤਾ। ਦਿਲ ਕਰਦਾ ਸੀ ਕੌੜੀਆਂ ਗੱਲਾਂ ਸੁਣਾਏ। ਜੇ ਵੀਤਾ ਆਦਮੀ ਹੁੰਦੀ ਸੀ ਇਨ੍ਹੇ ਉਸਨੂੰ ਮੰਦੀਆਂ ਗਾਲ੍ਹਾਂ ਸੁਣਾ ਦੇਣੀਆਂ ਸੀ। ਪਰ ਨੱਕ ਚੁੱਕ ਕੇ ਆਪਣੇ ਰਾਹ ਤੁਰ ਪਈ ਸੀ। ਇਹਨੂੰ ਮਹਿਸੂਸ ਹੋਇਆ ਪਿੱਛੇ ਖਟਮਲ ਹੱਸਦਾ ਸੀ।

– ਆਹੋ ਹੱਸੀ ਜਾ ਕੁੱਤਿਆ। ਜਦ ਤਾਰੇ ਨੇ ਤੈਨੂੰ ਫੜ੍ਹ ਲਿਆ ਫੇਰ ਦੇਖਦੇ ਆ ਕੌਣ ਹੱਸਦਾ–।

ਹੁਣ ਸਾਰਿਆਂ ਨੂੰ ਪਤਾ ਲੱਗ ਗਿਆ ਕੀ ਮਾਮਲਾ ਸੀ। ਸ਼ੀਰੋ ਦਾ ਠਾਠ ਬਾਠ ਵਾਲਾ ਵਿਆਹ ਫੇਲ੍ਹ ਸੀ। ਤਾਰੇ ਦਾ ਘੁਮੰਡ ਠੇਸ ਖਾ ਗਿਆ। ਸ਼ੀਰੋ ਨੂੰ ਵਕੀਲਾਂ ਨੇ ਦੁੱਖ ਵਿਚੋਂ ਲੰਘਾ 'ਤਾ, ਪਰ ਜਦ ਇਹ ਮਾਰੂ ਜ਼ਮੀਨ ਵਿਚੋਂ ਘਸਾ 'ਤਾ ਕੁੜੀਆਂ ਭੈਣ ਨੂੰ ਮਿਲ ਗਈਆਂ ਸੀ। ਇਸ ਯੁੱਧ ਨੂੰ ਦੋ ਕੁ ਸਾਲ ਲੱਗ ਗਏ। ਬੱਸ ਜਦ ਕੰਮ ਮੁੱਕਾ ਉਸ ਵੇਲੇ ਤਾਰਾ ਅਤੇ ਉਹ ਦੇ ਦੋਸਤਾਂ ਨੇ ਟਾਏ ਨੂੰ ਇਕ ਗਲੀ ਵਿਚ ਲੈ ਕੇ ਮਾਰਿਆ। ਪਰ ਯੁੱਧ ਹੋਰ ਕਾਇਮ ਹੋ ਗਿਆ। ਸ਼ਰਾਬੀ ਹੋ ਕੇ ਆਪਣੀਆਂ ਧੀਆਂ ਨੂੰ ਵੇਖਣ ਆਇਆ। ਪਰ ਅੱਧੀ ਰਾਤ ਸੀ। ਸ਼ੀਰੋ ਨੇ ਕਿਵਾੜ ਨਹੀਂ ਖੋਲ੍ਹਿਆ। ਪੁਲਸ ਨੂੰ ਚੌਂਕ ਨੇ ਫੋਨ ਕਰਕੇ ਦੱਸਿਆ - ਮੈਂਨੂੰ ਆਪਣੇ ਬੱਚੀਆਂ ਨੂੰ ਨਹੀਂ ਦੇਖਣ ਦੇਂਦੀ ਏ-। ਇਸ ਕਰਕੇ ਨਿਆਣੀਆਂ ਜ਼ਬਰਦਸਤੀ ਨਾਲ ਪਿਉ ਨੂੰ ਪੁਲਸ ਨੇ ਫੜ੍ਹਾ ਦਿੱਤੇ। ਖਿੱਝ ਵਿਚ ਵੀਤਾ ਨੇ ਤਾਰੇ ਨੂੰ ਦਸਤਾ।

ਉਹ ਰਾਤ ਚੌਂਕ ਦੇ ਘਰ ਤਿੰਨ ਬੰਦੇ ਆਏ ਸੀ। ਮਖੌਟੇ ਪਾਏ ਸੀ। ਨਕਾਬੀ ਆਦਮੀਆਂ ਨੇ ਟਾਏ ਨੂੰ ਪਲੰਘ ਵਿਚੋਂ ਖਿੱਚ ਲਿਆ। ਉਸ ਤੋਂ ਬਾਅਦ ਚੌਂਕ ਦੇ ਯਾਰ ਨੂੰ



ਵੀ ਘੜੀਸ ਲਿਆ। ਦੋਵੇਂ ਬੰਦਿਆਂ ਨੂੰ ਕੁੱਟਿਆ। ਦੋਵੇਂ ਮਰਦ ਨੰਗੇ ਸੀ। ਮਿੰਦਰ ਗੁਰਿੰਦਰ ਨੇ ਸਭ ਕੁਛ ਦੇਖ ਲਿਆ ਸੀ। ਉਨ੍ਹਾਂ ਦੇ ਮਨ ਵਿਚ ਪੱਕਾ ਦਾਗ਼ ਉਘੜ ਗਿਆ। ਬਾਪੂ ਨੰਗਾ ਅਤੇ ਲਾਲ ਲਾਲ ਲਹੂ ਵਿਚ ਡੁੱਬਿਆ ਸੀ। ਉਸਦੇ ਬਾਹਾਂ ਵਿਚ ਉਹਦਾ ਪ੍ਰੇਮੀ ਸੀ। ਜਦ ਪੁਲਸ ਨੇ ਇਹ ਦੋਵੇਂ ਆਦਮੀ ਇੱਦਾਂ ਵੇਖੇ ਅਦਾਲਤ ਵਿਚ ਬਿਆਨ ਪਹੁੰਚ ਗਏ। ਸ਼ੀਰੋ ਜਿੱਤ ਗਈ। ਬਾਪ ਬੱਚੀਆਂ ਨੇੜੇ ਕਦੀ ਨਹੀਂ ਜਾ ਸਕਦਾ ਸੀ। ਤਾਰਾ ਇਕ ਵਾਰੀ ਫਿਰ ਚਾਲ ਵਿਚ ਕਾਮਯਾਬ ਸੀ। ਪ੍ਰੋਫ਼ੈਸਰ ਨੂੰ ਟਾਏ ਵੱਲ ਇੰਨੀ ਖਿੱਝ ਸੀ ਕੇ ਉਨ੍ਹੇ ਰੋਕ ਹਟਾ 'ਤਾ। ਜ਼ਿੰਦਗੀ ਲਈ ਟਾਏ ਨਾਲ ਨਹੀਂ ਬੋਲਿਆ। ਫਿਰ ਵੀ ਕਿਸੇ ਨੇ ਉਸਨੂੰ ਦੱਸਿਆ ਨਹੀਂ ਕੇ ਉਹ ਨਕਾਬੀ ਗੁੰਡੇ ਤਾਰੇ ਦੇ ਸੀ।

– ਮੰਮੀ ਜੀ ਤੁਸੀਂ ਤਾਂ ਕਹਿੰਦੇ ਸੀ ਕੇ ਸਾਡੇ ਲੋਕਾਂ ਵਿਚ ਗ਼ੈਰ ਲੋਕ ਨਹੀਂ ਹੈ– ਰਾਣੇ ਨੇ ਆਖਿਆ।

– ਆਹੋ। ਉਹ ਤਾਂ ਗੋਰਿਆਂ ਦੀ ਬੀਮਾਰੀ ਹੈ–।

– ਫਿਰ ਫਿਰ ਮਾਸੜ ਨੂੰ ਰੋਗ ਕਿੱਥੋਂ ਲੱਗਾ?–

– ਬੱਸ ਚੁਪ– ਵੀਤਾ ਨੂੰ ਰਾਣੇ ਦੇ ਸੁਆਲਾਂ ਨਾਲ ਨਫ਼ਰਤ ਸੀ। ਜਦ ਦਾ ਜੁਆਨ ਹੋਇਆ ਹਰੇਕ ਚੀਜ਼ ਬਾਰੇ ਪੁੱਛਦਾ ਸੀ। ਨਾਲ ਹਮੇਸ਼ਾਂ ਬਾਗ਼ੀ ਸੁਆਲ। - ਕਿਉਂ ਸਿੱਖੀ ਵਿਚ ਕਹਿੰਦੇ ਸਭ ਬਰਾਬਰ ਹੈ? ਤੁਸੀਂ ਤਾਂ ਸਭ ਜਾਤ ਪਾਤ ਕਰਦੇ ਹੋ। ਕਿਉਂ ਕੁੜੀਆਂ ਨੂੰ ਮੁੰਡਿਆਂ ਤੋਂ ਘਟ ਸਮਝਦੇ ਹੋ? ਕਿਉਂ ਤਰਖਾਨਣੀ ਨਾਲ ਵਿਆਹ ਨਹੀਂ ਕਰ ਸਕਦਾ? ਉਹ ਵੀ ਸਿੱਖ ਹੈ? ਕਿਉਂ ਪੰਜਾਬੀ ਬੋਲਦੇ ਹੋ? ਅਸੀਂ ਤਾਂ ਅੰਗਰੇਜ਼ ਹਾਂ–। ਵੀਤਾ ਨੂੰ ਤਾਂ ਲੱਗੇ ਕੇ ਇਹ ਟੀਨਏਜਰ ਤਾਂ ਮਸ਼ੀਨਗਨ ਵਾਂਗੂੰ ਸੁਆਲ ਆਖਦੇ ਹਨ। ਇੱਦਾਂ ਲੱਗੇ ਜਿੱਦਾਂ ਬੰਦੂਕ ਤੋਂ ਲਫ਼ਜ਼ ਲਗਾਤਾਰ ਵੀਤਾ ਵੱਲ ਸਿਧਦੇ ਸੀ। ਪੱਛਮ ਵਾਸੀ ਨਿਆਣੇ ਸਭ ਕੁਝ ਨੂੰ ਪੁੱਛਦੇ ਸੀ ਜਿੱਦਾਂ ਦੇਸੀ ਮਾਂ–ਪਿਉ ਹਰੇਕ ਚੀਜ਼ ਵਿਚ ਗਲਤ ਸੀ। ਜਿੱਦਾਂ ਸਭ ਕੱਝ ਕਾਲੀਨ ਦਰੀ ਦੇ ਥੱਲੇ ਸੁੰਬਰ ਦੇ ਸੀ। ਵਾਤਾ ਦੇ ਹਰੇਕ ਜਵਾਬ ਵਿਚ

ਰਾਣੇ ਨੂੰ ਕਮਜ਼ੋਰੀ ਲੱਭ ਜਾਂਦੀ ਸੀ।

ਵੀਤਾ ਕੋਲ ਕੇਵਲ ਇਕ ਹੀ ਜਵਾਬ ਸੀ - ਸਿੱਖੀ ਆਦਰਸ਼ ਹੈ। ਕਲਚਰ ਸਾਡੀ ਹੋਰ ਏ। ਕਲਚਰ ਹੀ ਚੱਲਦੀ ਹੈ। - ਵੀਤਾ ਦੀ ਆਦਤ ਬਣ ਗਈ ਸੀ ਸਿੱਖੀ ਨੂੰ ਬੁਰਕੇ ਦੇ ਪਿੱਛੇ ਲੁਕਾਉਣ। - ਅਸੀਂ ਤੁਹਾਡੇ ਵਾਂਗੂੰ ਅਰੇਂਜ ਮੈਰਿਜ ਨਹੀਂ ਕਰਨੀ। ਅਸੀਂ ਸਲਵਾਰ ਕਮੀਜ਼ ਨਹੀਂ ਪਾਉਣੀ। ਤਰਖਾਣਾਂ ਦੀਆਂ ਕੁੜੀਆਂ ਸਾਡੀਆਂ ਜੱਟੀਆਂ ਤੋਂ ਸੁੰਦਰ ਹਨ। ਉਹ ਵੀ ਸਿੱਖ ਹੈ। ਮੈਂ ਤਾਂ ਉਨ੍ਹਾਂ ਨਾਲ ਵਿਆਹ ਕਰਨਾ। ਕਿਉਂ ਮੈਂ ਗੋਰੀ ਨਾਲ ਨਹੀਂ ਸ਼ਾਦੀ ਕਰ ਸਕਦਾ? ਤੁਸੀਂ ਬਾਪ ਨੂੰ ਕੁਝ ਕਿਉਂ ਨਹੀਂ ਕਹਿੰਦੇ? ਸਾਡੇ ਵਿਚ ਵੀ ਸਮਲਿੰਗੀ ਹੈ। ਕਿਉਂ ਨਹੀਂ ਮੰਨਦੇ? ਮਾਸੜ ਨੂੰ ਤਾਂ ਦੇਖੋ–।

ਤੁਸੀਂ ਬਾਪ ਨੂੰ ਕੁਝ ਕਿਉਂ ਨਹੀਂ ਕਹਿੰਦੇ? ਇਹ ਸੁਆਲ ਸਭ ਤੋਂ ਵੱਧ ਚੁੱਭਿਆ। ਕਿਉਂਕਿ ਇਕ ਦਿਨ ਮੁੰਡੇ ਨੂੰ ਤਾਰੇ ਨੇ ਜੂੜੇ ਤੋਂ ਫੜ੍ਹ ਕੇ ਥੱਲੇ ਸੁੱਟਿਆ। ਨਰਮ ਵੀਤਾ ਚੁੱਪ ਰਹੀ। ਇਹਦੀ ਹਿੰਮਤ ਗੁਆਚ ਗਈ ਜਿੱਦਾਂ ਮੀਂਹ ਵਿਚ ਥੁੱਕ ਗੁਆਚ ਜਾਂਦਾ ਹੈ।

ਭੈਣ ਦਾ ਥਾਂ–ਘਰ ਠੀਕ ਕਰ ਲਿਆ। ਪਰ ਆਪਣਾ?

### *ਅੱਠ*

ਨਿੱਤ ਨਿੱਤ ਕੁੱਟਾਪੇ ਘਰ ਵਿਚ ਪੈਂਦੇ ਸੀ। ਪਰ ਮਾਂ ਪਾਸੇ ਕੋਈ ਸਰੋਤੀ ਵਾਂਗੂੰ ਖਲੋਤੀ। ਪਿਉ ਨੇ ਇਕ ਵਾਰੀ ਜੋੜ ਦੇਣੀ ਰਾਣੇ ਦਾ ਜੂੜਾ ਫੜ੍ਹ ਕੇ ਘੁੰਮਾਇਆ ਜਿੱਦਾਂ ਕੋਈ ਰੋਹੀ ਦੇ ਮਿਰਗ ਨੂੰ ਗੱਲ ਰੱਸੀ ਪਾ ਕੇ ਘੁੰਮਾਉਂਦਾ ਸੀ। ਰਾਣਾ ਘਿਰ ਕੇ ਡਿੱਗ ਪਿਆ। ਮਾਂ ਦੀਆਂ ਗਿੱਲੀਆਂ ਗਿੱਲੀਆਂ ਅੱਖਾਂ ਹੋ ਗਈਆਂ। ਪਰ ਇਹਨੂੰ ਕੋਈ ਰਾਹ ਨਹੀਂ ਸੀ ਐਸਤਾਰਫੀਨੀਆ ਦੇ ਬੇਅੰਤ ਚਿੰਤਾ ਸਮੁੰਦਰ ਵਿਚ।

ਵੀਤਾ ਲਈ ਤਾਂ ਤੇਜ਼ਾਬ ਬਾਰਸ਼ ਹੀ ਸੀ।

ਰਾਣੇ ਲਈ ਠੰਡਾ ਠਰਿਆ ਧਰਤ ਦ੍ਰਿਸ਼ ਸੀ।

ਤਾਰੇ ਲਈ ਹਮੇਸ਼ਾਂ ਕੋਸਾ ਪਲੰਘ ਸੀ।

ਜਦ ਰਾਣਾ ਸਕੂਲ ਅਤੇ ਤਾਰਾ ਜਲਪਾਨ ਗ੍ਰਹਿ ਵਿਚ ਸੀ। ਉਦੋਂ ਵੀਤਾ ਨੇ ਨਵੀਂ ਤਸਵੀਰ ਸ਼ੁਰੂ ਕਰਤੀ ਸੀ। ਸਲੇਟੀ ਰੰਗ ਟਾਟ ਨੂੰ ਬਣਾ 'ਤਾ ਸੀ। ਇਸ ਉੱਪਰ ਤਿੰਨ ਕਾਲੇ ਦਾਗ਼ ਵਾਹੇ। ਸਭ ਤੋਂ ਵੱਡਾ ਤਿਕੋਣ ਤਾਰਾ ਸੀ। ਤਿੱਖਾ ਅਤੇ ਦਿਆਗ ਤਿੰਨ ਹੀ ਪਾਸੇ। ਵੀਤਾ ਨੇ ਆਪ ਨੂੰ ਸੋਟੀ ਬਣਾ ਤਾਂ ਸੀ। ਸੋਟੀ ਇਕ ਥਾਂ ਖੜ੍ਹੀ ਰਹੀ। ਅਖਾੜਾ ਰਾਣਾ ਸੀ। ਨਿੱਕਾ ਜਾ ਘੇਰ ਦੇ ਰੂਪ ਵਿਚ ਵਾਹਿਆ ਸੀ। ਬਰਫ਼ ਦੇ ਰੰਗ ਵਿਚ ਸੀ ਜਿੱਦਾਂ ਬਰਫ਼ ਪਿਜਾਮੇ ਹੁੰਦੇ ਸੀ। ਤਿਕੋਣ ਨੇ ਘੇਰ ਦਾ ਹੱਥ ਫੜਿਆ ਸੀ। ਘੁਮਾਈ ਗਿਆ ਜਿੱਦਾਂ ਕੋਈ ਨਿਆਣੇ ਦਾ ਜੂੜਾ ਸੀ।

ਅੱਜ ਕੱਲ੍ਹ ਸਭ ਕੁਝ ਵੀਤਾ ਨੂੰ ਤਸਵੀਰ ਦੇ ਰਾਹ ਦਿੱਸਦਾ ਸੀ। ਬਾਹਰ ਵੀਤਾ ਨੂੰ ਮੀਂਹ ਟਿੱਚਰ ਕਰਦਾ ਸੀ।

ਵੀਤਾ ਡਰਦੀ ਖਮੋਸ਼ ਹੋ ਕੇ ਖੜੀ ਰੇਹੀ।

**ਪੰਜਵਾਂ ਭਾਗ ਖ਼ਤਮ**

## ਛੇਵਾਂ ਭਾਗ

## ਰਾਣਾ

### *ਇਕ*

ਗੁਫਾ ਨਿਗਾਹ ਸੀ। ਬਾਹਰ ਸਫ਼ੈਦ ਜ਼ਮੀਨ ਅੰਬਰ ਕੋਰੇ ਸਨ। ਠੰਢਾ ਅਤੇ ਬੇਪੌਣ ਅੰਬਰ ਵਿਚ ਪਹਿਲਾਂ ਹੀ ਚਾਨਣਾ ਹੋ ਰਿਹਾ ਸੀ। ਗੋਰਾ ਚਿੱਟਾ ਰਿੱਛ ਝੁਕਾਉਂਦੇ ਬੱਦਲਾਂ ਨੂੰ ਸੰਬੋਧਨ ਕਰਨ ਬਾਹਰ ਤੁਰ ਪਿਆ। ਰੋਜ਼ ਦੀ ਆਦਤ ਸੀ। ਜਦ ਰਾਜੇ ਵਾਂਗ ਝੁਕੀਆਂ ਬੱਦਲਾਂ ਉਪਰੋਂ ਸੂਰਜ ਲਿਸ਼ਕ ਕੇ ਰਿੱਛ ਨੂੰ ਦੁਆ ਦਿੰਦਾ ਸੀ ਆਪਣੀ ਧੁੱਪ ਨਾਲ। ਰਿੱਛ ਕੋਸੇ ਕਿਰਨਾਂ ਵਿਚ ਨਹਾ ਕੇ ਨਾਸਾਂ ਫੁਲ ਕੇ ਸ਼ੁਭ ਜਾਂਦਾ ਸੀ। ਸੋਚ ਦਾ - ਆਹੋ ਬਹੁਤ ਖ਼ੂਬ



ਦਿਨ ਚੜ੍ਹ ਗਿਆ! ਅੱਜ ਵੀ ਉਸ ਤਰ੍ਹਾਂ ਦਾ ਦਿਨ ਸੀ।

ਗੁਫ਼ਾ ਅੰਦਰੋਂ ਧੁੰਦਲਾ ਸੀ। ਰਾਣਾ ਦੀ ਨੀਂਦ ਟੁੱਟ ਗਈ। ਮੱਧਮ ਮੱਧਮ ਬਲਦੇ ਬੱਤੀ ਨੂੰ ਤੱਕਣ ਲਈ ਆਪਣੀਆਂ ਨਿੰਦਰਾਲੀਆਂ ਅੱਖਾਂ ਮਸੇਂ ਖੋਲ੍ਹੀਆਂ। ਰਿੱਛ ਨੂੰ ਮੁੰਡੇ ਦਾ ਖੜਕ ਸੁਣ ਗਿਆ ਸੀ। ਆਪਣੇ ਘਰ ਵਿਚ ਵਾਪਸ ਅੰਦਰ ਆ ਗਿਆ ਸੀ। ਰਿੱਛ ਲੰਬਾ ਚੌੜਾ ਸੀ। ਘੱਟ ਤੋਂ ਘੱਟ ਰਾਣੇ ਉਪਰ ਦਸ ਫੁੱਟ ਦਾ ਵਿਸ਼ਾਲ ਜਾਨਵਰ ਖਲੋਤਾ ਸੀ। ਉਸਨੂੰ ਵੇਖਕੇ ਰਾਣੇ ਦੇ ਮਨ ਉੱਤੇ ਇਕ ਡਰ ਦੀ ਲਹਿਰ ਵਾਂਗ ਝੁਲ ਗਿਆ। ਰਿੱਛ ਦਾ ਪੰਜਾ ਅੱਗੇ ਆ ਗਿਆ। ਪਰ ਰਾਣੇ ਵੱਲ ਨਹੀਂ। ਵੱਡੇ ਚਿੱਟੇ ਹੱਥ ਨਾਲ ਬੱਤੀ ਨੂੰ ਫੜ ਕੇ ਰੋਸ਼ਨੀ ਵਧਾਤੀ। ਮੁੰਡੇ ਨੂੰ ਪਹਿਲੀ ਵਾਰੀ ਕਮਰਾ ਸਾਫ਼ ਸਾਫ਼ ਦਿੱਸਦਾ ਸੀ। ਰਿੱਛ ਰਾਣੇ ਦੇ ਸਾਹਮਣੇ ਬਹਿ ਗਿਆ। ਫਿਰ ਉਹ ਅਜੀਬ ਚੀਜ਼ ਫਿਰ ਹੋ ਗਈ। ਜਾਨਵਰ ਬੋਲਿਆ!

– ਮਾਨਵ ਮੈਥੋਂ ਡਰ ਨਾ। ਕੋਈ ਗੱਲ ਨਹੀਂ। ਮੈਂ ਤਾਂ ਸਮਾ ਤੈਂਨੂੰ ਬਚਾਇਆ। ਤੂੰ ਤਾਂ ਠੰਢ ਵਿਚ ਮਰ ਜਾਣਾ ਸੀ। ਅੱਖਾਂ ਵਿਚ ਦਿੱਸਦਾ ਕੇ ਤੈਨੂੰ ਲੱਗਦਾ ਕੇ ਮੈਂ ਤੈਂਨੂੰ ਖਾ ਲੈਣਾ। ਫਿਕਰ ਨਾ ਕਰ। ਮਾਨਵਾਂ ਨੂੰ ਖਾਣਾ ਵਰਜਿਤ ਐ। ਮਨ੍ਹਾਂ ਐ। ਜੇ ਕੋਈ ਜਾਨਵਰ ਐਸਤਾਰਫੀਨੀਆ ਵਿਚ ਆਦਮੀ ਨੂੰ ਹੱਥ ਪੰਜਾ ਵੀ ਲਾਵੇ ਸਜ਼ਾ ਮੌਤ ਏ। – ਰਾਣਾ ਤਾਂ ਹਾਲੇ ਵੀ ਹੈਰਾਨ ਸੀ ਕੇ ਰਿੱਛ ਦੇ ਬੁੱਲ੍ਹਾਂ ਵਿਚੋਂ ਲਫ਼ਜ਼ ਆਉਂਦੇ ਸੀ। ਉਹ ਵੀ ਪੰਜਾਬੀ ਵਿਚ! ਰਾਣਾ ਉਨ੍ਹਾਂ ਜਵਾਨਾਂ ਵਿਚੋਂ ਸੀ ਜਿਹੜੇ ਘਰ ਮਾਂ ਬਾਪ ਨਾਲ ਪੰਜਾਬੀ ਬੋਲਦੇ ਸੀ ਪਰ ਬਾਹਰ ਅਤੇ ਆਪਸ ਵਿਚ 'ਕੱਲੀ ਅੰਗਰੇਜ਼ੀ। ਹੁਣ ਤਾਂ ਮਜਬੂਰ ਸੀ ਇਸ ਅਨੌਖਾ ਜੀਵ ਨਾਲ ਮਾਂ ਬੋਲੀ ਵਿਚ ਬੋਲਣ।

– ਮੈਂ ਕਿੱਦਾਂ ਇੱਥੇ ਆਇਆ? ਕਹਿਣ ਦਾ ਮਤਲਬ ਐਸਤਾਰਫੀਨੀਆ ਵਿਚ? ਹੋ ਨਹੀਂ ਸਕਦਾ। ਇਟਸ ਇਮਪੋਸੀਬਲ! ਜ਼ਰੂਰ ਤੂੰ ਮੇਰੇ ਕਲਪਨਾ ਵਿਚ ਹੈ। ਇਹ ਸੁਫ਼ਨਾ ਏ। –

– ਹੋ ਸਕਦਾ। ਪਰ ਤੂੰ ਮੇਰੇ ਭਾਵਨੇ ਵਿਚ ਵੀ ਹੋ ਸਕਦਾ। ਸਾਨੂੰ ਐਸਤਾਰਫੀਨੀਆ ਵਿਚ ਆਦਮੀ ਦੀ ਲੋੜ ਏ। ਕੀ ਪਤਾ ਤਾਂ ਮੈਂ ਤੇਰੇ ਬਾਰੇ ਸੋਚਦਾ ਹੋਵਾਂਗਾ?। – ਰਿੱਛ ਨੇ ਜਵਾਬ ਦਿੱਤਾ।

– ਪਰ ਮੈਂ ਹੁਣੀ ਆਪਣੇ ਘਰ ਵਿਚ ਪਿਉ ਤੋਂ ਕੁੱਟ ਖਾਂਦਾ ਸੀ!– ਰਾਣੇ ਦੇ ਵਾਪਸ ਜਵਾਬ 'ਚ ਉਤਰ ਦਿੱਤਾ।

– ਚੱਲੋ ਫੇਰ ਅਸੀਂ ਦੋਵੇਂ ਹੈਰਾਨ ਹਾਂ!– ਰਿੱਛ ਨੇ ਇਕ ਪੰਜਾ ਅੱਗੇ ਕੀਤਾ - ਮੇਰਾ ਨਾਂ ਅਲਫੋਂਸੋ ਏ। ਤੇਰਾ ਨਾਂ ਕੀ ਏ?– ਰਾਣੇ ਨੇ ਆਪਣਾ ਸੱਜਾ ਹੱਥ ਵਧੇ ਪੰਜੇ ਵਿਚ ਗਵਾ 'ਤਾ।

– ਮੇਰਾ ਨਾਂ ਰਾਣਾ ਹੈ–

– ਰਾਣਾ। ਅੱਛਾ ਰਾਣਾ ਦਸ ਤੂੰ ਕਿਥੋਂ ਆਇਆ? ਅਤੇ ਬਾਹਰ ਬਰਫ਼ ਵਿਚ ਕਿਥੇ ਚੱਲਿਆ ਸੀ?–

– ਮੈਂ ਇੰਗਲੈਂਡ ਤੋਂ ਹੈ। ਮੈਂ ਕਿੱਥੇ ਨਹੀਂ ਜਾਂਦਾ ਸੀ। ਇਹ ਕਹਿ ਸਕਦਾ। ਕੁੱਟ ਤੋਂ ਇੱਥੇ ਆ ਕੇ ਬਚ ਗਿਆ–

– ਅੱਛਾ। ਇਹ ਸੋਚ। ਜੇਕਰ ਇਹ ਤੇਰਾ ਕਲਪਨਾ ਹੈ। ਤੇਰੀ ਕਹਾਣੀ ਮੈਨੂੰ

ਦਸਦੀ ਕੇ ਤੂੰ ਆਪਣੇ ਵਿਚ ਬਾਪ ਤੋਂ ਦੂਰ ਹੋਣ ਲਈ ਆਇਐ। ਪਰ ਤੇਰਾ ਕਲਪਨਾ ਸਾਡੇ ਲਈ ਤਾਂ ਸੱਚਾਈ ਏ। ਕੀ ਪਤਾ ਰੱਬ ਨੇ ਤੈਨੂੰ ਕੋਈ ਰਾਹ ਕੋਈ ਦੁਆਰ ਵਿਚੋਂ ਸਾਡੇ ਸੰਸਾਰ ਵਿਚ ਭੇਜਿਆ?–।

– ਮੈਂ ਘਰ ਕਿਵੇਂ ਜਾਊ?–

– ਪਹਿਲਾ ਤਾਂ ਦੁਆਰ ਟੋਲਣਾ ਪਵੇਗਾ। ਕੋਈ ਸਫ਼ਰ ਯਾਤਰਾ ਤੇ ਖਾਣ ਤੋਂ ਬਿਗੈਰ ਨ੍ਹੀ ਜਾਈ ਦਾ। ਤੂੰ ਇਸ ਵਕਤ ਮੇਰਾ ਪਰਾਹੁਣਾ ਏ। ਐਸਤਾਰਫੀਨੀਏ ਦੇ ਰਿੱਛ ਲੋਕ ਪਰਾਹੁਣਿਆਂ ਨੂੰ ਸੰਭਲਦੇ ਐ। ਆ ਖਾਈਏ!– ਇਹ ਕਹਿ ਕੇ ਰਾਣੇ ਨੂੰ ਚੁੱਕ ਲਿਆ।

ਅਲਫੋਂਸੋ ਨੇ ਰਾਣੇ ਨੂੰ ਗੁਫ਼ਾ ਦੇ ਖੂੰਜੇ ਵਿਚ ਥੱਲੇ ਰੱਖ 'ਤਾ। ਗੁਫ਼ਾ ਦੇ ਖੂੰਜੇ ਵਿਚ ਚਾਰ ਗੋਲ ਮੋਲ ਪੱਥਰ ਸੀ। ਗਬਲਾ ਵੱਡਾ ਸੀ। ਇਸ ਦੇ ਆਲ਼ੇ–ਦੁਆਲ਼ੇ ਕੁਰਸੀਆਂ ਵਾਂਗ ਤਿੰਨ ਤੱਕਲੇ ਬੈਠੇ ਸਨ। ਰਾਣੇ ਨੂੰ ਸੈਨਤ ਕਰਤੀ ਇੱਥੇ ਬੈਠ। ਠੰਢੇ ਸੁਆਹ ਰੰਗ ਪੱਥਰ ਉੱਤੇ ਬੈਠ ਗਿਆ। ਇਹ ਜਗ੍ਹਾ ਦੇ ਨਾਲ ਵੱਡਾ ਕੜਾਹਾ ਸੀ। ਇਹਦੇ ਵਿਚੋਂ ਅਲਫੋਂਸੋ ਨੇ ਪੱਥਰ ਵਾਲੀ ਰਕਾਬੀ ਉੱਪਰ ਸੀਲ ਦਾ ਗੋਸ਼ਤ ਰੱਖ ਤਾਂ ਸੀ। ਰਾਣੇ ਨੂੰ ਭੁੱਖ ਲੱਗੀ ਕਰਕੇ ਖਾ ਲਿਆ ਸੀ। ਰਿੱਛਾਂ ਦਾ ਨਾਸ਼ਤਾ! ਫਿਰ ਇਕ ਪਥਰੀਲੀ ਪਿਆਲੀ ਵਿਚ ਕੋਈ ਤੱਤਾ ਡਰਿੰਕ ਪੀਣ ਲਈ ਦਿੱਤਾ। ਅਲਫੋਂਸੋ ਕੋਲ ਵੀ ਪੈੱਗ ਸੀ। ਜਲ ਦਾ ਰੰਗ ਕਿਰਮਚੀ ਸੀ। ਰਾਣੇ ਨੇ ਕੋਲ ਕਰ ਲਈ ਰਿੱਛ ਨੂੰ ਆਖਣ ਪਿਆਲੀ ਵਿਚ ਕੀ ਸੀ। ਪਰ ਪੀਂਣ ਵਿਚ ਨਹੀਂ ਝਿਜਕਿਆ। ਗਰਮ ਗਰਮ ਜਲ ਸੁਆਦ ਸੀ। ਥਿਆਹ ਨੂੰ ਮਾਰ 'ਤਾ ਸੀ।

– ਅੱਛਾ - ਅਲਫੋਂਸੋ ਨੇ ਗੱਲ ਤੋਰੀ - ਆਪਣੇ ਬਾਰੇ ਦਸ–।

– ਮੈਂ- ਰਾਣੇ ਨੇ ਰੱਤ ਰੰਗੀਨ ਪਿਆਲੀ ਵਿਚ ਅੱਖਾਂ ਡੋਬੀਆਂ। ਸੋਚਾਂ ਵਿਚ ਗੁੰਮਿਆ ਸੀ। ਫਿਰ ਆਪਣੇ ਹੁਣੇ ਹੁਣੇ ਬਣੇ ਦੋਸਤ ਨੂੰ ਆਪਣੇ ਬਾਰੇ ਸਭ ਦੱਸ 'ਤਾ। ਮਾਂ ਬਾਰੇ ਜਿਸ ਨੂੰ ਬਹੁਤ ਪਿਆਰ ਕਰਦਾ ਸੀ। ਪਿਉ ਬਾਰੇ ਜਿਸ ਤੋਂ ਬਹੁਤ ਡਰਦਾ ਸੀ। ਸਕੂਲ ਬਾਰੇ। ਲੰਦਨ ਸਾਊਥਹਾਲ ਬਾਰੇ। ਰਾਣੇ ਦੇ ਨਿਗਾਹ ਵਿਚ ਬਾਪ ਸਖ਼ਤ ਅਤੇ ਅਨਿਆਂਈ ਆਦਮੀ ਸੀ। ਇਹ ਸਭ ਕੁਝ ਅਲਫੋਂਸੋ ਦੇ ਪੱਲੇ ਪੈ ਗਿਆ ਸੀ। ਜਿੰਨਾ ਪਿਆਰ ਇਹ ਮੁੰਡੇ ਨੂੰ ਬਾਪੂ ਲਈ ਹੋਣਾ ਚਾਹੀਦਾ ਸੀ। ਉਨ੍ਹੀ ਨਫ਼ਰਤ ਸੀ। ਪਿਉ ਦੇ ਬੇਰਹਿਮ ਆਦਤਾਂ ਤੋਂ ਅੱਗੇ ਰਾਣੇ ਨੂੰ ਦਿਸਦਾ ਨਹੀਂ ਸੀ। ਰਾਣੇ ਨੇ ਘੰਟਾ ਲਾ ਦਿੱਤਾ ਸ਼ਿਕਾਇਤਾਂ ਕਰਨ 'ਚ। ਜਦ ਮਨ ਨੂੰ ਤਸੱਲੀ ਆਈ ਫਿਰ ਹੀ ਚੁਪ ਹੋਇਆ। ਅਲਫੋਂਸੋ ਨੇ ਮੁੰਡੇ ਨੂੰ ਮਨ ਹਲਕਾ ਕਰਨ ਦੇ ਦਿੱਤਾ। ਜਦ ਇੱਥੇ ਤਕ ਰਾਣਾ ਪਹੁੰਚਿਆ ਕੰਧ ਵੱਲ ਸੁਨਾ ਹੋ ਕੇ ਵੇਖੇ। ਜਦ ਦਸ ਕੁ ਮਿੰਟ ਬੀਤਿਆਂ ਰਿੱਛ ਨੇ ਕਿਹਾ - ਮੇਰੇ ਬਾਰੇ ਨਹੀਂ ਪੁੱਛਣਾ?–।

– ਸੌਰੀ ਮੈਂ ਸੋਚਾਂ 'ਚ ਡੁੱਬ ਗਿਆ ਸੀ। ਆਹੋ ਆਪਣੇ ਬਾਰੇ ਦਸ। ਨਾਲ ਐਸਤਾਰਫੀਨੀਆ ਬਾਰੇ ਵੀ - ਰਾਣਾ ਹੱਸਣ ਲੱਗ ਪਿਆ।

– ਕੀ ਗੱਲ?–

– ਕੁਛ ਨਹੀਂ। ਸਿਰਫ਼ ਬਹੁਤ ਅਜੀਬ ਲੱਗਦਾ। ਮੈਂ ਏਸ ਗੁਫ਼ਾ ਵਿਚ ਇਕ ਰਿੱਛ ਨਾਲ ਗੱਲਾਂ ਬਾਤਾਂ ਕਰਦਾ ਆਂ। ਕੌਣ ਮੈਨੂੰ ਮੰਨੂਗਾ? ਰਿੱਛ ਬੋਲਦਾ!– ਰਾਣੇ ਨੇ ਜਵਾਬ ਦਿੱਤਾ।



– ਓ ਤਾਂ ਹੈ। ਮੇਰੇ ਪਾਸੇ ਸੋਚ। ਆਦਮੀ ਦਾ ਨਿਆਣਾ ਮੇਰੇ ਗੁਫ਼ਾ 'ਚ ਬੈਠਾ। ਪਹਿਲੀ ਵਾਰੀ ਸਾਡੇ ਦੇਸ਼ ਵਿਚ। ਆਖ਼ਰੀ ਬਾਰੀ ਸਾਡੇ ਦੇਸ਼ 'ਚ ਮਾਨਵ ਆਇਆ ਕਿਆਮਤ ਨਾਲ ਲਿਆਇਆ। – ਅਲਫੋਂਸੋ ਨੇ ਕਿਹਾ।

– ਕਿਵੇਂ?– ਰਾਣੇ ਨੇ ਪੁੱਛਿਆ।

– ਇਕ ਮਨਹੂਸ ਮਰਦ। ਮੰਦਾ ਮਾਨਵ ਜਿਸ ਨੇ ਸਾਡੀ ਦੇਸ਼ ਉੱਤੇ ਹਮਲਾ ਕੀਤਾ। ਸਭ ਵਾਰ ਕਰ 'ਤਾ। ਹੁਣ ਸਾਡੇ ਉੱਪਰ ਰਾਜ ਕਰਦਾ। 'ਕੱਲੇ ਇਨਸਾਨਾਂ ਤੋਂ ਡਰਦਾ। ਲੋਕ ਕਹਿੰਦੇ 'ਕੱਲਾ ਇਨਸਾਨ ਉਸ ਨੂੰ ਮਾਰ ਸਕਦਾ - ਇਹ ਕਹਿ ਕੇ ਰਾਣੇ ਦੇ ਅੱਖਾਂ ਵਿਚ ਆਪਣੀਆਂ ਅੱਖਾਂ ਡੋਬੀਆਂ। ਰਾਣਾ ਪ੍ਰੇਸ਼ਾਨ ਹੋ ਗਿਆ।

– ਅਲਫੋਂਸਿਆ ਮੈਂ ਤਾਂ ਮੁੰਡਾ ਏ। ਕੋਈ ਸੂਰਮਾ ਨਹੀਂ! - ਰਾਣੇ ਨੇ ਕਿਹਾ।

– ਸੁਣ ਤਾਂ ਸਹੀ। ਇਹ ਮਾਨਵ ਕੋਲ ਜਾਦੂ ਦੀ ਸ਼ਕਤੀ ਏ। ਜਦ ਦਾ ਆਇਆ ਤਦ ਦਾ ਦੇਸ਼ ਉਲਟਾ ਪੁਲਟਾ ਹੋ ਗਿਆ। ਸਾਡੇ ਠੰਢੇ ਠਾਰੇ ਜ਼ਮੀਨ ਨੂੰ ਨਾਸ ਮਾਰਿਆ। ਹੁਣ ਬਰਫ਼ ਪਿਘਲ ਗਈ। ਮੇਰੇ ਇਲਾਕੇ ਨੂੰ ਅਸਰ ਹਾਲੇ ਹੋਈ ਨਹੀਂ। ਪਰ ਆਲ਼ੇ–ਦੁਆਲ਼ੇ ਘੁਲ ਗਈ। ਗਰਮੀ ਆਂ ਗਈ। – ਇਹ ਕਹਿ ਕੇ ਠੰਢਾ ਸਾਹ ਲੈ ਕੇ ਰਿੱਛ ਪਿੱਛੇ ਹੋ ਗਿਆ। ਅਲਫੋਂਸੋ ਦੀਆਂ ਅੱਖਾਂ ਵਿਚ ਭਾਂਝ ਸੀ।

ਰਾਣੇ ਨੂੰ ਖਤਾ ਚੜ੍ਹਿਆ। ਆਪਣੇ ਘਰ ਬਾਰੇ ਸੋਚਦੇ ਸੋਚਦੇ ਨੇ ਭੁੱਲਾ ਤਾਂ ਇਸ ਵਕਤ ਕਿਥੇ ਸੀ। ਨਾਲੇ ਇਹਨੂੰ ਰਿੱਛ ਦੀ ਲੋੜ ਸੀ ਘਰ ਭਾਲਣ ਨੂੰ। ਨਾਲੇ ਹੁਣ ਸਦਮੇ ਤੋਂ ਬਾਅਦ ਅਜੂਬਾ ਜਾਗ ਗਿਆ। ਰਿੱਛ ਦੇ ਫਰੀ ਹੱਥ ਉੱਤੇ ਹੱਥ ਰੱਖ ਕੇ ਆਖਿਆ - ਆਪਣੇ ਬਾਰੇ ਦਸ। ਫਿਰ ਇਹ ਵੈਰੀ ਬਾਰੇ ਵੇਖਾਂਗੇ– ।

– ਇਹ ਵੈਰੀ ਦਾ ਨਾਂ ਕੈਜ਼ਰ ਖ਼ਾਨ ਹੈ। ਇਹਦੇ ਆਉਂਣ ਤੋਂ ਪਹਿਲਾ ਮੇਰੀ ਕੌਮ ਦੀ ਅਬਾਦੀ ਅਨੇਕਾਂ 'ਚ ਸੀ। ਫਿਰ ਖ਼ਾਨ ਦੀ ਫੌਜ ਨੇ ਸਭ ਨੂੰ ਸ਼ਿਕਾਰਾਂ 'ਚ ਮਾਰ ਦਿੱਤਾ– ਅੱਖਾਂ ਲਾਲ ਹੋ ਗਈਆਂ। ਥੁਕ ਕੇ ਗੱਲ ਕਇਮ ਰੱਖੀ - ਸਾਰਿਆਂ ਨੂੰ ਸਮੂਰ ਪੋਸਤੀਨ ਲਈ ਭਾਲਿਆ–।

– ਪਰ ਤੂੰ?–

– ਮੈਨੂੰ ਮੇਰੇ ਖਾਸ ਦੋਸਤ। ਇਕ ਪਿੰਗੂ ਨੇ ਬਚਾ ਲਿਆ। ਹੁਣ ਦੇਸ਼ ਦੇ ਗੱਭੇ ਰਹਿੰਦਾ। 'ਕੱਲਾ। ਉਹ ਤਸਵੀਰ ਏ ਪਿੰਗੂ ਦੀ। ਹੁਣ ਉਨ੍ਹਾਂ ਦਾ ਇਲਾਕਾ ਵਾਰ ਹੁੰਦਾ ਐ। ਬਰਫ਼ ਦੇ ਪਹਾੜ ਸਮੁੰਦਰ ਵਿਚ ਗਿੜਦੇ। ਮੇਰੀ ਵਾਰੀ ਆਂ ਉਨ੍ਹਾਂ ਨੂੰ ਬਚਾਉਣ। – ਫਿਰ ਰਾਣੇ ਦੇ ਅੱਖਾਂ ਵਿਚ ਅੱਖਾਂ ਪਾ ਕੇ ਬੋਲਿਆ - ਖੁਦਾ ਨੇ ਤੈਨੂੰ ਇਸ ਲਈ ਭੇਜਿਆ। ਮੈਨੂੰ ਕੋਈ ਸ਼ੱਕ ਨਹੀਂ–।

– ਤੂੰ ਪਹਿਲਾ ਕੀ ਕਰਦਾ ਸੀ? ਪੇਸ਼ਾ ਕੀ ਸੀ - ਰਾਣੇ ਪੁੱਛਿਆ।

– ਮੈਂ ਸ਼ਹਿਰ ਵਿਚ ਪੁਲਿਸ 'ਚ ਸੀ। ਇਸ ਲਈ ਮੈਨੂੰ ਲੜਨਾ ਆਉਂਦਾ। ਫਿਕਰ ਨਾ ਕਰ। ਤੈਨੂੰ ਕੇਵਲ ਆਪਣਾ ਚਿਹਰਾ ਦਿਖਾਉਣ ਦੀ ਲੋੜ ਏ। ਬਸ ਆਦਮੀ ਦੇਖ ਕੇ ਬੇਤਾਬ ਹੋਜੂਗਾ। ਕਿਉਂਕਿ ਇਸ ਦੇਸ਼ ਦੀ ਪੋਥੀ ਵਿਚ ਲਿਖਿਆ ਕੇ ਮਾਨਵ ਦੇ ਬਾਲ ਦੀਆਂ ਅੱਖਾਂ ਖਲੋਤੇ ਖ਼ਾਨ ਨੂੰ ਸਾੜ ਦੂ ਗੀਆਂ–।

– ਤੂੰ ਇੱਦਾਂ ਦੇ ਵਹਿਮਾਂ ਨੂੰ ਮੰਨਦਾ?–

– ਕਿਉਂ ਨ੍ਹੀ? ਪੋਥੀ ਵਿਚ ਸੱਚ ਐ। ਤਾਂ ਤੂੰ ਆਇਆ –। ਰਾਣੇ ਨੇ ਉਸ ਦੇ ਅੱਖਾਂ ਵਿਚ ਤੱਕਿਆ ਕੇ ਸੱਚ ਮੁੱਚ ਮੰਨਦਾ ਸੀ।

– ਅੱਛਾ। ਪਰ ਦੇਸ਼ ਨੂੰ ਕਿਵੇਂ ਖਰਾਬ ਕੀਤਾ?–।

– ਕਾਰਾਂ। ਫੈਕਟਰੀਆਂ। ਉਪਜ। ਚਿਮਨੀਆਂ। ਗੰਦਾ ਧੂੰਆਂ। ਦੁਨੀਆਂ ਗਰਮ ਸਦ ਕਰਤੀ –।

– ਸਾਡੇ ਸੰਸਾਰ 'ਚ ਇਸ ਨੂੰ *ਗਰੀਨ ਹਾਊਸ ਐਫੈਕਟ* ਸੱਦਦੇ ਨੇ। ਪਰ ਇਸ ਦਾ ਅਸਰ ਤਾਂ ਸੌ ਸਾਲ ਤੋਂ ਉਪਰ ਲੱਗਦਾ ਹੈ?–।

– ਖ਼ਾਨ ਤਾਂ ਤਿੰਨ ਸੌ ਸਾਲਾਂ ਦਾ ਰਾਜ ਕਰਦਾ!–

– ਹੋ ਨਹੀਂ ਸਕਦਾ! ਬੰਦੇ ਦੀ ਉਮਰ ਇੰਨੀ ਲੰਮੀ ਨਹੀਂ ਹੁੰਦੀ। ਤੂੰ ਕਿੰਨੇ ਸਾਲਾਂ ਦਾ ਫਿਰ ਹੈ?–

– ਪੰਜ ਸੋ ਪੰਤਾਲੀ–।

– ਪੰਜ ਸੋ ਪੰਤਾਲੀ! ਨੂੰ ਵੇ!–। ਰਾਣਾ ਹੈਰਾਨ ਹੋ ਗਿਆ।

– ਤੇਰੇ ਜੱਗ ਵਿਚ ਜਾਨਵਾਰ ਇਨ੍ਹੇ ਸਾਲ ਨਹੀਂ ਜੀਉਂਦੇ?–

– ਮੇਰੀ ਦੁਨੀਆਂ ਵਿਚ ਜਾਨਵਾਰ ਤਾਂ ਬੋਲਦੇ ਵੀ ਨਹੀਂ–।

– ਸੱਚ?–

– ਸੱਚ ਮੁੱਚ–।

– ਅਣਹੋਣੀ ਗੱਲ ਏ–।

– ਤੇਰੇ ਖ਼ਿਆਲ 'ਚ। ਪਰ ਸੱਚ ਏ। ਮੈਂ ਸੁਣਿਆ ਕੇ ਹਜ਼ਾਰ ਹਜ਼ਾਰ ਸੰਸਾਰ ਏ। ਸਭ ਸਮ ਵਿੱਥੀ ਹਨ।

ਕਿਸੇ ਵਿਚ ਇਨਸਾਨ ਰਾਜ਼ ਕਰਦੇ ਏ। ਕਿਸੇ ਵਿਚ ਜਾਨਵਰ। ਕਿਸੇ ਵਿਚ ਮੱਛੀਆਂ। ਕਹਿੰਦੇ ਜਿਸ ਜੀਵ ਦਾ ਰਾਜ ਏ ਉਹ ਜੀਵ ਹੀ ਬੋਲ ਸਕਦਾ। ਸਾਡੇ ਵਿੱਥੀ ਵਿਚ ਰਿੱਛ ਅਤੇ ਬਿੱਲੇ ਹਨ– ਅਲਫੋਂਸੋ ਨੇ ਦੱਸਿਆ।

– ਬਿੱਲੇ? ਕੇ ਮਤਲਬ? ਸ਼ੇਰ ਬਾਘ?–

– ਹੋਰ–

– ਫਿਰ ਉਹ ਤੁਹਾਡੀ ਮੱਦਦ ਕਿਉਂ ਨਹੀਂ ਕਰਦੇ?–

– ਕਿਉਂਕਿ ਖ਼ਾਨ ਦੇ ਪਾਸੇ ਹਨ। ਖ਼ਾਨ ਨੇ ਸਾਡੇ ਬਰਫ਼ੀ ਬਿੱਲਿਆਂ ਨੂੰ ਵਡਾਰ ਦੇ ਦਿੱਤੀ ਏ। ਹੁਣ ਮਰਾਤਬੇ ਵਾਲੇ ਲੋਕ ਹਨ। ਸ਼ਹਿਰ 'ਚ ਰਹਿੰਦੇ ਹਨ। ਉਨ੍ਹਾਂ ਦੀਆਂ ਪਿੱਠਾਂ ਤੂਹੀਆਂ ਉੱਤੇ ਖ਼ਾਨ ਦੇ ਰਾਖਸ਼ ਬਹਿਕਿ ਮੇਰੇ ਵਰਗੇ ਬਾਗ਼ੀਆਂ ਨੂੰ ਲੱਭਦੇ ਨੇ–।

– ਬਿੱਲਿਆਂ ਨੂੰ ਧਰਤੀ ਪਿਆਰੀ ਨਹੀਂ ਏ?–

– ਹੈ। ਪਰ ਉਨ੍ਹਾਂ ਲਈ ਵੱਧ ਫ਼ਾਇਦਾ ਜੇ ਘਾਹ ਹਰਾ ਹਰਾ ਏ। ਜਿਸ ਜਾਨਵਰਾਂ ਨੂੰ ਖਾਂਦੇ ਸੋਖੇ ਮਿਲ ਜਾਂਦੇ ਏ ਜਦ ਸਨੋਅ ਨਹੀਂ ਹੁੰਦੀ। ਖੈਰ ਬਿੱਲੇ ਵਜ਼ੀਰ ਬਣ ਗਏ ਸ਼ਹਿਰ ਵਿਚ। ਉਨ੍ਹਾਂ ਦੀ ਕੌਮ ਨੂੰ ਹਰੇਕ ਠੇਕਾ ਮਿਲ ਗਿਆ। ਸੰਜਮ ਦੀ ਪੂਰੀ ਅਧੀਨ ਏ–।

– ਇਹ ਸ਼ਹਿਰ ਕਿੱਥੇ ਹੈ?–

– ਸ਼ਹਿਰ ਦੇਸ਼ ਦੇ ਕਿਨਾਰੇ 'ਤੇ ਐ। ਸਮੁੰਦਰ ਦੇ ਕੋਲ। ਬਹੁਤ ਉਚੀ ਏ। ਕੱਚ ਲੋਹੇ



ਦੇ ਕਿਲ੍ਹੇ ਹਨ। ਅੰਬਰ ਤਕ ਪਹੁੰਚ ਦੇ ਏ। ਸ਼ਹਿਰ ਦਾ ਨਾਂ ਲਾਂਕਾਗੜ੍ਹ ਸੀ। ਹੁਣ ਖਾਨਗੜ੍ਹ ਆਖਦੇ ਨੇ। ਇੰਨ੍ਹੀ ਗੜ੍ਹਾਪਣ ਏ ਕੇ ਜਦ ਵਿਚ ਚੱਲੇ ਜਾਂਦੇ ਘਾਹ ਮੈਦਾਨ ਦਿਸਦਾ ਵੀ ਨਹੀਂ। ਸ਼ਹਿਰ ਦੇ ਭੁੱਲੇ ਜੜ੍ਹਾਂ। ਕਹਿਣ ਦਾ ਮਤਲਬ ਹੇਠੀਆਂ ਗਲੀਆਂ ਵਿਚ ਗਰੀਬ ਘੁੰਮਦੇ ਨੇ। ਸਭ ਗੁਲਾਮ। ਇਹ ਚੱਕਰ ਏ–। ਕਹਿਕਿ ਅਲਫੋਂਸੋ ਚੁਪ ਹੋ ਗਿਆ।

– ਤੂੰ ਕਿਵੇਂ ਬਚ ਗਿਆ?– ਰਾਣੇ ਨੇ ਆਖਿਆ।

– ਪਿੰਗੁਆਂ ਨੇ ਬਚਾ ਦਿੱਤਾ। ਮੈਨੂੰ ਠੰਢੇ ਠਾਰੇ ਬਰਫ਼ ਦੇ ਥੱਲੇ ਪਾਣੀ ਵਿਚ ਲੁਕੋ ਦਿੱਤਾ ਸੀ। ਬਿੱਲੇ ਇੱਦਾਂ ਦੇ ਪਾਣੀ ਵਿਚ ਨਹੀਂ ਜਾਂਦੇ–।

ਅੱਧੇ ਘੰਟੇ ਲਈ ਦੋਵੇਂ ਚੁਪ ਚਾਪ ਬੈਠੇ ਰਹੇ। ਫਿਰ ਰਾਣੇ ਨੇ ਅਲਫੋਂਸੋ ਨੂੰ ਆਖਿਆ - ਤੇਰੇ ਕੋਲ ਤਾਹਰੂ ਨ੍ਹੀ ਤਾਂ ਕਾਠੀ ਹੈ?–। ਰਿੱਛ ਇਹਦੇ ਵੱਲ ਹੈਰਾਨੀ ਨਾਲ ਵੇਖਣ ਲੱਗਿਆ। - ਮੈਂ ਬਿੱਲਾ ਨਹੀਂ ਹਾਂ!–।

– ਹੋਰ ਕਿਵੇਂ ਖਾਨਗੜ੍ਹ ਜਾਵੋਂਗੇ? ਮੈਂ ਤਾਂ ਤੇਰੇ ਵਾਂਗ ਤਕੜਾ ਨਹੀਂ ਏ–

– ਮੇਰੀ ਬੇਇਜ਼ਤੀ ਨਾ ਕਰ– ਅਲਫੋਂਸੋ ਸ਼ੁਰੂ ਹੋਇਆ।

– ਕਿੰਨੇ ਕੌਣ ਇਥੋਂ ਏ? ਹੋਰ ਕੋਈ ਰਾਹ ਨ੍ਹੀ?–

– ਫਿਰ ਵੀ ਮੇਰੀ ਮਾਣ ਸ਼ਾਨ ਦੀ ਸੋਚ–।

– ਤੂੰ ਹੀ ਚਾਹੁੰਦਾ ਮੈਂ ਤੇਰੀ ਮੱਦਦ ਕਰਾ। ਫਿਰ ਕੁਝ ਤਾਂ –

– ਬਸ! ਮੇਰੇ ਪਿੱਠ 'ਤੇ ਬਹਿ ਜਾ। ਝੋਲੇ ਵਿਚ ਖਾਣ ਪੀਂਣ ਲਈ ਚੀਜ਼ਾਂ ਪਾ ਲਾ। ਤੂੰ ਮੇਰੀ ਫਰ ਨੂੰ ਫੜ੍ਹ ਸਕਦਾ ਏ। ਦੋ ਸੌ ਕੋਸ ਇਥੋਂ ਏ। ਜਦ ਸ਼ਹਿਰ ਦੇ ਨੇੜੇ ਪਹੁੰਚ ਗਏ ਢੂਹੀ ਤੋਂ ਉਤਰ ਜਾਣਾ ਏ। ਸਮਝ ਗਿਆ?–।

– ਆਹੋ। ਪਰ ਪਹਿਲਾਂ ਤੂੰ ਮੈਨੂੰ ਉਥੇ ਲੈ ਕੇ ਜਾ ਜਿਥੇ ਮੈਨੂੰ ਲੱਭਿਆ। ਮੈਂ ਉਹ ਦੁਆਰ ਦਰ ਜਿਥੇ ਤੇਰੇ ਦੇਸ਼ ਵਿਚ ਆਇਆ ਲੱਭਣਾ ਚਾਹੁੰਦਾ। ਮਾਂ ਪਿਉ ਫਿਕਰ 'ਚ ਹੋਣਗੇ–।

– ਭਾਵੇਂ। ਪਰ ਜੋ ਤੇਰੇ ਮੇਰੇ ਲਈ ਦਿਨ ਬੀਤਿਆ। ਉਨ੍ਹਾਂ ਲਈ ਪਲ ਹੀ ਹੋ ਸਕਦੀ ਏ–।

– ਤੂੰ ਮੇਰੀ ਘਰ ਪਹੁੰਚਣ ਦੀ ਮਦਦ ਕਰ। ਮੈਂ ਤੇਰੀ ਖ਼ਾਨ ਨੂੰ ਮਾਰਨ ਦੀ ਕਰੂੰਗਾ। ਪੱਕੀ?–

– ਪੱਕੀ–

ਪਰ ਰਾਣੇ ਦੇ ਮਨ ਵਿਚ ਫਿਕਰ ਸੀ ਕੇ ਇਹ ਥਾਂ ਸੱਚੀ ਹੀ ਉਸਦੇ ਮਨ ਵਿਚ ਹੀ ਹੈ। ਇੱਥੇ ਬਾਪ ਤੋਂ ਦੂਰ ਹੋਣ ਲਈ ਆਇਆ ਸੀ। ਸੱਚਾਈ ਉੱਤੇ ਬਾਰੀ ਬੰਦ ਕਰ ਦਿੱਤੀ ਸੀ। ਪਰ ਹਾਰ ਕੇ ਨੀਂਦ ਵਿਚੋਂ ਉਤਰਨਾ ਹੀ ਪਵੇਗਾ।

### *ਦੋ*

ਜਦ ਦੋਵਾਂ ਨੇ ਤਿਆਰੀਆਂ ਕਰ ਲਈਆਂ ਸੀ ਆਪਣੇ ਖੋਜ ਕਰਨ ਤੁਰ ਪੈ।

ਆਥਣ ਆਉਣ ਲੱਗਾ ਸੀ। ਜਿਸ ਸੂਰਜ ਨੂੰ ਅਲਫੋਂਸੋ ਤੇਹ ਕਰਦਾ ਸੀ। ਉਹੀ ਸੂਰਜ ਦੀ ਤੱਤੀ ਧੁੱਪ ਧਰਤੀ ਨੂੰ ਜਾਲ ਦੀ ਸੀ। ਪਰ ਆਥਣ ਵੇਲਾ ਸੀ ਅਤੇ ਥੋਹੜਾ ਚਿਰ ਤਕ ਸੂਰਜ ਨੇ ਦਿਸਹੱਦੇ ਦੇ ਪਿੱਛ ਲੁਕ ਜਾਣਾ ਸੀ।

ਰਾਣਾ ਰਿੱਛ ਦੇ ਪਿੱਠ ਉਪਰ ਬੈਠਾ ਸੀ। ਹੱਥਾਂ ਵਿਚ ਜੋੜ ਦੇਣੀ ਅਲਫੋਂਸੋ ਦੀ ਪਲੱਥਾ ਪਾਇਆ ਸੀ। ਜੇ ਕੋਈ ਪੰਛੀ ਹੇਠ ਆਪਣੀਆਂ ਉਕਾਬੀ ਅੱਖਾਂ ਨਾਲ ਤਕਦਾ ਸੀ। ਉਸਨੂੰ ਚਿੱਟਾ ਚਿੱਟਾ ਹੀ ਦਿਸਦਾ ਸੀ। ਹਿਮ ਦੀ ਤੰਬੂਆਂ ਵਿਚ ਸਭ ਕੁਝ ਲੁਕਿਆ ਸੀ। ਵੀਹ ਕੌਹਾਂ ਬਾਅਦ ਜੰਗਲ ਦੇ ਕਿਨਾਰੇ ਕੋਲ਼ ਪਹੁੰਚ ਗਏ ਸੀ। ਰੁੱਖਾਂ ਉਪਰ ਬਰਫ਼ ਦਾ ਪਾਊਡਰ ਸੁੱਤਾ ਸੀ। ਬਿਰਖਾਂ ਦੇ ਵਿਚ ਚਲੇ ਗਏ। ਇੱਥੇ ਥੋੜ੍ਹਾ ਚਿਰ ਲਈ ਆਰਾਮ ਕੀਤਾ। ਰਿੱਛ ਨੇ ਰਾਣੇ ਨੂੰ ਭੁੰਜੇ ਧਰਿਆ। ਫਿਰ ਸਨੋਅ ਵਿਚ ਟੋਆ ਪੁੱਟਿਆ। ਇਹਦੇ ਵਿਚ ਰਾਣਾ ਬਹਿ ਗਿਆ। ਰਾਣੇ ਨੂੰ ਪਤਾ ਨਹੀਂ ਕਿਉਂ ਪਰ ਅਲਫੋਂਸੋ ਨੇ ਰਾਣੇ ਦੇ ਮੱਥੇ ਉੱਤੇ ਮਿੱਟੀ ਲਾਈ। ਉਹਦੇ ਚੁੰਮਣ ਵਿਚ ਕੁਝ ਕੁਝ ਮਾਂ ਵਾਲਾ ਅੰਸ਼ ਸੀ।

– ਹੁਣ ਤੋਂ ਖਾਨਗੜ੍ਹ ਤੱਕ ਅਸੀਂ ਉਹਲੇ ਰਹਿਓਗੇ। ਰਾਤ ਆ ਗਈ ਪਰ ਐਸਤਾਰਫੀਨੀਆ ਉਪਰ ਅੰਬਰ ਨੀਲਾ ਏ। ਧਰਤੀ ਸਫੈਦ ਏ। ਨਾਲੇ ਚੰਨ ਮਾਮਾ ਦਾ ਗੋਲ ਗੋਲ ਚਿਹਰਾ ਵੱਡਾ ਏ। ਬਿੱਲਿਆਂ ਨੇ ਇਕਦਮ ਸਾਨੂੰ ਵੇਖ ਲੈਣਾ। ਇਥੋਂ ਸ਼ਹਿਰ ਤੱਕ ਸੰਤਰੀ ਹਨ–।

– ਮੈਨੂੰ ਤੂੰ ਕਿੱਥੇ ਲੱਭਿਆ?–

– ਇਥੋਂ ਦੋ ਕੋਹ। ਆਰਾਮ ਕਰ–।

– ਕੁਝ ਭਾਰਾ ਭਾਰਾ ਮਾਲੂਮ ਹੁੰਦਾ ਸੀ। ਪਰ ਤੂੰ ਅਤੇ ਇਹ ਦੇਸ਼ ਨੇ ਖੁਸ਼ੀ ਦੀ ਲਹਿਰ – ਰਾਣੇ ਨੇ ਕਹਿਣਾ ਸ਼ੁਰੂ ਕੀਤਾ।

– ਬਸ। ਆਰਾਮ ਕਰ। ਪੁੱਤ ਤੂੰ ਸਾਡੇ ਲਈ ਨਿਸ਼ਾਨ ਏ। ਸਾਡੇ ਲਈ ਆਸ ਏ। ਇਹ ਜੰਗਲ ਵਿਚ ਮੇਰੇ ਵਰਗੇ ਅਜ਼ਾਦੀ ਵੀਰ ਹਨ। ਜਦ ਮੈਂ ਉਨ੍ਹਾਂ ਨੂੰ ਤੇਰੇ ਬਾਰੇ ਦੱਸਿਆ ਜਾਗ ਜੁਗੇ। ਬਸ ਇੰਨਾ ਹੀ ਕਾਫੀ ਏ। ਖ਼ਾਨ ਦੀ ਫੂਕਾ ਸਾੜੀ ਵਾਲੀ ਨੀਤੀ ਮੁਕਾ ਦੇਣੀ ਏ–।

ਪੁੱਤ ਦਾ ਲਫ਼ਜ਼ ਸੁਣਕੇ ਖ਼ੁਸ਼ੀ ਵਿਚ ਨੀਂਦ ਆ ਗਈ ਸੀ। ਜਦ ਉਠਿਆ ਠੰਢ ਮਹਿਸੂਸ ਹੋਈ। ਅਲਫੋਂਸੋ ਨੇ ਆਪਣੇ ਗਰਮ ਪਿੰਡੇ ਨਾਲ ਘੋਸਾ ਕਰ ਦਿੱਤਾ। ਫਿਰ ਰਾਣਾ ਉਸ ਦੀ ਪਿੱਠ ਉਪਰ ਵਾਪਸ ਬਹਿ ਗਿਆ। ਇਸ ਵੇਲੇ ਹਕੀਕਤ ਬਹੁਤ ਫਾਉਲੇ ’ਤੇ ਸੀ। ਰਿੱਛ ਦੇ ਉਪਰ ਬੈਠਾ ਆਪਣੇ ਆਪ ਨਾਲ ਸਬਬ ਕਰਨ ਲੱਗ ਗਿਆ। ਇਸ ਦੇ ਕੀ ਕਾਰਨ ਹੈ? ਅਲਫੋਂਸੇ ਨੇ ਇਹਨੂੰ ਜਿਥੇ ਲੱਭਿਆ ਸੀ ਉਥੇ ਲਿਆ ਤਾਂ। ਪਰ ਕਿੱਤੇ ਦਰਵਾਜ਼ਾ ਨਹੀਂ ਸੀ। ਰਾਣਾ ਹਿਮ ਨੂੰ ਇਧਰ ਉਧਰ ਹਿਲਾਉਂਣ ਲੱਗ ਪਿਆ। ਪਰ ਸਨੋਅ ਥੱਲੇ ਵੀ ਕੁਝ ਨਹੀਂ ਸੀ। ਅਲਫੋਂਸੋ ਉਪਰ ਗੂੜ੍ਹੇ ਨੀਲੇ ਗਗਨ ਵਿਚ ਦੇਖਦਾ ਸੀ। ਰਾਣੇ ਦੀ ਨਜ਼ਰ ਵੀ ਉਥੇ ਗਈ। ਤਾਰੇ ਚਮਕਦੇ ਸੀ। ਹਜ਼ਾਰਾਂ ਹਜ਼ਾਰਾਂ ਨੇ ਇਹਦੇ ਵੱਲ ਝਮਕਿਆ।

– ਅਲਫੋਂਸੋ ਤੈਨੂੰ ਲੱਗਦਾ ਮੈਂ ਕੋਈ ਟੁੱਟਦੇ ਤਾਰੇ ਵਾਂਗੂੰ ਥੱਲੇ ਡਿੱਗਾ?–

– ਹੋ ਸਕਦਾ–

– ਇਸ ਦੁਨੀਆਂ ’ਚ ਸਭ ਅਣਹੋਣਾ ਹੋਣਾ ਏ–



– ਹੋ ਸਕਦਾ। ਜੇ ਖੁਦਾ ਚਾਹੁੰਦਾ ਸੀ ਤੈਨੂੰ ਇੱਥੇ ਲਿਆਉਂਣ ਸਹੀ ਵਕਤ ਘਰ ਵਾਪਸ ਲੈ ਜਾਉਂਗਾ। ਜੇ ਤੂੰ ਆਪਣੇ ਹਵਾਈ ਕਿਲ੍ਹੇ ਸਜਾਏ ਐ ਫਿਰ ਸਹੀ ਵਕਤ ’ਚ ਉਤਰ ਜਾਵੇਗਾ। ਹੁਣ ਧਿਆਨ ਕਰ। ਆਪਾਂ ਦਰੱਖ਼ਤਾਂ ਵੱਲ ਰਹਿਣਾ। ਪਰ ਬੋਲੀ ਨਾ। ਆ ਜੰਗਲ ਦੇ ਰੁੱਖ ਖ਼ਾਨ ਦੇ ਜਾਸੂਸ ਏ। ਇਹਨਾਂ ਦੇ ਪਤੇ ਕਾਸਦੇ ਵਾਂਗ ਉਹਦੇ ਕੋਲ ਸਨੇਹੇ ਲੈ ਜਾਂਦੇ ਐ। ਅਸੀਂ ਵਿਰਖ ਰੱਖਣੀ ਏ ਇਕ ਬਰਫ਼ੀ ਉੱਲੂ ਲਈ। ਉਹ ਸਾਨੂੰ ਮਿੱਤਰ ਦੇ ਛੱਪਰ ਲੈ ਜੂਗਾ–।

ਰਾਣਾ ਰਿੱਛ ਦੇ ਉਪਰ ਫਿਰ ਬਹਿ ਗਿਆ। ਜਦ ਜੰਗਲ ਪਹੁੰਚੇ ਆਲ਼ੇ–ਦੁਆਲ਼ੇ ਬੰਜਰ ਬਿਰਛਿਆਂ ਵੱਲ ਸ਼ੱਕ ਨਾਲ ਤਕੀ ਗਿਆ। ਉੱਲੂ ਦਿਸਿਆ ਨਹੀਂ। ਪਰ ਜੰਗਲ ਦੀ ਹਰੇਕ ਖੜਕ ਸੁਣੀ। ਡਰਦਾ ਅਲਫੋਂਸੋ ਦੇ ਕੋਲ ਸਰੀਰ ਕਰ ਦਿੱਤਾ। ਕਾਫੀ ਦੇਰ ਲਈ ਇੱਦਾਂ ਗਏ। ਫਿਰ ਟਾਹਣੀ ਟੁੱਟਦੀ ਸੁਣ ਗਈ। ਦੋਵੇਂ ਉਥੇ ਹੀ ਠਰ ਗਏ। ਕੋਈ ਸੀ ਗਾ। ਪਰ ਕੌਣ?

ਦਰੱਖ਼ਤਾਂ ਦੇ ਸਾਇਆਂ ਵਿਚੋਂ ਦੋ ਤਿੱਖੀਆਂ ਤੇਜ ਸੰਤਰਿਆਂ ਅੱਖਾਂ ਚਮਕੀਆਂ। ਅਲਫੋਂਸੋ ਘੁੰਮ ਗਿਆ। ਬਹੁਤ ਤੇਜ਼ ਦੌੜਿਆ। ਰਾਣੇ ਨੇ ਰਿੱਛ ਨੂੰ ਕਸ ਕੇ ਫੜਿਆ। ਇਹਦੇ ਪਿੱਛੇ ਕੋਈ ਚੀਜ਼ ਚੁੜੇਲ ਵਾਂਗੂੰ ਚੀਕੀ। ਹਾਰ ਕੇ ਖੁੱਲ੍ਹੇ ਥਾਂ ਪਹੁੰਚੇ। ਇੱਥੇ ਰੁੱਖ ਬਹੁਤ ਗੂੜੇ ਗਾੜ੍ਹੇ ਸਨ। ਰਾਣੇ ਨੂੰ ਇੱਦਾਂ ਲੱਗਿਆ ਜਿੱਦਾਂ ਜਾਣ ਕੇ ਦਰੱਖ਼ਤਾਂ ਨੇ ਰਾਹ ਰੋਕਿਆ ਸੀ। ਅਲਫੋਂਸੋ ਨੇ ਘੁੰਮਿਆ। ਕਦੀ ਨਹੀਂ ਵੈਰੀ ਵੱਲ ਪਿੱਠ ਕਰੀ ਦੀ। ਪਰਛਾਵਾਂ ਵਿਚੋਂ ਸ਼ਿਕਾਰੀ ਬਾਹਰ ਆ ਗਿਆ।

ਬਿੱਲਾ ਸੀ।

ਬਿੱਲੇ ਦੇ ਪਿੱਠ ਉੱਤੇ ਰਾਖਸ਼ ਬੈਠਾ ਸੀ। ਸਵਾਰ ਦੇ ਸੀਸ ਉੱਤੇ ਚਾਂਦੀ ਖ਼ੋਦ ਪਾਈ ਸੀ। ਮੁੱਖ ਦੇ ਉਪਰ ਲੋਹੇ ਦੇ ਡੁੰਮ੍ਹਣ ਸੀ। ਇਹ ਵੱਧਰੀਆਂ ਦੇ ਪਿੱਛੇ ਲਾਲ ਲਾਲ ਅੱਖਾਂ ਚਮਕਣ। ਬਾਂਹਾਂ ਉੱਤੇ ਲੜੀਆਂ ਸਨ। ਹਿੱਕ ਉੱਤੇ ਸੰਜੋਅ ਸੀ। ਹੱਥ ਵਿਚ ਬਰਛਾ ਸੀ ਜਿਸਨੂੰ ਇਹਨਾਂ ਵੱਲ ਸੈਨਤ ਸੀ। ਰਾਖਸ਼ ਦਾ ਚਿਹਰਾ ਹਨੇਰੇ ਵਿਚ ਸੀ। ਰਾਖਸ਼ ਇਕ ਸਫ਼ੈਦ ਡੱਬਿਆਂ ਵਾਲੇ ਚੀਤੇ ਉੱਤੇ ਬੈਠਾ ਸੀ। ਨਾਸਾਂ ਵਿਚੋਂ ਜੋੜ ਦੇਣੀ ਸਾਹ ਆਉਂਦਾ ਸੀ। ਅੱਖਾਂ ਅਗਨੀਆਂ ਸਨ। ਦੰਦੀਆਂ ਚਿੜਾਉਂਦਾ ਸੀ। ਕਈ ਤਿੱਖੇ ਦੰਦ ਸਨ। ਜੀਭ ਬਾਹਰ ਰੀਂਗ ਕੇ ਚਲਦੀ ਸੀ। ਪੂਛ ਵੀ ਆਮ ਬਿੱਲਿਆਂ ਤੋਂ ਅਲੱਗ ਸੀ। ਕਿਰਲੀ ਦੀ ਪੂਛ ਵਾਂਗ ਸੀ। ਸੱਪ ਵਾਂਗੂੰ ਇਧਰ ਉਧਰ ਹਿੱਲੇ। ਰਾਣੇ ਦੀਆਂ ਘਸਿਆਂ ਪਿਟਿਆਂ ਡਰ ਨਾਲ ਖੜ੍ਹ ਗਈਆਂ। ਸਵਾਰ ਨੇ ਬਿੱਲੇ ਦੀਆਂ ਵਾਂਗਾਂ ਖਿੱਚੀਆਂ।

ਇਹ ਸਭ ਇਕ ਪਲ ਵਿਚ ਹੋਇਆ। ਅਗਲੀ ਪਲ ਵਿਚ ਭਾਲੂ ਨੇ ਉਡਾਰੀ ਮਾਰੀ ਨਾਲੇ ਉਸ ਹੀ ਵਕਤ ਚੀਤੇ ਨੇ। ਜਦ ਧਰਤੀ ਉੱਤੇ ਅਲਫੋਂਸੋ ਖਲੋਤਿਆ ਬਾਂਹ ਰੱਤ ਰੋਂਦੀ ਸੀ। ਜਦ ਫਿਰ ਵੀਰ ਟਕਰੇ ਹੋਰ ਲਹੂ ਡੁੱਲ੍ਹਿਆ। ਠਾਹ ਕਰਕੇ ਵੱਜੇ। ਰਾਣਾ ਰਿੱਛ ਉਪਰੋਂ ਡਿੱਗ ਗਿਆ। ਨਜ਼ਰ ਧੁੰਦਲ ਗਈ। ਦੋ ਚਿੱਟਿਆਂ ਸੂਰਤਾਂ ਲੜਦੀਆਂ ਸੀ। ਪਰ ਜੋਰ ਨਾਲ ਰਾਣੇ ਦਾ ਸਿਰ ਧਰਤੀ ਨੂੰ ਵੱਜਿਆ। ਰਾਣਾ ਬੇਹੋਸ਼ ਹੋ ਗਿਆ। ਨੀਂਦ ਚੁੱਕ ਕੇ ਨਸ ਗਈ। ਪਰ ਕਿੱਥੇ?

## *ਤਿੰਨ*

ਜਦ ਰਾਣੇ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਐਸਤਾਰਫੀਨੀਆ ਵਿਚ ਨਹੀਂ ਸੀ। ਪਰ ਉਸ ਹੀ ਫ਼ਰਸ਼ ਉੱਤੇ ਸੀ। ਬੁੱਲ੍ਹਾਂ ਵਿਚੋਂ ਖ਼ੂਨ ਚੋਂਦਾ ਸੀ। ਜੂੜਾ ਸਿਰ ਦੇ ਪਾਸੇ ਢਿੱਲਾ ਹੋਇਆ ਪਿਆ ਸੀ। ਵਾਲ ਖਿਲਰੇ ਹੋਏ ਸਨ। ਸੋ ਦੋ ਤਿੰਨ ਦਿਨ ਦੀ ਗੱਲ ਨਹੀਂ ਪਰ ਪਲਾਂ ਦੀ ਸੀ। ਉਪਰ ਬਾਪੂ ਉਘਾਉਂਦਾ ਸੀ।

ਇਹ ਚੱਕਰ ਸੀ।

ਜਿੱਦਾਂ ਕਿਹਾ। ਰਾਣਾ ਆਪਣੇ ਖਿਆਲਾਂ ਵਿਚ ਗੁੰਮ ਜਾਂਦਾ ਸੀ। ਹੁਣ ਇਸ ਨਤੀਜੇ ਉੱਤੇ ਹੀ ਆ ਗਿਆ ਸੀ। ਸਭ ਸੁਫ਼ਨਾ ਸੀ। ਕੀ ਪਤਾ ਆਪਨੂੰ ਇਸ ਹਾਲਤ ਤੋਂ ਦੂਰ ਕਰਨ। ਇਸ ਥਾਂ ਤੋਂ ਫਰਾਰ ਹੋਣ। ਰਾਣੇ ਦੀਆਂ ਅੱਖਾਂ ਵਿਚੋਂ ਹੰਝੂ ਦੌੜੇ। ਕਿਉਂ ਮੈਂ ਵਾਪਸ ਆਉਣਾ ਚਾਹੁੰਦਾ ਸੀ? ਕਿਉਂ?

## *ਚਾਰ*

ਮੌਸਮ ਸ਼ਰਾਬੀ ਸੀ। ਇਕ ਮਿੰਟ ਗੰਦੀ ਰੁੱਤ। ਦੂਸਰੀ ਮਿੰਟ ਖਰਾ। ਇਹ ਹਾਲਤ ਇਸ ਦੇਸ਼ ਵਿਚ ਸੀ। ਇਹ ਹੀ ਹੰਢਿਆ ਵੰਢਿਆ ਹਾਲ ਰਾਣੇ ਦੇ ਮਦਰੱਸੇ ਵਿਚ ਸੀ। ਕੋਈ ਦਿਨ ਰਾਣੇ ਲਈ ਧੁੱਪ ਵਿਚ ਮੀਂਹ ਪੈਂਦਾ ਸੀ। ਮੁੰਡੇ ਦੀ ਆਦਤ ਬਹੁਤ ਬੋਲਣ ਦੀ ਸੀ। ਹੋਰ ਵਿਦਿਆਰਥੀ ਇਸ ਤੋਂ ਥੱਕ ਜਾਂਦੇ ਸੀ। ਇਸ ਲਈ ਇਹ ਗਲਾਧੜ ਦਾ ਮਖ਼ੌਲ ਕਰਨ ਲੱਗ ਜਾਂਦੇ ਸੀ। ਨਿਆਣੇ ਬਹੁਤ ਨਿਰਦਈ ਹੋ ਸਕਦੇ ਹਨ। ਕਿਉਂਕਿ ਰਾਣੇ ਦੀ ਆਦਤ ਸੀ ਗੱਲਾਂ ਬਾਤਾਂ ਕਰਨ ਇਹ ਨੂੰ ਬੇਵਕੂਫ਼ ਸਮਝਦੇ ਸੀ। ਇਸ ਲਈ ਗੰਦੀਆਂ ਗੰਦੀਆਂ ਗਾਲ੍ਹਾਂ ਨਾਲ ਇਹ ਨੂੰ ਲਾਜਵਾਬ ਕਰ ਦਿੰਦੇ ਸੀ। ਭੋਲੇ ਨੂੰ ਵਾਪਸ ਨਹੀਂ ਬੋਲਣਾ ਆਉਂਦਾ ਸੀ। ਬਾਪ ਦੀ ਕੁੱਟ ਨਾਲ ਨਰਮ ਅਤੇ ਕਾਇਰ ਬਣ ਗਿਆ ਸੀ। ਹਿੰਮਤ ਬਹੁਤ ਛੇਤੀ ਹਾਰ ਜਾਂਦਾ ਸੀ। ਆਪਣੇ ਸੁਫ਼ਨਿਆਂ ਵਿਚ ਹੀ ਤੁਰਦਾ ਫਿਰਦਾ ਸੀ। ਪੜ੍ਹਾਈ ਵਿਚ ਵੀ ਸੁਸਤ ਸੀ। ਲੜਾਈ ਵਿਚ ਵੀ। ਜਿਹੜੇ ਤੇਜ਼ ਬੱਚੇ ਸੀ ਉਹ ਇਹਨੂੰ 'ਕੱਸ' ਕਰਦੇ ਸੀ। ਇਹ ਢਿੱਲਾ ਕਰਕੇ ਨਾ ਕੇ ਵਾਪਸ ਬੋਲ ਸਕਿਆ ਨਾ ਕੇ ਡਰਦਾ ਵਾਪਸ ਮਾਰਦਾ ਸੀ। ਚੇਂਜਿੰਗ ਰੂਮਾਂ ਵਿਚ ਇਸ ਦੇ ਲਿੱਸੇ ਪਿੰਡੇ ਵੱਲ ਫਕੜੀ ਪਾ ਕੇ ਹਸਦੇ ਸੀ। ਇਹ ਚੱਕਰ ਸਾਡੇ ਸਕੂਲ ਤੇ ਪੰਜ ਸਾਲਾਂ ਲਈ ਰਿਹਾ।

ਰਾਣੇ ਨੂੰ ਪਰਾਈਵੇਟ ਸਕੂਲ ਵਿਚ ਲਾਇਆ ਕਰਕੇ ਪਿਉ ਨੂੰ ਸਭ ਕਿਤਾਬਾਂ ਖਰੀਦਣੀਆਂ ਪਈਆਂ। ਰਾਣੇ ਨੂੰ ਅੰਗਰੇਜ਼ੀ ਸਾਹਿਤ ਨਾਲ ਤੇਹ ਸੀਗਾ। ਅੰਗਰੇਜ਼ੀ ਕਾਇਮ ਕਰਨ ਲਈ ਸਕੂਲ ਨਾਵਲਾਂ ਦੀਆਂ ਪੜ੍ਹਾਈਆਂ ਨੂੰ ਹੱਲਾਸ਼ੇਰੀ ਦਿੰਦਾ ਸੀ। ਉਹਦੇ ਬਾਪੂ ਨੇ ਹੀ ਇਹ ਕਿਤਾਬਾਂ ਸਕੂਲ ਦੀ ਲਿਸਟ ਤੋਂ ਖਰੀਦੀਆਂ ਸਨ। ਪਰ ਜਦ ਉਹਨੇ ਇਕ ਰਾਤ ਰੰਗੀਨ ਰਾਤ ਰਾਣੇ ਨੂੰ ਨਾਵਲ ਪੜ੍ਹਦੇ ਨੂੰ ਫੜ੍ਹ ਲਿਆ, ਗਾਲ੍ਹਾਂ ਕੱਢੀਆਂ ਅਤੇ ਕੁੱਟਿਆ। ਮੰਨਦਾ ਨਹੀਂ ਸੀ ਕੇ ਸਕੂਲ ਦੀ ਪੜ੍ਹਾਈ ਦੀ ਕਿਤਾਬ ਸੀ। ਤਾਰੇ ਨੂੰ ਪੰਜਾਬੀ ਸਾਹਿਤ ਅਤੇ ਕਲਾ ਨਾਲ ਕੋਈ ਪਿਆਰ ਨਹੀਂ ਸੀ। ਸਿਰਫ਼ ਮਜ਼ਦੂਰੀ



ਸਮਝਦਾ ਸੀ, ਜੋ ਰਾਣੇ ਨੂੰ ਪਸੰਦ ਸੀ ਉਹਦੇ ਵੱਲ ਨੱਕ ਵਟਾਉਂਦਾ ਸੀ। ਇਹ ਨਹੀਂ ਦੇਖਿਆ ਕੇ ਸਕੂਲ ਦੀ ਕਿਤਾਬ ਸੀ, ਨਾ ਕੇ ਰਾਣੇ ਦੇ ਵਚਨ ਸੁਣੇ। ਬਸ ਚਮੜੀ ਲਾਲ ਲਾਲ ਕਰ ਦਿੱਤੀ। ਪਿਉ ਪੁੱਤ ਦਾ ਫ਼ਾਸਲਾ ਵੱਧ ਗਿਆ, ਪਰ ਇਹ ਤਾਂ ਸਭ ਸਾਨੂੰ ਪਤਾ ਹੈ।

ਰਾਣੇ ਨੂੰ ਸੁਝਿਆ ਨਹੀਂ ਕੇ ਜੇ ਸਕੂਲ ਪੜ੍ਹਾਈ ਲਿਖਾਈ ਵਿਚ ਤੇਜ਼ ਹੋਵੇ ਤਾਂ ਬਾਪ ਨੇ ਖ਼ੁਸ਼ ਰਹਿਣਾ ਸੀ। ਮੁੰਡਾ ਹਮੇਸ਼ਾਂ ਕਲਾਸ ਵਿਚ ਪਿੱਛੇ ਆਉਂਦਾ ਸੀ। ਪਰ ਪਿਉ ਨੂੰ ਵੀ ਨਹੀਂ ਪਤਾ ਸੀ ਕੇ ਇਹਨੂੰ ਪੜ੍ਹਾਉਂਣ ਕੇ ਕੰਮ ਕਰਵਾਉਂਣਾ ਚਾਹੁੰਦਾ ਸੀ। ਇਸ ਲਈ ਮੁੰਡੇ ਨੂੰ ਪਤਾ ਨਹੀਂ ਸੀ ਕਿਹੜੇ ਰਾਹ ਜੀਵਨ ਵਿਚ ਜਾਣ। 'ਕਲੀ ਸਾਹਿਤ ਉੱਤੇ ਸ਼ਰਾਬੀ ਹੁੰਦਾ ਸੀ। ਮਾਂ ਵਾਂਗੂੰ ਚਿੱਤਰਕਾਰੀ ਵਿਚ ਵੀ ਚੰਗਾ ਸੀ। ਗ਼ਲਤ ਟੋਲੇ ਵਿਚ ਸ਼ਾਮਲ ਹੋ ਗਿਆ।

ਰਾਣਾ ਤਿੰਨ ਮਾੜੇ ਮੁੰਡਿਆਂ ਵਿਚ ਸ਼ਾਮਲ ਹੋ ਗਿਆ। ਕੁਝ ਸੀਗੇ। ਦੋਹਾਂ ਨੇ ਤਾਂ ਪੜ੍ਹਾਈ ਵੱਲ ਪਿੱਠ ਦੇ ਦਿੱਤੀ। ਤੀਸਰਾ ਰਾਣੇ ਦੇ ਪੁਰਾਣੇ ਸਕੂਲ 'ਚੋਂ ਸੀ। ਉਹ ਪੜ੍ਹਣ ਲਿਖਣ ਵਿਚ ਹੁਸ਼ਿਆਰ ਸੀ। ਪਰ ਚਲਾਕ ਵੀ ਸੀ। ਉਹ ਦਾ ਨਾਂ ਸਵਰਨ ਸੈਫ਼ੀ ਸੀ। ਉਹ ਰਾਣੇ ਦੇ ਸੜਕ ਉੱਤੇ ਰਹਿੰਦਾ ਸੀ। ਪਿਉ ਉਹਦਾ ਹਮੇਸ਼ਾਂ ਤਾਰੇ ਨੂੰ ਟਿੱਚਰਾਂ ਕਰਦਾ ਸੀ। ਇਸ ਲਈ ਬਾਪੂ ਚਾਹੁੰਦਾ ਸੀ ਕੇ ਰਾਣਾ ਉਹਦੇ ਹਰੇਕ ਚੀਜ਼ ਵਿਚ ਅੱਗੇ ਹੋਵੇ। ਪਰ ਰਾਣਾ ਸਵਰਨ ਵਾਂਗ ਹੁਸ਼ਿਆਰ ਨਹੀਂ ਸੀ। ਸੈਫ਼ੀ ਦੀਆਂ ਗੱਲਾਂ ਵਿਚ ਆ ਕੇ ਤਾਰਾ ਰਾਣੇ ਨੂੰ ਹਮੇਸ਼ਾਂ ਟੋਕਦਾ ਸੀ। ਜਦ ਨਿੱਕੀ ਸਨ ਗ਼ਲਤੀ ਵਿਚ ਸਵਰਨ ਦੀ ਬਾਂਹ ਰਾਣੇ ਨੇ ਤੋੜ ਦਿੱਤੀ ਸੀ। ਸੈਫ਼ੀ ਨੇ ਇਲਜ਼ਾਮ ਰਾਣੇ ਨੂੰ ਦੇ ਦਿੱਤਾ। ਘਰ ਦਾ ਬੂਹਾ ਖੜਾ ਕੇ ਪਛਤਾਵਾ ਮੰਗਿਆ। ਖਿਮਾ ਦੇ ਦਿੱਤਾ ਪਰ ਬਾਪ ਨੇ ਰਾਣੇ ਨੂੰ ਕੁੱਟਿਆ। ਸਵਰਨ ਦੀ ਜੀਭ ਤੇਜ਼ ਸੀ। ਮੈਲੀ ਜੀਭ ਵੀ ਸੀ। ਜਦ ਲੋੜ ਸੀ ਜੀਭ ਦਾ ਮਿੱਠਾ ਵੀ ਸੀ। ਰਾਣੇ ਨੂੰ 'ਕੱਸ' ਕਰਕੇ ਬੇਜ਼ਬਾਨ ਬਣਾ ਦਿੰਦਾ ਸੀ। ਜਦ ਉਸਨੂੰ ਕੁੱਟ ਦੀ ਡਰ ਸੀ ਮੈਲੀ ਜ਼ਬਾਨ ਚਲਾ ਕੇ ਹੋਰਾਂ ਨੂੰ ਹੱਸਾ ਕੇ ਬਚ ਜਾਂਦਾ ਸੀ। ਇਸ ਲਈ ਸਕੂਲ ਦੇ ਨਿਆਣਿਆਂ ਨੂੰ ਪਿਆਰਾ ਸੀ। ਹਮੇਸ਼ਾਂ ਆਪਣੇ ਭਾਲ ਦੀ ਮਾਂ ਵੱਲ ਮੈਲੀ ਜੀਭ ਚਲਾਉਂਦਾ ਸੀ।

ਦੁਨੀਆਂ ਵਿਚ ਇਕ ਤਾਂ ਢੀਠ ਸੀ। ਇਕ ਲੜਾਕਾ ਸੀ। ਲੜਾਕੇ ਮੁੰਡੇ ਦਾ ਨਾਂ ਰਮਨ ਟਾਂਡਾ ਸੀ। ਮੋਟਾ ਸੀ। ਆਖੜੂ ਸੀ। ਜਾਣ ਬੁਝ ਕੇ ਉਸਤਾਦਾਂ ਅਤੇ ਪ੍ਰੀਫ਼ੇਟਾਂ ਨਾਲ ਸਿੰਗ ਮਿਲਾਉਂਦਾ ਸੀ। ਢੀਠ ਦਾ ਨਾਂ ਸੁਰਜੀਤ ਗਿੱਲ ਸੀ। ਰਾਣੇ ਦੇ ਸਕੂਲ ਵਿਚ ਸਭ ਵਿਦਿਆਰਥੀਆਂ ਨੂੰ ਸਰਨੇਮ ਨਾਲ ਬੁਲਾਉਂਦੇ ਸੀ। ਕਹਿਣ ਦਾ ਮਤਲਬ ਉਨਾਮ ਵਰਤਦੇ ਸੀ। ਜਦ ਵੀ ਇੱਲਤਾਂ ਕਰਦੇ ਸਨ, ਚਾਰ ਹੀ ਨਜ਼ਰਬੰਦੀ ਵਿਚ ਪਹੁੰਚ ਜਾਂਦੇ ਸੀ। ਜਦ ਹੋਰ ਬੱਚੇ ਘਰ ਚੱਲੇ ਜਾਂਦੇ ਸੀ, ਇਹ ਤਿੰਨ ਪ੍ਰੀਫ਼ੇਟਾਂ ਦੇ ਦੇਖਭਾਲ ਹੁੰਦੀ ਸਨ। ਚੁੱਪਚਾਪ ਰਹਿਣ ਦੇ ਥਾਂ ਬੋਲੀ ਜਾਂਦੇ ਸੀ। ਨਿਗਰਾਨੇ ਨੂੰ ਟਿੱਚਰ ਕਰਦੇ ਸੀ। ਹਰੇਕ ਸ਼ਰਾਰਤ ਲਈ ਅੱਧਾ ਘੰਟਾ ਹੋਰ ਪ੍ਰੀਫ਼ੇਟ ਨਜ਼ਰਬੰਦੀ ਨੂੰ ਵਧਾ ਦਿੰਦੇ ਸੀ। ਹਾਰ ਕੇ ਹੈਡਮਾਸਟਰ ਤੱਕ ਗੱਲ ਪਹੁੰਚ ਜਾਂਦੀ ਸੀ। ਪਰਾਈਵੇਟ ਸਕੂਲ ਕਰਕੇ ਹੈਡਮਾਸਟਰ ਤਾਂ ਜੁੱਤੀਆਂ ਮਾਰ ਸਕਦਾ ਸੀ। ਛੇ ਵਾਰੀ ਚਿੱਤੜ ਉੱਤੇ ਜੁੱਤੀਆਂ ਮਾਰਦਾ ਸੀ। ਪਰ ਛਿਤਰਾਲ ਤੋਂ ਵੀ ਡਰਦੇ ਨਹੀਂ ਸੀ। ਇਸ ਤੋਂ ਬਾਅਦ ਸੋਟੀ ਵਜਦੀ ਸੀ। ਪਹਿਲਾ ਪਤਾ ਹੁੰਦਾ ਸੀ ਕੇ ਸੋਟੀ ਵਜਣੀ ਹੈ।

ਇਸ ਲਈ ਦੋ ਤਿੰਨ ਕੱਛੇ ਪਾਕਿ ਸਕੂਲ ਆਉਂਦੇ ਸੀ। ਪਰ ਹੈਡਮਾਸਟਰ ਪਤਲੂਣ ਥੱਲੇ ਕਰਕੇ ਚੇਕ ਕਰ ਲੈਂਦਾ ਸੀ। ਜਿਹੜੇ ਮੁੰਡਿਆਂ ਨੇ ਹੱਥਾਂ ਉਪਰ ਸੰਜੋਐ ਵਾਂਗ ਦੋ ਤਿੰਨ ਤਲੇਵਰ ਪਾਏ ਸਨ। ਉਨ੍ਹਾਂ ਨੂੰ ਵੱਧ ਜੁੱਤੀਆਂ ਪੈਂਦੀਆਂ ਸੀ।

ਰਾਣੇ ਨੂੰ ਆਫਿਸ ਵੜਣ ਤੋਂ ਪਹਿਲਾ ਹੀ ਡਰ ਨਾਲ ਰੋਣਾਂ ਆ ਜਾਂਦਾ ਸੀ। ਪਰ ਉਹ ਤਿੰਨ ਤਾਂ ਹੱਸਦੇ ਹੱਸਦੇ ਜੁੱਤੀਆਂ ਖਾ ਕੇ ਬਾਹਰ ਆਉਂਦੇ ਸੀ। ਇਕ ਵਾਰੀ ਮਾਸਟਰ ਦੇ ਪਹੁੰਚਣ ਤੋਂ ਪਹਿਲਾਂ ਹੀ ਸੁਰਜੀਤ ਅੰਦਰ ਜਾ ਕੇ ਸੋਟੀ ਤੋੜ ਗਿਆ ਸੀ। ਇਹ ਚੱਕਰ ਵਿਚ ਰਾਣਾ ਸ਼ਾਮਲ ਸੀ।

ਹੈਡਮਾਸਟਰ ਇਤਿਹਾਸ ਦੀ ਕਲਾਸ ਪੜ੍ਹਾਉਂਦਾ ਸੀ। ਕਿਉਂਕਿ ਸਕੂਲ ਦਾ ਹੈਡ ਸੀ ਸਭ ਇੰਤਜ਼ਾਮ ਉਸਨੂੰ ਕਰਨੇ ਪਏ। ਇਸ ਲਈ ਹਮੇਸ਼ਾਂ ਕਲਾਸ ਪੜ੍ਹਾਉਣ ਲਈ ਲੇਟ ਸੀ। ਉਹਦੀ ਉਡੀਕ ਵਿਚ ਨਿਆਣੇ ਸ਼ਰਾਰਤਾਂ ਕਰਦੇ ਸੀ। ਰਾਣਾ ਇਹਨਾਂ ਵਿਚ ਸੀ। ਜਦ ਅੰਦਰ ਆਉਂਦਾ ਸੀ ਸਭ ਚੁੱਪਚਾਪ ਹੋ ਜਾਂਦੇ ਸਨ। ਲਿੱਸਾ ਆਦਮੀ ਸੀ। ਨਿਉਲੇ ਵਾਂਗ ਤੁਰਦਾ ਸੀ। ਟੌਹਰ ਰੱਖਦਾ ਸੀ। ਖ਼ਬਰਦਾਰੀ ਵਿਚ ਤੇਜ਼ ਸੀ। ਉਸਦਾ ਕਲਾਸ ਰੂਮ ਵਿਚ ਜਾਸੂਸ ਵੀ ਸੀ। ਸਭ ਤੋਂ ਹੁਸ਼ਿਆਰ ਮੁੰਡਾ 'ਕਿਉਂਕਿ ਇਹ ਸਕੂਲ ਵਿਚ ਕੇਵਲ ਮੁੰਡੇ ਸਨ' ਪਿਛਲੇ ਡੈਸਕ ਉੱਤੇ ਬੈਠਾ ਸੀ। ਸਭ ਤੋਂ ਬੁੱਧੂ ਮੂਹਰਲੇ ਉੱਤੇ। ਰਾਣਾ ਇਹ ਥਾਂ ਦੇ ਨੇੜੇ ਸੀ। ਪਿਛਲੇ ਡੈਸਕ ਦੇ ਬਹਿਣ ਵਾਲਾ ਅਤੇ ਪ੍ਰੀਫ਼ੇਟ ਸੀ। ਉਹ ਹੈਡ ਨੂੰ ਅਰਾਮਬਾ ਦੇ ਦਿੰਦਾ ਸੀ। ਬਸ ਫਿਰ ਜੁੱਤੀਆਂ ਪੈਂਦੀਆਂ ਸੀ। ਇਕ ਵਾਰੀ ਨਿਉਲਾ ਨਿੱਬਾ ਨਿੱਬਾ ਚੱਲ ਕੇ ਆਇਆ। ਅੰਦਰੋਂ ਖੜਕਾ ਆਉਂਦਾ ਸੀ। ਸਵਰਨ ਅਤੇ ਰਾਣਾ ਬਹਿਸ ਕਰਦੇ ਸੀ। ਖਿੱਝ ਵਿਚ ਸਵਰਨ ਨੇ ਰਾਣੇ ਦਾ ਡੈਸਕ ਹਲਾ ਦਿੱਤਾ। ਇਹ ਨੇ ਵੀ ਵਾਪਸ ਉਹਦਾ ਡੈਸਕ ਟੇਡਾ ਕਰ ਦਿੱਤਾ। ਪ੍ਰੀਫ਼ੇਟ ਤੋਂ ਅਧੀਨ ਨਾ ਹੋਏ, ਪਰ ਜਦ ਨਿਉਲਾ ਅੰਦਰ ਆਇਆ ਸਵਰਨ ਹੇਠਾਂ ਡਿੱਗਿਆ ਸੀ। ਉਸ ਦਾ ਡੈਸਕ ਥੱਲੇ ਡਿੱਗਾ ਸੀ। ਨਿਉਲੇ ਨੇ ਸੋਚਿਆ ਕੇ ਰਾਣੇ ਨੇ ਧੱਕਿਆ ਹੋਵੇਗਾ। ਦੋਨਾਂ ਨੂੰ ਜੁੱਤੀਆਂ ਪਈਆਂ। ਹੋਰ ਦਿਨ ਕਲਾਸ ਤੋਂ ਇਨੀ ਅਰਾਟ ਆਉਂਦੀ ਸੀ ਕੇ ਸਾਰਿਆਂ ਨੂੰ ਜੁੱਤੀਆਂ ਪਈਆਂ। ਪ੍ਰੀਫ਼ੇਟ ਨੂੰ ਵੀ। ਸਮਝ ਲੋ ਕੇ ਕਈ ਬੱਚੇ ਇਤਿਹਾਸ ਵਿਚ ਫੇਲ੍ਹ ਸਨ।

ਸਕੂਲ ਦੇ ਦਿਨ ਇਕ ਹੀ ਰੁਟੀਨ ਉੱਤੇ ਬੀਤਦੇ ਸਨ। ਰੋਜ਼ ਰਾਣਾ ਆਪਣੀ ਵਰਦੀ ਪਾ ਕੇ ਬੈਗ ਘੜੀਸ ਕੇ ਬਸ ਫੜ ਕੇ ਸਕੂਲ ਜਾਂਦਾ ਸੀ। ਸਕੂਲ ਦੇ ਸਾਰੇ ਬੱਚੇ ਬਸ ਦੇ ਉਪਰ ਲੈ ਲੈਵੱਲ ਵਿਚ ਬੈਠਦੇ ਸਨ। ਸਾਰਿਆਂ ਪਿਛਲੀਆਂ ਕੁਰਸੀਆਂ ਨੂੰ ਕਾਬੂ ਕਰ ਲੈਂਦੇ ਸੀ। ਚਾਮਲ ਕੇ ਰੌਲਾ ਪਾਉਂਦੇ ਸੀ। ਹੋਰ ਸਵਾਰੀਆਂ ਨੂੰ ਔਖਾ ਕਰਦੇ ਸੀ। ਰਾਹ ਵਿਚ ਇਕ ਹੋਰ ਸਕੂਲ ਆਉਂਦਾ ਸੀ। ਇਸ ਸਕੂਲ ਜਵਾਨ ਲੜਕੀਆਂ ਜਾਂਦੀਆਂ ਸੀ। ਮੁੰਡੇ ਇਹਨਾਂ ਨੂੰ ਸਤਾਉਂਦੇ ਸੀ। ਕੋਈ ਕੋਈ (ਰਮਨ ਉਨ੍ਹਾਂ 'ਚ ਸੀ) ਕੁੜੀਆਂ ਨੂੰ ਪੱਟਣ ਦੀ ਕੋਸ਼ਿਸ਼ ਕਰਦੇ ਸੀ। ਕੋਈ ਕੋਈ ਇਸ ਗੱਲ ਵਿਚ ਕਾਮਯਾਬ ਵੀ ਸੀ। ਰਾਣਾ ਚਾਹੁੰਦਾ ਸੀ ਪਰ ਦਿਲ ਤੋਂ ਪੋਲਾ ਕਰਕੇ ਕੁੜੀਆਂ ਨਾਲ ਗੱਲ ਕਰਨ ਤੋਂ ਡਰਦਾ ਸੀ। ਇਕ ਵਾਰੀ ਰਮਨ, ਸਵਰਨ ਅਤੇ ਸੁਰਜੀਤ ਜਾਣ ਬੁਝ ਕੇ ਆਂਡੇ ਕੁੜੀਆਂ ਵੱਲ ਸੁੱਟਣ ਲੱਗ ਗਏ। ਕੁੜੀਆਂ ਨੇ ਵੀ ਵਾਪਸ ਸੁੱਟੇ। ਸਭ ਡਰਾਈਵਰ ਨੇ ਬਸ ਤੋਂ ਕੱਢ ਦਿੱਤੇ।

ਜਦ ਬਸ ਤੋਂ ਆਮ ਉੱਤਰ ਦੇ ਸੀ ਸਕੂਲ ਦੇ ਖੇਡਣ ਵਾਲੇ ਮੈਦਾਨ ਵਿਚ ਜਾ ਕੇ



ਖੜ ਜਾਂਦੇ ਸੀ। ਘੰਟੀ ਵਜਣ ਤਕ ਗੱਲਾਂ ਬਾਤਾਂ ਕਰਦੇ ਸੀ। ਕਈ ਲੜਦੇ ਸੀ। ਗਰਮੀਆਂ ਵਿਚ ਬੁਲਡਾਗ ਖੇਡਦੇ ਸੀ। ਪੱਤਝੜ ਵਿਚ ਕਾਨਕਰ ਖੇਡਦੇ ਸੀ। ਬੁਨਾਰ ਰੁੱਧਖ ਤੋਂ ਡਿੱਗੇ ਹੋਏਂ ਤਿੱਖੇ ਤਿੱਖੇ ਬੀ ਪੱਤਰ ਵਿਚੋਂ ਬਿਜਾਰਾ ਕੱਢ ਕੇ ਸਿਰਕਿ ਵਿਚ ਪੱਕੇ ਅਤੇ ਸਖ਼ਤ ਕਰਦੇ ਸੀ। ਕਿਉਂਕਿ ਇਹ ਮੋਤੇ ਬਿਜਾਰ ਵਿਚ ਤਸਮੇ ਲੰਘਾ ਕੇ ਨਿੱਕਾ ਜਾਂ ਕੁਤਕੀ ਬਣਾ ਦਿੰਦੇ ਸੀ। ਖੇਡਣ ਵਾਲੇ ਮੈਦਾਨ ਵਿਚ ਇਹਨਾਂ ਨਾਲ ਹੋਰਾਂ ਦੇ ਤੋਰਨ ਦੀ ਕੋਸ਼ਿਸ਼ ਕਰਦੇ ਸੀ। ਜਿਸ ਦੇ ਟੁੱਟ ਗਏ ਉਹ ਮੁਕਾਬਲਾ ਹਾਰ ਜਾਂਦਾ ਸੀ। ਪ੍ਰੀਫ਼ੇਟ ਸਭ ਉੱਤੇ ਅੱਖ ਰੱਖਦੇ ਸੀ। ਜਿਹੜਾ ਬਹੁਤੇ ਭੰਗੇ ਕਰਦਾ ਸੀ ਉਸ ਨੂੰ ਕੰਧ ਨਾਲ ਖਲੋਤਦੇ ਸੀ। ਇਹ ਰਾਣੇ ਅਤੇ ਇਸ ਦੇ ਟੋਲੇ ਨਾਲ ਕਈ ਵਾਰੀ ਹੋਇਆ। ਜਦ ਘੰਟੀ ਵੱਜਦੀ ਸੀ ਸਭ ਨੂੰ ਆਪਣੇ ਆਪ ਦੀ ਕਲਾਸਾਂ ਦੀਆਂ ਲਾਈਨਾਂ ਵਿਚ ਖੜਣਾ ਪੈਂਦਾ ਸੀ।

ਪ੍ਰੀਫ਼ੇਟ ਨਿਆਣਿਆਂ ਦੇ ਨਾਂ ਬਾਂਗ ਦਿੰਦੇ ਸੀ। ਇਸ ਤੋਂ ਬਾਅਦ ਸਭ ਆਪਣਿਆਂ ਕਲਾਸਾਂ ਵਿਚ ਚੱਲੇ ਜਾਂਦੇ ਸੀ। ਦਿਨ ਦੇ ਵਿਚ ਆਮ ਚਾਰ ਸੰਥੇ ਸਨ। ਨਿਉਲੇ ਤੋਂ ਤਾਂ ਡਰਦੇ ਸੀ। ਪਰ ਦੂਸਰੇ ਮਾਸਟਰਾਂ ਤੋਂ ਨਹੀਂ। ਇਕ ਲੋਲੜ ਬੁੱਢਾ ਭਗੋਲ ਸਿਖਾਉਂਦਾ ਸੀ। ਜਦ ਹਸਦਾ ਸੀ ਮਸ਼ੀਨਗਨ ਵਾਂਗੂੰ ਆਵਾਜ਼ ਦਿੰਦਾ ਸੀ। ਨਿਆਣਿਆਂ ਨੂੰ ਇਸ 'ਤੇ ਹਾਸੇ ਆਉਂਦੇ ਸੀ। ਜਾਣ ਬੁੱਝ ਕੇ ਜਿੱਧਰ ਵੇਖਦਾ ਸੀ ਉਹ ਪਾਸੇ ਬੈਠੇ ਬੱਚੇ ਡੈਸਕ ਥੱਲੇ ਲੁੱਕ ਜਾਂਦੇ ਸੀ। ਇਹ ਮਸ਼ਕਰੀ ਤਾਂ ਸੀ ਕਿਉਂਕਿ ਪ੍ਰੀਟੈਂਡ ਕਰਦੇ ਸੀ ਕੇ ਗੋਲੀਆਂ ਉਸ ਦੇ ਮੂੰਹ ਵਿਚੋਂ ਨਿਕਲਦੀਆਂ ਸੀ ਅਤੇ ਇਹ ਗੋਲੀਆਂ ਤੋਂ ਲੁਕਦੇ ਸੀ। ਮਾਸਟਰ ਦਾ ਫ਼ਿਊਜ਼ ਫ਼ਿਊਰੀ ਨਾਲ ਫਟ ਜਾਂਦਾ ਸੀ। ਕਹਿਣ ਦਾ ਮਤਲਬ ਜੋਸ਼ ਦੀ ਤੀਬਰਤਾ ਚੜ੍ਹ ਜਾਂਦੀ ਸੀ। ਇਕ ਦੋ ਦੇ ਜੁੱਤੇ ਲਾ ਦਿੰਦਾ ਸੀ। ਰਾਣਾ ਇਹਨਾਂ ਦੇ ਗਿਣਤੀ ਵਿਚ ਹੁੰਦਾ ਸੀ। ਇਹ ਮਾਸਟਰ ਨੂੰ ਤੋਪਚੀ ਆਖਦੇ ਸੀ।

ਸਾਇੰਸ ਦਾ ਮਾਸਟਰ ਦੇਸੀ ਸੀ। ਨਿਆਣਿਆਂ ਦੇ ਅੱਖਾਂ ਵਿਚ ਫ੍ਰੇਸ਼ੀ ਸੀ ਕਿਉਂਕਿ ਗੁਜਰਾਤੀ ਆਦਮੀ ਸੀ। ਜਦ ਵੀ ਅੰਗਰੇਜ਼ੀ ਬੋਲਦਾ ਸੀ ਉਸ ਦੇ ਬੋਲਣ ਦੇ ਢੰਗ ਵੱਲ ਹਸਦੇ ਸੀ। ਉਹ ਬੱਚੇ ਜਾਂਦੇ ਦੇਸੀ ਸੀ। ਪਰ ਇੰਗਲੈਂਡ ਵਿਚ ਪੈਦਾ ਹੋਏ ਕਰਕੇ ਦੇਸੀ ਚੀਜ਼ਾਂ, ਦੇਸੀ ਰੀਤ ਰਸਮ ਬਿਲਕੁਲ ਓਪਰੇ ਲੱਗਦੇ ਸੀ। ਕੋਈ ਕੋਈ ਪੰਜਾਬੀ ਗੁਜਰਾਤੀ ਬੋਲ ਲੈਂਦਾ ਸੀ। ਕਈਆਂ ਨੂੰ ਚਾਹ ਸੀ ਹਿੰਦੀ ਫ਼ਿਲਮਾਂ ਦੇਖਣ। ਪਰ ਵੱਧ ਮੁੰਡਿਆਂ ਨੂੰ ਤਾਂ ਸ਼ਰਮ ਆਉਂਦੀ ਸੀ। ਉਨ੍ਹਾਂ ਲਈ ਇਹ ਬਿਗਾਨੀ ਕਲਚਰ ਸੀ। ਇਸ ਲਈ ਰਮਨ, ਸਵਰਨ ਅਤੇ ਸੁਰਜੀਤ ਵਰਗੇ ਸਾਇੰਸਦਾਨ ਮਾਸਟਰ ਦਾ ਮਖ਼ੌਲ ਕਰਦੇ ਸੀ। ਜਾਣ ਕੇ ਅਸ਼ਲੀਲ ਲਿਖਤ ਤਸਵੀਰਾਂ ਕਲਾਸ ਵਿਚ ਲਿਆ ਕੇ ਸਾਇੰਸ ਲੈਬ ਵਿਚ ਰੱਖਦੇ ਸੀ। ਪੱਟੇਲ ਟੋਕਦਾ ਸੀ ਪਰ ਉਹ ਕੇਵਲ ਹਸਦੇ ਸੀ।

- ਮੌਡਲਾਂ ਤੋਂ ਪਰੇ ਰਿਉਂ- ਉਹ ਕਹਿੰਦਾ ਸੀ।

ਇਹ ਸੁਣ ਕੇ ਸਭ ਹਸਦੇ ਸੀ। ਜਦ ਚਾਰ ਵਜ ਜਾਂਦੇ ਸੀ ਸਭ ਘਰ ਚੱਲੇ ਜਾਂਦੇ ਸੀ। ਕੇਵਲ ਬੁੱਧਵਾਰ ਲੇਟ ਰਹਿੰਦੇ ਸੀ। ਕਿਉਂਕਿ ਇਸ ਦਿਨ ਖੇਡਾਂ ਹੁੰਦੀਆਂ ਸਨ।

ਇਕ ਬ੍ਰੇਕ ਟਾਇਮ ਸਵਰਨ ਅਤੇ ਰਾਣੇ ਦਾ ਝਗੜਾ ਹੋਇਆ ਸੀ। ਸਵਰਨ ਨੇ ਰਾਣੇ ਦੇ ਸਿਰ ਨੂੰ ਟੌਇਲਟ ਵਿਚ ਪਾਉਂਦੀ ਕੋਸ਼ਿਸ਼ ਕੀਤੀ। ਇਹ ਅੰਗਰੇਜ਼ੀ ਸਕੂਲਾਂ ਦਾ ਰਿਵਾਜ਼ ਸੀ। ਕਿਸਮਤ ਨਾਲ ਪ੍ਰੀਫ਼ੇਟ ਅੰਦਰ ਆ ਗਿਆ ਸੀ। ਦੋਨਾਂ ਨੂੰ ਦਬਕੇ ਮਾਰਕੇ

ਬਾਹਰ ਭੇਜ ਤਾਂ ਸੀ। ਇਸ ਤੋਂ ਬਾਅਦ ਕਈਂ ਵਾਰੀ ਦੋਨਾਂ ਵਿਚ ਫੜਕ ਪੈ ਗਿਆ। ਰਾਣੇ ਤੋਂ ਸਵਰਨ ਤਕੜਾ ਵੀ ਸੀ ਨਾਲੇ ਸਭ ਦੇ ਸਾਹਮਣੇ ਕੱਸ ਕਰਕੇ ਚੁਪ ਕਰਾ ਦਿੰਦਾ ਸੀ।

ਰਾਣਾ ਕਮਜ਼ੋਰ ਸੀ ਅਤੇ ਪੜ੍ਹਾਈ ਵਿਚ ਸੁਸਤ। ਨਾਲੇ 'ਕੂਲ ਸੇਟ' ਵਿਚ ਸ਼ਾਮਲ ਸੀ ਨਾਲੇ ਚਾਂਜਿਆਂ ਦੇ ਟੋਲੇ ਵਿਚ। ਤੇਜ਼ ਅਤੇ ਗੰਦੀ ਜ਼ੁਬਾਨ ਇਹਦੇ ਕੋਲ ਨਹੀਂ ਸੀ। ਚੰਗੇ ਖਿਡਾਰੀ ਵਾਲੇ ਗੁਣ ਵੀ ਨਹੀਂ ਸੀ। ਇਸ ਲਈ ਬੁੱਧਵਾਰ ਵਾਲੀਆਂ ਖੇਡਾਂ ਵਿਚੋਂ ਕਈ ਕਈ ਵਾਰੀ ਨਿਕਲਣ ਦੀ ਕੋਸ਼ਿਸ਼ ਕਰਦਾ ਸੀ। ਸਿਰਫ਼ ਇਕ ਰਾਹ ਸੀ ਨਿਕਲਣ ਲਈ। ਨਿਉਲੇ ਨੂੰ ਮਾਂ-ਪਿਉਂ ਤੋਂ ਖਤ ਚਾਹੀਦਾ ਸੀ ਜਿਸ ਵਿਚ ਚੰਗਾ ਬਹਾਨਾ ਸੀ। ਕੋਈ ਡਾਕਟਰ ਦੀ ਤੱਕਰੀਰ। ਨਹੀਂ ਤਾਂ ਕੋਈ ਦੰਦਸਾਜ਼ੀ ਨਾਲ। ਮਾਂ-ਪਿਉਂ ਪੰਜਾਬ ਤੋਂ ਸੀ। ਉਨ੍ਹਾਂ ਦੀ ਅੰਗਰੇਜ਼ੀ ਲਿਖਾਈ ਬਹੁਤ ਸੌਖੀ ਸੀ ਜਾਲਸਾਜ਼ੀ ਕਰਨ। ਜਾਲਸਾਜ਼ੀ ਦੀਆਂ ਚਿੱਠੀਆਂ ਖੁਦ ਲਿਖ ਕੇ ਮਾਸਟਰ ਨੂੰ ਫੜਾ ਦਿੰਦਾ ਸੀ। ਇਸ ਦੇ ਕਾਰਨ? ਰਗਬੀ ਕ੍ਰਿਕਟ ਅਤੇ ਫੁੱਟਬਾਲ। ਗੋਰੇ ਵੀ ਪੁਠੇ ਐ! ਜਦ ਸਿਆਲ ਆਉਂਦੀ ਸੀ ਠੰਢ ਵਿਚ ਕੱਛੇ ਬਨੈਣਾਂ ਪਾ ਕੇ ਥੱਕੱਢੀ ਮੀਂਹ ਵਿਚ ਫੁੱਟਬਾਲ ਅਤੇ ਰਗਬੀ ਖੇਡਦੇ ਸੀ। ਜਦ ਗਰਮੀ ਵਿਚ ਪਸੀਨੇ ਨਾਲ ਮਾਰਦੇ ਸੀ ਸਭ ਨੂੰ ਕ੍ਰਿਕਟ ਲਈ ਭਾਰੀਆਂ ਉੱਨ ਦੀਆਂ ਕੋਟੀਆਂ ਪਾਉਣੀਆਂ ਪੈਂਦੀਆਂ ਸੀ। ਰਾਣਾ ਇਹ ਖੇਡਾਂ ਵਿਚ ਕਮਜ਼ੋਰ ਸੀ। ਜਦ ਟੀਮ ਕਪਤਾਨਾਂ ਮੁੰਡਿਆਂ 'ਚੋਂ ਆਪਣੇ ਟੀਮ ਸਾਥੀ ਚੁਣਨ ਚਾਹੁੰਦੇ ਸੀ ਇਹ ਉਹ ਮੁੰਡਾ ਸੀ ਜਿਹੜਾ ਖੜਾ ਰਹਿ ਜਾਂਦਾ ਸੀ। ਇਸ ਲਈ ਨੰਬਰ ਬਣਾਉਣ ਲਈ ਸ਼ਾਮਲ ਕਰਨਾ ਪੈਂਦਾ ਸੀ। ਇਹ ਗੱਲ ਨੇ ਹੋਰ ਮਨ ਨੂੰ ਚੁਭਾਇਆ। ਫੁੱਟਬਾਲ ਵਿਚ ਅਗਲੇ ਖੇਡਾਰੀ ਸੈਕਸੀ ਸੀ। ਪਰ ਇਹ ਨੂੰ ਹਮੇਸ਼ਾਂ ਡੀਫੈਂਸ ਵਿਚ ਰੱਖਦੇ ਸੀ। ਇਸ ਦਾ ਮਤਲਬ ਸੀ ਜਿਹੜੀ ਡੀਪੈਂਸ ਬਕਸੇ ਵਿਚ ਸਾਰਾ ਮੈਚ ਬੀਤ ਜਾਂਦਾ ਸੀ। ਕਿਉਂਕਿ ਰਾਣੇ ਦੀ ਕਿਸਮਤ ਨਾਲ ਗੇਂਦ ਹਮੇਸ਼ਾਂ ਦੂਸਰੇ ਪਾਸੇ ਰਹਿੰਦਾ ਸੀ। ਗੋਲੀ ਵੀ ਕਮਜ਼ੋਰ ਖਿਡਾਰੀ ਨੂੰ ਮਿਲਦਾ ਸੀ। ਆਪਸ ਵਿਚ ਗੱਪਛੱਪ ਮਾਰਨ ਲੱਗ ਜਾਂਦੇ ਸੀ। ਜੇ ਬੋਲ ਆਉਂਦੀ ਵੀ ਸੀ ਟੈਕਲ ਕਰਨ ਤੋਂ ਡਰ ਜਾਂਦੇ ਸੀ। ਰਾਣੇ ਨੂੰ ਗਿੱਟਿਆਂ ਵਿਚ ਹੋਰਾਂ ਦੇ ਪੈਰ ਵਜਦੇ ਪਸੰਦ ਨਹੀਂ ਸੀ। ਕਈ ਕਈ ਵਾਰੀ ਸਵਰਨ ਨਾਲ ਖੜ੍ਹਿਆਂ ਰਹਿ ਜਾਂਦਾ ਸੀ। ਫਿਰ ਉਸ ਦੀ ਜ਼ੁਬਾਨ ਬਰਦਾਸ਼ਤ ਕਰਨੀ ਪੈਂਦੀ ਸੀ।

ਫਿਰ ਰਗਬੀ ਵੀ ਸੀ! ਆਂਗਲ ਸੈਕਸਨ ਦੀ ਪਾਗ਼ਲ ਖੇਡ। ਈਸਾਈ ਦੀ ਵਾਹ! ਰਾਣੇ ਨੂੰ ਤਾਂ ਝੋਟਿਆਂ ਦੀ ਖੇਡ ਲੱਗਦੀ ਸੀ। ਖੈਰ ਖੇਡ ਨਹੀਂ ਪਰ ਪੰਦਰਾਂ ਮਾਲੀ ਮੁਰਗਈਆਂ ਦੀ ਜੰਗ! ਕਬੱਡੀ ਅਤੇ ਫੁੱਟਬਾਲ ਦਾ ਮੇਲ ਸੀ। ਅਗਲੇ ਸਾਲਾਂ ਵਿਚ ਰਾਣੇ ਨੂੰ ਇਸ ਖੇਡ ਨਾਲ ਬਹੁਤ ਪ੍ਰੀਤ ਹੋ ਜਾਣੀ ਸੀ। ਪਰ ਇਸ ਵੇਲੇ ਲਿੱਸਾ ਮੁੰਡਾ ਸੀ। ਰਾਣੇ ਨੂੰ ਕਾਫੀ ਟਾਇਮ ਲੱਗਿਆਂ ਖੇਡ ਦੇ ਰਹਿਤ ਸਮਝਣ।

ਪੰਦਰਾਂ ਖਿਡਾਰੀ ਸੀ। ਅੱਠ ਅੱਗੇ ਸੱਤ ਪਿੱਛੇ। ਅੱਗੇਲਿਆਂ ਦਾ ਕੰਮ ਸੀ ਬਾਂਹਾਂ ਮੋਢੇ ਜੋੜ ਦੇ ਦੂਸਰੀ ਟੀਮ ਨਾਲ ਚੁੰਬਰ ਜਾਂਦੇ ਸੀ। ਜੋੜ ਲਾ ਕੇ ਅੱਠ ਹੀ ਅੱਠਾਂ ਨੂੰ ਧੱਕਣ ਦੀ ਕੋਸ਼ਿਸ਼ ਕਰਦੇ ਸੀ। ਖਿੱਚੋਤਾਣ ਕਰਦੇ ਸੀ। ਗੇਂਦ ਆਂਡਾ ਰੂਪ ਵਿਚ ਸੀ। ਦੋਵੇਂ ਟੀਮਾਂ ਕੋਲ ਨੰਬਰ ਨੌਂ ਕਮੀਜ਼ ਵਾਲਾ ਸੀ ਜਿਸ ਨੂੰ ਹੱਥੋਪਾਈ ਅੱਧ ਸਾਦੇ। ਇਹਦਾ ਕੰਮ ਸੀ ਦੋਨਾਂ ਟੀਮਾਂ ਦੇ ਵਿਚਾਲੇ ਗੇਂਦ ਰੱਖਣ। ਜਿਨਾ ਚਿਰ ਕਿਸੇ ਨੇ ਪੈਰ ਮਾਰਕੇ ਬੋਲ ਨੂੰ ਖਿੱਚੋਤਾਣ ਵਿਚੋਂ ਕੱਢਿਆਂ ਨਹੀਂ ਜੋਸ਼ ਨਾਲ ਵਿਰੋਧੀਆਂ ਨੂੰ ਧੱਕ ਧੱਕ ਕੇ ਗੇਂਦ ਨੂੰ ਆਪਾਜ਼ਿਸ਼ਾਨ ਦੀ



ਲਾਇਨ ਵੱਲ ਤੁਰ ਸਕਦੇ ਸੀ। ਰਗਬੀ ਦਾ ਮਕਸਦ ਗੇਂਦ ਨੂੰ ਵਿਰੋਧ ਦੀ ਲਾਇਨ ਦੇ ਦੂਸਰੇ ਪਾਸੇ ਰੱਖ ਕੇ ਪੁਆਇੰਟ ਲੈਣ ਦਾ ਸੀ। ਇਹ ਨੂੰ ਟ੍ਰਆਏ ਆਖਦੇ ਸੀ। ਦੂਰੋਂ ਲੱਗੇ ਜਿਵੇਂ ਕੋਈ ਮਖੜਾ ਇਨਸਾਨਾਂ ਦਾ ਬਣਾਇਆ ਸੀ। ਇਹ ਚੱਕਰ ਵਿਚ ਦੋਵੇਂ ਪਾਸੇ ਆਪਣੇ ਸਿੰਗ ਮਿਲਾ ਕੇ ਜੋਰ ਨਾਲ ਧੱਕਦੇ ਸੀ। ਜਿੰਨਾ ਜੋਰ ਨਾਲ ਧੱਕਦੇ ਸੀ ਉਨ੍ਹਾਂ ਫ਼ਾਸਲਾ ਘਟ ਜਾਂਦਾ ਸੀ। ਪਿਛਲੇ ਸਤਾਂ ਦਾ ਕੰਮ ਸੀ ਗੇਂਦ ਨੂੰ ਹੱਥਾਂ ਵਿਚ ਫੜ ਕੇ ਲਾਇਨ ਲੰਘ ਕੇ ਟ੍ਰਆਏ ਮਾਰਨ। ਜਦ ਮੌਕਾ ਮਿਲਦਾ ਸੀ ਮਖੜਾ ਦੇ ਖਿਡਾਰੀ ਪੈਰ ਨਾਲ ਪਿੱਛੇ ਮਾਰਕੇ ਬੋਲ ਹੱਥੋਪਾਈ ਅੱਧ ਵੱਲ ਕੱਢ ਦਿੰਦੇ ਸੀ। ਇਹ ਫਿਰ ਪਿਛਲਿਆਂ ਵੱਲ ਗੇਂਦ ਸੁੱਟ ਦਿੰਦਾ ਸੀ। ਗੇਂਦ ਕੇਵਲ ਪਿੱਛੇ ਭੇਜ ਸਕਦੇ ਸੀ। ਅੱਗੇ ਨਹੀਂ। ਜਦ ਖਿੱਚੋਤਾਣ ਤੋਂ ਬਾਹਰ ਗੇਂਦ ਸੀ ਵਿਰੋਧੀ ਗੇਂਦ ਫੜਣ ਵਾਲੇ ਨੂੰ ਘੁਲ ਕੇ ਥੱਲੇ ਕਰ ਸਕਦਾ ਸੀ। ਜਿਹੜਾ ਖਿਡਾਰੀ ਪੈਰ ਨਾਲ ਗੇਂਦ ਪਿੱਛੇ ਭੇਜ ਦਾ ਸੀ ਉਹਨੂੰ ਖੋਹਾਬਾਜ਼ੀ ਸੱਦਦੇ ਸੀ। ਜੇ ਆਖੜੇ ਬੰਦੇ ਤੱਕ ਗੇਂਦ ਭੇਜ ਜਾਂਦੀ ਹੈ ਸਮਝੋਂ ਕੇ ਖੰਭਹਵਾਈ ਕੋਲ ਆ ਗਈ। ਖੰਭਹਵਾਈ ਸਭ ਤੋਂ ਤੇਜ਼ ਦੌੜਣ ਵਿਚ ਸੀ। ਟ੍ਰਆਏ ਜਿੱਤਣ ਵਾਲੇ ਨੂੰ ਗੋਲ ਕਰਨ ਦਾ ਮੌਕਾ ਮਿਲਦਾ ਸੀ। ਹੁਣ ਸੋਚੋ ਇੰਨੀ ਜੋਸ਼ ਜਾਣ ਵਾਲੀ ਖੇਡ ਵਿਚ ਰਾਣਾ ਕੀ ਕਰ ਸਕਦਾ? ਖੰਭਹਵਾਈ ਤਾਂ ਬਹੁਤ ਤੇਜ਼ ਹੈ। ਹੱਥੋਪਾਈ ਅੱਧ ਤਿੱਖਾ ਹੈ। ਖਿੱਚੋਤਾਣ ਵਿਚ ਖੇਡਣ ਵਾਲੇ ਹੱਟੇ ਕੱਟੇ ਹਨ। ਅੰਦਾਜ਼ਾ ਹੈ? ਜਵਾਬ ਹੈ ਖੰਭਹਵਾਈ। ਕਿਉਂਕਿ ਆਲ਼ੇ-ਦੁਆਲ਼ੇ ਰਾਖੀ ਰੱਖਣ ਵਾਲੇ ਭਲਵਾਨ ਹਨ। ਪਰ ਇਸ ਕਰਕੇ ਸੋਜ ਸੱਟਾਂ ਰਾਣੇ ਨੂੰ ਬਹੁਤ ਪਈਆਂ। ਇਸ ਲਈ ਰਗਬੀ ਤੋਂ ਬੱਚਣ ਖਤ ਜਾਲਸਾਜ਼ੀ ਕੀਤਾ।

ਕ੍ਰਿਕਟ ਦੀ ਗੱਲ ਤਾਂ ਸਾਫ਼ ਸੀ। ਜਦ ਬੱਲੇਬਾਜ਼ ਕੋਈ ਜਾਂਦਾ ਸੀ ਇਕਦਮ ਆਊਟ ਹੋ ਜਾਂਦਾ ਸੀ। ਗੇਂਦ ਤਾਂ ਮਾਰਨਾ ਨਹੀਂ ਆਉਂਦਾ ਸੀ। ਫ਼ੀਲਡਿੰਗ ਬੋਰਿੰਗ ਸੀ। ਕਹਿ ਸਕਦੇ ਹੋ ਕੇ ਇਹ ਹੀ ਇੰਡੀਅਨ ਸੀ ਜਿਸ ਨੂੰ ਕ੍ਰਿਕਟ ਨਹੀਂ ਖੇਡਣੀ ਆਉਂਦੀ ਸੀ!

ਬਸ ਇੱਦਾਂ ਹੀ ਸਕੂਲ ਦੇ ਦਿਨ ਬੀਤਦੇ ਸੀ।

## *ਪੰਜ*

ਰਾਣੇ ਨੂੰ ਗੁਰੂ ਗੋਬਿੰਦ ਬਹੁਤ ਮਹਾਨ ਲੱਗਦਾ ਸੀ। ਪਰ ਇਸ ਤੋਂ ਛੁਟ ਕੋਈ ਦਿਲਚਸਪੀ ਪੰਜਾਬੀ ਵਿਰਸੇ ਵੱਲ ਨਹੀਂ ਸੀ। ਇਹਦੇ ਦੋ ਕਾਰਨ ਸੀ। ਪਹਿਲੀ ਗੱਲ ਤਾਂ ਮਾਂ-ਪਿਉਂ ਵਲੈਤ ਪੈਸੇ ਬਣਾਉਂਣ ਅਤੇ ਕੁਝ ਹਾਸਲ ਕਰਨ ਆਏ ਸੀ। ਸੰਤਾਲੀ ਦੇ ਚੋਟ ਹਾਲੇ ਤਾਜ਼ੇ ਸੀ। ਸਿੱਖੀ ਵੱਲ ਖਿੱਚ ਪੈਂਦੀ ਸੀ। ਇਸ ਤੋਂ ਛੁਟ ਪੰਜਾਬੀਅਤ ਛੱਡੀ ਸੀ। ਪੈਸੇ ਵੱਲ ਪੂਰਾ ਧਿਆਨ ਸੀ। ਨਿਆਣਿਆਂ ਨੂੰ ਅੱਗੇ ਕਰਨ ਅੰਗਰੇਜ਼ੀ ਪੜ੍ਹਾਈ ਸਿਰਫ਼ ਧੱਕਦੇ ਸੀ। ਦੂਜੀ ਗੱਲ ਨਿਆਣਿਆਂ ਦੇ ਖੁਦ ਖਿਆਲਾਂ ਦੀ ਸੀ। ਕਿਸੇ ਦੇ ਘਰ ਪੰਜਾਬੀ ਬੋਲਣ ਦਾ ਜੀ ਨਹੀਂ ਕਰਦਾ ਸੀ। ਅੱਧਿਆਂ ਨੂੰ ਗੁਰਦੁਆਰਿਆਂ ਨੂੰ ਜਾਣ ਦਾ ਚਿੱਤ ਨਹੀਂ ਕਰਦਾ ਸੀ। ਮਾਂ-ਪਿਉਂ ਦੀਆਂ ਆਦਤਾਂ ਬੇਗਾਨੀਆਂ ਸੀ। ਬੱਚੇ ਅੰਗਰੇਜ਼ੀ ਬੋਲਣਾ ਚਾਹੁੰਦੇ ਸੀ। ਉਨ੍ਹਾਂ ਨੂੰ ਉਸ ਜ਼ਮਾਨੇ ਵਿਚ ਗੋਰਿਆਂ ਤੋਂ ਕਬੂਲੀ ਨਹੀਂ ਮਿਲੀ। ਫਿਰ ਵੀ ਅੰਗਰੇਜ਼ੀ ਖ਼ਿਆਲ ਪਸੰਦ ਸੀ। ਨਾਲੇ ਕਿਉਂ ਨਹੀਂ? ਇੰਗਲੈਂਡ ਦੇ ਜੰਮਪਲ ਸੀ। ਇੰਗਲੈਂਡ

ਦਾ ਪਿੱਛੋਕੜ ਸੀ।

ਰਾਣੇ ਦੇ ਮਨ ਵਿਚ ਇੱਦਾਂ ਸੀ। ਜਦ ਸਕੂਲ ਜਾਵੇ ਸ਼ਰਮ ਆਉਂਦੀ ਸੀ ਨਾਨੀ ਦੀ ਸਲਵਾਰ ਕਮੀਜ਼ ਪਾਈ ਤੋਂ। ਜਦ ਟੀ.ਵੀ. ਉੱਤੇ ਦੇਸੀ ਲੋਕ ਦੇਖਦਾ ਸੀ ਸ਼ਰਮ ਆਉਂਦੀ ਸੀ ਕੇ ਉਨ੍ਹਾਂ ਨੂੰ ਕਿਵੇਂ ਉਲੀਕਣ ਕਰਦੇ ਸੀ। ਜ਼ਾਤ ਪਾਤ ਦੀਆਂ ਗੱਲਾਂ ਅਜੀਬ ਲੱਗਦੀਆਂ ਸੀ। ਇਸ ਵਿਚ ਕਈਂ ਵਾਰੀ ਮਾਂ ਨਾਲ ਬਹਿਸ ਹੁੰਦੀ ਸੀ।

– ਅਸੀਂ ਚੂੜੇ ਚਮਾਰਾਂ ਵੱਲ ਕਿਉਂ ਫਰਕ ਕਰਦੇ?–

– ਕਿਉਂਕਿ ਉਹ ਜੱਟ ਨਹੀਂ– ਵੀਤਾ ਉਤਰ ਦੀ ਸੀ।

– ਪਰ ਸਿੱਖ ਤਾਂ ਹੈ?–

– ਸਾਡੇ ਵਰਗੇ ਨਹੀਂ–

– ਮੈਨੂੰ ਤਾਂ ਜੱਟਾਂ ਦੀਆਂ ਧੀਆਂ ਤੋਂ ਤਰਖਾਣਾਂ ਦੀਆਂ ਕੁੜੀਆਂ ਸੋਹਣੀਆਂ ਲੱਗਦੀਆਂ ਏ–

– ਚੁੱਪ ਹੋ ਜਾ! ਜੱਟ ਨਾਲ ਹੀ ਵਿਆਹ ਕਰ ਸਕਦਾ–

– ਕਿਉਂ? ਸਿੱਖ ਨਹੀਂ? ਨਾਲੇ ਤੁਸੀਂ ਕਹਿੰਦੇ ਐ ਕੇ ਗੁਰੂ ਜੀ ਨੇ ਜ਼ਾਤ ਪਾਤ ਵੱਲ ਪਿੱਠ ਦਿੱਤੀ ਏ?–

– ਸਿੱਖ ਧਰਮ ਹੋਰ ਚੀਜ਼ ਏ। ਕਲਚਰ ਹੋਰ–

– ਏ ਬਕਵਾਸ ਜਵਾਬ ਏ ਮੰਮੀ। ਨ੍ਹੀਂ ਤਾਂ ਸਿੱਖ ਹੈ ਨ੍ਹੀਂ ਤਾਂ ਨਹੀਂ–

– ਤਰਖਾਣਾਂ ਅਤੇ ਜੱਟਾਂ ਦਾ ਬਹੁਤ ਫਰਕ ਹੈ–

– ਅੱਛਾ! ਫਿਰ ਤੁਸੀਂ ਕਹਿੰਦੇ ਹੋ ਕੇ ਮੈਂ ਫਾਰਾਹ ਨਾਲ ਵਿਆਹ ਕਰ ਸਕਦਾ ਏ?–

– ਖਮੋਸ਼! ਅਹੁ ਮੁਸਲਮਾਨੀ ਏ!–

– ਆਹੋ ਪਰ ਜੱਟੀ ਵੀ ਏ! ਜੋ ਮਰਜ਼ੀ ਮਾਂ ਜੀ। ਮੈਂ ਤਾਂ ਗੋਰੀ ਨਾਲ ਵਿਆਹ ਕਰੂ–

– ਗੰਦੀ ਜ਼ੁਬਾਨ ਬੰਦ ਕਰ ਤੇ ਕੰਮ ਕਰ–

– ਤੁਸੀਂ ਸਭ ਖੋਚਰੀ ਹੋਂ– ਕਹਿਕੇ ਤੁਰ ਪਿਆ। ਪਰ ਜੋ ਕਹਿੰਦਾ ਸੀ ਭਵਿੱਖਤ ਦੀ ਆਵਾਜ਼ ਸੀ। ਅੰਨ੍ਹੇ ਮਾਂ ਪਿਉਆਂ ਨੇ ਇਸ ਦਾ ਖ਼ਬਰਦਾਰ ਨਹੀਂ ਕੀਤਾ। ਇਹ ਨਿਆਣਿਆਂ ਦੀ ਪੀੜ੍ਹੀ ਨੇ ਲਹਿਰ ਨੂੰ ਸ਼ੁਰੂ ਕਰਾ ਦਿੱਤਾ, ਜਿਸ ਨਾਲ ਸਿਰਫ਼ ਦਸਾਂ ਸਾਲਾਂ ਵਿਚ ਬਾਗ਼ੀ ਬੱਚਿਆਂ ਅਤੇ ਮੁੰਡਿਆਂ ਨੇ ਆਪਣੀ ਮਰਜ਼ੀ ਕੀਤੀ। ਕਿਉਂ ਨਹੀਂ? ਪੱਛਮੀ ਪਿਛੋਕੜ ਦੇ ਹੈ ਨਾ? ਇਸ ਤੋਂ ਅਗਲੀ ਪੀੜ੍ਹੀ ਇੱਦੋ ਵੀ 'ਗਾਹ ਲੰਘ ਗਈ। ਜ਼ਾਤ ਪਾਤ ਤਾਂ ਛੱਡੋਂ! ਗੋਰੇ ਕਾਲੇ ਚੀਨ ਨਾਲ ਵਿਆਹ ਕਿਥੇ। ਹਿੰਦੂ ਮੁਸਲਮਾਨ ਨਾਲ। ਵਲੈਤੀ ਨਿਆਣਿਆਂ ਨੂੰ ਪੰਜਾਬੀਆਂ ਦੇ ਇਸਤਰੀਆਂ ਵੱਲ ਵਤੀਰਾ ਅਤੇ ਖ਼ਿਆਲ ਮਨ ਪਸੰਦ ਨਹੀਂ ਸੀ। ਪੱਛਮ ਵਿਚ ਔਰਤ ਅਤੇ ਆਦਮੀ ਬਰਾਬਰ ਸੀ। ਜਿੱਦਾਂ ਬੰਦੇ ਇਨ੍ਹਾਂ ਦੀਆਂ ਮਾਵਾਂ ਭੈਣਾਂ ਨਾਲ ਕਰਦੇ ਸੀ ਕਈ ਮੁੰਡੇ ਸਹਾਰ ਨਹੀਂ ਸਕਦੇ ਸੀ। ਕੋਈ ਤਾਂ ਸਾਫ ਬਾਪੂਆਂ ਨੂੰ ਕੱਤਣ ਲੱਗ ਪਏ। ਧੀਆਂ ਨਾਬਰ ਹੋ ਗਈਆਂ। ਪਰ ਮਰਦ ਦਾ ਜ਼ੋਰ ਹਾਲੇ ਵੀ ਦੇਸੀ ਜੰਮਪਲ ਇਸਤਰੀਆਂ ਉੱਪਰ ਰਿਹਾ। ਕਈ ਘਰ ਝਗੜੇ ਹੋਏ। ਰਿਵਾਜ਼ ਉਪਰ ਪਾਣੀ



ਫੇਰ ਦਿੱਤਾ। ਕਿਉਂ ਨਹੀਂ? ਰਾਣੇ ਦੀਆਂ ਅੱਖਾਂ ਵਿਚ ਇਹ ਵਤੀਰਾ ਜਨਾਨੀ ਵੱਲ ਗੰਦਾ ਅਤੇ ਬਿਲਕੁਲ ਗ਼ਲਤ ਸੀ। ਖ਼ੈਰ ਸਭ ਨੂੰ ਗ਼ਲਤ ਲੱਗਦਾ ਸੀ। ਤਾਂ ਹੀ ਤਾਂ ਪੰਜਾਬੀ ਰਾਹ ਗੁਆਉਂਦੇ ਚਾਹੁੰਦੇ ਸੀ। ਕਿਉਂਕਿ ਇਹ ਰੰਗੜ ਖ਼ਿਆਲ ਗੋਰਿਆਂ ਨੂੰ ਬਹਾਨੇ ਦਿੰਦੇ ਸੀ ਪਰਦੇਸੀਆਂ ਨੂੰ ਉਪ ਸਾਧਾਰਨ ਸਮਝਣ। ਇਸ ਲਈ ਨਵੀਂ ਪੀੜ੍ਹੀ ਵਿਰਸੇ ਵੱਲ ਪਿੱਠ ਕਰਨ ਲੱਗ ਗਈ। ਪਰ ਇਹ ਨਿਆਣਿਆਂ ਦੀ ਗ਼ਲਤੀ ਨਹੀਂ ਸੀ। ਇਸ ਮਾਮਲੇ ਵਿਚ ਵੀ ਮਾਂ ਨੂੰ ਰਾਣਾ ਲਾਜਵਾਬ ਕਰ ਦਿੰਦਾ ਸੀ। ਮਾਂ ਨੂੰ ਡਰ ਸੀ ਮੁੰਡਾ ਗੋਰਿਆਂ ਵਾਂਗ ਬਣ ਜੂਗਾ। ਜਵਾਬ ਵਿਚ ਰਾਣੇ ਨੇ ਜਿਨਾਹ ਦੀ ਮਿਸਾਲ ਦਿੱਤਾ। ਜਦ ਜਿਨਾਹ ਭਾਰਤ ਵਾਪਸ ਇੰਗਲੈਂਡ ਤੋਂ ਪੜ੍ਹਣ ਬਾਅਦ ਗਿਆ। ਉਸ ਦੇ ਬਾਪ ਨੇ ਉਸਨੂੰ ਅੰਗਰੇਜ਼ੀ ਆਦਤਾਂ ਤੋਂ ਟੋਕਿਆ। ਜਿਨਾਹ ਨੇ ਜਵਾਬ ਦਿੱਤਾ– ਜੇ ਪਾਣੀ ਦਾ ਤੁਪਕਾ ਸਾਗਰ ਵਿਚ ਪਾਵੋਗੇ ਫਿਰ ਸਾਗਰ ਦਾ ਪਾਣੀ ਬਣ ਜਾਂਦਾ–। ਸੋ ਜੋ ਵਿਰਸਾ ਸੀ ਰਾਣੇ ਦੀ ਪੀੜ੍ਹੀ ਨੇ ਉਸ ਵੱਲ ਪਿੱਠ ਕਰ ਦਿੱਤੀ ਸੀ। ਪਰ ਜਿੰਨਾ ਖੁੱਲ੍ਹੀ ਤਰ੍ਹਾਂ ਮਾਂ ਨਾਲ ਸੀ ਉਨ੍ਹਾਂ ਪਿਉ ਨਾਲ ਨਹੀਂ ਸੀ। ਕਿਉਂਕਿ ਉਹ ਹੀ ਚੱਕਰ ਦੋਨਾਂ ਵਿਚ ਚਲਦਾ ਰਿਹਾ। ਸਕੂਲ ਤੋਂ ਬਾਅਦ ਮੁੰਡੇ ਨੂੰ ਜਲਪਾਨ ਗ੍ਰਹਿ ਜਾਣਾ ਪਿਆ। ਬਸ ਇਹ ਹੀ ਰਾਣੇ ਦੀ ਰੂਟੀਨ ਸੀ। ਇਸ ਰੂਟੀਨ ਵਿਚ ਐਸਤਾਰਫੀਨੀਆ ਦੀਆਂ ਯਾਦਾਂ ਘੁਰ ਗਈਆਂ।

### ਛੇ

ਰਾਣੇ ਨੂੰ ਰਸੋਈਖ਼ਾਨੇ ਵਿਚ ਕੰਮ ਕਰਨਾ ਬੋਰਿੰਗ ਲੱਗਦਾ ਸੀ। ਪਰ ਦੂਸਰੇ ਪਾਸੇ ਖਾਣਾ ਖ਼ੂਬ ਮਿਲਦਾ ਸੀ। ਰੋਜ਼ ਤਾਰਾ ਰਾਣੇ ਨੂੰ ਛੇ ਵਜੇ ਉਠਾਉਂਦਾ ਸੀ। ਫਿਰ ਦੋਵੇਂ ਮੰਡੀ ਜਾਂਦੇ ਸੀ, ਤਾਜ਼ੀਆਂ ਸਬਜ਼ੀਆਂ ਅਤੇ ਮੱਛੀ ਮੀਟ ਖਰੀਦਣ। ਰਾਣੇ ਨੂੰ ਡੈਡੀ ਦੀ ਮਦਦ ਕਰਨੀ ਪੈਂਦੀ ਸੀ ਮਾਲ ਨੂੰ ਵੈਨ ਵਿਚੋਂ ਲਾ ਕੇ ਰਸੋਈਖ਼ਾਨੇ ਦੇ ਗੁਦਾਮ ਵਿਚ ਰੱਖਣ। ਫਿਰ ਡੈਡੀ ਦਾ ਕੋਈ ਸੇਵਕ ਰਾਣੇ ਨੂੰ ਘਰ ਦੀ ਦਰ੍ਹਾ ਵਿਚ ਛੱਡ ਦਿੰਦਾ ਸੀ। ਉਸ ਤੋਂ ਬਾਅਦ ਤੁਸੀਂ ਸਕੂਲ ਜਾਣ ਵਾਲੀ ਰੂਟੀਨ ਜਾਂਦੇ ਹੋ। ਜਦ ਘਰ ਪਹੁੰਚਦਾ ਸੀ, ਮਾਂ ਵੀ ਜਲਪਾਨ ਗ੍ਰਹਿ 'ਚ ਹੁੰਦੀ ਸੀ। ਰਾਣਾ ਦੀ ਆਦਤ ਪੈ ਗਈ ਟੀ.ਵੀ. ਵੇਖਣ ਅਤੇ ਹਲਕਾ ਭੋਜਨ ਖਾਣ। ਪਰ ਜਿੰਨਾ ਚਿਰ ਟੀ.ਵੀ. ਚੱਲਦਾ ਸੀ ਰੱਜ ਰੱਜ ਕੇ ਖਾਈ ਗਿਆ। ਛੇ ਵਜੇ ਤਕ ਇਹੀ ਕਰਦਾ ਸੀ। ਮਾਂ ਇਹ ਵੇਲੇ ਘਰ ਪਹੁੰਚ ਜਾਂਦੀ ਸੀ। ਉਹਦੇ ਕੋਲ ਗਰਮ ਗਰਮ ਰਸੋਈਖ਼ਾਨੇ ਤੋਂ ਖਾਣਾ ਲਿਆਉਂਦੀ ਸੀ। ਰਾਣਾ ਇਹ ਵੀ ਖਾ ਲੈਂਦਾ ਸੀ। ਜੋ ਸਾਲ ਚੜ੍ਹੀ ਗਿਆ ਭਾਰ ਚੜ੍ਹੀ ਗਿਆ। ਇਸ ਤੋਂ ਬਾਅਦ ਹੋਮਵਰਕ ਕਰਕੇ ਮਾਂ ਨਾਲ ਰੈਸਟੋਰੈਂਟ ਜਾਂਦਾ ਸੀ। ਰਾਤ ਦੇ ਨੌਂ ਵੱਜੇ ਤਕ ਪਿਉ ਲਈ ਕੰਮ ਕਰਦਾ ਸੀ। ਰਸੋਈ ਵਿਚ ਭਾਂਡੇ ਧੋਣੇ ਪੈਂਦੇ ਸੀ ਅਤੇ ਲਾਂਗਰੀ ਨਾਲ ਗਾਜਰ ਆਲੂ ਕੱਟਣੇ ਪੈਂਦੇ ਸੀ। ਜਦ ਮੌਕਾ ਮਿਲਦਾ ਸੀ ਮਠਿਆਈ ਹੜਪਦਾ ਸੀ। ਥੱਕਾ ਅੱਕਾ ਘਰ ਪਹੁੰਚਦਾ ਸੀ।

ਰਮਨ ਸੁਰਜੀਤ ਅਤੇ ਸਵਰਨ ਵੱਲ ਈਰਖਾ ਸੀ। ਇਹ ਬਾਪ ਦੇ ਰਸੋਈਖ਼ਾਨੇ ਮਰਦਾ ਕੰਮ ਕਰਦਾ ਸੀ। ਉਹ ਸਭ ਬਾਹਰ ਫੁੱਟਬਾਲ ਖੇਡਦੇ ਸੀ। ਨਹੀਂ ਤਾਂ ਕੁੜੀਆਂ ਖਿੱਚਣ ਜਾਂਦੇ ਸੀ। ਇਸ ਦੇ ਉਪਰ ਜੇ ਬਾਪ ਨੂੰ ਰਾਣੇ ਦਾ ਕੰਮ ਨਹੀਂ ਚੰਗਾ ਲੱਗਦਾ ਸੀ

ਚਪੇੜ ਪੈਂਦੀ ਸੀ। ਬਾਪੂ ਹਮੇਸ਼ਾਂ ਪੜਦੇ ਲਹਾਉਂਦਾ ਸੀ। ਕਦੀ ਨਹੀਂ ਵੇਖਦਾ ਸੀ ਕੀ ਰਾਣੇ ਨੇ ਸਹੀ ਕੀਤਾ। ਹਮੇਸ਼ਾਂ ਨੁਕਸ ਕੱਢਦਾ ਸੀ। ਸਾਲ ਹੋਰ ਬੀਤ ਗਿਆ। ਨਫਰਤ ਹੋਰ ਵੱਧ ਗਈ। ਪਿਉ ਪੱਤ ਵਿਚ ਫ਼ਾਸਲਾ ਵੀ। ਅੱਜ ਕਲ੍ਹ ਐਸਤਾਰਫੀਨੀਆ ਤਾਂ ਚੇਤਾ ਭੁੱਲ ਗਿਆ ਸੀ।

ਸਾਲ ਨਿਬੜ ਗਿਆ ਅਤੇ ਸਕੂਲ ਤੋਂ ਰਾਣੇ ਦੀ ਰਿਪੋਰਟ ਆਈ। ਜਦ ਲਿਫਾਫ਼ਾ ਪਿਉ ਨੇ ਖੋਲ੍ਹਿਆ ਭੂਚਾਲ ਸ਼ੁਰੂ ਹੋ ਗਿਆ। ਰਾਣਾ ਇਤਿਹਾਸ ਤੋਂ ਛੁੱਟ ਹਰੇਕ ਚੀਜ਼ ਵਿਚ ਢਿੱਲਾ ਸੀ। ਉਹ ਰਾਤ ਬਾਪ ਨੇ ਰਾਣੇ ਨੂੰ ਗਰਮ ਗਰਮ ਚੁਲ੍ਹੇ ਨਾਲ ਕੰਮ ਕਰਦਾ ਰੱਖਿਆ। ਸਾਰੀ ਰਾਤ ਪਤੀਲੇ ਕੜਾਹੀ ਉੱਤੇ ਅੱਖ ਰੱਖੀ ਨਾਲੇ ਪਿਉ ਦੀਆਂ ਗਾਲ੍ਹਾਂ ਸਹਾਰੀਆਂ। ਮਨ ਦੇ ਕੋਈ ਡੂੰਘੇ ਡੂੰਘੇ ਥਾਂ ਵਿਚ ਸਫ਼ੈਦ ਧਰਤੀ ਦਿਸਦੀ ਸੀ।

### *ਸਤ*

ਸਾਲ ਬੀਤਣ ਤੋਂ ਬਾਅਦ ਰਾਣਾ ਅਗਲੀ ਕਲਾਸ ਵਿਚ ਦਾਖਲ ਹੋ ਗਿਆ। ਉਹਦੇ ਨਾਲ ਸਵਰਨ ਸੁਰਜੀਤ ਅਤੇ ਰਮਨ। ਪਹਿਲਾਂ ਸਾਲ ਦਾ ਪਰਛਾਵਾਂ ਸੀ। ਨਿਉਲੇ ਤੋਂ ਜੁੱਤੀਆਂ ਖਾਧੀਆਂ। ਤੋਪਚੀ ਤੋਂ ਵੀ। ਗਰਮੀਆਂ ਵਿਚ ਭੂਆ ਕੋਲ ਰਹਿਣ ਗਿਆ ਸੀ। ਮਨਪ੍ਰੀਤ ਫੁੱਫੀ ਨੇ ਇਹਨੂੰ ਨੂਟਰਾਮਿੰਟ ਦੇ ਡੱਬੇ ਪਰਾਈ ਗਈ। ਇਹ ਨੂੰ ਸਮਝ ਨਹੀਂ ਸੀ ਕੇ ਭਲਵਾਨਾਂ ਲਈ ਡ੍ਰਿੰਕ ਸੀ ਅਤੇ ਇਕ ਡੱਬਾ ਪੂਰਾ ਮੀਲ ਸੀ। ਦੋ ਤਿੰਨ ਛੱਕ ਲੈਂਦਾ ਸੀ। ਖੈਰ ਹੋਰ ਮੋਟਾ ਹੋ ਗਿਆ। ਸਵਰਨ ਨੂੰ ਹੋਰ ਮੌਕਾ ਮਿਲ ਗਿਆ ਮਖੌਲ ਕਰਨ ਲਈ। ਪਰ ਭਾਰ ਨੇ ਰਾਣੇ ਲਈ ਰਗਬੀ ਬਦਲ ਦਿੱਤੀ ਸੀ। ਨਿਰੋਇਆ ਹੋ ਗਿਆ। ਖਿੱਚੋਤਾਣ ਵਿਚ ਖੇਡਣ ਲਈ ਕਾਇਮ। ਦਿਨੋਂ ਦਿਨ ਰਗਬੀ ਵਿਚ ਕਾਇਮ ਅਤੇ ਚੁਸਤ ਬਣ ਗਿਆ। ਖੋਹਾਬਾਜ਼ੀ ਤੋਂ ਸਹਾਰਾ-ਬਾਜ਼ ਬਣ ਗਿਆ। ਇਸ ਤੋਂ ਬਾਅਦ ਹੱਥੋਪਾਈ ਅੱਧ। ਪਰ ਸਾਲ ਸ਼ਾਂਤ ਵਾਲਾ ਨਹੀਂ ਹੋਣ ਲੱਗਾ ਸੀ।

ਸੰਨ ਚੁਰਾਸੀ ਸੀ।

ਪੰਜਾਬ ਦੀ ਹਨੇਰ ਮਨ੍ਹੇਰ ਨੇ ਵਲੈਤ ਉੱਪਰ ਆਪਣਾ ਪਰਛਾਵਾਂ ਸੁੱਟ ਦਿੱਤਾ। ਬਲਿਯੂ ਸਟਾਰ ਦੇ ਮਹੱਤਵ ਨੇ ਸਾਊਥਹਾਲ ਵਿਚ ਸਿੱਖ ਹਿੰਦੂ ਦੀ ਦੁਸ਼ਮਨੀ ਕਰ ਦਿੱਤੀ। ਜਦ ਇੰਦਰਾ ਗਾਂਧੀ ਨੂੰ ਉੱਡਾ ਦਿੱਤਾ ਸਾਊਥਹਾਲ ਦੀ ਪੁਲਸ ਬਾਹਰ ਆ ਗਈ। ਐਣ ਉਨਾਸੀ ਵਾਂਗ ਸੀ। ਐਂਤਕੀ ਭਾਰਤੀ ਭਾਰਤੀ ਦੇ ਗਲ਼ ਪੈ ਗਏ। ਕਿੰਗ ਸਟਰੀਟ ਦੇ ਮੰਦਰ ਦੇ ਆਲ਼ੇ-ਦੁਆਲ਼ੇ ਪੁਲਸ ਖਲੋਤੀ ਸੀ ਕਿਉਂਕਿ  ਡਰ ਸੀ ਫ਼ਸਾਦ ਸ਼ੁਰੂ ਹੋ ਜਾਣਾ ਸੀ। ਜਿਹੜੇ ਸਕੂਲ ਵਿਚ ਹਿੰਦੂ ਨਿਆਣੇ ਨੂੰ ਹਮੇਸ਼ਾਂ ਡਰ ਵਿਚ ਸੀ। ਇਸ ਵੇਲੇ ਪੰਜਾਬੀਆਂ ਦੀ ਆਬਾਦੀ ਸਕੂਲ ਵਿਚ ਵੱਧ ਗਈ ਸੀ ਗੋਰਿਆਂ ਦੀ ਘੱਟ ਗਈ ਸੀ। ਰਾਣੇ ਨੂੰ ਵੀ ਖਿੱਝ ਸੀ। ਪਰ ਇੱਦੂ ਵੱਧ ਖਿੱਝ ਸਵਰਨ ਵਰਗਿਆਂ ਨਾਲ ਸੀ। ਜੋਸ਼ ਵਿਚ ਸੈਫ਼ੀ ਨੇ ਦਸਤਾਰ ਬੰਨ੍ਹ ਲਿਆ ਨਾਲੇ ਆਪਣੇ ਮੁੰਡੇ ਨੂੰ ਅੰਮ੍ਰਿਤ ਛਕਾ ਦਿੱਤਾ ਸੀ। ਪਰ ਇਹ ਤਾਂ ਬੱਚਿਆਂ ਲਈ ਬਹੁਤ ਉੱਚਾ ਬੋਝ ਸੀ। ਕਿਸੇ ਨੇ ਸੋਚਿਆ ਨਹੀਂ। ਕਾਹਲੀ ਵਿਚ ਕਈਆਂ ਨੇ ਕੀਤਾ। ਮਹੀਨੇ ਵਿਚ ਸਵਰਨ ਸਿਗਰਟਾਂ ਫੂਕਣ ਲੱਗ ਪਿਆ। ਦੋਹਾਂ ਵਿਚ ਵਾਲ ਘਟਾ ਦਿੱਤੇ।



ਇਸ ਤਰ੍ਹਾਂ ਦੇ ਬੰਦਿਆਂ ਉੱਤੇ ਰਾਣੇ ਨੂੰ ਰੋਡਿਆਂ ਤੋਂ ਬਾਅਦ ਨਫ਼ਰਤ ਸੀ। ਰਾਣੇ ਦੀਆਂ ਅੱਖਾਂ ਵਿਚ ਅੰਮ੍ਰਿਤ ਸ਼ਕੀ ਸਿੱਖਾਂ ਦੇ ਪ੍ਰਤੀਨਿਧ ਸਨ। ਇਹ ਮਾਰਾ ਮਿਸਾਲ ਸੀ। ਇਸ ਦੇ ਗੁੱਸੇ ਵਿਚ ਰਾਣੇ ਅਤੇ ਸਵਰਨ ਦੀ ਹਥੋਪਾਈ ਹੋ ਗਈ। ਰਾਣਾ ਹਾਰ ਗਿਆ।

ਫਿਰ ਹੁਣ ਤਿੰਨਾਂ ਦੀ ਯਾਰੀ ਹਟ ਗਈ। ਹੁਣ ਪੂਰਾ ਰਗਬੀ ਵਾਲਿਆਂ ਵਿਚ ਰਾਣਾ ਸ਼ਾਮਲ ਹੋ ਗਿਆ ਸੀ। ਸਾਰੇ ਪਾਸੇ ਸਾਊਥਹਾਲ ਵਿਚ ਖਾਲਿਸਤਾਨ ਦੇ ਵਿਚਾਰ ਹੁੰਦੇ ਸੀ। ਇਕ ਹੋਰ ਟੁਕੜਾ ਪੰਜਾਬੀਆਂ ਵਿਚ ਹੋ ਗਿਆ। ਹੁਣ ਸਾਊਥਹਾਲ ਨਿੱਕਾ ਪੰਜਾਬ ਹੀ ਸੀ। ਸਿੱਖੀ ਵੱਧ ਗਈ। ਭੰਗੜਾ ਵੱਧ ਗਿਆ। ਕਾਮਯਾਬੀ ਵੱਧ ਗਈ। ਪਰ ਚੀੜ ਹੁਣ ਕਈ ਸਾਲਾਂ ਲਈ ਰਹਿਣਾ ਸੀ। ਸਿੱਖ ਬਦਲੇ ਹਗਰ ਸੀ। ਰਾਣਾ ਵੀ। ਉਸਨੂੰ ਇਕ ਰਗਬੀ ਮੈਚ ਵਿਚ ਮੌਕਾ ਮਿਲ ਗਿਆ ਸਵਰਨ ਨੂੰ ਸਬਕ ਸਿਖਾਉਣ।

### *ਅੱਠ*

ਸੀਜ਼ਨ ਦਾ ਅਖਾੜਾ ਮੈਚ ਸੀ। ਰਾਣੇ ਦੇ ਸਕੂਲ ਅਤੇ ਗੁਆਂਢੀ ਸਕੂਲ ਦਾ ਮੁਕਾਬਲਾ ਸੀ। ਰਾਣੇ ਦੀ ਟੀਮ ਦਾ ਨਾਂ ਬਲਦ ਸੀ। ਉਨ੍ਹਾਂ ਦੀ ਟੀਮ ਦਾ ਨਾਂ ਬਘਿਆੜ। ਬਲਦਾਂ ਦੇ ਅਗਲੇ ਖਿਡਾਰੀਆਂ ਦਾ ਬਾਹਰਲਾ ਸਹਾਰਾ-ਬਾਜ਼ ਰਮਨ ਸੀ। ਸਵਰਨ ਨੂੰ ਖੱਬੇ ਪਾਸੇ ਰੱਖਿਆ ਸੀ। ਸੁਰਜੀਤ ਨੂੰ ਪਿਛਲੇ ਹਮਾਇਤੀ। ਰਾਣੇ ਨੂੰ ਨੰਬਰ ਨੌਂ ਦਾ ਦਰਜਾ ਦਿੱਤਾ। ਕਹਿੰਦਾ ਮਤਲਬ ਹੱਥੋਪਾਈ ਅੱਧ। ਬਲਦਾਂ ਨੂੰ ਜਿਤਾਉਣਾ ਵੀ ਸੀ ਪਰ ਸਵਰਨ ਨੂੰ ਦੁੱਖ ਵੀ ਦੇਣਾ ਸੀ।

ਮੈਚ ਸ਼ੁਰੂ ਹੋ ਗਿਆ। ਸੈਂਟਰਬਾਜ਼ ਨੇ ਗੇਂਦ ਬਘਿਆੜਾਂ ਦੇ ਪਾਸੇ ਕਿੱਕ ਮਾਰ ਕੇ ਭੇਜ ਦਿੱਤੀ। ਸਾਰੇ ਬਲਦ ਅੱਗੇ ਨਸ ਪਏ। ਸਰੀਰ ਬਦਨ ਵਿਚ ਵੱਜੇ। ਉਨ੍ਹਾਂ ਦੇ ਗੇਂਦ ਕਾਬੂ ਹੋ ਗਈ। ਜੋਸ਼ ਨਾਲ ਟਰਾਰੇ ਲੈਣ ਦੀ ਕੋਸ਼ਿਸ਼ ਕੀਤੀ, ਪਰ ਰਮਨ ਨੇ ਬਘਿਆੜ ਢਾਹ ਲਿਆ ਸੀ। ਖਿੱਚੋਤਾਣ ਕਰਨਾ ਪਿਆ। ਭੁੱਬੂ ਵਾਂਗ ਬਲਦ ਬਘਿਆੜ ਜੁੜ ਗਏ। ਦੋਨਾਂ ਪਾਸੇ ਨੇ ਹਿੰਮਤ ਨਾਲ ਵੈਰੀ ਨੂੰ ਧੱਕਿਆ। ਖਿੱਚੋਤਾਣ ਟੁੱਟ ਗਿਆ। ਰੈਫਰੀ ਨੇ ਸੀਟੀ ਵਜਾਈ। ਰਾਣੇ ਨੇ ਗੇਂਦ ਖਿੱਚੋਤਾਣ ਦੇ ਪੈਰਾਂ ਵਿਚ ਸੁੱਟ ਦਿੱਤੀ। ਜੋੜ ਦੇਣੀ ਬਲਦਾਂ ਨੇ ਪੰਜ ਫੁੱਟ ਮੈਦਾਨ ਦਾ ਖੋਹ ਲਿਆ। ਫਿਰ ਖੋਹਾਬਾਜ਼ੀ ਨੇ ਅੱਡੀ ਨਾਲ ਮੱਕੜੇ ਵਿਚੋਂ ਆਪਣੇ ਖੁੱਲ੍ਹੇ ਖਿਡਾਰੀਆਂ ਵਾਂਗ ਭੇਜ ਦਿੱਤੀ। ਰਾਣੇ ਦਾ ਮੌਕਾ ਆ ਗਿਆ। ਆਮ ਨੰਬਰ ਦਸ ਵੱਲ ਗੇਂਦ ਨੂੰ ਘੁੰਮਾ ਕੇ ਭੇਜਦਾ ਸੀ। ਪਰ ਐਂਤਕੀ ਸਵਰਨ ਵੱਲ ਭੇਜ ਦਿੱਤੀ। ਇੰਨ੍ਹੀ ਜੋਰ ਦੇ ਨਾਲ ਘੁੰਮ ਕੇ ਗਈ ਕੇ ਸਵਰਨ ਦੇ ਹੱਥਾਂ ਵਿਚ ਨਹੀਂ ਪਹੁੰਚੀ। ਉਹਦੇ ਨੱਕ ਵਿਚ ਵੱਜ ਗਈ। ਉਸ ਦਾ ਨੱਕ ਫੱਟ ਗਿਆ। ਬੁੱਲ੍ਹਾਂ ਵਿਚੋਂ ਦੰਦਰਾਖੀ। ਕਹਿਣ ਦਾ ਮਤਲਬ ਉਹਦਾ ਮਨਾਲ ਡਿੱਗ ਗਿਆ। ਸਵਰਨ ਵੀ ਡਿੱਗ ਪਿਆ ਗੋਡੇ ਭਾਰ। ਪਰ ਬਲਦਾਂ ਨੇ ਗੇਂਦ ਨਹੀਂ ਹਾਰੀ। ਇਕ ਹੋਰ ਖਿਡਾਰੀ ਨੇ ਧਰਤੀ ਤੋਂ ਢੇਰ ਕੇ ਚੁੱਕ ਲਈ। ਟਰਾਏ ਮਿਲ ਗਈ। ਪਰ ਸਵਰਨ ਨੂੰ ਨਹੀਂ।

ਸੁਰਜੀਤ ਨੇ ਰਾਣੇ ਵੱਲ ਮੂੰਹ ਬਣਾਇਆ। ਪਰ ਰਾਣੇ ਨੇ ਅੱਖਾਂ ਨਾਲ ਵਾਪਸ ਹੱਸਿਆ। ਪੰਦਰਾ ਮਿੰਟਾਂ ਬਾਅਦ ਹੋਰ ਮੌਕਾ ਆ ਗਿਆ ਸੀ। ਰਾਣੇ ਨੂੰ ਗੇਂਦ ਰਮਨ ਤੋਂ

ਮਿਲਿਆ। ਇਨ੍ਹੇ ਸੁਰਜੀਤ ਵੱਲ ਉੱਡਾ ਦਿੱਤਾ। ਉਸਨੇ ਸਵਰਨ ਵੱਲ। ਪਰ ਰਾਣਾ ਉਹਦੇ ਪਿੱਛੇ ਆ ਗਿਆ। ਰਾਣੇ ਦੀ ਨਜ਼ਰ ਵਿਚ ਦੋ ਬਘਿਆੜ ਹਮਲੇ ਕਰਨ ਲੱਗੇ ਸੀ। ਜਾਣ ਬੁੱਝ ਕੇ ਇਸ਼ਾਰੇ ਨਾਲ ਸਵਰਨ ਦੀ ਅੱਖ ਫੜ ਲਈ। ਉਹ ਪਲ ਵਿਚ ਸਵਰਨ ਦਾ ਧਿਆਨ ਇਹਦੇ ਵੱਲ ਆਇਆ। ਉਹ ਪਲ ਵਿਚ ਇਕ ਬਘਿਆੜ ਨੇ ਸਵਰਨ ਦੀਆਂ ਲੱਤਾਂ ਫੜ ਲਈਆਂ। ਦੂਸਰੇ ਨੇ ਸੀਨਾ। ਹਾਲੇ ਧਰਤੀ ਉੱਤੇ ਡਿੱਗਿਆ ਨਹੀਂ ਸੀ। ਇਹ ਪਲ ਸਲਾਇਆ ਮੋਸ਼ਨ ਵਿਚ ਸਭ ਨੂੰ ਦਿਸਿਆ। ਜਿੱਦਾਂ ਉਸ ਪਲ ਲਈ ਘੜੀ ਠਰ ਗਈ। ਗੇਂਦ ਉਪਰ ਗਿਆ। ਰਾਣੇ ਨੇ ਛਾਲ ਮਾਰ ਕੇ ਕਾਬੂ ਕਰ ਲਿਆ। ਜਦ ਤਕ ਤਿੰਨ ਹੀ ਧਰਤੀ ਉੱਤੇ ਪਹੁੰਚੇ ਤਦ ਤਕ ਰਾਣੇ ਨੇ ਦੌੜ ਕੇ ਗੇਂਦ ਰੱਖ ਦਿੱਤੀ ਸੀ। ਟਰਾਏ ਰਾਣੇ ਨੂੰ ਮਿਲ ਗਿਆ। ਸਾਰੇ ਬਲਦ ਖ਼ੁਸ਼ੀ ਵਿਚ ਟੱਪਦੇ ਸੀ। 'ਕੱਲੇ ਸੁਰਜੀਤ, ਰਮਨ ਅਤੇ ਸਵਰਨ ਦੇ ਮੂੰਹ ਵਿੰਗੇ ਸੀ। ਰਮਨ ਦੀ ਅੱਖਾਂ ਵਿਚ ਰਾਣਾ ਬਹੁਤਾ ਦੂਰ ਚਲਾ ਗਿਆ। ਜੇ ਰਾਣੇ ਨੇ ਥੋੜ੍ਹਾ ਜਿਹਾ ਵੀ ਧਿਆਨ ਦਿੱਤਾ ਸੀ ਇਹ ਨੂੰ ਸਮਝ ਹੋ ਜਾਣਾ ਸੀ ਕੇ ਬਦਲੇ ਦਾ ਫ਼ੈਸਲਾ ਤਿੰਨਾਂ ਦੀਆਂ ਚਿਹਰੇ ਉੱਤੇ ਨੱਚਦਾ ਸੀ। ਉਹ ਮੁੰਡੇ ਬਹੁਤ ਖੋਰੀ ਬਣ ਸਕਦੇ ਸੀ।

ਖੇਡ ਦੀ ਆਖ਼ਰੀ ਦੌੜ ਸੀ। ਬਲਦ ਹੁਣ ਡੀਫੈਂਸ ਧਿਰ ਕਰਦੇ ਸੀ। ਬਘਿਆੜਾਂ ਦੀ ਵਾਰੀ ਸੀ। ਜਦ ਬਘਿਆੜਾਂ ਦੇ ਨੰਬਰ ਨੌਂ ਨੇ ਗੇਂਦ ਆਪਣੇ ਸਾਥੀਆਂ ਵੱਲ ਭੇਜੀ। ਉਸ ਵੇਲੇ ਰਮਨ ਨੇ ਘਮਸਾਨ ਵਿਚ ਜਾਣ ਕੇ ਰਾਣੇ ਵਿਚ ਹੁੱਝਕਾ ਮਾਰਿਆ। ਰਾਣਾ ਸੁਰਜੀਤ ਵਿਚ ਵੱਜ ਗਿਆ। ਕਿਸੇ ਦਾ ਧਿਆਨ ਇਹਨਾਂ ਵੱਲ ਨਹੀਂ ਸੀ। ਸੁਰਜੀਤ ਨੇ ਜ਼ੋਰ ਦੇਣੀ ਕੂਹਣੀ ਰਾਣੇ ਦੇ ਮੁੱਖ 'ਚ ਮਾਰੀ। ਰਾਣਾ ਪਿੱਛੇ ਡਿੱਗ ਗਿਆ। ਉਠਣ ਦਾ ਮੌਕਾ ਮਿਲਿਆ ਨਹੀਂ। ਸਵਰਨ ਨੇ ਪੈਰ ਢਿੱਡ ਵਿਚ ਮਾਰ ਦਿੱਤਾ। ਰਾਣਾ ਪੇਟ ਨੂੰ ਫੜ ਕੇ ਪਿਆ ਰਿਹਾ ਦੁੱਖ ਵਿਚ। ਇੱਦਾਂ ਦੁੱਖ ਲੱਗੇ ਜਿਵੇਂ ਧੀ ਨੂੰ ਨਫ਼ਰਤ ਕਰਨ ਵਾਲੇ ਮਰਦ ਨੇ ਕੁੱਖ ਵਿਚ ਕਤਲ ਕੀਤੀ। ਕੋਈ ਮਦਦ ਕਰਨ ਨਹੀਂ ਆਇਆ। ਰਾਣੇ ਨੂੰ ਰੌਲਾ ਸੁਣਿਆ ਜਦ ਟਰਾਏ ਕਿਸੇ ਨੂੰ ਮਿਲ ਗਈ। ਫਿਰ ਹੀ ਲੋਕ ਆਏ। ਰਾਣਾ ਦੀ ਨਜ਼ਰ ਉਪਰ ਗਈ। ਆਸਮਾਨ ਥੱਲੇ ਚਿਹਰਿਆਂ ਦਾ ਚੱਕਰ ਸੀ। ਰਾਣੇ ਨੂੰ ਲੱਗੇ ਜਿਵੇਂ ਕਿਸੇ ਨੇ ਪੱਖਾ ਖਿਲਾਰ ਦਿੱਤਾ ਸੀ। ਰਾਣੇ ਨੂੰ ਸਵਰਨ, ਰਮਨ ਅਤੇ ਸੁਰਜੀਤ ਦੀਆਂ ਹਸਦੀਆਂ ਸ਼ਕਲਾਂ ਦਿਸਦੀਆਂ ਸਨ। ਪਰ ਰਾਣੇ ਦੇ ਮੂੰਹ ਵਿਚੋਂ ਆਵਾਜ਼ ਨਾ ਨਿੱਕਲੀ। ਰੈਫਰੀ ਕੁਝ ਕਹਿੰਦਾ ਸੀ। ਮੁੰਡਿਆਂ ਦੀਆਂ ਆਵਾਜ਼ਾਂ ਦੇ ਥਾਂ ਪੌਣ ਦੀ ਆਵਾਜ਼ ਨੇ ਕੰਨਾਂ ਨੂੰ ਹਮਲਾ ਕੀਤਾ। ਧੁੰਦ ਅੱਖਾਂ ਦੇ ਸਾਹਮਣੇ ਆ ਗਈ। ਧਰਤੀ ਠੰਢੀ ਸੀ। ਦਿਨ ਦੇ ਥਾਂ ਰਾਤ ਸੀ। ਹੁਣ ਰੈਫਰੀ ਦੀ ਆਵਾਜ਼ ਨਹੀਂ ਸੁਣਦੀ ਸੀ। ਇਕੱਲੀ ਆਵਾ ਸੀ।

– ਰਾਣਾ ਤੂੰ ਠੀਕ ਏ?– ਦੁਬਾਰੇ ਦੁਬਾਰੇ ਕਹੀ ਗਈ। ਰਾਣੇ ਨੇ ਅੱਖਾਂ ਮਲੀਆਂ। ਝਲਕ ਕੇ ਫਿਰ ਦੇਖਿਆ। ਅੰਬਰ ਕੋਲਿਆਂ ਵਾਂਗੂੰ ਕਾਲਾ ਸੀ। ਆਸਮਾਨ ਦੀ ਕਲੇਜੇ ਤੋਂ ਤਾਰਿਆਂ ਨੇ ਵਾਪਸ ਝਲਕਿਆ। ਆਲ਼ੇ-ਦੁਆਲ਼ੇ ਲੰਬੇ ਰੁੱਖ ਸਨ। ਇਸ ਦਰੱਖ਼ਤਾਂ ਉੱਪਰ ਸਫ਼ੈਦ ਸਫ਼ੈਦ ਪਰਤ। ਇਕਦਮ ਠੰਢ ਰਾਣੇ ਨੂੰ ਲੱਗੀ।

ਇਕ ਵਾਰੀ ਫਿਰ ਅਲਫੋਂਸੋ ਦਾ ਚਿਹਰਾ ਰਾਣੇ ਵੱਲ ਦੇਖਦਾ ਸੀ। ਦੋ ਸਾਲ ਪਹਿਲਾ ਦੀ ਗੱਲ ਸ਼ੀਘਰ ਨਾਲ ਵਾਪਸ ਆ ਗਈ। ਕੀ ਸੱਚਾਈ ਸੀ? ਇਹ ਦੋ ਸਾਲ ਖਵਾਬ ਸੀ? ਕੀ ਐਸਤਾਰਫੀਨੀਆ ਸੱਚਾਈ ਹੈ? ਰਾਣਾ ਰਿੱਛ ਨੂੰ ਫਿਰ ਵੇਖ ਕੇ ਹੈਰਾਨ



ਸੀ। ਰਿੱਛ ਰਾਣੇ ਨੂੰ ਵੇਖ ਕੇ।

– ਇਕ ਪਲ ਵਿਚ ਤੇਰੀ ਉਮਰ ਕਿਵੇਂ ਵੱਧ ਗਈ?– ਅਲਫੋਂਸੋ ਨੇ ਆਖਿਆ। ਰਾਣੇ ਨੂੰ ਸਭ ਯਾਦ ਆ ਗਿਆ। ਅਲਫੋਂਸੋ ਨੂੰ ਡਰ ਸੀ। ਪਰ ਰਾਣੇ ਨੂੰ ਰਾਹਤ ਸੀ। ਇਸ ਦੁਨੀਆਂ ਵਿਚ ਖ਼ੁਸ਼ ਸੀ।

– ਪਤਾ ਨਹੀਂ ਯਾਰ। ਪਰ ਤੈਨੂੰ ਮਿਲਨ ਵਿਚ ਬਹੁਤ ਖ਼ੁਸ਼ ਏ। ਬਹੁਤ ਖ਼ੁਸ਼। ਬਿੱਲਾ?–

ਮਾਰ ਦਿੱਤਾ। ਸਵਾਰ ਵੀ– ਅਲਫੋਂਸੋ ਨੇ ਉਤਾਰਾ।

ਕੀ ਸੋਚ ਰਗਬੀ ਮੈਚ ਵਿਚ ਉਹ ਤਿੰਨ ਲੰਗੂਰਾਂ ਤੋਂ ਮਿਲੇ? ਕੇ ਬਰਫ ਵਿਚ ਬਿੱਲੇ ਦੇ ਹਮਲੇ ਬਾਅਦ ਡਿੱਗ ਕੇ?

ਹੁਣ ਕੀ ਹੋਵੇਗਾ?

**ਛੇਵਾਂ ਭਾਗ ਖ਼ਤਮ**

ਤੀਜੀ ਕਿਤਾਬ

**ਸਤਵਾਂ ਭਾਗ**

## ਤਾਰਾ

### *ਇਕ*

ਉਹੀ ਕਾਲੀ ਤਸਵੀਰ ਨੇ ਸੁਪਨੇ ਫਿਰ ਸਜਾ ਦਿੱਤੇ। ਉਹੀ ਤਸਵੀਰ ਜਿਸ ਨੇ ਹਰ ਰਾਤ ਤਾਰੇ ਨੂੰ ਸੰਤਾਪ ਕੀਤਾ ਸੀ। ਧੁੰਦ ਵਿਚ ਤਾਰਾ ਖੜਾ ਸੀ। ਪਰ ਐਂਤਕੀ ਕਿਸੇ ਹੋਰ ਦੇ ਮੋਢਿਆਂ ਉੱਤੇ ਖਲੋਇਆ ਸੀ। ਮੁੱਖ ਵੱਲ ਵੇਖਣ ਦੀ ਕੋਸ਼ਿਸ਼ ਕੀਤੀ ਪਰ ਫੰਧਾ ਹੋਰ ਕੱਸ ਗਿਆ ਨਾਲੇ ਸਿਰਫ਼ ਵਾਲ ਹੀ ਦਿਸਦੇ ਸੀ। ਪਰ ਧੁੰਦ ਵਿਚੋਂ ਹਾਸਾ ਆਉਂਦਾ ਸੀ। ਜਿੱਦਾਂ ਕਿਸੇ ਨੇ ਤਾਰੇ ਦੇ ਕੋਰੜੇ ਨਾਲ ਡੰਗ ਮਾਰਿਆ ਹੋਵੇ ਉਂਜ ਹੀ ਇਸ ਆਵਾਜ਼ ਦਾ ਅਸਰ ਸੀ। ਉਂਵ ਹੀ ਹਾਸਾ ਧੁੰਦ ਵਿਚੋਂ ਆਇਆ। ਹੇਠਲਾ ਬੰਦਾ ਹਿਲਿਆ। ਤਾਰੇ ਨੂੰ ਪੈਰ ਸਹੀ ਤਰ੍ਹਾਂ ਟਿਕਾਉਣੇ ਪਏ। ਗਰਦਨ 'ਤੇ ਖਿੱਚ ਪਈ। ਹੁਣ ਹੱਸਣ ਵਾਲੇ ਦਾ ਮੂੰਹ ਦਿਸਿਆ ਕਿਉਂਕਿ ਧੁੰਦ ਵਿਚੋਂ ਨਿੱਕਲ ਗਿਆ ਸੀ। ਐਂਤਕੀ ਕਿਹਦਾ ਚਿਹਰਾ ਹੋਣਾ ਸੀ? ਐਂਤਕੀ ਭਾਰਾ ਸੁਪਨਾ ਕਿਵੇਂ ਮੁੱਕਣਾ ਸੀ? ਫੰਧੇ ਨੇ ਗਲੇ ਨੂੰ ਖਿੱਚਣਾ ਸੀ? ਧੌਣ ਇਕਦਮ ਟੁੱਟ ਜਾਣੀ ਸੀ? ਕੇ ਭੀੜ ਦੁਆਰੇ ਨਾਲ ਹੌਲੀ ਹੌਲੀ ਦੁੱਖ ਵਿਚ ਮਰ ਜਾਣਾ ਸੀ? ਪਸੀਨਾ ਚੋਵੇ। ਤਾਰਾ ਆਵਾਜ਼ ਦੇ ਮਾਲਿਕ ਨੂੰ ਦੇਖ ਕੇ ਹੈਰਾਨ ਸੀ। ਜਿਸ ਦੇ ਮੋਢਿਆਂ ਉੱਤੇ ਖੜਾ ਸੀ ਉਹ ਵੀ ਹੈਰਾਨ ਸੀ। ਇਹ ਹੈਰਾਨੀ ਦੇ ਧੱਕਿ ਨੇ ਥੱਲੇ ਵਾਲੇ ਨੂੰ ਹਲਾ ਦਿੱਤਾ। ਗਰਦਨ ਉੱਤੇ ਫੰਧਾ ਹੋਰ ਕੱਸ ਗਿਆ। ਤਾਰਾ ਟੇਢਾ ਹੋ ਗਿਆ। ਤਾਰਾ ਸੀ ਸੀ

ਕਰਦਾ ਸੀ। ਆਵਾਜ਼ ਦਾ ਮੂੰਹ ਫਿਰ ਹੱਸੇ। ਆਪਣਾ ਸਿਰ ਪਿੱਛੇ ਸਿੱਟ ਕੇ ਰੱਜ ਰੱਜ ਹੱਸੇ।

ਆਵਾਜ਼ ਦਾ ਚਿਹਰਾ ਬਾਪੂ ਦਾ ਸੀ! ਉਹਦੇ ਹੱਥ ਵਿਚ ਮੂੰਹ ਨਾਲ ਵਜਾਉਣ ਵਾਲਾ ਹਾਰਮਾਨਿਕਾ ਸੀ। ਹਾਰਮਾਨਿੱਕਿ ਨੂੰ ਤਾਰੇ ਦਾ ਆਸਰੇ ਦੇ ਮੂੰਹ ਵਿਚ ਤੁੰਨ ਦਿੱਤਾ। ਆਲ਼ੇ-ਦੁਆਲ਼ੇ ਭਿੰਨੀ ਭਿੰਨੀ ਹਵਾ ਰਿਵੀ ਰੰਡੀ ਵਾਂਗ ਰੋਈ। ਆਲ਼ੇ-ਦੁਆਲ਼ੇ ਹਵਾ ਲੇਰ ਮਾਰੀ ਗਈ।

– ਕਿਉਂ? ਹੈਰਾਨ ਹੋ ਗਿਆ ਤਾਰਿਆ? ਚੱਲ ਵੇਖੀਏ ਜੇ ਤੇਰੇ ਮਿੱਤਰ ਕੋਲ ਤੇਰਾ ਭਾਰ ਸਹਾਰਨ ਲਈ ਹਿੰਮਤ ਹੈ–

ਤਾਰਾ ਜਵਾਬ ਦੇਣਾ ਚਾਹੁੰਦਾ ਸੀ ਪਰ ਫੰਧੇ ਨੇ ਗਲੇ ਨੂੰ ਹੋਰ ਕੱਸ ਦਿੱਤਾ। ਫਿਰ ਉਹਦੇ ਪੈਰਾਂ ਨੂੰ ਮੋਢਿਆਂ ਦੇ ਥਾਂ ਹਵਾ ਮਿਲੀ। ਥੱਲੇ ਵੇਖਿਆ। ਵੱਟ ਮਾਰ ਕੇ ਆਦਮੀ ਹੇਠਾਂ ਡਿੱਗ ਗਿਆ ਸੀ। ਬੰਦੇ ਦਾ ਮੁਖੜਾ ਸਾਫ਼ ਦਿਸਦਾ ਸੀ। ਉਹਦਾ ਵੀ ਰੂਪ ਬਾਪੂ ਦਾ ਸੀ। ਇਹ ਸਭ ਇਕ ਪਲ ਵਿਚ ਹੋਇਆਂ ਸੀ। ਅਗਲੀ ਪੱਲ ਤਾਰੇ ਨੂੰ ਕੁਝ ਵੀ ਨਹੀਂ ਸੁਝਿਆ। ਬਾਪ ਦਾ ਚਿਹਰਾ ਧਰਤੀ ਉਪਰ ਪਿਆ ਸੀ। ਇਸਦਾ ਕੀ ਮਤਲਬ ਸੀ? ਫਿਰ ਗਰਦਨ ਟੁੱਟ ਗਈ। ਸਭ ਕੁਝ ਹਨੇਰਾ ਹੋ ਗਿਆ ਸੀ।

## *ਦੋ*

ਤਾਰੇ ਨੂੰ ਇਹ ਭਿਆਨਕ ਸੁਪਨਾ ਅੱਜ ਕੱਲ੍ਹ ਰੋਜ਼ ਆਉਂਦਾ ਸੀ। ਕਦੇ ਕਦੇ ਬਾਪ ਦੇ ਮੋਢਿਆਂ ਉੱਤੇ ਖੜਾ ਹੁੰਦਾ ਸੀ। ਕਦੇ ਕਦੇ ਬਾਪ ਇਹਦੇ ਮੋਢਿਆਂ ਉਪਰ ਖਲੋਇਆ ਸੀ। ਕਦੇ ਕਦੇ ਧੁੰਦ ਵਿਚੋਂ ਨਿਕਲਣ ਵਾਲਾ ਇਹਦਾ ਚਿਹਰਾ। ਸੁਪਨੇ ਦਾ ਮਤਲਬ ਸਮਝ ਨਹੀਂ ਆਉਂਦਾ ਸੀ। ਪਰ ਤਾਰੇ ਦੇ ਹੰਕਾਰ ਨੇ ਕਦੀ ਵੀਤਾ ਨਾਲ ਵਿਸਾਰ ਨਹੀਂ ਕਰਨ ਦਿੱਤਾ। ਤਾਰੇ ਨੂੰ ਡਰ ਸੀ ਔਰਤ ਇਹਦੇ ਰਾਜ਼ ਕਮਜ਼ੋਰੀਆਂ ਨੂੰ ਵਰਤ ਕੇ ਇਸਦੇ ਖ਼ਿਲਾਫ਼ ਕੁਝ ਕਰੇਗੀ। ਇਸ ਲਈ ਅੱਜ ਤਕ ਵੀਤਾ ਨੂੰ ਕੁਝ ਨਹੀਂ ਦੱਸਿਆ। ਪਰ ਅੱਜ ਆਪਣੇ ਪਸੀਨੇ ਵਿਚ ਭਿੱਜਿਆ ਸੀ। ਨਾਲੇ ਜਿਗਰ ਵਿਚ ਸੋਚਦਾ ਸੀ ਕੇ ਐਂਤਕੀ ਕੁਝ ਹੋਣਾ ਸੀ। ਭਾਵੇਂ ਉਸਨੂੰ ਦੱਸਿਆ ਕੇ ਨਹੀਂ ਦੱਸਿਆ। ਨਾਸ਼ਤਾ ਖਾਣ ਤੋਂ ਬਾਅਦ ਵੀਤਾ ਨਾਲ ਗੱਲ ਤੋਰ ਲਈ। ਵੀਤਾ ਦੇ ਮੁਖ ਉੱਤੇ ਹੈਰਾਨੀ ਦਿਸਦੀ ਸੀ ਕਿਉਂਕਿ ਅੱਜ ਤਕ ਉਸਨੂੰ ਇਹ ਭਾਰੇ ਸੁਪਨਿਆਂ ਦੀਆਂ ਲੜੀਵਾਰ ਬਾਰੇ ਦੱਸਿਆ ਨਹੀਂ। ਹੁਣ ਤਾਂ ਰਾਜ਼ ਨਹੀਂ ਰਿਹਾ। ਹੁਣ ਤਾਂ ਕਮਜ਼ੋਰੀ ਦਾ ਪਤਾ ਸੀ। ਪਰ ਦੁੱਖ ਨੂੰ ਤਾਂ ਵੰਡੀ ਦਾ ਹੈ ਨਾ?

– ਤੁਸੀਂ ਫਿਕਰ ਨਾ ਕਰੋ। ਸਿਰਫ਼ ਸੁਫ਼ਨਾ ਏ। ਕੁਝ ਨਹੀਂ ਮਤਲਬ। ਬਸ ਦਿਲ ਦੇ ਬੋਝ ਮਨ ਵਿਚ ਏ– ਵੀਤਾ ਨੇ ਸੁਣਨ ਤੋਂ ਬਾਅਦ ਉੱਤਰ ਦਿੱਤਾ।

– ਆਹੋ। ਤੂੰ ਸਹੀ ਵੀ ਹੋ ਸਕਦੀ ਐਂ। ਪਰ ਫਿਰ ਵੀ ਸਮਝ ਨਹੀਂ ਕਿਉਂ ਵਾਰ ਵਾਰ ਏਹੀ ਸੁਪਨਾ ਆਈ ਜਾਂਦਾ। ਮੈਨੂੰ ਲੱਗਦਾ ਸਾਨੂੰ ਇੰਡੀਆ ਚੱਕਰ ਮਾਰਨਾ ਚਾਹੀਦਾ– ਤਾਰੇ ਨੇ ਸੁਝਾਇਆ।

– ਹਾਂ। ਨਾਲੇ ਰਾਣੇ ਨੂੰ ਮੌਕਾ ਮਿਲ ਜਾਣਾ ਪੰਜਾਬ ਦੇਖਣ ਦਾ– ਵੀਤਾ ਦੇ ਹੋਠਾਂ ਉੱਤੇ ਮੁਸਕਾਣ ਦਾ ਝਲਕਾਰਾ ਦਿੱਸਿਆ।



– ਆਹੋ। ਸਾਡੇ ਪਿਛੋਕੜ ਦਾ ਪਤਾ ਲੱਗੇ। ਠੀਕ ਫੇਰ ਪੱਕਾ ਏ–

– ਤੁਸੀਂ ਸੁਪਨਿਆਂ ਵੱਲ ਧਿਆਨ ਨਾ ਕਰੋ। ਵਹਿਮ ਹੀ ਏ ਤੁਹਾਡਾ–

– ਮੈਂ ਇੰਡੀਆ ਬਹੁਤ ਦੇਰ ਲਈ ਗਿਆ ਨਹੀਂ। ਭੋਜਨਸ਼ਾਲਾ ਤੋਂ ਛੁੱਟੀ ਹੋਵੇਗੀ। – ਤਾਰਾ ਫਿਰ ਖ਼ੁਸ਼ ਹੋ ਗਿਆ।

ਸਵੇਰਾ ਰਸੋਈਖ਼ਾਨੇ ਵਿਚ ਬੀਤ ਗਿਆ। ਫਿਰ ਵੈਨ ਲੈ ਕੇ ਬਾਹਰ ਚੱਲ ਗਿਆ। ਵੈਨ ਚਲਾਉਂਦਾ ਸੋਚਾਂ ਵਿਚ ਫਿਰ ਗੁੰਮ ਗਿਆ। ਬਚਪਣ ਦੀਆਂ ਯਾਦਾਂ ਆ ਗਈਆਂ। ਮਨਪ੍ਰੀਤ ਦੀਆਂ। ਗੁਰਮੀਤ ਦੀਆਂ, ਨਾਨੇ ਦਾਦੀ ਦੀਆਂ। ਪਰ ਸਭ ਤੋਂ ਕੌੜੀਆਂ ਆਪਣੇ ਬਾਪ ਵਾਲੀਆਂ ਆਈਆਂ। ਦਿਲ ਵਿਚ ਕੋਈ ਡੂੰਘੇ ਥਾਂ ਤਾਰੇ ਨੂੰ ਪਤਾ ਸੀ ਉਸ ਦੇ ਪਿਉ ਨਾਲ ਅਸਲੀ ਰਿਸ਼ਤਾ ਕਿੱਦਾਂ ਦਾ ਸੀ। ਪਿਉ ਤੋਂ ਬਹੁਤ ਕੁੱਟ ਖਾਧੀ ਪਰ ਫਿਰ ਵੀ ਬਾਪ ਨੂੰ ਬਹੁਤ ਪਿਆਰ ਕਰਦਾ ਸੀ। ਕਈ ਵਾਰੀ ਦਾਦੀ ਨੇ ਬਾਪੂ ਦੇ ਗੁੱਸੇ ਤੋਂ ਬਚਾਇਆ ਸੀ। ਪਰ ਦਾਦੀ ਦਾ ਭਲਾ ਮਨ ਵਿਚ ਨਹੀਂ ਵਾਸਤਾ ਸੀ। ਕੇਵਲ ਬਾਪ ਦਾ। ਤਾਰੇ ਦੇ ਮਨ ਵਿਚ ਬਾਪ ਕੋਈ ਫਰਿਸ਼ਤੇ ਦੇ ਰੂਪ ਵਿਚ ਸਜਾਇਆ ਸੀ। ਤਾਰਾ ਬੁੱਧੂ ਨਹੀਂ ਸੀ। ਇਹ ਨੂੰ ਸਾਫ਼ ਦਿਸਦਾ ਸੀ ਰਾਣੇ ਦੇ ਚਿਹਰੇ ਉੱਤੇ ਜਦ ਉਹ ਇਹ ਰਿਸ਼ਤੇ ਦਾ ਮਖੌਲ ਕਰਦਾ ਸੀ। ਕਈ ਵਾਰੀ ਉਸਨੂੰ ਉਹਦੇ ਦਾਦੇ ਦੀਆਂ ਕਹਾਣੀਆਂ ਸੁਣਾਈਆਂ। ਪਰ ਰਾਣਾ ਸਾਫ਼ ਨਿਸ਼ਕਾਮ ਸੀ। ਜਦ ਤਾਰਾ ਆਪਣੇ ਪਿਆਰੇ ਬਾਪ ਦੀ ਤਸਵੀਰ ਚੁੱਕ ਕੇ ਨੱਚਦਾ ਸੀ ਆਪਦੇ ਮੁੰਡੇ ਦੇ ਮੂੰਹ ਉੱਤੇ ਮਖੌਲ ਦਿਸਦਾ ਸੀ। ਇੱਦਾਂ ਤਾਰੇ ਨੂੰ ਗਰਮੀ ਚੜ੍ਹ ਜਾਂਦੀ ਸੀ। ਫਿਰ ਬਹਾਨਾ ਲੱਭ ਕੇ ਰਾਣੇ ਨੂੰ ਚੜਾਉਂਦਾ ਸੀ। ਗੁਰਮੀਤ ਨੂੰ ਪਿਆਰ ਬਹੁਤਾ ਦਿੱਤਾ ਪਿਉ ਨੇ। ਪਰ ਤਾਰੇ ਨੂੰ ਪਤਾ ਸੀ ਦਿਲ ਵਿਚ ਤਾਂ ਇਹਨੂੰ ਹੀ ਪਿਆਰ ਕਰਦਾ ਸੀ। ਪੰਜਾਬੀ ਬਾਪ ਦੀ ਆਦਤ ਹੈ ਪਿਆਰ ਨੂੰ ਨਹੀਂ ਵਿਖਾਉਣਾ। ਬਸ ਇਹੀ ਗੱਲ ਸੀ। ਇਹ ਮਿਸਾਲ ਪਿਉ ਤੋਂ ਸਿਖਿਆ। ਇਹ ਹਿਸਾਬ ਨਾਲ ਰਾਣੇ ਨੂੰ ਪਾਲਦਾ ਸੀ। ਮੁੰਡੇ ਨੂੰ ਕੋਈ ਕੰਮੀ ਨਹੀਂ ਸੀ। ਸਭ ਕੁਝ ਮਿਲਿਆ। ਤਾਰੇ ਨੇ ਸਖ਼ਤ ਕੰਮ ਕਰਕੇ ਨਿਸ਼ਚਿਤ ਕੀਤਾ ਕੇ ਹਰੇਕ ਸੁੱਖ ਟੱਬਰ ਨੂੰ ਮਿਲੇ। ਤਾਰੇ ਦਾ ਬੱਚਪਨ ਤਾਂ ਉਹ ਤੋਂ ਬਹੁਤ ਔਖਾ ਸੀ। ਵੀਤਾ ਵੀ ਕਮਲੀ ਹੈ। ਉਸਨੇ ਮੁੰਡੇ ਨੂੰ ਵਿਗਾੜ ਦਿੱਤਾ। ਜਦ ਤਾਰਾ ਨਿੱਕਾ ਸੀ ਇਨ੍ਹੇ ਬਹੁਤ ਕੁਝ ਕੀਤਾ। ਹਮੇਸ਼ਾਂ ਘਰ ਦੇ ਕੰਮ ਕਰਦਾ ਸੀ। ਬਾਪੂ ਨੂੰ ਖ਼ੁਸ਼ ਰੱਖਣਾ। ਗੁਰਮੀਤ ਲਾਡਲਾ ਕਰਕੇ ਪਿਉ ਦਾ ਪਿਆਰ ਚੋਰੀ ਕਰ ਲੈਂਦਾ ਸੀ। ਪਰ ਪਿਆਰ ਤਾਂ ਜ਼ਰੂਰ ਤਾਰੇ ਨੂੰ ਹੀ ਕਰਦਾ ਸੀ? ਜਦ ਬਾਪ ਘਰ ਆਉਂਦਾ ਸੀ ਗੁਰਮੀਤ ਨੂੰ ਟੋਕਦਾ ਤਾਂ ਨਹੀਂ ਸੀ। ਪਰ ਹਮੇਸ਼ਾਂ ਬਰੀਕ ਬਰੀਕ ਗ਼ਲਤੀ ਤਾਰੇ ਦੇ ਕੰਮ ਵਿਚ ਲੱਭ ਲੈਂਦਾ ਸੀ। ਇਸ ਹੀ ਤਰ੍ਹਾਂ ਤਾਰੇ ਨੂੰ ਰਾਣੇ ਵਿਚ ਗ਼ਲਤੀਆਂ ਲੱਭੀ ਗਈਆਂ। ਸੱਚ ਮੁੱਚ ਤਾਰੇ ਨੂੰ ਮਾਇੰਡ ਨਹੀਂ ਕੀਤਾ। ਪਰ ਰਾਣਾ ਹਰੇਕ ਵਾਰੀ ਉਹੀ ਗ਼ਲਤੀਆਂ ਕਰਦਾ ਸੀ। ਜਾਣ ਬੁਝ ਕੇ ਹੋਵੇਗਾ? ਪਰ ਤਾਰੇ ਨੇ ਕਦੀ ਇੱਦਾਂ ਨਹੀਂ ਕੀਤਾ ਸੀ। ਇਸ ਲਈ ਬਾਪੂ ਇਹਦੇ ਨਾਲ ਖ਼ੁਸ਼ ਸੀ। ਜਦ ਤਾਰਾ ਚੇਤੇ ਕਰਦਾ ਸੀ ਇੱਦਾਂ ਹੀ ਲੱਗਦਾ ਸੀ। ਇੱਦਾਂ ਹੀ ਦਸਦਾ ਸੀ। ਪਤਾ ਨਹੀਂ ਕਿਉਂ ਪਰ ਅੱਜ ਬਾਪੂ ਬਹੁਤ ਯਾਦ ਆਉਂਦਾ ਸੀ। ਪੁਰਾਣੀਆਂ ਗੱਲਾਂ ਮਨ ਨੂੰ ਖਿੱਚ ਦੀਆਂ ਸੀ ਜਿੱਦਾਂ ਕੋਈ ਕਾਲਾ ਤਾਰਾ ਖਿੱਚ ਦਾ ਹੋਵੇ। ਤਾਰੇ ਨੂੰ ਸਮਝ ਨਹੀਂ ਲੱਗੀ ਕਿਉਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ।

ਉਸ ਰਾਤ ਭਰਾ ਨੂੰ ਫੋਨ ਕਰਨ ਦਾ ਜੀ ਕੀਤਾ। ਨੰਬਰ ਤਾਂ ਘੁੰਮਾ ਦਿੱਤਾ ਪਰ

ਦੋਨਾਂ ਦੀਆਂ ਅਜੋੜੀਆਂ ਗੱਲਾਂ ਵਿਚਾਲੇ ਬੇਡੌਲ ਖਮੋਸ਼ੀ ਸੀ। ਘੜੀ ਘੜੀ ਭਰਾ ਦੀ ਆਵਾਜ਼ ਸੁਣਨ ਨੂੰ ਜੀ ਕਰਦਾ ਸੀ। ਬਿਮਾਰੀ ਤਾਂ ਅਕੱੜ ਦੀ ਸੀ। ਅਨਾਥ ਮਮਤਾ ਬਿਨਾਂ ਬੱਚਿਆਂ ਨੂੰ ਹੋਰ ਕੀ ਪਤਾ ਸੀ? ਇੱਦਾਂ ਦੇ ਘਰ 'ਚੋਂ ਦੋਵੇਂ ਭਰਾ ਸੀ। ਹਾਰ ਕੇ ਸ਼ਰਾਬ ਪੀ ਕੇ ਵੀਤਾ ਨਾਲ ਉਹੀ ਗੱਲਾਂ ਕਰਨ ਲੱਗ ਪਿਆ। ਫਿਰ ਰਾਤ ਪੈ ਗਈ ਅਤੇ ਨੀਂਦ ਆਈ। ਜਦ ਨੀਂਦ ਆਈ ਉਹੀ ਸੁਪਨਾ ਵਾਪਸ ਆ ਗਿਆ। ਪੰਜ ਮਹੀਨਿਆਂ ਲਈ ਤਾਰੇ ਦਾ ਇੱਦਾਂ ਦਾ ਹਾਲ ਰਿਹਾ। ਮਨ ਨੂੰ ਹੌਲਾ ਕਰਨ ਲਈ ਰਾਣੇ ਨੂੰ ਖਿੱਝ ਕੇ ਪਿਆ। ਡਰਦਾ ਕਰਕੇ ਸ਼ਰਾਬ ਨਾਲ ਨਸ਼ਿਆਇਆ ਹੋਇਆ ਸੀ। ਚੁੱਭਦਾ ਸੀ ਮੁੰਡੇ ਨੂੰ ਮਾਰਨਾ। ਪਰ ਹਟ ਨਹੀਂ ਹੁੰਦਾ ਸੀ।

### *ਤਿੰਨ*

ਜਦ ਬਾਪ ਤਾਰੇ ਅਤੇ ਗੁਰਮੀਤ ਦੀ ਉਡੀਕ ਵਿਚ ਹੋ ਗਿਆ ਸੀ (ਕਹਿੰਦਾ ਮਤਲਬ ਪਿਉ ਰੱਬ ਦਾ ਪਿਆਰਾ ਹੋ ਗਿਆ) ਤਾਰਾ ਸਸਕਾਰ 'ਤੇ ਗਿਆ ਸੀ। ਗੁਰਮੀਤ ਵੀ ਗਿਆ ਸੀ। ਬਾਪ ਦੇ ਜਾਣ ਨਾਲ ਦਿਲ ਵਿਚ ਬਹੁਤ ਦਰਦ ਹੋਇਆ ਸੀ। ਉਸ ਟਾਇਮ ਤਾਰੇ ਨੇ ਆਪਣੀਆਂ ਦੱਸਣੀਆਂ ਰਾਣੇ ਨੂੰ ਦੱਸਣ ਸ਼ੁਰੂ ਕੀਤੀਆਂ। ਬੁੱਢੀ ਦੀ ਮੱਟੀ ਵਿਚ ਥੁੱਕਣ ਵਾਲੀ ਵੀ। ਘਰ ਦੀ ਪਾਰਟੀ ਵਿਚ ਪਿਉ ਦੀ ਤਸਵੀਰ ਚੁੱਕ ਕੇ ਨੱਚਿਆ ਸੀ। ਜਦ ਸਸਕਾਰ ਕਰਨ ਗਿਆ ਇੰਡੀਆ ਜਾਣ ਦਾ ਆਖ਼ਰੀ ਟਾਇਮ ਸੀ। ਇਸ ਤੋਂ ਬਾਅਦ ਕਦੀ ਨਹੀਂ ਗਿਆ। ਪਰ ਮਨ ਵਿਚ ਉਸ ਟਾਇਮ ਦਾ ਪੰਜਾਬ ਵਾਲਾ ਨਕਸ਼ਾ ਪੱਕਾ ਹੋ ਗਿਆ। ਲੋਕ ਦਸਦੇ ਸੀ ਕੇ ਇੰਡੀਆ ਵਿਚ ਤਰੱਕੀ ਹੋ ਗਈ। ਖਿਆਲਾਂ 'ਚ ਇੰਡੀਆ ਅੱਗੇ ਨਾਲੋਂ ਖੁੱਲ੍ਹਾ ਡੁੱਲ੍ਹਾ ਹੋ ਗਿਆ।

ਹੁਣ ਵੀ ਤਾਰੇ ਨੂੰ ਯਾਦ ਸੀ ਸਸਕਾਰ ਕਰਨ ਵਾਲਾ ਸਫ਼ਰ। ਗੁਰਮੀਤ ਨਾਲ ਪਿੰਡ ਗਿਆ। ਪਿੰਡ ਤਾਂ ਉਹਦਾ ਹੀ ਸੀ। ਪਰ ਮਕਾਨਾਂ ਦੀਆਂ ਕੀਮਤਾਂ ਵਧ ਗਈਆਂ। ਲੋਕ ਅੱਗੇ ਨਾਲੋਂ ਲਾਲਚੀ ਹੋ ਗਏ ਸੀ। ਪਾਲਤੂ ਕੁੱਤਿਆਂ ਨੂੰ ਵੀ ਚੰਗਾ ਖਾਣਾ ਮਿਲਦਾ ਸੀ। ਇਹ ਕਲਪਿਤ ਰੋਮਾਂਚਿਕ ਤਸਵੀਰ ਮਨ ਦੀ ਜੇਬ ਵਿਚ ਪਾ ਕੇ ਰੱਖੀ। ਕਿਉਂਕਿ ਇਸ ਵੇਲੇ ਤੋਂ ਬਾਅਦ ਵਾਪਸ ਨਹੀਂ ਗਿਆ ਇਹ ਹੀ ਤਸਵੀਰ ਪੰਜਾਬ ਦੀ ਜਿਗਰ ਵਿਚ ਰੱਖੀ। ਸਸਕਾਰ ਤੋਂ ਬਾਅਦ ਠਹਿਰਿਆ ਨਹੀਂ। ਦੌੜਣ ਦਾ ਜੀ ਕਰਦਾ ਸੀ। ਕਿਉਂਕਿ ਬਾਪੂ ਦੇ ਜਾਣ ਨੂੰ ਮੰਨਣਾ ਨਹੀਂ ਚਾਹੁੰਦਾ ਸੀ। ਕਿਉਂਕਿ ਪਿੰਡ ਦੇਖ ਕੇ ਦਿਲ ਚੁਭਦਾ ਸੀ। ਕਿਉਂਕਿ ਸ਼ਰੀਕ ਗੁਰਮੀਤ ਨੂੰ ਪਸੰਦ ਕਰਦੇ ਸੀ। ਪਰ ਗੁਰਮੀਤ ਤੋਂ ਹੋਰ ਦੂਰ ਵੀ ਨਹੀਂ ਹੋਣਾ ਚਾਹੁੰਦਾ ਸੀ। ਨਾਨਕੇ ਤਾਂ ਉਹਦੇ ਉਪਰ ਖੱਪਦੇ ਸੀ। ਵੱਡੇ ਭਰਾ ਉੱਤੇ ਦੌੜ ਭੱਜ ਕਰਦੇ ਸੀ। ਭਰਮ ਨਾਲ ਭਰ ਕੇ ਵਲੈਤ ਵਾਪਸ ਆ ਗਿਆ ਸੀ। ਬਾਪੂ ਤੋਂ ਪਿਆਰ ਲੈਣ ਦਾ ਮੌਕਾ ਨਾ ਮਿਲਿਆ। ਉਸਨੂੰ ਦੱਸਣ ਦਾ - ਪਾਪਾ ਜੀ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ– ਕਹਿਣ ਦਾ ਵਕਤ ਨਹੀਂ ਆਇਆ। ਕੀ ਪਤਾ ਇਸ ਕਰਕੇ ਅੱਜ ਕੱਲ੍ਹ ਪਿਉ ਤਾਰੇ ਦੇ ਸੁਪਨਿਆਂ 'ਚ ਧਾਈ ਕਰਦਾ ਫਰਦਾ ਸੀ?

ਭਿੰਡਰਾਂਵਾਲੇ ਅਤੇ ਗਾਂਧੀ ਬਾਰੇ ਪੜ੍ਹ ਕੇ ਪ੍ਰੇਸ਼ਾਨ ਹੋ ਗਿਆ। ਇੰਡੀਆ ਨੂੰ ਹੋ ਕੀ



ਰਿਹਾ ਸੀ? ਗੁਰਮੀਤ ਤਾਂ ਪੱਕਾ ਸਿੰਘ ਬਣ ਗਿਆ। ਉਸਨੂੰ ਤਾਂ ਗੌਰਮਿੰਟ ਵੱਲ ਗੁੱਸਾ ਸੀ। ਸੈਫ਼ੀ ਨੇ ਵੀ ਪਗੜੀ ਪਾ ਲਈ ਸੀ। ਸਾਰਾ ਸਾਊਥਹਾਲ ਪੱਗਾਂ ਰੱਖਣ ਲੱਗ ਗਿਆ। ਦੁਨੀਆਂ ਬਦਲ ਗਈ ਸੀ। ਇੰਡੀਆ ਤਾਰੇ ਲਈ ਬਹੁਤਾ ਅੱਗੇ ਹੋਈ ਪਿਆ ਜਾਂਦਾ ਸੀ। ਹਰੇਕ ਸਾਲ ਬੋਲੇ - ਮੈਂ ਵਾਪਸ ਜਾਣਾ– ਪਰ ਗਿਆ ਨਹੀਂ। ਤਾਰੇ ਦਾ ਇੰਡੀਆ ਇਕ ਥਾਂ ਇਕ ਸਮੇਂ ਵਿਚ ਠਹਿਰਿਆ ਰਿਹਾ। ਸੱਚਾਈ ਹੋਰ ਸੀ। ਜਦ ਵੀ ਕਿਸੇ ਨੇ ਇੰਡੀਆ ਖ਼ਿਲਾਫ਼ ਕੁਝ ਕਿਹਾ ਇਹ ਲੜਕੇ ਸਿਫ਼ਤਾਂ ਗਾਉਣ ਲੱਗ ਜਾਂਦਾ ਸੀ। ਪਰ ਨਵੇਂ ਇੰਡੀਆ ਨੂੰ ਤਾਰਾ ਪਛਾਣਦਾ ਨਹੀਂ ਸੀ। ਤਾਰਾ ਕੋਈ ਪਰਾਣੀ ਨਿਸ਼ਾਨੀ ਸੀ। ਫ਼ਾਸਲਾ ਤਾਰੇ ਅਤੇ ਪੰਜਾਬ ਵਿਚ ਵੱਧੀ ਗਿਆ। ਫਾਸਲ਼ਾ ਤਾਰੇ ਅਤੇ ਗੁਰਮੀਤ ਵਿਚ ਵੀ। ਸੁਪਨੇ ਵੀ ਬਦਲ ਗਏ। ਇਕ ਰਾਤ ਸੁਪਨੇ ਵਿਚ ਜਲਪਾਨ ਗ੍ਰਹਿ ਵਿਚ ਖੜਾ ਸੀ। ਦੋ ਗਾਹਕ ਅੰਦਰ ਆਏ। ਦੋਵੇਂ ਕਰੁਸੀਆਂ ਉੱਤੇ ਬਹਿ ਗਏ। ਪਰ ਇਨਸਾਨ ਨਹੀਂ ਸੀ। ਦੋ ਲੰਬੇ ਸਰੋਂ ਦੇ ਬੂਟੇ ਦੇ ਕੱਦ ਦੇ ਸੀ। ਦੋ ਲਾਲ਼ ਕੀੜੇ ਸਨ। ਤਾਰਾ ਡਰ ਗਿਆ। ਦਰ ਜ਼ੋਰ ਦੇਣੀ ਖੁੱਲ੍ਹੀ। ਇਕ ਹੈਲਥ ਇੰਸਪੈਕਟਰ ਸੀ। ਤਾਰੇ ਨੂੰ ਝਾੜਿਆ। ਤਾਰਾ ਰਸੋਈ ਵਿਚ ਨਸ ਗਿਆ। ਫਿਰ ਰਸੋਈ ਰਾਹੋ ਬਾਹਰ ਜਾਣ ਦਾ ਰਸਤਾ ਫੜ ਲਿਆ। ਪਰ ਭੋਜਨਸ਼ਾਲੇ 'ਚੋਂ ਬਾਹਰ ਧਰਤੀ ਬਦਲ ਗਈ ਸੀ। ਆਪਣੇ ਪੁਰਾਣੇ ਪਿੰਡ ਵਿਚ ਸੀ। ਇਕ ਸੜਕ ਤੋਂ ਦੂਜੀ ਸੜਕ ਵੱਲ ਨੱਠਿਆ। ਘਰ ਧਰਤੀ ਵਿਚ ਡੁੱਬਦੇ ਸੀ। ਫਿਰ ਤਾਰੇ ਦੇ ਪੈਰ ਮਿੱਟੀ ਵਿਚ ਡੁਬਣ ਲੱਗ ਗਏ ਸੀ। ਮਸਾਂ ਆਪਣੇ ਪਿੰਡ ਵਾਲੇ ਘਰ ਦੇ ਬੂਹੇ ਕੋਲ ਪਹੁੰਚਿਆ। ਦਰਵਾਜ਼ਾ ਖੜਕਾਇਆ। ਬਾਪੂ ਨੇ ਖੋਲ੍ਹਿਆ। ਪਰ ਤਾਰਾ ਧਰਤੀ ਵਿਚ ਡੁਬਣ ਲੱਗ ਗਿਆ। ਬਾਪੂ ਵੱਲ ਹੱਥ ਵਧਾਇਆ। ਪਰ ਬਾਪੂ ਨੇ ਇਹਨੂੰ ਅੰਦਰ ਨਹੀਂ ਖਿੱਚਿਆ। ਗੁਰਮੀਤ ਨੂੰ ਅੰਦਰ ਖਿੱਚ ਲਿਆ। ਫਿਰ ਬਾਪ ਨੇ ਤਾਰੇ ਉਪਰ ਦਰਵਾਜ਼ਾ ਬੰਦ ਕਰ ਦਿੱਤਾ। ਜਦ ਤਾਰੇ ਨੇ ਅੱਖਾਂ ਖੋਲ੍ਹੀਆਂ ਫਿਰ ਉਸ ਹੀ ਥਾਂ ਖਲੋਤਾ ਸੀ ਜਿੱਥੇ ਹਮੇਸ਼ਾਂ ਫੰਧੇ ਹੇਠ ਹੁੰਦਾ ਸੀ। ਇਸ ਵਾਰੀ ਇਹ ਹੀ ਥੱਲ੍ਹੇ ਸੀ। ਮੋਢਿਆਂ ਉਪਰ ਗੁਰਮੀਤ ਖੜਾ ਸੀ। ਧੁੰਦ ਵਿਚੋਂ ਪਿਉ ਨਹੀਂ ਨਿਕਲਿਆ। ਐਂਤਕੀ ਰਾਣਾ ਸੀ। ਡਰਦਾ ਡਰਦਾ ਤਾਰਾ ਉਠ ਗਿਆ। ਫਿਰ ਉਹੀ ਹਾਲਾਤ ਸੀ। ਇਹ ਅੱਗ ਲਾਣੇ ਸੁਪਨੇ ਨੇ ਕਦੀ ਹਟਣਾ?

### *ਚਾਰ*

ਸੁਪਨਾ ਇਕ ਵਾਰੀ ਹੋਰ ਆਇਆ। ਐਂਤਕੀ ਤਾਰੇ ਤੋਂ ਗੁਰਮੀਤ ਦਾ ਭਾਰ ਸਹਾਰ ਨਹੀਂ ਹੋਇਆ। ਤਾਰਾ ਧਰਤੀ ਉੱਤੇ ਡਿੱਗ ਗਿਆ। ਗੁਰਮੀਤ ਦੀ ਧੌਣ ਟੁੱਟ ਗਈ। ਫੰਧੇ ਤੋਂ ਲਮਕ ਕੇ। ਰੱਸੇ ਦੇ ਝੂਲ ਨੇ ਖੜ ਖੜ ਖੜਕਾ ਕੀਤਾ। ਰਾਣਾ ਧੁੰਦ ਵਿਚੋਂ ਨਹੀਂ ਆਇਆ। ਬਾਪੂ ਵੀ ਹੁਣ ਸੁਪਨਿਆਂ ਨੂੰ ਸਜਾਉਣੋਂ ਹਟ ਗਿਆ ਸੀ।

### *ਪੰਜ*

ਜਦ ਖ਼ਬਰ ਆਈ ਤਾਰਾ ਬੌਂਦਲ ਗਿਆ ਸੀ। ਲੱਤਾਂ ਕੰਬਦੀਆਂ ਸੀ। ਕੁਰਸੀ ਨੇ

ਨਿਗਲ ਲਿਆ। ਰੂਪ ਰੰਗ ਵਗ ਗਿਆ। ਤਾਰੇ ਦੇ ਮੋਢੇਂ ਡਿੱਗ ਗਏ ਕਿਉਂਕਿ ਜੀ ਮਰ ਗਿਆ ਸੀ। ਤਾਰੇ ਨੂੰ ਗਿਆਤ ਹੋਇਆ ਕੇ ਜਿਗਰ ਨੂੰ ਦਰਦ ਨੇ ਘੁੱਟ ਘੁੱਟ ਕੇ ਚੋਗਾ ਵਿਚ ਲਪੇਟ ਦਿੱਤਾ। ਜਿੱਦਾਂ ਇਸ ਦੁੱਖ ਨੇ ਕਸ ਕਸ ਕੇ ਹਕੀਕਤ ਤੋਂ ਦਿਲ ਦੀਆਂ ਪੀੜਾਂ ਵੱਖਰੇ ਰੱਖਣੇ ਹਨ। ਮੁਖ ਤੋਂ ਲੱਗੇ ਜਿਵੇਂ ਇਕ ਪਲ ਵਿਚ ਤਾਰੇ ਦੀ ਉਮਰ ਸੌ ਸਾਲ ਵਧ ਗਈ।

ਗੁਰਮੀਤ ਰੱਬ ਨੂੰ ਪਿਆਰਾ ਹੋ ਗਿਆ ਸੀ।

ਜੀਵਨ ਵਿਚ ਭਰਾਵਾਂ ਦੀ ਕਦੀ ਨਾ ਬਣੀ। ਪਰ ਹੁਣ ਕੌਣ ਰਿਹਾ? ਬਚਪਨ ਦੀਆਂ ਯਾਦਾਂ ਦਾ ਹੜ੍ਹ ਆ ਗਿਆ।

– ਉਹ ਮੀਤਿਆ! ਕਿਉਂ ਮੈਨੂੰ ਛੱਡ ਕੇ ਚਲਾ ਗਿਆ!– ਤਾਰੇ ਦਾ ਮਨ ਭਾਰਾ ਹੋ ਗਿਆ ਸੀ। ਜ਼ਿੰਦਗੀ ਵਿਚ ਬੋਲੇ ਨਹੀਂ। ਪਰ ਹੁਣ ਫ਼ਾਸਲੇ ਬੰਦ ਕਰਨ ਦਾ ਮੌਕਾ ਮਿਟ ਗਿਆ। ਰਬ ਨੇ ਨਸ਼ਟ ਕਰ ਦਿੱਤਾ। ਸਭ ਸੁੰਨਾ ਹੋ ਗਿਆ। ਤਾਰਾ ਝੋਰੇ ਨਾਲ ਭਰ ਗਿਆ। ਭੋਜਨਸ਼ਾਲੇ ਨਹੀਂ ਗਿਆ। ਜਦ ਭਰਾ ਦੇ ਘਰ ਅਫ਼ਸੋਸ ਕਰਨ ਗਿਆ ਭਤੀਜੇ ਭਤੀਜੀਆਂ ਵੱਲ ਤੱਕੀ ਗਿਆ। ਨੁਕਤਾਚੀਨੀ ਦੇ ਥਾਂ ਉਨ੍ਹਾਂ ਦੇ ਪਿਉ ਦੀਆਂ ਸਿਫ਼ਤਾਂ ਕਰਨ ਲੱਗ ਪਿਆ। ਹੁਣ ਤਕ ਉਸਤਿਤ ਦੇ ਬਹਾਨੇ ਨਿੰਦਾ ਕਰਦਾ ਸੀ। ਅੱਜ ਭਾਵੁਕਤਾ ਨਾਲ ਭਰਾ ਦੀਆਂ ਚੰਗੀਆਂ ਕਹਾਣੀਆਂ ਦੱਸਣ ਲੱਗ ਗਿਆ। ਆਮ ਸਭ ਨੂੰ ਦਸਦਾ ਹੁੰਦਾ ਸੀ ਕਿਵੇਂ 'ਮੀਤਾ' ਤੋਂ ਤੇਜ਼ ਸੀ। ਪੜ੍ਹਾਈ ਵਿਚ। ਕੰਮ ਵਿਚ ਅਤੇ 'ਪਾਪੇ' ਨੂੰ ਖ਼ੁਸ਼ ਕਰਨ ਵਿਚ। ਆਮ ਗੁਰਮੀਤ ਨੂੰ ਨਿੰਦ ਕੇ ਖ਼ੁਸ਼ੀ ਦੀ ਲਹਿਰ ਦੌੜਦੀ ਸੀ। ਅੱਜ ਸਭ ਨੂੰ ਦਿਸਦਾ ਸੀ ਕੇ ਜੀ ਕੁਝ ਭਾਰਾ ਭਾਰਾ ਮਾਲੂਮ ਹੁੰਦਾ ਸੀ। ਫਿਰ ਵੀ ਭਤੀਜੇ ਭਤੀਜੀਆਂ ਨੂੰ ਚਾਚੇ ਵੱਲ ਨਫ਼ਰਤ ਸੀ। ਤਾਰਾ ਕਮਲਾ ਨਹੀਂ ਸੀ। ਤਾਰੇ ਨੂੰ ਮਹਿਸੂਸ ਕੇ ਰਾਣੇ ਦਾ ਵੀ ਜੀ ਕਰਦਾ ਸੀ ਇਹਨੂੰ ਕਹਿਣ - ਬਾਪੂ ਮੱਤ ਮਾਰੀ ਗਈ ਊ?– ਪਰ ਕੁਝ ਨਹੀਂ ਕਿਹਾ। ਚੁੱਪ ਚਾਪ ਹੋ ਕੇ ਚਚੇਰਿਆਂ ਦੇ ਰੁੱਠੇ ਰੁੱਠੇ ਮੂੰਹਾਂ ਵੱਲ ਦੇਖੀ ਗਿਆ। ਦੂਜੇ ਪਾਸੇ ਤਾਰਾ ਕੰਮ ਦਾ ਸੀ। ਸਸਕਾਰ ਦੇ ਸਭ ਇੰਤਜ਼ਾਮ ਕਰ ਦਿੱਤੇ। ਜਦ ਦਿਨ ਆਇਆ ਤਾਰੇ ਨੇ ਦਰਅਸਲ ਬਹੁਤ ਕੁੱਝ ਕੀਤਾ। ਰਾਣੇ ਨੂੰ ਬਾਹਰ ਰੱਖਿਆ ਪਰ ਆਪ ਭਤੀਜਿਆਂ ਨਾਲ ਭਰਾ ਦਾ ਠੰਢੇ ਕਰੜੇ ਪਿੰਡੇ ਨੂੰ ਦਹੀ ਨਾਲ ਧੋਇਆ। ਭਰਾ ਦੇ ਭਾਰੇ ਜਿਸਮ ਨੂੰ ਚੁੱਕ ਕੇ ਬੇਨੰਗਾ ਕੀਤਾ ਉਸ ਦੀ ਆਖ਼ਰੀ ਸਫ਼ਰ ਦੇ ਕੱਪੜਿਆਂ ਨਾਲ। ਇੱਦਾਂ ਹੀ ਮੀਤੇ ਨੂੰ ਵੇਖ ਕੇ ਦਰਦ ਹੁੰਦਾ ਸੀ। ਪਰ ਆਪਣੇ ਆਪ ਨੂੰ ਸਮਾਲ ਕੇ ਰੱਖਿਆ। ਮੁੰਡੇ ਦੇ ਮੂੰਹ ਉੱਤੇ ਬੇਅੰਤ ਗੁੱਸਾ ਪੀੜ੍ਹ ਅਤੇ ਹਨੇਰੀ ਸੀ। ਜਦ ਲਾਸ਼ ਨੂੰ ਸਾਫ਼ ਕਰਦੇ ਸੀ ਸ਼ਰਮਿੰਦਾ ਹੋ ਕੇ ਬਾਪ ਦੀ ਚੌਂਢਿਆਂ ਉੱਤੇ ਚਾਦਰ ਕੀਤੀ। ਉਸ ਵੇਲੇ ਤਾਰੇ ਨੂੰ ਬਹੁਤ ਦਰਦ ਹੁੰਦਾ ਸੀ ਪਰ ਮੁੰਡੇ ਨੂੰ ਹੌਸਲਾ ਦਿੱਤਾ। ਜਦ ਦਾਹ ਭੰਠੀ ਪਹੁੰਚ ਗਏ ਸਨ ਬਹੁਤ ਲੋਕ ਆਏ ਸੀ। ਮਸਾਣ ਦੀ ਭੂਮੀ ਕੋਲ ਖੜ੍ਹਿਆਂ ਨੂੰ ਉਸ ਥਾਂ ਦਾ ਚੈਨ ਮਹਿਸੂਸ ਹੁੰਦਾ ਸੀ। ਕਫਨ ਰੱਖਿਆ ਸੀ ਸਭ ਨੂੰ ਦੇਖਣ ਲਈ। ਹਰੇਕ ਬੰਦਾ ਬੀਬੀ ਲੰਘੇ ਆਦਰ ਕਰਨ। ਤਾਰਾ ਪਛਤਾਵੇ ਅਤੇ ਅਫ਼ਸੋਸ ਨਾਲ ਭਰਿਆ ਸੀ। ਰੱਜ ਰੱਜ ਕੇ ਰੋਇਆ। ਭੈਣ–ਭਰਾ ਚੰਬੜ ਕੇ ਰੋਏ। ਫਿਰ ਤਾਬੂਤ ਉੱਤੇ ਢੱਕਣ ਰੱਖ ਕੇ ਗ੍ਰੰਥੀ ਨੇ ਅਰਦਾਸ ਕੀਤੀ। ਪਰਦੇ ਛੱਡ ਦਿੱਤੇ। ਸਾਰੇ ਬਾਹਰ ਤੁਰ ਦੇ ਲਾਸ਼ਾਂ ਵਾਂਗੂੰ ਚੱਲੇ ਗਏ। ਸਿਰਫ਼ ਨਜ਼ਦੀਕ ਬੰਦੇ ਪਿੱਛੇ ਠਹਿਰੇ। ਕਫਨ ਨੂੰ ਇਕ ਚੱਲਦੀ ਲੋਹੇ ਵਾਲੀ ਵਰਦੀ ਉੱਤੇ ਧੱਕ ਦਿੱਤਾ ਸੀ। ਇਸ ਨੂੰ ਵੇਖ ਕੇ ਤਾਰੇ ਦਾ ਦਿਲ ਚੁਭਿਆ। ਪੰਜਾਬ ਵਾਂਗੂੰ ਨਹੀਂ ਸੀ।



ਇਹ ਮੁਲਕ ਵਿਚ ਸਭ ਕੁਝ ਮਸ਼ੀਨੀ ਬਣਾ ਦਿੱਤਾ ਸੀ। ਇਨਸਾਨ ਦੇ ਆਖ਼ਰੀ ਸਫ਼ਰ ਵਿਚੋਂ ਮਾਣ ਵਿੱਥ ਕਰ ਦਿੱਤਾ ਸੀ। ਜਦ ਪਿੱਛੇ ਗਏ ਆਖ਼ਰੀ ਚਿਖਾ ਉਪਰ ਰੀਤੀ ਪੂਰੀ ਕਰਨ ਇਕ ਬੰਦਾ ਨੀਲੇ ਓਵਰਆਲ ਵਿਚ ਖੜ੍ਹਾ ਸੀ। ਉਸ ਦੇ ਬੁੱਲ੍ਹਾਂ ਉੱਤੇ ਬੇਸੁਆਦੀ ਮੁਸਕਾਨ ਸੀ। ਚੱਲਦੀ ਵੱਧਰੀ ਉੱਤੇ ਕਫਨ ਰੋਕ ਦਿੱਤਾ। ਮੁੰਡੇ ਨੇ ਭੱਠੀ ਵੱਲ ਤੱਕਿਆ। ਇਹ ਸੀ ਪੱਛਮ ਦੀ ਚਿਖਾ। ਮੁੰਡੇ ਨੂੰ ਤਾਰੇ ਨੇ ਇਸ਼ਾਰਾ ਦਿੱਤਾ। ਅਗਨੀ ਟਾਰਚ ਦੇ ਥਾਂ ਕੇਵਲ ਬਟਨ ਸੀ। ਮੁੰਡੇ ਨੇ ਬਟਨ ਦਬਿਆ। ਕਫਨ ਦੇ ਸਾਹਮਣੇ ਇਕ ਸ਼ੈਤਾਨੀ ਬੂਹਾ ਖੁੱਲ੍ਹਿਆ। ਇਸ ਦੇ ਸੰਘ ਵਿਚ ਅੱਗ ਦੇ ਲੰਬੇ ਭੰਬੂਕੇ ਕੰਜਰੀ ਵਾਂਗੂੰ ਨੱਚੇ। ਟਿਮਟਿਮਾਉਣਿਆਂ ਵਿਚੋਂ ਗਰਮ ਗਰਮ ਹਵਾ ਨੇ ਵੇਖਣ ਵਾਲਿਆਂ ਦੇ ਚਿਹਰਿਆਂ ਉੱਤੇ ਨੱਚ ਨੱਚ ਕੇ ਅਪਮਾਨ ਦਿੱਤਾ। ਬਸ ਮੁੰਡੇ ਕੋਲ ਇਕ ਹੀ ਕੰਮ ਰਹਿ ਗਿਆ ਸੀ। ਤਾਰਾ ਅਤੇ ਹੋਰ ਸਾਰਿਆਂ ਨੇ ਖਫਨ ਸ਼ੋਲਿਆਂ ਵਿਚ ਧੱਕ ਦਿੱਤਾ।

ਬਾਹਰ ਸਭ ਦਾ ਧਿਆਨ ਚਿੱਮਨੀ ਵੱਲ ਸੀ। ਕਾਲੇ ਕਾਲੇ ਧਾਗੇ ਧੂੰਏ ਦੇ ਚਿਮਨੀ ਦੇ ਸੀਸ ਵਿਚੋਂ ਉੱਡੇ। ਉਂਗਲੀਆਂ ਵਾਂਗੂੰ ਅੰਬਰ ਨੂੰ ਚਿਮਟੀ ਕਰਦੇ ਸੀ। ਜਦ ਹਵਾ ਵਿਚ ਇਹ ਕਾਲੀਆਂ ਸੱਪਣੀਆਂ ਪਿਘਲ ਗਈਆਂ ਤਾਰੇ ਨੂੰ ਮਹਿਸੂਸ ਸੀ ਕੇ ਵੱਡਾ ਭਰਾ ਇਸ ਦੁਨੀਆਂ ਵਿਚੋਂ ਹਮੇਸ਼ਾਂ ਲਈ ਚੱਲੇ ਗਿਆ ਸੀ। 'ਕੱਲੀ ਸੁਆਹ ਰਹਿ ਗਈ ਸੀ। ਇਹ ਹੀ ਕਲ੍ਹਾ ਸਬੂਤ ਸੀ ਕੇ ਗੁਰਮੀਤ ਹੁੰਦਾ ਵੀ ਸੀ। ਹੁਣ ਭਰਾ ਯਾਦਾਂ ਦੇ ਵਿਚ ਹੀ ਜ਼ਿੰਦਾ ਸੀ। ਜਿਵੇਂ ਬਾਪੂ ਜ਼ਿੰਦਾ ਸੀ।

ਇਸ ਤੋਂ ਬਾਅਦ ਤਾਰੇ ਦਾ ਭਿਆਨਕ ਸੁਪਨਾ ਹੱਟ ਗਿਆ ਸੀ। ਸਮਾਂ ਖ਼ਾਬ ਤੋਂ ਬਗ਼ੈਰ ਉਦਾਸ ਹੋ ਗਿਆ। ਹਰੇਕ ਰਾਤ ਛੱਤ ਵੱਲ ਤੱਕੇ। ਸ਼ਰਾਬ ਦੀ ਬੋਤਲ ਨੇ ਅੱਖ ਫੜ੍ਹ ਲਈ। ਰੋਜ਼ ਤਵਾ ਚੱਲਾਉਂਦਾ ਸੀ ਆਪਣੇ ਬਾਪ ਭਰਾ ਵਾਲੇ। ਹਾਰ ਕੇ ਟੱਬਰ ਸੁਣ ਸੁਣ ਕੇ ਥੱਕ ਗਿਆ ਸੀ। ਨਿੱਤ ਨਿੱਤ ਉਹ ਹੀ ਰਾਗ। ਭੋਜਨਸ਼ਾਲੇ ਤੇ ਅੱਗੇ ਨਾਲੋਂ ਘੱਟ ਜਾਣ ਲੱਗ ਪਿਆ। ਸ਼ਰਾਬ ਦੀ ਸਰੂਰ ਵਿਚ ਰਿਹਾ।

ਫ਼ਿਊਜ਼ ਫੱਟ ਗਿਆ।

ਤਾਰਾ ਬਦਲ ਗਿਆ।

## ਛੇ

ਤਾਰਾ ਆਪਣੇ ਦੁੱਖਾਂ ਵਿਚ ਡੁੱਬ ਗਿਆ। ਨਸ਼ੇਬਾਜ਼ ਬਣ ਗਿਆ। ਕੰਡਕਟਰ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਹਟਿਆ ਨਹੀਂ। ਪ੍ਰੋਫ਼ੈਸਰ ਨੇ ਵੀ। ਸਭ ਨੂੰ ਗਾਲ੍ਹਾਂ ਕੱਢਣ ਲੱਗ ਗਿਆ। ਰਸੋਈਖ਼ਾਨਾ ਦਾ ਥੱਲਾ ਹੋ ਗਿਆ। ਕਰਜ਼ ਵੱਧ ਗਏ। ਵੀਤਾ ਨੇ ਵੀ ਕੋਸ਼ਿਸ਼ ਕੀਤੀ ਸਮਝਾਉਣ ਦੀ। ਪਰ ਕਿਸੇ ਦੀ ਨਾ ਸੁਣੇ। ਤਾਰੇ ਦੇ ਮਨ ਵਿਚ ਸਭ ਇਸ ਦੇ ਖ਼ਿਲਾਫ਼ ਹੋ ਗਏ ਸਨ। ਰੋਜ਼ ਬੈਰਿਆਂ ਨਾਲ ਬਹਿਸ ਕਰਨ ਲੱਗ ਗਿਆ। ਸਦਾ ਹੁੱਜਤੀ ਮੂਡ ਵਿਚ ਰਿਹਾ। ਰਾਣੇ ਦੇ ਸਭ ਤੋਂ ਵੱਧ ਪਿਆ। ਹਟ ਨਹੀਂ ਹੁੰਦਾ ਸੀ। ਜਦ ਹੀ ਤਾਰਾ ਉੱਠੇ

ਮੁੰਡਾ ਹਾਲੇ ਵੀ ਸੁੱਤਾ ਸੀ। ਘਰ ਵਿਚ ਤੂਫ਼ਾਨ ਲਿਆ ਕੇ ਉੱਠਾ ਦਿੱਤਾ ਸੀ। ਜਦ ਵੀ ਮੁੰਡਾ ਰਸੋਈਖ਼ਾਨੇ ਵਿਚ ਮਦਦ ਕਰੇ ਗਲਤੀਆਂ ਕਦੀ ਗਿਆ। ਇਕ ਦਿਨ ਆਪਣੇ ਕ੍ਰੋਧ ਵਿਚ ਰਾਣੇ ਦੀ ਅੱਖ ਵਿਚ ਮੁੱਕਾ ਮਾਰ ਦਿੱਤਾ। ਮੁੰਡੇ ਦੇ ਨੀਲਾ ਸੋਜ਼ ਪੈ ਗਿਆ। ਮਨ ਵਿਚ ਤਾਰਾ ਸ਼ਰਮਿੰਦਾ ਸੀ ਪਰ ਘੁਮੰਡ ਨੇ ਸੌਰੀ ਕਰਨ ਤੋਂ ਰੋਕ ਦਿੱਤਾ। ਵੀਤਾ ਵੀ ਥੱਕ ਗਈ ਸੀ। ਇਹ ਸਾਫ਼ ਤਾਰੇ ਨੂੰ ਦਿੱਸਦਾ ਸੀ। ਪਰ ਆਣ ਵੀ ਸੀ। ਫਿਰ ਹੋਰ ਬਦਲ ਗਿਆ। ਤਾਰੇ ਦੀਆਂ ਅੱਖਾਂ ਵਿਚ ਆਪਣਾ ਟੱਬਰ ਉਸ ਦੇ ਭੈਣ ਭਰਾ ਤੋਂ ਉੱਚੇ ਸੀ। ਵੀਤਾ ਅਤੇ ਰਾਣੇ ਤੋਂ ਅੱਕ ਗਿਆ। ਨਿੱਤ ਨਿੱਤ ਗਾਲ੍ਹਾਂ ਕੱਢੀਆਂ। ਇਕ ਦਿਨ ਵੀਤਾ ਨੇ ਵਾਪਸ ਬੋਲਿਆ। ਤਾਰੇ ਨੂੰ ਖਿੱਝ ਚੜ੍ਹ ਗਈ। ਸਿੱਕਾ ਉਪਰ ਹੇਠਾਂ ਸੁੱਟੀ ਗਿਆ।

– ਬੱਸ ਤੂੰ ਹੀ ਰਾਣੇ ਨੂੰ ਵਿਗਾੜਿਆ। ਵੇਖ ਕਿੰਨਾ ਸੁਸਤ ਏ। ਓਏ ਕੁੱਤਿਆ। ਅੱਜ ਕਿਹੜੇ ਟਾਇਮ ਉਠਿਆ?–

– ਅੱਠ ਵਜੇ–

– ਅੱਠ ਵਜੇ! ਸਾਲਿਆ! ਹੋਰਾਂ ਦੇ ਜਵਾਨ ਮੁੰਡੇ ਛੇ ਵਜੇ ਬਾਹਰ ਦੌੜਣ ਜਾਂਦੇ ਏ। ਨਿਕੰਮਾ!–

– ਰਹਿਣ ਦੇ ਜੀ। ਤੁਹਾਡੀ ਬਹੁਤ ਮਦਦ ਕਰਦਾ–

ਜਾਣ ਦਿਆ ਕਰ! ਬੇਕਾਰ ਏ। ਪੜ੍ਹਾਈ ਵਿਚ ਵੀ ਸਭ ਤੋਂ ਪਿੱਛੇ ਐ। ਮੈਂ ਸਕੂਲ 'ਚ ਬਹੁਤ ਤੇਜ਼ ਹੁੰਦਾ ਸੀ। ਛੇ ਵਜੇ ਤਕ ਪਤੇ ਸਮਬਾਲੇ ਹੁੰਦੇ ਸੀ। ਸਪਓਇਲ ਕੀਤਾ ਆਂ। ਤੂੰ ਵੀ ਟੀ.ਵੀ. ਦੇ ਸਾਹਮਣੇ ਬਹਿ ਜਾਂਦੀ ਐ। ਕੋਈ ਕੰਮ ਕਰਨਾ ਆਉਂਦਾ! ਮੀਤਾ ਤਾਂ ਸਾਰੇ ਘਰ ਨੂੰ ਸਾਫ਼ ਕਰਦਾ ਸੀ। ਪਾਪਾ ਵੀ ਹਿੰਮਤਵਾਲਾ ਸੀ। –

– ਤੁਸੀਂ ਤਾਂ ਬਹੁਤ ਤੇਜ਼ ਹੋ। ਤੁਹਾਡਾ ਸਾਰਾ ਟੱਬਰ –

– ਖ਼ਬਰਦਾਰ ਜੇ ਉਨ੍ਹਾਂ ਦੇ ਵਾਰੇ ਕੁਛ ਵੀ ਕਿਹਾ! ਤੇਰਾ ਟੱਬਰ ਬਹੁਤ ਹੀ ਕਾਇਮ ਏ! ਡੇਲ ਵਿਕਾਰ ਏ! ਨਾਲੇ ਤੇਰਾ ਬਾਪੂ ਤਾਂ ਬਹੁਤਾ ਹੀ ਸੋਫਟ ਹੈ ਨਾ?– ਸਿੱਕਾ ਰਾਣੇ ਦੇ ਮੂੰਹ ਵੱਲ ਸੁੱਟ ਦਿੱਤਾ। ਰਾਣਾ ਮਾਂ ਵੱਲ ਹੋ ਗਿਆ।

– ਛੱਡ ਕੁੱਤੇ ਨੂੰ ਨ੍ਹੀਂ ਤਾਂ ਤੇਰੀ ਮੇਰੀ ਹੱਥੀ ਪੈਰੀ ਹੋ ਜਾਣੀ ਏ!–

ਇੱਦਾਂ ਦੇ ਮੂਡ ਵਿਚ ਹੀ ਰਿਹਾ। ਹਾਰ ਕੇ ਪਬ ਜਾਣ ਲੱਗ ਗਿਆ। ਹਰੇਕ ਰਾਤ ਸ਼ਰਾਬੀ ਹੋ ਕੇ ਘਰ ਆਉਂਦਾ ਸੀ। ਇਕ ਦਿਨ ਵੀਤਾ ਨੇ ਦਸਿਆ ਕੇ ਸਕੂਲ ਦੀ ਰਗਬੀ ਮੈਚ ਵਿਚ ਸੈਫ਼ੀ ਦੇ ਮੁੰਡੇ ਨੇ ਰਾਣੇ ਨੂੰ ਮਾਰਿਆ।

– ਓਏ ਦਲਾਲ ਪਾਜੀ! ਤੂੰ ਇੰਨਾਂ ਕਮਜ਼ੋਰ ਕਿਵੇਂ ਬਣਾ? ਮੇਰੀ ਅੱਲਾਦ ਤਾਂ ਹੋ ਨਹੀਂ ਸਕਦਾ!– ਇਹ ਹਾਲ ਵਿਚ ਰਾਣੇ ਦੇ ਕਮਰੇ ਵਿਚ ਤੁਰ ਗਿਆ। ਮੁੰਡਾ ਡਰਦਾ ਡਰਦਾ ਪਲੰਘ ਦੇ ਦੂਜੇ ਪਾਸੇ ਖੜ੍ਹਾ ਕੰਬਦਾ ਸੀ। ਤਾਰੇ ਦੀਆਂ ਅੱਖਾਂ ਮੇਜ਼ ਵੱਲ ਗਈਆਂ। ਇਕ ਪੱਤਰ ਚੁੱਕ ਲਿਆ। ਕਾਗਜ਼ ਉਪਰ ਕੋਈ ਐਸਤਾਰਫੀਨੀਆ ਬਾਰੇ ਲਿਖਿਆ ਸੀ।

– ਇਹ ਕੀ ਬਕਵਾਸ ਏ?–

– ਕੁਛ ਨਹੀਂ–

– ਕੁਛ ਨਹੀਂ? ਕੁਝ ਤਾਂ ਏ?– ਫਿਰ ਪੜ੍ਹਿਆ। – ਕੁੱਤਿਆ ਏ ਤੇਰੀ ਸਕੂਲ ਦੀ ਪੜ੍ਹਾਈ ਨਹੀਂ ਲੱਗਦੀ!– ਗੁੱਸੇ ਵਿਚ ਪੱਤਰ ਰਾਣੇ ਵੱਲ ਮਾਰਿਆ। ਵੀਤਾ ਵੀ ਅੰਦਰ ਆਂ



ਗਈ ਸੀ।

– ਹੁਣ ਕੀ ਗੱਲ?–

– ਆ ਕੀ ਏ? ਪੜ੍ਹਦਾ ਕੇ ਕੀ?–

– ਤੁਸੀਂ ਇਹਦਾ ਚੇਤਾ ਭੁਲਾ ਦੋ। ਵੇਖੋ ਅੱਜ ਸਵਰਨ ਨੇ ਰਾਣੇ । –

– ਝੂਠ! ਬੋਲੀ ਜਾਂਦੀ ਐ! ਬਲਾਡੀ ਵੋਮਾਨ!– ਤਾਰੇ ਦੀ ਅੱਖ ਹੋਰ ਪੱਤਰ ਵੱਲ ਤੁਰ ਗਈ। ਮੇਜ਼ ਤੋਂ ਚੁੱਕ ਕੇ ਪੜ੍ਹਿਆ। ਅੰਗਰੇਜ਼ੀ ਵਿਚ ਲਿਖੀ ਸੀ।

ਤਾਰੇ ਨੂੰ ਗਰਮੀ ਚੜ੍ਹ ਗਈ। ਸੋਚੇ ਮੇਰੇ ਬਾਲੇ ਕਿਵੇਂ ਇੱਦਾਂ ਦੀ ਨਜ਼ਮ ਲਿਖ ਸਕਦਾ ਸੀ? ਕਿਵੇਂ?

– ਤੇਰੀ ਹਿੰਮਤ ਕਿਵੇਂ– ਪਰ ਇਸ ਤੋਂ ਹੋਰ ਕੁਝ ਮੂੰਹ ਵਿਚੋਂ ਨਹੀਂ ਨਿਕਲਿਆ। ਅੱਗੇ ਹੋ ਕੇ ਰਾਣੇ ਨੂੰ ਗਰਦਨ ਤੋਂ ਫੜ ਲਿਆ। ਦੂਜੇ ਹੱਥ ਨਾਲ ਕਾਗਜ਼ ਨੂੰ ਫੇਹ ਕੇ ਰਾਣੇ ਦੇ ਪਤਲੂਣ ਵਿਚ ਤੁੰਨ ਦਿੱਤਾ।

– ਤੁਸੀਂ ਕੀ ਕਰਦੇ ਐ?– ਵੀਤਾ ਤੋਂ ਕਹਿ ਹੋ ਗਿਆ। ਤਾਰੇ ਨੂੰ ਵਾਪਸ ਬੋਲਣ ਵਾਲੀ ਤੀਵੀਂ ਸਹਾਰ ਨਹੀਂ ਹੁੰਦੀ ਸੀ। ਬਾਪੂ ਨੇ ਹਮੇਸ਼ਾਂ ਕਿਹਾ ਸੀ ਕੇ ਜਨਾਨੀ ਚਾਰ ਸੌ ਵੀਹ ਕਰਨ ਵਾਲੀ ਨਾਗ ਹੁੰਦੀ ਹੈ। ਇਹ ਝੂਠ ਵਿਚ ਬਹੁਤ ਮੰਨਦਾ ਸੀ।

– ਮੂੰਹ ਬੰਦ ਕਰ। ਤੂੰ ਇਹਨੂੰ ਵਿਗਾੜਿਆ। ਕਿੱਥੇ ਪਹੁੰਚਿਆ। ਹਮੇਸ਼ਾਂ ਬੁਰੀ ਸਕੂਲ ਰੀਪੋਰਟ ਆਉਂਦੀ ਏ। ਕੰਮ ਚੋਰ ਏ। ਮੈਂ ਤੈਨੂੰ ਕਰਦਾ ਖਿਲਾਸੀ ਭੈਣ...। – ਤਾਰੇ ਨੇ ਚਪੇੜ ਮਾਰਨ ਦੀ ਕੋਸ਼ਿਸ਼ ਕੀਤੀ। ਵੀਤਾ ਰਾਹ ਵਿਚ ਆ ਗਈ। - ਮੂਰਖ ਔਰਤ– ਗਰਮੀ ਦੀ ਮਦਹੋਸ਼ੀ ਵਿਚ ਤਾਰੇ ਨੇ ਵੀਤਾ ਨੂੰ ਮਾਰਿਆ। ਮੁੰਡਾ ਇੰਨਾ ਡਰਦਾ ਸੀ ਕੇ ਉਸ ਨੇ ਮਾਂ ਦੀ ਮਦਦ ਨਹੀਂ ਕੀਤੀ। ਵੀਤਾ ਨੂੰ ਕਮਰੇ ਵਿਚੋਂ ਬਾਹਰ ਘੜੀਸ ਕੇ ਲੈ ਗਿਆ। ਜਾੜ ਉੱਤੇ ਮੁਕਾ ਮਾਰ ਦਿੱਤਾ। ਵਿਚਾਰੀ ਪੌੜੀਆਂ ਉਪਰ ਡਿੱਗ ਗਈ। ਤਾਰੇ ਦਾ ਹੱਥ ਵਦਾਣ ਵਰਗਾ ਸੀ। ਫੰਧਕ ਬਾਂਹਾਂ ਨਾਲ ਵੀਤਾ ਨੂੰ ਚੁੱਕ ਲਿਆ। - ਬੱਸ ਤੈਥੋਂ ਹਟ ਨਹੀਂ ਸਕਦਾ ਭਲਾ! ਕਿਹਾ ਸੀ ਹੱਥ ਪੈਰੀ ਹੋ ਜਾਣੀ। ਤੂੰ ਸੁਣਦੀ ਨਹੀਂ। ਆਪਣੇ ਬੂਥੇ ਨੂੰ ਸਾਫ਼ ਕਰ। – ਜ਼ੋਰ ਦੇਣੀ ਬਾਥਰੂਮ ਵੱਲ ਭੇਜ ਦਿੱਤੀ। ਤਾਰੇ ਦੀਆਂ ਨਾੜਾਂ ਵਿਚ ਲਹੂ ਦੌੜਦਾ ਸੀ। ਰਾਵਣ ਬਣ ਗਿਆ ਸੀ। ਸੰਖੇਪ ਜਾਚ ਨਾਲ ਬੋਲਿਆ - ਤੂੰ ਤਾਂ ਬਹੁਤ ਹੀ ਚੰਗਾ ਏ ਨਾ? ਆਪਨੂੰ ਬਹੁਤ ਸਿੱਧਾ ਸਾਧਾ ਵਿਖਾਉਂਦਾ। ਤੈਨੂੰ ਆਜ਼ਾਦ ਕਰੀਏ। – ਵੱਧਰੀ ਲਾ ਕੇ ਰਾਣੇ ਉੱਤੇ ਤੂਫ਼ਾਨ ਵਾਂਗ ਪਿਆ। ਰਾਣੇ ਨੂੰ ਹੱਥੋਂ ਨਹੀਂ ਨਿਕਲ ਜਾਣ ਦਾ ਮੌਕਾ ਮਿਲਿਆ। ਬਾਥਰੂਮ ਵਿਚ ਵੀਤਾ ਰੱਜ ਰੱਜ ਕੇ ਰੋਂਦੀ ਸੀ। ਮਾਰ ਕੇ ਤਾਰਾ ਗੁੱਸੇ ਤੋਂ ਸੰਜਮੀ ਹੋ ਗਿਆ ਸੀ। ਅੱਖਾਂ ਦੀਆਂ ਧੀਰੀਆਂ ਪਿੱਛੇ ਨਿੱਕਾ ਜਾਂ ਮਿੱਕਰ ਦੋਸ਼ ਦਾ ਜਗਦਾ ਸੀ। ਚੁੱਪ ਚਾਪ ਥੱਲੇ ਚਲਾ ਗਿਆ।

ਵਹੁਟੀ ਪੱਤਰ ਨੂੰ ਚੂਰ ਚੂਰ ਦਿੱਤਾ ਸੀ। ਵਿਚ ਕਦੇ ਰੋਂਦੀ ਆਵਾਜ਼ ਸੀ। ਤਾਰੇ ਨੇ ਵਿਸਕੀ ਦੀ ਬੋਤਲ ਖੋਲ੍ਹ ਕੇ ਪੀਂ ਲਈ। ਹੁਣ ਝਿੜਕਾਂ ਹੱਟ ਗਈਆਂ ਸੀ। - ਮੈਂ ਨਹੀਂ ਇੰਡੀਆ ਜਾਣਾ। ਮੈਨੂੰ ਤੁਹਾਡੀ ਕੋਈ ਲੋੜ ਨਹੀਂ। ਆਪਣੀ ਰੋਟੀ ਖਾਲੂਗਾ। ਭਾਵੇਂ ਸੜਕ ਤੇ ਸੌਵਾ। – ਜ਼ੋਰ ਦੇਣੀ ਚਿਲਾਇਆ। ਪਰ ਮਨ ਵਿਚ ਖ਼ੁਸ਼ ਨਹੀਂ ਸੀ। ਬੇਸ਼ਰਮ ਸੀ। ਪਰ ਜੱਟ ਕਿਥੇ ਪਹਿਲਾ ਦਿਮਾਗ਼ ਨਾਲ ਸੋਚਦਾ? ਆਲ਼ੇ–ਦੁਆਲ਼ੇ ਘਰ ਕਬਰਿਸਤਾਨ

ਵਾਂਗ ਤੰਗੀ ਸੀ। ਘਰ ਦਾ ਵਸਤਰ ਅਫ਼ਸੋਸ ਨਾਲ ਝੁਕੇ। ਤਾਰੇ ਦੀ ਧੱਕੇਸ਼ਾਹੀ ਵੱਲ ਕਬਰਸਤਾਨ ਔਝੜ ਨਾਲ ਹੱਸੇ। ਤਾਰੇ ਨੂੰ ਆਪਣੀ ਦੋਸ਼ੀ ਨਹੀਂ ਦਿਸਦੀ ਸੀ। ਤਾਰੇ ਦੇ ਮਨ ਵਿਚ ਰਾਣੇ ਦੇ ਸਭ ਵਿਗਾੜਾਂ ਨੇ ਖ਼ਰਾਬ ਕੀਤਾ ਸੀ। ਰਾਣੇ ਨੇ ਛੇੜ ਵਾਲੀ ਗੱਲ ਲਿਖੀ ਸੀ। ਵੀਤਾ ਨੂੰ ਘੁਟਨ ਦਾ ਠੀਕ ਸਾਬਤ ਮਨ ਵਿਚ ਸੀਗਾ। ਤੀਵੀਂ ਨੇ ਮੁੰਡੇ ਨੂੰ ਚਮਲਾਇਆ। ਤਾਰੇ ਦੇ ਮਨ ਵਿਚ ਇਹ ਸਰਬ ਵਿਆਪੀ ਸੱਚ ਸੀ। ਉਪਰੋਂ ਮੁੰਡੇ ਅਤੇ ਮਾਂ ਦੀਆਂ ਆਵਾਜ਼ਾਂ ਹੁਣ ਨਹੀਂ ਆਈਆਂ। ਘਰ ਸੁੰਨਾ ਸੀ। ਘਰ ਖਾਮੋਸ਼ ਸੀ। ਘਰ ਕਬਰਿਸਤਾਨ ਸੀ। ਰੱਬ ਖਾਮੋਸ਼ ਸੀ। 'ਕਲੀ ਬੋਤਲ ਬੋਲੀ - ਤੂੰ ਹਮੇਸ਼ਾਂ ਸਹੀ ਐ ਤਾਰਿਆ। ਹਮੇਸ਼ਾ-।

ਅੱਜ ਕੱਲ੍ਹ ਇਹ ਚੱਕਰ ਸੀ।

## *ਸਤ*

ਅੱਜ ਕੱਲ੍ਹ ਨੀਂਦ ਆ ਜਾਂਦੀ ਸੀ। ਪਰ ਮਨਮੁਖ ਜ਼ਿੱਦ ਨੇ ਤਾਰੇ ਨੂੰ ਸੌਰੀ ਕਹਿਣ ਅਤੇ ਗ਼ਲਤੀ ਮੰਨਣ ਤੋਂ ਰੋਕਿਆ ਸੀ। ਪੱਥਰ ਵਰਗਾ ਮੂੰਹ ਬਣਾ ਲੈਂਦਾ ਸੀ। ਪਰ ਆਪਣੀ ਗ਼ਲਤੀ ਨਹੀਂ ਮੰਨਣੀ। ਇਹ ਸੀ ਤਾਰੇ ਦੀ ਮਾਰ। ਇਹ ਸੀ ਪੰਜਾਬੀ ਬੰਦੇ ਦੀ ਫਿਟਕਾਰ। ਤਾਰੇ ਦੇ ਦਿਮਾਗ਼ ਵਿਚ ਜਨਾਨੀ ਵਾਪਸ ਬੋਲਦੀ ਆਪਣੀ ਖ਼ਿਆਲ ਦੱਸਦੀ ਮੂੰਹ ਲਾਉਣ ਸੀ। ਜੇ ਕਦੀ ਵੀਤਾ ਨੇ ਕੁਝ ਵੀ ਕਹਿਣ ਦੀ ਕੋਸ਼ਿਸ਼ ਕੀਤੀ ਛੁਰੇ ਵਾਂਗ ਵਿਚ ਬੋਲ ਉੱਠਾਰ ਦਿੰਦਾ ਸੀ। ਸੱਚ ਸੀ ਤਾਰੇ ਦੇ ਐਕਸ਼ਨ ਮੁੜ ਮੁੰਰਮਤ ਨਹੀਂ ਹੋ ਸਕਦੇ ਸੀ। ਤਾਰਾ ਬਹੁਤ ਸੌਖਾ ਘੁਸ ਜਾਂਦਾ ਸੀ। ਅੱਜਕੱਲ੍ਹ ਨਿੱਕੀਆਂ ਗੱਲਾਂ ਤੋਂ ਹੀ ਰੜਕ ਜਾਂਦਾ ਸੀ। ਵੀਤਾ ਦੀ ਸਹਾਰੇ ਲਈ ਕੋਈ ਧੰਨਵਾਦੀ ਨਹੀਂ ਸੀ। ਨਾਲੇ ਜੇ ਨਰਮੀ ਪਿਆਰ ਹੁਣ ਵਿਖਾਇਆ ਸੁਭਾਉ ਦੇ ਉਲਟ ਹੋਵੇਗਾ। ਇਸ ਲਈ ਮਾਂ ਪੁੱਤਰ ਨੂੰ ਏਵਾਓਡ ਕਰਨ ਲੱਗ ਗਿਆ। ਜਦ ਜਲਪਾਨ ਗ੍ਰਹਿ ਵਿਚ ਨਹੀਂ ਸੀ ਪਬਾਂ ਵਿਚ ਨਸ਼ੇ 'ਚ ਪਿਆ ਹੁੰਦਾ ਸੀ। ਜਦ ਘਰ ਆਉਂਦਾ ਵੀ ਸੀ ਸ਼ਰਾਬ ਦਾ ਮੁਸ਼ਕ ਇਹਦੇ ਪਿੱਛੇ ਨਾੜੂਆਂ ਵਾਂਗ ਲਟਕਦਾ ਸੀ। ਥਿੜਕਿਆ ਹੋਇਆ ਦਰਾਂ ਵਿਚ ਡਿੱਗਦਾ ਸੀ। ਪਹਿਲਾਂ ਪਹਿਲਾਂ ਵੀਤਾ ਬੋਲਣ ਦੀ ਕੋਸ਼ਿਸ਼ ਕਰਦੀ ਸੀ। ਪਰ ਤਾਰੇ ਨੇ ਉਸਨੂੰ ਕੁੱਟ ਕੁੱਟ ਕੇ ਦਿਖਾ ਦਿੱਤਾ ਕੌਣ 'ਬੋਸ' ਸੀ।

– ਜੇ ਤੂੰ ਆਪਣੇ ਚੂਹੇ ਬਾਪ ਨੂੰ ਕੁਛ ਵੀ ਕਿਹਾ। ਸਮਝ ਗਈ ਕੁਤੀਏ? ਢੇਲ ਨੂੰ ਵੀ ਢਾਹ ਲੈਂਗਾ। – ਪਰ ਜਦ ਸੌਫ਼ੀ ਸੀ ਸ਼ਰਮ ਆ ਜਾਂਦੀ ਸੀ। ਆਣ ਕਰਕੇ ਵਹੁਟੀ ਨੂੰ ਨਹੀਂ ਕਹਿਣਾ। ਉਹ ਉੱਲੂ ਰਾਣੇ ਨੂੰ ਵੀ ਕੁੱਝ ਵੀ ਨਹੀਂ ਕਹਿਣਾ। ਦਿਲ ਦੀਆਂ ਗੱਲਾਂ ਹਮੇਸ਼ਾਂ ਕੋਈ ਬਾਹਰ ਲੈ ਨੂੰ ਵੰਡ ਕੇ ਸੁਣਾਉਣਾ। ਪਬ ਵਿਚ ਰਾਜਿੰਦਰ ਅਤੇ ਨਿਰਮਲ ਨੂੰ ਦਸਦਾ ਸੀ। ਕੰਡਕਟਰ ਨੇ ਇਕ ਦਿਨ ਆ ਕੇ ਝਿੜਕਾਂ ਮਾਰੀਆਂ। ਅਸਰ ਨਹੀਂ ਹੋਇਆ।

– ਬੱਚੇ ਤੂੰ ਬਿਜਨਿਸ ਨੂੰ ਨਾਸ਼ ਕਰ ਦਿੱਤਾ। ਵਿਆਹ ਦਾ ਵੀ ਤਬਾਹ ਕਰ ਰਿਹਾ। –

– ਤੈਨੂੰ ਕੀ ਏ? ਮੇਰੀ ਮਰਜ਼ੀ। ਕੁਝ ਮੇਰੀ। ਮੈਨੂੰ ਪਨਾਹ ਏ ਬੋਤਲ ਵਿਚ ਹੀ ਏ–

– ਤੂੰ ਆਪਣਾ ਹੀ ਦੁਸ਼ਮਨ ਏ ਮੇਰਾ ਬੱਚਾ–



– ਤੇਰਾ ਬੱਚਾ? ਤੂੰ ਕਦ ਮੇਰਾ ਬਾਪ ਬਣ ਗਿਆ ਸਾਲਿਆ। ਨਸ ਜਾ ਏਥੋਂ!–

ਪਰ ਆਪਣੇ ਡੂੰਗੇ ਮਨ ਵਿਚ ਇਹ ਹਾਲਾਤ ਵਿਚ ਖ਼ੁਸ਼ ਨਹੀਂ ਸੀ। ਰਾਣਾ ਅਤੇ ਵੀਤਾ ਹਾਲੇ ਵੀ *ਲਾਲ ਕਿਲ੍ਹੇ* 'ਚ ਕੰਮ ਕਰਨ ਆਉਂਦੇ ਸੀ। ਤਾਰਾ ਜਾਣ ਕੇ ਉਨ੍ਹਾਂ ਨਾਲ ਬੋਲਦਾ ਨਹੀਂ ਸੀ। ਇਕ ਰਾਤ ਰਾਣੇ ਨੇ ਲਾਲ ਮਿਰਚ ਖਾਣੇ ਵਿਚ ਬਹੁਤੀ ਪਾ ਦਿੱਤੀ ਸੀ। ਗਾਹਕ ਨੇ ਫ਼ਰਿਆਦ ਕੀਤੀ। ਬੱਸ ਸਭ ਦੇ ਸਾਹਮਣੇ ਉਹਦਾ ਮੱਠਾ ਕਰਨ ਲੱਗ ਗਿਆ। ਰਸੋਈ ਗਰਮ ਸੀ। ਤਾਰਾ ਉਸ ਤੋਂ ਵੀ ਵੱਧ। ਸਾਰਿਆਂ ਦੇ ਸਾਹਮਣੇ ਬੇਇੱਜ਼ਤੀ ਕੀਤੀ। ਸਭ ਹੈਰਾਨੀ ਵਿਚ ਖੜ ਗਏ। ਰਸੋਈ ਵਿਚੋਂ ਅੱਗੇ ਰਸੋਈਖ਼ਾਨੇ ਵਿਚ ਮੁੰਡਾ ਸੁੱਟ ਦਿੱਤਾ। ਕੋਈ ਸ਼ਰਮ ਨਹੀਂ ਸੀ। ਗਾਹਕਾਂ ਦੇ ਸਾਹਮਣੇ ਏਸੈਪੇਨੀਆਲ ਬਲਦ ਵਾਂਗੂੰ ਲਾਲ ਚਾਦਰ ਮਗਰ ਸਿੰਗ ਮਾਰਦਾ ਲੱਗਦਾ ਸੀ। ਪਾਗ਼ਲ ਹੋ ਗਿਆ ਸੀ। ਜਿਸ ਗਾਹਕ ਨੇ ਫ਼ਰਿਆਦ ਕੀਤੀ ਸੀ ਉਹ ਵੀ ਮਿੰਨਤਾਂ ਕਰਨ ਲੱਗ ਗਿਆ। ਪਰ ਤਾਰੇ ਤੋਂ ਹਟ ਨਹੀਂ ਹੋਇਆ।

– ਜੱਟ ਕੀ ਜਾਣੇ ਲੌਂਗਾਂ ਦਾ ਭਾ। ਅੰਨ੍ਹਾ ਕੀ ਜਾਣੇ ਬਸੰਤ ਦੀ ਬਹਾਰ– ਕਿਸੇ ਨੇ ਬੋਲਿਆ। ਕੀ ਪਤਾ ਤਾਰੇ ਦੀ ਗੱਲ ਕਰਦਾ ਸੀ। ਕੀ ਪਤਾ ਕੋਈ ਨਸਲਵਾਦ ਸੀ ਗੱਲ ਉਸ ਦੇ ਨਾਲ ਦੇ ਨਾਲ ਕਰਦਾ ਸੀ। ਜੋ ਮਰਜ਼ੀ। ਤਾਰੇ ਨੇ ਤਾਂ ਆਪਣੇ ਉੱਤੇ ਲੈ ਲਈ।

– ਤੂੰ ਕੀ ਕਿਹਾ?–

– ਕੌਣ ਮੈਂ ਭਾਜੀ?–

– ਹੋਰ ਤੇਰੀ ਮਾਂ?... ਮੇਰੇ ਬਾਰੇ ਕੁਝ ਕਿਹਾ?–

– ਨਹੀਂ ਭਰਾ ਜੀ – । ਉਸ ਦੀ ਗੱਲ ਮੁਕਣ ਤੋਂ ਹੀ ਪਹਿਲਾ ਗਲੇ ਤੋਂ ਫੜ ਕੇ *ਲਾਲ ਕਿਲ੍ਹੇ* ਤੋਂ ਬਾਹਰ ਸੁੱਟ ਦਿੱਤਾ। ਪਲ ਵਿਚ ਰਾਣੇ ਦਾ ਚੇਤਾ ਭੁਲਾ ਦਿੱਤਾ। ਸਾਰੇ ਲੋਕ ਹੈਰਾਨ ਹੋ ਗਏ। ਬਾਹਰ ਸੜਕ ਉੱਤੇ ਜਾ ਕੇ ਰੱਜ ਰੱਜ ਕੇ ਬੰਦੇ ਨੂੰ ਕੁੱਟਿਆ। ਬੱਸ ਪੁਲਸ ਆ ਗਈ ਸੀ। ਹੁਣ ਫ਼ਰਿਆਦ ਤਾਰੇ ਖ਼ਿਲਾਫ਼ ਆਈ। ਬਥੇਰੇ ਗਾਵਾ ਸੀ। ਪੁਲਸ ਨੇ ਜੀ ਬੀ ਹੈਚ ਨਾਲ ਕਾਇਰ ਨੂੰ ਦੋਸ਼ ਲਾ ਦਿੱਤਾ ਸੀ। ਉਸ ਰਾਤ ਗਰਮ ਮਰਦ ਠੰਢੇ ਜੇਲ੍ਹ ਵਿਚ ਸੋਇਆ। ਸਵੇਰੇ ਤੱਕ ਠੰਢੀ ਆ ਗਈ ਸੀ। ਕੰਡਕਟਰ ਨੇ ਜ਼ਮਾਨਤ ਦੇ ਦਿੱਤੀ। ਚੁੱਪ ਚਾਪ ਹੋ ਕੇ ਕੰਡਕਟਰ ਨਾਲ ਆਪਣੇ ਘਰ ਗਿਆ। ਜਦ ਅੰਦਰ ਗਿਆ ਸੋਫ਼ੇ ਉੱਤੇ ਪ੍ਰੋਫ਼ੈਸਰ। ਡੇਲ। ਟੀਨਾ ਅਤੇ ਰਾਣਾ ਬੈਠੇ ਸਨ। ਵੀਤਾ ਰਸੋਈ ਵਿਚ ਸੀ। ਕੰਡਕਟਰ ਨੇ ਸਭ ਨੂੰ 'ਸਾਸਰੀਅਕਾਲ' ਕਰਕੇ ਤਾਰੇ ਨੂੰ ਉਨ੍ਹਾਂ ਦੇ ਹਵਾਲੇ ਛੱਡ ਦਿੱਤਾ। ਡੇਲ ਘੁਰ ਘੁਰ ਕੇ ਭਣੋਈਏ ਵੱਲ ਤੱਕੇ।

ਵੀਤਾ ਰਸੋਈ ਵਿਚੋਂ ਬਾਹਰ ਆ ਗਈ। ਸਾਫ਼ ਦਿਸਦਾ ਸੀ ਕੇ ਸਾਰੀ ਰਾਤ ਰੋਂਦੀ ਸੀ। ਬੋਲਣ ਤੋਂ ਬਗ਼ੈਰ ਤਾਰਾ ਉਪਰ ਚਲਾ ਗਿਆ। ਉਸ ਦੇ ਜਾਣ ਨਾਲ ਖਮੋਸ਼ੀ ਹਟ ਗਈ। ਆਪਣੇ ਬੈੱਡ 'ਤੇ ਬਹਿ ਗਿਆ– ਮੈਨੂੰ ਕੀ ਹੋ ਗਿਆ?– ਆਪਣੇ ਆਪ ਨੂੰ ਆਖੇ।

ਦਰਵਾਜ਼ੇ ਉੱਤੇ ਹੱਥ ਖੜਕਿਆ।

– ਮੈਂ ਅੰਦਰ ਆ ਸਕਦੀ ਆਂ?– ਵੀਤਾ ਨੇ ਪੁੱਛਿਆ।

– ਆਹੋ– ਢਿੱਲੀ ਆਵਾਜ਼ ਨਾਲ ਉੱਤਰ ਆਇਆ।

ਵੀਤਾ ਅੰਦਰ ਆ ਗਈ। ਦੋਨਾਂ ਦੀਆਂ ਅੱਖਾਂ ਮਿਲੀਆਂ। ਇਹ ਦੀਆਂ ਸ਼ਰਮ ਨਾਲ ਭਰੀਆ ਸੀ। ਉਹ ਦੀਆਂ ਰਹਿਮਤ ਨਾਲ। ਫਿਰ ਵੀ ਇਨ੍ਹੀ ਕੁੱਟ ਖਾਣ ਤੋਂ ਬਾਅਦ।

ਤਾਰੇ ਦੀਆਂ ਅੱਖਾਂ ਭਰ ਗਈਆਂ। ਬਾਂਹਾਂ ਵਧਾਈਆਂ ਜਿੱਦਾਂ ਪੰਛੀ ਪੂਰੇ ਖੰਭ ਖਿਲਾਰਦਾ ਹੁੰਦਾ। ਪਹਿਲੀ ਵਾਰੀ ਆਖ਼ਰੀ ਵਾਰੀ ਜ਼ਿੰਦਗੀ ਵਿਚ ਬੋਲਿਆ - ਸੌਰੀ - ਵੀਤਾ ਨੂੰ। ਵੀਤਾ ਨੂੰ ਜੱਫੀ ਪਾ ਦਿੱਤੀ। ਦੋਵੇਂ ਰੱਜ ਰੱਜ ਕੇ ਰੋਏ।

ਡੇਲ ਨੇ ਟੇਪ ਲਾ ਦਿੱਤੀ ਸੀ। ਬਟਾਲਵੀ ਦਾ 'ਪੀੜਾਂ ਦਾ ਪਰਾਗਾ' ਦੀ ਆਵਾਜ਼ ਉਪਰ ਆਈ। ਪਹਿਲਾ ਵੀਤਾ ਥੱਲੇ ਗਈ। ਤਾਰਾ ਬਾਅਦ 'ਚ ਹੇਠਾਂ ਗਿਆ। ਜਦ ਹੇਠਾਂ ਆਇਆ ਸਾਰੇ ਗਾਣੇ ਸੁਣਦੇ ਮੀਟ ਖਾਂਦੇ ਸੀ। ਰਸੋਈ ਵਿਚ ਰੋਟੀਆਂ ਪੱਕਦੀਆਂ ਸਨ। ਤਾਰਾ ਬੈਠਣ ਹੀ ਲੱਗਾ ਸੀ ਜਦ ਪ੍ਰੋਫ਼ੈਸਰ ਨੇ ਕਿਹਾ - ਰਾਣਾ ਫਰੰਟ ਰੂਮ ਵਿਚ ਤੈਨੂੰ ਉਡੀਕਦਾ–। ਸਿਰ ਨਾਲ ਸੈਣਤ ਕਰਕੇ ਤਾਰਾ ਮੂਹਰਲੇ ਕਮਰੇ ਵਿਚ ਚਲਾ ਗਿਆ।

ਬੈਠਕ ਦੀ ਮੈਇਨ ਕੰਧ ਉੱਤੇ ਵੱਡੀ ਗੁਰੂ ਗੋਬਿੰਦ ਸਿੰਘ ਦੀ ਤਸਵੀਰ ਟੰਗੀ ਸੀ। ਇਸ ਵਿਚ ਦਸਵੀਂ ਪਾਤਸ਼ਾਹੀ ਦਾ ਦਲੇਰ, ਹੌਸਲਾਮੰਦ ਅਤੇ ਜ਼ਬਰਦਸਤ ਲੱਗਦੇ ਸੀ। ਇਸ ਦੇ ਸਾਹਮਣੇ ਤੰਤਵੀਆ ਰਾਣਾ ਖਲੋਤਾ ਸੀ। ਬਾਪੂ ਨੂੰ ਦੇਖ ਕੇ ਨੁਨਣੀਆਂ ਲਮਕਾ ਦਿੱਤੀਆਂ।

– ਕੀ ਪੁੱਤ– ਬਾਪ ਨੇ ਪਿਆਰ ਨਾਲ ਆਖਿਆ।

– ਤੁਸੀਂ ਕਦੀ ਨਾ ਸ਼ਰਾਬ ਪੀਓ–

– ਨਹੀਂ ਪੀਂਦਾ– ਰਾਣੇ ਨੇ ਆਪਣਾ ਹੱਥ ਅੱਗੇ ਵਧਾ ਦਿੱਤਾ। ਹੱਥ ਵਿਚ ਗੁਟਕਾ ਸੀ। ਤਾਰੇ ਨੇ ਆਪਣਾ ਹੱਥ ਗੁਟਕੇ ਉੱਤੇ ਰੱਖ ਦਿੱਤਾ– ਦਸਵੀਂ ਪਾਤਸ਼ਾਹੀ ਸਾਹਮਣੇ ਸਹੁੰ ਖਾਂਦਾ। ਦਸ ਸਾਲ ਲਈ ਘੁੱਟ ਵੀ ਪੀਂਨੀ ਨਹੀਂ– ਪਿਉ ਨੇ ਪੁੱਤ ਨੂੰ ਜੱਫੀ ਪਾਈ।

ਉਪਰ ਗੁਰੂ ਗੋਬਿੰਦ ਸਖ਼ਤ ਅੱਖਾਂ ਨਾਲ ਵੇਖੇ।

ਤਾਰੇ ਨੇ ਸੋਚਿਆ– ਕੀ ਪਤਾ ਹਾਲੇ ਵੀ ਮੁਕਤੀ ਮਿਲ ਜਾਵੇਗੀ–। ਬਾਹਰੋਂ ਕਿਸੇ ਨੇ ਕਮਰੇ ਉੱਤੇ ਬੂਹਾ ਬੰਦ ਕਰ ਦਿੱਤਾ ਸੀ। ਇਸ ਸੀਨ ਉੱਤੇ ਅੰਧਕਾਰ ਆ ਗਈ ਸੀ।

**ਸਤਵਾਂ ਭਾਗ ਖ਼ਤਮ**

## ਅੱਠਵਾਂ ਭਾਗ

## ਕਵਿਤਾ

### *ਇਕ*

ਵੀਤਾ ਚਿੱਤਰ ਟਾਟ ਤੋਂ ਪਰ੍ਹੇ ਖਲੋਈ। ਚਿੱਤਰ ਟਾਟ ਕਾਲਾ ਸੀ। ਉਪਰ ਲਾਲ ਜਿੰਨ ਵਾਹਿਆ ਸੀ। ਇਸ ਦੇ ਥੱਲੇ ਦੋ ਕੰਬਦੇ ਨੀਲੇ ਚੱਕਰ। ਅੱਜ ਕੱਲ੍ਹ ਸਭ ਕੁਝ ਔਖਾ ਸੀ। ਕਈ ਦੇਰ ਲਈ ਘਰ ਵਿਚ ਰੌਲਾ ਪੈਂਦਾ ਸੀ। ਗੁਰਪ੍ਰੀਤ ਦੀ ਮੌਤ ਤੋਂ ਬਾਅਦ ਤਾਰਾ ਉਦਾਸ ਹੀ ਰਿਹਾ। ਦਿਨ ਰਾਤ ਸ਼ਰਾਬ ਪੀਂਦਾ ਰਿਹਾ। ਵੀਤਾ ਨੂੰ ਦੁਖੀ ਕੀਤਾ ਰਾਣੇ ਨੂੰ ਵੀ। ਮਦ ਨੇ ਤਾਰੇ ਨੂੰ ਖਰਾਬ ਕਰ ਦਿੱਤਾ ਸੀ। ਫਿਰ ਵੀ ਵੀਤਾ ਨੇ ਹਿੰਮਤ ਨਾ ਹਾਰੀ। ਰੋਜ਼



ਰਾਣੇ ਨਾਲ ਭੋਜਨਸ਼ਾਲੇ ਜਾ ਕੇ ਕੰਮ ਕੀਤਾ। ਘਰ ਆ ਕੇ ਸ਼ੀਰੋ ਦਾ ਫੋਨ ਖੜਕਦਾ ਸੀ। ਜਦ ਦਾ ਟਾਏ ਗਿਆ ਦੁੱਖ ਸੁੱਖ ਵੀ ਇਹਦੇ ਨਾਲ ਕਰਦੀ ਸੀ। ਟਾਇਮ ਗੱਪਾਂ ਸ਼ੱਪਾਂ 'ਚ ਵੀ ਇਹਦੇ ਨਾਲ ਲੰਘਾ ਦਿੰਦੀ ਸੀ। ਅੱਗੇ ਨਾਲੋਂ ਸ਼ੀਰੋ ਖੁੱਲ੍ਹੀ ਡੁੱਲ੍ਹੀ ਹੋ ਗਈ ਸੀ। ਸ਼ੀਰੋ ਨੇ ਵਾਲ ਵੀ ਕੱਟ ਲਏ ਸੀ। ਸਲਵਾਰ ਕਮੀਜ਼ ਦੇ ਥਾਂ ਅੰਗਰੇਜ਼ੀ ਕੱਪੜੇ ਪਾਉਣ ਲੱਗ ਗਈ ਸੀ। ਪਰ ਜਦ ਉਹ ਰਾਤ ਜਲਪਾਨ ਗ੍ਰਹਿ ਦੇ ਬਾਹਰ ਗਾਹਕ ਨੂੰ ਤਾਰੇ ਨੇ ਕੁੱਟਿਆ ਅਤੇ ਜੇਲ੍ਹ 'ਚੋਂ ਨਿਕਲ ਕੇ ਬਾਹਰ ਆਇਆ ਭੈਣ ਸਮਝ ਗਈ ਕੇ ਇਹ ਵੀ ਦੁੱਖ ਵਿਚ ਸੀ। ਉਸ ਰਾਤ ਅਸਲੀ ਰੰਗ। ਵੀਤਾ ਦੇ ਵਿਆਹ ਦੀ ਅਸਲੀ ਤਸਵੀਰ ਸਭ ਦੇ ਸਾਹਮਣੇ ਆ ਬੈਠੀ। ਵੀਤਾ ਦੀ ਇਹ ਹੀ ਵਾਹੀ ਹੋਈ ਤਸਵੀਰ ਨੇ ਘਗੜੀ ਖੋਲ੍ਹ ਕੇ ਬਹਿ ਗਈ। ਪਰ ਇਕ ਚੰਗਾ ਨਤੀਜਾ ਵੀ ਆ ਗਿਆ ਸੀ।

ਤਾਰੇ ਨੇ ਸ਼ਰਾਬ ਪੀਣੀ ਛੱਡ ਦਿੱਤੀ ਸੀ।

### *ਦੋ*

ਸਾਲ ਨੱਸੀ ਗਏ। ਰਾਣੇ ਦੇ ਵਾਲ ਕੱਟ ਦਿੱਤੇ ਕਿਉਂਕਿ ਡਰ ਸੀ ਜੇ ਬਾਪ ਗੁੱਸੇ ਵਿਚ ਗੁਆਚ ਗਿਆ ਕਿਤੇ ਫੜ ਕੇ ਮੁੰਡੇ ਨੂੰ ਘੁੰਮਾਉਗਾ। ਵੀਤਾ ਹੁਣ ਵੱਖਰੇ ਕਮਰੇ ਵਿਚ ਸੌਂਦੀ ਸੀ। ਤਾਰੇ ਨੇ ਕਿਹਾ ਕੇ ਉਸ ਨੂੰ ਸਵੇਰੇ ਗੜਬੜ ਨਹੀਂ ਚਾਹੀਦੀ ਸੀ। ਡਿਸਟਰਬ ਨਹੀਂ ਹੋਣਾ ਚਾਹੁੰਦਾ ਸੀ। ਇਕ ਰਾਤ ਵੀਤਾ ਇਸ਼ਨਾਨ ਕਰਨ ਗਈ। ਵੀਤਾ ਹੈਰਾਨ ਹੋ ਗਈ ਸੀ ਗਲੀ ਰਾਣੇ ਨੂੰ ਵੇਖਣ। ਕਿਉਂਕਿ ਰਾਣੇ ਦੇ ਹੱਥ ਵਿਚ ਮਕਬੇਥ ਵਾਂਗੂੰ ਚਾਕੂ ਸੀ। ਬਾਪ ਦੇ ਕਮਰੇ ਦੇ ਦਰ ਨਾਲ ਖੜਾ ਸੀ। ਵੀਤਾ ਨੇ ਆਪਣੇ ਕਮਰੇ ਵਿਚ ਖਿੱਚ ਲਿਆਂਦਾ ਸੀ।

– ਤੂੰ ਕੀ ਕਰਦਾ? ਪਾਗ਼ਲ ਹੋ ਗਿਆ?–

– ਹਾਂ ਮਾਂ ਮੈਂ ਪਾਗ਼ਲ ਹੋ ਗਿਆਂ। ਉਨ੍ਹੇ ਮੇਰੀ ਜ਼ਿੰਦਗੀ ਖਰਾਬ ਕਰੀ ਏ। ਮੈਨੂੰ ਗਾਲ੍ਹ ਦਿੱਤੀ ਏ। –

– ਕਿਹੜਾ ਕੰਮ?–

– ਕੁਛ ਨਹੀਂ– ਗੁੱਸੇ ਵਿਚ ਰਾਣੇ ਨੇ ਮਾਂ ਨੂੰ ਚਾਕੂ ਫੜਾ ਕੇ ਆਪਣੇ ਕਮਰੇ ਵਿਚ ਚਲਾ ਗਿਆ। ਵੀਤਾ ਦੇ ਪੱਲੇ ਕੁਝ ਨਹੀਂ ਪਿਆ। ਅੱਜ ਕੱਲ੍ਹ ਤਾਂ ਤਾਰਾ ਸੁਧਰ ਗਿਆ ਸੀ। ਪੜ੍ਹਾਈ ਤੋਂ ਛੁਟ ਕੋਈ ਮਸਲਾ ਨਹੀਂ ਸੀ। ਰਾਣਾ ਵੱਡਾ ਹੁੰਦਾ ਸੀ। ਜਦ ਦਾ ਨੌਜੁਆਨ ਬਣਿਆ ਬਾਗ਼ੀ ਸੀ। ਪੁਰਾਣੀਆਂ ਗੱਲਾਂ ਹਾਲੇ ਦਿਲ ਵਿਚ ਰੱਖੀਆਂ ਸੀ। ਵੀਤਾ ਕਈ ਵਾਰੀ ਪਿਉ ਪੁੱਤ ਵਿਚਾਲੇ ਟੈਨਿਸ ਬਾਲ ਵਾਂਗੂੰ ਫਸੀ ਸੀ। ਰਾਣਾ ਹੁਣ ਇਲੈਵਨ ਪੜ੍ਹਦਾ ਸੀ।

ਵੀਤਾ ਨੇ ਫ਼ੈਸਲਾ ਬਣਾ ਲਿਆ ਇੰਡੀਆ ਜਾਣ ਦਾ। ਆਪਣੇ ਨੌਜੁਆਨ ਲਈ ਵਹੁਟੀ ਟੋਲ੍ਹੂਗੀ। ਜਦ ਤਾਰੇ ਨਾਲ ਇਹ ਗੱਲ ਕੀਤੀ ਉਸਨੂੰ ਮਨਜ਼ੂਰ ਸੀ। ਪਰ ਲਾਲ *ਕਿਲ੍ਹੇ* ਅੱਜ ਕੱਲ੍ਹ ਬਿਜ਼ੀ ਸੀ ਕਰਕੇ ਤਾਰਾ ਕੰਮ ਨਹੀਂ ਛੱਡ ਸਕਦਾ ਸੀ। ਰਾਣੇ ਦੀ ਵੀ ਮੱਦਦ ਦੀ ਲੋੜ ਸੀ। ਵੀਤਾ ਇਕੱਲੀ ਨਹੀਂ ਜਾਣਾ ਚਾਹੁੰਦੀ ਸੀ। ਇਸ ਕਰਕੇ ਵੀਤਾ ਨੇ

ਸ਼ੀਰੋ ਨੂੰ ਪੁੱਛ ਲਿਆ। ਸ਼ੀਰੋ ਤਿਆਰ ਹੋ ਗਈ ਸੀ। ਉਹ ਦੀਆਂ ਧੀਆਂ ਵੀ ਪੰਜਾਬ ਜਾਣ ਲਈ ਤਿਆਰ ਸਨ। ਵੀਤਾ ਨੇ ਤਿਆਰੀਆਂ ਇੰਡੀਆ ਜਾਣ ਲਈ ਸ਼ੁਰੂ ਕਰ ਦਿੱਤੀਆਂ ਸੀ।

ਅੱਜ ਕੱਲ੍ਹ ਰਾਣਾ ਲਫੰਗਾ ਬਣ ਗਿਆ ਸੀ। ਹਰੇਕ ਗੱਲ ਲਈ ਜਵਾਬ ਸੀ। ਹਮੇਸ਼ਾਂ ਰਸੋਈਖ਼ਾਨੇ ਅਤੇ ਆਪਣੇ ਡੈਡੀ ਬਾਰੇ ਫ਼ਰਿਆਦ ਕਰਦਾ ਸੀ। ਨਿੱਤ ਨਿੱਤ ਵੀਤਾ ਦਾ ਸਿਰ ਖਾਂਦਾ ਸੀ। ਜੇ ਤਰਖਾਣਾਂ ਬਾਰੇ ਨਹੀਂ ਲੜਦਾ ਸੀ ਮੁਸਲਮਾਨਾਂ ਬਾਰੇ ਲੜਦਾ। ਜੇ ਮੁਸਲਮਾਨਾਂ ਬਾਰੇ ਨਹੀਂ ਲੜਦਾ ਸੀ, ਤੀਵੀਆਂ ਦੀਆਂ ਹੱਕਾਂ ਬਾਰੇ ਲੜਦਾ ਸੀ। ਸ਼ਰਾਬ ਭਾਵੇਂ ਛੱਡ ਦਿੱਤੀ ਪਰ ਬਾਪੂ ਵੀ ਘੱਟ ਨਹੀਂ ਸੀ। ਵੀਤਾ ਨੇ ਨਵੀਂ ਤਸਵੀਰ ਵਾਹ ਦਿੱਤੀ। ਹਰੇ ਟਾਟ ਉਪਰ ਇਕ ਮੋਟਾ ਭਾਰਾ ਪੀਲਾ ਬੱਲਾ ਸੀ। ਦੂਸਰੇ ਪਾਸੇ ਪਤਲਾ ਜਾਮਣੀ ਬੱਲਾ ਸੀ। ਦੋਵਾਂ ਦੇ ਵਿਚਾਲੇ ਹਲਕੀ ਹਰੀ ਗੇਂਦ ਸੀ। ਇਹ ਵੀਤਾ ਸੀ। ਗੇਂਦ ਨੂੰ ਰਾਖੀ ਚਾਹੀਦੀ ਸੀ। ਰਾਖੀ ਦਾ ਰੂਪ ਨੂੰਹ ਹੋਵੇਗੀ।

ਗੇਂਦ ਚੌਂਕ ਦੀ ਏਕਸ ਵਾਇਫ ਅਤੇ ਉਸ ਦੀ ਦੋ ਬੇਟੀਆਂ ਗੋਲ ਮੋਲ ਅਤੇ ਕੂਚੀ ਖੋਲ੍ਹੇ ਗਈ।

– ਆਹੋ ਹੁਣ ਕੀ ਫ਼ਾਇਦਾ ਏ?– ਸ਼ੀਰੋ ਨੇ ਉਤਾਰਾ।

– ਤੇਰੇ ਲਈ ਤਾਂ ਠੀਕ ਹੈ। ਤੂੰ ਤਾਂ ਟਾਇਲ ਤੋਂ ਛੁਟਕਾਰਾ ਲੈ ਲਿਆ–

– ਫਿਰ ਤੂੰ ਵੀ ਤਲਾਕ ਕਰ ਲੈ -

– ਕਹਿਨਾ ਸੌਖਾ ਏ। ਨਾਲੇ ਅੱਜ ਕੱਲ੍ਹ ਤਾਂ ਤਾਰਾ ਸੁਧਰ ਗਿਆ–

– ਟਰਾਸਟ ਮੀ ਭੈਣ ਬੰਦੇ ਕਦੇ ਨਹੀਂ ਸੁਧਰਦੇ ਦੇ। ਨਿਆਣੇ ਵਾਂਗ ਏ। ਜੋ ਜੋ ਅੱਜ ਤੂੰ ਮੈਨੂੰ ਦਸਿਆ ਪਹਿਲਾ ਦੱਸਿਆ ਹੁੰਦਾ ਮੈਂ ਤਾਂ ਤੈਨੂੰ ਡੀਵੋਰਸ ਲੈਣ ਲਈ ਬਹੁਤ ਦੇਰ ਕਹਿ ਦੇਣਾ ਸੀ–

– ਟਾਏ ਵਰਗਾ ਨਹੀਂ ਏ–

– ਲਾਇਰ। ਜ਼ਰੂਰ ਹੱਥੀ ਪੈਰੀ ਕੀਤੀ ਹੋਵੇਗੀ। ਮੈਂ ਸੁਣਿਆ ਉਨ੍ਹੇ ਟਾਏ ਨੂੰ ਕੀ ਕੀਤਾ–

– ਛੱਡ ਦੇ–

– ਤੂੰ ਹੀ ਗੱਲ ਤੋਰੀ ਐ। ਸੋ ਰਾਣਾ ਇਕਸਾਇਟਿਡ ਏ?–

– ਨਾ ਭੈਣ। ਉਹ ਤਾਂ ਵਿਆਹ ਕਰਨਾ ਨ੍ਹੀਂ ਚਾਹੁੰਦਾ–

– ਫਿਰ ਕਿਉਂ ਚੱਲੇ ਐ?–

– ਦੇਖ ਜੇ ਵਿਆਹ ਨਹੀਂ ਕੀਤਾ ਨਾਲੇ ਬਾਪ ਪੁੱਤਰ ਦੀ ਰਮਾਇਣ ਹੱਟਣੀ ਆ ਨਾਲੇ ਕੋਈ ਯਾਰਣੀ ਬਣਾ ਲੈਣੀ ਏ–

– ਇਸ ਵਿਚ ਕੀ ਗ਼ਲਤ ਆ?– ਵੀਤਾ ਨੇ ਵੇਖਿਆ ਕੇ ਜਦ ਦੀ ਟਾਏ ਨਾਲ ਤਲਾਕ ਹੋਇਆ ਉਸ ਟਾਇਮ ਤੋਂ ਸ਼ੀਰੋ ਬਦਲ ਗਈ ਸੀ। ਟੀਨਾ ਵਰਗੀ ਬਣ ਗਈ ਸੀ। ਅੱਜ ਕੱਲ੍ਹ ਅੰਗਰੇਜ਼ੀ ਵੀ ਬਹੁਤ ਮਾਰਦੀ ਸੀ। ਵਾਲ ਸ਼ੀਰੋ ਨੇ ਕੱਟੇ ਸੀ। ਜੀਨਾਂ ਟੀ ਸ਼ਰਟਾਂ ਪਾਉਂਦੀ ਸੀ। ਧੀਆਂ ਵੀ ਇੱਦਾਂ ਦੀਆਂ ਸਨ। ਇਕ ਪਾਸੇ ਵੀਤਾ ਨੂੰ ਖਿੱਝ ਆਉਂਦੀ ਸੀ ਪਰ ਦੂਜੇ ਪਾਸੇ ਈਰਖਾ ਵੀ ਸੀ। ਕਿਉਂਕਿ ਵੀਤਾ ਵੀ ਇੰਨੀ ਖੁੱਲੀ ਡੁੱਲ੍ਹੀ ਬਣਨਾ ਚਾਹੁੰਦੀ



ਸੀ। ਵੀਤਾ ਨੇ ਮਨ ਵਿਚ ਨਿਗਾਹ ਪਿੱਛੇ ਮਾਰੀ। ਜਦ ਤਾਰਾ ਕੁੱਟਦਾ ਸੀ। ਜਦ ਗੁਰਮੀਤ ਪੂਰਾ ਹੋਇਆ। ਜਦ ਸ਼ੀਰੋ ਨੂੰ ਟਾਏ ਤੋਂ ਛੁਟਕਾਰਾ ਮਿਲਿਆ। ਕਿੱਦਾਂ ਰਾਣੇ ਨੂੰ ਲਾਲ ਕਿਲ੍ਹੇ ਬਾਹਰ ਕੁੱਟਿਆ। ਕਿੱਦਾਂ ਨੰਗੇ ਟਾਏ ਨੂੰ ਕੁੱਟਿਆ। ਕਿੱਦਾਂ ਸ਼ਰਾਬ ਪੀ ਕੇ ਬਿਜ਼ਨਿਸ ਦਾ ਸੱਤਿਆਨਾਸ਼ ਕੀਤਾ। ਕਿੱਦਾਂ ਹੁਣ ਉਪਰ ਕਰ ਲਿਆ। ਕਿੱਦਾਂ ਸਖ਼ਤ ਆਦਮੀ ਨੂੰ ਬਰਦਾਸ਼ਤ ਕੀਤਾ। ਆਹੋ ਸ਼ੀਰੋ ਲਈ ਸਭ ਕੁਝ ਚੰਗਾ ਨਿਕਲ ਗਿਆ। ਪਰ ਅਸਲੀ ਕੁਰਬਾਨੀ ਤਾਂ ਇਹਦੀ ਸੀ - ਮੈਂ ਬਹੁਤ ਕੁਝ ਸਹਾਰਿਆ– ਵੀਤਾ ਨੇ ਸੋਚਿਆ। ਫਿਰ ਭੈਣ ਦੇ ਸੁਆਲ ਦੇ ਜਵਾਬ ਵਿਚ ਕਿਹਾ - ਨਹੀਂ ਮੈਥੋਂ ਤਾਂ ਕੋਈ ਗੋਰੀ ਘਰ ਵਿਚ ਨਹੀਂ ਬਰਦਾਸ਼ਤ ਹੋ ਸਕਦੀ। ਗ਼ਲਤ ਹੈ। ਤਾਰੇ ਨੇ ਤਾਂ ਪਾਗ਼ਲ ਫਿਰ ਹੋ ਜਾਨਾ–।

– ਠੀਕ ਆ। ਪਰ ਇਕ ਗੱਲ ਤੂੰ ਹੁਣੇ ਸਮਝ ਲਈ। ਉੱਥੇ ਨਖ਼ਰੇ ਨਹੀਂ ਕਰਨੇ। ਅੱਛਾ? ਮਾਮੇ ਨੂੰ ਚਿੱਠੀ ਮਿਲ ਗਈ। ਉਹਦੇ ਘਰ ਤਾਂ ਲਾਈਨ ਲੱਗੀ ਹੋਵੇਗੀ। ਸਾਰੇ ਵਿਦੇਸ਼ ਆਉਣ ਪਾਗ਼ਲ ਏ। ਰਾਣੇ ਨੂੰ ਅਕਲ ਚਾਹੀਦੀ ਕੇ ਸ਼ਕਲ? ਉਹਦਾ –

–...ਉਹਦਾ ਆਈਡਿਆ ਹੈ। ਕਹਿਣ ਦਾ ਮਾਧੁਰੀ ਦੀਕਸ਼ਿਤ ਵਰਗੀ ਚਾਹੀਦੀ ਏ–

– ਏ ਮੁੰਡਿਆਂ ਨੂੰ ਰੂਪ ਤੋਂ ਅੱਗੇ ਕੁਝ ਦਿਸਦਾ ਨਹੀਂ। ਕੋਈ ਗੱਲ ਦੇਖਲੂਗੇ–

ਦਸ ਦਿਨ ਬਾਅਦ ਮਿੰਦਰ, ਗੁਰਿੰਦਰ, ਸ਼ੀਰੋ ਅਤੇ ਵੀਤਾ ਜਹਾਜ਼ ਵਿਚ ਸੀ। ਏਅਰ ਇੰਡੀਆ ਦਾ ਜਹਾਜ਼ ਸੀ। ਸ਼ੀਰੋ ਨੂੰ ਤਾਂ ਲੱਗੇ ਜਿਵੇਂ ਕਿਸੇ ਨੇ ਸੈਲੋ ਟੇਪ ਲਾ ਕੇ ਜੋੜਿਆ ਸੀ। ਜਦ ਵੀਤਾ ਨੇ ਹੱਥ ਉਪਰ ਕਰਿਆ ਕੁਝ ਆਖਣ ਲਈ ਜਾਂ ਬਟਨ ਮਦਦ ਲਈ ਦੱਬਿਆ। ਜਹਾਜ਼ ਦੀਆਂ ਸਹਾਇਕਾਂ–ਮੇਜ਼ਬਾਨਣਾਂ ਨੇ ਜਾਣ ਬੁੱਝ ਕੇ ਆਈ ਗਈ ਕੀਤੀ। ਪਹਿਲਾ ਤਾਂ ਵੀਤਾ ਨੇ ਬਹੁਤਾ ਮਾਈਂਡ ਨਹੀਂ ਕੀਤਾ। ਪਰ ਜਦ ਵੇਖਿਆ ਕੇ ਗੋਰਿਆਂ ਨੂੰ ਮਦਦ ਕਰਨ ਤਿਆਰ ਸੀ ਇਹਨੂੰ ਗੁੱਸਾ ਆ ਗਿਆ। ਪਰ ਇਨੇ ਸਾਲ ਤਾਰੇ ਨਾਲ ਵਿਆਹ ਕਰਕੇ ਹਿੰਮਤ ਮਾਰ ਲਈ।

– ਭੈਣੇ ਏ ਕੁੱਤੀਆਂ ਹਨ। ਇਨ੍ਹਾਂ ਦੀ ਕੋਈ ਪਰਵਾਰ ਨਾ ਕਰ। ਸਾਡੇ ਲੋਕ ਆਪ ਨੂੰ ਮੀਡੀਆਂ ਫ਼ਿਲਮਾਂ ਵਿਚ ਬਹਾਦਰ ਵਿਖਾਉਂਦੇ ਹੈ। ਪਰ ਅਸਲ ਵਿਚ ਕਾਇਰ ਏ। ਨਾਲੇ ਹਮੇਸ਼ਾਂ ਗੋਰਿਆਂ ਦੇ ਚਮਚੇ ਰਹਿਣਗੇ। ਹਮੇਸ਼ਾਂ ਸਾਡੇ ਵੱਲ ਇਦਾ ਹੀ ਕਰਦੇ ਆਂ। ਤਾਂ ਹੀ ਤਾਂ ਭਾਰਤ ਦੁਨੀਆਂ ਦੇ ਪਿੱਛੇ ਐ। – ਵੀਤਾ ਨੂੰ ਸਾਫ਼ ਦਿੱਸਦਾ ਸੀ ਕੇ ਸ਼ੀਰੋ ਨੂੰ ਇਨ੍ਹਾਂ ਵੱਲ ਨਫ਼ਰਤ ਸੀ।

– ਬਹੁਤੀ ਉੱਚੀ ਨਾ -

– ਕੀ ਕਰ ਲੂਗੇ? ਭੈਣ ਜੀ ਤੂੰ ਦੁਨੀਆਂ ਤੋਂ ਐਵੇਂ ਡਰਦੀ ਐਂ। ਤਾਰੇ ਨੇ ਤਾਂ ਤੇਰੀ ਢਿਮਰੀ ਟਹਿਟ ਕਰ ਦਿੱਤੀ–।

ਵੀਤਾ ਨੂੰ ਸੱਚੀ ਡਰ ਹੀ ਲੱਗਦਾ ਸੀ। ਜਹਾਜ਼ਬਾਨਣਾਂ ਦੇ ਸਖ਼ਤ ਚਿਹਰਿਆਂ ਤੋਂ ਦਿੱਸਦਾ ਸੀ ਕੇ ਉਨ੍ਹਾਂ ਨੇ ਕਦੀ ਦੇਸੀਆਂ ਦੀ ਮਦਦ ਕਰਨੀ। ਹਾਰ ਕੇ ਫ਼ਿਲਮ ਲਾ ਦਿੱਤੀ ਸੀ। ਵੀਤਾ ਨੂੰ ਸੁਣਨ ਲਈ ਕੰਨ–ਧਰਨੀਆਂ ਖਰੀਦਨੀਆਂ ਪਈਆਂ। ਆਵਾਜ਼ ਵਿਚੋਂ ਕੋਈ ਅੰਗਰੇਜ਼ੀ ਫ਼ਿਲਮ ਦੀ ਆਉਂਦੀ ਸੀ ਪਰ ਸਕਰੀਨ ਉੱਤੇ ਅਰਜਨ ਕਰਨ ਚਲਦੀ ਸੀ। ਵੀਤਾ ਨੇ ਜਹਾਜ਼ਬਾਨਣੀ ਦੀ ਅੱਖ ਫੜ ਲਈ। ਪਰ ਉਸਨੇ ਸਾਫ਼ ਕਹਿ

ਦਿੱਤਾ ਕੁਝ ਨਹੀਂ ਕਰ ਸਕਦੇ ਸੀ।

– ਭੈਣ ਅੱਖ ਲਾ ਲੈ– ਸ਼ੀਰੋ ਹਰ– ਸਮਾਂ ਚੰਗੀ ਫ਼ਿਲਮ ਨਹੀਂ ਦੇਖ ਸਕਦੀ। ਨਿਰੇ ਬਕਵਾਸ ਹੁੰਦੀਆਂ ਏ। ਸਾਡੇ ਬਾਹਰ ਲੈ ਦੇਸੀਆਂ ਨੂੰ ਜਾਣ ਕੇ ਗ਼ਲਤ ਰੂਪ ਵਿਚ ਵਿਖਾਉਂਦੇ ਹੈ। ਹਮੇਸ਼ਾਂ ਸਾਨੂੰ ਸ਼ਰਾਬ ਪੀਣ ਵਾਲੇ। ਮਾਂ ਪਿਉ ਦੀ ਬੇਇੱਜ਼ਤੀ ਕਰਨ ਵਾਲੇ ਤੇ ਮਾਂ ਪਿਉ ਨੂੰ ਨਰਸਿੰਗ ਹੋਮ ਵਿਚ ਪਾਉਣ ਵਾਲੇ ਦਿਖਾਉਂਦੇ ਨੇ। ਸਾਡੀਆਂ ਧੀਆਂ ਬਾਗ਼ੀਆਂ ਹੁੰਦੀਆਂ ਅਤੇ ਮੁੰਡੇ ਨਸ਼ਿਆਂ ਵਿਚ। ਸਭ ਝੂਠ ਤੇ ਵਿਲਇਤੀ ਦੇਸੀਆਂ ਦੀ ਹਿੰਦੀ ਪੰਜਾਬੀ ਬਹੁਤ ਮਾੜੀ ਵਿਖਾਉਂਦੇ ਏ। ਆਪ ਸਭ ਪੰਜਾਬ ਵਾਲੇ ਵਿਰਸੇ ਛੱਡ ਗਏ। ਸਭ ਪੰਜਾਬੀ ਹਿੰਦੀ ਬੋਲਦੇ। ਸਾਰੇ ਮੁੰਡੇ ਨਿਕੰਮੇ ਅਤੇ ਅਫੀਮ ਖਾਣ ਵਾਲੇ ਏ। ਮੇਰੀਆਂ ਵਲੈਤੀ ਧੀਆਂ ਇਨ੍ਹਾਂ ਤੋਂ ਵੱਧ ਪੰਜਾਬੀ ਏ। ਨਾਲੇ ਤੂੰ ਵੇਖਿਆ ਹੋਵੇਗਾ ਕੇ ਸਿੰਗ ਹਮੇਸ਼ਾਂ ਫ਼ਿਲਮਾਂ ਵਿਚ ਮੂਰਖ ਬੱਧੂ ਦਿਖਾਏ ਹੈ। ਨਾਲੇ ਜਾ ਕੇ ਪਾਕਿਸਤਾਨ ਅਤੇ ਇੰਡੀਆ ਵਿਚ ਦੁਸ਼ਮਨੀ–।

– ਬਸ ਕਰ। ਮੈਂ ਸੌਣ ਲੱਗੀ ਏ– ਵੀਤਾ ਬੋਲੀ।

ਸ਼ੀਰੋ ਤਾਂ ਰਾਣੇ ਦੀ ਭੈਣ ਬਣ ਗਈ ਸੀ। ਜਦ ਵੀਤਾ ਨੇ ਅੱਖਾਂ ਫਿਰ ਖੋਲ੍ਹੀਆਂ ਸ਼ੀਰੋ ਦੇ ਹੱਥ ਵਿਚ ਰਮ ਦਾ ਗਲਾਸ ਸੀ। ਮੇਰੇ ਮਾਮੇ ਦੇ ਘਰ ਜਾ ਕੇ ਨਾ ਬੇਇੱਜ਼ਤੀ ਕਰੀ ਵੀਤਾ ਸੋਚੀ ਗਈ। ਬਸ ਜਿੰਨਾ ਚਿਰ ਕੋਈ ਚੰਗੀ ਕੁੜੀ ਰਾਣੇ ਲਈ ਲੱਭ ਗਈ ਸਭ ਕੁਝ ਠੀਕ ਠਾਕ ਹੋ ਜੇ ਨਾ। ਵੀਤਾ ਨੇ ਮਨ ਵਿਚ ਤਸਵੀਰ ਵਾਹੀ। ਕਾਲੇ ਟਾਟ ਉਪਰ ਵਿੰਗੀ ਟੇਡੀ ਲਕੀਰ ਸੀ। ਲਕੀਰ ਦੇ ਨਾਲ ਚਿੱਟਾ ਗਲਾਸ ਸੀ।

### *ਤਿੰਨ*

ਜਹਾਜ਼ ਦਿੱਲੀ ਏਅਰਪੋਰਟ ਉੱਤਰ ਗਿਆ। ਜਦ ਰਨਵੇਅ ਵੱਲ ਜਹਾਜ਼ ਥੱਲੇ ਆਉਂਦਾ ਸੀ ਵੀਤਾ ਨੂੰ ਬਾਰੀ ਵਿਚੋਂ ਹੇਠਾ ਚੰਗੜ ਮੁਹੱਲੇ ਛਪਰੀਆਂ ਦਿੱਸਦੇ ਸੀ। ਇਹ ਛਪਰੀਆਂ ਏਅਰਪੋਰਟ ਦੇ ਰਨਵੇਅ ਤੱਕ ਖਿਲਰੀਆਂ ਸੀ। ਇੰਡੀਆ ਵਾਪਸ ਆ ਗਈ ਸੀ। ਯਾਦ ਆਇਆ ਜਦ ਭਾਰਤ ਛੱਡਿਆ ਸੀ। ਅਸਬਾਬ ਤਿਆਰ ਕਰਕੇ ਬੀਬੀ ਡੇਲ ਸ਼ੀਰੋ ਅਤੇ ਕਵਿਤਾ ਟੈਂਪੂ ਵਿਚ ਬੈਠ ਗਏ। ਜਦ ਟੈਂਪੂ ਤੁਰ ਗਿਆ ਵੀਤਾ ਨੇ ਪਿੱਛੇ ਇਕ ਟੱਕ ਨਾਲ ਵੇਖਿਆ। ਘਰ ਹੌਲੀ ਹੌਲੀ ਨਿੱਕਾ ਹੋ ਗਿਆ। ਹਾਰ ਕੇ ਮਕਾਨ ਮੱਖ ਬਣ ਗਿਆ। ਸਹਿਮ ਪਾਸੇ ਕਰਕੇ ਆਲ਼ੇ–ਦੁਆਲ਼ੇ ਦੇਖਣ ਲੱਗ ਗਈ। ਸੜਕ ਉੱਤੇ ਵੀ ਵਰਣ ਵਰਣ ਦੀ ਸਿਸਟਮ ਸੀ। ਉੱਚੀ ਜਾਤ ਟਰੱਕਾਂ ਦੀ ਸੀ। ਉਨ੍ਹਾਂ ਦੇ ਹੇਠ ਗੱਡੀਆਂ। ਫਿਰ ਗੱਡੇ ਟਾਂਗੇ ਠੇਲ੍ਹੇ। ਫਿਰ ਮੋਟਰਸਾਇਕਲ। ਹਾਰ ਕੇ ਸਾਇਕਲ। ਸਾਰੇ ਪਾਸੇ ਕਮਲ ਸੀ। ਇਹ ਪੰਜਾਬ ਹੈ ਵੀਤਾ ਨੇ ਸੋਚਿਆ। ਬੀਬੀ ਬੋਲੀ - ਰੱਬਾ ਸਹੀ ਸਲਾਮਤ ਨਾਲ ਹਵਾਈ ਠਾਹਰ ਪਹੁੰਚਾ ਦੋ–। - ਬੀਬੀ ਜੀ ਏਅਰਪੋਰਟ ਹੁੰਦੀ ਆਂ– ਡੇਲ ਨੇ ਕਿਹਾ।

ਸੁੱਚ ਮੁੱਚ ਬੀਬੀ ਜੀ ਡਰਦੀ ਸੀ। ਸਭ ਪਹਿਲੀ ਵਾਰੀ ਜਹਾਜ਼ ਵਿਚ ਕਿਤੇ ਚੱਲੇ ਸੀ। ਸਭ ਅਜੀਬ ਲੱਗਦਾ ਸੀ। ਬੀਬੀ ਨੂੰ ਕੁਰਸੀ ਡੇਲ ਨਾਲ ਮਿਲੇ। ਭੈਣਾਂ ਨੂੰ ਵੱਖਰੀਆਂ ਮਿਲੀਆਂ। ਜਦ ਜਹਾਜ਼ ਉਡਿਆ ਬੀਬੀ ਆਪਣੀ ਕੁਰਸੀ ਨਾਲ ਖਿੱਚ ਹੋ ਗਈ। - 



ਸਤਨਾਮ ਸਤਨਾਮ ਜੀ। ਵਹਿਗੁਰੂ ਵਹਿਗੁਰੂ ਜੀ - ਬੀਬੀ ਜੀ ਚਿੰਤਾਵਾਨ ਸੀ। ਪਰ ਡੇਲ ਨੇ ਤਾਂ ਇਹ ਸਫ਼ਰ ਨੂੰ ਭੋਗਿਆ। ਜਹਾਜ਼ ਵਾਲਿਆਂ ਨੇ ਮੂਵੀ ਲਾਈ ਸੀ। ਅੱਜ ਵੀ ਉਪਰ ਬੱਦਲ ਕਾਲੇ ਸੀ। ਦਿੱਲੀ ਉਪਰ ਮੀਂਹ ਦੀਆਂ ਲਕੀਰਾਂ ਅਰਜਨ ਦੇ ਤੀਰਾਂ ਵਾਂਗੂੰ ਏਅਰਪੋਰਟ ਉੱਤੇ ਡਿੱਗੇ। ਇਕ ਹੋਰ ਤੂਫ਼ਾਨੀ ਸ਼ਾਮ ਸੀ ਅਤੇ ਕਹਿਰਾਂ ਦਾ ਝੱਖੜ ਝੁੱਲ ਰਿਹਾ ਸੀ।

ਵੀਤਾ ਅਤੇ ਸ਼ੀਰੋ ਦੇ ਮਾਮੇ ਨੇ ਏਅਰਪੋਰਟ ਆ ਕੇ ਮਿਲਿਆ। ਪਰ ਮਾਮੇ ਕੋਲ ਪਹੁੰਚਣ ਤੋਂ ਪਹਿਲਾਂ ਆਵਾਸ ਦੇ ਅਫ਼ਸਰ ਦੇ ਹਵਾਲੇ ਹੋਣਾ ਸੀ। ਇੰਮੀਗ੍ਰੇਸ਼ਨ ਤੋਂ ਪਹਿਲਾਂ ਅਸਬਾਬ ਵਾਲੀ ਚੱਲਦੀ ਬਧਰੀ ਤੋਂ ਸੂਟ ਕਿਸਾਂ ਨੂੰ ਚੁੱਕਣਾ ਸੀ। ਜਦ ਤੱਕ ਵੀਤਾ ਸ਼ੀਰੋ ਅਤੇ ਗੁਰਿੰਦਰ, ਮਿੰਦਰ ਅਸਬਾਬ ਵੱਲ ਪਹੁੰਚੀਆਂ ਮੱਛਰ ਵਰਗੇ ਕੁਲੀਆਂ ਨੇ ਕਿਸ ਚੁੱਕ ਕੇ ਟਰਾਲੀਆਂ ਉਪਰ ਜੋੜ ਦੇਣੀ ਸੁੱਟ ਦਿੱਤੇ। ਕੋਈ ਕਿਸਾਂ ਉੱਤੇ ਟੱਕ ਪੈਂਦੇ ਸੀ। ਇਸ ਨੂੰ ਵੇਖ ਕੇ ਵੀਤਾ ਨੂੰ ਗੁੱਸਾ ਆਉਂਦਾ ਸੀ ਪਰ ਡਰਦੀ ਸੀ ਕੁਝ ਕਹਿਣ। ਸ਼ੀਰੋ ਨੇ ਇਹ ਜਜ਼ਬਾ ਇਹ ਦੇ ਮੁੱਖ ਉੱਤੇ ਵੇਖ ਲਿਆ ਸੀ। ਖਿੱਝ ਨਾਲ ਵੱਡੇ ਮੁੱਛਾਂ ਵਾਲੇ ਲਿੱਸੇ ਕੁਲੀਆਂ ਨੂੰ ਗਾਲ੍ਹਾਂ ਕੱਢ ਕੇ ਕੁੱਝ ਕਿਸ ਲੈ ਗਈ ਸੀ। ਜਦ ਇੰਮੀਗ੍ਰੇਸ਼ਨ ਵੱਲ ਪਹੁੰਚੇ ਸ਼ੀਰੋ ਨੂੰ ਹੋਰ ਖਿੱਝ ਫੁੱਟੀ। ਅਫਸਰ ਨੇ ਗੋਰਿਆਂ ਨੂੰ ਲੰਘਣ ਦੇ ਦਿੱਤੇ। ਪਰ ਉਹ ਬੰਦਿਆਂ ਨੂੰ ਹਮੇਸ਼ਾਂ ਵਲੈਤੀ ਸੁੰਘ ਜਾਂਦੇ ਸੀ। ਚਾਹ ਵਾਲੇ ਪੈਸੇ ਮੰਗੇ। ਜਦ ਸ਼ੀਰੋ ਨੇ ਨਾ ਕੀਤੀ ਜਾ ਕੇ ਕੈਮਰੇ ਦੀਆਂ ਬੈਟਰੀਆਂ ਕੱਢ ਕੇ ਰੱਖ ਲਈਆਂ।

– ਇੰਡੀਆ ਨੇ ਕਦੀ ਨ੍ਹੀਂ ਬਦਲਣਾ– ਸ਼ੀਰੋ ਨੇ ਅਫ਼ਸਰਾਂ ਦੇ ਗਿੱਟਿਆਂ ਵਿਚ ਮਾਰਿਆ। ਇੱਦਾਂ ਹੀ ਮਾਮੇ ਵੱਲ ਪਹੁੰਚੇ। ਮਾਮਾ ਬਹੁਤ ਪਿਆਰ ਨਾਲ ਮਿਲਿਆ।

ਮਾਮੇ ਕੋਲ ਮਾਰੂਤੀ ਕਾਰ ਸੀ। ਮਾਮਾ ਡਰਾਈਵਰ ਦੀ ਸੀਟ ਉੱਤੇ ਬੈਠਾ। ਉਹਦੇ ਨਾਲ ਵੀਤਾ ਬਹਿ ਗਈ। ਪਿੱਛੇ ਔਖੀਆਂ ਸੌਖੀਆਂ ਮਾਂ ਧੀਆਂ ਬੈਠੀਆਂ। ਇੱਦਾਂ ਦਿੱਲੀ ਵਿਚੋਂ ਲੰਘ ਕੇ ਪੰਜਾਬ ਗਏ। ਵੀਤਾ ਨੇ ਗੱਡੀ ਦੀ ਬਾਰੀ ਵਿਚੋਂ ਸ਼ਹਿਰ ਤੱਕਿਆ। ਨਵੀਂ ਦਿੱਲੀ ਤਾਂ ਸੁੰਦਰ ਸੀ। ਪਰ ਜਦ ਪੁਰਾਣੇ ਸ਼ਹਿਰ ਵਿਚ ਪਹੁੰਚੇ ਰੰਗ ਹੋਰ ਹੀ ਸੀ। ਆਲ਼ੇ–ਦੁਆਲ਼ੇ ਝਮੇਲਾ ਸੀ। ਵੀਤਾ ਨੂੰ ਲੱਗੇ ਜਿੱਦਾਂ ਲੱਖ ਲੱਖ ਗੱਡੀ ਸਾਇਕਲ ਟਰੱਕ ਅਤੇ ਟੈਂਪੂ ਸਨ। ਭੀੜ ਵਿਚੋਂ ਕਾਲਾ ਕਾਲਾ ਧੂੰਆਂ ਆਉਂਦਾ ਸੀ। ਸਾਰੇ ਪਾਸੇ ਜਾਂਦਾ ਸੀ। ਸਾਰੇ ਪਾਸੇ ਨੰਗ ਭੁੱਖ ਗਰੀਬੀ ਸੀ। ਗੱਡੀਆਂ ਦੇ ਹੋਰਨ ਵੱਜਦੇ ਸੀ। ਗੜਬੜ ਸੀ। ਬਾਰੀ ਨੂੰ ਵੀਤਾ ਨੇ ਉੱਪਰ ਕਰ ਲਿਆ ਕਿਉਂਕਿ ਗੰਦਾ ਧੂੰਆਂ ਸੰਘ ਵਿਚ ਫਸਦਾ ਸੀ।

ਲੰਦਨ ਵਿਚ ਵੀ ਭੀੜ ਹੁੰਦੀ ਸੀ। ਪਰ ਇੱਥੇ ਵਾਂਗੂੰ ਨਹੀਂ। ਸੜਕਾਂ ਉੱਤੇ ਪਿੰਗਲ ਸਨ। ਭਿਖਾਰੀ ਸਨ ਅਤੇ ਗੱਟਰਾਂ ਵਿਚ ਖੇਡਦੇ ਨਿਆਣੇ ਸਨ। ਜਦ ਕਾਰ ਰੁਕ ਜਾਂਦੀ ਸੀ ਕੋਈ ਬੱਚਾ ਬਾਰੀ ਦੇ ਬਾਹਰ ਖੜ੍ਹ ਕੇ ਭੀਖ ਮੰਗਦਾ ਸੀ। ਵੀਤੋ ਨੂੰ ਆਪਣਾ ਪੋਲਾ ਮਨ ਦਾ ਦਰਵਾਜ਼ਾ ਬੰਦ ਰੱਖਣਾ ਪਿਆ। ਮੁਸ਼ਕ ਫਿਰ ਵੀ ਗੱਡੀ ਵਿਚ ਚੜ੍ਹਦਾ ਸੀ। ਗੱਟਰ ਦਾ ਬੂ ਆਉਂਦਾ ਸੀ। ਤੇਲ ਦਾ ਮੁਸ਼ਕ ਵੀ। ਵਹਿਣੀ ਦੀ ਵੀ। ਇੱਦਾਂ ਲੱਗੇ ਜਿੱਦਾਂ ਇਹ ਸ਼ਹਿਰ ਦਾ ਪਰਫਿਊਮ ਸੀ। ਗੁਰਿੰਦਰ ਅਤੇ ਮਿੰਦਰ ਨੇ ਤਾਂ ਆਪਣੀਆਂ ਚੁੰਨੀਆਂ ਨਾਸਾਂ ਨਾਲ ਲਾਈਆਂ ਸੀ। ਵੀਤਾ ਦੇ ਨਜ਼ਰ ਵਿਚ ਦਿੱਲੀ ਬਦਾਮੀ ਟਾਟ ਸੀ ਜਿਸ ਉਪਰ ਲਾਲ ਸੰਤਰੀਆਂ ਅਤੇ ਪੀਲੇ ਛਿੱਟੇ ਡੋਲ੍ਹੇ ਹੋਏ ਸੀ। ਇਕ ਵਾਰੀ ਗਊ ਵੀ ਰਾਹ ਵਿਚ ਆ ਗਈ ਸੀ।

ਜਦ ਸ਼ਹਿਰ ਦੀ ਭੀੜ ਵਿਚੋਂ ਲੰਘ ਕੇ ਪੇਂਡੂ ਇਲਾਕੇ ਪਹੁੰਚ ਗਏ ਵੀਤਾ ਖ਼ੁਸ਼ ਸੀ। ਪਰ ਟੋਇਆਂ ਨੇ ਪਿਛਲੀਆਂ ਸਵਾਰੀਆਂ ਨੂੰ ਔਖਾ ਕੀਤਾ ਸੀ। ਇਹ ਤੋਂ ਮਾਮੇ ਦੇ ਘਰ ਤਕ ਕੇਵਲ ਦੋ ਸੌ ਮੀਲ ਸੀ। ਜੇ ਇੰਗਲੈਂਡ ਹੁੰਦੇ ਸਿਰਫ਼ ਦੋ ਘੰਟਿਆਂ ਵਿਚ ਸਫ਼ਰ ਪੂਰਾ ਕਰ ਦੇਣਾ ਸੀ। ਪਰ ਇਹ ਇੰਡੀਆ ਦੀਆਂ ਸੜਕਾਂ ਸਨ। ਚਾਰ ਘੰਟੇ ਲੱਗ ਗਏ। ਜਦ ਘਰ ਪਹੁੰਚੇ ਅੱਧੀ ਰਾਤ ਬੀਤ ਗਈ ਸੀ। ਫਿਰ ਵੀ ਸਭ ਪਿਆਰ ਨਾਲ ਮਿਲੇ। ਘਰ ਦੇ ਵਿਚ ਖਲੇ ਇਕ ਕਮਰੇ ਵਿਚ ਬਿਜਲਈ ਪੱਖਾ ਸੀ। ਗਰਮੀ ਕਰਕੇ ਪਰਾਹੁਣਿਆਂ ਨੂੰ ਇੱਥੇ ਪਾ ਦਿੱਤਾ ਸੀ। ਛੱਤ ਉੱਤੇ ਕਿਰਲੀਆਂ ਬੈਠੀਆਂ ਸਨ। ਵੀਤਾ ਨੂੰ ਡਰ ਲੱਗਦਾ ਸੀ। ਜਦ ਮਿੰਦਰ ਨੇ ਵੇਖਿਆ ਉਨ੍ਹੇ ਚੀਕਿਆ। ਸ਼ੀਰੋ ਹੱਸ ਪਈ। - ਇੰਗਲੈਂਡ ਦੇ ਭੱਬੂਆਂ ਤੋਂ ਡਰਾਉਣੇ ਲੱਗਦੇ?-।

ਅਗਲੇ ਦਿਨ ਮਾਮਾ ਭੈਣਾਂ ਭਾਂਜੀਆਂ ਨੂੰ ਦੁਕਾਨਾਂ ਲੈ ਕੇ ਗਿਆ। ਸੂਟ ਖਰੀਦੇ। ਸਾੜ੍ਹੀਆਂ ਖਰੀਦੀਆਂ। ਹੱਥਾਂ ਉੱਤੇ ਮਹਿੰਦੀ ਲਵਾਈ, ਪਰ ਸ਼ਹਿਰ ਵਿਚ ਤੁਰਦਿਆਂ ਨੇ ਹੋਰ ਵੀ ਚੀਜ਼ਾਂ ਵੇਖੀਆਂ ਜਿਸ ਨੇ ਵੀਤਾ ਨੂੰ ਭੈਣ ਦੀਆਂ ਇੰਡੀਅਨ ਫ਼ਿਲਮਾਂ ਬਾਰੇ ਯਾਦ ਕਰਾ ਦਿੱਤਾ। ਭਾਰਤੀ ਹਮੇਸ਼ਾਂ ਬਾਹਰਲੇ ਮੁਲਕਾਂ ਨੂੰ ਬੁਰੇ ਰੂਪ ਵਿਚ ਦਿਖਾਉਂਦੇ ਸੀ। ਪਰ ਸੱਚ ਸੀ ਆਪਣੀ ਹੀ ਕੌਮ ਬੁਰੀ ਸੀ। ਜੇ ਵਿਲੈਤ ਵਿਚ ਸ਼ਰਾਬ ਪੀਂਦਾ ਸੀ ਇੱਥੇ ਆਲ਼ੇ-ਦੁਆਲ਼ੇ ਕਈ ਨਸ਼ਾ ਦੀ ਮਸਤੀ ਵਿਚ ਸੀ। ਹਰੇਕ ਮਿਸਾਲ ਵਿਲੈਤ ਲਈ ਵੀਤਾ ਦੇ ਨਜ਼ਰ ਵਿਚ ਦਸ ਇੱਥੇ ਦਿਸਦੇ ਸੀ।

ਫ਼ਿਲਮਾਂ ਵਿਚ ਪਰਦੇਸੀ ਵਿਦੇਸ਼ੀਆਂ ਨੂੰ ਲੁੱਚੇ, ਬਦਮਾਸ਼ ਅਤੇ ਅਮਲੀ ਵਿਖਾਉਂਦੇ ਸੀ। ਪਰ ਇੱਥੇ ਵੀਤਾ ਦੇ ਅੱਖਾਂ ਸਾਹਮਣੇ ਵਿਦੇਸ਼ ਦੇ ਬੱਚਿਆਂ ਤੋਂ ਦਸ ਗੁਣੇ ਭੈੜੇ ਜਵਾਕ ਦਿੱਸਦੇ ਸੀ। ਸਭ ਕੰਮ-ਚੋਰ। ਸਭ ਅਫੀਮ ਦੇ ਨਸ਼ਾ ਵਿਚ। ਉਪਰੋ ਉਪਰੋ ਮਾਂ-ਪਿਉਂ ਦੀ ਇੱਜ਼ਤ ਕਰਦੇ ਸਨ, ਪਰ ਮਾਮੇ ਦੇ ਘਰ ਵਿਚ ਵੀਤਾ ਨੇ ਕੁਝ ਵੇਖਿਆ ਦਿਲ ਵਿਚ ਮਾਂ-ਪਿਉਂ ਦੀ ਮੌਤ ਉਡੀਕਦੇ ਸੀ। ਪੈਸੇ ਲਈ। ਵਿਦੇਸ਼ਾਂ ਦੇ ਭੇਜੇ ਹੋਏ ਪੈਸਿਆਂ ਨਾਲ ਕੋਠੀਆਂ ਬਣਾਉਂਦੇ ਸਨ। ਹਾਂ ਵਿਲੈਤ ਵਿਚ ਮਜਬੂਰੀ ਵਿਚ ਨਿਆਣੇ ਕਈ ਕਈ ਵਾਰੀ ਮਾਂ-ਪਿਉਂ ਨੂੰ ਨਰਸਿੰਗ ਹੋਮਾਂ ਵਿਚ ਦਾਖ਼ਲ ਕਰ ਦਿੰਦੇ ਸੀ। ਪਰ ਕੇਵਲ ਜਦ ਰਾਖੀ ਕਰਨੀ ਔਖੀ ਹੋ ਜਾਂਦੀ ਸੀ। ਨਾਲੇ ਜਦ ਡਾਕਟਰਾਂ ਦੀ ਮਦਦ ਘਰ ਵਾਲੀਆਂ ਤੋਂ ਵੇਟਰ ਸੀ। ਨਾਲੇ ਇੰਗਲੈਂਡ ਵਿਚ ਧੀਆਂ ਮੁੰਡਿਆਂ ਤੋਂ ਵੱਧ ਕਰਦੀਆਂ ਸੀ। ਇੱਥੇ ਤਾਂ ਕੁੱਖ ਦਾ ਕਤਲ ਕਰਦੇ ਸੀ। ਵਾਰਿਸ ਤਾਂ ਇਸਤਰੀ ਤੋਂ ਬਗ਼ੈਰ ਮਿਲ ਨਹੀਂ ਸਕਦਾ। ਪੰਜਾਬੀ ਕੀ ਕਰੂਗਾ ਜਦ ਸਿਰਫ਼ ਮਰਦ ਰਹਿ ਗਏ? ਸ਼ੀਰੋ ਵਾਂਗੂੰ ਵੀ ਹੁਣ ਵੀਤਾ ਨੂੰ ਗੁੱਸਾ ਆਉਂਦਾ ਸੀ ਜਦ ਮਸ਼ਕਰੀ ਵਿਚ ਮਾਮਾ ਕਹਿੰਦਾ ਮਿੰਦਰ, ਗੁਰਿੰਦਰ ਨੂੰ ਪੰਜਾਬੀ ਨਹੀਂ ਬੋਲਣੀ ਆਉਂਦੀ। ਮਾਮੇ ਦੀ ਉਲਾਦ ਤਾਂ ਹਿੰਦੀ ਬੋਲਦੇ ਸਨ। ਅਸਲੀ ਪੰਜਾਬੀ ਤਾਂ ਬਾਹਰਲੇ ਪੰਜਾਬ ਵਿਚ ਸੀ। ਫਿਰ ਵੀ ਵੀਤਾ ਨੇ ਇਹ ਗੱਲਾਂ ਪਿੱਛੇ ਧੱਕ ਦਿੱਤੀਆਂ। ਧਿਆਨ ਰਾਣੇ ਲਈ ਸਹੇਲੀ ਲੱਭਣ ਵਿਚ ਪਾਇਆ।

ਚਾਰ ਦਿਨ ਲਈ ਮਾਮੇ ਦੇ ਘਰ ਲੋਕਾਂ ਦੀ ਲਾਇਨ ਲੱਗ ਗਈ। ਲੋਕ ਤਾਂ ਪਾਗ਼ਲ ਸੀ ਆਪਣੀਆਂ ਕੁੜੀਆਂ ਨੂੰ ਬਾਹਰ ਭੇਜਣ। ਕਿੰਨੇ ਸਮੋਸੇ ਖਿਲਾਏ। ਕਿੰਨੀ ਚਾਹ ਪਲਾਈ। ਮਿੰਦਰ ਅਤੇ ਗੁਰਿੰਦਰ ਤਾਂ ਕਈ ਕਈ ਕੁੜੀਆਂ ਦੀਆਂ ਸ਼ਕਲਾਂ ਵੱਲ ਹੱਸਦੀਆਂ



ਸੀ - ਅਰਲ। ਸੋ ਗਰਓਸ!-। ਮਾਮੇ ਹੁਣਾਂ ਨੂੰ ਸਮਝ ਨਹੀਂ ਸੀ ਕਿਉਂ ਵੀਤਾ ਨੂੰ ਲੜਕੀਆਂ ਪਸੰਦ ਨਹੀਂ ਸੀ। ਕਿਹੜੀ ਨਜ਼ਰ ਨਾਲ ਵੇਖਦੀ ਸੀ? ਪਰ ਵੀਤਾ ਨੂੰ ਪਤਾ ਸੀ ਰਾਣੇ ਨੇ ਕਿੱਦਾਂ ਦੀ ਕੁੜੀ ਨੂੰ ਹਾਂ ਕਰਨੀ ਸੀ। ਕੋਈ ਕੋਈ ਵਾਰੀ ਵੀਤਾ ਨੂੰ ਕੁੜੀਆਂ ਦੇ ਘਰ ਮਾਮਾ ਲੈ ਜਾਂਦਾ ਸੀ। ਇਕ ਕੁੜੀ ਵੀਤਾ ਨੂੰ ਬਹੁਤ ਪਿਆਰੀ ਲੱਗੀ ਸੀ। ਉਹ ਦੀ ਤਸਵੀਰ ਵੀ ਲੈ ਲਈ ਅਤੇ ਰਾਣੇ ਦੀ ਵੀ ਦੇ ਦਿੱਤੀ। ਪਰ 'ਕੱਲੇ ਨਹੂੰ ਲੱਭਣ ਵਿਚ ਨਹੀਂ ਵਕਤ ਕੱਟੀ। ਮਿੰਦਰ, ਗੁਰਿੰਦਰ ਨੂੰ ਹਰਮੰਦਰ ਸਾਹਿਬ ਵੀ ਲੈ ਕੇ ਗਈਆਂ। ਟਾਏ ਦੇ ਪਿੰਡ ਸ਼ੀਰੋ ਤੋਂ ਬਗ਼ੈਰ ਗਏ। ਤਾਰੇ ਦੇ ਵੀ। ਮਾਮੇ ਨੇ ਚੰਡੀਗੜ੍ਹ ਕ੍ਰਿਕਟ ਕਲੱਬ ਵੀ ਦਿਖਾਈ।

ਸ਼ਹਿਰ ਦੇ ਵੱਡੇ ਵੱਡੇ ਲੋਕ ਸੀ। ਇਕ ਕਾਰਖ਼ਾਨੇਦਾਰ ਸੁਣੱਖੀ ਕੁੜੀ ਨਾਲ ਅੰਦਰ ਆਇਆ। ਕੁੜੀ ਦੀਆਂ ਬੁਲ੍ਹਾਂ ਸੁਰਖ਼ੀ ਨਾਲ ਲਾਲ ਲਾਲ ਸੀ। ਉਹਦੇ ਕਾਲੇ ਘੁਟਵੇਂ ਕੱਪੜੇ ਪਾਏ ਸੀ। ਉਹਦੇ ਖੋਲ੍ਹੇ ਮਿੰਨੀ ਸਿਕਰਟ ਪਾਈ ਸੀ। ਕਹਿੰਦਾ ਮਤਲਬ ਚੱਡੀ ਜਿੱਦੀ ਘੱਗੜੀ। ਮਿੰਦਰ, ਗੁਰਿੰਦਰ ਦੀਆਂ ਸਲਵਾਰਾਂ ਕਮੀਜ਼ਾਂ ਪਾਈਆਂ ਸੀ। ਜਦ ਕੁੜੀ ਨਾਲ ਗੱਲ ਕਰਨ ਲੱਗੀਆਂ ਦੋ ਚੀਜ਼ਾਂ ਪਤਾ ਲੱਗੀਆਂ। ਪਹਿਲੀ ਤਾਂ ਕੇਵਲ ਅੰਗਰੇਜ਼ੀ ਵਿਚ ਤਿਆਰ ਸੀ ਬੋਲਣ (ਇਸ ਗੱਲ ਮਿੰਦਰ ਨੂੰ ਬਹੁਤ ਫੰਨੀ ਲੱਗੀ ਕਿਉਂਕਿ ਜਦ ਭੈਣਾਂ ਪੰਜਾਬੀ ਬੋਲਦੀਆਂ ਸਨ ਕਿਸੇ ਨੂੰ ਪਤਾ ਨਹੀਂ ਲੱਗਦਾ ਸੀ ਕਿ ਵਿਲੈਤ ਤੋਂ ਸੀ ਗਈਆਂ। ਪਰ ਉਸ ਕੁੜੀ ਦੀ ਅੰਗਰੇਜ਼ੀ ਬਹੁਤ ਕਮਜ਼ੋਰ ਸੀ। ਗੋਰੇ ਤਾਂ ਹੱਸਣਗੇ)। ਦੂਜੀ ਚੀਜ਼ ਪਤਾ ਲੱਗੀ ਕਿ ਸਿੰਘ (ਕਾਰਖ਼ਾਨੇਦਾਰ) ਯਾਰਣੀ ਨਹੀਂ ਸੀ। ਪਰ ਦਸ ਸਾਲਾਂ ਦੀ ਧੀ! ਕੱਪੜੇ ਇੱਦਾਂ ਦੇ ਪਾਏ ਸੀ ਜਿੱਦਾਂ ਕੋਈ ਜੁਆਨ ਮੁਟਿਆਰ ਸੀ। ਵੀਤਾ ਹੈਰਾਨ ਹੋ ਗਈ ਸੀ।

ਹਾਰ ਕੇ ਆਗਰਾ ਵੇਖ ਕੇ ਮਾਮੇ ਦੇ ਘਰ ਵਾਪਸ ਆ ਗਈਆਂ ਸਨ। ਫਿਰ ਇੰਗਲੈਂਡ ਨੂੰ ਵਾਪਸ ਚਲੀਆਂ ਗਈਆਂ।

### *ਚਾਰ*

ਜਦ ਸਾਊਥਹਾਲ ਵਾਪਸ ਆ ਗਈ ਸੀ, ਤਾਰੇ ਨੇ ਇਹ ਗੱਲਾਂ ਮੰਨੀਆਂ ਨਹੀਂ। ਤਿਆਰ ਸੀ ਕੇ ਇੰਡੀਆ ਤਰੱਕੀ ਵਿਚ ਸੀ, ਪਰ ਖੁੱਲ੍ਹਾ ਡੁੱਲ੍ਹਾ ਇੰਡੀਆ ਦੀਆਂ ਗੱਲਾਂ ਤਾਂ ਚੁੱਭਦੀਆਂ ਸੀ। ਵੀਤਾ ਨੇ ਤਿੰਨ ਕੁੜੀਆਂ ਦੀਆਂ ਤਸਵੀਰਾਂ ਰਾਣੇ ਨੂੰ ਦਿਖਾਉਣ ਨਾਲ ਲਿਆਂਦੀਆਂ ਸੀ।

– ਪਿਆਰ ਪੰਜਾਬ ਵਿਚ ਘੱਟ ਗਿਆ। ਲੋਕ ਲਾਲਚੀ ਬਣ ਗਏ। ਸਭ ਪੈਸਾ ਪੈਸਾ ਹੀ ਏ। ਅਜੋਕੀਆਂ ਬੱਚੀਆਂ ਨੂੰ ਡਾਕਟਰ ਮਾਰਦੇ ਨੇ। ਦਾਜ ਲਈ ਵੀ ਚੰਦਰੇ ਏ। ਪਰ ਦੂਸਰੇ ਪਾਸੇ ਤਰੱਕੀਆਂ ਵੀ ਕਰਲੀਆਂ। ਸਮਾਂ ਸਾਥੋਂ ਖੁੱਲ੍ਹੇ ਡੁੱਲ੍ਹੇ ਹਨ। – ਵੀਤਾ ਨੇ ਤਾਰੇ ਨੂੰ ਦੱਸਿਆ।

– ਜਾਣ ਦਿਆ ਕਰ। ਪੰਜਾਬੀ ਕਿੱਥੇ ਨਹੀਂ ਪਹੁੰਚੇ। ਕਿਥੇ ਨਹੀਂ ਪਹੁੰਚਣਗੇ। ਬਾਮਨਾਂ ਦੇ ਚਮਚੇ ਏ। ਉਹ ਤੇਹ ਏ। ਸਾਲੇ -

ਵੀਤਾ ਨੇ ਵੇਖ ਲਿਆ ਕੇ ਤਾਰਾ ਤਿਆਰ ਨਹੀਂ ਸੀ ਕੁਝ ਸੁਣ ਲਈਂ। ਤਾਰੇ ਦੇ ਪੰਜਾਬ ਵਿਚ ਚਰਖੇ ਸਨ। ਬੰਦੇ ਦਾ ਰਾਜ ਸੀ। ਅੱਜ ਕਲ੍ਹ ਦੀਆਂ 'ਬਾਲੀਵੁੱਡ' ਫਿਲਮਾਂ ਤੋਂ

ਦੂਰ ਸੀ। ਉਹ ਤਿਆਰ ਸੀ ਗੁਣ ਵੇਖਣ। ਲੋਕਾਂ ਨੂੰ ਦੱਸਣ ਕੇ ਇੰਡੀਆ 'ਟੋਪ' ਏ। ਪਰ ਨੁਕਸ ਵੱਲ ਝਾਤੀ ਨਹੀਂ ਮਾਰਨਾ ਚਾਹੁੰਦਾ ਸੀ। ਵੀਤਾ ਨੇ ਰਾਣੇ ਦੇ ਸਾਹਮਣੇ ਤਿੰਨ ਤਸਵੀਰਾਂ ਰੱਖ ਦਿੱਤੀਆਂ। ਰਾਣੇ ਨੇ ਚੁੱਕ ਕੇ ਝੋਲੀਆਂ ਵੱਲ ਤੱਕਿਆ। ਫਿਰ ਤਿੰਨੇ ਹੀ ਤਸਵੀਰ ਸੁੱਟ ਦਿੱਤੀਆਂ।

– ਇਹਨਾਂ ਵਿਚ ਕੀ ਨੁਕਸ ਏ?– ਵੀਤਾ ਨੇ ਆਖਿਆ।

– ਮਾਮ! ਤੁਸੀਂ ਕੀ ਕਰਦੇ ਹੋ! ਇਹ ਤਾਂ ਅਗਲੀ ਏ!–।

ਵੀਤਾ ਨੇ ਤਸਵੀਰਾਂ ਚੁੱਕ ਲਈਆਂ। ਜਿਸ ਕੁੜੀ ਨੂੰ ਵੀਤਾ ਪਸੰਦ ਕਰਦੀ ਸੀ ਉਹਦੇ ਵੱਲ ਦੇਖਿਆ। ਨੈਣ ਸੁਣੱਖੇ ਸਨ। ਗੁੱਤ ਰੱਖੀ ਸੀ। ਹਰੀ ਸਲਵਾਰ ਕਮੀਜ਼ ਪਾਈ ਸੀ।

– ਇਹ ਤਾਂ ਬਹੁਤ ਚੰਗੀ ਸੁਭਾਅ ਦੀ ਏ। ਜਦ ਇਨ੍ਹੇ ਤੇਰੀ ਫੋਟੋ ਦੇਖੀ ਬਹੁਤ ਖ਼ੁਸ਼ ਸੀ–

– ਮਾਂ ਬਦਸੂਰਤ ਹੈ–

– ਤੂੰ ਪਾਗ਼ਲ ਹੋ ਗਿਆ–

– ਨ੍ਹੀਂ ਮਾਂ। ਫਿੱਟ ਨਹੀਂ–

– ਤੁਸੀਂ ਸਾਰੇ ਮੁੰਡੇ ਇੱਥੇ ਮੋਡਲ ਐਕਟ੍ਰੈਸਾਂ ਵੱਲ ਮਰਦੇ ਏ। ਉਹ ਅਸਲੀਅਤ ਨਹੀਂ –

– ਯੇਸ ਦੇ ਆਰ! ਕਾਹਤੋਂ ਪੰਜਾਬਣ ਨਾਲ ਵਿਆਹ ਕਰਾਂ? ਨਾ ਕੇ ਇੰਗਲਿਸ਼ ਬੋਲ ਸਕਦੇ ਨਾ ਕੇ ਕੱਪੜੇ ਪਾਉਂਣੇ ਆਉਂਦੇ!–।

– ਬਸ ਹਟ। ਪਿਉ ਨੂੰ ਕੀ ਕਹਿਣਾ! ਅਸੀਂ ਨਹੀਂ ਤੈਨੂੰ ਗੋਰੀ ਨਾਲ ਵਿਆਹ ਕਰਨ ਦੇਣਾ–। ਵੀਤਾ ਨੂੰ ਖਿੱਝ ਆ ਗਈ। - ਸਾਡੀ ਕਲਚਰ ਦੇ ਨਹੀਂ ਏ–

– ਕਿਹੜੀ ਕਲਚਰ ਮਾਂ? ਸਿੱਖੀ? ਗੁਰੂ ਤਾਂ ਕਹਿੰਦੇ ਸੀ ਸਭ ਇਕ ਏ! ਤੁਸੀਂ ਉਹ ਜੱਟ ਚਮਾਰ ਦਾ ਨਾਂ ਫਿਰ ਸ਼ੁਰੂ ਕਰੋ। ਜੇ ਪੰਜਾਬੀ ਰੱਖਣਾ ਚਾਹੁੰਦੇ ਸੀ ਇੱਥੇ ਆਉਂਣਾ ਨਹੀਂ ਸੀ। ਤੁਸੀਂ ਕਿੱਥੇ ਪੰਜਾਬੀ ਏ? ਅੱਧਾ ਪੰਜਾਬ ਅਨਪੜ੍ਹ ਏ। ਮੈਂ ਸ਼ੈਕਸਪੀਅਰ ਦੇ ਕਈ ਵਾਕ ਪੇਸ਼ ਕਰ ਸਕਦਾ। ਤੁਹਾਨੂੰ ਤਾਂ ਪਤਾ ਵੀ ਨਹੀਂ ਤੁਹਾਡੇ ਲੇਖਕ ਕੌਣ ਹਨ। ਬਸ ਭੰਗੜਾ ਤੋਂ ਛੁੱਟ ਕੁਝ ਵੀ ਨਹੀਂ ਜਾਣਦੇ। ਫਰੇਸ਼ੀ ਲੋਕ ਤਾਂ ਸਾਡੀ ਬੇਇੱਜ਼ਤੀ ਕਰਦੇ ਏ–।

*****

ਵੀਤਾ ਦਾ ਪੰਜਾਬ ਜਾਣ ਦਾ ਕੋਈ ਫ਼ਾਇਦਾ ਨਹੀਂ ਹੋਇਆ। ਰਾਣੇ ਕਰਕੇ ਤਾਰੇ ਨਾਲ ਫਿਰ ਲੜਾਈ ਹੋ ਗਈ। ਪੁਰਾਣੇ ਹਾਲ ਘਰ ਵਿਚ ਵਾਪਸ ਆ ਗਏ। ਜਦ ਰਾਣੇ ਨੇ ਇਮਤਿਹਾਨ ਫੇਲ੍ਹ ਕੀਤੇ ਘਰ ਵਿਚ ਭੂਚਾਲ ਆ ਗਈ। ਵੀਤਾ ਦਾ ਦਿਲ ਟੁੱਟ ਗਿਆ। ਘਰ ਬੈਠਕ ਟੈਲੀਵਿਜ਼ਨ ਵੇਖੇ। ਵੀਤਾ ਨੇ ਹੋਰ ਤਸਵੀਰ ਵਾਹੀ। ਸਫ਼ੈਦ ਟਾਟ ਉਪਰ ਲਾਲ ਛਿੱਟੇ ਸਨ। ਟੱਬਰ ਪਿਘਲਦਾ ਸੀ। ਬਾਹਰ ਬੱਦਲ ਰੋਂਦੇ ਸੀ। ਉਨ੍ਹਾਂ ਦੇ ਹੰਝੂ ਬਾਰੀ ਉਪਰ ਮੇਖਾਂ ਵਾਂਗੂੰ ਚੁੱਭਦੀਆਂ ਸੀ। ਉਸ ਰਾਤ ਉਹਦੀ ਖ਼ੁਸ਼ੀ ਖੰਭ ਲਾ ਕੇ ਉੱਡ ਗਈ।



***ਪੰਜ***

ਵੀਤਾ ਲਈ ਫਿਰ ਥੋੜ੍ਹੀ ਜੀ ਖ਼ੁਸ਼ੀ ਆ ਗਈ ਸੀ। ਰਾਣਾ ਹਾਰ ਕੇ ਕਾਲਜ ਵਿਚ ਦਾਖਲ ਹੋ ਗਿਆ ਸੀ। ਪਰ ਬਾਪ ਖ਼ੁਸ਼ ਨਹੀਂ ਸੀ। ਰਾਣੇ ਨੇ ਆਰਟ ਕਾਲਜ ਵਿਚ ਚਿੱਤਰਕਾਰੀ ਅਤੇ ਬੁਤਕਾਰੀ ਦੀ ਕੋਰਸ ਸ਼ੁਰੂ ਕਰ ਲਈ ਸੀ। - ਇਹ ਕੋਈ ਕੰਮ ਏ?– ਤਾਰਾ ਨਿੱਤ ਨਿੱਤ ਵੀਤਾ ਨੂੰ ਕਹਿ ਗਿਆ। ਮਸਾ ਪਿਉ ਪੁੱਤ ਨੂੰ ਵੀਤਾ ਨੇ ਮਨਾਇਆ ਟੱਬਰ ਬਣ ਕੇ ਇਕ ਦੋ ਕੁੜੀਆਂ ਨੂੰ ਦੇਖਣ। ਪਰ ਹਮੇਸ਼ਾਂ ਗ਼ਲਤ ਹੁੰਦਾ ਸੀ। ਨਹੀਂ ਤਾਂ ਰਾਣਾ ਕੰਮ ਖਰਾਬ ਕਰ ਦਿੰਦਾ ਸੀ। ਨਹੀਂ ਤਾਂ ਤਾਰਾ ਬੋਲ ਬੋਲ ਕੇ ਲੋਕਾਂ ਨੂੰ ਡਰਾ ਦਿੰਦਾ ਸੀ। ਇਹ ਚੱਕਰ ਸੀ।

ਰਾਣਾ ਹੁਣ ਘਰ ਨਹੀਂ ਰਹਿੰਦਾ ਸੀ। ਕਈ ਕਈ ਵਾਰੀ ਵੀਤਾ ਰੋਟੀ ਦਾਲ ਬਣਾ ਕੇ ਉਹਦੇ ਫਲੈਟ ਜਾਂਦੀ ਸੀ। ਵੀਤਾ ਹੈਰਾਨ ਹੋ ਗਈ ਕੇ ਰਾਣੇ ਨੇ ਚਿੱਤਰਕਾਰੀ ਕਰਨਾ ਸਿੱਖ ਲਿਆ। ਪਰ ਸਭ ਤੋਂ ਵੱਧ ਵੀਤਾ ਨੂੰ ਤਾਂ ਲੱਗਿਆ ਸੀ ਕੇ ਰਾਣੇ ਨੇ ਬੁਤਕਾਰੀ ਬਣਾਉਣ ਵਿਚ ਵਾਹ ਵਾਹ ਕਰ ਦਿੱਤੀ ਸੀ।

– ਮੈਂ ਤਾਂ ਸੋਚਿਆ ਤੂੰ ਰਾਇਟਰ ਬਣੂਗਾ–

– ਪਤਾ ਨਹੀਂ ਮਾਂ। ਤੁਹਾਡੀਆਂ ਤਸਵੀਰਾਂ ਵੇਖ ਕੇ ਮੇਰਾ ਮਨ ਇੱਧਰ ਚਲਾ ਗਿਆ–।

– ਤੂੰ ਹੁਣ ਖ਼ੁਸ਼ ਏ?–।

– ਹਾਂ ਮਾਂ–।

– ਬਾਪੂ ਤੇਰਾ ਤਾਂ ਖ਼ੁਸ਼ ਨ੍ਹੀਂ। ਚਾਅ ਪੂਰਾ ਕਰਕੇ ਤੂੰ ਹਾਲੇ ਵੀ।

– ਨਹੀਂ ਮਾਂ! ਤੁਹਾਡਾ ਟੇਲੈਂਟ ਪੂਰਾ ਨਹੀਂ ਹੋ ਸਕਿਆ। ਮੈਂ ਆਪਣਾ ਨਹੀਂ ਖਰਾਬ ਕਰਨਾ–।

– ਤੇਰੀ ਮਰਜ਼ੀ ਪੁੱਤ। ਵਿਆਹ ਕਰਕੇ –।

– ਮਾਂ! –।

– ਅੱਛਾ। ਗੱਲ ਛੱਡ ਦੇ–।

ਪਰ ਵੀਤਾ ਤੋਂ ਹਟ ਨਹੀਂ ਹੋਇਆ ਨਿੱਤ ਨਿੱਤ ਰਾਣੇ ਨੂੰ ਫ਼ੋਨ ਕਰਨ। ਰੋਜ਼ ਰੋਜ਼ ਇਹ ਦੀਆਂ ਗੱਲਾਂ ਸੁਣ ਕੇ ਮੁੰਡਾ ਪਾਗ਼ਲ ਹੁੰਦਾ ਸੀ। ਵੀਤਾ ਨੂੰ ਪਤਾ ਸੀ ਪਰ ਹਟ ਨਹੀਂ ਸਕਦੀ ਸੀ। ਵੀਤਾ ਨੂੰ ਡਰ ਸੀ ਕੇ ਮੁੰਡਾ ਗੋਰੀਆਂ ਨਾਲ ਤੁਰਦਾ ਫਿਰਦਾ ਸੀ। ਕੀ ਪਤਾ ਉਹਦੇ ਤੋਂ ਵੀ 'ਗਾਹ ਲੰਘ ਗਿਆ?

ਵੀਤਾ ਨੇ ਆਦਤ ਬਣਾ ਲਈ ਹਰੇਕ ਸ਼ੁਕਰਵਾਰ ਰਾਣੇ ਲਈ ਰੋਟੀ ਬਣਾ ਕੇ ਉਹਦੇ ਫਲੈਟ ਲੈ ਕੇ ਜਾਣ। ਵੀਤਾ ਨੂੰ ਮਜ਼ਾ ਆਉਂਦਾ ਸੀ ਖਾਣਾ ਪੀਣਾ ਬਣਾਉਂਣ। ਰਾਣਾ ਮੱਕੀ ਦੀਆਂ ਰੋਟੀਆਂ ਅਤੇ ਸਾਗ ਨੂੰ ਪਸੰਦ ਕਰਦਾ ਸੀ। ਪਰ ਰਾਣੇ ਦਾ ਸਭ ਤੋਂ ਪਸੰਦ ਖਾਣਾ ਕੀਮਾ ਸੀ। ਵੀਤਾ ਕਿੰਗ ਸਟਰੀਟ ਦੇ ਬੁੱਚੜ–ਝਟਕਈ ਤੋਂ ਲੇਲੇ ਦਾ ਮਾਸ ਤਿੰਨ ਵਾਰੀ ਠੁਮਕ ਠੁਮਕ ਕਰਨ ਵਾਲੀ ਮਸ਼ੀਨ ਵਿਚੋਂ ਲੰਘਾਉਂਦੀ ਸੀ। ਜਦ ਚਰਬੀ ਘੱਟ ਜਾਂਦੀ ਸੀ ਫਿਰ ਹੀ ਝਟਕਈ ਨੂੰ ਹਾਂ ਕਰਦੀ ਸੀ। ਆਪਣੀਆਂ ਸਾਰੀਆਂ ਸਬਜ਼ੀਆਂ ਕਿੰਗ

ਸਟਰੀਟ ਦੀਆਂ ਦੁਕਾਨਾਂ ਤੋਂ ਖਰੀਦਦੀ ਸੀ। ਕਿੰਗ ਸਟਰੀਟ ਬ੍ਰੌਡਵੇ ਤੋਂ ਨਿੱਕੀ ਸੀ ਪਰ ਸਮਾਜ ਦਾ ਦਿਲ ਉੱਤੇ ਸੀ। ਆਪਣੇ ਲੋਕਾਂ ਵਿਚ ਇੱਥੇ ਵੀਤਾ ਤੁਰ ਕੇ ਖ਼ੁਸ਼ ਹੁੰਦੀ ਸੀ। ਇਕ ਪਾਸੇ ਮੰਦਰ ਸੀ। ਨਾਲ ਦੀ ਸੜਕ ਦਾ ਨਾਂ ਹੇਵੱਲੋਕ ਸੀ। ਇੱਥੇ ਗੁਰਦੁਆਰਾ ਸੀ। ਕਿੰਗ ਸਟਰੀਟ ਦੇ ਪੂਛ ਨਾਲ ਸੜਕ ਉੱਤੇ ਮਸਜਿਦ ਸੀ। ਸਿੰਘਾਂ ਦੀਆਂ ਦੁਕਾਨਾਂ ਸਨ। ਮੁਸਲਮਾਨਾਂ ਅਤੇ ਹਿੰਦੂਆਂ ਦੀਆਂ ਵੀ। ਪੰਜਾਬੀ ਗੀਤ ਦਿਨ ਰਾਤ ਸੁਣਦਾ ਸੀ। ਹਲਵਾਦਾਰ ਸੀ। ਕਪੜਿਆਂ ਦੀਆਂ ਦੁਕਾਨਾਂ ਵੀ। ਇੱਥੇ ਵੀਤਾ ਦਾ ਮਨ ਸ਼ਾਂਤ ਸੀ। ਜਿੰਨੇ ਕੁ ਪੈਸੇ ਤਾਰਾ ਰਾਸ਼ਨ ਲਈ ਦੇ ਦਿੰਦਾ ਸੀ। ਖਰਚ ਦੇਂਦੀ ਸੀ। ਘਰ ਆ ਕੇ ਪਤੀਲੇ ਵਿਚ ਸਪੇਨ ਪਿਆਜ਼ ਘਟ ਕੇ ਤੇਲ ਵਿਚ ਰਾੜ੍ਹਦੀ ਸੀ। ਵਿਚ ਹੀ ਹਲਦੀ ਪਾ ਦੇਂਦੀ ਸੀ। ਵਿਚ ਹੀ ਲੂਣ। ਜਦ ਰੰਗ ਪੀਲਾ ਹੋ ਜਾਂਦਾ ਸੀ ਕੱਚਾ ਮਾਸ ਵਿਚ ਮਿਲਾ ਦੇਂਦੀ ਸੀ। ਫਿਰ ਪੌਣੇ ਘੰਟੇ ਲਈ ਢੱਕਣ ਰੱਖ ਦੇਂਦੀ ਸੀ। ਖਾਣਾ ਰਿੱਝਦਾ ਸੀ ਵੀਤਾ ਉਸ ਹੀ ਟਾਇਮ ਘਰ ਦੇ ਕੰਮ ਕਰਦੀ ਸੀ। ਫਿਰ ਠਾਰੇ ਹੋਏ ਮਟਰ ਵਿਚ ਰਲਾ ਦੇਂਦੀ ਸੀ। ਇੱਦਾਂ ਰਾਣੇ ਨੂੰ ਖ਼ੁਸ਼ ਰੱਖ ਲੈਂਦੀ ਸੀ। ਹੌਲੀ ਹੌਲੀ ਇਹ ਵੀਤਾ ਦੀ ਰੂਟੀਨ ਬਣ ਗਈ ਸੀ। ਹਾਰ ਕੇ ਰਾਣੇ ਦਾ ਮਗਜ਼ ਖਾ ਕੇ ਫਲੈਟ ਖੋਲ੍ਹਣ ਲਈ ਸਪੇਅਰ ਚਾਬੀਆਂ ਲੈ ਲਈਆਂ ਸੀ। ਇਹ ਗ਼ਲਤੀ ਨਿਕਲਣੀ ਸੀ। ਇਕ ਸ਼ੁੱਕਰਵਾਰ ਫਲੈਟ ’ਤੇ ਸਾਂਝਰੇ ਪਹੁੰਚ ਗਈ ਸੀ। ਉਹ ਘਰ ਨਹੀਂ ਸੀ। ਤਿੰਨ ਚਾਰ ਵਾਰੀ - ਰਾਣਾ!- ਹਾਕਿਆ। ਰਸੋਈ ਵਿਚ ਡੱਬੇ ਕੀਮੇ, ਦਾਲ ਅਤੇ ਆਲੂ ਗੋਭੀ ਦੇ ਰੱਖੇ। ਬੈਠਕ ਦੇ ਗਭਲੇ ਰਾਣਾ ਦਾ ਅੱਧਾ ਉਕਰਿਆ ਹੋਇਆ ਬੁੱਤ ਸੀ। ਉਸਦਾ ਚਿਹਰਾ ਇਸ ਤਰ੍ਹਾਂ ਉਕਰਿਆ ਸੀ ਕੇ ਅੱਖਾਂ ਵਿਚ ਪੀੜ ਦਿਸਦੀ ਸੀ। ਮੱਥੇ ਉਪਰ ਤਾਜ ਕੰਡਿਆਂ ਦਾ ਸੀ। ਜਿਥੇ ਕੰਡੇ ਮਾਸ ਵਿਚ ਚੁੱਭਦੇ ਸੀ ਉਥੇ ਲਹੂ ਦੀ ਲਾਰ ਸੀ। ਜਿਸਮ ਭੁੱਖਾ ਪਤਲਾ ਸੀ। ਲਿੱਸਾ ਅਤੇ ਕਮਜ਼ੋਰ ਬਣਾਇਆ ਸੀ। ਭਲਾ ਸ਼ਾਨ ਬਣਾਇਆ ਸੀ। ਅੱਧੀ ਸੂਲੀ ਹਾਲੇ ਰਹਿੰਦੀ ਸੀ ਮੁਕਾਉਣ। ਵੀਤਾ ਦਾ ਪਿਆ ਕਾਮਣ ਹਾਰ ਕੇ ਪਿਘਲ ਗਿਆ। ਇਹਨੂੰ ਖੜਾਕ ਸੁਣੀ। ਜਦ ਘੁੰਮੀ ਇਕ ਨੌਜਵਾਨ ਕੁੜੀ ਸਾਹਮਣੇ ਖਲੋਤੀ ਸੀ। ਉਹਦੀਆਂ ਕਾਲੀਆਂ ਕਾਲੀਆਂ ਜ਼ੁਲਫ਼ਾਂ ਮੋਢਿਆਂ ਉੱਤੇ ਝਰਨੇ ਵਾਂਗ ਡਿੱਗਦੀਆਂ ਸਨ। ਪਿੰਡੇ ਉਪਰ ਸ਼ਾਲ ਲਪੇਟੀ ਸੀ। ਦੋਵੇਂ ਹੈਰਾਨ ਹੋ ਗਈਆਂ ।

– ਸੌਰੀ ਆਏ ਹਰਡ ਏ ਵਾਓਇਸ। ਆਏ ਥਾਓਟ ਇਟ ਵਾਜ਼ ਰਾਣਾ-।

– ਆਏ ਏਮ ਹਿਜ਼ ਮੰਮ-। ਪਰ ਵੀਤਾ ਤੋਂ ਹੋਰ ਕੁਝ ਨਹੀਂ ਕਹਿ ਹੋਇਆ। ਇਕ ਦਮ ਫਲੈਟ ਵਿਚੋਂ ਨਿਕਲ ਗਈ। ਕਾਰ ਵਿਚ ਬਹਿ ਕੇ ਰੋਣ ਲੱਗ ਗਈ। ਉਹ ਦਿਨ ਤੋਂ ਬਾਅਦ ਰਾਣੇ ਦੇ ਫਲੈਟ ਛੇ ਮਹੀਨੇ ਲਈ ਨਹੀਂ ਗਈ। ਜਦ ਗਈ ਫ਼ੋਨ ਕਰਨ ਤੋਂ ਬਾਅਦ ਗਈ। ਹਮੇਸ਼ਾਂ ਦਰਵਾਜ਼ਾ ਖੜਕਾਇਆ। ਜੋ ਹੋਇਆ ਉਸ ਬਾਰੇ ਮਾਂ ਪੁੱਤ ਨੇ ਕਦੀ ਗੱਲ ਨਹੀਂ ਛੇੜੀ। ਇਸ ਤੋਂ ਬਾਅਦ ਵਿਆਹ ਬਾਰੇ ਗੱਲ ਵੀ ਕਦੀ ਨਹੀਂ ਹੋਈ।

ਫਿਰ ਚੀਜ਼ਾਂ ਵੀਤਾ ਲਈ ਹੋਰ ਔਖੀਆਂ ਹੋਣ ਲੱਗ ਗਈਆਂ।

ਤਾਰਾ ਰਾਣੇ ਨੂੰ ਕੁਝ ਕਹਿਣਾ ਨਹੀਂ ਚਾਹੁੰਦਾ ਸੀ, ਪਰ ਵੀਤਾ ਦੇ ਰਾਹੀਂ ਵਿਆਹ ਬਾਰੇ ਪੁੱਛੀ ਗਿਆ। ਵੀਤਾ ਡਰਦੀ ਹੁਣ ਰਾਣੇ ਨੂੰ ਆਖਦੀ ਨਹੀਂ ਸੀ। ਵੀਤਾ ਨੇ ਆਪਦੀ ਚਾਬੀ ਪ੍ਰੋਫ਼ੈਸਰ ਨੂੰ ਦੇ ਦਿੱਤੀ ਸੀ। ਹੁਣ ਉਹ ਰਾਣੇ ਨੂੰ ਖਾਣ ਪੀਣਾ ਲੈ ਕੇ ਜਾਂਦਾ ਸੀ। ਪ੍ਰੋਫ਼ੈਸਰ ਵੀਤਾ ਤੋਂ ਸੁਨੇਹੇ ਵੀ ਰਾਣੇ ਨੂੰ ਦਿੰਦਾ ਸੀ। ਰਾਣਾ ਅਤੇ ਉਹਦਾ



ਨਾਨਾ ਨਜ਼ਦੀਕ ਹੋ ਗਏ ਸੀ। ਇਕ ਦਿਨ ਜਵਾਬ ਆਇਆ - ਮੈਂ ਵਿਆਹ ਨਹੀਂ ਕਰਨਾ-। ਬਸ ਤਾਰਾ ਵੀਤਾ ਉੱਤੇ ਸ਼ੁਰੂ ਹੋ ਗਿਆ। ਦੁਖ ਦੇ ਦਿਨ ਵਾਪਸ ਆ ਗਏ ਸੀ ਜਿੱਦਾਂ ਬੂਮਾਰੈਂਗ ਸੁੱਟਣ ਵਾਲੇ ਖੋਲ੍ਹੇ ਵਾਪਸ ਆਉਂਦਾ ਹੈ। ਵੀਤਾ ਨੇ ਸ਼ੁਕਰ ਕੀਤਾ ਕਿ ਅੱਜਕੱਲ੍ਹ ਤਾਰਾ ਪੀਂਦਾ ਨਹੀਂ ਸੀ। ਹੱਥ ਪੈਰੀਂ ਤੋਂ ਡਰਦੀ ਸੀ, ਪਰ ਕੰਨ ਜ਼ਰੂਰ ਖਾਂਦਾ ਸੀ।

ਵੀਤਾ ਨੇ ਆਪਣੇ ਸਾਰੇ ਜਜ਼ਬੇ ਚਿੱਤਰਕਾਰੀ ਵਿਚ ਪਾ ਦਿੱਤੇ। ਇਕ ਦਿਨ ਸ਼ੀਰੋ ਇਹਦੇ ਘਰ ਆਈ ਸੀ। ਸ਼ੀਰੋ ਹੈਰਾਨ ਹੋ ਗਈ ਸੀ ਵੀਤਾ ਦੀ ਨਵੀਂ ਤਸਵੀਰ ਦੇਖ ਕੇ , ਭੈਣ ਇਹ ਤਾਂ ਵਿਸਮਾਦੀ। ਐਮੇਜ਼ਿੰਗ ਏ-। ਵੀਤਾ ਉਸ ਹੀ ਵੇਲੇ ਟੁੱਟ ਕੇ ਰੋਣ ਲੱਗ ਪਈ। ਵੀਤਾ ਨੇ ਆਪਣੀਆਂ ਸਭ ਪੀੜਾਂ ਭੈਣ ਨਾਲ ਵੰਡਾ ਲਈਆਂ। ਊਂ ਜਦ ਦਾ ਲਾਲ ਕਿਲ੍ਹੇ ਬਾਹਰ ਤਾਰੇ ਨੇ ਬੇਇੱਜ਼ਤੀ ਕਰਕੇ ਜੇਲ੍ਹ ਵਿਚ ਬੀਤੀ ਸਭ ਨੂੰ ਪਤਾ ਸੀ। ਸਾਰੇ ਆਪਣੇ ਚੱਕਰ ਵਿਚ ਹੀ ਵੀਤਾ ਦਾ ਹਾਲ ਭੁੱਲ ਜਾਂਦੇ ਸੀ।

– ਉਫ਼! ਅਸੀਂ ਸਭ ਅਬਦੀਆਂ ਦੁੱਖਾਂ ਵਿਚ ਤੇਰਾ ਹਾਲ ਚੇਤਾ ਭੁਲਾ ਦਿੰਦੇ ਆਂ-।

– ਕੀ ਕਰਾ ਭੈਣੇ। ਇੱਧਰ ਤੇਰਾ ਭਾਜੀ ਨਹੀਂ ਮੰਨਦਾ, ਉਧਰ ਰਾਣਾ ਨਹੀਂ। ਬਾਪੂ ਜੀ ਨੇ ਕਈ ਵਾਰੀ ਉਹਦੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸੁਣਦਾ ਨਹੀਂ-।

ਫਿਰ ਵੀਤੇ ਲਈ ਹੋਰ ਮੁਸੀਬਤ ਆ ਬੈਠੀ। ਰਾਣੇ ਨੇ ਮਾਂ-ਪਿਉਂ ਦੇ ਘਰ ਆ ਕੇ ਐਲਾਨ ਕੀਤਾ ਕੇ ਉਸਨੇ ਕਾਲਜ ਤੋਂ ਬਾਅਦ ਬਾਰਥੇਲੋਨਾ ਚਲੇ ਜਾਣਾ ਸੀ।

ਜਿਹੜੀ ਥੋੜ੍ਹੀ ਜੀ ਖ਼ੁਸ਼ੀ ਆਈ ਵੀ ਸੀ। ਗਾਇਬ ਹੋ ਗਈ।

## ***ਛੇ***

ਐਲਾਨ ਕਰਨ ਤੋਂ ਬਾਅਦ ਰਾਣਾ ਘਰ ਵਾਪਸ ਨਹੀਂ ਆਇਆ। ਪ੍ਰੋਫ਼ੈਸਰ ਨੂੰ ਮਿਲਨ ਤੋਂ ਬਾਅਦ ਦੱਸੇ ਬਗ਼ੈਰ ਏਅਰਪੋਰਟ ਚਲਾ ਗਿਆ। ਸਲੇਟੀ ਸੁੰਨਾ ਦਿਨ ਸੀ। ਉਹ ਦਿਨ ਖਾਮੋਸ਼ੀ ਵਿਚ ਵੀਤਾ ਅਤੇ ਤਾਰੇ ਨੇ ਲਾਲ ਕਿਲ੍ਹੇ ਵਿਚ ਕੰਮ ਕੀਤਾ। ਜਦ ਰਾਤ ਨੂੰ ਘਰ ਜਾਣ ਲਈ ਰਸੋਈਖ਼ਾਨੇ ਵਿਚੋਂ ਨਿਕਲੇ ਬਾਰਸ਼ ਦੀਆਂ ਕਣੀਆਂ ਜ਼ੋਰ ਨਾਲ ਉਨ੍ਹਾਂ ਉਪਰ ਡਿੱਗਦੀਆਂ ਸਨ, ਜਿੱਦਾਂ ਕੋਈ ਵੈਰੀ ਫ਼ੌਜ ਰਣ ਵਿਚ ਵਾਰ ਕਰਨ ਦੀ ਕੋਸ਼ਿਸ਼ ਕਰਦੇ ਸੀ। ਉਹ ਰਾਤ ਵੀਤਾ ਨੂੰ ਨੀਂਦ ਨਾ ਆਈ। - ਰਾਣਾ। ਰਾਣਾ- ਕਰਦੀ ਰਹੀ।

ਉਹ ਰਾਤ ਵੀਤਾ ਨੇ ਰੱਬ ਨੂੰ ਛੱਡ ਦਿੱਤਾ। ਮਨ ਪੱਕੀ ਸੀ ਕੇ ਰੱਬ ਹੋ ਨਹੀਂ ਸਕਦਾ। ਔਰਤ ਲਈ ਕਿੰਨੀ ਸਖ਼ਤ ਜ਼ਿੰਦਗੀ ਸੀ। ਕੋਈ ਆਦਮੀ ਕਦੀ ਵੀ ਇਸ ਕਦਰ ਨਾ ਕਰ ਸਕਦਾ। ਪਹਿਲਾਂ ਸ਼ੌਅਰ ਦੇ ਨੁਕਸ ਬਰਦਾਸ਼ਤ ਕੀਤੇ। ਫਿਰ ਰਾਣੇ ਦੀ। ਟਾਏ ਗੰਦਾ ਨਿਕਲਿਆ। ਡੇਲ ਭੋਲਾ। ਕੇਵਲ ਬਾਪੂ ਜੀ ਚੰਗਾ ਸੀ। ਪਰ ਉਹ ਵੀ ਕਿੰਨਾ ਕੁ ਚੰਗਾ ਹੋਵੇ, ਜਿਸ ਨੇ ਤਾਰੇ ਵਰਗੇ ਨਾਲ ਵਿਆਹ ਕਰਾ ਦਿੱਤਾ ਸੀ? ਵੀਤਾ ਸੋਚਣ ਲੱਗ ਗਈ ਕੇ ਤੀਵੀਂ ਨੂੰ ਬੰਦਾ ਉਨ੍ਹਾ ਕੁ ਹੀ ਚਾਹੀਦਾ ਜਿੰਨਾ ਕੁ ਮੱਛੀ ਨੂੰ ਸਾਇਕਲ

ਚਾਹੀਦਾ। ਰਾਣਾ ਤਿੰਨ ਦਿਨ ਬਾਅਦ ਆਪਣੇ ਪਿਉ ਬਣਨ ਲੱਗ ਪਿਆ। ਫਿਰ ਵੀ ਬਾਪ ਤੇ ਘੋੜਾ ਥੋੜਾ ਥੋੜਾ!

– ਮੇਰੇ ਕੋਲੇ ਹੁਣ ਹਿੰਮਤ ਨਹੀਂ ਏ। ਬਸ ਹੋ ਗਈ–। ਪਰ ਘੰਟੇ ਬਾਅਦ ਫਿਰ ਉਠ ਕੇ ਬੁੱਲ੍ਹਾਂ ਉੱਤੇ ਇਕ ਹੀ ਨਾਂ ਸੀ। - ਰਾਣਾ!–।

### *ਸਤ*

ਵੀਤਾ ਨੇ ਆਪਣੇ ਮੁੱਖ ਵੱਲ ਸ਼ੀਸ਼ੇ ਵਿਚ ਤੱਕਿਆ। ਵਾਲ ਹੁਣ ਕਾਲੀ ਪੀਸੀ ਹੋਈ ਮਿਰਚ ਦੇ ਰੰਗ ਵਰਗੇ ਸੀ। ਥੋੜ੍ਹੇ ਜੜ੍ਹਾਂ 'ਤੇ ਕਾਲੇ। ਪੂਛ ਵੱਲ ਬਰਫ਼ ਵਾਂਗੂੰ ਚਿੱਟੇ। ਅੱਖਾਂ ਹੁਣ ਮੱਛੀ ਦੀਆਂ ਅੱਖਾਂ ਵਰਗੀਆਂ ਸਨ। ਅੱਧੀਆਂ ਮਰੀਆਂ ਅੱਧੀਆਂ ਜੀਂਦੀਆਂ। ਜਿਥੇ ਰੰਗ ਸੀ ਹੁਣ ਨੀਲੇ ਸਲੇਟ ਚਪਣੀਆਂ ਸਨ। ਨੱਕ ਅੱਗੇ ਨਾਲੋਂ ਭਾਰਾ ਹੋ ਗਿਆ ਸੀ। ਚਿਹਰੇ 'ਤੇ ਸਖ਼ਤ ਲਕੀਰਾਂ ਸੀ। ਹਰੇਕ ਲਕੀਰ ਪਿੱਛੇ ਪੀੜ।

– ਮੇਰੀ ਜ਼ਿੰਦਗੀ ਵਿਚ ਕੋਈ ਮਤਲਬ ਵੀ ਹੈ?– ਹਨ ਵਿਚ ਸੱਚੇ। ਸ਼ੀਸੇ ਨੇ ਜਵਾਬ ਨਹੀਂ ਦਿੱਤਾ। ਪਤਾ ਨਹੀਂ ਵੀਤਾ ਦੀ ਕਲਪਣਾ ਸੀ, ਪਰ ਇਹਨੂੰ ਲੱਗਿਆ ਜਿੱਦਾਂ ਗਲਾਸ ਵਿਚ ਰਾਣਾ ਦਿੱਸਿਆ ਮਾਂ ਨੂੰ ਮੁਸਕਾਨ ਦਿੰਦਾ। ਵੀਤਾ ਨੇ ਸ਼ੀਸ਼ੇ ਨੂੰ ਹੱਥ ਲਾਇਆ। ਜਿੱਥੇ ਵੀਤਾ ਦੇ ਨਜ਼ਰ ਵਿਚ ਰਾਣੇ ਦੀ ਜੜ੍ਹ ਦਿਸੀ ਉੱਤੇ ਹੱਥ ਫੈਰਿਆ। ਰਾਣੇ ਦੇ ਪਰਛਾਵੇਂ ਨੇ ਹਸ ਕੇ ਕਿਹਾ - ਫਿਕਰ ਨਾ ਕਰ ਮਾਂ। ਫਿਕਰ ਨਾ ਕਰ–।

### *ਅੱਠ*

ਇਕ ਦਿਨ ਰਾਣੇ ਦਾ ਫ਼ੋਨ ਆ ਗਿਆ ਸੀ। ਸੱਚ ਸੀ ਪ੍ਰੋਫ਼ੈਸਰ ਨੇ ਘੁੰਮਾਇਆ। ਪਰ ਫਿਰ ਵੀ ਮਾਂ ਨੂੰ ਪੁੱਤ ਨਾਲ ਗੱਲ ਕਰਨ ਦਾ ਮੌਕਾ ਮਿਲ ਗਿਆ। ਤਾਰੇ ਨੇ ਰਾਣੇ ਨਾਲ ਗੱਲ ਨਹੀਂ ਕੀਤੀ। ਵੀਤਾ ਨੂੰ ਕਲਾਕਾਰ 'ਚ ਖ਼ੂਬ ਚੀਜ਼ਾਂ ਦਿਸਦੀਆਂ ਸੀ, ਪਰ ਤਾਰੇ ਨੂੰ ਬੇਫ਼ਜ਼ੂਲ ਲੱਗਦਾ ਸੀ। ਤਾਰਾ ਚਾਹੁੰਦਾ ਸੀ ਨਵੀਂ ਭੋਜਨਸ਼ਾਲਾ ਖੋਲ੍ਹਣ। ਪ੍ਰੋਫ਼ੈਸਰ ਦੇ ਵਿਲੈਤ ਆਉਂਣ ਤੋਂ ਬਾਅਦ ਰਾਣੇ ਨੇ ਖ਼ਬਰ ਦਿੱਤੀ ਨਹੀਂ ਨਾ ਲਈ। ਵੀਤਾ ਵਿਚ ਕੰਮ ਕਰਨ ਦੀ ਹਿੰਮਤ ਨਹੀਂ ਰਹੀ। ਹਮੇਸ਼ਾਂ ਆਪਣੇ ਪੁੱਤ ਬਾਰੇ ਸੋਚੀ ਗਈ। ਫਿਰ ਕ੍ਰਿਸਮਿਸ ਦੀਆਂ ਛੁੱਟੀਆਂ ਆਈਆਂ। ਦਰਵਾਜ਼ਾ ਖੜਕਿਆ। ਜਦ ਬੂਹਾ ਖੋਲ੍ਹਿਆ ਰਾਣਾ ਸਾਹਮਣੇ ਖਲੋਤਾ ਸੀ। ਮਾਂ ਦਾ ਦਿਲ ਖ਼ੁਸ਼ੀ ਨਾਲ ਭਰ ਗਿਆ। ਇਕਦਮ ਜੱਫੀ ਪਾਈ। – ਠੰਡ ਵਿਚ ਨਾ ਖੜ੍ਹ। ਅੰਦਰ ਆ–। ਘਰ ਦੇ ਗਲੀ ਵਿਚ ਖੜ੍ਹ ਕੇ ਰਾਣੇ ਵੱਲ ਦੇਖਿਆ। ਵਾਲ ਹੁਣ ਲੰਬੇ ਲੰਬੇ ਸੀ। ਪਤਲੀ ਦਾੜ੍ਹੀ ਵੀ ਰੱਖੀ ਸੀ। ਸੂਫ਼ੀ ਵਾਂਗ ਲੱਗਦਾ ਸੀ। - ਲੱਗਦਾ ਮੇਰਾ ਮੁੰਡਾ ਜੋਗੀ ਹੋ ਗਿਆ!–। ਮਾਂ ਬੈਠਕ ਵਿਚ ਲੈ ਗਈ। - ਦੇਖੋ ਕੌਣ ਆਇਆ!–।

ਤਾਰਾ ਟੀ.ਵੀ. ਦੇਖਦਾ ਸੀ। ਕੋਈ ਇਸ਼ਾਰਾ ਨਹੀਂ ਕੀਤਾ। ਸੀਸ ਹਿੱਲਿਆ ਨਹੀਂ। ਰਾਣੇ ਦੀ ਕੋਮਲ ਮੁਸਕਾਨ ਢਲ ਗਈ। ਇਕ ਦੋ ਪਲ ਲਈ ਕਿਸੇ ਨੇ ਕੁਝ ਨਹੀਂ



ਬੋਲਿਆ। ਫਿਰ ਵੀਤਾ ਰਾਣੇ ਨੂੰ ਪਿੱਛੇ ਡਾਈਨਿੰਗ ਰੂਮ ਵਿਚ ਲੈ ਗਈ।

– ਲੋ ਮਾਂ ਤੁਹਾਡੇ ਲਈ ਤੋਹਫਾ –। ਰਾਣੇ ਨੇ ਮਾਂ ਨੂੰ ਇਕ ਲਪੇਟਿਆ ਬਕਸਾ ਫੜਾ ਦਿੱਤਾ।

– ਵਾਹ! 'ਤੋਹਫਾ'! ਤੂੰ ਕਦ ਪੰਜਾਬੀ ਬੋਲਣੀ ਸਿੱਖ ਲਈ?–।

– ਬਾਰਥੇਲੋਨਾ ਵਿਚ ਕਈ ਫ਼੍ਰੈਸ਼ੀ ਹੈਂ–।

– ਸਾਡੇ ਦੇਸੀਆਂ ਨੂੰ ਇੱਦਾਂ ਨਹੀਂ ਕਹੀਦਾ। ਫਿਰ ਵੀ ਮੈਂ ਬਹੁਤ ਖ਼ੁਸ਼ ਆਂ ਤੂੰ ਘਰ ਆ ਗਿਆ। ਕਿੰਨਾਂ ਚਿਰ ਲਈ ਰਹਿਣਾ?–।

– ਬਸ ਦੋ ਦਿਨਾਂ ਲਈ–।

– ਮਾਂ ਦਾ ਦਿਲ ਨਾ ਤੋੜ। ਹੋਰ ਦੇਰ ਲਈ ਰਹਿ–।

– ਨਾ ਮਾਂ ਜੀ। ਉਹ ਤਾਂ ਮੇਰੇ ਨਾਲ ਬੋਲਦਾ –

– 'ਉਹ' ਨਹੀਂ ਏ। ਤੇਰਾ ਡੈਡੀ ਏ। ਤੂੰ ਕਿੱਥੇ ਉਨ੍ਹਾਂ ਨਾਲ ਬੋਲਦਾ–

– ਔਖਾ ਏ। ਕੁਛ ਬਦਲਿਆ?–

– ਨਹੀਂ ਸਭ ਕੁਝ ਉਹਦਾ ਹੀ ਏ–

– ਹਾਂ 'ਚ ਹਾਂ ਨਾ 'ਚ ਨਾ–

– ਬਸ ਇੱਦਾਂ ਹੀ ਕੰਮ ਚਲਦਾ ਰਹਿੰਦਾ–

– ਜੇ ਡੈਡੀ ਇੱਦਾਂ ਹੀ ਖਮੋਸ਼ ਰਹੇ ਮੈਥੋਂ ਤਾਂ ਇੱਥੇ ਰਹਿ ਨਹੀਂ ਹੋਵੇਗਾ–

– ਬੈਠਕ 'ਚ ਜਾ। ਉਨ੍ਹਾਂ ਨਾਲ ਬੋਲਣ ਦੀ ਕੋਸ਼ਿਸ਼ ਤਾਂ ਕਰ–। ਮਾਂ ਨੇ ਆਪਣੇ ਬੇਟੇ ਨੂੰ ਬੇਨਤੀ ਕੀਤੀ। ਮਿੰਟ ਬਾਅਦ ਰਾਣਾ ਮੰਨ ਗਿਆ। - ਆਲ–ਰਾਈਟ–।

ਵੀਤਾ ਬੈਠੀ ਰਹੀ। ਇਹ ਨੂੰ ਸੁਣਦਾ ਸੀ। ਰਾਣੇ ਨੇ ਤਾਰੇ ਨੂੰ ਹੈਲੋ ਕੀਤਾ। ਕੋਈ ਜਵਾਬ ਨਾ ਮਿਲਿਆ। ਫਿਰ ਰੌਲਾ ਸ਼ੁਰੂ ਹੋ ਗਿਆ। ਤੂਫ਼ਾਨ ਘਰ ਵਿਚ ਆ ਗਈ। ਵੀਤਾ ਦਾ ਦਿਲ ਡੁੱਬ ਗਿਆ। ਹਿੰਮਤ ਹਾਰ ਗਈ। ਹਿਲ ਨਹੀਂ ਸਕੀ। ਫਿਰ ਪਿਉ ਤੋਂ ਗਾਲ੍ਹ ਸੁਣੀ। ਦਰ ਜੋੜ ਦੇਣੀ ਖੜਾਕ। ਵੀਤਾ ਨੇ ਉਠਣ ਦੀ ਕੋਸ਼ਿਸ਼ ਕੀਤੀ। - ਰਾਣਾ!–। ਪਟ ਠਰ ਗਈ ਸੀ। ਚੁੰਨੀ ਮੂੰਹ ਉੱਤੇ ਰਖ ਕੇ ਰੱਜ ਰੱਜ ਰੋਈ।

### *ਨੌਂ*

ਪ੍ਰੋਫ਼ੈਸਰ ਫਿਰ ਬਾਰਥੇਲੋਨਾ ਗਿਆ। ਪਰ ਐਂਤਕੀ ਰਾਣਾ ਵੀਤਾ ਨਾਲ ਫ਼ੋਨ 'ਤੇ ਗੱਲ ਕਰਨ ਮੰਨਦਾ ਨਹੀਂ ਸੀ। ਟੱਬਰ ਵਿਚ ਪਾੜ ਪੈ ਗਿਆ। ਕ੍ਰਿਸਮਿਸ ਦੀ ਰਾਤ ਵੀਤਾ ਨੇ ਮੁੰਡੇ ਤੋਂ ਮਿਲਿਆ ਹੋਇਆ ਤੋਹਫਾ ਖੋਲ੍ਹਿਆ। ਬੁੱਤ ਸੀ। ਵੀਤਾ ਵੀ। ਤਾਰਾ ਵੀ ਬੁੱਤ ਬਣ ਗਿਆ ਸੀ।

ਸਾਲ ਘੁਲ ਗਏ। ਪ੍ਰੋਫ਼ੈਸਰ ਵੀ ਸਪੇਨ ਜਾਣੋਂ ਹੱਟ ਗਿਆ ਸੀ। ਤਾਰੇ ਨੇ ਵੀਤਾ ਨੂੰ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਵੀਤਾ ਚਿੱਤਰਕਾਰੀ ਕਰਨੋਂ ਹਟ ਗਈ। ਭੈਣ ਨੂੰ ਵਰਤਣ ਹੱਟ ਗਈ। ਕੰਮ 'ਤੇ ਜਾਣੋਂ ਹਟ ਗਈ। ਜੇ ਤਾਰੇ ਨੂੰ ਉਦਾਸ ਆਉਂਦਾ ਜਾਪਦਾ ਨਹੀਂ ਸੀ ਸਹੁੰ ਖਾ ਸਕਦਾ ਸੀ ਕੇ ਵੀਤਾ ਜੀਉਣ ਵੀ ਹਟ ਗਈ ਸੀ।

ਇਕ ਦਿਨ ਫ਼ੋਨ ਖੜਕਿਆ। ਜਦ ਰਾਗ ਗਾਉਣ ਹੱਟਿਆ ਨਹੀਂ ਹਾਰ ਕੇ ਵੀਤਾ ਨੇ ਚੌਂਕਿਆ। ਦੂਜੇ ਪਾਸੋ ਆਵਾਜ਼ ਆਈ - ਮਾਂ-।

**ਅੱਠਵਾਂ ਭਾਗ ਖ਼ਤਮ**

**ਨੌਵਾਂ ਭਾਗ**

**ਰਾਣਾ**

***ਇਕ***

ਰਾਣੇ ਨੇ ਆਪਣੀਆਂ ਅੱਖਾਂ ਖੋਲ੍ਹੀਆਂ। ਇਕ ਨਿੱਘੇ ਕਮਰੇ ਵਿਚ ਸੀ। ਕਮਰੇ ਦੀ ਛੱਤ ਤੋਂ ਤਾਰ ਟੰਗੀ ਸੀ। ਇਹ ਦੇ ਚਾਨਣ ਦਾ ਖੰਭਾ ਰੋਸ਼ਨੀ ਦਿੰਦਾ ਸੀ। ਕਮਰਾ ਚੌਰਸ ਰੂਪ ਵਿਚ ਨਹੀਂ ਸੀ। ਪਰ ਛਤਰੀ ਵਰਗਾ ਸੀ। ਇਸ ਲਈ ਲੋਅ ਕੰਧ ਤਕ ਪਹੁੰਚ ਨਾ ਸਕੀ। ਰਾਣੇ ਦੇ ਅੱਖ ਵਿਚ ਇਕ ਹੀ ਕੰਧ ਸੀ। ਕਿਉਂਕਿ ਕਮਰੇ ਦਾ ਰੂਪ ਗੁੰਬਦ ਵਰਗਾ ਸੀ। ਰਾਣੇ ਨੂੰ ਲੱਗੇ ਜਿਵੇਂ ਕੰਧ ਆਸ ਪਾਸ ਚੋਲੇ ਵਾਂਗੂੰ ਕਮਰੇ ਨੂੰ ਲਪੇਟ ਦੀ ਸੀ। ਬੱਤੀ ਤੋਂ ਪਰੇ ਕਮਰਾ ਹਨੇਰੇ ਵਿਚ ਸੀ। ਥਾਂ ਦਰਅਸਲ ਖੁਲ੍ਹਾ ਸੀ। ਛਾਂ ਕਰਕੇ ਇਹਨੂੰ ਘੁੱਟਮ ਲੱਗਦਾ ਸੀ। ਆਲ਼ੇ-ਦੁਆਲ਼ੇ ਗੁਬਾਰੇ ਵੱਲੇਵੇ ਸਨ। ਰਾਣਾ ਕੁਰਸੀ ਉੱਤੇ ਬਹਿਤਾ ਸੀ। ਇਹ ਦੇ ਪਿੱਛੇ ਆਪਣੇ ਚਾਰ ਪੰਜਿਆਂ ਉੱਤੇ ਅਲਫੌਂਸੋ ਖੜ੍ਹਾ ਸੀ। ਦੋਨਾਂ ਦੇ ਅੱਗ ਮੇਜ਼ ਸੀ ਜਿਸ ਦੇ ਦੂਸਰੇ ਪਾਸੇ ਹੋਰ ਬੈਠਾ ਸੀ। ਛਾਂ ਵਿਚ ਇਕ ਹੋਰ ਮਸਾ ਦੀਂਦਾ ਸੀ। ਉਹ ਵਰਾਨਾ ਖਲੋਇਆ ਸੀ। ਰਾਣੇ ਨੂੰ ਦਸਿਆ ਕੇ ਉਹਦਾ ਨਾਂ ਚੰਦ ਸੀ। ਰਾਣੇ ਨੂੰ ਸਿਰਫ਼ ਉਸ ਦੀਆਂ ਦੋ ਚੀਜ਼ਾਂ ਦਿਸ ਦੀਆਂ ਸੀ। ਡੂੰਘੀਆਂ ਡੂੰਘੀਆਂ ਪੀਲੀਆਂ ਅੱਖਾਂ। ਜਿਸ ਤੋਂ ਕਾਲੀਆਂ ਕਾਲੀਆਂ ਧੀਰੀਆਂ ਆਨੇ ਕੱਢਦੀਆਂ ਸੀ। ਦੂਸਰੇ ਚੀਜ਼ ਵਰਾਨੇ ਦੀ ਵਾਲਦਾਰ ਬੂੰਨੀ ਦਿਸ ਦੀ ਸੀ। ਜਦ ਬੁਲ੍ਹਾਂ ਅਲਾਗ ਹੋਈਆਂ ਤਿੱਖੇ ਤਿੱਖੇ ਦੰਦ ਦਿਸਦੇ ਸੀ। ਰਾਣੇ ਦੇ ਸੱਜੇ ਪਾਸੇ ਪੰਛੀ ਦਾ ਟਿਕਣਾ ਸੀ। ਇੱਥੇ ਬਾਰਫ਼ੀ ਉੱਲੂ ਟਿਕਿਆ ਸੀ। ਉੱਲੂ ਦਾ ਨਾਂ ਓਂਕਾਰ ਸੀ। ਦੋ ਫੁਟ ਦਾ ਕੱਦ ਸੀ। ਜਦ ਖੰਭ ਖੋਲ੍ਹਦਾ ਪੱਖ ਛੇ ਫੁਟ ਚੌੜੇ ਸੀ। ਪਰ ਰਾਣੇ ਨੂੰ ਇਸ ਅਜੀਬ ਥਾਂ ਤੋਂ ਡਰ ਨਹੀਂ ਸੀ ਕਿਉਂਕਿ ਅਲਫੌਂਸੋ ਨੇ ਇਹ ਦੇ ਸਿਰ ਤੇ ਹੱਥ ਧਰ ਦਿੱਤੇ ਸੀ। ਸੱਚ ਮੁੱਚ ਤਾਂ ਨਾਕਿ ਬਾਂਦਰ ਅਜੀਬ ਸੀ ਨਾਕਿ ਉੱਲੂ।

ਸਭ ਤੋਂ ਅਜੀਬ ਨਿਵਾਸੀ ਕਮਰੇ ਵਿਚ ਰਾਣੇ ਦੇ ਸਾਹਮਣੇ ਬੈਠਾ ਸੀ।

ਰਾਣੇ ਦੇ ਨਜ਼ਰ ਸਾਹਮਣੇ ਗੂੜ੍ਹੇ ਨੀਲੇ ਸੂਟ ਵਿਚ ਸਫ਼ੈਦ ਸ਼ਰਟ ਬੈਠੀ ਸੀ। ਉਹ ਸ਼ਰਟ ਦੇ ਗਲੇ ਉੱਤੇ ਫ਼ਿਰੋਜ਼ੀ ਟਾਏ ਕੱਸੀ ਸੀ। ਸ਼ਰਟ ਦੇ ਗਲੇ ਉਪਰ ਘੋੜੇ ਦਾ ਸਿਰ ਸੀ! ਜਿਥੇ ਹੱਥ ਹੋਣੇ ਚਾਹੀਦੇ ਸੀ ਬੇਨਾਲ ਖੁਰ ਸਨ। ਸੂਟ ਵੀ ਬਹੁਤ ਸੋਹਣਾ ਸੀ। ਰਾਣੇ ਨੂੰ ਲੱਗੇ ਜਿਵੇਂ ਘੋੜੇ ਖੋਲ੍ਹ ਅਰਮਾਨੀ ਸੂਟ ਪਾਇਆ। ਘੋੜੇ ਦਾ ਨਾਂ ਪਵਨ ਸੀ। ਜਦ ਰਾਣਾ ਉਨ੍ਹਾਂ



ਨੂੰ ਪਹਿਲੀ ਵਾਰੀ ਮਿਲਿਆ ਇਹਨੂੰ ਲੱਗੇ ਜਿਵੇਂ ਆਪਦੀ ਮੱਤ ਮਾਰੀ ਹੋਈ ਸੀ। ਪਰ ਫਿਰ ਯਾਦ ਆ ਗਿਆ ਕੇ ਐਸਤਾਰਫੀਨੀਆ ਵਿਚ ਹੈ। ਰਾਣੇ ਦੇ ਹੱਲੇ ਵੀ ਰਗਬੀ ਵਾਲੇ ਕੱਪੜੇ ਪਾਏ ਸੀ। ਜੋ ਅਲਫੌਂਸੋ ਨੇ ਪਹਿਲਾ ਦਿੱਤਾ ਪਾਉਂਣ ਨੂੰ ਗਾਇਬ ਹੋ ਗਿਆ ਸੀ।

ਅਲਫੌਂਸੋ ਪਹਿਲਾ ਤਾਂ ਹੈਰਾਨ ਸੀ ਵੇਖਣ ਕੇ ਰਾਣੇ ਦੀ ਉਮਰ ਵੱਧ ਗਈ ਸੀ। ਫਿਰ ਹੈਰਾਨ ਸੀ ਨਵੇਂ ਕੱਪੜੇ ਵੇਖਕੇ। ਰਿੱਛ ਇਹਨੂੰ ਜੰਗਲ ਵਿਚ ਵਾਪਸ ਲੈ ਗਿਆ ਸੀ। ਉੱਥੇ ਆਪਣੀਆਂ ਬਾਂਹਾਂ ਵਿਚ ਲਪੇਟ ਕੇ ਬਹਿ ਗਿਆ। ਹਾਰ ਕੇ ਉੱਲੂ ਆ ਗਿਆ। ਰਿੱਛ ਨੇ ਉੱਲੂ ਨੂੰ ਸਮਝਾ ਦੇ ਦਿੱਤਾ ਕੇ ਰਾਣੇ ਨੂੰ ਨਿੱਘੇ ਕੱਪੜੇ ਚਾਹੀਦੇ ਸੀ। ਪੰਦਰਾਂ ਮਿੰਟਾਂ ਬਾਅਦ ਉੱਲੂ ਵਾਪਸ ਆ ਗਿਆ। ਉੱਲੂ ਨੇ ਆਪਣਾ ਨਾਂ ਦਸਿਆ- ਓਂਕਾਰ-। ਓਂਕਾਰ ਦੇ ਪੰਜੀਆਂ ਵਿਚ ਕੰਬਲ ਸੀ। ਅਲਫੌਂਸੋ ਨੇ ਰਾਣੇ ਨੂੰ ਇਹਦੇ ਵਿਚ ਲਪੇਟ ਕੇ ਆਪਣੀ ਠੂਹੀ ਉੱਤੇ ਰੱਖ ਦਿੱਤਾ।

ਫਿਰ ਉੱਲੂ ਦੇ ਮਗਰ ਪੈਰੋਕਾਰੀ ਕੀਤੀ।

ਪੰਛੀ ਅਤੇ ਰਿੱਛ ਨੇ ਰਾਖਸ਼ਾਂ ਲਈ ਵੀ ਅੱਖ ਰੱਖੀ ਸੀ। ਹਾਲੇ ਲੜਾਈ ਤਾਂ ਤਾਜ਼ੀ ਸੀ। ਜੋ ਰਾਣੇ ਲਈ ਦੋ ਸਾਲ ਪਹਿਲਾ ਸੀ ਉਨ੍ਹਾਂ ਲਈ ਅੱਧਾ ਘੰਟਾ ਦੀ ਗੱਲ ਸੀ। ਹਾਰ ਕੇ ਇਕ ਛੱਪਰੀ ਵੱਲ ਪਹੁੰਚ ਗਏ ਸੀ। ਛੱਪਰੀ ਦੇ ਬਾਹਰ ਦੋ ਤਿੰਨ ਵਾਰਨੇ ਰਾਖੀ ਖਲੋਏ ਸੀ। ਉਨ੍ਹਾਂ ਦੇ ਖੋਲ੍ਹੇ ਬਿਜਲਈ ਨੇਜ਼ੇ ਸਨ। ਨੇਜ਼ਾਂ ਦੇ ਸੀਸ ਵਿਚੋ ਬਿਜਲੀ ਦੀਆਂ ਲਹਿਰੀਆਂ ਲਿਸ਼ਕ ਦੀਆਂ ਸੀ। ਰਾਣੇ ਨੂੰ ਰਾਮਾ ਦੀ ਫੌਜ ਲੱਗਦੀ ਸੀ। ਇਸ ਤਰਾ ਰਾਣਾ ਇੱਥੇ ਆਇਆ ਸੀ।

ਰਾਣੇ ਨੂੰ ਅਲਫੌਂਸੋ ਨੇ ਦਸਿਆ ਸੀ ਕੇ ਕੇਵਲ ਰਿੱਛ ਬਿੱਲੇ ਬੋਲ ਸਕਦੇ ਸੀ। ਇਸ ਕਰਕੇ ਜਦ ਪਵਨ ਬੋਲਿਆ ਰਾਣਾ ਹੈਰਾਨ ਹੋ ਗਿਆ ਸੀ। (ਉਂਝ ਓਂਕਾਰ ਨੇ ਵੀ ਆਪਣਾ ਨਾਂ ਦਸਿਆ ਸੀ ਜੰਗਲ ਵਿਚ ਪਰ ਉਸ ਵੇਲੇ ਰਾਣੇ ਨੂੰ ਸੁਝਿਆ ਨਹੀਂ)। ਅਲਫੌਂਸੋ ਨੇ ਆਪਣੀ ਉਂਗਲੀ ਉਨ੍ਹਾਂ ਦੇ ਗਲਿਆਂ ਵੱਲ ਵਧਾਈ। ਤਿੰਨਾਂ ਦੇ ਖੋਲ੍ਹੇ ਸੰਗਲੀਆਂ ਪਾਈਆ ਸੀ। ਸੰਗਲ ਤੋਂ ਟਹਿਕ ਨਾਲ ਗੋਲ ਨੀਲਾ ਲਮਕਦਾ ਸੀ। ਤਿੰਨਾਂ ਖੋਲ੍ਹੇ ਨੀਲਾ ਸੀ। ਚੰਦ ਦਾ ਕੋਈ ਕੋਈ ਵਾਰੀ ਹਨੇਰੇ ਵਿਚੋਂ ਹੀ ਚਮਕ ਦਾ ਸੀ। ਉਹ ਆਮ ਨੀਲੇ ਨਹੀਂ ਸਨ। ਜਵਾਹਰ ਖੋਲ੍ਹੇ ਜ਼ਬਰਦਸਤ ਸ਼ਕਤੀ ਸੀ। ਅਲਫੌਂਸ ਨੇ ਰਾਣੇ ਨੂੰ ਸਮਝਾਇਆ ਕੇ ਇਹ ਨੀਲੇ ਨਾਲ ਬੋਲ੍ਹਣ ਦੀ ਪੁੱਜਤ ਸੀ। ਇਹ ਜਵਾਹਰ ਉਨ੍ਹਾਂ ਦੇ ਗਲਿਆਂ ਤੋਂ ਆਵਾਜ਼ ਪੇਸ਼ ਕਰਦਾ ਸੀ। ਇਹ ਹੀਰੇ ਦਿਲ ਦੇ ਭਾਵ ਸੁਣਨ ਵਾਲੇ ਵੱਲ ਭੇਜ ਦੇ ਸੀ। ਲਹਿਰ ਬਿਨਾਂ ਸਿਕਿ ਸਰੀਰਕ ਸਾਧਨ ਨਾਲ ਸੁਣਨ ਵਾਲੇ ਵੱਲ ਆਉਂਦੇ ਸੀ। ਰਾਣੇ ਨੂੰ ਦਰਅਸਲ ਆਵਾਜ਼ਾਂ ਨਹੀਂ ਸੁਣਦੀਆਂ ਸੀ ਪਰ ਟੈਲਿਪੈਥੀ ਸਿਗਨਾਲ ਰਾਓ ਉਨ੍ਹਾਂ ਦੇ ਲਫ਼ਜ਼ ਸੁਣਦੇ ਸੀ। ਖੈਰ ਰਾਣੇ ਨੂੰ ਤਾਂ ਇੱਦਾਂ ਹੀ ਲੱਗਿਆ। ਰਾਣੇ ਨੂੰ ਸ਼ੱਕ ਵੀ ਸੀ ਕੇ ਇਹ ਦੀਆਂ ਸੋਚਾਂ ਤਿੰਨ ਹੀ ਪੜ੍ਹ ਸਕਦੇ ਸੀ। ਇਸ ਵੇਲੇ ਰਾਣੇ ਦੇ ਮਨ ਵਿਚ ਕੁਝ ਆਦ ਬਾਅਦ ਨਹੀਂ ਸੀ। ਰਾਣੇ ਨੇ ਰਾਹ ਵਿਚ ਸਭ ਅਲਫੌਂਸੋ ਨੂੰ ਦਸ ਦਿੱਤਾ। ਕਿਵੇਂ ਇਹ ਦੋ ਸਾਲ ਬੀਤੇ। ਰਿੱਛ ਲਈ ਤਾਂ ਸਿਰਫ਼ ਇਕ ਹੀ ਪਲ ਸੀ। ਰਾਣੇ ਨੇ ਸਾਫ਼ ਆਪਣੇ ਨਵੇਂ ਦੋਸਤ ਨੂੰ ਪਿਉ ਪੁੱਤ ਦੀ ਪਾੜ ਬਾਰੇ ਦਸਿਆ। ਇਹ ਵੀ ਦਸਿਆ ਕਿਵੇਂ ਪਾਠਸ਼ਾਲੇ ਵਿਚ ਸਵਰਨ ਰਮਨ ਅਤੇ ਸੁਰਜੀਤ ਨੇ ਇਹਨੂੰ ਕੁੱਟਿਆ। ਰਿੱਛ ਨੇ ਰਹਿਮ ਕੀਤਾ ਇਹਦੇ ਨਾਲ। ਰਾਣੇ ਨੇ ਦਸਿਆ ਰਗਬੀ ਮੈਚ

ਵਿਚ ਕੀ ਹੋਇਆ। ਅਲਫੋਂਸੋ ਨੂੰ ਇਕ ਸੋਚ ਆ ਗਈ।

– ਲੱਗਦਾ ਜਦ ਤੇਰੇ ਵੱਲ ਸ਼ਿੱਦਤ ਹੁੰਦੀ ਏ ਤੂੰ ਅਕਾਉਮਾ ਵਿਚ ਚੱਲੇ ਜਾਂਦਾ। ਕੋਈ ਗੂੜ੍ਹ ਵਿਚਾਰ ਵਿਚ ਲੀਨ। ਕਹਿੰਦਾ ਮਤਲਬ ਧੁਨ ਵਿਚ ਜਾ ਬਹਿ ਜਾਂਦਾ। ਨ੍ਹੀਂ ਤਾਂ ਕੋਈ ਦਰ ਖੁਲ੍ਹਕੇ ਤੈਨੂੰ ਇੱਥੇ ਲਿਆ ਦੇ ਦਿੰਦਾ ਏ। ਬੁਰਾ ਭਲਾ ਜ਼ਰੂਰ ਤੈਂਨੂੰ ਸਾਡੀ ਦੇਸ ਭੇਜ ਦੇਂਦੀ ਏ–

– ਹੋ ਸਕਦਾ। ਪਰ ਇੱਥੇ ਮੈਂ ਆਪਣੀ ਦੁਨੀਆਂ ਤੋਂ ਆਜ਼ਾਦ ਹੈ–

– ਤੂੰ ਤਾਂ ਆਪਣੇ ਮਨ ਵਿਚ ਹੀ ਉਡਿਆ। ਡੂੰਗੇ ਥਾਂ। ਪਰ ਜੋ ਤੇਰੇ ਲਈ ਪਰਚਾਉਵਾਦ ਏ ਸਾਡੇ ਲਈ ਯਥਾਰਥਵਾਦ ਏ। ਸਾਡੇ ਲਈ ਅਸਲੀਅਤ ਹੈ। ਐਸਤਾਰਫੀਨੀਆ ਤਾਂ ਸਾਡਾ ਜੱਗ ਏ–

– ਯਾਰ ਅੜਾਉਣੀ ਬਾਤ ਹੈ। ਜੋ ਮਰਜ਼ੀ। ਮੈਂ ਕੈਸਰ ਖ਼ਾਨ ਲਈ ਤਿਆਰ ਹੈ–

– ਅਸੀਂ ਤਾਂ ਤੈਨੂੰ ਖ਼ਤਰੇ ਵਿਚ ਪਾ ਦਿੱਤਾ–

– ਨਹੀਂ ਯਾਰ ਤੂੰ ਖ਼ਤਰੇ ਤੋਂ ਬਚਾ ਦਿੱਤਾ–

– ਤੇਰੀ ਦੁਨੀਆਂ ਵਿਚ ਕੋਈ ਵੱਡਾ ਖ਼ਤਰਾ ਕੀ ਏ?–

– ਮੇਰਾ ਬਾਪ। ਆਪ। ਸਾਰਾ ਸੰਸਾਰ। ਆਦਮੀ ਖ਼ਤਰਨਾਕ ਜਿਵੇਂ ਏ ਭਰਾਵਾ। ਕਈ ਕਈ ਵਾਰੀ ਜੀ ਕਰਦਾ ਮੈਂ ਹੋਇਆ ਨਾ ਹੁੰਦਾ–।

– ਇਹ ਕਿੱਦਾਂ ਦੀ ਗੱਲ ਕਰਨ ਵਾਲੀ ਏ?–

– ਮੈਂ ਸੀਰੀਅਸ ਆਂ। ਇਨਸਾਨ ਪਾਪੀ ਏ। ਕੇਵਲ ਪਾਪੀ। ਜੰਗ, ਕਾਲ, ਰੋਗ। ਇਹ ਤਿੰਨ ਹੀ ਚੀਜ਼ਾਂ ਆਦਮੀ ਨਾਲ ਆਉਂਦੀਆਂ। ਜੇ ਖ਼ਾਨ ਨੇ ਇਨਸਾਨ ਇੱਥੇ ਲਿਆਂਦਾ ਤੁਹਾਡੇ ਲਈ ਭੈੜਾ ਹੋਵੇਗਾ। ਜੇ ਖ਼ਾਨ ਨੂੰ ਮਾਰਕੇ –

– ਰਾਣਾ ਤੂੰ ਵੀ ਮਾਨਵ ਏਂ। ਜਿੱਦਾਂ ਤੂੰ ਗੱਲਾਂ ਕਰਦੈਂ ਤੈਨੂੰ ਮਾਰਨਾ ਚਾਹੀਦਾ। ਹੋਰ ਨਾ ਤੂੰ ਬੰਦਿਆਂ ਨੂੰ ਇੱਥੇ ਲਿਆਵੇ–।

– ਠੀਕ ਏ। ਜਦ ਖ਼ਾਨ ਮਾਰ ਤਾਂ ਮੈਨੂੰ ਮਾਰ ਦੋ। ਮਾਨਵ ਫਿਰ ਤੁਹਾਡੀ ਦੇਸ ’ਚ ਨਹੀਂ ਹੋਵੇਗਾ। ਦੁੱਖ ਤੋਂ ਬੱਚੂਗੇ–

– ਤੂੰ ਤਾਂ ਅਜੀਬ ਅਤੇ ਪਾਗ਼ਲ ਲੱਗਦੈਂ–

– ਜੇ ਤੇਰਾ ਬਾਪ ਮੇਰੇ ਵਰਗਾ ਹੁੰਦਾ–

– ਤੂੰ ਕਦੀ ਸੋਚਿਆ ਕਿ ਤੈਨੂੰ ਪਿਆਰ ਕਰਦਾ ਏ?–

– ਮੈਂ ਤਾਂ ਉਸ ਨੂੰ ਨਫ਼ਰਤ ਕਰਦਾਂ। ਜਿੱਦਾਂ ਉਹ ਮੇਰੇ ’ਤੇ ਮਾਂ ਨਾਲ ਕਰਦਾ ਕਿਵੇਂ ਪਿਆਰ ਹੋ ਸਕਦਾ?–

– ਪ੍ਰੇਮ ਸਿੱਧੀ ਗੱਲ ਨਹੀਂ–

– ਰਹਿਣ ਦੇ। ਮੈਂ ਬਾਪ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ। ਤੁਹਾਨੂੰ ਖ਼ਾਨ ਮਰਿਆ ਚਾਹੀਦਾ। ਮੈਂ ਕੰਮ ਕਰਦਾਂ–।

ਉਹ ਤੋਂ ਬਾਅਦ ਰਿੱਛ ਨੇ ਪਵਨ, ਓਂਕਾਰ ਅਤੇ ਵਾਰਾਨਿਆਂ ਦੇ ਬਾਰੇ ਦਸਿਆ। ਇਸ ਗੱਲ ਤੋਂ ਛੁੱਟ ਦੋਵੇਂ ਚੁਪ–ਚਾਪ ਰਹੇ।

*****



– ਮੇਰਾ ਨਾਂ ਪਵਨ ਹੈ– ਘੋੜੇ ਨੇ ਆਪਣੇ ਵਲੋਂ ਮੁਲ਼ਾਕਾਤ ਕੀਤਾ।

– ਸਸਰੀਕਾਲ – ਰਾਣੇ ਨੇ ਜਵਾਬ ਦਿੱਤਾ।

– ਸਸਰੀਕਾਲ। ਵਾਹ ਤੂੰ ਸਾਡੀ ਬੋਲੀ ਜਾਣਦਾ!–

–ਨਹੀਂ ਜੀ। ਮੇਰੀ ਦੁਨੀਆਂ ਵਿਚ ਇਸ ਨੂੰ ਪੰਜਾਬੀ ਸਦਦੇ ਏ। ਮਾਂ–ਪਿਉਂ ਨਾਲ ਕਈ ਵਾਰੀ ਬੋਲਦਾਂ–

– ਸੱਚੀ? ਖ਼ੈਰ ਐਸਤਾਰਫੀਨੀ ਵਰਗੀ ਜ਼ਬਾਨ ਏ। ਤੈਨੂੰ ਅਲਫੋਂਸੇ ਨੇ ਦਸਿਆ ਹੋਵੇਗਾ ਕੈਸਰ ਖ਼ਾਨ ਬਾਰੇ–

– ਥੋਹੜਾ ਬਹੁਤਾ ਦਸਿਆ–

ਘੋੜੇ ਨੇ ਆਪਣੀਆਂ ਅੱਖਾਂ ਰਾਣੇ ਦੀਆਂ ਅੱਖਾਂ ਵਿਚ ਪਾ ਕੇ ਕਿਹਾ - ਤੈਨੂੰ ਉਹਦੀਆਂ ਕਮਜ਼ੋਰੀਆਂ ਜਾਣਨੀਆਂ ਪੈਣਗੀਆਂ–

– ਦੱਸੋ ਜਨਾਬ–।

– ਘੋੜੇ ਨੇ ਹੱਸਣ ਦੀ ਕੋਸ਼ਿਸ਼ ਕੀਤੀ ਪਰ ਮੂੰਹ ਵਿਚੋਂ ਹਿਣਕ ਹੀ ਪੈਦਾ ਹੋਈ। ਊਂ ਰਾਣੇ ਨੂੰ ਤਾਂ ਇੱਦਾਂ ਹੀ ਲੱਗਿਆ। ਦਰਅਸਲ ਹਰੇਕ ਵਾਕ ਬਾਅਦ ਪਵਨ ਦੀ ਆਦਤ ਸੀ ਹਿਣਕਾਰ ਕਰਨ।

– ਅੱਛਾ ਮਾਨਵ ਜੀ। ਕੈਸਰ ਖ਼ਾਨ ਹਮੇਸ਼ਾਂ ਫ਼ੌਲਾਦ ਦਾ ਕੁੜਤਾ ਲੋਹੇ ਦੀ ਵਰਦੀ ਖੁਦ ਪਾ ਕੇ ਰੱਖਦਾ। ਸੀਸ ਤੋਂ ਪੈਰ ਤਕ। ਸਜੋਆ ਸਜੋਆ ਹੀ ਦਿਸਦਾ। ਹਮੇਸ਼ਾਂ ਸ਼ਸਤਰ ਨਾਲ ਸਜਿਆ ਹੁੰਦਾ। ਉਸਦਾ ਮਕਸਦ ਹੈ ਕਿ ਕੋਈ ਮਾਨਵ ਦੀਆਂ ਅੱਖਾਂ ਉਸਨੂੰ ਸਾੜ ਨਾ ਸਕਣ। ਨਕਾਬ ਵਿਚ ਲੁਕਦਾ। ਕੋਈ ਰਾਹ ਨਾਲ ਤੈਨੂੰ ਬੇਨਕਾਬ ਕਰਨਾ ਪਵੇਗਾ। ਜਦ ਤਕ ਦਿਨ ਦੀ ਲੋਅ ਪਹੁ ਫੁਟਣ ਨਾਲ ਆ ਗਏ ਉਸਨੂੰ ਤੇਰਾ ਪਤਾ ਲੱਗ ਜਾਣਾ ਏ। ਰਾਖਸ਼ਾਂ ਦੇ ਚਰਚੇ ਖਾਨਗੜ੍ਹ ਤਕ ਪਹੁੰਚ ਚੁੱਕੇ ਹੋਣਗੇ। ਇਸ ਕਰਕੇ ਸਾਨੂੰ ਤੇਜ਼ ਤੇਜ਼ ਕੰਮ ਕਰਨ ਪਾਵੇਗਾ। ਤੈਨੂੰ ਖਾਨਗੜ੍ਹ ਤਕ ਪਛਾਉਣਾ -

ਅਲਫੋਂਸੋ ਫਿਰ ਬੋਲਿਆ - ਰਾਣਾ ਡਾਕ ਨਹੀਂ ਏ। ਮਾਨਵ ਇਹ। ਜ਼ਿਮੇ ਲਿਆ ਕੰਮ ਪੂਰਾ ਕਰਨ ਵਾਲੀ ਚੀਜ਼ ਨਹੀਂ ਏ–। ਪਰ ਰਾਣੇ ਨੇ ਆਪਣਾ ਹੱਥ ਉਪਰ ਕਰਕੇ ਕਿਹਾ - ਠੀਕ ਏ। ਅਲਫੋਂਸੋ ਤੇਜ਼ ਦੌੜਦਾ ਏ। ਅਸੀਂ ਠੀਕ ਠਾਕ ਪਹੁੰਚਣਾ।

– ਇਹ ਰਿੱਛ ਤੋਂ ਇੰਨੀਂ ਤੇਜ਼ ਨਹੀਂ ਨਠ ਹੋਣਾ। ਚੰਦ ਤੈਨੂੰ ਲੈ ਕੇ ਜਾਵੇਗਾ। ਇਸ ਗੱਲ ’ਤੇ ਵਿਚਾਰ ਕਰਨ ਦਾ ਵਕਤ ਨਹੀਂ ਏ - ਪਵਨ ਉੱਚੀ ਦੇਣੀ ਹਿਣਕਿਆ।

ਰਾਣੇ ਦੀਆਂ ਅੱਖਾਂ ਛਾਂ ਵੱਲ ਤੁਰੀਆਂ। ਚੰਦ ਹਨੇਰੇ ਵਿਚ ਬਾਹਰ ਨਿਕਲ ਆਇਆ, ਜਿੱਦਾਂ ਕੋਈ ਖਾਮੋਸ਼ ਛਲੇਡਾ ਧੂੰਦ ਵਾਂਗ ਟੋਕਰੀ ਵਿਚੋਂ ਨਿਕਲਦਾ। ਰਾਣੇ ਨੂੰ ਉਸ ਬਾਂਦਰ ਉੱਤੇ ਭਰੋਸਾ ਨਹੀਂ ਸੀ।

– ਚੰਦ ਬਹੁਤ ਤੇਜ਼ ਤੈਨੂੰ ਰੁੱਖਾਂ ’ਤੇ ਚੜ੍ਹ ਕੇ ਲੈ ਕੇ ਜਾ ਸਕਦਾ। ਦਰੱਖ਼ਤਾਂ ਨੂੰ ਪਾਰ ਕਰਕੇ ਰਾਤੀ ਸ਼ਹਿਰ ਪਹੁੰਚ ਜਾਵਾਂਗੇ–

– ਇਹ ’ਚ ਕੀ ਏ? ਅਲਫੋਂਸੋ ਵੀ ਮੈਨੂੰ ਲੈ ਕੇ ਜਾ ਸਕਦਾ। ਤਕੜਾ ਬਹੁਤ ਹੈ। ਦੌੜ ਦੌੜ ਕੇ –

– ਥਕ ਜੂ ਗਾ– ਪਵਨ ਨੇ ਸਿਰ ਹਿਲਾਇਆ– ਸਮਝੌਤੇ ਦੇ ਸਖ਼ਤ ਖ਼ਿਲਾਫ਼ ਨਾ ਜਾ ਮਾਨਵ–

– ਨਾਂ ਰਾਣਾ ਏ ਘੋੜਿਆ–। ਸਭ ਚੁਪ ਹੋ ਗਏ। ਖਮੋਸ਼ੀ ਠੰਢੀ ਸੀ। ਫਿਰ ਅਲਫੋਂਸੇ ਨੇ ਆਖਿਆ - ਕੋਈ ਗਲ ਨਹੀਂ। ਰਾਣਾ, ਸਿੱਧਾ ਸ਼ਹਿਰ ਨਹੀਂ ਜਾਣਾ। ਦਰੱਖ਼ਤਾਂ ਵਿਚ ਤੇਜ਼ੀ ਨਾਲ ਦੇਸ ਪਾਰ ਕਰੂਗਾ। ਜੇ ਓਂਕਾਰ ਲੈ ਕੇ ਜਾ ਸਕਦਾ ਸੀ ਤਾਂ ਮੈਂ ਤੈਨੂੰ ਉਹਦੇ ’ਤੇ ਭੇਜ ਦੇਣਾ ਸੀ–

– ਪਰ ਯਾਰ–

– ਨਹੀਂ। ਰਾਣਿਆ ਇਹ ਜੀਵਨ ਸੰਗਰਾਮ ਦੀ ਗੱਲ ਸਾਡੇ ਸਾਰਿਆਂ ਲਈ ਏ– ਪਵਨ ਨੇ ਅੱਗੇ ਗੱਲ ਤੋਰੀ।

ਰਾਣੇ ਅਤੇ ਚੰਦ ਦੀਆਂ ਅੱਖਾਂ ਮਿਲੀਆਂ।

– ਵਾਗੀ ਮੁੰਡਿਆ ਮੈਂ ਕੋਈ ਮਾਮੂਲੀ ਬਾਂਦਰ ਨਹੀਂ–। ਚੰਦ ਨੇ ਆਪਣੇ ਗਲੇ ਤੋਂ ਹਾਰ ਪਾੜ ਕੇ ਮੇਜ਼ ਉੱਤੇ ਸੁੱਟ ਦਿੱਤਾ। ਹੁਣ ਰੋਸ਼ਨੀ ਵਿਚ ਆ ਖਲੋਇਆ।

ਪਹਿਲੀ ਬਾਰ ਰਾਣੇ ਨੇ ਵਰਾਨੇ ਨੂੰ ਚੰਗੀ ਤਰ੍ਹੀ ਵੇਖਿਆ। ਸਜੋਐ ਨਾਲ ਸਜਿਆ ਸੀ। ਰਾਣੇ ਨੂੰ ਲੱਗਿਆ ਜਿੱਦਾਂ ਕੋਈ ਧਾਰਮਿਕ ਤਸਵੀਰ ਵਿਚੋਂ ਹਨੂੰਮਾਨ ਨਿਕਲ ਆਇਆ ਹੋਵੇ।

– ਕਾਇਰ ਕੌਮ ਤੋਂ ਮੈਂ ਨਹੀਂ–। ਚੰਦ ਦਾ ਨੀਲਮ ਮੇਜ ਉੱਤੇ ਚਮਕਦਾ ਸੀ ਪਰ ਆਵਾਜ਼ ਫਿਰ ਵੀ ਆਉਂਦੀ ਸੀ। ਰਾਣਾ ਹੈਰਾਨ ਹੋ ਗਿਆ। - ਆਹੋ। ਮੈਂ ਖ਼ੁਦ ਬੋਲ ਸਕਦਾਂ ਮਾਨਵ ਜੀ। ਪਤਾ ਕਿਉਂ? ਕਿਉਂਕਿ ਤੇਰੇ ਵਾਂਗ ਮੇਰੀ ਕੌਮ ਵੀ ਦਰ ’ਚੋਂ ਇੱਥੇ ਇਕ ਸਮੇਂ ਆਈ ਸੀ। ਵਾਲੀ ਦੇ ਬੰਸਾਂ ’ਚ। ਸੁਗਰੀਵ ਦੀ ਸੰਤਾਨ। ਹੈਰਾਨ ਹੈ? ਕਦ ਰਾਵਨ ਨੂੰ ਰਾਮ ਨੇ ਮੁਕਾ ਦਿੱਤਾ, ਇਨਸਾਨ ਨੂੰ ਸਾਡੀ ਲੋੜ ਹਟ ਗਈ। ਚੇਤਾ ਭੁਲਾ ਦਿੱਤਾ ਆਦਮੀ ਬਣ ਮਾਨਸ ਤੋਂ ਪੈਦਾ ਹੋਇਆ। ਜੰਗਲ ਵਿਚ ਮੇਰੇ ਵਡੇਰੇ ਥੱਕ ਗਏ। ਰਾਖਸ਼ਾਂ ਨੇ ਮਗਰ ਆ ਕੇ ਖ਼ਤਮ ਕਰ ਦਿੱਤੇ। ਜੋ ਬਚ ਗਏ ਦਰ ਲੱਭ ਕੇ ਐਸਤਾਰਫੀਨਾ ਤੈਥੋਂ ਹਜ਼ਾਰ ਸਾਲ ਪਹਿਲਾਂ ਆ ਬੈਠੇ। ਹੁਣ ਖ਼ਾਨ ਰਾਖਿਆਂ ਦੇ ਵਡੇਰਿਆਂ ਵਾਂਗ ਸਾਡਾ ਸ਼ਿਕਾਰ ਕਰਦਾ। ਅਸੀਂ ਬਹੁਤ ਟੌਹਰ ਵਾਲੇ ਵੀਰ ਸਾਂ। ਤੂੰ ਮੈਥੋਂ ਕਿਉਂ ਡਰਦਾ? ਮੈਨੂੰ ਤਾਂ ਮਾਨਵ ਤੋਂ ਡਰਨਾ ਚਾਹੀਦਾ–।

– ਬਸ। ਬਹਿਸ ਨਾ ਕਰੋ। ਜੇ ਅਸੀਂ ਹੁਣੇ ਹੀ ਟੁਟ ਗਏ ਖ਼ਾਨ ਦਾ ਕਬਜ਼ਾ ਹੋਰ ਨਿੱਗਰ ਜਾਵੇਗਾ। –

– ਮਾਫ਼ ਕਰਨਾ– ਰਾਣੇ ਨੇ ਚੰਦ ਵੱਲ ਹੱਥ ਵਧਾ ਦਿੱਤਾ। ਚੰਦ ਨੇ ਦੋ ਕੁ ਪਲਾਂ ਬਾਅਦ ਅਮਨ ਦੀ ਭੇਟਾ ਲੈ ਲਈ।

– ਰਾਣਿਆ ਸਮਝ ਇਕ ਗੱਲ। ਮੈਂ ਆਪਣੇ ਵਾਰਨਾਂ ਦੀ ਗਿਣਤੀ ਵਿਚ ਆਂ। ਉਸ ਹਰਾਮੀ ਤੋਂ ਬਦਲਾ ਲੈਣਾ–। ਰਾਣੇ ਨੂੰ ਹੁਣ ਸਮਝ ਲੱਗੀ ਕਿਉਂ ਚੰਦ ਦੇ ਚਿਹਰੇ ਉੱਤੇ ਹਮੇਸ਼ਾਂ ਖੋਰੀ ਨਜ਼ਰ ਰਹਿੰਦੀ ਸੀ।

– ਕੀ ਹੋਇਆ?–

– ਰਾਖਸ਼ਾਂ ’ਤੇ ਬਿੱਲਿਆਂ ਨੇ ਮੇਰਾ ਟੱਬਰ ਮਾਰਿਆ। ਦਰਅਸਲ ਤੈਨੂੰ ਅੱਧੀ ਕਥਾ



ਦੱਸੀ ਏ। ਸੱਚ ਸੀ ਆਦਮੀ ਨੇ ਸਾਨੂੰ ਜੰਗਲ ਵਿਚ ਰਖਿਆ। ਪਰ ਉਸ ਵੇਲੇ ਇਨਸਾਨ ਰਾਖਸ਼ਾਂ ਤੋਂ ਡਰਦਾ ਸੀ। ਲੰਕਾ ਤਾਂ ਡਿੱਗ ਗਿਆ। ਪਰ ਜਿਹੜੇ ਥੋੜ੍ਹੇ ਬਹੁਤੇ ਰਾਖਸ਼ ਜੀਂਦੇ ਸੀ ਉਨ੍ਹਾਂ ਨੇ ਹਰੇਕ ਜੰਗਲ ਵਿਚ ਰਾਵਣ ਦੀ ਮੌਤ ਤੋਂ ਬਾਅਦ ਸਾਡੀ ਭਾਲ ਕੀਤੀ। ਆਇਓਡਾ ਜਦ ਡਿੱਗ ਗਿਆ ਰਾਖਸ਼ਾਂ ਨੇ ਸਾਡੇ ਟੁਕੜੇ ਟੁਕੜੇ ਕਰਕੇ ਅਬਾਦੀ ਘਟਾ ’ਤੀ। ਮਾਨਵ ਨੇ ਸਾਡੇ ਬਾਰੇ ਪਰਵਾਹ ਨਹੀਂ ਕੀਤੀ। ਜਦ ਇਕ ਵਰਾਨੇ ਨੂੰ ਦਰ ਲੱਭਿਆ ਅਸੀਂ ਸਭ ਪਾਰ ਕਰ ਗਏ। ਹੁਣ ਰਾਖਸ਼ ਇੱਥੇ ਆ ਬੈਠੇ–।

– ਸੌਰੀ ਯਾਰ– ਰਾਣੇ ਨੇ ਹੁੰਗਾਰਾ ਭਰਿਆ। ਇਹ ਇੰਨਾਂ ਨਾਲ ਝੂਠ ਨਹੀਂ ਬੋਲਣਾ ਚਾਹੁੰਦਾ ਸੀ। - ਚੰਦ ਜੀ ਸੱਚ ਹੈ ਮੈਂ ਅਲਫੋਂਸੋ ਨਾਲ ਸੁਖਦਾਈ ਏ। ਪਰ ਮੈਂ ਕੰਮ ਲਈ ਤਿਆਰ ਹਾਂ ਤੇ ਤੁਹਾਡੇ ਨਾਲ ਖੜ੍ਹਾਂਗਾ–।

– ਤੂੰ ਸ਼ੌਂਕ ਨਾਲ ਐਸਤਾਰਫੀਨੀਆ ਆਇਆ?– ਪਵਨ ਨੇ ਪੁੱਛਿਆ।

– ਸ਼ੌਂਕ ਦਾ ਪਤਾ ਨ੍ਹੀਂ। ਪਰ ਜ਼ਰੂਰ ‹ ਸ਼ੌਂਕ› ਨਾਲ ਆਇਆ। ਲੱਗਦਾ ਜਦ ਮੇਰੇ ਵੱਲ ਕੋਈ ਜ਼ਬਰਦਸਤੀ ਹੁੰਦੀ ਏ ਮੈਂ ਐਸਤਾਰਫੀਨੀਆ ’ਚ ਪਹੁੰਚ ਜਾਂਦਾ। ਐਂਤਕੀ ਸਕੂਲ ਦੇ ਰਗਬੀ ਵਾਲੇ ਮੈਦਾਨ ’ਚ ਕੁੱਟ ਖਾਧੀ ਤੇ ਤੁਹਾਡੇ ਕੋਲੇ ਪਹੁੰਚ ਗਿਆ। ਆਖ਼ਰੀ ਬਾਰ ਪਿਉ ਨੇ ਮੈਨੂੰ ਕੁੱਟਿਆ ਸੀ। ਜਿੱਦਾਂ ਮਰਜ਼ੀ ਮੈਂ ਹੁਣ ਮੌਜੂਦ ਆਂ–

– ਤੇਰੀ ਆਵਾਜ਼ ਤੋਂ ਤਾਂ ਤੂੰ ਬਹੁਤ ਖ਼ੁਸ਼ ਲੱਗਦਾ ਏ– ਪਵਨ ਹਿਣਕਿਆ।

– ਕਿਉਂ ਨਹੀਂ– ਫਿਰ ਰਾਣੇ ਨੇ ਸਭ ਨੂੰ ਆਪਣੀ ਦਾਸਤਾਂ ਸੁਣਾ ਦਿੱਤੀ।

– ਕਹਿਣ ਦਾ ਮਤਲਬ ਤੂੰ ਆਪਣੀ ਦੁਨੀਆਂ ਵਿਚ ਵਾਪਸ ਨਹੀਂ ਜਾਣਾ ਚਾਹੁੰਦਾ? - ਪਵਨ ਨੇ ਹਾਰ ਕੇ ਆਖਿਆ।

– ਹਾਂ ਜੀ–। ਪਵਨ ਦੀਆਂ ਅੱਖਾਂ ਨੂੰ ਇਹ ਦੀਆਂ ਅੱਖਾਂ ਨੇ ਕਬਜ਼ਾ ਕੀਤਾ।

–ਜੇ ਤੂੰ ਸੱਚ ਮੁੱਚ ਆਪਣਿਆਂ ਕੋਲੇ ਨਹੀਂ ਜਾਣਾ ਚਾਹੁੰਦਾ ਤਾਂ ਤੈਨੂੰ ਤਿੰਨ ਕੰਮ ਕਰਨੇ ਪੈਣਗੇ। ਦਰਅਸਲ ਦੋ ਤਾਂ ਕਰਨੇ ਹੀ ਪੈਣੇ ਸੀ ਨੇ। ਪਵਨ ਨੇ ਆਲ਼ੇ–ਦੁਆਲ਼ੇ ਤੱਕ ਕੇ ਕਿਹਾ। ਮੁਖੜੇ ਸਾਰਿਆਂ ਦੇ ਸਖ਼ਤ ਸਨ।

– ਕਿੱਦਾਂ ਦਾ ਕੰਮ?– ਰਾਣੇ ਨੇ ਸਭ ਉਤਰ ਨਜ਼ਰ ਲਾ ਕੇ ਆਖਿਆ।

– ਆਪਣਾ ਮੁਲ ਵਿਖਾਉਣ ਲਈ–

– ’ਤੇ ਤੀਸਰਾ?–

– ਯਾਰ ਸੋਚ ਲੈ– ਅਲਫੋਂਸੇ ਨੇ ਸਲਾਹ ਦੇਣ ਸ਼ੁਰੂ ਕੀਤੀ - ਤੇਰਾ ਸਾਰਾ ਟੱਬਰ ਤੇਰੇ ਜੱਗ ਵਿਚ ਏ। ਜੇ ਤੂੰ ਤੀਜਾ ਕੰਮ ਕੀਤਾ ਦੁੱਖ ਬਹੁਤ ਹੋਵੇਗਾ। ਤੂੰ ਕਦੀ ਆਪਣੇ ਸੰਸਾਰ ਵਾਪਸ ਮੁੜ ਸਕੇਂਗਾ। ਜੋ ਕੁਝ ਅੱਜ ਤਕ ਜਾਣਦਾ ਹਮੇਸ਼ਾਂ ਲਈ ਗਵਾਚ ਜਾਵੇਗਾ। ਸਮਝ ਲੈ ਸਫਾਇਆ ਹੋ ਜਾਏਗਾ–। ਪਰ ਰਾਣੇ ਨੂੰ ਇਸ ਵੇਲੇ ਯਾਰ ਦੀ ਚਿਤਾਵਨੀ ਦੀ ਪਰਵਾਹ ਨਹੀਂ ਸੀ। ਇਨ੍ਹੇ ਤਾਂ ਇਰਾਦਾ ਪੱਕਾ ਕਰ ਲਿਆ। - ਮੈਂ ਆਪਣੀ ਦੁਨੀਆਂ ’ਚ ਖ਼ੁਸ਼ ਨ੍ਹੀਂ। ਮਾਂ ਨੇ ਮੇਰੇ ਲਈ ਕੀ ਕੀਤਾ? ਪਿਉ ਬਹੁਤ ਬੁਰਾ ਏ। ਮੈਂ ਉਸਨੂੰ ਪਿਆਰ ਨਹੀਂ ਕਰਦਾ। ਸਕੂਲ ’ਚ ਔਖਾ ਹੁੰਦਾਂ। ਟੱਬਰ ਨਾਲ ਅੱਕ ਗਿਆ। ਮੈਂ ਸਮਝ ਲੈ ਅਲਫੋਂਸੋ ਤੂੰ ਮੇਰਾ ਭਲਾ ਸੋਚਦੈਂ। ਪਰ ਤੇਰੀ ਦਲੀਲ ਨਹੀਂ ਚੱਲੇਗੀ। ਤੁਹਾਨੂੰ ਯੋਧਾ ਚਾਹੀਦਾ। ਐਸਤਾਰਫੀਨੀਆ ਵਿਚ ਮੇਰਾ ਮੁੱਲ ਹੈ! ਅੱਲ੍ਹਾ ਵਾਸਤੇ ਕੰਮ ਕਰਨਾ। ਮੈਂ

ਤੁਹਾਡੇ ਲਈ ਏਨਾ ਕੁਝ ਕਰ ਸਕਦਾ ਹਾਂ। ਮੈਂ ਆਪਣੀ ਦੁਨੀਆਂ ਨੂੰ ਅਸਤੀਫ਼ਾ ਦੇਣਾ ਏ। ਮੈਂ ਹੋਸ਼ ਵਿਚ ਹਾਂ–।

ਜਦ ਇਨ੍ਹੇ ਇੱਦਾਂ ਦੀ ਗੱਲ ਕੀਤੀ ਅਲਫੋਂਸੋ ਨੇ ਆਪਣੀਆਂ ਉਦਾਸ ਅੱਖਾਂ ਨੀਂਵੀਆਂ ਕਰ ਲਈਆਂ। ਪਵਨ ਦਾ ਵੀ ਦਿਲ ਢੈਹ ਗਿਆ।

– ਮਾਂ–ਪਿਉਂ ਨੂੰ ਨਿਆਣਾ ਏਨੀ ਨਫ਼ਰਤ ਕਰੇ ਮੈਂ ਕਦੀ ਨਹੀਂ ਸੋਚ ਸਕਦਾ। ਤੇਰੀ ਮਰਜ਼ੀ ਏ– ਪਵਨ ਨੇ ਆਖਿਆ।

– ਮੈਂ ਤਾਂ ਕਹਿੰਦੈ ਕਿ ਇਹ ਮੁੰਡਾ ਬਹਾਦਰ ਏ। ਕੁਰਬਾਨੀ ਸਾਡੇ ਲਈ ਕਰਨ ਲੱਗਾ ਏ। ਬੀਰ ਏ– ਚੰਦ ਨੇ ਉਤਾਰਿਆ।

– ਭਾਵੇਂ ਪਵਿੱਤਰ ਰਚਨਾਵਾਂ ਨੇ ਇਸ ਤਰ੍ਹਾਂ ਦੇ ਮੌਕੇ ਲਈ ਤਿੰਨ ਖਾਤੇ ਦਿੱਤੇ। ਤੈਨੂੰ ਮੰਜ਼ੂਰ ਹੈ ਕਿ ਤੂੰ ਕਦੀ ਵਾਪਸ ਨਹੀਂ ਜਾਵੇਗਾ?– ਘੋੜੇ ਨੇ ਆਖ਼ਰੀ ਵਾਰੀ ਪੁੱਛਿਆ।

– ਬਿਲਕੁਲ– ਇਨ੍ਹੇ ਕੁ ਜਵਾਬ ਦਿੱਤਾ।

– ਫਿਰ ਸੁਣ। ਜੇ ਤੂੰ ਸੱਚ ਮੁੱਚ ਐਸਤਾਰਫੀਨੀਆ ਰਹਿ ਕੇ ਤੂੰ ਸਭ ਤੋਂ ਜ਼ਬਰਦਸਤ ਤੇ ਬਲਵਾਨ ਸਾਡੀ ਦੁਨੀਆਂ 'ਚ ਬਣੇਂਗਾ। ਉਬਰਮਾਨਵ ਇੱਥੇ ਹੋਵੇਗਾ। ਦੇਵ ਹੋਵੇਗਾ।

– ਮੇਰੀ ਦੁਨੀਆਂ 'ਚ ਤਾਂ ਮੈਂ ਕੁਝ ਨਹੀਂ ਏ। ਕੇਵਲ ਬਾਪ ਦਾ ਪੰਚਬੈਗ–। ਰਾਣੇ ਨੇ ਕਿਹਾ। ਘੋੜੇ ਨੇ ਇਹਨੂੰ ਦੇਖਿਆ। ਸਭ ਨੂੰ ਇਸਨੂੰ ਟੁੱਟਿਆ ਤਵਾ ਸਮਝਿਆ।

– ਪਹਿਲਾ ਕੰਮ ਇਕ ਦਮ ਕਰਨਾ ਪਵੇਗਾ। ਸਾਡੀਆਂ ਫੌਜਾਂ ਤਿਆਰ ਹੁੰਦੀਆਂ ਚੰਦ ਉੱਤੇ ਤੈਨੂੰ ਲੈ ਕੇ ਜਾਣਗੀਆਂ।

ਥੋਨੂੰ ਕੰਮ ਖਾਨਗੜ੍ਹ ਜਾਣ ਤੋਂ ਪਹਿਲਾਂ ਪੂਰੇ ਹੋਣੇ ਪੈਣੇ ਨੇ। ਨਹੀਂ ਤਾਂ ਕਿਸੇ ਨੇ ਤੈਨੂੰ ਰੱਖਿਅਕ ਨਹੀਂ ਸਮਝਣਾ–

– ਤੂੰ ਦਸ ਕੰਮ ਕੀ ਹੈ–

– ਜੰਗਲ ਦੇ ਬਾਹਰ ਇਕ ਨਾਗ ਰਹਿੰਦਾ ਹੈ। ਆਮ ਨਾਗ ਨਹੀਂ। ਉਸਦਾ ਸੀਸ ਅਲਫੋਂਸੋ ਜਿੱਡਾ ਏ। ਅਜਗਰ ਵਾਂਗੂੰ ਆਪਣੇ ਸ਼ਿਕਾਰ ਨੂੰ ਘੁੱਟ ਕੇ ਮਾਰ ਦਿੰਦੈ। ਪਰ ਕੱਲ੍ਹਾ ਗੁਲੂਬੰਦ ਨਹੀਂ। ਫਨੀਅਰ ਵਾਂਗ ਜ਼ਹਿਰੀਲਾ ਹੈ। ਉਸਦਾ ਵਿਸ਼ ਕੀਮਤੀ ਹੈ। ਨਾਗ ਵੱਡੇ ਟੋਏ 'ਚ ਰਹਿੰਦਾ। ਉਸ ਦੀ ਜ਼ਹਿਰ ਬਹੁਤ ਕੀਮਤੀ ਏ। ਜਦ ਰਾਖਸ਼ ਦੇ ਮਾਸ ਨੂੰ ਲੱਗ ਦੀ ਇਕ ਦਮ ਮਰ ਜਾਂਦੇ ਏ। ਖਾਨਗੜ੍ਹ ਤੂੰ ਕੱਲ੍ਹਾ ਨਹੀਂ ਜਾਵੇਂਗਾ। ਸਾਡੀਆਂ ਫ਼ੌਜਾਂ ਤੇਰੇ ਨਾਲ ਖੜ੍ਹਨ ਗਈਆਂ। ਪਰ ਉਨ੍ਹਾਂ ਦੇ ਤੀਰਾਂ ਨੂੰ ਵਿਸ਼ ਚਾਹੀਦਾ ਏ। ਜੇ ਤੂੰ ਕਿਸੇ ਤਰ੍ਹਾਂ ਨਾਲ ਪਿਆਲੇ 'ਚ ਏ ਰਸ ਮਰਨ ਤੋਂ ਬਗ਼ੈਰ ਲੈ ਕੇ ਆ ਸਕਦਾਂ ਤਾਂ ਤੇਰੀ ਬਹਾਦਰੀ ਦਾ ਉਹ ਸਬੂਤ ਹੋਵੇਗਾ–।

– ਕਾਸ਼!– ਰਾਣੇ ਨੇ ਕਿਹਾ।

– ਤੂੰ ਪੱਕਾ ਏਂ? ਬਾਪ ਤੋਂ ਡਰਦੈਂ। ਫਿਰ ਸੱਪ ਨੂੰ ਮਾਰ ਸਕੇਂਗਾ?– ਪਵਨ ਨੇ ਹਿਣ ਹਿਣ ਕਰਕੇ ਆਖਿਆ।

– ਕੋਈ ਸ਼ੱਕ ਨਹੀਂ। ਮੈਂ ਤੁਹਾਨੂੰ ਦਸ ਹਟਿਆਂ। ਮੈਂ ਵਾਪਸ ਨਹੀਂ ਜਾਣਾ–

– ਅੱਛਾ। ਹਾਂ ਇਕ ਹੋਰ ਗੱਲ ਏ। ਤੇਰੇ ਫਾਇਦੇ ਦੀ ਵੀ ਹੋ ਸਕਦੀ ਏ। ਨਾਗ ਦੇ ਥੱਲੇ ਟੋਏ 'ਚ ਇਕ ਕੈਦੀ ਬੰਨ੍ਹਿਆ ਹੈ। ਤੈਨੂੰ ਭਾਵੇਂ ਅਜੀਬ ਲੱਗੂਗਾ। ਭਾਵੇਂ ਨਹੀਂ। ਕਾਲਾ



ਚਿੱਤਰਾ ਏ। ਉਹਦਾ ਨਾਂ ਅਮਰ ਏ। ਉਸ ਨੇ ਖ਼ਾਨ ਨੂੰ ਛੱਲਬਾਜ਼ੀ ਕੀਤੀ। ਉਸ ਲਈ ਧਰੋਹੀ ਨੂੰ ਨਾਗ ਦੇ ਕਬਜ਼ੇ ਰੱਖਿਆ। ਅਮਰ ਕੁਝ ਨਹੀਂ ਕਰ ਸਕਦਾ ਕਿਉਂਕਿ ਉਹਦੇ ਲਈ ਵੀ ਨਾਗ ਦਾ ਵਿਸ਼ ਲੀਥਲ ਹੈ–।

– ਅਮਰ ਤਾਂ ਬਿੱਲਾ ਨ੍ਹੀਂ?–

– ਆਹੋ– ਚੰਦ ਨੇ ਜਵਾਬ ਦਿੱਤਾ - ਇਹ ਚਿੱਤਰੇ ਦਾ ਚੇਤੰਨ ਪਿੰਗੂਆਂ ਵੱਲ ਬੇਇਨਸਾਫ਼ੀ ਸਹਾਰ ਨਾ ਸੱਕਾ। ਅਲਫੋਂਸੋ ਵਾਂਗੂੰ ਪਿੰਗੂਆਂ ਦੀ ਮਦਦ ਕੀਤੀ। ਪਰ ਫਾੜ ਹੋ ਗਿਆ–।

– ਆਹੋ– ਪਵਨ ਫਿਰ ਬੋਲਿਆ– ਤੂੰ ਐਸਤਾਰਫੀਨੀਆ ਪੱਕਾ ਹੋਣਾ ਚਾਹੁੰਦਾ ਨਾ? ਮੈਂ ਜਾਦੂਗਰ ਵੀ ਹਾਂ। ਜਦ ਮੇਰੇ ਹੱਥਾਂ (ਜਦ ਇੱਦਾਂ ਘੋੜਾ ਬੋਲਿਆ ਰਾਣੇ ਦੀ ਨਜ਼ਰ ਉਸਦੇ ਖੁਰਾਂ ਵੱਲ ਗਈ। ਰਾਣਾ ਅੱਖਾਂ 'ਚ ਹੱਸਿਆ) 'ਚ ਹਵਾਲੇ ਜ਼ਹਿਰ ਦੇ ਦਿੱਤੀ ਮੈਂ ਦਵਾ ਦੀ ਘੁੱਟੀ ਬਣਾਊਂਗਾ, ਜਿਸ ਨੇ ਪਹਿਲਾ ਘਾਤ ਇੱਥੇ ਤੇਰੇ ਲਈ ਪੱਕਾ ਹੋਣ ਦਾ ਪੂਰਾ ਕਰ ਦੇਣਾ–।

– ਜੇ ਮੈਥੋਂ ਕੰਮ ਨਾ ਹੋਇਆ? ਖ਼ਾਨ ਜਿੱਤ ਗਿਆ?–

– ਮਰਾਸਣ ਦੇ ਸਰ੍ਹਾਣੇ ਦਹੀਂ ਨਹੀਂ ਜੰਮਦਾ। ਤੇਰੇ ਉੱਤੇ ਚੰਦ ਅੱਖ ਰੱਖੂਗਾ– ਪਵਨ ਨੇ ਪੂਰੇ ਵਿਸ਼ਵਾਸ ਨਾਲ ਕਿਹਾ।

– ਤੇ ਦੂਜਾ ਕੰਮ?– ਇਨ੍ਹੇ ਘੋੜੇ ਨੂੰ ਪੁਛਿਆ।

– ਇਕ ਪਹਾੜ ਹੈ। ਇਹ ਮਿਰ ਹੈ। ਇਕ ਸੋਨੇ ਦੀ ਕੋਹ ਜਿਸ ਉੱਤੇ ਬੁਰਿਆਰ ਜਾਦੂਗਰ ਰਹਿੰਦਾ। ਆਮ ਜਾਦੂਗਰ ਨਹੀਂ ਏ। ਬਘਿਆੜ ਏ। ਉਸਦੇ ਕੋਲ੍ਹੇ ਅਸਰਾਲ ਰਹਿੰਦਾ। ਆਮ ਅਸਰਾਲ ਨਹੀਂ। ਐਸਤਾਰਫੀਨੀਆ 'ਚ ਉਸ ਤਰ੍ਹਾਂ ਦੇ ਜੀਵ ਨੂੰ ਡ੍ਰੈਕੋ ਆਖਦੇ –

– ਸਮਝ ਗਿਆ। ਡ੍ਰਗੂਨ ਹੈ। ਮੂੰਹ 'ਚੋਂ ਅੱਗ ਆਉਂਦੀ। ਪਿੰਡੇ ਉੱਤੇ ਖੰਭ –

– ਆਹੋ–

– ਤੇ ਮੈਂ ਇਸਨੂੰ ਮਾਰਨਾ?–

ਨਹੀਂ। ਉਂ ਤੇਰੀ ਮਰਜ਼ੀ ਏ। ਪਰ ਬਿਹਤਰ ਤੂੰ ਉਹਦਾ ਵਾਰ ਕਰਦੇ–

– ਕਿਉਂ?

– ਮੈਨੂੰ ਉਹਦੇ ਦੰਦ ਚਾਹੀਦੇ ਹਨ–।

– ਅਲਫੋਂਸੋ ਤੂੰ ਕਿਥੇ ਮੈਨੂੰ ਲੈ ਕੇ ਆ ਗਿਆ? ਪੀੜ੍ਹ ਦੀ ਝੜੀ 'ਚੋਂ ਨਿਕਲ ਕੇ ਕੋਈ ਬੇਮੰਨਣ ਯੋਗ ਕਿਸੇ ਵਿਚ ਸ਼ਾਮਲ ਕਰ ਦਿੱਤਾ! ਘਾਤ ਪੂਰੇ ਕਰ ਦੂਗਾ। ਪਰ ਸਮਝਣਾ ਚਾਹੀਦਾ ਮੇਰੇ ਲਈ ਇਹ ਦੇਸ ਹੈਰਾਨ ਥਾਂ ਏ–। ਰਾਣਾ ਰੱਜ ਕੇ ਹੱਸਿਆ।

– ਜੇ ਤੂੰ ਨਹੀਂ ਕੀਤਾ ਜਦ ਹੋਰ ਮਾਨਵ – ਪਵਨ ਸ਼ੁਰੂ ਹੋ ਗਿਆ।

– ਮੈਂ ਤੁਹਾਡਾ ਕੰਮ ਕਰ ਦੂਗਾ। ਇੱਥੇ ਮੈਂ ਖਿਲਾਸੀ ਏ। ਲੱਗਦਾ ਇੱਥੇ ਮੈਂ *ਕੁਛ* ਹੈ–।

– ਅਸੀਂ ਖਾਨਗੜ੍ਹ ਦੇ ਪੰਜ ਕੋਹਾਂ ਬਾਹਰ ਮਿਲਣ ਸਥਾਨ ਦਾ ਇੰਤਜ਼ਾਮ ਕੀਤਾ ਹੈ। ਉੱਥੇ ਫੌਜਾਂ ਤੈਨੂੰ ਮਿਲਣਗੀਆਂ। ਉੱਥੇ ਮੈਂ ਵੀ ਹੋਵਾਂਗਾ। ਮੈਨੂੰ ਜ਼ਹਿਰ ਅਤੇ ਦੰਦ ਉੱਥੇ

ਹਵਾਲੇ ਕਰਦੀ–

– ਅੱਛਾ। ਹੁਣ ਗੁੱਸਾ ਨਾ ਕਰੋ। ਮੈਂ ਤੁਹਾਡੀ ਗੱਲ ਸੁਣ ਲਈ। ਚੰਦ ਤੂੰ ਬਹੁਤ ਬਹਾਦਰ ਸੂਰਮਾ ਲੱਗਦਾ। ਪਰ ਆ ਸਭ ਸੁਣ ਕੇ ਮੇਰਾ ਮਨ ਕਹਿੰਦਾ ਕੇ ਅਲਫੌਂਸੋ ਨਾਲ ਹੀ ਜਾਣਾ। ਭਾਵੇਂ ਦੋ ਤਿੰਨ ਵੱਧ ਘੰਟੇ ਵੀ ਲੱਗੇ। ਸਮਾ ਤੂੰ ਹੀ ਵੇਲੇ ਸਾਰੇ ਫੌਜ ਨੂੰ ਮਿਲਣ ਸਥਾਨ ਪਚਾ ਸਕਦਾ ਏ। ਪ੍ਰਬੰਧ ਆਰਾਮ ਨਾਲ ਕਰ ਸਕਦਾ ਹੈ। ਫਿਕਰ ਨਾ ਕਰੋ ਅਸੀਂ ਖ਼ਾਨ ਕੱਢ ਦੇਣਾ–। ਰਾਣੇ ਨੇ ਆਪਣਾ ਖ਼ਿਆਲ ਸੁਣਾਇਆ।

– ਰਾਣਾ ਤੂੰ ਤਾਂ ਆਪਣੇ ਪਿਉ ਤੋਂ ਡਰਦਾ। ਨਾਗ ਬਘਿਆੜ ਨੂੰ ਕੀ ਕਰ ਲੂਗਾ?–

– ਰਿੱਛ ਮੇਰੇ ਸਾਥ ਏ ਨਾ?– ਰਾਣੇ ਨੇ ਘੁੰਮ ਕੇ ਅਲਫੌਂਸੋ ਵੱਲ ਤੱਕਿਆ।

– ਹਾਂ। ਮੈਂ ਹੈ ਨਾਲ– ਅਲਫੌਂਸੋ ਨੇ ਉਤਾਰਿਆ।

– ਤੁਸੀਂ ਮੇਰੇ ਜਿੰਨ੍ਹੀ ਤੇਜ਼ ਨਹੀਂ ਏ– ਵਰਾਨੇ ਨੇ ਕਿਹਾ।

– ਮੇਰੇ ਖੋਲ੍ਹੇ ਇਸਦੀ ਹੱਲ ਹੈ–। ਸਾਰਿਆਂ ਦੀਆਂ ਅੱਖਾਂ ਓਂਕਾਰ ਵੱਲ ਗਈਆਂ। - ਸੁਲਝਾਉ ਪੰਛੀਆਂ'ਤੇ ਰਹਿੰਦੇ –। ਫਿਰ ਉੱਲੂ ਨੇ ਆਪਣਾ ਢਾਂਚਾ ਪ੍ਰਕਾਸ਼ਿਤ ਕਰ ਦਿੱਤਾ।

– ਅੱਛਾ ਇਹ ਸਭ ਠੀਕ ਹੈ। ਤੀਸਰਾ ਕੰਮ ਕੀ ਹੈ?– ਇਸ ਗੱਲ ਪੱਕੀ ਹੋਣ ਤੋਂ ਬਾਅਦ ਰਾਣੇ ਨੇ ਪਵਨ ਨੂੰ ਪੁੱਛਿਆ।

– ਇਹ ਜੇ ਪਹਿਲੇ ਦੋ ਕਰ ਗਿਆ ਪੁੱਤਰ ਫਿਰ ਦੱਸੂੰਗਾ। ਕੀ ਪਤਾ ਤਦ ਤਕ ਤੇਰਾ ਇਰਾਦਾ ਬਦਲ ਜੂਗਾ–।

– ਠੀਕ ਏ - ਰਾਣੇ ਨੇ ਜਵਾਬ ਦੇ ਦਿੱਤਾ।

– ਜੇ ਕਿਸੇ ਖੋਲ੍ਹ ਸ਼ੱਕ ਹੈ ਹੁਣ ਬੋਲੋ?– ਘੋੜੇ ਨੇ ਸਭ ਨੂੰ ਆਖਿਆ।

## *ਦੋ*

ਰਾਣਾ ਤਾਂ ਖ਼ੁਸ਼ ਸੀ। ਪੂਰਾ ਸਮਝ ਸੀ ਇਸਨੂੰ ਕੇ ਕਦੀ ਮਾਂ ਪਿਉ ਨੂੰ ਵੇਖ ਨਹੀਂ ਸਕੇਗਾ ਤੇ ਬੇਅੰਤ ਵਕਤ ਲਈ ਇੱਥੇ ਰੁਲੂਗਾ। ਪਰ ਇੱਥੇ ਕੁਝ ਜ਼ਰੂਰੀ ਬੰਦਾ ਸੀ। ਉਥੇ ਸਕੂਲ ਵਿਚ ਕੁਝ ਵੀ ਨਹੀਂ ਸੀ। ਇੱਥੇ ਬੀਰ ਸੂਰਮਾ ਹੋਵੇਗਾ। ਹਾਂ ਜ਼ਰੂਰ ਖ਼ਾਨ ਤੋਂ ਡਰਦਾ ਸੀ। ਪਰ ਨਿਗਾਹ ਨੇ ਵੈਰੀ ਨੂੰ ਹੀ ਪੂਰਾ ਕਰ ਦੇਣਾ ਹੀ ਸੀ! ਸੱਪ ਤੋਂ ਵੀ ਡਰਦਾ ਸੀ। ਇਹਦੇ ਖ਼ਿਆਲ ਵਿਚ ਚੰਦ ਤੋਂ ਮਾਰ ਨਹੀਂ ਮਾਰ ਹੋਣਾ। ਪਰ ਰਿੱਛ ਨੇ ਸੱਪ ਦੇ ਟੁਕੜੇ ਟੁਕੜੇ ਕਰ ਦੇਣੇ ਸੀ। ਇਸ ਖ਼ਿਆਲ ਉੱਤੇ ਪੂਰਾ ਵਿਸ਼ਵਾਸ਼ ਸੀ। ਅਸਰਾਲ ਹੋਰ ਗੱਲ ਸੀ। ਪਰ ਪਹਿਲਾ ਨਾਗ ਤੋਂ ਬਚੀਏ! ਜੇ ਇੱਥੇ ਰਾਣੇ ਦੀ ਮੌਤ ਹੋ ਗਈ ਇਹਦੇ ਵਿਚ ਕੀ? ਜੇ ਸੁਫ਼ਨਾ ਸੀ ਤਾਂ ਉਠ ਜਾਣਾ। ਜੇ ਸੱਚਾਈ ਸੀ ਫਿਰ ਘਰ ਸਕੂਲ ਦੀਆਂ ਪੀੜ੍ਹਾਂ ਤੋਂ ਛੁਟਕਾਰਾ ਹੋ ਜਾਣਾ ਸੀ। ਰਾਣੇ ਨੂੰ ਤਾਂ ਇਹ ਸਹੀ ਸੁਝਾਉ ਲੱਗਦਾ ਸੀ। ਪਰ ਇਹ ਦੀਆਂ ਮਨ ਸੋਚਾਂ ਭੰਨ ਗਈਆਂ ਅਲਫੌਂਸੋ ਦੇ ਲਫਜ਼ਾਂ ਨਾਲ। ਸੁਖਨ 'ਚ ਫਿਰ ਸ਼ਾਮਲ ਹੋ ਗਿਆ।



– ਮੈਂ ਸਭ ਦਟ ਖ਼ਿਆਲ ਸੁਣ ਲੈ। ਮੈਂ ਬਹੁਤ ਚਾਹੁੰਦਾ ਰਾਣਾ ਸਾਡੀ ਮਦਦ ਕਰੇ। ਪਰ ਇਹਦੀ ਜਾਨ ਲਈ ਫਿਕਰ ਹੈ। ਪਵਨ ਤੂੰ ਬਹੁਤ ਦਾਨਾ ਏ। ਤੇਰੀ ਸਿਆਣਪ ਨੂੰ ਸਭ ਇੱਜ਼ਤ ਕਰਦੇ। ਪਰ ਤੂੰ ਸਾਨੂੰ ਨਾਗ ਖੋਲ੍ਹੇ ਫਿਰ ਅਸਰਾਲ ਕੋਲ੍ਹ ਭੇਜ ਕੇ ( ਓ ਵੀ ਲੜਾਉਣ ਲਈ) ਸੋਚ ਦਾ ਲੋਏ ਲੋਏ ਤਕ ਫ਼ੌਜ ਕੋਲ੍ਹੇ ਮੌਜੂਦ ਹੋ ਜਾਵਾਂਗੇ? ਕਿਹੜੀ ਹਾਲਤ 'ਚ? ਇਹ ਮਾਨਵ ਖ਼ਾਨ ਲਈ ਤਿਆਰ ਚਾਹੀਦਾ–

– ਟਾਇਮ ਘੱਟ ਏ। ਸਮਾਂ ਦੌੜਦਾ ਏ। ਕੰਮ ਵੱਧ ਏ। ਸਬੂਤ ਚਾਹੀਦਾ ਇਹਦੀ ਲਿਆਕਤ ਦਾ–

– ਆਹੋ। ਪਰ ਮੈਨੂੰ ਤਾਂ ਇਹ ਵਕਤ ਦਾ ਕਮਜ਼ੋਰ ਵਰਤ ਲੱਗਦੀ। ਸਮਾਂ ਬੀਤਾ ਹੈ। ਮੈਂ ਇਹਦੀ ਤਸਦੀਕ ਕਰ ਦੇਵਾਂਗਾ–

– ਵਾਹ ਵਾਹ। ਫ਼ੌਜ ਨੇ ਜਿਹੜੇ ਮਰਜ਼ੀ ਮਾਨਵ ਲਈ ਮਰਨਾ– ਚੰਦ ਨੇ ਵੱਧ ਕੇ ਕਿਹਾ।

– ਅੱਛਾ ਲੜਿਓ ਨਾ!– ਪਵਨ ਨੇ ਜ਼ੋਰ ਦੇਣੀ ਡਾਂਟਿਆ। - ਰਾਣਿਆ ਤੈਨੂੰ ਦੋ ਗੱਲਾਂ ਪੂਰੀਆਂ ਸਮਝਾਉਣੀਆਂ ਚਾਹੀਦੀਆਂ। ਤੈਨੂੰ ਕਿਸੇ ਦੀ ਜਾਨ ਲੈਣੀ ਪੈਣੀ ਏਂ। ਘੱਟ ਤੋਂ ਘੱਟ ਤੈਨੂੰ ਖ਼ਾਨ ਦਾ ਕਤਲ ਕਰਨਾ ਹੀ ਪਵੇਗਾ। ਪਰ ਜੇ ਤੂੰ ਇੱਥੇ ਹੀ ਰਹਿਣਾ ਚਾਹੁੰਦਾਂ ਤੀਜੀ ਬਾਤ ਬਹੁਤ ਸਖ਼ਤ ਹੈ–

– ਪਵਨ ਬਾਅਦ ਹੀ ਦੱਸ ਦੀ– ਅਲਫੌਂਸੋ ਨੇ ਆਖਿਆ।

– ਲੱਗਦਾ ਮੁੰਡੇ ਨੂੰ ਹੁਣੇ ਸਮਝਾਉਣਾ ਪਵੇਗਾ–

– ਕਿੰਨੀ ਭੈੜੀ ਹੋ ਸਕਦੀ ਏ?– ਰਾਣੇ ਨੇ ਪੁੱਛਿਆ।

– ਬਹੁਤ– ਚੰਦ ਨੇ ਗਿੱਟਿਆਂ ਵਿਚ ਮਾਰਿਆ।

– ਜੇ ਹਮੇਸ਼ਾਂ ਸਾਡੇ ਵਿਚ ਰਹਿਣਾ ਤੈਨੂੰ ਆਪਣਾ ਬਾਪੂ ਨੂੰ ਮਾਰਨਾ ਪਵੇਗਾ– ਪਵਨ ਨੇ ਬੰਬ ਛੱਡ ਦਿੱਤਾ। ਰਾਣਾ ਇੰਨਾ ਬੌਂਦਅ ਗਿਆ ਇਹਦੇ ਮੂੰਹ 'ਚੋਂ ਕੁਝ ਨਹੀਂ ਆਇਆ। ਸਭ ਨੂੰ ਲੱਗੇ ਜਿਵੇਂ ਮੁੰਡੇ ਦਾ ਸਾਹ ਰੁਕ ਗਿਆ। ਕੁਝ ਇਹਦੇ ਵਿਚੋਂ ਉੱਡ ਗਿਆ। ਬੁਤ ਵਾਂਗ ਇਕ ਥਾਂ ਜਮਾ ਖਲੋਇਆ ਰਿਹਾ। ਹਾਰ ਕੇ ਆਵਾਜ਼ ਵਾਪਸ ਆ ਗਈ।

– ਇਹ ਕਿੱਦਾਂ ਦੀ ਚਰਾਈ ਏ?–

– ਤੈਨੂੰ ਕੋਈ ਰਾਸਤੇ ਆਪਣੀ ਦੁਨੀਆਂ ਵਾਪਸ ਜਾ ਕੇ ਇਹ ਕਰਨਾ ਪਵੇਗਾ– ਪਵਨ ਨੇ ਉਚਾਰਿਆ।

– ਪਰ ਪਾਪ ਏ–

– ਪਾਪ? ਤੂੰ ਤਾਂ ਕਹਿੰਦਾ ਸੀ ਬਾਪ ਨੂੰ ਪਿਆਰ ਨਹੀਂ ਕਰਦਾ - ਚੰਦ ਨੇ ਕਿਹਾ।

– ਰਹਿਣ ਦੇ। ਕਿਉਂ ਆਪਣੇ ਪੈਰ ਉੱਤੇ ਕੁਹਾੜੀ ਮਾਰਨੀ ਏਂ? ਬਸ ਕੇਵਲ ਖ਼ਾਨ ਨੂੰ ਮਾਰ। ਕੋਈ ਜ਼ਰੂਰੀ ਨਹੀਂ ਏ ਇੱਥੇ ਪੱਕਾ ਹੋਵੇ। ਅੱਛਾ?– ਰਿੱਛ ਨੇ ਵਿਦਿਆ ਦਿੱਤੀ। ਪਰ ਰਾਣਾ ਸੋਚਾਂ ਵਿਚ ਪੈ ਗਿਆ। ਬਹੁਤ ਡੂੰਘੀਆਂ ਚਿੰਤਾਵਾਂ ਵਿਚ ਡੁੱਬਿਆ ਸੀ। ਰਾਣਾ ਕਮਰੇ 'ਚੋਂ ਬਾਹਰ ਤੁਰ ਪਿਆ। ਜਦ ਮਕਾਨ ਤੋਂ ਬਾਹਰ ਪੈਰ ਰੱਖੇ ਹਵਾ ਵਗਦੀ

ਸੀ। ਆਪਣੇ ਬਿਜਲਈ ਨੇਜ਼ਾਂ ਨਾਲ ਘਰ ਦੀ ਰਾਖੀ ਕਰਦੇ ਚੰਦ ਦੇ ਵਾਰਨੇ ਖੜ੍ਹੇ ਖਲੋਏ ਸਨ। ਬਰਫ਼ ਪਿਘਲਦੀ ਸੀ। ਰਾਣੇ ਦੇ ਮਗਰ ਅਲਫੋਂਸੋ ਬਾਹਰ ਆ ਖੜ੍ਹਾ।

– ਦੇਖ ਅਸੀਂ ਤੇਰੀ ਮਦਦ ਚਾਹੁੰਦੇ ਏ। ਪਰ ਕੀਮਤ ਮਹਿੰਗੀ ਨਹੀਂ ਪੈਣੀ ਚਾਹੀਦੀ ਏ। ਐ ਸਾਡਾ ਜੱਗ ਹੈ। ਹਾਰ ਕੇ ਤਾਂ ਘਰ ਵਾਪਸ ਜਾਣਾ ਹੀ ਹੈ ਨਾ?–

– ਅਲਫੋਂਸਿਆ ਤੂੰ ਸਮਝ ਦਾ ਨ੍ਹੀਂ ਪਿਉ ਨਾਲ ਕਿੰਨਾ ਔਖਾ ਹੈ–

– ਮੈਂ ਪੂਰਾ ਸਮਝਦਾਂ। ਤੂੰ ਪਹਿਲਾ ਨਿਆਣਾ ਨਹੀਂ ਹੈ ਜਿਸ ਨੇ ਬਾਪ ਨਾਲ ਸਿੰਙ ਮਿਲਾਏ। ਇਹ ਚੱਕਰ ਸ਼ੁਰੂ ਤੋਂ ਚੱਲਦਾ ਏ ਅਤੇ ਚੱਲੀ ਜਾਵੇਗਾ। ਮੇਰਾ ਬਾਪ ਵੀ ਸਖ਼ਤ ਸੀ। ਕੁਦਰਤ ਦੀ ਗੱਲ ਏ। ਤੂੰ ਵੀ ਇਕ ਦਿਨ ਬਾਪ ਬਣੂਗਾ। ਫਿਰ ਤੇਰੇ ਖ਼ਿਆਲ ਬਦਲ ਜਾਵੇਗੇ–

– ਯਾਰ ਮੈਂ ਤਾਂ ਟੰਗ ਏ–

– ਨਹੀਂ ਰਾਣਾ। ਰੋਜ਼ ਰੋਜ਼ ਪੰਜ ਹੀ ਮਿੰਟਾਂ ਬਾਅਦ ਪਿਉ ਦੇ ਖ਼ਿਲਾਫ਼ ਰਾਗ ਨਹੀਂ ਗੁਣਗਣਾਈ ਦਾ। ਤੂੰ ਇਸ ਕੂੜ ਪਿੱਛੇ ਲੁਕਦਾ ਏ–

– ਜਿਥੇ ਮੈਂ ਖਲੋਇਆ ਬੇਫਜ਼ੂਲ ਮੈਨੂੰ ਮਾਰਦਾ–

– ਜਿਥੇ ਉਹ ਖੜ੍ਹਾ ਤੂੰ ਕਿੱਦਾਂ ਦਾ ਲੱਗਦਾ?–

– ਇੱਥੇ ਖ਼ੁਸ਼ ਏਂ– ਸੁਆਲ ਦਾ ਕਿਨਾਰਾ ਕੀਤਾ।

– ਕਿਵੇਂ? ਤੂੰ ਤਾਂ ਸਾਡੇ ਸਮੇਂ ਦੇ ਹਿਸਾਬ ਨਾਲ ਮਸਾਂ ਇਕ ਰਾਤ ਇੱਥੇ ਬੀਤੀ। ਦੇਖ ਕਿੱਦਾਂ ਦੇ ਘਾਤ ਪਵਨ ਨੇ ਤੇਰੇ ਅੱਗੇ ਰੱਖੇ ਹੈ! ਇਹਨਾਂ ਦੇ ਸਾਹਮਣੇ ਬਾਪ ਦੇ ਦੋ ਤ੍ਰੇ ਝਿੜਕਾਂ ਕੁਝ ਵੀ ਨਹੀਂ! ਅੱਖਾਂ ਖੋਲ੍ਹ ਕੇ ਸੋਚ!–

ਰਾਣਾ ਸੋਚਣ ਲੱਗ ਗਿਆ। ਮਾਂ ਦਾ ਪਿਆਰ ਕਦੀ ਨਹੀਂ ਮਿਲਣਾ ਸੀ। ਮਾਂ ਨੇ ਟੁਟੇ ਦਿਲ ਨਾਲ ਮਰ ਜਾਣਾ ਸੀ! ਨਾਲੇ ਮਾਮਾ ਮਾਸੀ ਫਿਰ ਨਹੀਂ ਮਿਲਣੇ ਸਨ। ਫੁੱਫੀ ਨਹੀਂ ਮਿਲਣੀ ਸੀ! ਸਭ ਪਿੱਛੇ ਛੱਡ ਦੇਣਾ ਸੀ। ਜੋ ਅੱਜ ਤਕ ਜਾਣਦਾ ਘੁਲ ਜਾਣਾ ਸੀ। ਨਾਲੇ ਪਿਉ ਨੂੰ ਮਾਰਨਾ! ਅਕਸਰ ਡੈਡੀ ਸੀ! ਕੀ ਨਹੀਂ ਬਾਪ ਨੇ ਦਿੱਤਾ?

ਬਾਪੂ ਵਿਚ ਇਕ ਹੀ ਕਮੀ ਸੀ, ਕ੍ਰੋਧ। ਪਤਾ ਨਹੀਂ ਜੁਆਨੀ ਦਾ ਗੁੱਸਾ ਸੀ ਪਰ ਪਿਉ ਵੱਲ ਨਫ਼ਰਤ ਸੱਚ ਮੁੱਚ ਠੀਕ ਸਾਬਤ ਕਰਦੀ ਵੀ ਸੀ? ਮਨ ਨੇ ਵਾਪਸ ਉੱਚੀ ਦੇਣੀ ਕਿਹਾ - ਨਹੀਂ!–।

ਜੇ ਮੈਂ ਪਿਉ ਨੂੰ ਮਾਰ ਦਿੱਤਾ ਮੈਂ ਕਿੱਦਾਂ ਦਾ ਮਰਦ ਹੋਵਾਂਗਾ? ਨਾਲੇ ਮਾਂ ਨੂੰ ਵਿਧਵਾ ਬਣਾ ਦੇਣਾ ਸੀ। ਉਹ ਤੁਰਦੀ ਫਿਰਦੀ ਲਾਸ਼ ਬਣਜੂਗੀ। ਪਰ ਬਾਪ ਨੇ ਨਿੱਤ ਨਿੱਤ ਧਾਵੇਂ ਮਾਰਣੇ। ਰੋਜ਼ ਰੋਜ਼ ਕੁੱਟਣਾ! ਇੱਦਾਂ ਦੇ ਬਾਪ ਦੀ ਕੀ ਲੋੜ ਸੀ? ਇਕ ਜੱਗ ਨੂੰ ਤਾਂ ਅਲਵਿਦਾ ਕਰਨਾ ਹੀ ਹੈ।

ਇਹਨੇ ਫ਼ੈਸਲਾ ਬਣਾ ਲਿਆ।

### *ਤਿੰਨ*

ਬੂਹਾ ਅੱਡੀਆ। ਉੱਲੂ ਬਾਂਦਰ ਅਤੇ ਘੋੜੇ ਦੀਆਂ ਅੱਖਾਂ ਰਾਣੇ ਉੱਤੇ ਠਹਿਰੀਆਂ।



ਇੰਨ੍ਹੇ ਨੂੰ ਫਿਰ ਬੋਲਿਆ

– ਅੱਛਾ ਪਹਿਲਾ ਕੰਮ ਮੰਜੂਰ ਏ। ਓਹਤੋਂ ਬਾਅਦ ਹੋਰ ਕੁਝ ਵੇਖ ਲਵਾਂਗੇ। ਮੈਂ ਦੋਵੇਂ ਰਿੱਛ ਤੇ ਵਾਰਨੇ ਦੀ ਮਦਦ ਚਾਹੁੰਦਾਂ–।

– ਠੀਕ ਏ। ਮੈਂ ਕਾਸਦ ਦਾ ਕੰਮ ਕਰੂਗਾ। ਫ਼ੌਜ ਤਿਆਰ ਕਰ ਲਵੇਗਾ– ਓਂਕਾਰ ਨੇ ਜਵਾਬ ਦਿੱਤਾ।

ਚੰਦ ਖ਼ੁਸ਼ ਸੀ। ਇਕ ਦਮ ਬਾਹਰ ਤੁਰ ਗਿਆ। ਪਿਘਲਦੀ ਬਰਫ਼ 'ਚ ਖੜ੍ਹਕੇ ਰਾਖੀਆਂ ਨੂੰ ਹੁਕਮ ਦਿੱਤਾ ਸਿੰਙੀ ਵਜਾਉਣ। ਜੰਗਲ ਵਿਚੋਂ ਅੱਗੇ ਆ ਗਏ, ਜਿੱਦਾਂ ਹੱਥ ਨਾਲ ਪੱਥਰ ਚੁੱਕ ਕੇ ਲੁਕੇ ਹੋਏ ਕਾਢੇ ਚਾਰ ਚੁਫ਼ੇਰੇ ਦੌੜਦੇ। ਓਂਕਾਰ ਉੱਡ ਗਿਆ। ਪਰ ਫ਼ੌਜ ਨੂੰ ਬੁਲਵਾ ਭੇਜਣ ਤੋਂ ਪਹਿਲਾਂ ਉੱਲੂ ਕੋਲ੍ਹ ਜ਼ਰੂਰੀ ਕੰਮ ਸੀ।

***

ਰਾਣੇ ਦੇ ਮੁਖ ਨੂੰ ਪੱਛਵੇਂ ਪੋਲੀਆਂ ਮਿੱਠੀਆਂ ਦਿੰਦੇ ਸੀ। ਇਹ ਅੰਬਰ ਵਿਚ ਉੱਡਾ ਸੀ। ਕੁਧ ਨਹੀਂ। ਬਹੁਤ ਮਹਾਨ ਇੱਲ ਦੇ ਕੰਧਿਆਂ ਉਪਰ ਬੈਠਾ ਸੀ। ਇਹਦੇ ਉਪਰ ਕਾਲਾ ਕਾਲਾ ਅਸਮਾਨ। ਹੇਠਾਂ ਵੀ ਕਾਲਾ ਕਾਲਾ ਆਕਾਸ਼। ਖੱਬੇ ਪਾਸੇ ਹੋਰ ਲਾਲ ਇੱਲ ਉਡਦਾ ਸੀ। ਜਿਸ ਇੱਲ ਦਾ ਸਵਾਰ ਉਸ ਦੇ ਥੱਲੇ ਵੀ ਇਕ ਹੋਰ ਸੀ। ਤਿੰਨਾਂ ਦਾ ਰੰਗ ਲਾਲ ਲਾਲ ਸੀ। ਦੋਵਾਂ ਦੀਆਂ ਪਿੱਠਾਂ ਪਿੱਛੇ ਸਵਾਰੀਆਂ ਚੰਦ ਅਤੇ ਰਾਣਾ ਸਨ। ਤੀਸਰੇ ਦੇ ਪੰਜਿਆਂ ਵਿਚ ਰਿੱਛ! ਤਿੰਨ ਹੀ ਪੰਛੀ ਤਕੜੇ ਸੀ। ਅਲਫੋਂਸੋ ਤਾਂ ਨਿੱਕਾ ਜਾਂ ਟੇਡੀ ਬੇਰ ਲੱਗਦਾ ਸੀ। ਲਾਲ ਇੱਲਾਂ ਨੇ ਬਹੁਤ ਛੇਤੀ ਤਿੰਨਾਂ ਨੂੰ ਨਾਗ ਦੇ ਕੁਡਲ ਕੋਲੇ ਪਛਾੜ ਦਿੱਤਾ। ਥੋੜ੍ਹਾ ਜਾ ਟੋਐ ਤੋਂ ਦੂਰ ਤਿੰਨ ਹੀ ਝਾੜੀਆਂ ਪਿੱਛੇ ਲੁਕ ਗਏ। ਜਦ ਇੱਲ ਉਡ ਗਏ ਹੌਲ਼ੀ–ਹੌਲ਼ੀ ਸੱਪ ਦੇ ਟੋਏ ਵੱਲ ਖਿਸਰ ਖਿਸਰ ਕੇ ਗਏ। ਹਾਰ ਕੇ ਥਾਂ ਨਜ਼ਰ ਵਿਚ ਆ ਗਿਆ। ਚੰਦ ਨੇ ਆਪਣੇ ਝੋਲੇ ਵਿਚੋਂ ਪਿਆਲਾ ਕੱਢ ਲਿਆ। ਟੋਏ ਤੋਂ ਰੋਸ਼ਨੀ ਆਉਂਦੀ ਸੀ। ਪੀਲਾ ਪੀਲਾ ਭਾਹ ਆਉਂਦਾ ਸੀ। ਉਸ ਰੰਗਤ ਵਿਚ ਜ਼ੰਜੀਰ ਨਾਲ ਬੰਨ੍ਹਿਆ ਚਿੱਤਰਾ ਇਧਰ ਉਧਰ ਤੁਰਦਾ ਫਿਰਦਾ ਦਿੱਸਦਾ ਸੀ। ਸੱਪ ਨਹੀਂ ਦਿੱਸਦਾ ਸੀ। ਰਾਣੇ ਨੇ ਅਲਫੋਂਸੋ ਨੂੰ ਇਸ਼ਾਰਾ ਕੀਤਾ ਖੱਬੇ ਜਾਣ ਤੇ ਚੰਦ ਨੂੰ ਸੱਜੇ। ਪਿਆਲਾ ਖ਼ੁਦ ਫੜ ਕੇ ਅੱਗੇ ਢਿੱਡ ਉੱਤੇ ਖਿਸਰ ਕੇ ਚਲੇ ਗਿਆ। ਰਾਤ ਦੇ ਵਿਚ ਕਈ ਖੜਕ ਸੁਣਦੇ ਸੀ। ਕਦੀ ਉੱਲੂ ਦੀ ਓਏ ਓਏ। ਕਦੀ ਤਿੱਡੇ ਦੀ ਖਰੂੰਢ। ਪਰ ਨਾਗ ਦੀ ਆਵਾਜ਼ ਜਾਪਦੀ ਨਹੀਂ ਸੀ। ਪਸੀਨਾ ਮੱਥੇ ਤੋਂ ਚੋਂਦਾ ਸੀ। ਉਪਰ ਤੋਂ ਉੱਚੀ ਉੱਚੀ ਚੀਕ ਆਈ। ਇੱਲ ਸਨ। ਅਮਰ ਨੇ ਉਪਰ ਤੱਕਿਆ। ਰਾਣੇ ਨੇ ਵੀ। ਮਿੱਤਰ ਨਹੀਂ ਸੀ। ਚਾਰ ਪੰਜ ਇੱਲ ਤੋਂ ਵੀ ਵੱਡੇ ਸਨ। ਰਾਤ ਦੀ ਰੰਗ ਵਾਂਗ ਕਾਲੇ। ਉਨ੍ਹਾਂ ਦੇ ਸਵਾਰ ਰਾਖਸ਼ ਸੀ!

ਰਾਣੇ ਨੂੰ ਸਮਝ ਆ ਗਈ ਕੇ ਖ਼ਾਨ ਤੱਕ ਖ਼ਬਰ ਪਹੁੰਚ ਗਈ ਸੀ। ਬਸ ਹੁਣ ਤਾਂ ਵਕਤ ਜ਼ਰੂਰੀ ਦਾ ਸੀ। ਤੇਜ਼ੀ ਬਾਕੀ ਸੀ। ਇਹਨੇ ਆਪ ਨੂੰ ਉਹਲੇ ਕਰ ਲਿਆ। ਦੂਸਰੇ ਵੀਰ ਵੀ ਦਿੱਸਦੇ ਨਹੀਂ ਸੀ। ਕਾਲੇ ਪੰਛੀਆਂ ਨੇ ਕਈ ਚੱਕਰ ਮਾਰੇ। ਅਮਰ ਖਿੱਝ ਵਿਚ ਉਨ੍ਹਾਂ ਵੱਲ ਘੋਰ ਘੂਰਦਾ ਸੀ। ਰਾਣੇ ਨੂੰ ਠੰਢ ਲੱਗੀ। ਰਾਖਸ਼ਾਂ ਦੀਆਂ ਅੱਖਾਂ ਟੋਲਦੀਆਂ ਮਹਿਸੂਸ ਹੁੰਦੀਆਂ ਸੀ। ਹਾਰ ਕੇ ਦੂਰ ਚੱਲੇ ਗਏ। ਕੀ ਪਤਾ ਵਾਪਸ ਆ ਜਾਵਾਂਗੇ। ਇਸ

ਲਈ ਇਨ੍ਹੇ ਕਈ ਚਿਰ ਟਿੱਕਿਆ ਰਿਹਾ। ਜਦ ਲੱਗਾ ਹਿਲਣ ਲਈ ਠੀਕ ਸੀ ਟੋਏ ਵੱਲ ਅੱਗੇ ਚਲਾ ਗਿਆ। ਟੋਏ ਦੇ ਕਿਨਾਰੇ ਉੱਤੇ ਰੁਖ ਗਿਆ। ਰੰਗਤ ਵਿਚ ਵੇਖਿਆ। ਅਮਰ ਖਿੱਝ ਵਿਚ ਇਧਰ ਉਧਰ ਤੁਰੀ ਗਿਆ। ਧੌਣ ਉੱਤੇ ਬੰਦਣ ਬੰਨ੍ਹਿਆ ਸੀ। ਇਹ ਬੰਦਣ ਨਿੱਕਾ ਜਾਂ ਜ਼ੰਜੀਰ ਨਾਲ ਬੰਨ੍ਹਿਆ ਸੀ। ਚਿੱਤਰ ਦੇ ਆਲ੍ਹੇ-ਦੁਆਲ੍ਹੇ ਸੰਖੀਆਂ ਹੱਡੀਆਂ ਸਨ। ਅਮਰ ਤੋਂ ਥੋੜਾ ਜਾ ਦੂਰ ਬਹੁਤ ਵੱਡੀਆਂ ਹੱਡੀਆਂ ਲਾਸ਼ਾਂ ਸਨ ਜਿਸ ਚਿੱਤਰ ਲਈ ਬਹੁਤ ਵੱਡੀਆਂ ਸੀ। ਰਾਣੇ ਨੂੰ ਖ਼ਿਆਲ ਆਇਆ ਕੇ ਇਹ ਨਾਗ ਦੇ ਸ਼ਿਕਾਰ ਸਨ। ਪਰ ਸੱਪ ਕਿੱਥੇ ਸੀ?

ਰਾਣੇ ਦੇ ਪਿੱਛੋਂ ਛੀ-ਛੀ ਫੁੰਕਾਰਾ ਆਇਆ। ਜਿੱਦਾਂ ਕੋਈ ਗਿੱਲੀ ਜੀਭ ਮੂੰਹ ਵਿਚ ਵਜਦੀ ਸੀ। ਇਹਦੇ ਲੂੰ ਕੰਡੇ ਹੋ ਗਏ। ਰੰਗਤ ਉਪਰ ਲੰਬੀ ਛਾਂ ਆ ਬੈਠੀ। ਅਮਰ ਨੇ ਉਪਰ ਵੇਖਿਆ। ਚਿੱਤਰ ਨੂੰ ਮੁੰਡਾ ਦਿਸ ਗਿਆ। ਪਰ ਹੋਰ ਕੁਝ ਵੱਲ ਘੂਰਦਾ ਸੀ। ਹੌਲ਼ੀ-ਹੌਲ਼ੀ ਰਾਣਾ ਘੁੰਮਿਆ। ਫਿਰ ਨਜ਼ਰ ਉਪਰ ਗਈ। ਨਾਗ ਦਾ ਡਰਾਉਣਾ ਮੁੱਖ ਹੱਸ ਕੇ ਇਹਦੇ ਵੱਲ ਤੱਕੇ। ਉਹ ਦੀ ਜੀਭ ਇਧਰ ਉਧਰ ਝਿਲਮਿਲ ਕਰਦੀ ਜਿੱਦਾਂ ਅਗਲੀ ਉਂਗਲ ਰਾਣੇ ਵੱਲ ਸਿੱਧੀ ਵੱਧਦੀ ਸੀ। ਇਹ ਆਪਣੇ ਆਪ ਤੋਂ ਬਾਹਰ ਹੋ ਗਿਆ। ਨਾਗ ਨੇ ਸੀਸ ਪਿੱਛੇ ਕਰਕੇ ਛੀ-ਛੀ ਕੀਤਾ। ਇਹਨੂੰ ਡੰਗਣ ਹੀ ਲੱਗਾ ਸੀ ਪਰ ਬਿਜਲੀ ਦੀ ਚਮਕ ਵਾਂਗ ਕੁਝ ਚਿੱਟਾ ਚਿੱਟਾ ਸੱਪ ਦੇ ਉੱਤੇ ਜੁੜ ਗਿਆ। ਰਾਣੇ ਨੂੰ ਹੋਸ਼ ਆ ਗਿਆ। ਅਲਫੋਂਸੋ ਸੀ। ਹੇਠਾਂ ਚਿੱਤਰ ਗੱਜਦਾ ਸੀ। ਰਿੱਛ ਨੇ ਕੋਸ਼ਿਸ਼ ਕੀਤਾ ਨਾਗ ਦੇ ਮਾਸ ਨੂੰ ਪਾੜਣ। ਉਂ ਉਸਦੇ ਪੰਜਾਂ ਨੇ ਮਾਸ ਚੀਰ ਦਿੱਤਾ। ਨਾਗ ਨੇ ਮੱਖੀ ਵਾਂਗੂੰ ਪਾਸੇ ਮਾਰਿਆ। ਰਾਣੇ ਨੂੰ ਹੁਣ ਪੂਰੀ ਹੋਸ਼ ਆਈ ਕੇ ਖ਼ਤਰੇ ਜ਼ੋਖਮ 'ਚ ਪੈ ਗਿਆ ਸੀ। ਇਕ ਦਮ ਦੌੜਣ ਲੱਗ ਗਿਆ। ਮਗਰ ਸੱਪ ਨੇ ਡੰਗ ਮਾਰਨ ਦੀ ਕੋਸ਼ਿਸ਼ ਕੀਤੀ। ਰਾਣਾ ਖਿਸਕ ਗਿਆ। ਇਹਦੀਆਂ ਅੱਖਾਂ ਸੱਪ ਵੱਲ ਗਈਆਂ। ਸੱਪ ਦੇ ਸੂਏ ਅੱਡੇ ਮੂੰਹ ਵਿਚ ਦਿੱਸਦੇ ਸੀ। ਨਾਗ ਨੇ ਹੋਰ ਡੰਗ ਮਾਰਨ ਦੀ ਤਿਆਰੀ ਕੀਤੀ। ਪਰ ਐਂਤਕੀ ਚੰਦ ਦੇ ਤੀਰ ਉਸ ਦੇ ਮੱਥੇ ਵਿਚ ਫਸ ਗਏ। ਪਲ ਲਈ ਨਾਗ ਦਾ ਧਿਆਨ ਗਾਇਬ ਹੋ ਗਿਆ। ਉਸ ਪਲ ਵਿਚ ਰਿੱਛ ਨੇ ਫਿਰ ਹਮਲਾ ਕੀਤਾ ਅਤੇ ਵਾਰਨੇ ਨੇ ਤੀਰਾਂ ਦਾ ਝੁਰਮਟ ਛੱਡ ਦਿੱਤਾ। ਨਿਸ਼ਾਨ ਮਿਲ ਗਿਆ। ਨਾਗ ਤੋਂ ਉੱਚੀ ਚੀਕ ਬਾਹਰ ਆਈ। ਉਸ ਹੀ ਵਕਤ ਵਿਚ ਰਾਣਾ ਦਲੇਰ ਬਣ ਗਿਆ। ਜਿਹੜੇ ਨੇੜੇ ਡਿੱਗੇ ਤੀਰ ਸਨ ਚੁੱਕ ਕੇ ਸੱਪ ਦੇ ਬਦਨ ਵਿਚ ਠੋਕ ਦਿੱਤੇ। ਹੱਥ ਪੈਰ ਤੀਰਾਂ ਉੱਤੇ ਰੱਖ ਕੇ ਨਾਗ ਦੇ ਸਰੀਰ ਉਪਰ ਚੜਣ ਲੱਗ ਗਿਆ। ਹੁਣ ਚੰਦ ਵੀ ਸੱਪ ਦੇ ਕੋਲੇ ਆ ਖੜ੍ਹਾ ਹੋਇਆ। ਇਕ ਹੱਥ ਵਿਚ ਤਲਵਾਰ ਸੀ। ਨਾਗ ਨੇ ਆਪਣਾ ਮੁੱਖ ਥੱਲੇ ਕਰਕੇ ਵਾਰਨੇ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਸੂਏ ਅਤੇ ਤਲਵਾਰ ਆਪਸ ਵਿਚ ਖੜਕੇ। ਨਾਗ ਨੂੰ ਰਾਣੇ ਦਾ ਚੇਤਾ ਭੁਲ ਗਿਆ। ਰਿੱਛ ਅਤੇ ਬਾਂਦਰ-ਲੋਕੀ ਨਾਗ ਨੂੰ ਟਿਚਰ ਕਰੀ ਗਏ। ਇੰਨੀ ਹੀ ਉਚਾਟੀ ਚਾਹੀਦੀ ਸੀ। ਰਾਣਾ ਹੁਣ ਅੱਖੋਂ ਉਹਲੇ ਸੀ।

ਰਾਣਾ ਸਿਰ ਉਪਰ ਸਵਾਰ ਸੀ। ਜ਼ੋਰ ਦੇਣੀ ਸੱਪ ਦੇ ਮੱਥੇ ਵਿਚ ਤੀਰ ਤੌਣੀ ਨਾਲ ਮਾਰ ਦਿੱਤੇ। ਸੱਪ ਨੂੰ ਹੋਸ਼ ਆ ਗਈ। ਸੀਸ ਇਧਰ ਉਧਰ ਸੁਰਸੁਰੀ ਕਰਦਾ ਸੀ। ਆਪਣੀ ਜਾਨ ਬਚਾਉਣ ਲਈ ਰਾਣੇ ਨੇ ਤੀਰ ਹੱਥ 'ਚ ਫੜ ਲਏ। ਜਿੱਥੇ ਸੱਪ ਦਾ ਦਿਲ ਸੀ ਚੰਦ ਨੇ ਤਲਵਾਰ ਮਾਰ ਦਿੱਤੀ। ਨਾਗ ਦੇ ਪਿੰਡੇ 'ਚ ਹੁਝਕਾ ਲੰਘਿਆ। ਘਬਰਾਹਟ



ਵਿਚ ਵੱਲ ਪਾਉਂਦਾ ਸੀ, ਨਾਲੇ ਰਾਣੇ ਨੂੰ ਇਧਰ ਉਧਰ ਝਟਕਾਉਂਦਾ ਸੀ। ਰਾਣੇ ਨੇ ਫਿਰ ਵੀ ਕਿਸੇ ਤਰ੍ਹਾਂ ਸੂਆ ਦੰਦ ਪਿਆਲੇ ਵਿਚ ਫਸਾ ਦਿੱਤਾ ਸੀ। ਕਿਉਂਕਿ ਸੱਪ ਜ਼ਬਰਦਸਤੀ ਨਾਲ ਖੰਘਦਾ ਸੀ। ਦੰਦ ਜੋੜ ਦੇਣੀ ਪਿਆਲੇ ਵਿਚ ਪਾ ਦਿੱਤਾ। ਰਾਣੇ ਨੇ ਇਕ ਤੀਰ ਕੱਢ ਕੇ ਫੱਦ ਵਿਚ ਮਾਰ ਦਿੱਤਾ। ਸੱਪ ਦੇ ਸਾਰੇ ਸਰੀਰ ਵਿਚ ਖਿੱਚ ਪਈ। ਵਿਸ਼ ਝਰਨ ਲੱਗ ਪਿਆ। ਰਾਣਾ ਨਾਗ ਤੋਂ ਡਿੱਗ ਗਿਆ ਪਰ ਰਿੱਛ ਨੇ ਫੜ੍ਹ ਲਿਆ। ਸੱਪ ਦੀ ਜ਼ਹਿਰ ਦੇ ਚੋਏ ਵਰਖਾ ਵਾਂਗ ਹੇਠਾਂ ਡਿੱਗੇ। ਜਿੱਥੇ ਡਿੱਗੇ ਖੱਟਿਆਂ ਵਿੱਟੀਆਂ ਵਾਂਗ ਚੀਜ਼ਾਂ ਨੂੰ ਘੁਲਦੇ ਸੀ। ਚੰਦ ਰੁੱਖ ਥੱਲ੍ਹੇ ਲੁਕ ਗਿਆ। ਪਰ ਅਮਰ ਦੇ ਜਿਸਮ ਉਪਰ ਝੜੀ ਵਾਂਗ ਪਏ। ਵਿਚਾਰਾ ਮਾਨਸਿਕ ਪੀੜ੍ਹ ਵਿਚ ਚੀਕਿਆ। ਫਿਰ ਨਾਗ ਅੱਗੇ ਡਿੱਗ ਗਿਆ। ਲਾਸ਼ ਦੇ ਝੂਲਣਾਂ ਨੇ ਧਰਤੀ ਨੂੰ ਹੁਝਕਾ ਮਾਰਿਆ। ਤਿੰਨ ਹੀ ਨਾਗ ਦੇ ਮੁੱਖ ਕੋਲ੍ਹ ਖਲੋਤੇ। ਟੋਏ 'ਚੋਂ ਚਿੱਤਰ ਦੀਆਂ ਕਰਾਰੀਆਂ ਗਾਲ੍ਹਾਂ ਚੀਕਾਂ ਉਪਰ ਆਈਆਂ। ਮਰੇ ਨਾਗ ਦੀ ਅੱਖ ਹਾਲੇ ਅੱਡੀ ਹੋਈ ਸੀ। ਚੰਦ ਨੇ ਬੰਦ ਕਰ ਦਿੱਤੀ। ਰਿੱਛ ਨੇ ਦੰਦ ਥੱਲ੍ਹੇ ਹੌਲ਼ੀ-ਹੌਲ਼ੀ ਪਿਆਲਾ ਖਿੱਚ ਲਿਆ। ਵਿਸ਼ ਦੇ ਛਿੱਟਿਆਂ ਤੋਂ ਡਰਦਾ ਸੀ। ਸ਼ੋਰ ਨਾਲ ਪਿਆਲਾ ਟੁੱਟਿਆ ਨਹੀਂ। ਤਕਰੀਬਨ ਭਰਿਆ ਸੀ। ਰਾਣੇ ਨੇ ਢੱਕਣ ਉਪਰ ਕਸ ਦਿੱਤਾ ਸੀ। ਪਹਿਲਾ ਕੰਮ ਪੂਰਾ ਹੋ ਗਿਆ।

– ਓਏ!– ਅਮਰ ਦੀ ਆਵਾਜ਼ ਫਿਰ ਥੱਲੋਂ ਆਈ। ਤਿੰਨਾਂ ਨੇ ਕਿਨਾਰੇ ਉਪਰੋਂ ਚਿੱਤਰ ਵੱਲ ਤੱਕਿਆ। ਅਮਰ ਦੇ ਕਾਲੇ-ਕਾਲੇ ਸਮੂਰ ਉੱਤੇ ਦਾਗ਼ ਸੀ, ਜਿਥੇ ਜ਼ਹਿਰ ਨੇ ਮਾਸ ਨੂੰ ਸਾੜਿਆ ਸੀ। ਦੁੱਖ ਵਿਚ ਸੀ। ਇਹ ਸਾਫ਼ ਦਿਸਦਾ ਸੀ।

– ਸਾਨੂੰ ਇਲਾਜ ਕਰਨਾ ਚਾਹੀਦਾ। ਸਾਡੀ ਵਜ੍ਹਾ ਕਰਕੇ ਹੋਇਆ। ਚੰਦ ਦਵਾਈ ਹੈ? - ਅਲਫੋਂਸੋ ਨੇ ਕਿਹਾ।

– ਆਹੋ। ਪਰ ਬਿਹਤਰ ਪਵਨ ਨੂੰ ਮਿਲੇ -

– ਸਾਨੂੰ ਨਾਲ ਲੈ ਕੇ ਜਾਣਾ ਚਾਹੀਦਾ - ਰਾਣੇ ਨੇ ਸੁਝਾ ਦਿੱਤਾ।

– ਬਿੱਲਾ ਹੈ! ਇਲਾਜ ਨਹੀਂ ਕਰ ਸਕਦਾ ਘੋੜੇ ਤੋਂ ਬਿਨਾਂ। ਰਹਿਣ ਦੇ। ਵੈਰੀ ਏ–

- ਨਹੀਂ ਚੰਦ। ਦੁਸ਼ਮਨ ਤਾਂ ਦੁਸ਼ਮਨ ਹੈ–

– ਸੱਚ ਬੋਲਦਾਂ। ਪਵਨ ਕੋਲੇ ਲੈ ਕੇ ਜਾਈਏ। ਸਾਡੀ ਮਦਦ ਕਰ ਸਕਦਾ ਏ। ਪਿੰਗੂਆਂ ਨੂੰ ਬਚਾਇਆ - ਰਿੱਛ ਨੇ ਕਿਹਾ।

– ਠੀਕ। ਪਰ ਮੈਂ ਨ੍ਹੀਂ ਥੱਲੇ ਜਾਣਾ। ਤੂੰ ਜਾ। ਮੈਨੂੰ ਤਾਂ ਖਾ ਵੀ ਸਕਦਾ– ਵਾਰਨਾ ਹੱਸਿਆ।

– ਅੱਛਾ। - ਰਿੱਛ ਹੇਠਾਂ ਤੁਰ ਪਿਆ।

– ਸੱਪ ਖੁੱਲ੍ਹਾ ਮਰਿਆ ਪਿਆ ਏ। ਸਾਨੂੰ ਰਾਖਸ਼ਾਂ ਦੇ ਵਾਪਸ ਆਉਣ ਤੋਂ ਪਹਿਲਾ ਹੀ –

– ਫਿਕਰ ਨਾ ਕਰ। ਮੇਰੀ ਸਿੰਙੀ ਨੇ ਇੱਲਾਂ ਨੂੰ ਬੁਲਾ ਦੇਣਾ–

– ਮੈਂ ਵੀ ਮਿਲਣ ਚੱਲਿਆਂ -

– ਪਾਗ਼ਲ। ਬਿੱਲੇ ਨੇ ਖਾ ਲੈਣਾ। ਵੇਖ ਕਿਵੇਂ ਮਾਸ ਤੋਂ ਭਾਫ਼ ਉੱਡਦੀ ਏ। ਸਾਡੇ ਵੱਜੇ -

– ਆਹੋ। ਪਰ ਸਾਡੇ ਕਰਕੇ ਖਿਲਾਸੀ ਹੈ–

– ਹੋਰ –।

*****

ਜਦ ਰਾਣਾ ਰਿੱਛ ਦੇ ਮਗਰ ਗਿਆ ਉਸਨੂੰ ਮਹਿਸੂਸੀ ਕਿ ਸਾਰੇ ਪਾਸੇ ਭਾਫ਼ ਉੱਡਦੀ ਸੀ। ਇਹਨੇ ਸੋਚਿਆ ਜੇ ਵਿਸ਼ ਇੰਨੀ ਕਾਇਮ ਹੈ ਫਿਰ ਤਾਂ ਫ਼ੌਜ ਦੇ ਤੀਰਾਂ ਲਈ ਬਹੁਤ ਫ਼ਾਇਦਾ ਹੋਵੇਗਾ। ਨਾਲੇ ਚਿੱਤਰ ਨੂੰ ਦੁੱਖ ਲੱਗਾ। ਫਿਰ ਇੱਦਾਂ ਹੀ ਖ਼ਾਨ ਦੀ ਫ਼ੌਜ ਨੂੰ ਹੋਵੇਗਾ। ਜਦ ਚਿੱਟਾ ਰਿੱਛ ਕਾਲੇ ਚਿੱਤਰ ਵੱਲ ਪਹੁੰਚਿਆ ਅਲਫੌਂਸੋ ਨੇ ਜ਼ੰਜੀਰ ਤੋੜ ਦਿੱਤਾ ਸੀ। ਅਮਰ ਧਰਤੀ ਉਤੇ ਲੇਟਿਆ ਪਿਆ ਸੀ। ਤਾਰਾਬੀ ਨੇ ਮਾਸ ਜਾਲ ਦਿੱਤਾ ਸੀ। ਰਾਣੇ ਨੂੰ ਮਹਿਸੂਸ ਹੋਇਆ ਕੇ ਇਹ ਮੇਰੇ ਵਜ੍ਹਾ ਕਾਰਨ ਸੀ। ਅਲਫੌਂਸੋ ਨੇ ਆਪਣੇ ਝੋਲੇ 'ਚੋਂ ਕੁਝ ਕੱਢ ਕੇ ਅਮਰ ਦੇ ਮਾਲਸ਼ ਕੀਤਾ। ਫਿਰ ਬਿੱਲੇ ਨੂੰ ਪਾਣੀ ਪਲਾਇਆ।

– ਉਹ ਕੌਣ ਏ?– ਚਿੱਤਰ ਨੇ ਰਾਣੇ ਵੱਲ ਤਿੱਖੀ ਨਹੁੰ ਵਾਲੀ ਉਂਗਲੀ ਵਧਾ ਕੇ ਆਖਿਆ।

– ਇਹ ਮਾਨਵ ਹੈ। ਸਾਡੀ ਮਦਦ ਕਰਨ ਆਇਆ– ਰਿੱਛ ਨੇ ਜਵਾਬ ਦਿੱਤਾ। ਅਮਰ ਹੱਸਣ ਲੱਗਿਆ। ਫਿਰ ਖੰਘਣ ਲੱਗਿਆ। - ਜੋ ਮੈਨੂੰ ਕੀਤਾ ਮਦਦ ਏ? ਪਤਾ ਨਹੀਂ ਦੁਸ਼ਮਨ ਕੀ ਕਰ ਬੈਠੂਗਾ! -

– ਖ਼ਾਨ ਨੂੰ ਮਾਰਨ ਆਇਆ। ਪਰ ਹੁਣ ਖ਼ਾਨ ਦੇ ਰਾਖ਼ਸ਼ਾਂ ਨੇ ਸਭ ਕੁਝ ਸੁਣ ਲਿਆ ਹੋਵੇਗਾ। ਸਾਨੂੰ ਇਥੋਂ ਜਾਣਾ ਪਵੇਗਾ। ਤੂੰ ਸਾਡੇ ਨਾਲ ਆ –।

– ਮੈਂ ਤਾਂ ਤੁਹਾਨੂੰ ਹੌਲੀ ਕਹੂੰਗਾ -

– ਨ੍ਹੀਂ। ਤੇਰੇ ਵਰਗੇ ਬਹਾਦਰ ਦੀ ਲੋੜ ਏ - ਰਾਣੇ ਪਹਿਲੀ ਵਾਰੀ ਬਿੱਲੇ ਨਾਲ ਬੋਲਿਆ।

– ਮਾਨਵ ਤੂੰ ਮੈਥੋਂ ਦੂਰ ਰਹਿ। ਐ ਦੁਖ ਤੇਰੇ ਵਜ੍ਹਾ ਕਰਕੇ ਏ। ਗੁੱਸਾ ਥੱਲੇ ਹੋਣ ਲਈ ਕੁਝ ਸਮਾਂ ਲੱਗੂਗਾ। ਫਿਰ –

– ਫਿਰ ਤੁਸੀਂ ਸਾਡੀ ਫ਼ੌਜ ਨਾਲ ਖੜ੍ਹੋ। ਮੈਨੂੰ ਪਤਾ ਤੁਸੀਂ ਕੀ ਕੀਤਾ ਤੇ ਕਾਹਤੋਂ–।

– ਵਾਰਨੇ ਰਿੱਛ ਅਤੇ ਪਿੰਗੂ ਬਿੱਲੇ ਦੇ ਨਾਲ ਕਦੀ – ਅਮਰ ਨੇ ਸ਼ੁਰੂ ਕੀਤਾ।

– ਤੂੰ ਪਿੰਗੂਆਂ ਨੂੰ ਬਚਾਇਆ। ਜੇ ਵਾਰਨਿਆਂ ਨੂੰ ਤੇਰੇ ਤੇ ਸ਼ੱਕ ਏ। ਮੈਂ ਉਨ੍ਹਾਂ ਨੂੰ ਬਚਨ ਦਿੰਦਾ –।

– ਅੱਛਾ। ਕਿਉਂ ਨਹੀਂ? ਮੈਨੂੰ ਤਾਂ ਖ਼ਾਨ ਨੇ ਫਿਰ ਵੀ ਮਾਰ ਦੇਣਾ –। ਅਮਰ ਨੇ ਪੰਜਾ ਅੱਗੇ ਕੀਤਾ। ਇਹਨੇ ਹੱਥ ਵਿਚ ਲੈ ਲਿਆ। ਫਿਰ ਟੋਏ ਵਿਚ ਕੁਝ ਚਿੱਤਰ ਦੇ ਮਾਸ ਉੱਤੇ ਬੰਨ੍ਹਣ ਟੋਲਣ ਲੱਗ ਗਿਆ।

ਓਧਰ ਬੱਦਲਾਂ ਦੇ ਢਿੱਡ ਭਾਰੇ ਹੋ ਗਏ ਸਨ। ਪਰ ਗਰਭਵਤੀ ਵਾਹਰੂਆਂ 'ਚੋਂ ਬਰਸਾਤੀ ਪਾਣੀ ਨਹੀਂ ਪਿਆ। ਬੱਦਲਾਂ ਦੇ ਕੁੱਖ ਵਿਚੋਂ ਕਾਲੇ ਕਾਲੇ ਚੀਕਦੇ ਇੱਲ ਅਰਜਨ ਦੇ ਤੀਰ ਵਾਂਗੂੰ ਥੱਲੇ ਆਏ।

– ਦੌੜ ਰਾਣਿਆ!– ਚੰਦ ਨੇ ਉਪਰੋਂ ਕਹਿ ਕੇ ਆਪਣੇ ਤੀਰ ਛੱਡੇ। ਸਿੰਙੀ ਵੀ



ਵਜਾਉਂਦਾ ਸੀ। ਅੰਬਰ ਦੇ ਦੂਸਰੇ ਪਾਸੋਂ ਚਾਰ ਕੁ ਲਾਲ ਇੱਲ ਵੀ ਆ ਗਏ ਸੀ। ਰਾਣੇ ਨੇ ਕੋਈ ਸ਼ਰਨ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਇਹਦੀ ਕਿਸਮਤ ਮਾੜੀ ਸੀ। ਇਕ ਰਾਖਸ਼ ਸਵਾਰ ਇੱਲ ਨੇ ਝਪਟ ਮਾਰਿਆ ਧਰਤੀ ਉੱਤੇ ਡਿੱਗ ਕੇ ਚੁਫਾਲ ਹੋ ਗਿਆ। ਜਦ ਉੱਪਰ ਵੇਖਿਆ ਰਾਖਸ਼ ਦਾ ਰਾਸ਼ਾ ਛਾਤੀ ਵੱਲ ਆਉਂਦਾ ਸੀ। ਚੀਕਣ ਦੀ ਕੋਸ਼ਿਸ਼ ਕੀਤੀ। ਪਰ ਚੀਕ ਬਾਹਰ ਆਈ ਨਹੀਂ। ਰਾਣਾ ਬੇਹੋਸ਼ ਹੋ ਗਿਆ।

## ਚਾਰ

ਜਦ ਰਾਣੇ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਆਲ਼ੇ–ਦੁਆਲ਼ੇ ਕਮਲ ਦੇ ਪੰਖੜੀਆਂ ਵਾਂਗ ਰਗਬੀ ਦੇ ਖਿਡਾਰੀ ਖਲੋਏ ਸਨ। ਜਦ ਘਰ ਗਿਆ ਬਾਪੂ ਤੋਂ ਲੜਣ ਲਈ ਝਿੜਕਾਂ ਖਾਦੀਆਂ। ਆਪਣੇ ਪਲੰਘ ਵਿਚ ਲੇਟ ਕੇ ਸੋਚੀ ਗਿਆ ਕੇ ਜੋ ਬੀਤਾ ਸੱਚ ਮੁੱਚ ਸੀ ਕਿ ਕਲਪਨਾ ਦੀ ਬਣਾਈ ਭਰਮ ਸੀ? ਇਹ ਚਿੰਤਾਵਾਨ ਬਣ ਗਿਆ। ਪਤਾ ਨਹੀਂ ਲੱਗਦਾ ਸੀ ਕਿ ਜੇ ਆਹ ਕਲਪਿਤ ਜੱਗ ਸੀ ਕਿ ਐਸਤਾਰਫੀਨੀਆ ਤਸੱਵਰ ਤਸਵੀਰ ਸੀ। ਕਈ ਦਿਨਾਂ ਤਕ ਉਦਾਸ ਰਿਹਾ। ਸਵਰਨ, ਸੁਰਜੀਤ ਅਤੇ ਰਮਨ ਤੋਂ ਦੁਖ ਫਿਰ ਹੋਇਆ। ਦੋ ਸਾਲ ਇੱਦਾਂ ਹੀ ਬੀਤ ਗਏ। ਬਾਪੂ ਗੁੱਸੇ ਵਿਚ ਕਿਸ ਘੁੰਮਾਉਂਦਾ ਕਰਕੇ ਵਾਲ ਘਟ ਦਿੱਤੇ। ਕੁੱਟ ਕੁਟਾਪੇ ਕਰਕੇ ਗਮੀ ਹੋ ਗਿਆ। ਸਾਨੂੰ ਪਤਾ ਤਾਂ ਹੈ ਇਹਦੇ 'ਤੇ ਤਾਰੇ ਵਿਚ ਇਸ ਵੇਲੇ ਕੀ ਬੀਤੀਆਂ ਅਤੇ ਕੀ ਬਾਕੀ ਸੀ ਕਾਲਜ ਤਕ। ਇਕ ਵਾਰੀ ਇਹਨੂੰ ਏਨਾ ਦਿਲਗੀਰੀ ਹੋ ਗਈ ਕਿ ਜਾਣ ਕੇ ਰਮਨ ਨਾਲ ਸਿੰਙ ਮਿਲਾਏ। ਸੋਚਦਾ ਸੀ ਕੁੱਟ ਸੁਟ ਖਾਂ ਕੇ ਐਸਤਾਰਫੀਨੀਆ ਵਾਪਸ ਪਹੁੰਚ ਜਾਵੇਗਾ। ਪਰ ਇੱਦਾਂ ਦਾ ਕੁਝ ਵੀ ਨਹੀਂ ਹੋਇਆ। ਸਕੂਲ ਬਰਦਾਸ਼ਤ ਕਰਨਾ ਹੀ ਪਿਆ। ਘਰ ਬਰਦਾਸ਼ਤ ਕਰਨਾ ਪਿਆ। ਰਸੋਈਖ਼ਾਨਾ ਨੂੰ ਵੀ। ਕੱਲ੍ਹਾ ਜਦ ਰਗਬੀ ਖੇਡਦਾ ਹੋਸ਼ ਸੀ ਪਰ ਹਾਰ ਕੇ ਇਹ ਵੀ ਛੱਡ ਦਿੱਤੀ। ਕਿਤਾਬਾਂ ਪੜ੍ਹਨੀਆਂ ਵੀ ਛੱਡ ਦਿੱਤੀਆਂ ਸੀ। ਆਪਣੇ ਆਪ ਤੋਂ ਦੂਰ ਹੋ ਗਿਆ। ਇਮਤਿਹਾਨ ਫੇਲ੍ਹ ਕਰ ਲਏ। ਪਿਉ ਤੋਂ ਛਿੱਤਰ ਖਾਧੇ। ਰੋਜ਼–ਰੋਜ਼ ਮਾਂ ਨਾਲ ਬਹਿਸ ਕਰਦਾ ਸੀ ਪਰ ਪਿਉ ਨੂੰ ਕੁਝ ਕਹਿਣ ਤੋਂ ਡਰਦਾ ਸੀ। ਘਰ ਵਾਲੀਆਂ ਤੋਂ ਪਰੇ ਤਾਸ਼ ਖੇਡਣ ਲੱਗ ਗਿਆ। ਇਕਦਮ ਕੁੜੀਆਂ ਤੋਂ ਡਰ ਉੱਡ ਗਿਆ। ਫੂਹੜ ਤੀਵੀਂਆਂ ਵੱਲ ਤੁਰ ਪਿਆ। ਮਨ ਮਸਤੀ ਦਿਨ ਬਹੁਤੇ ਦੇਰ ਲਈ ਨਹੀਂ ਲੰਘੇ। ਇਕ ਸਵੇਰੇ ਆਪਣਾ ਚਿਹਰਾ ਸ਼ੀਸ਼ੇ ਵਿਚ ਤੱਕਿਆ। ਜੋ ਦੇਖਿਆ ਪਸੰਦ ਨਹੀਂ ਸੀ। ਅੱਖਾਂ ਥੱਲੇ ਕਾਲੀਆਂ ਕਾਲੀਆਂ ਲਕੀਰਾਂ ਸੀ। ਮੂੰਹ ਸੁੱਕ ਗਿਆ। ਇਹਨੂੰ ਸ਼ਰਮ ਆ ਗਈ। ਦਿਮਾਗ਼ ਹੋਰ ਪਾਸੇ ਲਾਉਣ ਲੱਗ ਗਿਆ। ਇਕ ਦਿਨ ਅਜਾਇਬ ਘਰ, ਕਹਿਣ ਦਾ ਮਤਲਬ ਮਿਊਜ਼ੀਅਮ ਗਿਆ। ਉੱਥੇ ਕਈ ਬੁਤ ਵੇਖੇ। ਮਨ ਪੱਕਾ ਕਰ ਲਿਆ। ਜਾਣ ਬੁਝ ਕੇ ਬਾਪੂ ਦੇ ਖ਼ਾਹਿਸ਼ ਦੇ ਖ਼ਿਲਾਫ਼ ਤੁਰਾਂਗਾ। ਬਿਜ਼ਨਸ ਕਰਨ ਦੀ ਥਾਂ ਕਲਾਕਾਰ ਹੀ ਬਣੂੰਗਾ। ਆਪ ਨੂੰ ਬੁਤਕਾਰੀ ਕਲਾਸ ਵਿਚ ਦਾਖ਼ਲ ਕਰ ਲਿਆ। ਮਾਂ ਭਾਰਤ ਗਈ ਇਹਦੇ ਲਈ ਵਹੁਟੀ ਟੋਲਣ, ਜਦ ਉਮਰ ਵਿਆਹ ਕਰਨ ਵਾਲੀ ਆ ਗਈ ਸੀ। ਪਰ ਇਹਦਾ ਨਹੀਂ ਦਿਲ ਕਰਦਾ ਸੀ। ਰੋਜ਼ ਟੀ.ਵੀ. ਅਤੇ ਰਸਾਲਿਆਂ ਵਿਚ ਸੋਹਣੀਆਂ ਗੋਰੀਆਂ ਵਿਖਾਉਂਦੇ ਸੀ। ਬਰਤਾਨੀਆ 'ਚ ਤਾਂ ਸਭ ਦੀ ਆਪਣੀ ਪਸੰਦ

ਹੁੰਦੀ ਹੈ। ਫਿਰ ਇਹਦੇ ਲਈ ਵੀ ਹੋਣਾ ਚਾਹੀਦਾ। ਸਭ ਅਮਰੀਕਨ 'ਡ੍ਰੀਮ' ਟੋਲਦੇ ਸੀ। ਘਰ। ਗੱਡੀ। ਫਿਟ ਤੀਵੀਂ ਅਤੇ ਮੌਜਾਂ ਮੌਜਾਂ। ਨਾ ਕਿ ਕੋਈ ਪੇਂਡੂ ਕੁੜੀ ਜਿਸ ਨੂੰ ਅੰਗਰੇਜ਼ੀ ਬੋਲਣੀ ਨਹੀਂ ਆਉਂਦੀ ਸੀ ਅਤੇ ਸਜਾ ਕੇ ਤੰਗ ਕਸੇ ਕੱਪੜੇ ਨਹੀਂ ਪਾਉਣੇ ਆਉਂਦੇ ਸੀ। ਇਹਨੂੰ ਤਾਂ ਆਪਣੀ ਕੌਮ ਦੀਆਂ ਧੀਆਂ ਕਰੂਪ ਲੱਗ ਦੀਆਂ ਸੀ। ਹੁਣ ਗੋਰੀ ਤਾਂ ਇਕਦਮ ਸੋਹਣੀਆਂ ਸੀ। ਕੰਮ ਵੀ ਕਰਨਾ ਆਉਂਦਾ ਸੀ। ਜੇ ਅੰਗਰੇਜ਼ਣ ਨਹੀਂ ਮਿਲੀ ਗੁਜੂਆਂ ਦੀਆਂ ਧੀਆਂ ਵੀ ਸੁੰਦਰ ਸਨ। ਮਾਂ ਨੂੰ ਕਹਿ ਦਿੱਤਾ ਮਾਧੁਰੀ ਦਿਕਸ਼ਿਤ ਤੋਂ ਘੱਟ ਲਿਆਉਣਾ। ਜਦ ਮਾਂ ਨੇ ਤਸਵੀਰ ਦਿਖਾਈ ਇਕਦਮ ਖਿਝ ਚੜ੍ਹ ਗਈ। ਲੰਦਨ ਕਾਲਜ ਵਿਚ ਦਾਖ਼ਲ ਹੋਇਆ ਸੀ। ਇੱਥੇ ਜੋਸ਼ ਨਾਲ ਬੁਤਕਾਰੀ ਕੀਤੀ। ਹਾਰ ਕੇ ਘਰ ਹੀ ਛੱਡ ਦਿੱਤਾ।

ਸੱਚ ਸੀ ਗੁੱਸਾ ਹੋਰ ਚੀਜ਼ ਕਰਕੇ ਸੀ। ਐਸਤਾਰਫੀਨੀਆ ਵਿਚ ਕਲਪਣਾ 'ਚ ਘੁੰਮੀ ਗਿਆ। ਚੰਦ ਯਾਦ ਆਵੇ। ਅਲਫੋਂਸੋ ਯਾਦ ਆਵੇ। ਆਪਣਾ ਉੱਤੇਜਕ ਟਾਇਮ ਚੇਤਾ ਆਵੇ। ਕਈ ਜ਼ਬਰਦਸਤੀ ਚੀਜ਼ਾਂ ਕੀਤੀਆਂ ਵਾਪਸ ਪਹੁੰਚਣ। ਪਰ ਇੱਥੇ ਹੀ ਰਿਹਾ। ਹੁਣ ਇਹ ਹੀ ਪਕੀ ਸੱਚਾਈ ਸੀ। ਬਾਪ ਵੱਲ ਦਿਨੋਂ ਦਿਨ ਭੈ ਵਧੀ ਗਿਆ। ਜੋ ਚੱਕਰ ਇਸ ਵੇਲੇ ਚਲਦਾ ਸਾਨੂੰ ਪਤਾ ਹੀ ਹੈ। ਬੱਸ ਇਕ ਦਿਨ ਕੈਸਰ ਖ਼ਾਨ ਦੀਆਂ ਸੋਚਾਂ ਵਿਚ ਪਲੰਘ ਵਿਚ ਰੁਲਦਾ ਫਿਰਦਾ ਸੀ। ਨਾਗ ਦੀ ਡੰਗ ਤੋਂ ਬਚਣ ਦੀ ਕੋਸ਼ਿਸ਼ ਕਰਦਾ ਸੀ। ਪਸੀਨੇ ਨਾਲ ਭਿਜਿਆ ਭਿਜਿਆ ਉੱਠ ਗਿਆ। ਰਾਤ ਸੀ। ਸਾਹ ਔਖਾ ਆਇਆ। ਬੱਤੀ ਬੁਝਾਈ ਰੱਖੀ ਪਰ ਉੱਠ ਕੇ ਹੌਲ਼ੀ-ਹੌਲ਼ੀ ਹੇਠਾਂ ਗਿਆ। ਹਰੇਕ ਕਦਮ ਧਿਆਨ ਨਾਲ ਰੱਖਿਆ। ਮਾਂ-ਪਿਊਂ ਨੂੰ ਖੱਪਾਉਣਾ ਨਹੀਂ ਚਾਹੁੰਦਾ ਸੀ। ਰਸੋਈ ਵਿਚ ਆ ਕੇ ਰੁਕ ਗਿਆ। ਅੱਖਾਂ ਵਿਚ ਸ਼ੈਤਾਨ ਟਪਦਾ ਸੀ। ਪਵਨ ਦੇ ਸ਼ਬਦ ਹਵਾ ਵਿਚ ਕੰਨਾਂ ਤੱਕ ਆ ਬੈਠੇ - ਬਾਪ ਨੂੰ ਮਾਰਨਾ। ਬਾਪ ਨੂੰ ਖ਼ਤਮ ਕਰਨਾ। ਐਸਤਾਰਫੀਨੀਆ ਪੱਕਾ ਹੋ ਜਾਵੇਗਾ। ਪੱਕਾ -।

ਰਾਣੇ ਦੇ ਨਿੱਤ ਨਿੱਤ ਝਗੜੇ ਮਾਂ-ਪਿਊਂ ਨਾਲ ਹੁੰਦੇ ਸੀ। ਸੱਚ ਸੀ ਮਾਂ ਇੰਨੀ ਭੈੜੀ ਤਾਂ ਨਹੀਂ ਸੀ। ਪਰ ਪਿਉ ਪਛੜਵੀਂ ਕੁੱਤਾ ਸੀ। ਇਸ ਵਕਤ ਇਹ ਖੋਰ ਨਾਲ ਭਰਿਆ ਸੀ। ਪਿਉ ਵੱਲ ਪਲਟਾ ਸੀ। ਹੋਰ ਬਰਦਾਸ਼ਤ ਨਹੀਂ ਕਰ ਸਕਦਾ ਸੀ। ਹੌਲ਼ੀ-ਹੌਲ਼ੀ ਡਰਾਹ ਖੋਲ੍ਹਿਆ। ਵਿਚੋਂ ਬ੍ਰੈਡ ਕੁੱਟਨ ਵਾਲਾ ਛੁਰਾ ਚੁੱਕ ਲਿਆ। ਤਿੱਖਾ ਸੀ। ਉਦਾਸ ਭਰ ਕੇ ਘੁੰਮ ਗਿਆ। ਮਾਂ ਨੇ ਇਹਦੀ ਉਜ਼ਰ ਕਦੀ ਨਹੀਂ ਸੁਣੀ। ਪਿਉ ਨੇ ਵੀ ਨਹੀਂ। ਹਮੇਸ਼ਾਂ ਕੁੱਟਦਾ ਸੀ। ਹੁਣ ਉਸਨੂੰ ਮੌਜ ਨਾਲ ਮਾਰੂੰਗਾ। ਰਾਣਾ ਹੌਲ਼ੀ-ਹੌਲ਼ੀ ਗਲੀ 'ਚ ਵਾਪਸ ਗਿਆ। ਕੋਈ-ਕੋਈ ਵਾਰੀ ਇਹਦੇ ਪੈਰ ਢਿੱਲੇ ਫੱਟੇ 'ਤੇ ਰੱਖ ਹੋ ਜਾਂਦੇ ਸੀ। ਫੱਟੇ ਦੀ ਖੜਕ ਸੁਣ ਕੇ ਡਰ ਵਿਚ ਖੜ੍ਹ ਜਾਵਾਂਗਾ ਸੀ। ਘਰ ਖਾਮੋਸ਼ੀ ਵਿਚ ਲਪੇਟਿਆ ਸੀ। ਹਰੇਕ ਖੜਕ ਨਾਲ ਰਾਣੇ ਦਾ ਸਾਹ ਖਿੱਚ ਜਾਂਦਾ ਸੀ। ਡਰਦਾ ਸੀ ਕੇ ਪਿਉ ਉੱਠ ਜਾਵੇਗਾ। ਪੌੜੀਆਂ ਵੀ ਹਲਕੇ ਹਲਕੇ ਕਦਮਾਂ ਨਾਲ ਚੜ੍ਹਿਆ। ਜਦ ਫੱਟਾ ਹਿਲਦਾ ਉਸ ਹੀ ਵੇਲੇ ਉਹ ਥਾਂ ਉੱਤੇ ਠਾਰ ਕੇ ਮਿੰਟਾਂ ਲਈ ਖਲੋਂਦਾ ਸੀ। ਫਿਰ ਉਪਰ ਪਾਉਣ ਗਿਆ। ਹੱਥ ਵਿਚ ਛੁਰਾ ਫੜਿਆ ਸੀ। ਇਹ ਦਰਵਾਜ਼ੇ ਵੱਲ ਤੱਕੇ ਫਿਰ ਚਾਕੂ ਵੱਲ। ਦਿਲ ਰੋਕਦਾ ਸੀ। ਫਿਰ ਨਾਲੇ ਚੰਦ ਆ ਖੜ੍ਹਿਆ। ਕੰਨ ਵਿਚ ਬੋਲਿਆ - ਸੁੱਤਿਆਂ ਦੇ ਕੱਟੇ। ਜਾਗਦਿਆਂ ਦੀਆਂ



ਕੱਟੀਆਂ -। ਇੰਨਾ ਹੀ ਸੁਣਕੇ ਇਨ੍ਹੇ ਕਮਜ਼ੋਰੀ ਪਰੇ ਕਰ ਦਿੱਤੀ। ਪਰ ਬੂਹੇ ਪਹੁੰਚਣ ਤਕ ਸੋਚਿਆ - ਆਪਣੇ ਰਿਜ਼ਕ ਨੂੰ ਧੱਕੇ ਨਹੀਂ ਦੇਈਦੇ। ਬਾਪ ਏ। ਮੈਨੂੰ ਪਿਆਰ ਹੀ ਕਰਦਾ ਏ। ਮਾਂ ਨੂੰ ਵੀ। ਕੀ ਮਾਂ ਨੂੰ ਵਿਧਵਾ ਬਣਾਊਂਗਾ?- ਪਰ ਕੰਨਾਂ ਵਿਚ ਚੰਦ ਨੇ ਫਿਰ ਸੰਖੇਪ ਕਰਕੇ ਕਿਹਾ - ਤੂੰ ਸਾਡੇ ਦੇਸ਼ ਵਿਚ ਰਾਜ ਕਰੂਗਾ। ਇੱਥੇ ਗੁਲਾਮ ਏ। ਕੰਮ ਕਰ! -। ਉਹ ਬਾਂਦਰ ਖਰੀਆਂ ਖਰੀਆਂ ਸੁਣਾਉਣ ਵਾਲਾ ਸੀ! ਆਹੋ! ਪਿਉ ਦੇ ਸਖ਼ਤ ਰਾਜ ਤੋਂ ਛੁਟਕਾਰਾ ਮਿਲੂਗਾ। ਇਕ ਕਦਮ ਅੱਗੇ ਤੁਰ ਗਿਆ। ਫਿਰ ਅਲਫੋਂਸੋ ਨਾਲ ਖਲੋਤਾ - ਨਾ ਯਾਰ। ਇਹ ਬਹੁਤ ਵੱਡਾ ਪਾਪ ਏ! ਪਛਤਾਏਂਗਾ। ਆਪਣੇ ਮਨ ਵਿਚ ਦੇਖ। ਬਾਪੂ ਏ -। ਐਂਤਕੀ ਰਿੱਛ ਦੀ ਆਵਾਜ਼ ਵਾਰਨੇ ਤੋਂ ਕਾਇਮ ਸੀ। ਵਧਾਇਆ ਹੱਥ ਹੇਠਾਂ ਕਰ ਦਿੱਤਾ। ਆਪਣੇ ਕਮਰੇ ਵਿਚ ਚਲੇ ਗਿਆ। ਸਵੇਰੇ ਚੁਪ ਚਾਪ ਛੁਰਾ ਵਾਪਸ ਰੱਖ ਦੇਵੇਗਾ। ਇਹ ਰਾਤ ਮੁੜ-ਮੁੜ ਰੀਸ ਕੀਤੀ। ਇਕ ਵਾਰੀ ਬਾਪੂ ਦੇ ਕਮਰੇ ਵਿਚ ਵੀ ਪਹੁੰਚ ਗਿਆ, ਡੈਡੀ ਖੂਬ ਘੁਰਾੜੇ ਮਾਰਦਾ ਸੀ। । ਪਰ ਰਾਣੇ ਤੋਂ ਕੁਝ ਨਹੀਂ ਹੋਇਆ। ਹਮੇਸ਼ਾਂ ਚੰਦ ਅੱਗੇ ਧੱਕੇ ਅਲਫੋਂਸੋ ਰੋਕੇ। ਹਰ ਰਾਤ ਪਲੰਘ ਉੱਤੇ ਪੈ ਕੇ ਸੋਚਦਾ ਸੀ। ਇਕ ਪਾਸੇ ਰਿੱਛ ਦੀ ਆਵਾਜ਼ ਦੂਜੇ ਪਾਸੇ ਬਾਂਦਰ ਦੀ। - ਨਾਗ ਤੋਂ ਨਹੀਂ ਡਰਨਾ ਮਾਨਵ। ਫਿਰ ਇਹ ਬੰਦੇ ਤੋਂ ਕਿਉਂ ਡਰਦਾ?-। - ਨਹੀਂ ਯਾਰ। ਪਿਉ ਏ। ਡਰਿਆ ਕਰ। ਇੱਜ਼ਤ ਕਰ -। ਫਿਰ ਉਹ ਰਾਤ ਆਈ ਗਲੀ ਵਿਚ ਮਾਂ ਨੇ ਫੜ ਲਿਆ। ਉਹ ਰਾਤ ਮਾਂ ਇਸ਼ਨਾਨ ਕਰਨ ਗਈ ਸੀ। ਮਾਂ ਹੈਰਾਨ ਹੋ ਗਈ ਜਦ ਰਾਣੇ ਨੂੰ ਗਲੀ ਵਿਚ ਖੜ੍ਹਾ ਦੇਖਿਆ। ਰਾਣੇ ਦੇ ਹੱਥ ਵਿਚ ਮਕਬੇਥ ਵਾਂਗੂੰ ਚਾਕੂ ਸੀ। ਬਾਪ ਦੇ ਕਮਰੇ ਦੇ ਦਰ ਨਾਲ ਖੜ੍ਹਾ ਖਲੋਤਾ ਸੀ। ਮਾਂ ਨੇ ਇਹਨੂੰ ਆਪਣੇ ਕਮਰੇ ਵਿਚ ਖਿੱਚ ਲਿਆ ਸੀ।

- ਤੂੰ ਕੀ ਕਰਦਾਂ? ਪਾਗ਼ਲ ਹੋ ਗਿਆਂ?-

- ਹਾਂ ਮਾਂ ਮੈਂ ਪਾਗ਼ਲ ਹੋ ਗਿਆ। ਉਸਨੇ ਮੇਰੀ ਜ਼ਿੰਦਗੀ ਖਰਾਬ ਕਰੀ ਏ। ਮੈਨੂੰ ਘਾਤ ਦਿੱਤੀ ਏ-। ਮਾਂ ਦੇ ਪਿੱਛੇ ਚੰਦ ਖਲੋਤਾ ਸੀ। ਉਸਨੇ ਇਹਨੂੰ ਇਸ਼ਾਰਾ ਦਿੱਤਾ ਚੁਪ ਚਾਪ ਰਹਿਣ।

- ਕਿਹੜੀ ਘਾਤ?-

- ਕੁਛ ਨਹੀਂ - ਗੁੱਸੇ ਵਿਚ ਇਹਨੇ ਮਾਂ ਨੂੰ ਚਾਕੂ ਫੜਾ ਕੇ ਆਪਣੇ ਕਮਰੇ ਵਿਚ ਚਲਾ ਗਿਆ। ਮਗਰ ਵਾਰਨਾ ਆਇਆ। ਰਾਣੇ ਨੇ ਉਸਨੂੰ ਕੁਝ ਕਹਿਣ ਦੀ ਕੋਸ਼ਿਸ਼ ਕੀਤੀ ਪਰ ਚੰਦ ਨੇ ਬੋਲਣ ਤੋਂ ਰੋਕ ਦਿੱਤਾ। ਜਦ ਮੰਮੀ ਸੌਂਣ ਗਈ ਸੀ ਫਿਰ ਹੀ ਬੋਲੇ।

- ਫਿਕਰ ਨਾ ਕਰ ਰਾਣਿਆ। ਅੱਜ ਫੜ੍ਹ ਹੋ ਗਿਆ। ਕੱਲ੍ਹ ਫਿਰ ਦੇਖਾਂਗੇ-।

- ਤੂੰ ਦੇਖੀਂ। ਮੇਰਾ ਜੀ ਨਹੀਂ ਕਰਦਾ। ਮੇਰਾ ਬਾਪੂ ਏ! ਸਮਝਦਾਂ! ਉਹ ਸਭ ਗ਼ਲਤ ਹੈ। ਸਭ ਗ਼ਲਤ -। ਰਾਣਾ ਆਪਣੇ ਪਗਾਂ ਵੱਲ ਤੱਕਦਾ ਸੀ। ਜਦ ਉਪਰ ਵੇਖਿਆ ਵਾਰਨਾ ਗਾਇਬ ਹੋ ਗਿਆ ਸੀ।

### *ਪੰਜ*

ਇਸ ਵਾਰਦਾਤ ਦੇ ਬੀਤਣ ਬਾਅਦ ਰਾਣਾ ਨੇ ਕਈ ਬੁੱਤ ਬਣਾਏ। ਚੰਦ ਦੇ

ਬੁਤ। ਅਲਫੋਂਸੋ ਦਾ ਬੁਤ ਅਤੇ ਪਵਨ ਦਾ ਵੀ। ਇਹਨੂੰ ਤਾਂ ਪੂਰਾ ਪਤਾ ਸੀ ਕਿ ਇਹ ਐਸਤਾਰਫੀਨੀਆ ਦੀਆਂ ਯਾਦਾਂ ਰੱਖਣਾ ਚਾਹੁੰਦਾ ਸੀ। ਪਰ ਉਸਤਾਦਾਂ ਅਤੇ ਪੜ੍ਹਾਕੂਆਂ ਨੂੰ ਲੱਗੇ ਚੰਦ ਹਨੂੰਮਾਨ ਸੀ ਅਤੇ ਦੂਸਰੇ ਬੁਤ ਕਲਪਣਾ ਦੇ ਵਿਜੇਈ ਸੀ। ਸਭ ਇਹਦੇ ਕਲਾਕਾਰ ਦਾ ਇੱਜ਼ਤ ਕਰਨ ਲੱਗ ਪਏ। ਜਦ ਫਲੇਟ ਕੋਲ੍ਹ ਮਾਂ ਆਈ ਉਨ੍ਹੇ ਇਹਦਾ ਈਸਾਈ ਦਾ ਬੁਤ ਵੇਖਿਆ। ਉਹ ਵੀ ਹੈਰਾਨ ਹੋ ਗਈ ਸੀ। ਪਰ ਜਦ ਉਸ ਦਿਨ ਜੂਲੀ ਅੱਧੀ ਨੰਗ-ਧੜੰਗੀ ਬਿਸਤਰੇ ਵਿਚ ਹੀ ਲਪੇਟੀ ਪ੍ਰਨਾਮ ਕਰਨ ਗਈ ਮਾਂ ਡਰ ਪਈ। ਪਹਿਲਾਂ ਰਾਣੇ ਨੂੰ ਗੁੱਸਾ ਆਇਆ। ਫਿਰ ਹਾਸਾ ਆਇਆ। ਉਹ ਦਿਨ ਤੋਂ ਬਾਅਦ ਕਦੇ ਨਹੀਂ ਵਾਪਸ ਆਈ। ਸਮਾਂ ਨਾਮੇ ਕੋਲੋਂ ਖਾਣਾ ਬਟਵਾਰਣ ਦੀ ਸੀ। ਪ੍ਰੋਫ਼ੈਸਰ ਅਤੇ ਰਾਣਾ ਬਹੁਤ ਨਜ਼ਦੀਕ ਹੋ ਗਏ ਸੀ। ਰੋਜ਼ ਫਲੈਟ ਆ ਕੇ ਗੱਪਾਂ-ਛੱਪਾਂ ਇਹਦੇ ਨਾਲ ਮਾਰਦਾ ਸੀ। ਕੋਸ਼ਿਸ਼ ਕੀਤੀ ਮਾਂ ਪੁੱਤ ਨੂੰ ਫਿਰ ਕਰੀਬ ਕਰਨ। ਪਰ ਰਾਣਾ ਦਿਨੋਂ ਦਿਨ ਹੋਰ ਅਲੱਗ ਹੋਈ ਗਿਆ। ਪ੍ਰੋਫ਼ੈਸਰ ਨੂੰ ਵੀ ਰਾਣੇ ਦੀ ਅਣਬਣ ਪਸੰਦ ਨਹੀਂ ਸੀ। ਹਮੇਸ਼ਾਂ ਰਾਣੇ ਨੂੰ ਫਰਮਾਉਂਦਾ ਸੀ ਕੇ - ਪੁਆੜੇ ਪਾ ਲੈਣਾ-। ਇਸ ਕਰਕੇ ਜੂਲੀ ਨੂੰ ਮਨ੍ਹਾ ਕਰ ਦਿੱਤਾ ਸੀ, ਫਲੈਟ ਆਉਣ ਤੋਂ ਜਦ ਪ੍ਰੋਫ਼ੈਸਰ ਹੁੰਦਾ ਸੀ। ਜਦ ਨਾਨਾ ਮਿਲਣ ਆਉਂਦਾ ਸੀ ਦੋਹਤੇ ਨਾਲ ਡੂੰਘੀਆਂ-ਡੂੰਘੀਆਂ ਗੱਲਾਂ ਕਰਦਾ ਸੀ। ਹਾਰ ਕੇ ਰਾਣੇ ਨੇ ਫ਼ੈਸਲਾ ਬਣਾ ਲਿਆ ਸੀ ਮੁਲਕ ਤੋਂ ਬਾਹਰ ਰਹਿਣ। ਆਪ ਨੂੰ ਬਾਰਥੇਲੋਨਾ ਦੀ ਯੂਨੀਵਰਸਿਟੀ ਵਿਚ ਦਾਖ਼ਲ ਕਰ ਲਿਆ ਸੀ। ਜੂਲੀ ਨਾਲ ਨਹੀਂ ਗਈ ਪਰ ਨਾਨਾ ਜਦ ਜੀ ਕਰਦਾ ਸੀ ਮਿਲਣ ਜਾਂਦਾ ਸੀ। ਪਰ ਮਾਂ-ਪਿਉਂ ਕਦੀ ਨਹੀਂ ਸੱਦੇ। ਮਨ ਮਸਤ ਬਣ ਗਿਆ ਸੀ। ਸ਼ਹਿਰ ਨਾਲ ਪ੍ਰੀਤ ਹੋ ਗਿਆ ਸੀ। ਜਦ ਨਾਨਾ ਇਹਦੇ ਕੋਲ ਹੁੰਦਾ ਉਸ ਨੇ ਕਈ ਵਾਰੀ ਟੈਲੀਫ਼ੋਨ ਇਹਦੀ ਮਾਂ ਨੂੰ ਘੁੰਮਾਇਆ। ਪਰ ਜਾਣ ਕੇ ਰਾਣਾ ਬੋਲਦਾ ਨਹੀਂ ਸੀ। ਹਾਰ ਕੇ ਇਹਦੇ ਦਿਲ ਵਿਚ ਕੁਝ ਨਰਮੀ ਆ ਬੈਠੀ। ਮੰਮੀ ਇਹਦੀ ਆਵਾਜ਼ ਸੁਣਕੇ ਬਹੁਤ ਖ਼ੁਸ਼ ਹਈ। ਰਾਣੇ ਨੂੰ ਪਤਾ ਸੀ ਕੇ ਬਾਪੂ ਨੇ ਮਾਂ ਨੂੰ ਬਾਰਥੇਲੋਨਾ ਆਉਂਣ ਨਹੀਂ ਦੇਣਾ ਸੀ। ਜਦ ਕ੍ਰਿਸਮਸ ਆਉਂਣ ਲੱਗਾ ਸੀ ਇਹਨੇ ਟਿਕਟ ਬੁਕ ਕਰ ਦਿੱਤੀ। ਲੰਦਨ ਕ੍ਰਿਸਮਸ ਦੇ ਦਿਨ ਪਹੁੰਚਣ। ਜਦ ਮਾਂ ਨੇ ਪੁੱਤ ਨਮੂ ਇੰਨੀ ਦੇਰ ਬਾਅਦ ਤੱਕਿਆ ਰਜ ਰਜ ਕੇ ਰੋਈ। ਇਹਨੇ ਮਾਂ ਨੂੰ ਤੋਹਫਾ ਫੜਾ ਦਿੱਤਾ। ਜਦ ਰਾਣਾ ਪੰਜਾਬੀ ਵਿਚ ਬੋਲਿਆ ਮਾਂ ਹੈਰਾਨ ਹੋ ਗਈ। ਰਾਣਾ ਤਾਂ ਮਾਂ ਨੂੰ ਹੀ ਮਿਲ ਕੇ ਖ਼ੁਸ਼ ਸੀ। ਪਰ ਜ਼ੋਰ ਪਾ ਕੇ ਰਾਣੇ ਨੂੰ ਬੈਠਕ ਵਿਚ ਭੇਜ ਦਿੱਤਾ ਬਾਪੂ ਨੂੰ ਪ੍ਰਨਾਮ ਕਰਨ। ਲਈ। ਮਾਂ ਨੂੰ ਖ਼ੁਸ਼ ਕਰਨ ਅੰਦਰ ਗਿਆ। ਤਾਰੇ ਦੀਆਂ ਅੱਖਾਂ ਤਾਂ ਟੀ.ਵੀ. ਵੱਲ ਹੀ ਰਹੀਆਂ। ਹੱਥ ਵਿਚ ਸਿੱਕਾ ਸੀ। ਉਸ ਸਿੱਕੇ ਨੂੰ ਉਪਰ ਹੇਠਾਂ ਆਪਣੇ ਉਂਗਲ ਅੰਗੂਠੇ ਨਾਲ ਮਾਰੀ ਗਿਆ। ਕਮਰਾ ਬੇਚੈਨੀ ਨਾਲ ਭਰਿਆ ਸੀ। ਇਕ ਦੋ ਪਲਾਂ ਲਈ ਕਈ ਨਹੀਂ ਬੋਲਿਆ।

– ਹੇਲੋ ਡੈਡ - ਪਰ ਰਾਣੇ ਦੀ ਨਮਸਕਾਰ ਨੂੰ ਖ਼ਾਮੋਸ਼ੀ ਹੀ ਮਿਲੀ ਸੀ। ਜਵਾਬ ਦੇ ਥਾਂ ਟੀ.ਵੀ. ਦੀ ਆਵਾਜ਼ ਡੈਡ ਨੇ ਉੱਚੀ ਕਰ ਦਿੱਤੀ। ਰਾਣਾ ਨੂੰ ਪਤਾ ਨਹੀਂ ਲੱਗਿਆ ਕੀ ਕਰਨ। ਇਸ ਲਈ ਬਹਿ ਕੇ ਟੀ.ਵੀ. ਵੱਲ ਝਾਕਣ ਲੱਗ ਗਿਆ। ਹਾਰ ਕੇ ਆਖਿਆ - ਤੁਸੀਂ ਠੀਕ ਠਾਕ ਹੋ?-। ਤਾਰਾ ਨੇ ਸਿੱਕਾ ਜੋੜ ਦੇਣੀ ਰਾਣੇ ਦੇ ਮੂੰਹ ਵੱਲ ਮਾਰਿਆ। ਰਾਣਾ ਨੇ ਆਪਣੀਆਂ ਬਾਂਹਾਂ ਅੱਗੇ ਕਰਕੇ ਮੂੰਹ ਨੂੰ ਬਚਾ ਦਿੱਤਾ।



– ਠੀਕ! ਠੀਕ? ਸਾਲਿਆ ਕੰਮ ਕਰਨਾ ਆਉਂਦਾ ਨਹੀਂ! ਮਾਂ ਨੂੰ ਦੁੱਖ ਵਿਚ ਡੁਬਾਇਆ। ਕਦੀ ਫ਼ੋਨ ਨ੍ਹੀਂ ਕੀਤਾ। ਕਦੀ ਫ਼ੋਨ ਨ੍ਹੀਂ ਚੱਕਿਆ। ਤੇਰਾ ਦਿਲ ਇੰਨਾ ਕਾਲਾ ਹੋ ਗਿਆ?-

– ਡੈਡ -

– ਮੈਨੂੰ ਨਾ ਡੈਡ ਕਹਿ! ਹੋਰ ਲੋਕਾਂ ਦੇ ਬੱਚੇ ਕਾਮਯਾਬ ਨੇ। ਤੂੰ ਕੀ ਕਰਦਾਂ? ਆਟ? ਕਲਾਕਾਰ ਨੇ ਕਿੱਥੇ ਪਹੁੰਚਾਉਣਾ? ਵਿਆਹ ਵੀ ਨ੍ਹੀਂ ਕੀਤਾ। ਸ਼ੁਰੂ ਤੋਂ ਫੇਲ੍ਹਯਰ ਏ। ਫੇਲ੍ਹਯਰ। ਸਾਲਾਂ! ਮਾਂ ਵੱਲ ਰਹਿਮ ਹੈ? ਤੇਰਾ ਦਿਲ ਤਾਂ ਕਾਲਾ ਪਥਰ ਹੈ। ਗ਼ਲਤੀ ਵੀ ਉਹਦੀ ਏ ਜਿਨੇ ਤੈਨੂੰ ਵਿਗਾੜ ਦਿੱਤਾ। ਜਦ ਵੀ *ਲਾਲ ਕਿਲ੍ਹੇ* 'ਚ ਕੰਮ ਕਰਦਾ ਦਿਲ ਲਾ ਕੇ ਨ੍ਹੀਂ ਕਰਦਾ। ਮੈਂ ਗਰੀਬੀ 'ਚੋਂ ਲੰਘਿਆ। ਹੁਣ ਕਿਉਂ ਸ਼ਰਮੀਲਾ ਹੁੰਦਾ? ਘਰ ਤੋਂ ਬਾਹਰ ਜਾ ਕੇ ਕੀ ਮਿਲਿਆ? ਬਸ ਸਾਡੀ ਤਾਂ ਸ਼ੁਰੂ ਤੋਂ ਇਹੀ ਗੱਲ ਏ। ਤੇਰੀ ਆਪਣੀ ਗੋ ਐ। ਮੇਰੀ ਆਪਣੀ –।

– ਡੈਡ ਮੈਂ ਰੇਸਟਾਰਾਂਟ ਵਾਲਾ ਨਹੀਂ ਬਣਨਾ ਚਾਹੁੰਦਾ ਸੀ। ਮੇਰੇ ਵੀ ਸੁਫ਼ਨੇ ਨੇ-

– ਤੇਰੇ? ਤੈਨੂੰ ਲੱਗਦਾ ਮੈਂ ਸਾਰੀ ਜ਼ਿੰਦਗੀ ਮਜ਼ਦੂਰੀ ਕਰਨਾ ਚਾਹੁੰਦਾ ਸੀ! ਕੀ ਨ੍ਹੀਂ ਤੈਨੂੰ ਮਿਲਿਆ? ਛਤ, ਕੱਪੜੇ, ਰੋਟੀ, ਵਿਡੀਓ -

– ਬਸ ਡੈਡ -

– ਮੈਨੂੰ ਬੱਸ ਕਹਿੰਦਾ? - ਤਾਰਾ ਉੱਠ ਕੇ ਰਾਣੇ ਵੱਲ ਹੱਥ ਮਾਰਨ ਗਿਆ। ਪਹਿਲੀ ਵਾਰੀ ਆਪਣੀ ਜ਼ਿੰਦਗੀ ਵਿਚ ਮੁੰਡਾ ਖੜ੍ਹ ਗਿਆ। ਇਹ ਦੀਆਂ ਅੱਖਾਂ ਸਾਫ਼ ਬਾਪ ਨੂੰ ਦਸਦੀਆਂ ਸਨ ਕਿ ਮੈਂ ਤੁਹਾਡਾ ਖਿਡੌਣਾ ਨਹੀਂ ਹੈ। ਤੂਫ਼ਾਨ ਆ ਗਿਆ। ਇਹਨੇ ਹੁਣ ਆਪਣੀ ਆਵਾਜ਼ ਵਧਾ ਦਿੱਤੀ।

– ਤੁਸੀਂ ਹੁਣ ਮੇਰੀ ਗੱਲ ਸੁਣਿਓ- ਇਹ ਦੀਆਂ ਉਂਗਲਾਂ ਤੰਦੂਐ ਦੀਆਂ ਤਾਰਾ ਵਾਂਗ ਪਿਉ ਦੇ ਗਲੇ ਵੱਲ ਤੁਰਨ ਲੱਗੀਆਂ ਸੀ। ਮਨ ਵਿਚ ਪਤਾ ਸੀ ਕਿ ਬਾਪ ਨੂੰ ਉਂਗਲੀ ਦੇਣੀ ਗ਼ਲਤ ਸੀ। ਆਪਣੇ ਹੱਥ ਥੱਲੇ ਕਰਕੇ ਕਿਹਾ - ਤੁਸੀਂ ਹਮੇਸ਼ਾਂ ਗਰਮ ਬੇਵਕੂਫ਼ ਅਤੇ ਸਖ਼ਤ ਬਾਪ ਰਹੇ। ਅਨਪੜ੍ਹ ਹੋ। ਰੰਗੜ ਹੋ। ਇਸ ਕਰਕੇ ਅਸੀਂ ਕਦੀ ਗੱਲ ਆਪਸ ਵਿਚ ਕਰ ਨਾ ਸਕੇ। ਕਦੀ ਨ੍ਹੀਂ ਮੈਨੂੰ ਪਿਆਰ ਦਿਖਾਇਆ। ਦਾਦੇ ਦੇ ਪਾਲਣ ਦੇ ਤਰੀਕੇ ਵਰਤੇ। ਪਰ ਹੁਣ ਦੇਖੋ ਨਤੀਜਾ! ਸਾਡੇ ਸੰਬੰਧ ਹਮੇਸ਼ਾਂ ਭੈੜੇ ਸੀ 'ਤੇ ਮੈਨੂੰ ਲੱਗਦਾ ਰਵੋਂਗੇ। ਜੇ ਇਕ ਉਂਗਲ ਵੀ ਮਾਂ ਵੱਲ –

– ਤੂੰ ਕੌਣ ਹੁੰਦਾ ਮੈਨੂੰ ਸਬਕ ਸਿਖਾਉਣ? ਕੰਮਚੋਰ ਤੇ ਲੁੱਚਾ ਆਦਮੀ ਏ। ਜਾ ਆਪਦੀ ਰੰਡੀ ਕੋਲ। ਤੇਰੀ ਸੁਸਤੀ ਨੇ ਤਾਂ ਟੱਬਰ ਮਾਰ ਦਿੱਤਾ। ਤੇਰਾ ਫ਼ੈਸਲਾ ਸੀ ਬਾਹਰ ਜਾਣ। ਜਿਹੀ ਕਰਨੀ ਤੇਹੀ ਭਰਨੀ-

– ਜਿਤਨਾ ਕੁ ਮੇਰੇ ਵੱਸ ਹੈ ਮੈਂ ਕੀਤਾ। ਤੁਸੀਂ ਤਾਂ ਮੇਰੀ ਹਰੇਕ ਗੱਲ ਨੂੰ ਟੋਕਦੇ ਓ-

– ਚੁੱਪ ਕਰਕੇ ਫਿਰ ਸਹਿ ਲੈਣਾ-

– ਨੌਂ। ਦਿਸ ਟਾਇਮ ਯਊ ਸ਼ਟਅਪ-। ਪਿਉ ਨੇ ਜ਼ੋਰ ਦੇਣੀ ਮੁੰਡੇ ਦੇ ਥੱਪੜ ਮਾਰ ਦਿੱਤਾ। ਰਾਣਾ ਨੇ ਘੂਰ ਕੇ ਵੇਖਿਆ। - ਤੁਸੀਂ ਆਪਣੀ ਗ਼ਲਤੀ ਕਦੀ ਨਹੀਂ ਮੰਨਣੀ -

– ਮੈਂ ਕਿਥੇ ਗ਼ਲਤ ਆਂ? ਤੇਰੀ ਸਾਰੀ ਪੀੜ੍ਹੀ ਵਿਗੜੀ ਏ। ਜਾ ਦੌੜ ਜਾ। ਨੱਠਣਾ ਹੀ ਆਉਂਦਾ ਤੈਨੂੰ। ਕਦੀ ਜ਼ੁੰਮੇਵਾਰੀ ਨਾ ਲੈ–

– ਫਾਕ ਆਓ! - ਹੁਣ ਰਾਣੇ ਨੂੰ ਗੁੱਸਾ ਚੜ੍ਹ ਗਿਆ।

– ਬੱਸ। ਬੋਲ ਵਿਗਾੜ। ਤੈਨੂੰ ਹੋਰ ਕੁਝ ਪਤਾ?– ਬਾਪੂ ਨੇ ਅੱਖਾਂ ਇਹਦੇ ਅੱਖਾਂ ਵਿਚ ਪਾ ਦਿੱਤੀਆਂ।

– ਅਸੀਂ ਸਖ਼ਤ ਕਮਾਈਆਂ ਕੀਤੀਆਂ ਮੁੰਡਿਆ। ਤੁਹਾਡੇ ਵਾਂਗੂੰ ਨਹੀਂ। ਤੂੰ ਮੈਨੂੰ ਨਿਰਾਸ਼ ਕਰ ਦਿੱਤਾ। ਮੇਰੇ ਘਰ ਫਿਰ ਪੈਰ –

– ਡੋਨਟ ਵਾਰੀ। ਮੈਂ ਏਸ ਘਰ 'ਚ ਕਦੀ ਨਹੀਂ ਕਦਮ ਰੱਖੂਗਾ–। ਇਹ ਕਹਿ ਕੇ ਬਾਹਰ ਤੁਰ ਪਿਆ।

– ਠੀਕ। ਤੂੰ ਫ਼ਾਕ ਆਓ!–। ਰਾਣਾ ਰਸੋਈ ਵੱਲ ਤੁਰਿਆ ਵੀ ਨਹੀਂ। ਦਰ ਜੋੜ ਦੇਣੀ ਖੜਾਕਿਆ। ਪਿੱਛੇ ਮਾਂ ਦੀ ਆਵਾਜ਼ ਆਈ - ਰਾਣੇ!–।

### *ਛੇ*

ਰਾਣਾ ਬਾਰਥੇਲੋਨਾ ਵਾਪਸ ਆ ਗਿਆ। ਸ਼ਹਿਰ ਦੀਆਂ ਕਲੱਬਾਂ ਵਿਚ ਸਵੇਰੇ ਤਕ ਸ਼ਰਾਬਾਂ ਪੀਣ ਲੱਗ ਗਿਆ। ਕਿਉਂ ਸ਼ੁਰੂ ਤੋਂ ਬਾਪੂ ਮੇਰੇ ਨਾਲ ਇੱਦਾਂ ਕਰਦਾ? ਹਮੇਸ਼ਾਂ ਟੋਕਦਾ ਝਿੜਕਦਾ। ਸ਼ੁਰੂ ਤੋਂ ਮੈਨੂੰ ਵੱਲੱਲਾ ਸਮਝਦਾ। ਮੈਨੂੰ ਬਿੱਛੂ ਵਾਂਗ ਡੰਗਦਾ। ਜ਼ਰੂਰ ਮਗ਼ਜ਼ ਵਿਚ ਕੋਈ ਵਿਗਾੜ ਹੈ। ਪਰ ਮੈਂ ਆਪਨੂੰ ਵੀ ਬੇਕਸੂਰ ਕਹਿ ਸਕਦਾ? ਜਦ ਲੋਏ ਲੋਏ ਸ਼ਹਿਰ ਵਿਚ ਆਏ ਮੂੰਹ ਲੱਥਾ ਕਰਕੇ ਆਪਣੀ ਕੋਠੀ ਵੱਲ ਥਿੜਕ ਕੇ ਪਹੁੰਚਿਆ। ਸਾਰਾ ਦਿਨ ਕੋਠੀ ਵਿਚ ਤੜਿਆ ਰਿਹਾ। ਪ੍ਰੋਫ਼ੈਸਰ ਫਿਰ ਇਹਦੇ ਕੋਲ ਪਹੁੰਚ ਗਿਆ। ਪਰ ਐਂਤਕੀ ਰਾਣਾ ਮਾਂ ਨਾਲ ਫ਼ੋਨ 'ਤੇ ਗੱਲ ਕਰਨ ਤਿਆਰ ਨਹੀਂ ਸੀ। ਟੱਬਰ ਵਿਚ ਪਾੜ ਪੈ ਗਿਆ। ਪ੍ਰੋਫ਼ੈਸਰ ਹੋਰ ਕੁਝ ਨਹੀਂ ਕਰ ਸਕਦਾ ਸੀ। ਦੋਹਤੇ ਉੱਤੇ ਉਸਨੂੰ ਖਿੱਝ ਪੈ ਗਈ ਸੀ। ਏਸ ਪੈਨਿਆ ਆਉਂਣ ਹਟ ਗਿਆ। ਸਾਲ ਘੁਲ ਗਿਆ। ਮਾਂ ਦਾ ਬੁੱਤ ਬਣਾ ਕੇ ਕ੍ਰਿਸਮਸ ਦਿੱਤੀ ਸੀ। ਹੁਣ ਇਹ ਅਲੱਗ ਥਲੱਗ ਹੋਇਆ ਕਰਕੇ ਬੁੱਤ ਬਣਾਉਣੋਂ ਹਟ ਗਿਆ। ਯੂਨੀਵਰਸਿਟੀ ਨੇ ਬਾਹਰ ਕੱਢ ਦਿੱਤਾ। ਸੱਚ ਸੀ ਇਹਦੇ ਨਾਲ ਨਿਬਾਹ ਪੜ੍ਹਾਕੂਆਂ ਲਈ ਔਖਾ ਹੋ ਗਿਆ ਸੀ। ਕਲੱਬਾਂ ਵਿਚ ਘੁੰਮਦਾ ਸੀ। ਰੰਡੀਆਂ ਦੇ ਕੋਠਿਆਂ ਵਿਚ ਗੁੰਮ ਗਿਆ ਸੀ। ਇਹ ਹਾਲ ਵਿਚ ਇਕ ਰਾਤ *ਲਾ ਰਮਬਲਾਜ਼* ਦੇ ਗੱਟਰ ਵਿਚ ਪਿਆ ਸੀ। ਪਰ ਜਦ ਅੱਖ ਖੋਲ੍ਹੀ ਸ਼ਹਿਰ ਦੀਆਂ ਇਮਾਰਤਾਂ ਦੇ ਥਾਂ ਚਿੱਟਾ ਚਿੱਟਾ ਅੰਬਰ ਸੀ। ਆਲ਼ੇ–ਦੁਆਲ਼ੇ ਚਿੱਟਾ ਚਿੱਟਾ ਰੇਤ ਸੀ। ਨਹੀਂ। ਰੇਤ ਨਹੀਂ ਸੀ ਪਰ ਬਰਫ਼। ਹਿਮ ਸੀ। ਐਸਤਾਰਫੀਨੀਆ ਸੀ! ਰਾਣਾ ਗੱਡੇ ਦੇ ਵਿਚ ਲੇਟਿਆ ਸੀ।

– ਉੱਠ ਗਿਆ? - ਕਿਸੇ ਦੀ ਆਵਾਜ਼ ਆਈ - ਭਰਾਵੋਂ ਰਾਣਾ ਉੱਠ ਗਿਆ! ਵੇਖੋ ਤਿੰਨ ਘੰਟਿਆਂ 'ਚ ਨਿਆਣਾ ਸਿਆਣਾ ਬਣ ਗਿਆ! ਜਾਦੂ ਐ! –।

ਰਾਣਾ ਨੇ ਆਲ਼ੇ–ਦੁਆਲ਼ੇ ਤੱਕਿਆ। ਵਾਪਸ ਆ ਗਿਆ! ਹੁਣ ਅਲਫੋਂਸੋ ਸਾਹਮਣੇ ਆ ਖੜ੍ਹਾ।



– ਤੂੰ ਰਾਤ ਦੇ ਹਮਲੇ ਬਾਅਦ ਬੇਹੋਸ਼ ਹੋ ਗਿਆ ਸੀ। ਸਾਡੇ ਅੱਖਾਂ ਦੇ ਸਾਹਮਣੇ ਸਰੀਰ ਲੰਬਾ ਹੋਣ ਲੱਗ ਗਿਆ। ਸਾਡੀ ਸਮਝ ਵਿਚ ਤੂੰ ਆਪਣੇ ਦੇਸ਼ ਫਿਰ ਗਿਆ। ਰਾਤ ਬੀਤ ਗਈ। ਕੋਈ ਫਰਕ ਨ੍ਹੀਂ। ਖ਼ਾਨ ਨੂੰ ਤੇਰਾ ਪਤਾ ਏ–।

– ਖ਼ਾਨ ਨੂੰ ਪਤਾ? -

– ਆਹੋ। ਫਿਕਰ ਨਾ ਕਰ। ਪਵਨ ਅਤੇ ਅਮਰ ਫੌਜ ਨਾਲ ਖੜ੍ਹੇ ਏ। ਕੂਚ ਤੈਥੋਂ ਬਗ਼ੈਰ ਨਹੀਂ ਕਰਨਾ। ਤੈਨੂੰ ਹਾਲੇ ਵੀ ਦੂਸਰਾ ਕੰਮ ਕਰਨਾ ਹੀ ਪੈਣਾ -

ਰਾਣਾ ਉੱਠ ਗਿਆ। ਅੱਗੇ ਪਹਾੜ ਦਿਸਦਾ ਸੀ। ਥੱਲੇ ਥੱਲੇ ਸਫ਼ੈਦ ਸੀ। ਪਰ ਉਪਰ ਉਲਟ ਪੁਲਟ ਕੰਮ ਸੀ। ਗ਼ੈਰ ਕੁਦਰਤੀ ਸੀ। ਸਿਖਰ ਸੋਹਣੇ ਰੰਗ ਦੀ ਸੀ। ਨੂੰਕ ਹੇਠਾਂ ਹਰੇ–ਹਰੇ ਤਿਰਛੇ ਸਨ। ਪਰ ਇਨ੍ਹਾਂ ਦੇ ਥੱਲੇ ਜਿੱਥੇ ਹਰੇ–ਹਰੇ ਹੋਣੇ ਚਾਹੀਦੇ ਸੀ ਹਿਮ ਨਾਲ ਚਿੱਟੇ ਸਨ। ਕਹਿਣ ਦਾ ਮਤਲਬ ਨੂੰਕ ਬਰਫ਼ ਨਾਲ ਚਿੱਟਾ ਚਿੱਟਾ ਹੋਣਾ ਚਾਹੀਦਾ ਸੀ ਅਤੇ ਗੱਭਲੇ ਤਿਰਛੇ ਵੀ ਸਫ਼ੈਦ। ਕੇਵਲ ਚੜ੍ਹਾਈ ਦੀ ਸ਼ੁਰੂਆਤ ਹਰੀ ਹੋਣੀ ਚਾਹੀਦੀ ਸੀ। ਰਾਣਾ ਉਸ ਪਹਾੜ ਦਾ ਪਰਾਯਥਾਰਥਵਾਦ ਹਾਲ ਨੂੰ ਵੇਖ ਕੇ ਲਾਜਵਾਬ ਹੋ ਗਿਆ ਸੀ।

ਚੰਦ ਰਾਣੇ ਕੋਲ ਆ ਖਲੋਤਾ। ਉਸ ਦੇ ਹੋਠਾਂ 'ਤੇ ਮੁਸਕਣੀ ਦਾ ਝਲਕਾਰਾ ਸੀ।

– ਜੀ ਆਇਆ ਨੂੰ - ਵਾਰਨੇ ਨੇ ਮੁਸਕਰਾ ਕੇ ਕਿਹਾ। ਇਹਦੀ ਹੈਰਾਨੀ ਸਾਫ਼ ਦਿੱਸਦੀ ਸੀ।

– ਕਿੱਦਾ–। ਰਾਣਾ ਨੇ ਹੱਸ ਕੇ ਜਵਾਬ ਦਿੱਤਾ– ਜੋ ਬੀਤ ਗਿਆ, ਬੀਤ ਗਿਆ। ਵੇਖੀਏ ਬਾਕੀ ਕੀ ਏ?।

**ਨੌਵਾਂ ਭਾਗ ਖ਼ਤਮ**

ਚੌਥੀ ਕਿਤਾਬ

## ਦੱਸਵਾਂ ਭਾਗ

## ਬਾਥੇਲੋਨਾ-ਘਰ ਵਾਪਸੀ

### *ਵਰਣਨ*

ਅੱਛਾ ਹੁਣ ਤੁਹਾਨੂੰ ਇਸ ਕਹਾਣੀ ਦੇ ਪਾਤਰਾਂ ਨਾਲ ਜਾਣ ਪਛਾਣ ਹੋ ਗਈ। ਪਾਤਰ ਉਸਾਰੀ ਵੱਲੋਂ ਕਿਸੇ ਨਾਲ ਮੋਹ ਹੈ। ਕਿਸੇ ਨਾਲ ਨਫ਼ਰਤ। ਹੁਣ ਕਥਾ ਸ਼ੁਰੂ ਹੋ ਸਕਦਾ ਹੈ। ਜੋ ਤੁਹਾਨੂੰ ਉਨ੍ਹਾਂ ਬਾਰੇ ਪਤਾ ਹੈ ਆਪਣੇ ਮਨ ਦੇ ਕੋਈ ਖੂੰਜੇ ਵਿਚ ਸੰਭਾਲ ਕੇ ਰੱਖੋ! ਬਹੁਤ ਕੁਝ ਬੀਤ ਗਿਆ। ਹੁਣ ਦੇਖੀਏ ਕੀ ਬਾਕੀ ਹੈ। ਤਾਰਾ ਹਮੇਸ਼ਾਂ ਗੁੱਸੇ ਵਿਚ ਹੀ ਹੋਵੇਗਾ? ਫੇਰ ਬਦਲ ਜਾਵੇਗਾ? ਵੀਤਾ ਕਮਜ਼ੋਰ ਰਹੇਗੀ? ਫੇਰ ਹਿੰਮਤ ਨਾਲ ਪੰਜਾਬੀ ਮਰਦ ਨਾਲ ਸਿੰਙ ਮਿਲਾਵੇਗੀ? ਰਾਣਾ ਮਨਮੁਖ ਹੀ ਰਹੇਗਾ? ਪਿਉ ਤੋਂ ਪਿਆਰ ਮਿਲੇਗਾ? ਕਿ ਕਦੀ ਵੀ ਕਾਮਯਾਬ ਨਹੀਂ ਹੋਵੇਗਾ? ਨਾਲੇ ਐਸਤਾਰਫੀਨੀਆ ਕੋਈ ਦਿਮਾਗ਼ ਵਿਚ

ਅਜੀਬ ਸੋਚ ਹੈ? ਕੇ ਕੋਈ ਸੱਚਾਈ ਹੈ? ਆਪਣੇ ਹਾਲਤ ਤੋਂ ਲੁਕਾਉਣ ਲਈ ਉੱਤੇ ਤੁਰ ਪੈਂਦਾ? ਕੇ ਸੱਚ ਮੁਚ ਜਾਦੂ ਨਾਲ ਉਸਦੀ ਜ਼ਿੰਦਗੀ ਤੋਂ ਉਹ ਮੁਲਕ ਬਚਾਉਂਦਾ ਹੈ? ਉੱਤੇ ਪੱਕਾ ਹੋਣ ਲਈ ਕਿੰਨ੍ਹਾ ਦੂਰ ਜਾਣ ਲਈ ਤਿਆਰ ਹੈ? ਖੱਦੀ ਸਾਊਥਹਾਲ ਵਾਪਸ ਜਾਵੇਗਾ? ਕੇ ਵਿਦੇਸ਼ ਹੀ ਰੋਵੇਗਾ? ਆਉ ਜਨਾਬ। ਆਉ ਬੀਬੀ ਜੀ। ਆ ਦੇਖੀਏ।

***ਤਾਰਾ***

ਤਾਰੇ ਨੂੰ ਜਿੱਦਾਂ ਉਸਦੇ ਬਾਪੂ ਨੇ ਪਾਲਿਆ ਸੀ ਸਹੀ ਰਾਹ ਲੱਗਦਾ ਸੀ। ਕੋਈ ਹੋਰ ਤਰੀਕਾ ਨਹੀਂ ਸੀ। ਰਾਣੇ ਦੇ ਦਾਦੇ ਦਾ ਦਾਗ਼ ਪੱਕਾ ਸੀ ਕਿਉਂਕਿ ਉਸਦੇ ਖ਼ਿਆਲ ਤਾਰੇ ਦੇ ਪਿਉ ਵਿਚ ਜੜੇ ਸਨ। ਇੱਦਾਂ ਉਲਟੇ ਵਿਚਾਰ ਦਾਦੇ ਤੋਂ ਪਿਉ ਦੇ ਰਾਹ ਤਾਰੇ ਕੋਲ੍ਹ ਪਹੁੰਚੇ ਸੀ। ਇਸ ਕਰਕੇ ਤਾਰਾ ਨੂੰ ਤੀਵੀਆਂ ਚਾਰ ਸੌ ਵੀਹ ਕਰਨ ਵਾਲੀਆਂ ਲੱਗ ਦੀਆਂ ਸੀ। ਇਸ ਕਰਕੇ ਸਖ਼ਤ ਮਿਹਨਤਾਂ ਤੋਂ ਦੂਰ ਨਿਗ੍ਹਾ ਨਹੀਂ ਜਾਂਦੀ ਸੀ। ਕੋਈ ਵਿਚਾਰਾਂ ਵਿਚ ਗੁਣ ਸੀ। ਕੋਈ ਖਿਆਲਾਂ ਵਿਚ ਔਗੁਣ ਸੀ। ਗਰੀਬੀ ਵਜੇ ਪੈਸੇ ਧਨ ਤੋਂ ਦੂਰ ਕੁਝ ਵੀ ਨਹੀਂ ਦਿਸਦਾ ਸੀ। ਕਿਉਂਕਿ ਆਪ ਔਖਾਈ ਵਿਚੋਂ ਲੰਘਿਆ ਇਕ ਪਾਸੇ ਚਾਹੁੰਦਾ ਸੀ ਕੇ ਰਾਣੇ ਲਈ ਇੱਦਾਂ ਨਾ ਹੋਵੇ। ਪਰ ਦੂਜੇ ਪਾਸੇ ਈਰੀਖਾ ਸੀ ਕਿਉਂਕਿ ਪੁੱਤ ਨੂੰ ਬਿਹਤਰ ਜੀਵਨ ਮਿਲ ਰਿਹਾ ਸੀ। ਤਾਰਾ ਚਾਹੁੰਦਾ ਸੀ ਕੇ ਮੁੰਡਾ ਕੋਈ ਵੱਡਾ ਸੇਠ ਬਣ ਜਾਵੇ। ਪਰ ਮੁੰਡਾ ਤਾਂ ਕਲਾਕਾਰੀ ਵੱਲ ਤੁਰ ਪਿਆ। ਹੋਰ ਲੋਕਾਂ ਦੀਆਂ ਗੱਲਾਂ ਕੰਨਾਂ ਵਿਚ ਬਕਵਾਸ ਭਰੀ ਗਈਆਂ। ਹਰੇਕ ਸੱਚ ਲਈ ਦੱਸ ਝੂਠ ਬੋਲਦੇ ਸੀ। ਪਰ ਤਾਰੇ ਨੂੰ ਝੂਠ ਨਹੀਂ ਦਿਸਿਆ। ਫਲਾਣਾ ਠੇਮਕਾ ਨੇ ਆ ਕੀਤਾ। ਕਿਸੇ ਨੇ ਉਹ ਕੀਤਾ। ਕਿਸੇ ਦੇ ਮੁੰਡੇ ਨੇ ਹੋਟਲ ਖਰੀਦ ਲੈ। ਕਿਸੇ ਨੇ ਰੈਸਟੋਰੈਂਟਾਂ ਬੜੀਆਂ ਬਣਾ ਲਈਆਂ। ਕਹਿਣ ਦਾ ਮਤਲਬ ਰਸੋਈਖ਼ਾਨਿਆਂ ਦਾ ਝੁੰਡ ਸੀ। ਪਰ ਕੋਈ ਫੂਕ ਮਾਰਦੇ ਸਨ। ਪਰ ਤਾਰਾ ਤਾਂ ਲੋਕਾਂ ਦੀਆਂ ਗੱਲਾਂ ਵਿਚ ਆਈ ਗਿਆ। ਜਦ ਰਾਣਾ ਆਰਟ ਕਾਲਜ ਗਿਆ ਤਾਰਾ ਖਿੱਝ ਗਿਆ। ਪਰ ਤਾਰੇ ਨੂੰ ਕੁਝ ਵੀ ਪਤਾ ਨਹੀਂ ਸੀ ਕਿਹੜੇ ਪਾਸੇ ਮੁੰਡੇ ਨੂੰ ਦੇਖਣਾ ਚਾਹੁੰਦਾ ਸੀ। ਵਪਾਰੀ ਵਿਚ ਜਾਂ ਪੜ੍ਹਿਆ ਲਿਖਿਆ। ਪਿਛਲੇ ਦਾ ਮਤਲਬ ਸੀ ਕੇ ਹੋਰ ਕਿਸੇ ਲਈ ਨੌਕਰੀ ਕਰੂਗਾ। ਨੌਕਰੀ ਵਾਲਿਆਂ ਦੀ ਕਮਾਈ ਲਈ ਲਿਮਟਿਡ ਸੀ। ਆਪਣੇ ਕਾਰੋਬਾਰ ਵਿਚ ਕਮਾਈ ਦਾ ਰੋਕ ਨਹੀਂ ਸੀ। ਜਦ *ਲਾਲ ਕਿਲ੍ਹੇ* ਵਿਚ ਕੰਮ ਕਰਨਾ ਰਾਣਾ ਨੇ ਛੱਡ ਦਿੱਤਾ, ਪਿਉ ਦਾ ਕ੍ਰੋਧ ਵੱਧ ਗਿਆ। ਜਦ ਰਾਣਾ ਸਪੇਨ ਜਾ ਬੈਠਾ ਤਾਰਾ ਨੇ ਸਮਝਿਆ ਕੇ ਮੁੰਡਾ ਮੈਨੂੰ ਬੁਧੂ ਸੋਚਦਾ। ਨਕੰਮਾ ਹੈ। ਉਸ ਕ੍ਰਿਸਮਿਸ ਦਿਨ ਜਦ ਰਾਣਾ ਘਰ ਮਿਲਣ ਆਇਆ। ਤਾਰੇ ਦਾ ਭਰਿਆ ਹੋਇਆ ਗੁੱਸਾ ਖਿਲਰ ਗਿਆ। ਜਿੱਦਾਂ ਬੈਂਕ ਵਿਚ ਪੈਸੇ ਬਚਾ ਕੇ ਵਿਆਜ਼ ਕਮਾਉਣ ਲਈ ਰੱਖੇ ਹੁੰਦੇ। ਓਦਾਂ ਹੀ ਪੁਰਾਣੇ ਗੁੱਸੇ ਮਨ ਦੇ ਖੂੰਜੇ ਵਿਚ ਰੱਖੇ ਸੀ। ਸਭ ਕੁਝ ਬਾਹਰ ਨਿਕਲ ਗਿਆ। ਜਿੱਦਾਂ ਕੋਈ ਰੋਕ ਦੇ ਕਿਨਾਰੇ ਨੂੰ ਹੜ੍ਹ ਨੇ ਤੋਰ ਦਿੱਤਾ ਹੁੰਦਾ ਉਸ ਤਰ੍ਹਾਂ ਰੋਹ ਨਾਲ ਫ਼ਾਊਜ਼ ਫਟ ਗਿਆ।

ਕ੍ਰਿਸਮਿਸ ਦਿਨ ਤੋਂ ਬਾਅਦ ਕਈ ਵਾਰੀ ਵੀਤਾ ਨੇ ਆਖਿਆ - ਉਹਨੂੰ ਮਿਲਣ ਜਾਈਏ– ਪਰ ਤਾਰਾ ਨੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ। ਖਾਮੋਸ਼ ਹੋ ਕੇ ਖੜ੍ਹਾ ਰਿਹਾ।



ਜ਼ਿੱਦੀ ਸੀ। ਮਨ ਵਿਚ ਤਾਂ ਮੁੰਡਾ ਧਰੋਹੀ ਸੀ। ਉਹ ਜਦ ਸੋਹਰਾ ਬਾਥੇਲੋਨਾ–ਘਰ ਵਾਪਸੀ ਤੋਂ ਵਾਪਸ ਆਉਂਦਾ ਸੀ ਵੀਤਾ ਤੋਂ ਉਹਲ੍ਹੇ ਉਹਲ੍ਹੇ ਹਾਲ ਚਾਲ ਪੁਛਦਾ ਤਾਂ ਸੀ। ਜਦ ਪ੍ਰੋਫ਼ੈਸਰ ਵੀ ਹਟ ਗਿਆ, ਓਥੇ ਜਾਣ ਮੁੰਡੇ ਨੂੰ ਮਨ ਵਿਚੋਂ ਕੱਢ ਦਿੱਤਾ ਸੀ। ਸਾਲ ਦੌੜੀ ਗਏ। ਆਪਣੇ ਲਾਲ ਕਿਲ੍ਹੇ ਵਿਚ ਰਾਜ ਕਰੀ ਗਿਆ। ਸੱਚ ਸੀ ਕੰਮ ਤੋਂ ਛੁੱਟ ਜੀਵਨ ਖਾਲੀ ਸੀ। ਇਹ ਚੱਕਰ ਸੀ।

***ਵੀਤਾ***

ਵੀਤਾ ਹਾਰ ਗਈ। ਪਲੜੇ ਵਾਂਗੂੰ ਪਿਉ ਪੁੱਤ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਆਪਣੇ ਟੱਬਰ ਨੂੰ ਜੋੜ ਕੇ ਰੱਖਣ ਦਾ ਕੋਸ਼ਿਸ਼ ਕੀਤਾ ਸੀ। ਪਤੀ ਤੋਂ ਡਰਦੀ ਨੇ ਪੁੱਤ ਨੂੰ ਖਰਾਬ ਕੀਤਾ। ਪੁੱਤ ਨੂੰ ਪਿਆਰ ਕਰਦੀ ਨੇ ਵਰ ਨੂੰ ਖਿਝਾਇਆ। ਪਰ ਪ੍ਰਸ਼ਨ ਤਾਂ ਸੀ ਕਿ ਉਸ ਨੂੰ ਨਹੀਂ ਖਾਣੀ ਚਾਹੁੰਦੀ ਸੀ। ਆਦਤ ਬਣਾ ਲਈ ਆਪ ਨੂੰ ਬਵਾਉਣ ਲਈ ਤਾਰੇ ਦੀਆਂ ਗੱਲਾਂ ਘੁੰਮਾਉਣ। ਰਾਣੇ ਦੀਆਂ ਗੱਲਾਂ ਵੀ ਘੁੰਮਾਉਣ। ਕਹਿ ਸਕਦੇ ਕੇ ਆਪਣਾ ਟਕਾ ਸਿੱਧਾ ਰੱਖਾ ਸੀ। ਪਰ ਉਸ ਨੂੰ ਇਹ ਗੱਲ ਮਹਿਸੂਸ ਨਹੀਂ ਸੀ। ਨਹੀਂ ਤਾਂ ਜਾਣ ਕੇ ਆਪ ਨੂੰ ਝੂਠ ਬੋਲਦੀ ਸੀ। ਹਮੇਸ਼ਾਂ ਧਿਰ ਵਿਚ ਰਹਿੰਦੀ ਸੀ - ਮੇਰਾ ਕਸੂਰ ਨਹੀਂ। ਤੇਰੇ ਬਾਪੂ ਦਾ - ਨਹੀਂ ਤਾਂ ਬੋਲਦੀ ਸੀ - ਮੈਂ ਕੀ ਕਰਾਂ ਰਾਣਾ ਸੁਣਦਾ ਨਹੀਂ–। ਇਲਜ਼ਾਮ ਹਮੇਸ਼ਾਂ ਹੋਰ ਕਿਸੇ ਦਾ ਸੀ। ਪਰ ਕਮਜ਼ੋਰ ਔਰਤ ਕਰਕੇ ਵਰ ਨਹੀਂ ਸੰਭਾਲ ਸਕੀ। ਬੇਟਾ ਵੀ ਨਹੀਂ। ਇਸ ਲਈ ਵੀਤਾ ਦੀਆਂ ਚਾਲਾਂ ਨੇ ਤਾਂ ਟੱਬਰ ਤੋੜ ਦਿੱਤਾ ਨਾ ਕਿ ਜੋੜ ਦਿੱਤਾ। ਤਾਰਾ ਵੀਤਾ ਨੂੰ ਨਿੰਦਦਾ ਸੀ। ਪਹਿਲਾਂ ਪਹਿਲਾਂ ਰਾਣਾ ਵੀ ਪਿਉ ਨੂੰ ਨਿਖੇਧਧ ਸਮਝਦਾ ਸੀ। ਪਰ ਹਾਰ ਕੇ ਮਾਂ ਨੂੰ ਇਲਜ਼ਾਮ ਲਾਉਣ ਲੱਗ ਪਿਆ। ਬੱਸ ਜਦ ਬਾਥੇਲੋਨਾ–ਘਰ ਵਾਪਸੀ ਵੱਲ ਗਿਆ ਇਕ ਟੱਬਰ ਵਿਚ ਪਾੜ ਆ ਗਿਆ। ਵੀਤਾ ਦੇ ਦਿਲ ਵਿਚ ਵੀ ਪਾੜ ਆ ਚੁਕਾ ਸੀ।

ਰਾਤ–ਦਿਨ ਵੀਤਾ ਨੂੰ ਪੁੱਤ ਹੀ ਯਾਦ ਆਉਂਦਾ ਸੀ। ਪਰ ਤਾਰਾ ਨੇ ਰੋਕ ਰੱਖਿਆ ਸੀ। ਕ੍ਰਿਸਮਿਸ ਤੋਂ ਬਾਅਦ ਤਾਂ ਸੱਤਿਆਨਾਸ ਹੋ ਗਿਆ। ਹੁਣ ਨਿੱਤ–ਨਿੱਤ ਵਰ ਵੱਲ ਨਫ਼ਰਤ ਵਧੀ ਗਈ। ਇਕ ਦੋ ਵਾਰੀ ਰਾਣੇ ਨੂੰ ਫ਼ੋਨ ਵੀ ਕਰਨ ਦੀ ਕੋਸ਼ਿਸ਼ ਕੀਤੀ। ਮੁੰਡੇ ਨੇ ਜ਼ਿਆਦਾ ਫ਼ੋਨ ਚੁੱਕਿਆ ਨਹੀਂ। ਪਰ ਇਕ ਦੋ ਵਾਰੀ ਚੁੱਕਿਆ ਵੀ ਸੀ। ਉਹ ਬੋਲਿਆ ਨਹੀਂ ਪਰ ਵੀਤਾ ਨੂੰ ਉਸਦੇ ਉਸਾਸ ਸੁਣਦੇ ਸੀ। ਖਾਮੋਸ਼ੀ ਦਿਲ ਨੂੰ ਡੰਗਦੀ ਸੀ। ਮਨ ਬਣਾ ਲਿਆ ਹੌਲ਼ੀ–ਹੌਲ਼ੀ ਪਿਉ ਨੂੰ ਮਨਾਉਣ ਰਾਣੇ ਨੂੰ ਮਿਲਣ ਜਾਣ। ਰਾਣੇ ਨੂੰ ਮਾਫ਼ ਕਰਨ। ਮਾਂ ਦਾ ਹੀ ਕੰਮ ਸੀ ਘਰ ਪੂਰਾ ਕਰਨਾ। ਪਰ ਸਾਲ ਉੱਡੀ ਗਏ। ਵਰ ਵੱਲ ਘ੍ਰਿਣਾ ਵਧੀ ਗਈ। ਆਪਣੀਆਂ ਕਮਜ਼ੋਰੀਆਂ ਕਦੀ ਨਹੀਂ ਦਿਸੀਆ। ਇਹ ਚੱਕਰ ਸੀ।

***ਰਾਣਾ***

ਗੱਡੇ ਵਿਚ ਤਿੰਨ ਹੀ ਬੈਠੇ ਸਨ।

ਰਾਣਾ ਇਕ ਇਨਸਾਨ। ਚੰਦ ਇਕ ਵਰਾਨਾ। ਅਲਫੋਂਸੋ ਇਕ ਰਿੱਛ। ਗੱਡੇ ਨੂੰ

ਘੋੜੀ ਨਹੀਂ ਖਿੱਚ ਕੇ ਲੈ ਜਾ ਰਹੀ ਸੀ। ਗੱਡੇ ਨੂੰ ਹਾਥੀ ਤੋਂ ਵੱਡਾ ਗੈਂਡਾ ਖਿੱਚ ਰਿਹਾ ਸੀ। ਆਮ ਗੈਂਡਾ ਨਹੀਂ ਸੀ। ਨੱਕ ਉੱਤੇ ਬਹੁਤ ਲੰਬੇ ਸਿੰਙ ਸਨ। ਛਿਲ ਉਪਰ ਦਰੀ ਵਰਗੇ ਲੰਬੇ ਲੰਬੇ ਸੁਲੇਟੀ ਵਾਲ ਸੀ। ਗੈਂਡਾ ਬੋਲ ਨਹੀਂ ਸਕਦਾ ਸੀ। ਪਰ ਬਰਫ਼ ਵਿਚ ਕਾਹਲ਼ੀ ਨਾਲ ਨਸ ਰਿਹਾ ਸੀ। ਗੈਂਡੇ ਦੇ ਹਰੇਕ ਕਦਮ ਨਾਲ ਪਹਾੜ ਨੇੜੇ ਗੱਡਾ ਹੋ ਗਿਆ।

ਰਾਣੇ ਨੂੰ ਪਹਾੜ ਇਕ ਦਮ ਅਜੀਬ ਵੀ ਲੱਗਾ। ਖ਼ੂਬ ਵੀ ਲੱਗਾ। ਨਾਕ ਸੋਨਾਰਾ ਸੀ। ਥੱਲੇ ਬਰਫ਼ ਨਾਲ ਢੱਕਿਆ ਸੀ। ਇਸ ਦਾ ਮਤਲਬ ਜਿੰਨਾ ਉੱਚੇ ਜਾਵਾਂਗੇ ਓਨੀ ਗਰਮੀ ਹੋਵੇਗੀ। ਪਹਿਲਾਂ ਭਾਵੇਂ ਚੰਦ ਨਾਲ ਰਾਣਾ ਨਹੀਂ ਜਾਣਾ ਚਾਹੁੰਦਾ ਸੀ ਹੁਣ ਤਾਂ ਖ਼ੁਸ਼ ਸੀ। ਰਾਣੇ ਦੀ ਉਮਰ ਵੀ ਵਧ ਗਈ ਸੀ। ਅਕਲ ਵੀ ਵਧ ਗਈ ਸੀ। ਜਿਵੇਂ ਕਿਵੇਂ ਵੀ ਐਸਤਾਰਫੀਨੀਆ ਵਾਪਸ ਆਉਂਦਾ ਸੀ, ਪ੍ਰੋਗਰਾਮ ਅਦਲ ਬਦਲ ਜਾਂਦੇ ਸੀ। ਰਾਣੇ ਨੂੰ ਦੱਸੀ ਗਿਆ ਕੇ ਲਾਲ ਇੱਲਾਂ ਨੇ ਆ ਕੇ ਸਭ ਨੂੰ ਬਚਾ ਦਿੱਤਾ। ਲੜਾਈ ਵਿਚ ਰਾਣਾ ਬੇਹੋਸ਼ ਹੋ ਗਿਆ ਸੀ। ਇਕ ਨੇ ਅਮਰ ਨੂੰ ਚੁੱਕ ਲਿਆ। ਇਕ ਨੇ ਰਾਣਾ ਨੂੰ । ਦੂਜਿਆਂ ਨੇ ਰਿੱਛ ਅਤੇ ਵਰਾਨੇ ਨੂੰ। ਫਿਰ ਫ਼ੈਸਲਾ ਬਣਾ ਲਿਆ ਸੀ ਕੇ ਅਮਰ ਫ਼ੌਜ ਨੂੰ ਲੀਡ ਕਰੂੰਗਾ। ਜਸੂਸਾਂ ਨੇ ਖ਼ਬਰ ਦਿੱਤੀ ਕੇ ਖ਼ਾਨ ਨੂੰ ਇਸ ਯੁੱਧ ਦਾ ਪਤਾ ਲੱਗ ਗਿਆ ਸੀ। ਰਾਖਸ਼ਾਂ ਨੇ ਇਨਸਾਨ ਨੂੰ ਦੇਖ ਲਿਆ ਸੀ। ਖ਼ਾਨ ਉਰਲੀਆਂ ਪਰਲੀਆਂ ਮਾਰਨ ਵਾਲਾ ਨਹੀਂ ਸੀ। ਆਦੇਸ਼ ਦੇ ਦਿੱਤਾ ਮੁੰਡੇ ਨੂੰ ਮਾਰਨ ਅਤੇ ਜਿੰਨ੍ਹਾਂ ਨੇ ਉਸਨੂੰ ਸ਼ਰਨ ਦਿੱਤੀ। ਐਂਤਕੀ ਰਾਣਾ ਦੇ ਉੱਠਣ ਤੋਂ ਪਹਿਲਾਂ ਹੀ ਫ਼ੈਸਲਾ ਬਣਾ ਲਿਆ ਉਸਨੂੰ ਜਲਦੀ ਜਲਦੀ ਪਹਾੜ ਵੱਲ ਲੈ ਕੇ ਜਾਣ। ਰਾਣੇ ਨੂੰ ਫ਼ੌਜੀਆਂ ਸਾਹਮਣੇ ਸਬੂਤ ਦੇਣਾ ਸੀ। ਦੂਜੇ ਕੰਮ ਦਾ ਇਹ ਮਕਸਦ ਸੀ। ਪਰ ਰਾਣੇ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਸੱਚ ਸੀ ਆਪਣੇ ਦੁੱਖਾਂ ਤੋਂ ਪਰੇ ਹੋਣਾ ਚਾਹੁੰਦਾ ਸੀ। ਐਸਤਾਰਫੀਨੀਆ ਵਿਚ ਆਪਣੀ ਸੱਚਾਈ ਤੋਂ ਨੱਠ ਸਕਦਾ ਸੀ।

ਹਾਰ ਕੇ ਗੱਡਾ ਪਹਾੜ ਦੇ ਪੈਰਾਂ ਤੱਕ ਅੱਪੜਿਆ। ਥੋੜ੍ਹੀ ਚੜ੍ਹਾਈ ਗੈਂਡਾ ਚੜ੍ਹ ਗਿਆ। ਪਰ ਪਹੀਏ ਹਿੰਮ ਵਿਚ ਫਸ ਗਏ ਸੀ। ਤਿੰਨੇ ਹੀ ਸਵਾਰ ਉਤਰ ਗਏ। ਅਲਫੋਂਸੋ ਆਪਣੇ ਚਾਰ ਹੀ ਪੰਜਿਆਂ ਉੱਤੇ ਖਲੋਇਆ। ਉਹਦੇ ਪਿੱਠ ਉੱਤੇ ਰਾਣਾ ਅਤੇ ਚੰਦ ਬਹਿ ਗਏ। ਜ਼ੋਰ ਦੇਣੀ ਦੌੜ-ਦੌੜ ਕੇ ਪਹਾੜ ਉਪਰ ਰਿੱਛ ਗਿਆ। ਜਿੱਥੇ ਰੁਖ ਸੀ ਉਹਲ੍ਹੇ ਉਹਲ੍ਹੇ ਲੁਕ ਕੇ ਗਏ। ਕੀ ਪਤਾ ਜਾਦੂਗਰ ਦੇ ਜਸੂਸ ਆਲ਼ੇ-ਦੁਆਲ਼ੇ ਲੁਕੇ ਹੋਣ? ਅਸਰਾਲ ਵੀ ਕੋਈ ਪਹਾੜ ਦੇ ਖੂੰਜੇ ਵਿਚ ਲੁਕਿਆ ਹੋਵੇਗਾ। ਦੰਦ ਡ੍ਰੈਕੋ ਦੇ ਕਿਵੇਂ ਕੱਢੀ ਦੇ ਨੇ? ਰਾਣਾ ਨੇ ਸੋਚਿਆ - ਦੇਖ ਲਵਾਂਗੇ-।

ਹੌਲ਼ੀ-ਹੌਲ਼ੀ ਚਿੱਟੀ ਚਿੱਟੀ ਬਰਫ਼ ਦੇ ਥਾਂ ਹਰਾ-ਹਰਾ ਘਾਹ ਆਗਿਆ ਸੀ। ਤਿੰਨ ਹੀ ਅਰਾਮ ਕਰਨ ਲਈ ਰੁੱਖ ਦੇ ਥੱਲੇ ਬੈਠ ਗਏ। ਚੰਦ ਨੇ ਇਕ ਤਲਵਾਰ ਰਾਣੇ ਨੂੰ ਫੜਾਈ।

– ਬਹੁਤ ਨਰੋਏ ਢਾਲ ਦੀ ਬਣਾਈ ਏਂ। ਡ੍ਰੈਕੋ ਦਾ ਮਾਸ ਸੰਜੋਆ ਐ। ਇਹ ਉਸਦੇ ਮਾਸ ਨੂੰ ਪਾੜ ਦੂਗੀ-।

– ਸ਼ੁਕਰੀਆ-।

– ਤੂੰ ਕਦੀ ਕਿਰਪਾਨ ਨਾਲ ਗੱਤਕਾ ਖੇਡਿਆ?- ਵਰਾਨਾ ਨੇ ਅੱਗੇ ਆਖਿਆ।

– ਨਹੀਂ-।

– ਉੱਠ। ਮੈਂ ਤੈਨੂੰ ਸਿਖਾਉਂਦਾ-। ਰਾਣਾ ਉੱਠ ਗਿਆ। ਪਹਿਲਾਂ ਆਪ ਨੂੰ



ਬਚਾਉਣ ਦੀ ਕੋਸ਼ਿਸ਼ ਕੀਤੀ। ਚੰਦ ਦੇ ਝਪਟਾ ਹਮਾਇਤੀ ਨੂੰ ਪਾਰੀ ਗਏ। ਕਈ ਕਈ ਵਾਰੀ ਮੂਧਾ ਡਿੱਗਿਆ। ਪਰ ਰਾਣਾ ਹਾਰ ਮੰਨਣ ਵਾਲਾ ਨਹੀਂ ਸੀ। ਹਰੇਕ ਝਪਟਣੇ ਨੂੰ ਕੁਣਸ ਕਰੀ ਗਿਆ। ਹਾਰ ਕੇ ਵਰਾਨੇ ਨੂੰ ਪਿੱਛੇ ਪੈਰ ਭਰਾ ਕਰ ਦਿੱਤਾ।

– ਬੱਸ। ਟਾਇਮ ਕੰਮ ਹੈ- ਰਿੱਛ ਨੇ ਰੋਕ ਦਿੱਤੇ। ਤਿੰਨ ਹੀ ਫਿਰ ਉੱਪਰ ਵੱਲ ਉਹਲੇ ਉਹਲੇ ਹੋ ਕੇ ਨਸ ਗਏ।

ਰਾਣੇ ਨੂੰ ਮਹਿਸੂਸ ਹੁੰਦਾ ਸੀ ਕਿ ਜਿੰਨੇ ਉੱਚੇ ਗਏ ਠੰਢ ਘਟਦੀ ਸੀ। ਗਰਮੀ ਵਧਦੀ ਸੀ। ਹਾਰ ਕੇ ਹਰੇ ਹਰੇ ਰੁੱਖਾਂ ਪਿੱਛੇ ਅਲਫੋਂਸੋ ਦਾ ਚਿੱਟਾ ਰੰਗ ਦਿਸਦਾ ਸੀ। ਫਿਰ ਚੰਦ ਨੂੰ ਆਵਾਜ਼ ਸੁਣੀ। ਇਕ ਬਿਰਛ ਪਿੱਛੇ ਵਰਾਨਾ ਉਹਲੇ ਹੋ ਗਿਆ। ਇਕ ਦਰਖਤ ਪਿੱਛੇ ਰਾਣਾ ਲੁਕ ਗਿਆ। ਅਲਫੋਂਸੋ ਵੀ ਦਰਖਤ ਹੇਠ ਆਸਰਾ ਲੈਣ ਲਈ ਵੀ ਮਜ਼ਬੂਰ ਹੋ ਗਿਆ ਸੀ। ਚਿੜੀਆਂ, ਅਬਾਬੀਲਾਂ ਦੇ ਗੁਣ-ਗਾਣ ਤੋਂ ਛੁੱਟ ਖ਼ਾਮੋਸ਼ ਸੀ। ਫਿਰ ਕਿਸੇ ਦੇ ਪਗ ਨੇ ਪੱਤਰਾਂ ਦਲਿਆ। ਚੰਦ ਦੀਆਂ ਤੇਜ ਅੱਖਾਂ ਨੇ ਮੁਜ਼ਰਮ ਟੋਲ ਲਿਆਂ। ਧਨੁਸ਼ ਨੇ ਪਲ ਵਿਚ ਤ੍ਰੈ ਤੀਰ ਉਹ ਪਾਸੇ ਮਾਰ ਦਿੱਤੇ। ਉੱਚੀ ਲੇਰ ਨੇ ਜੰਗਲ ਨੂੰ ਲਪੇਟ ਦਿੱਤਾ। ਫਿਰ ਕੋਈ ਜ਼ੋਰ ਦੇਣੀ ਡਿੱਗ ਪਿਆ। ਉਸ ਪਲ ਵਿਚ ਚੰਦ ਨੂੰ ਲੰਬਾ ਜਾ ਕਾਇਆ ਕਲਪ ਕਾਰਨ ਭੇੜੀਆ ਮਾਨਵ ਸ਼ਸਤਰ ਨਾਲ ਤੁਰਦਾ ਫਿਰਦਾ ਦਿੱਸਿਆ ਸੀ। ਓਨ੍ਹੇ ਉਹੀ ਪਲ ਵਿਚ ਫ਼ੈਸਲਾ ਬਣਾ ਲਿਆ ਸੀ ਕਿ ਇਹ ਭੇੜੀਆ ਮਾਨਵ ਜਾਦੂ ਵਾਲੇ ਬਘਿਆੜ ਵਾਲੇ ਦਾ ਫ਼ੌਜੀ ਸੀ। ਉਸ ਹੀ ਪਲ ਵਿਚ ਫ਼ੈਸਲਾ ਕਰ ਲਿਆ ਸੀ ਕੇ ਤਿੰਨਾਂ ਦੀ ਜਾਣ ਖ਼ਤਰੇ ਵਿਚ ਸੀ। ਪਰ ਜਦ ਭੇੜੀਆ ਮਾਨਵ ਦਾ ਜੁੱਸਾ ਧਰਤੀ ਉੱਤੇ ਕੜਕ ਕੇ ਡਿੱਗਿਆ। ਲੱਗੇ ਰੁੱਖਾਂ ਵਿਚੋਂ ਸੌ ਹੋਰ ਨਿਕਲ ਆਏ। ਕਿਸੇ ਕੋਲ੍ਹ ਧਨੁਸ਼ ਸੀ। ਕੋਲ੍ਹ ਤਲਵਾਰ।

– ਨੱਠੋ!- ਅਲਫੋਂਸੋ ਨੇ ਹਾਕ ਮਾਰੀ। ਬੀਮਾਰੀ ਸੀ ਤਿੰਨ ਹੀ ਪਿੱਛੇ ਮੁੜ ਨਹੀਂ ਸਕਦੇ ਸੀ। ਉਦੇਸ਼ ਅੱਗੇ ਜਾ ਕੇ ਹੀ ਪੂਰਾ ਹੋਣਾ ਸੀ। ਇਸ ਲਈ ਰਿੱਛ ਅੱਗੇ ਦੌੜ ਕੇ ਭੇੜੀਆਂ ਨਾਲ ਲੜ ਰਿਹਾ ਸੀ। ਵਰਾਨਾ ਨੇ ਇੰਦਰ ਵਾਂਗ ਤੀਰ ਛੱਡੇ। ਸਮਾ ਰਾਣਾ ਵੀ ਭੇੜੀਆਂ ਨਾਲ ਭੇੜ ਕਰਨ ਲੱਗ ਗਿਆ! ਯੁੱਧ ਵਿਚ ਸ਼ਾਮਿਲ ਹੋ ਕੇ ਲੂਹ ਨਾੜਾਂ ਵਿਚ ਤੇਜ਼ ਤੇਜ਼ ਦੌੜਦਾ ਸੀ। ਜਦ ਲੱਗਿਆ ਕੋਈ ਭੇੜੀਆ ਨੇ ਰਾਣੇ ਨੂੰ ਖ਼ਤਮ ਕਰ ਦੇਣਾ ਚੰਦ ਦੇ ਤੀਰ ਨੇ ਉਸ ਹੀ ਵੇਲੇ ਵੈਰੀ ਨੂੰ ਘਟ ਦਿੱਤਾ। ਤਿੰਨ ਹੀ ਸੂਰਮੇ ਲੜੇ ਵੀ ਸੀ। ਥਾਂ ਖੜ੍ਹੇ ਵੀ ਸੀ। ਪਰ ਅੱਗੇ ਵੀ ਹਰੇਕ ਖਦ ਖਦ ਨਾਲ ਗਏ। ਹਾਰ ਕੇ ਕੇਵਲ ਤਿੰਨ ਭੇੜੀਏ ਰਹਿ ਗਏ। ਇਕ ਅਲਫੋਂਸੋ ਉਪਰ ਨੂੰਹ ਦੰਦਾਂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕਰਦਾ ਸੀ। ਪਰ ਰਿੱਛ ਦੇ ਪੰਜਿਆਂ ਨੇ ਪਰੇ ਰਖਿਆ। ਦੂਜਾ ਚੰਦ ਨਾਲ ਤੇਜ਼ ਤਲਵਾਰ ਮਿਲਾਉਂਦਾ ਸੀ। ਤੀਜੇ ਨੇ ਫ਼ੈਸਲਾ ਬਣਾ ਲਿਆ ਪਹਾੜ ਉਪਰ ਚੜ੍ਹ ਕੇ ਆਪਣੇ ਲੀਡਰ ਨੂੰ ਦੱਸਣ ਕੇ ਦੁਸ਼ਮਨ ਆ ਰਿਹਾ ਸੀ। ਰਾਣਾ ਨੇ ਆਪਣੇ ਆਪ ਨੂੰ ਥਕ ਕੇ ਉਹਦਾ ਪਿੱਛਾ ਕੀਤਾ। ਭੂਤ ਧਰਤੀ ਅਤੇ ਦਰਾਕਤਾਂ ਦੇ ਸਹਾਰੇ ਨਾਲ ਉਪਰ ਗਿਆ। ਰਾਣੇ ਦਾ ਦਮ ਚੜ੍ਹ ਗਿਆ। ਖੜ੍ਹ ਕੇ ਗੋਡਿਆਂ ਉੱਤੇ ਹੱਥ ਰੱਖ ਕੇ ਉਸਾਸ ਭਰਨ ਲੱਗ ਗਿਆ। ਜਿਥੇ ਖਲੋਇਆ ਸੀ ਕਿਸਮਤ ਨਾਲ ਨਿਕਾ ਪਥਰ ਪਿਆ ਸੀ। ਚੁੱਕ ਕੇ ਜ਼ੋੜ ਦੇਣੀ ਭੇੜੀਏ ਦੇ ਸੀਸ ਵੱਲ ਸੁੱਟ ਦਿੱਤਾ। ਕਿਸਮਤ ਨਾਲ ਨਿਸ਼ਾਨ ਮਿਲ ਗਿਆ। ਦੰਗਰ ਥੱਲੇ ਘਿਰ ਗਿਆ। ਜਦ ਉਠਿਆ ਉਸ ਦੇ ਉਪਰ ਰਾਣਾ ਖੜ੍ਹਿਆ ਸੀ।

ਰਾਣਾ ਆਮ ਇਨਸਾਨ ਸੀ। ਨਾ ਕੇ ਕਿਸੇ ਨੂੰ ਦੁਖ ਦੇਣ ਵਾਲਾ ਸੀ। ਨਾ ਕੇ ਕਿਸੇ ਨੂੰ ਖਰਾਬ ਕਰਨ ਵਾਲਾ ਸੀ। ਕਦੀ ਕਿਸੇ ਨੂੰ ਜਾਣ ਕੇ ਮਾਰਨ ਵਾਲਾ ਸੀ। ਪਰ ਇਸ ਇਨਸਾਨੀਅਤ ਉਸ ਵੇਲੇ ਭੁੰਝੇ ਸੁਟਣੀ ਪਈ। ਰਾਣੇ ਨੂੰ ਪੂਰਾ ਸਮਝ ਸੀ ਕਿ ਨਰਮੀ ਗਰਮੀ ਵਿਚ ਹੀ ਟੱਕਰ ਝਗੜਾ ਜਿੱਤ ਹਾਰ ਸਕਦਾ। ਲੜਾਈ ਸੀ। ਜੰਗ ਸੀ। ਵੈਰੀ ਨੂੰ ਮਾਰ ਕੇ ਕਈਆਂ ਨੂੰ ਬਚਾਉਣਾ ਸੀ। - ਸੁੱਤਿਆਂ ਦੇ ਕੱਟੇ ਜਾਗਦਿਆਂ ਦੀਆਂ ਕੱਟੀਆਂ– ਮਜ਼ਬੂਰ ਸੀ। ਪਲ ਲਈ ਆਦਮੀ ਅਤੇ ਭੇੜੀਆ ਦੀਆਂ ਅੱਖਾਂ ਮਿਲੀਆ। ਫਿਰ ਆਪਣੀ ਤਲਵਾਰ ਜ਼ੋਰ ਦੇਣੀ ਵੈਰੀ ਵਿਚ ਪਾ ਦਿੱਤੀ। ਮਾਰਨ ਤੋਂ ਬਾਅਦ ਰਾਣਾ ਗੋਡੇ ਭਾਰ ਡਿੱਗ ਪਿਆ– ਰੱਬਾ ਮੈਂ ਕੀ ਕਰ ਰਿਹਾ?–।

*****

ਜਦ ਰਾਣਾ ਨੇ ਅੱਖਾਂ ਖੋਲ੍ਹੀਆਂ ਬਾਥੇਲੋਨਾ–ਘਰ ਵਾਪਸੀ ਸੀ ਆਪਣੇ ਚਿੱਤਰਸ਼ਾਲੇ ਵਿਚ ਗੋਡੇ ਭਾਰ ਘਟਰੀਨਾ ਦੇ ਬੁਤ ਅੱਗੇ। ਰਾਣੇ ਦਾ ਦਿਮਾਗ ਘੁੰਮ ਗਿਆ। ਇਕ ਪਲ ਪਹਿਲਾ ਹੀ ਭੇੜੀਆਂ ਨਾਲ ਲੜ ਰਿਹਾ ਸੀ। ਹਾਲੇ ਵੀ ਅੱਖਾਂ ਦੇ ਯਾਦਾਸ਼ਤ ਵਿਚ ਤਲਵਾਰ ਡਿੱਗੇ ਹੋਏ ਵੈਰੀ ਦੀ ਛਾਤੀ ਵਿਚ ਡੁੱਬਦੀ ਸੀ। ਪਰ ਹੁਣ ਤਾਂ ਸੱਚਾਈ ਹੋਰ ਸੀ। ਹੁਣ ਤਾਂ ਘਟਰੀਨਾ ਦੀ ਬੁਤ ਅੱਗੇ ਗੋਡੇ ਭਾਰ ਸੀ। ਨਾ ਕਿ ਰਣ ਉੱਤੇ। ਬੁੱਤ ਪਿੱਛੇ ਪੀੜ੍ਹੀ ਉੱਤੇ ਅੱਧੇ ਕਪੜਿਆਂ ਵਿਚ ਘਟਰੀਨਾ ਬੈਠੀ ਸੀ। ਤੁਸੀਂ ਸੋਚਦੇ ਹੋਵੇਗੇ ਇਹ ਘਟਰੀਨਾ ਕੌਂਣ ਏ? ਘਟਰੀਨਾ ਰਾਣੇ ਦੀ ਯਾਰਨੀ ਸੀ। ਪੰਜਾਬਣ ਨਹੀਂ ਸੀ ਪਰ ਕੱਟਲੈਣੀ ਸੀ। ਕਹਿਣ ਦਾ ਮਤਲਬ ਬਾਥੇਲੋਨਾ–ਘਰ ਵਾਪਸੀ ਦੀ ਜੰਮ ਪਲ ਸੀ। ਰਾਣਾ ਉਸਨੂੰ ਆਰਟ ਕਾਲਜ ’ਚ ਮਿਲਿਆ ਸੀ। ਜਦ ਰਾਣਾ ਨੇ ਫ਼ੈਸਲਾ ਕੀਤਾ ਬਾਥੇਲੋਨਾ–ਘਰ ਵਾਪਸੀ ਦਾ ਕਾਲਜ ਮੇਟਾਫੋਰਾ ਵਿਚ ਦਾਖਲ ਹੋਣ ਪਹਿਲੀ ਦਿਨ ਘਟਰੀਨਾ ਉੱਤੇ ਮਰ ਗਿਆ। ਪਰਦੇਸੀ ਤਿਤਲੀ ਬਹੁਤ ਸੋਹਣੀ ਲੱਗੀ। ਕੁੜੀ ਨੂੰ ਵੀ ਬਾਹਰੋਂ ਆਇਆ ਮੁੰਡਾ ਵੀ ਕਾਫ਼ੀ ਪਸੰਦ ਸੀ। ਦੋਵੇਂ ਮੇਟਾਫੋਰਾ ਦੇ ਪੜ੍ਹਾਕੂ ਸਨ। ਦੋਵੇਂ ਮੂਰਤੀਆਂ ਘੜਨਾ ਅਤੇ ਚਿੱਤਰਕਾਰੀ ਸਿੱਖਦੇ ਸਨ।

ਘਟਰੀਨਾ ਸਪੈਨੀਸ਼ ਕੁੜੀ ਸੀ। ਖਾਸ ਬਾਥੇਲੋਨਾ–ਘਰ ਵਾਪਸੀ ਦੀ ਕੈਟਾਲੈਣੀ ਕਰਕੇ ਸਾਡੇ ਪੰਜਾਬੀ ਵਾਂਗ ਕੰਜ਼ਰਵੇਟਿਵ ਖ਼ਿਆਲ ਸਨ। ਕਹਿਣ ਦਾ ਮਤਲਬ ਵਿਆਹ ਤੋਂ ਪਹਿਲਾ ਅੰਗ੍ਰੇਜ਼ਾਂ ਵਾਂਗੂੰ ਕਿਸੇ ਨਾਲ ਸੌਣ ਵਾਲੀ ਨਹੀਂ ਸੀ। ਪਰ ਫਿਰ ਵੀ ਸਾਥੋਂ ਖੁਲ੍ਹੇ ਡੁਲ੍ਹੇ ਹਨ। ਜੇ ਕੋਈ ਲੜਕਾ ਨੂੰ ਯਾਰ ਬਣਾ ਲਿਆ ’ਤੇ ਬੰਨ੍ਹਣ ਪੱਕਾ ਸੀ। ਉਸ ਮੁੰਡੇ ਨਾਲ ਹੀ ਰਹਿਣਾ ਸੀ। ਇੱਦਾਂ ਦੇ ਕਿੱਸੇ ਵਿਚ ਗਠਜੋੜ ਤੋਂ ਪਹਿਲਾਂ ਵੀ ਮੀਆਂ–ਬੀਬੀ ਵਾਂਗ ਕੰਮ ਚੱਲਦਾ ਸੀ। ਪਰ ਕੈਟਾਲਾਨ ਦੇ ਰਿਵਾਜ ਕਰਕੇ ਵਿਆਹ ਸ਼ਾਦੀ ਤੋਂ ਪਹਿਲਾ ਵੇਖਣ ਦਾ ਮੌਕਾ ’ਕੱਲੇ ਆਰਟ ਕਾਲਜ ਦੇ ਚਿੱਤਰਸ਼ਾਲੇ ਵਿਚ ਮਿਲਣ ਦਾ ਸੀ। ਪੰਜਾਬ ਵਿਚ ਤਾਂ ਅੱਖਾਂ ਮਾਰ ਕੇ ਹੀ ਕੁੜੀ ਪਟ ਹੋ ਜਾਂਦੀ ਸੀ। ਪਰ ਵਿਦੇਸ਼ਾਂ ’ਚ ਤਾਂ ਇਸ ਤਰੀਕਾ ਨੂੰ ਨੱਢੀ ਰੰਗੜ ਸਮਝਦੀਆਂ ਸੀ। ਇਸ ਲਈ ਰਾਣਾ ਨੇ ਪਹਿਲਾ ਘਟਰੀਨਾ ਦੀ ਮਾਂ ਬੋਲੀ ਸਿੱਖੀ। ਉਸ ਤੋਂ ਬਾਅਦ ਉਸਨੂੰ ਡੇਟ ’ਤੇ ਆਖਿਆ। ਕਹਿਣ ਦਾ ਮਤਲਬ ਖੁਸ਼ਾਮਦ ਕੀਤੀ। ਚਾਪਲੂਸੀ ਕੀਤੀ ਅਤੇ ਸੈਰ ਕੀਤੇ। ਇੱਦਾਂ ਚੱਕਰ ਚੱਲੀ ਗਿਆ। ਹਾਰ ਕੇ ਦੋਨਾਂ ਦਾ ਪ੍ਰੇਮ



ਹੋ ਗਿਆ।

ਰਾਣਾ ਬਹੁਤ ਖ਼ੁਸ਼ ਸੀ। ਕਿਉਂ ਨਹੀਂ? ਘਟਰੀਨਾ ਦੇ ਵਾਲ ਕਾਲੇ ਰਾਜ ਹੰਸ ਵਰਗੇ ਸੀ। ਨੈਣ ਨਕਸ਼ ਖ਼ੂਬ ਸਨ। ਨੱਕ ਤਿਖਾ ਅੱਖ ਮੋਟੀ, ਠੋਡੀ ਨੇਸ਼ਾ ਦੇ ਧਾਰ ਵਰਗੀ ਅਤੇ ਰੰਗ ਗੋਰਾ ਚਿਟਾ। ਹੋਠ ਗੋਲ–ਗੋਲ ਸਨ। ਲੱਕ ਪਤਲਾ ਸੀ ਲੱਤਾਂ ਲੰਬੀਆਂ। ਆਪਨੂੰ ਸਜਾ ਕੇ ਸਾਰੇ ਪਾਸੇ ਜਾਂਦੀ ਸੀ। ਸੱਜੀ ਸੱਜਾਈ ਮੋਰ ਤੋਂ ਵੀ ਵਾਧੂ ਸੀ। ਰਾਣਾ ਖ਼ੁਸ਼ੀਆਂ ਨਾਲ ਚੋਖਾ ਹੋਇਆ ਸੀ। ਇਸ ਕਰਕੇ ਜਦ ਰਾਣਾ ਨੇ ਮੂਰਤੀ ਬਣਾਉਣ ਦਾ ਪ੍ਰੋਜੇਘਟ ਸ਼ੁਰੂ ਕਰ ਲਿਆ ਸੀ ਘਟਰੀਨਾ ਮੋਡਲ ਬਣਨ ਤਿਆਰ ਹੋ ਗਈ। ਬਸ ਉਹ ਪੀੜ੍ਹੀ ਉੱਤੇ ਬਹਿ ਕੇ ਸੋਚਾਂ ’ਚ ਗਵਾਚੀ ਸੀ ਜਦ ਰਾਣਾ ਗੋਡੇ ਭਾਰ ਡਿੱਗ ਗਿਆ। ਹੈਰਾਨ ਹੋ ਕੇ ਖੜ੍ਹ ਗਈ।

– ਰਾਣਾ ਸਭ ਠੀਕ ਟਾਕ ਏ– ਉਨ੍ਹੇ ਕੈਟਾਲਾਂਨ ਬੋਲੀ ’ਚ ਆਖਿਆ। ਪਰ ਰਾਣਾ ਤਾਂ ਬਹੁਤ ਪਰੇਸ਼ਾਨੀ ਜਾਪਦਾ ਸੀ। ਇੱਦਾਂ ਲੱਗੇ ਘਟਰੀਨਾ ਨੂੰ ਜਿੱਦਾਂ ਉਸਦੀ ਰੂਹ ਸਰੀਰ ਨੂੰ ਛੱਡ ਕੇ ਉੱਡ ਗਈ ਸੀ। ਕੰਬਲ ਕੁੜੀ ਤੋਂ ਉੱਧੜ ਗਿਆ। ਢੱਕਿਆ ਸਰੀਰ ਹੁਣ ਬੇਸ਼ਰਨ ਸੀ। ਇੱਦਾਂ ਘਟਰੀਨਾ ਰਾਣੇ ਖੋਲ੍ਹੇ ਆ ਖਲੋਈ। ਹਮਦਰਦੀ ਨਾਲ ਉਸਨੂੰ ਜਪੀ ਪਾਈ।

– ਪਤਾ ਨਹੀਂ ਘਟਰੀਨਾ। ਉਹ ਫਿਰ ਹੋਣ ਲੱਗ ਗਿਆ - ਰਾਣਾ ਨੇ ਸੀਸ ਸੱਜਣ ਦੇ ਸਰੀਰ ਨਾਲ ਢੱਕ ਲਿਆ। ਫੜਕ ਫੜਕ ਕੇ ਰੋਂਣ ਲੱਗ ਪਿਆ - ਮੈਂ ਖ਼ੂਨੀ ਨਹੀਂ ਹਾਂ। ਮੈਂ ਖ਼ੂਨੀ ਨਹੀਂ ਹਾਂ –। ਪਰੀ ਨੇ ਆਪਣੇ ਪ੍ਰੇਮੀ ਪਰਵਾਨੇ ਨੂੰ ਤੱਸਲੀ ਦੀਤੀ।

– ਫਿਕਰ ਨਾ ਕਰ ਮੇਰੀ ਜਾਣ। ਤੂੰ ਬਾਥੇਲੋਨਾ–ਘਰ ਵਾਪਸੀ ਹੈ। ਮੇਰੇ ਖੋਲ੍ਹ–।

ਘਟਰੀਨਾ ਨੂੰ ਪੂਰਾ ਪਤਾ ਸੀ ਕੇ ਵਰ੍ਹਾਂ ਦਾ ਰਾਣਾ ਉਸ ਅਜੀਬ ਜੱਗ ’ਚ ਗਵਾਚ ਜਾਂਦਾ ਸੀ। ਰਾਣੇ ਲਈ ਤਾਂ ਅਸਲੀਅਤ ਹੀ ਸੀ। ਪਰ ਦੇਖਣ ਵਾਲੇ ਨੂੰ ਤਾਂ ਕੇਵਲ ਲੱਗਦਾ ਸੀ ਕੇ ਕੋਈ ਛੋਟੀ ਮੋਟੀ ਮਿਰਗੀ ਸੀ। ਓਟ ਤਾਂ ਸਿਰਫ਼ ਰਾਣੇ ਦੀਆਂ ਅੱਖਾਂ ਵਿਚ ਸੀ। ਲਾਡ ਪਿਆਰ ਕਰਨ ਦਾ ਲੋੜ ਸੀ) ਇਸ ਕਰਕੇ ਘਟਰੀਨਾ ਨੇ ਕੱਪੜੇ ਪਾਕਿ ਰਾਣੇ ਨੂੰ ਬਾਹਰ ਹਵਾ ਲੈਣ ਸੈਰ ਕਰਨ ਲੈ ਗਈ ਸੀ। ਸ਼ਹਿਰ ਵਿਚ ਘੁੰਮਣ। ਕਹਿੰਦੇ ਨੇ ਕੇ *ਰੋਮਾ* ਤੋਂ ਘੁੱਟ ਤੋਂ ਘੁੱਟ ਚਾਰ ਸੌ ਸਾਲ ਪਹਿਲਾ ਬਾਥੇਲੋਨਾ–ਘਰ ਵਾਪਸੀ ਕਾਇਮ ਕੀਤਾ ਸੀ। ਨਾਲੇ ਬਹੁਤ ਸੇਟ ਥਾਂ ਉੱਤੇ ਸ਼ਹਿਰ ਬਣਾਇਆ ਸੀ। ਮੇਡਾਟਰੈਨੀਅਨ ਸਾਗਰ ਦੇ ਖੋਲ੍ਹੇ। ਸ਼ਹਿਰ ਦੀ ਬੰਦਰਗਾਹ ਖੁੱਲ੍ਹਾ ਡੁੱਲ੍ਹਾ ਹੈ ਨਾਲੇ ਕਾਰੋਬਾਰ ਵਪਾਰ ਨਾਲ ਇਸ ਨਗਰ ਨੂੰ ਬਹੁਤ ਦੌਲਤਮੰਦ ਮਿਲਿਆ। ਇਥੋਂ ਹੀ ਕੋਲੰਬਸ ਅਮਰੀਕਾ ਗਿਆ ਸੀ। ਬਾਥੇਲੋਨਾ–ਘਰ ਵਾਪਸੀ ਦੇ ਪਿੱਛੇ *ਕੋੱਲਸੇਰੋਲਾ* ਪਹਾੜਾ ਹਨ। ਅੱਗੇ ਸਮੁੰਦਰ ਹੀ ਸਮੁੰਦਰ। ਲਾਹੋਰ ਵਾਂਗ ਕਿਈ ਬਾਗਾਂ ਹਨ। ਪੁਰਾਣਾ ਸ਼ਹਿਰ ਵੀ ਹੈ। ਸਾਰੇ ਪਾਸੇ ਇਕ ਮਸ਼ੂਰ ਨਿਰਮਾਤੇ ਨੇ ਖ਼ੂਬ ਇਮਾਰਤਾਂ ਬਣਾਇਆ ਹੈ। ਉਸਦਾ ਨਾਂਅ ਗੌਡੀ ਸੀ। ਦੁਨੀਆਂ ਵਿਚ ਮਸ਼ੂਰ ਹੈ। ਸੱਮਾ ਉਹਦੇ ਕਰਕੇ ਤਾਂ ਸ਼ਹਿਰ ਇਕ ਹੁਸਨ ਹੀਰ ਵਾਂਗ ਜਾਪਦਾ ਹੈ। ਗੌਡੀ ਨੇ ਔਰਤ ਦੇ ਅਦਾਵਾਂ ਸ਼ਹਿਰ ਨੂੰ ਦਿੱਤੀਆਂ ਹਨ। ਹੀਰ ਵਾਂਗ ਐਸਪਾਨੀਆ ਦੀ ਰੂਹ ਹੈ ਬਾਥੇਲੋਨਾ–ਘਰ ਵਾਪਸੀ।

ਊਹ ਵੱਧ ਲੋਕ ਬਾਥੇਲੋਨਾ–ਘਰ ਵਾਪਸੀ ਨੂੰ ਬਾਰਸੇਲੋਨਾ ਨਾਂਅ ਤੋਂ ਜਾਂਦੇ ਹਨ।

ਪਰ ਇਹ ਤਾਂ ਅੰਗ੍ਰੇਜ਼ਾਂ ਦਾ ਨਾਂਅ ਦਿੱਤਾ ਹੈ। ਲੋਕਲ ਲੋਕ ਤਾਂ ਬਾਥੇਲੋਨਾ-ਘਰ ਵਾਪਸੀ ਹੀ ਸੱਦ ਦੇ ਹੈ। ਬਾਥੇਲੋਨਾ-ਘਰ ਵਾਪਸੀ ਦਾ ਮੌਸਮ ਸੁਹਾਉਣਾ ਹੈ। ਸਿਆਲ 'ਚ ਸ਼ਾਂਤ ਅਤੇ ਨਮਦਾਰ ਹੁੰਦਾ ਹੈ। ਗਰਮੀ 'ਚ ਕੋਸਾ ਅਤੇ ਸੋਕੜ। ਪੱਛਮੀ ਪਵਨ ਸਰਦੀਆਂ ਆਉਂਦੀਆਂ ਹਨ। ਇਸ ਲਈ ਵਰਖਾ ਨਹੀਂ ਪੈਂਦੀ। ਪਰ ਸਮੁੰਦਰ ਦੇ ਨੇੜੇ ਕਰਕੇ ਅਗਸਤ 'ਚ ਤੂਫਾਨ ਆਉਂਦੇ ਰਹਿੰਦੇ ਨੇ। ਅਕਤੂਬਰ ਤੋਂ ਨਵੰਬਰ ਤੱਕ ਝੜੀ ਪੈਂਦੀ ਹੈ। ਉਹ ਲੰਡਨ ਵਰਗਾ ਮੌਸਮ ਹੈ ਪਰ ਪੰਜਾਬ ਵਾਂਗ ਵੀ ਹੈ। ਸਨੂੰ ਹਿਮ ਬਹੁਤ ਘੱਟ ਪੈਂਦੀ। ਬਸੰਤ ਵਿਚ ਸਮੁੰਦਰ ਤੋਂ ਧੁੰਦ ਚੜ੍ਹ ਜਾਂਦੀ ਹੈ।

ਲਾਹੋਰ ਵਾਂਗ ਕਈ ਬਾਗਾਂ ਹੈ। ਬਾਰਾ ਇਤਾਹਾਸੀ ਬਾਗਾਂ ਹਨ। ਪੰਜ ਬਨਸਪਤੀ ਸੰਬੰਧੀ ਬਾਗਾਂ ਹਨ। ਛੇ ਜੰਗਲੀ ਅਤੇ ਪੰਤਾਲੀ ਸੈਰ ਕਰਨ ਲਈ ਹਨ। ਉਸ ਤੋਂ ਬਾਅਦ *ਸਿਉਟਾਡੇਲਾ* ਜਿਥੇ ਬਾਥੇਲੋਨਾ-ਘਰ ਵਾਪਸੀ ਦਾ ਸਿਰਕਾਰ ਬੈਠਦਾ ਹੈ। ਇੱਥੇ ਕਈ ਅਜਾਇਬ ਘਰ ਹਨ ਅਤੇ ਸ਼ਹਿਰ ਦਾ ਚਿੜਿਆ ਘਰ ਵੀ ਹੈ। ਉਸ ਤੋਂ ਬਾਅਦ *ਗੁਇਂਅਟੋ* ਹੈ। *ਲਾਸੁੱਟ* ਤਾਂ ਲਾਹੋਰ ਤੋਂ ਵੀ ਲੰਬੀ ਚੌੜੀ ਹੈ। ਅਨਟੋਨੀ ਗੌਡੀ ਦੀ ਗੁਏਲ ਪਾਰਕ ਦੁਨੀਆਂ ਵਿਚ ਮਸ਼ੂਰ ਹੈ। ਵੜਦੇ ਵੜਦੇ ਬਹੁਤ ਸੁੰਦਰ ਪੌੜੀਆਂ ਤੇ ਲਾਠੀਆਂ ਥੰਮ੍ਹੇ ਹਨ। ਰੰਗ ਰੰਗੀਨ ਹਨ। ਇਨ੍ਹਾਂ ਦੇ ਵਿਚਾਲੇ ਇਕ ਕਿਰਲੇ ਦਾ ਭੜਕੀਲਾ ਬੁੱਤ ਬਣਾਇਆ ਹੈ। ਚੰਦੀਗੜ੍ਹ ਦਾ ਰੋਕ ਗਾਦਨ ਵਰਗਾ ਹੈ। ਇੱਥੇ ਕੋਈ ਕੋਈ ਵਾਰੀ ਰਾਣਾ ਆਉਂਦਾ ਸੀ। ਕਦੀ ਮੂਰਤ ਵਾਉਣ ਕਦੀ ਸੋਚਨ ਲਈ। ਹਮੇਸ਼ਾਂ ਸੈਲਾਨੀ ਟੂਰਿਸਤਾਂ ਨਾਲ ਭਰਿਆ ਹੁੰਦਾ ਹੈ।

ਬਾਥੇਲੋਨਾ-ਘਰ ਵਾਪਸੀ ਕੋਲੇ ਕਈ ਰੇਤਲੇ ਕੰਢੇ ਵੀ ਹਨ। ਸਭ ਤੋਂ ਮਸ਼ੂਰ *ਸੰਟ ਸੇਬਸਟਿਆ* ਅਤੇ *ਬਾਥੇਲੋਨੇਟਾ* ਹਨ। ਇੱਥੇ ਵੀ ਮਸਤੀ ਵਿਚ ਘਟਰੀਨਾ ਨਾਲ ਕਿਈ ਘੰਟੇ ਬੀਤੇ ਹੈ। ਸਤਾਰਾਂ ਲੱਖ ਲੋਕ ਬਾਥੇਲੋਨਾ-ਘਰ ਵਾਪਸੀ 'ਚ ਵਸਦੇ ਨੇ। ਉਂਜ ਨਿਰਮਾਣ ਕਰਨ ਵਾਲੇ ਸੇਘਟਰ ਤਕੜਾ ਹੈ। ਫਿਰ ਵੀ ਅੱਜ ਕੱਲ੍ਹ ਮੁਲਾਜ਼ਮਤ ਸੇਘਟਰ ਚੜ੍ਹ ਗਈ ਹੈ। ਸ਼ਹਿਰ ਦੇ ਕਾਮੇ ਬਣਤੀ ਦਾ ਮਾਲ। ਰਸਾਇਣੀ। ਔਸ਼ਧੀ। ਮੋਟਰ ਗੱਡੀ। ਬਿਜਲਈ ਪਦਾਰਥ। ਛਪਾਈ। ਆਈ ਟੀ। ਪ੍ਰਕਾਸ਼ਤ। ਸਮਾਨ ਵੰਡਾਉਣ ਦੇ ਪੇਸ਼ਿਆਂ ਵਿਚ ਕਾਮਯਾਬ ਹੈ।

ਬਾਥੇਲੋਨਾ-ਘਰ ਵਾਪਸੀ ਸਪੇਣ ਦਾ ਇਲਾਕਾ ਹੈ ਪਰ ਜਿੱਦਾਂ ਪੰਜਾਬ ਵੀ ਆਪਨੂੰ ਰਾਜ ਕਰਦਾ ਇੱਥੇ ਵੀ ਓਈ ਚੱਕਰ ਹੈ। ਸਰਪੰਚ ਕੋਲੇ ਬਹੁਤ ਤਾਕਤ ਹੈ। ਕੈਟਾਲਾਂਨੀਏ ਦੇ ਕਿਈ ਨਵਾਸਿਆਂ ਨੇ ਵੱਖਰਾ ਹੋਣ ਦੀ ਕੋਸ਼ਿਸ਼ ਕੀਤੀ ਹੈ। ਕਿਈ ਵਾਰੀ ਆਤੰਕਵਾਦ ਵੀ ਹੋਇਆ ਸੀ। ਆਪਣੀ ਬੋਲੀ ਨੂੰ ਬਚਾਉਣ ਬਹੁਤ ਕੁਛ ਕਰ ਸੱਕ ਦੇ ਏ। ਉਹ ਇਸ ਤਰੀਕਾ ਰੱਬ ਦੇ ਖ਼ਿਲਾਫ਼ ਵੀ ਹੈ ਨਾਲੇ ਇਨਸਾਨੀਅਤ ਦੇ ਵੀ ਹੈ ਨਾਂ?

ਬਾਥੇਲੋਨਾ-ਘਰ ਵਾਪਸੀ ਦਸ ਤਹਿਸੀਲਾਂ 'ਚ ਵੰਡਿਆ ਹੋਇਆ ਹੈ। ਅੱਜ ਕੱਲ੍ਹ ਦੀਆਂ ਤਹਿਸੀਲਾਂ ਪਿੰਡ ਨਗਰ ਹੁੰਦੇ ਸਨ ਪਰ ਹੁਣ ਸ਼ਹਿਰ ਨੇ ਹਜ਼ਮ ਕਰ ਲੈ। ਰਾਣਾ *ਸਿਉਟਟ ਵੱਲਾ* ਤਹਿਸੀਲ ਦਾ ਨਿਵਾਸੀ ਹੈ। ਉਸ ਤਹਿਸੀਲ ਦੇ *ਬਾਰਿਓ ਗੋਰਿਕੋ* ਇਲਾਕੇ 'ਚ ਰਹਿੰਦਾ ਹੈ। *ਬਾਰਿਓ* ਦਾ ਮਤਲਬ ਹੈ ਪਿੰਡ। ਇਹ ਹੀ ਤਹਿਸੀਲ ਵਿਚ *ਬਾਰਿਓ ਚੀਨੂੰ* ਖੇਤਰ ਹੈ। ਅੰਗ੍ਰੇਜ਼ ਬੋਲੀ 'ਚ ਇਸ ਥਾਂ ਨੂੰ ਚਾਹੀਨਾ ਟੌਣ ਆਖਦੇ ਨੇ। ਹੋਰ ਵੀ ਤਹਿਸੀਲ ਹੈ। ਪੂਰੇ ਦਸਾਂ ਦੇ ਨਾਂਅ ਹੈ *ਏਕਜ਼ਾਪਲ। ਸੰਟ ਮੋਇਜੁਕ। ਲੈ ਕੋਰਟ। ਸਾਰਿਆਂ ਸੰਟ*



*ਜੇਵਾਸੀ। ਗ੍ਰੈਸੀਆ। ਹੋਰਟਾ ਗੁਨੇਆਰਦੋ। ਨੌ ਬਾਰਿਸ। ਸੰਟ ਅੰਦਰੂ* ਅਤੇ *ਸੰਟ ਮਾਰਗੀ*।

ਬਾਥੇਲੋਨਾ-ਘਰ ਵਾਪਸੀ ਵਿਚ ਬਹੁਤ ਕੁਝ ਕਰਨ ਲਈ ਹੈ। ਕਿਥੇ ਅਜਾਇਬਖ਼ਾਨੇ। ਕਿਥੇ ਸਿਨੀਮੇ। ਕਿਥੇ ਗਾਉਣ ਗੁਣ ਦੇ ਥਾਂ। ਕਿਥੇ ਨਾਤਕ। ਦੁਨੀਆਂ ਵਿਚ *ਗ੍ਰਨ ਟੇਟਰ ਡੇਲ ਲਿਕੂ* ਮਸ਼ਹੂਰ ਹੈ। *ਟੇਟਰ ਨਾਸ਼ੀਨਾਲ ਡੇ ਕੱਟਲੂਨਾ* ਅਤੇ ਕਿਈ ਹੋਰ ਵੀ ਨਾਮੀ ਹਨ। ਕਹਣਿ ਦਾ ਮਤਲਬ ਆਪਣੇ ਸੱਭਿਆਚਾਰ ਨੂੰ ਬਹੁਤ ਉੱਚੇ ਥਾਂ 'ਤੇ ਰੱਖ ਦੇ ਹੈ। ਸਿਰਕਾਰੀ ਬੋਲੀ ਭਾਵੇਂ ਏਸਪਾਨੀਅਲ ਹੋਵੇ ਪਰ ਸਪਾਂਨਿਸ਼ ਦੇ ਥਾਂ ਆਪਣੀ ਮਾਂ ਬੋਲੀ ਕੱਟਾਲਨ ਰੱਖ ਦੇ ਹੈ।

ਰਾਣੇ ਅਤੇ ਘਟਰੀਨਾ ਦਾ ਸ਼ੌਂਕ ਹੈ ਅਜਾਇਬਖ਼ਾਨੇ ਵਿਚ ਘੁੰਮਣਾ। ਕਲਾਕਾਰ ਦੀ ਵਿੱਦੀਆ ਵੀ ਵੱਧ ਦੀ ਏ ਨਾਲੇ ਦਿਮਾਗ ਵੀ ਵੱਧ ਦਾ। ਰਾਣੇ ਦੇ ਟਿਕਾਨੇ ਦੇ ਖਰੀਬ *ਲਾ ਰੰਬਲਾ* ਸੜਕ ਹੈ। ਬਹੁਤ ਹੀ ਮਸ਼ਹੂਰ ਸੜਕ ਹੈ। ਸਾਰੇ ਸੰਸਾਰ ਇਸ ਦਾ ਨਾਂਅ ਜਾਂਦੇ ਨੇ। ਇੱਥੇ ਸੌ ਤੋਂ ਉਪਰ ਅਜਾਇਬਖ਼ਾਨੇ ਹਨ। ਬਾਜ਼ਾਰ ਵੀ ਹੈ ਜਿਥੇ ਜਿਉਂਦੇ ਮੁਰਗਈਆਂ ਤੋਂ ਫੁੱਲ ਸਬਜ਼ੀਆਂ ਤੋਂ ਚਿੱਤਰਕਾਰ ਤੱਕ ਵੇਚ ਦੇ ਹੈ। ਬਹੁਤ ਕੁਛ ਤਾਜ਼ਾ ਤਾਜ਼ਾ ਹੈ। ਟੋਰਿਸਟਾਂ ਨਾਲ ਭਰਿਆ ਕਰਕੇ ਪੋਕਿਟਮਾਰ ਵੀ ਬਹੁਤ ਹੈ। *ਲਾ ਰੰਬਲਾ* ਬਹੁਤ ਸੁੰਦਰ ਸੜਕ ਹੈ। ਛਾਂਦਾਰ ਸੜਕ ਹੈ। ਇਸ ਸ਼ਾਹ ਰਾਹ ਦੇ ਇਕ ਪਾਸੇ ਸ਼ਹਿਰ ਦੇ ਨਵੀਨ ਉਬਰਬਾਜ਼ਾਰ ਮਾਲਾਂ ਹਨ। ਸੜਕ ਦੇ ਸੀਸ ਉੱਤੇ ਚੌਂਕ ਹੈ ਜਿਸ ਨੂੰ *ਪਲਾਨਾ ਕੱਟਾਲੂਨਾ* ਆਖਦੇ ਨੇ। ਦੂਜੇ ਪਾਸੇ ਸਮੁੰਦਰ ਕੋਲੇ *ਮਰੇਮਾਗਨਮ* ਹੈ। ਇਥੋਂ ਸ਼ੌ ਸ਼ਾਹ ਵੇਖ ਸੱਕਦੇ ਹੈ। ਇਕ ਲੰਬਾ ਲਾਠ *ਮਰੇਮਾਗਨਮ* ਪੇਅ ਦੇ ਉਪਰੋਂ ਸਮੁੰਦਰ ਵੱਲ ਝਾਕ ਦਾ ਹੈ। ਇਸ ਲਾਠ ਦੇ ਪੈਰਾਂ ਕੋਲੇ ਚਾਰ ਬੱਬਰ ਸ਼ੇਰਾਂ ਦੇ ਬੁੱਤ ਹਨ। ਲਾਠ ਉੱਤੇ ਕ੍ਰਿਟਾਫਰ ਕੋਲੰਬਸ ਖੜ੍ਹਾ ਹੈ। ਉਹ ਦੀ ਉਂਗਲ ਸਮੁੰਦਰ ਵੱਲ ਵਧਾਈ ਹੈ। ਜਿੱਦਾਂ ਦੁਨੀਆਂ ਨੂੰ ਦੱਸ ਰਿਹਾ - ਮੈਂ ਇਥੋਂ ਜਾ ਕੇ ਸਾਰੀ ਦੁਨੀਆਂ ਨੂੰ ਸਰ ਕਰ ਲੈ ਨਾ-। *ਪਲਾਕਾ ਕੱਟਾਲੂਨਾ* ਅਤੇ ਕੋਲੰਬਸ ਦੇ ਬੁੱਤ ਦੇ ਵਿਚਾਲੇ ਫੁੱਲ ਦੀ ਮੰਡੀ ਹੈ। ਪੰਛਿਆਂ ਦੀ ਹੈ। ਅਤੇ ਜਿੱਦਾਂ ਸਾਹ 'ਚ ਸਾਹ ਆਉਂਦਾ ਭੋਜਨਸ਼ਾਲੇ ਅਤੇ ਅਜਾਇਬਖ਼ਾਨੇ ਹਨ। ਲੋਕ ਕੇਵਲ ਪੈਦਲ ਤੁਰ ਫਿਰ ਸੱਕਦੇ ਨੇ। ਪਾਠਕ ਜੀ ਹੱਲੇ ਤੁਹਾਨੂੰ ਇਸ ਸੁੰਦਰ ਸ਼ਹਿਰ ਬਾਰੇ ਬਹੁਤ ਕੁਝ ਹੋਰ ਵੀ ਦੱਸ ਸੱਕਦਾ ਹੈ। ਮੇਰੇ ਖ਼ਿਆਲ ਵਿਚ ਥਾਂ ਨਾਲ ਵਾਕਫ਼ੀਅਤ ਹੋ ਗਈ। ਜਦੋ ਲੋੜ ਹੈ ਉਦੋਂ ਹੀ ਹੋਰ ਦੱਸੂਗਾ। ਕਿਉਂ ਆਪਾਂ ਤਾਂ ਵੇਖਣਾ ਸਾਡੇ ਨਾਇਕ ਨੂੰ ਕੀ ਹੁੰਦਾ ਹੈ। ਨਾਲੇ ਨਾਲ ਇਸ ਜਨਾਨੀ ਵਰਗੀ ਸ਼ਹਿਰ ਦਾ ਆਪ ਹੀ ਪਤਾ ਲੱਗ ਜਾਵੇਗਾ। ਹੁਣ ਤਾਂ ਆਪਣੇ ਵੀ ਲੋਕ ਇੱਥੇ ਆਉਣ ਲੱਗ ਪਏ। ਖ਼ੈਰ *ਮੇਟਾਫੋਰਾ* ਤੋਂ ਬਾਹਰ ਜਾ ਕੇ ਇਹ ਦੋਵੇਂ ਯਾਰ *ਲਾ ਰੰਬਲਾ* ਬਾਂਹ 'ਚ ਬਾਂਹ ਪਾਕਿ ਤੁਰਦੇ ਫਿਰਦੇ ਸੀ। ਕਦੀ ਪੰਛਿਆਂ ਦੇ ਸਾਹਮਣੇ ਖੜ੍ਹ ਜਾਂਦੇ ਸੀ ਕਦੀ ਕੋਈ ਦੁਕਾਨ ਦੇ ਬਾਰੀ ਬਾਹਰ।

– ਸੌਰੀ ਘਟਰੀਨਾ। ਮੈਨੂੰ ਲੱਗਦਾ ਜਿੰਨਾ ਚਿਰ ਮੈਂ ਘਾਤ ਪੂਰੀ ਨਹੀਂ ਕਰਦਾ ਉਥੇ ਹੀ ਵਾਪਸ ਜਾਈ ਜਾਣਾ। ਸਮਝ ਨਹੀਂ ਹੈ ਕੇ ਇਧਰ ਉਧਰ ਹਲੇ ਵੀ ਜਾਈ ਜਾਂਦਾ ਏ। ਹਾਂ ਮੈਂ ਬਾਪੂ ਨਾਲ ਇਸ ਵੇਲੇ ਗੁੱਸਾ ਹੈ। ਪਰ ਮੈਂ ਸੱਚੀ ਮੁਚੀ ਉਹਨੂੰ ਮਾਰਨਾ ਚਾਹੁੰਦਾ? 'ਨਾਲੇ ਮੈਂ ਤਾਂ ਹੁਣ ਤੇਰੇ ਨਾਲ ਕਿੰਨਾ ਖ਼ੁਸ਼ ਹੈ-।

– ਮੈਂ ਵੀ ਤੇਰੇ ਨਾਲ ਖ਼ੁਸ਼ ਹੋ। ਦੇਖ ਰਾਣਿਆ ਤੂੰ ਕਿਥੇ ਨਹੀਂ ਗਿਆ। ਸਿਰਫ਼

ਇਕ ਦੋ ਪਲਾਂ ਲਈ ਗੋਡੇ ਭਾਰ ਘਿਰਿਆ ਸੀ। ਭੁਲਾਵੇ 'ਚ ਨਾ ਗੁਮ-।

– ਨਹੀਂ। ਮੈਂ ਤਾਂ ਚੰਦ'ਤੇ ਅਲਫੋਂਸੋ ਨਾਲ ਪਹਾੜ'ਤੇ ਸਾਂ। ਆ ਦੇਖ ਮੇਰੀਆਂ ਬਾਹਾਂ। ਮੇਰਾ ਮੁਖ। ਇਹ ਲੜਾਈ ਦੀਆਂ ਸੋਜਾਂ ਨੇ! ਸੱਚ ਮੁੱਚ ਮੈਂ ਉਥੇ ਗਿਆ ਸੀ। ਮੈਂ ਪਾਗ਼ਲ ਨਹੀਂ ਹਾਂ-। ਹੋਕਾ ਭਰ ਕੇ ਘਟਰੀਨਾ ਨੇ ਸੋਜਾਂ ਵੱਲ ਇਸ਼ਾਰਾ ਕੀਤਾ। ਉਹ ਵੀ ਹੈਰਾਨ ਸੀ। ਪਰ ਫਿਰ ਕਹਿੰਦੀ - ਰਾਨਿਆ ਜਦ ਤੂੰ ਭੁੰਝੇ ਡਿੱਗਿਆ ਓਦੋਂ ਸੱਟ ਵੱਜ ਗਈ -।

– ਨਹੀਂ। ਮੈਂ ਜ਼ਰੂਰ ਉੱਤੇ ਸੀ। ਤੂੰ ਤਾਂ ਇੱਦਾਂ ਮੇਰੇ ਵੱਲ ਦੇਖ ਦੀ ਹੈ ਜਿੱਦਾਂ ਮੈਨੂੰ ਸਾਈਕਾਈਟਰਿਸਟ ਨੂੰ ਦੇਖਣਾ ਚਾਹੀਦਾ-।

– ਪਤਾ ਨਹੀਂ। ਤੂੰ ਕਈ ਵਾਰੀ ਮੈਨੂੰ ਇਸ ਦੇ ਬਾਰੇ ਦੱਸਿਆ ਸੀ। ਪਰ ਹੁਣ ਕਈ ਸਾਲਾਂ ਬਾਅਦ ਤੈਨੂੰ ਹੋਇਆ। ਮੇਰੇ ਖ਼ਿਆਲ ਵਿਚ ਕ੍ਰਿਸ਼ਮਸ ਜਦ ਤੂੰ ਪਿਤਾ ਨਾਲ ਲੜਿਆ ਤੈਨੂੰ ਚੁਬਿਆ। ਇਸ ਕਰਕੇ ਤੂੰ ਆਪਣੇ ਕੋਈ ਮਨ ਦੇ ਖੂੰਜੇ ਵਿਚ ਲੁਕ ਦਾ ਹੈ। ਗੁੱਸਾ ਕੱਢਦਾ-।

– ਨਹੀਂ। ਸੱਚ ਏ। ਸੱਚ ਏ। ਇਹ ਸੋਜ ਦੇਖ ਘਟਰੀਨਾ। ਇਨ੍ਹਾਂ ਨੂੰ ਤੂੰ ਕਿਵੇਂ ਝੂਠ ਕਹਿ ਸੱਕੱਢੀ ਏ?-।

– ਪਤਾ ਨਹੀਂ। ਪਰ ਪਿਆਰ ਦਾ ਤਾਂ ਪਤਾ ਹੈ-। ਇਹ ਕਹਿ ਕੇ ਆਪਣੇ ਬੁਲ੍ਹ ਰਾਣੇ ਦੇ ਹੋਠ ਨਾਲ ਮਿਲਾ ਦਿੱਤੇ। ਫੁੱਲਾਂ ਦੀ ਦੁਕਾਨ ਸਾਹਮਣੇ ਸੀ। ਗੁਲਦਸਤਾ ਘਟਰੀਨਾ ਲਈ ਖਰੀਦ ਲਿਆ। ਜੋ ਹੋਇਆ ਜਾ ਜੋ ਰਾਣੇ ਨੂੰ ਲੱਗਿਆ ਹੋਇਆ ਸੀ ਮਨ ਨੇ ਇਸ ਵੇਲੇ ਛੱਡ ਦਿੱਤਾ। ਹੁਣ ਤਾਂ ਖ਼ੁਸ਼ ਹੀ ਸੀ। ਮਨ ਹੋਲਾ ਹੋ ਗਿਆ ਸੀ। ਹੁਣ ਲਈ ਬਾਥੇਲੋਨਾ-ਘਰ ਵਾਪਸੀ ਦੀ ਗੋਦ ਵਿਚ ਦਿਲਾਸਾ ਲੈ ਰਿਹਾ ਸੀ। ਘਟਰੀਨਾ ਦੀਆਂ ਬਾਹਾਂ ਵਿਚ ਸੁਖ ਲੈ ਰਿਹਾ ਸੀ। ਕੀ ਪਤਾ ਭਿਆਨਕ ਸੁਪਨਾ ਹੀ ਸੀ? ਬਾਥੇਲੋਨਾ-ਘਰ ਵਾਪਸੀ ਐਸਤਾਰਫੀਨੀਆ ਤੋਂ ਵੀ ਦੂਰ ਸੀ ਸਾਉਥਹਾਲ ਤੋਂ ਵੀ। ਫਿਰ ਵੀ ਕੋਈ ਕੋਈ ਵਾਰੀ ਜਦ ਮੁਰਗੀ ਦੀ ਮੁੰਡੀ ਵਿਚ ਮੁਰਗੀ ਨਾਲ ਅੱਖ ਮਿਲ ਜਾਂਦੀ ਸੀ ਯਾਦ ਆ ਜਾਂਦਾ ਸੀ ਪਲ ਲਈ। ਕਿਵੇਂ ਉਹ ਭੇੜੀਆ ਵਿਚ ਤਲਵਾਰ ਪਾਈ। ਜੇ ਉਥੇ ਪੱਕਾ ਹੋਣ ਦਾ ਫ਼ੈਸਲਾ ਬਣਾਇਆ ਫਿਰ ਇੱਦਾਂ ਹੀ ਆਪਣੇ ਬਾਪ ਨਾਲ ਕਰਨਾ ਪਊਗਾ? ਭਹੁਤ ਭਿਆਨਕ ਸੋਚ ਸੀ।

ਦੋਵੇਂ ਤੁਰਦੇ ਫਿਰਦੇ ਲਾ ਰੰਬਲੇ ਦੇ ਰੁੱਖਾਂ ਵਿਚੋਂ ਨਿਕਲ ਕੇ ਰਾਵੱਲ ਵੱਲ ਗਏ। ਇੱਥੇ ਉਹੀ *ਮੁਸੀਉ* 'ਤੇ *ਆਟ ਕੰਟੇਮਪੋਰਾਣੀ* 'ਚ ਵੜ ਗਏ। ਇੱਥੇ ਨਵੇਂ ਨਵੇਂ ਮੂਰਤ ਸਨ। ਨਵੇਂ ਨਵੇਂ ਬੁੱਤ। ਆਪਸ ਵਿਚ ਜੋ ਸਾਹਮਣੇ ਡਿਸਪਲੇ ਕੀਤਾ ਸੀ ਬਾਰੇ ਗੱਲਾਂ ਬਾਤਾਂ ਕੀਤੀਆਂ।

– ਘਟਰੀਨਾ ਅੱਜ ਮੇਰਾ ਹੋਰ ਕੰਮ ਕਰਨ ਦਾ ਜੀ ਨਹੀਂ ਕਰਦਾ। ਆਪਾਂ *ਸਗ੍ਰਾਡਾ ਫੈਮੀਲਿਆ* ਜਾਈਏ-।

– ਜੋ ਜੀ ਕਰਦਾ ਮੇਰੇ ਜਾਣ-।

ਬਾਥੇਲੋਨਾ-ਘਰ ਵਾਪਸੀ ਖੋਲ੍ਹੇ ਲੰਡਨ ਤੋਂ ਵੀ ਸੋਣੀ ਸਿਸਟਮ ਹੈ। ਜਿਥੇ ਲੰਡਨ ਖੋਲ੍ਹੇ ਹੁਣ ਪੜਾਣਾ ਹੋਇਆ ਅੰਦਰਗ੍ਰੌਂਡ ਹੈ। ਇਸ ਸੁੰਦਰ ਸ਼ਹਿਰ ਵਿਚ ਮੈੱਟਰੋ ਹੈ। ਮੈੱਟਰੋ



ਫੜ੍ਹ ਕੇ *ਬੱਰੀ ਗੋਟਿਕ* ਵੱਲ ਚਲੇ ਗਏ। ਇੱਥੇ ਗੌਡੀ ਦਾ ਮਸ਼ਹੂਰ ਕਲੀਸਾ ਸੀ। ਕਹਿਣ ਦਾ ਮਤਲਬ ਚੱਰਚ। ਹਲ ਤੱਕ ਪੂਰਾ ਨਹੀਂ ਕੀਤਾ। ਸੌ ਵਰ੍ਹਾਂ ਪਹਿਲਾ ਪ੍ਰੋਜੇਕਤ ਗੌਡੀ ਨੇ ਸ਼ੁਰੂ ਕੀਤਾ ਸੀ। ਖੈਰ ਮੈੱਟਰੋ ਵਿਚ ਬੈਠੇ ਸੀ ਜਦ ਰਾਣਾ ਨੇ ਘਟਰੀਨਾ ਨੂੰ ਪੁੱਛਿਆ- ਕੇ ਤੂੰ ਮੇਰੇ ਨਾਲ ਵਿਆਹ ਕਰੂਗੀ?-। ਹੈਰਾਨ ਹੋ ਕੇ ਘਟਰੀਨਾ ਚੁੱਪ ਹੋ ਗਈ। ਫਿਰ ਦੇਰ ਬਾਅਦ ਜਵਾਬ ਦਿੱਤਾ।

– ਹਾਂ। ਪਰ ਤੈਨੂੰ ਥੋੜਾ ਜਾਂ ਬਦਲਨਾ ਪਵੇਗਾ-। ਰਾਣੇ ਦੇ ਬੁੱਲ੍ਹਾਂ ਉੱਤੇ ਹਾਸੇ ਨੱਚਣ ਲੱਗ ਪਏ। ਇਕ ਬਾਂਹ ਘਟਰੀਨਾ ਦੇ ਮੋਢਿਆਂ ਤੇ ਟਿਕਾ ਦਿੱਤੀ। ਆਪਣੇ ਨਾਲ ਉਹਦਾ ਸਰੀਰ ਖਿੱਚ ਲਿਆ। ਘਟਰੀਨਾ ਦੇ ਮੱਥੇ 'ਤੇ ਮਿੱਠੀ ਲਾ ਕੇ ਅੱਗੇ ਦੇਖਣ ਲੱਗ ਪਿਆ। ਟਰੇਨ ਦੇ ਸ਼ੀਸ਼ਿਆਂ ਪਿੱਛੇ ਇਸ਼ਤਿਹਾਰ ਪਲ ਪਲ ਬਾਅਦ ਬਦਲੀ ਜਾਂਦੇ ਸੀ। ਜਦ ਇਕ ਅੱਡੇ ਸਟਾਪ 'ਤੇ ਠਹਿਰੇ ਸਾਹਮਣੇ *ਸਾਫ਼ ਕਾਸਾ ਬਟੱਲੋ* ਦਾ ਇਸ਼ਤਿਹਾਰ ਸੀ। ਸਪੇਨੀ ਲੋਕ ਮਕਾਨ ਨੂੰ *ਕਾਸਾ* ਆਖਦੇ ਨੇ। ਇਕ ਦਮ ਇਸ਼ਤਿਹਾਰ ਉੱਤੇ ਵਾਹਿਆ ਘਰ ਸੁੰਦਰ ਸੀ। ਇਕ ਦਮ ਅਜੀਬ ਸੀ। ਜਿੱਦਾਂ ਕੋਈ ਖਾਬ ਵਿਚ ਸਜਾਇਆ ਹੁੰਦਾ ਬਿੰਬ ਸੀ। ਐਸਤਾਰਫੀਨੀਆ ਤੋਂ ਵੀ ਅਨੂੰਖਾ ਸੀ। ਰਾਣਾ ਨੇ ਸਾਹ ਭਰ ਕੇ ਸੋਚਿਆ - ਹਾਂ। ਮੇਰੀ ਦੁਨੀਆਂ ਬਹੁਤ ਸੋਣੀ ਹੈ। ਜੋ ਬੀਤ ਗਿਆ ਬੀਤ ਗਿਆ। ਜੋ ਬੀਤ ਰਿਹਾ ਦੇਖਲੂਗੇ। ਮੈਂ ਹੁਣ ਇੱਥੇ ਹੀ ਖ਼ੁਸ਼ ਹੈ। ਘਟਰੀਨਾ ਨਾਲ ਮੰਗਣੀ ਕਰਾ ਕੇ ਮੋਕਿ ਨਾਲ ਡੈਡ ਨਾਲ ਦੋਸਤੀ ਕਰੂਗਾ। ਮੈਥੋਂ ਨਹੀਂ ਕਿਸੇ ਦਾ ਕਾਤਲ ਕਰ ਹੁੰਦਾ ਨਾ ਕਰਨਾ ਹੈ। ਦੂਰ ਦੌੜਨ ਦਾ ਚਾਆ ਹੱਟ ਗਿਆ-। ਗੱਡੀ ਫਿਰ ਤੁਰ ਪਈ। ਹਾਰ ਕੇ *ਸਗ੍ਰਾਡਾ ਫੈਮੀਲਿਆ* ਦੇ ਟਿਕਾਨੇ ਆ ਗਏ। ਉੱਤਰ ਕੇ ਬਾਹਰ ਚੱਲੇ ਗਏ। ਬਾਗ਼ ਲੰਘ ਕੇ ਚਰਚ ਦੇ ਅੱਗੇ ਖਲੋਏ। ਜਦ ਵੀ ਰਾਣਾ ਇੱਥੇ ਆਉਂਦਾ ਸੀ ਹੈਰਾਨ ਹੋ ਜਾਂਦਾ ਸੀ ਗਿਰਜੇ ਦੇ ਹੁਸਨ ਰੂਪ ਨਾਲ। ਚਾਰ ਲੰਬੇ ਮਨਾਰੇ ਸਨ। ਉਂਗਲੀਆਂ ਵਾਂਗ ਰੱਬ ਤੱਕ ਵੱਧਾਏ ਸਨ। ਜਿੱਥੇ ਉਂਗਲ ਦਾ ਨਹੁੰ ਹੁੰਦਾ ਉੱਥੇ ਦਸਤਾਰ ਵਰਗੀ ਪੱਥਰ ਦੇ ਫੁੱਲ ਸਨ। ਮਨਾਰਾ ਵਿਚ ਕਈ ਸੁਰਾਖੇ ਸਨ। ਇਸ ਲਈ ਦੇਖਣ ਵਿਚ ਪਿੰਜਰ ਲੱਗ ਦੇ ਸੀ। ਹੇਠ ਲੈ ਹਿੱਸੇ ਵੀ ਆਮ ਇਮਾਰਤ ਅੰਗ ਨਹੀਂ ਸੀ। ਇਕ ਪਾਸੇ ਚਰਚ ਦੇ ਕੰਧਾਂ ਉਪਰ ਮੂਰਤੀਆਂ ਘੜੇ ਸਨ। ਹਰੇਕ ਵੇਰਵਿਆਂ 'ਚ ਸੰਤ ਦੈਂਤ ਰਸੂਲ ਫ਼ਰਿਸ਼ਤੇ ਸ਼ੈਤਾਨ ਜਾਪਦੇ ਸੀ। ਉਸਾਰੀ ਨੂੰ ਸਜਾਵਟ ਕੀਤੀ ਸੀ ਬਾਈਬਲ ਤੋਂ ਕਈ ਦ੍ਰਿਸ਼ਾਂ ਨਾਲ। ਰਾਣਾ ਖੁਦ ਕਲਾਕਾਰ ਕਰਕੇ ਉਸਨੂੰ ਗੌਡੀ ਦੀ ਕਲਪਨਾ। ਗੌਡੀ ਦਾ ਕਾਰਜ ਅਤੇ ਜਤਨ ਲਈ ਬਹੁਤ ਲਿਹਾਜ਼ ਸੀ। ਜਦ ਵੀ ਇੱਥੇ ਆਉਂਦਾ ਸੀ ਧਿਆਨ ਨਾਲ ਹਰੇਕ ਚੀਜ਼ ਨੂੰ ਮਨ ਵਿਚ ਜੁੰਮਾ ਲੈ ਕੇ ਰੱਖਦਾ ਸੀ। *ਸਗ੍ਰਾਡਾ ਫੈਮੀਲਿਆ* ਦੇ ਤਿੰਨ ਪਾਸੇ ਸੀ। ਪੂਰਬ ਵੱਲ ਨੱਟਿਵੀਤੀ ਦਾ ਦ੍ਰਿਸ਼ ਝਾਕਦਾ ਸੀ। *ਪੈਸ਼ਨ* ਜੋਸ਼ ਅਤੇ ਸੰਤਾਪ ਵਾਲਾ ਪਾਸਾ ਪੱਛਮ ਵੱਲ ਤੱਕਦਾ ਸੀ। ਕੇਵਲ ਜਨੂਬ ਦਾ ਵਸਨੀਕ ਹਾਲੇ ਪੂਰਾ ਕਰਨ ਵਾਲਾ ਸੀ। ਦੱਖਣ ਵਾਲੇ ਪਾਸੇ ਦੀ ਕੰਧ ਜਦ ਦਾ ਗੌਡੀ ਦਾ ਦਿਹਾਂਤ ਹੋਇਆ ਸੀ ਅੱਧਾ ਹੀ ਖ਼ਤਮ ਕੀਤਾ ਹੈ। ਅੱਸੀ ਸਾਲ ਬਾਅਦ ਹਾਲੇ ਵੀ ਉਦਾਂ ਹੀ ਹੈ। ਪੈਸ਼ਨ ਵਾਲੇ ਮੂੰਹ ਮੱਥੇ ਉੱਤੇ ਕਈ ਦੁਬਲੇ ਤਸੀਹੇ ਕਸ਼ਟ ਖਾਣ ਵਾਲੇ ਨਾਇਕ ਹਨ। ਯਿਸੂ ਵੀ ਹੈ ਸੂਲੀ ਉੱਤੇ ਨਾਲੇ ਵਖਰੇ ਥਾਂ ਝੰਬਣੇ ਖਾਂਦਾ। ਪਰਲੋ ਦੀ ਤਸਵੀਰ ਹੀ ਹੈ।

ਰਾਣਾ ਅਤੇ ਘਟਰੀਨਾ ਗਿਰਜੇ ਵਿਚ ਵੜ ਗਏ। ਲਿਫਟ ਸੀ ਪਰ ਪੌੜੀਆਂ ਰਾਹੋ

ਉੱਪਰ ਚੱਲੇ ਗਏ। ਹੱਸਦੇ ਹੱਸਦੇ ਚੜ੍ਹਦੇ ਗਏ। ਕੋਈ ਕੋਈ ਵਾਰੀ ਰੁਕ ਕੇ ਫੋਟੋ ਖਿੱਚ ਦੇ ਸੀ। ਘਟਰੀਨਾ ਕੰਧਾਂ ਨਾਲ ਖੜ੍ਹ ਕੇ ਕੈਮਰੇ ਵੱਲ ਕਦੀ ਜੀਬ ਕੱਢੇ। ਕਦੀ ਅੱਖਾਂ ਖਰੀਬ ਕਰੇ। ਜਿੰਨਾ ਉੱਚਾ ਗਏ ਉਨ੍ਹਾਂ ਤੰਗ ਥਾਂ ਅਤੇ ਪੌੜੀਆਂ ਹੁੰਦੀਆਂ ਗਈਆਂ। ਜਦ ਇਕ ਮਨਾਰਾ ਦੇ ਉੱਚੇ ਤੋਂ ਉੱਚੇ ਥਾਂ ਪਹੁੰਚੇ ਸ਼ਹਿਰ ਨੂੰ ਬਾਜ਼ ਵਾਂਗ ਉੱਪਰੋ ਦੇੱਖ ਸੱਕਦੇ ਸੀ। ਸਭ ਕੁਝ ਦਿੱਸਦਾ ਸੀ। ਮੁਖ 'ਤੇ ਹਵਾ ਵਗੇ। ਪੁਰਾਣੇ ਸ਼ਹਿਰ ਤੋਂ ਨਵੀਂ ਤੱਕ ਦਿੱਸਦਾ ਸੀ। ਰਾਣਾ ਨੇ ਅੱਖਾਂ ਮੀਚ ਕੇ ਹਵਾ ਨੂੰ ਪੁੱਛਿਆ - ਮੇਰੀ ਮਾਂ ਨੂੰ ਮੇਰਾ ਪਿਆਰ ਲਜਾ ਕੇ ਦੇ। ਮੇਰੇ ਪਿਉ ਨੂੰ ਮੇਰੀ ਭੁੱਲ ਦੀ ਸੋਧ ਦੇ –। ਕੇ ਹੋ ਸੱਕਦਾ ਮਾਂਬਾਪ ਮੈਨੂੰ ਇਸ ਗੋਰੀ ਨਾਲ ਸ਼ਾਦੀ ਕੱਢਣ ਦੇਜੂੰਗੇ?। ਰਾਣਾ ਇਸ ਵਕਤ ਐਸਤਾਰਫੀਨੀਆ ਨਹੀਂ ਵਾਪਸ ਮੁੜਨਾ ਚਾਹੁੰਦਾ ਸੀ। ਰਾਣਾ ਨੇ ਘਟਰੀਨਾ ਦੀਆਂ ਗੁਲਾਬੀ ਬੁੱਲ੍ਹਾਂ ਉੱਤੇ ਚੁੰਮੀ ਬੀਜ ਦਿੱਤੀ। ਕਈ ਦੇਰ ਲਈ ਇੱਦਾਂ ਦੋਵੇਂ ਰਹਿ। ਫਿਰ ਪੰਜਾਬੀ ਰਾਂਝੇ ਦੀ ਸਪੇਨਿਸ਼ ਹੀਰ ਬੋਲੀ - ਹੁਣ ਤੂੰ ਐਸਤਾਰਫੀਨੀਆ ਦੀਆਂ ਗੱਲਾਂ ਛੱਡ। ਇੱਥੇ ਜੀਓ ਮੇਰੇ ਨਾਲ। ਮੇਰਾ ਜੀਆ ਤੇਰੇ ਨਾਲ ਰਹਿ ਕੇ ਬੁਹਤ ਖ਼ੁਸ਼ ਹੈ। ਚਿੰਤਾ ਨਾ ਕਰੀ। ਆਪਾ ਤਾਂ ਹੌਲੀ ਹੌਲੀ ਸਾਡੇ ਮਾਂਪੇਆਂ ਨੂੰ ਮੰਨਾ ਲੈਣਾ–। ਦੋਨਾਂ ਦੇ ਹੋਠ ਫਿਰ ਚੰਬੜ ਗਏ।

*****

ਮਹੀਨਾ ਬੀਤ ਗਿਆ। ਉਸ ਟਾਇਮ ਵਿਚ ਰਾਣਾ ਨੇ ਕਈ ਵਾਰੀ ਫੌਨ ਚੁੱਕਿਆ ਫਿਰ ਰਕਿਆ। ਕਈ ਬਾਰ ਕਲਮ ਖ਼ਤ ਲਿਖਣ ਚੁੱਕੀ 'ਤੇ ਰਕੀ। ਕਿਵੇਂ ਦੱਸਾ? ਹਾਰ ਕੇ ਹਿੰਮਤ ਨਾਲ ਚਿੱਠੀ ਲਿਖ ਦਿੱਤੀ। ਖ਼ਤ ਵਿਚ ਮਾਂ ਨੂੰ ਦਸਿਆ ਕਿਵੇਂ ਆਪਣੀ ਪੜਾਈ ਵਿਚ ਕਾਮਯਾਬ ਸੀ। ਕਿਵੇਂ ਫੈਸ਼ਨ ਇੰਡਅਸਟਰੀ ਰਾਣੇ ਦੇ ਕੰਮ ਨੂੰ ਤਾਰੀਫ਼ਾਂ ਕਰਦੀ ਸੀ। ਕਿਵੇਂ ਚਿੱਠਰ ਵਿਖ ਦੇ ਸੀ। ਮੁੰਡੇ ਦਾ ਨਾਂਅ ਮਸ਼ੂਰ ਹੁਣ ਸੀ। ਸ਼ਹਿਰ ਵੀ ਲੰਡਨ ਤੋਂ ਸੰਦਰ ਸੀ। ਦੋ ਖਾਸ ਯਾਰ ਬਣ ਗਏ ਸਨ। ਇਕ ਦਾ ਨਾਂਅ ਜਮਾਲ ਸੀ। ਜਮਾਲ ਇਕ ਪਾਕੀਸਤਾਨੀ ਮੁੰਡਾ ਸੀ। ਰਾਣੇ ਨੂੰ ਇੰਡੀਅਨ ਹੋਣ ਦੀ ਕੋਈ ਨਫ਼ਰਤ ਕਦੀ ਨਹੀਂ ਦਿਖਾਈ। ਇਸ ਗੱਲਾਂ ਤੋਂ ਦੋਵੇਂ ਦੂਰ ਰਹਿ। ਖੁਲ੍ਹਾ ਡੁੱਲ੍ਹਾ ਮੁੰਡਾ ਸੀ। ਖ਼ਿਆਲ ਕੋਈ ਕੋਈ ਵਾਰੀ ਬਹੁਤ ਹੀ ਹੱਦ ਤੋਂ ਜ਼ਿਆਦੇ ਸਨ। ਪਰ ਕੱਟੜ ਨਹੀਂ ਸੀ। ਧਰਮ ਦੀਨ ਮਗਰ ਜਾਣ ਵਾਲਾ ਨਹੀਂ ਸੀ। ਸਮਾ ਇਹ ਹੀ ਮੁੰਡਾ ਸੀ ਜਿਸ ਨੇ ਸਾਂਝ ਪਛਾਣ ਕੇ ਰਾਣੇ ਨੂੰ ਪੰਜਾਬੀ ਬੋਲਣੀ ਸਿਖਾਈ। ਜਮਾਲ ਤਾਂ ਗੁਰੂ ਨਾਨਕ ਦੀ ਬਹੁਤ ਇਜੱਟਕਰਦਾ ਸੀ। ਉਸਨੂੰ ਬਾਬਾ ਨਾਨਕ ਆਖਦਾ ਸੀ। ਜਮਾਲ ਨੇ ਰਾਣੇ ਨੂੰ ਸਿਖਾਇਆ ਛਾਤੀ ਕੱਢ ਕੇ ਘਮੰਡੀ ਨਾਲ ਖਲੋਕਿ ਆਪਨੂੰ ਪੰਜਾਬੀ ਆਖਣ। ਜਦ ਵੀ ਰਾਣੇ ਦੇ ਟਿਕਾਣੇ ਆਉਂਦਾ ਸੀ ਕੁਝ ਨਾ ਕੁਝ ਟੋਪਿਕ ਦੀ ਬਹਿਸ ਹੋ ਜਾਂਦੀ ਸੀ। ਜਮਾਲ ਰਾਣੇ ਦਾ ਖੱਬਾ ਹੱਥ ਬਣ ਗਿਆ। ਆਹੋ ਇਕ ਸੱਜਾ ਵੀ ਸੀ।

ਰਾਣਾ ਨੇ ਲਿਖਿਆ ਕੇ ਸੱਜੇ ਹੱਥ ਨੇ ਰਾਣੇ ਨੂੰ ਪਰਹੋਸਾ ਦਿੱਤਾ। ਰਾਣੇ ਨੂੰ ਮਦਤ ਦਿੱਤੀ। ਕੰਮ ਕਰਨ ਦੀ ਹਿੰਮਤ ਦਿੱਤੀ। ਰਾਣੇ ਨੂੰ ਪਿਆਰ ਵੀ ਦਿੱਤਾ। ਸੱਜਾ ਹੱਥ ਲੜਕੀ ਸੀ। ਪੰਜਾਬਣ ਤਾਂ ਨਹੀਂ ਸੀ। ਪਰ ਘਟਰੀਨਾ ਜੋ ਰਾਣੇ ਦੇ ਸਪਨਿਆਂ 'ਚ ਸੱਜਾ ਕੇ ਰਕਿਆ ਸੀ ਉਸ ਤੋਂ ਵੀ ਵੱਧ ਨਿਕਲ ਗਈ। ਰਾਣੇ ਅਤੇ ਘਟਰੀਨਾ ਦਾ ਪਿਆਰ ਹੋ ਗਿਆ ਸੀ। ਆਹੋ ਦੋਵੇਂ ਸਿੱਖ ਨਹੀਂ ਪਰ ਇਹਦਾ ਕੀ ਬੁਰਾ ਹੈ? ਪਿਆਰ ਕਿੱਥੇ ਜਾਟ ਪਾਟ



ਵੇਖਦਾ ਹੈ? ਪਿਤਾ ਕਿੱਥੇ ਧਰਮਕ ਬੰਦਾ ਹੈ? ਕੀ ਕਹਿ ਸੱਕਦਾ? ਰਾਣਾ ਨੇ ਡੈਡ ਬਾਰੇ ਵੀ ਪੁਛ ਲਿਆ।

–ਮਾਂ ਜੇ ਉਹ ਮੈਨੂੰ ਮਾਫ਼ ਕਰਨ ਤਿਆਰ ਹੈ। ਮੈਂ ਵੀ ਉਨ੍ਹਾਂ ਨੂੰ ਮਾਫ਼ ਕਰਨ ਤਿਆਰ ਹੋ–। ਚਿੱਠੀ ਵਿਚ ਆਪਣਾ ਪੂਰਾ ਸਿਰਨਾਵਾਂ ਪਤਾ ਕਰਾ ਦਿੱਤਾ। ਕਹਿਣ ਦਾ ਮਤਲਬ ਅਡਰੈੱਸ ਵੀ ਲਿੱਖ ਦਿੱਤਾ ਸੀ। ਪਰ ਡਾਕ ਦੇ ਖੰਭੇ ਤੱਕ ਖ਼ਤ ਪਾਹੁੰਚਿਆ ਨਹੀਂ। ਡਰ ਸੀ ਇਹਨੀ ਸਿੱਧੀ ਚਿੱਠੀ ਪੜ੍ਹ ਕੇ ਹਾਂ ਕੀ ਕਰੂਗੀ।

ਜਮਾਲ ਦੇ ਬਾਰੇ ਅਸੀਂ ਥੋੜ੍ਹਾ ਹੋਰ ਚਿਰ ਤੱਕ ਸਿੱਖੂਗੇ। ਹਰੇਕ ਦਿਨ ਨਵਾਂ ਚਿੱਤਰ ਪੇਸ਼ ਕਰਨ ਵਿਚ ਲੰਘ ਜਾਂਦਾ ਸੀ। ਹਰ ਰਾਤ ਘਟਰੀਨਾ ਨਾਲ ਸ਼ਹਿਰ ਵਿਚ ਕਿੱਤੇ ਨਾ ਕਿੱਤੇ ਸੈਰ ਕਰਦਾ ਸੀ। ਕਦੀ *ਬੱਰੀ ਗੋਟਿਕ* ਵਿਚ ਤੁਰਦੇ ਫਿਰਦੇ ਸੀ। ਕਦੀ *ਲ'ਇਕਜ਼ਾਪਲ*। *ਲਾ ਡਾਏਅਗਨਾਲ* ਉੱਤੇ ਕਈ ਆਧੁਨਿਕ ਦੁਕਾਨਾਂ ਹਨ। ਉਥੇ ਕਈ ਘੰਟੇ ਬੀਤ ਜਾਂਦੇ ਸੀ। ਕੋਈ ਕੋਈ ਵਾਰੀ ਘਟਰੀਨਾ ਦੇ ਥਾਂ ਜਮਾਲ ਅਤੇ ਹੋਰ ਮਿੱਤਰਾਂ ਨਾਲ ਘੁੰਮਦਾ ਫਿਰਦਾ ਸੀ। ਸ਼ਹਿਰ 'ਚ ਘੇਰੇ ਲਾ ਕੇ ਬਹੁਤ ਅਨੰਦ ਮਿਲਦਾ ਸੀ। ਜਦ ਵੀ ਘਰ ਵਾਪਸ ਆਉਂਦਾ ਤਦ ਘਟਰੀਨਾ ਨੂੰ ਸਨੇਹ ਦਿੰਦਾ ਸੀ। ਇੱਦਾਂ ਟਾਇਮ ਲੰਘ ਜਾਂਦਾ ਸੀ। ਇਕ ਦਿਨ ਜਦ ਰਾਣਾ ਬਾਹਰ ਗਿਆ ਸੀ ਘਟਰੀਨਾ ਨੂੰ ਖ਼ਤ ਦਿਸ ਗਿਆ। ਰਾਣਾ ਨੇ ਸੁੱਟਿਆ ਨਹੀਂ ਸੀਗਾ। ਟਿਕਤ ਉਪਰ ਜੋੜੀ ਸੀ। ਘਟਰੀਨਾ ਨੇ ਆਪਣੇ ਪਰਸ ਵਿਚ ਖ਼ਤ ਪਾ ਦਿੱਤਾ ਸੀ। ਜਦ ਡਾਕ ਵਾਲੇ ਖੰਭੇ ਲੰਘੀ ਉਹਦੇ ਵਿਚ ਪੱਤਰ ਪਾ ਦਿੱਤਾ।

ਰਾਣਾ ਨੇ ਬੁੱਤ ਘਟਰੀਨਾ ਦੇ ਰੂਪ ਵਿਚ ਬਣਾਇਆ ਸੀ। ਉਸ ਹੀ ਬੁੱਤ ਨੂੰ *ਫਨਦਾਸੀਓ ਅੰਟੋਨੀ ਟੈਪੀਸ* ਅਜਾਇਬਖ਼ਾਨਾ ਨੇ ਨੁਮਾਇਸ਼ ਲਾ ਦਿੱਤੀ ਸੀ। ਬਾਥੇਲੋਨਾ–ਘਰ ਵਾਪਸੀ ਦੇ ਅਖਬਾਰਾਂ 'ਚ ਰਾਣੇ ਦਾ ਨਾਂਅ ਉਡਿਆ। ਇਸ ਕਰਕੇ ਮਹਸ਼ੂਰ ਹੋ ਗਿਆ। ਇਸ ਗੱਲ ਦੀ ਖ਼ੁਸ਼ੀ ਵਿਚ ਮੇਟਾਫੋਰਾ ਨੇ ਰਾਣੇ ਨੂੰ ਪੰਜ ਸੌ ਯੂਰਆਂ ਦਾ ਚੇਕ ਦੇ ਦਿੱਤਾ। ਇਹ ਪੈਸਿਆਂ ਨਾਲ ਰਾਣਾ ਨੇ ਪੱਕਾ ਇਰਾਦਾ ਬਣਾਲਿਆ ਘਟਰੀਨਾ ਨੂੰ ਲੈ ਰੰਬਲਾ ਦੀ ਸੋਹਣੇ ਤੋਂ ਸੋਹਣੇ ਭੋਜਨਸ਼ਾਲੇ ਖੁਰਾਉਂਣਾ।

ਭੋਜਨਸ਼ਾਲੇ 'ਚ ਪੂਰੇ ਤਿੰਨ ਕੌਰਸ ਖਾਣੇ ਦਾ ਦੌਰ ਆਡਰ ਕੀਤਾ ਸੀ। ਸੰਗ੍ਰਿਆ ਦੇ ਕਈ ਪੈਗ ਲਾਏ। ਕਦੀ ਘਟਰੀਨਾ ਰਾਣੇ ਦੀ ਤਸਵੀਰ ਖਿੱਚੇ। ਕਦੀ ਉਹ ਘਟਰੀਨਾ ਦੀ ਫੋਟੋ ਖਿੱਚੇ। ਹਾਰ ਕੇ ਰਾਣੇ ਦੀਆਂ ਅੱਖਾਂ ਵਿਚ ਮੋਟੇ ਮੋਟੇ ਹੰਝੂ ਭਰ ਗਏ ਸੀ।

– ਕੇ ਗੱਲ ਮੇਰੀ ਜਾਣ?– ਯਾਰਣੀ ਨੇ ਉਸਨੂੰ ਜਾਚ ਕੀਤੀ।

– ਕੁਝ ਨਹੀਂ। ਮਾਂਪਿਉ ਯਾਦ ਆਉਂਦੇ ਸੀ। ਨਾਲੇ–।

– ਨਾਲੇ ਕੀ?–

– ਨਾਲੇ ਹੁਣ ਤਾਂ ਮੈਂ ਖੁਦ ਕੁਛ ਬਣਗਿਆ ਹੈ ਨਾ?। ਡੈਡ ਹਮੇਸ਼ਾਂ ਕਹਿੰਦਾ ਸੀ ਮੈਂ ਕਿੱਥੇ ਨ੍ਹੀ ਪਹੁੰਚਣਾ–। ਘਟਰੀਨਾ ਨੇ ਹੱਸ ਕੇ ਜਵਾਬ ਦਿੱਤਾ - ਹੁਣ ਤਾਂ ਆਪਨੂੰ ਵੇਖ! ਕਲਾਕਾਰ ਬਣਗਿਆ। ਸ਼ਹਿਰ 'ਚ ਤੇਰੇ ਬਾਰੇ ਕਈ ਸਿਫਤਾਂ ਉੱਡ ਦੀਆਂ ਨੇ–।

– ਆਹੋ। ਪਰ ਫਿਰ ਵੀ ਇਕ ਮੇਰੇ ਮਨ ਵਿਚ ਖੂੰਜਾ ਕਹਿੰਦਾ ਕੇ ਬਾਪ ਨੇ ਇਸ ਗੱਲ ਨੂੰ ਕਾਮਯਾਬੀ ਸਮਝ ਨ੍ਹੀ–।

– ਲੈ! ਕਿੱਥੇ ਇਕ ਭੋਜਨਦਾਰ ਕਿੱਥੇ ਇਕ ਮਹਸ਼ੂਰ ਕਲਾਕਾਰ। ਤੇਰਾ ਨਾਂਅ ਕੀ

ਪਤਾ ਇਤਿਹਾਸ ਦੇ ਪੱਤਰਾਂ 'ਚ ਪੱਕਾ ਹੋਜੂਗਾ। ਉਨ੍ਹਾਂ ਦਾ ਕਿੰਨ੍ਹੇ ਆਖਣਾ। ਫਿਕਰ ਨਾ ਕਰ- ਘਟਰੀਨਾ ਨੇ ਰਾਣੇ ਦੇ ਹੱਥ ਫੜ੍ਹ ਲੈ। - ਮੈਂ ਹੈ ਨਾ-। ਦੋਨਾਂ ਦੀਆਂ ਅੱਖਾਂ ਮੁਸਖਾਨ ਨਾਲ ਭਰ ਕੇ ਮਿਲੀਆਂ। ਜਦ ਸਭ ਕੁਝ ਖਾਂ-ਪੀ ਹੱਟੇ ਸੀ ਸਾਰੇ ਗਾਹਿਕ ਰਸੋਈਖਾਨੇ ਦੇ ਹੇਠਲੀ ਮੰਜ਼ਲ 'ਚ ਜਾ ਬੈਠੇ। ਭੋਜਨਸ਼ਾਲੇ ਵਾਲਿਆਂ ਨੇ ਬੱਤੀਆਂ ਘੱਟਾ ਦਿੱਤੀਆਂ। ਕੁਰਸੀਆਂ ਚੱਕਰ ਵਿਚ ਰੱਖੀਆਂ ਸਨ। ਚੱਕਰ ਦੇ ਸਾਹਮਣੇ ਸਟੇਜ ਸੀ। ਫਲਮੈਂਕੋ ਦਾ ਨਾਚ ਹੋਣ ਵਾਲਾ ਸੀ। ਸਭ ਖਮੋਸ਼ ਹੋ ਗਏ। ਸਟੇਜ ਦੇ ਪਾਸੇ ਦੋ ਰਾਗੀ ਅਤੇ ਇਕ ਢੋਲ ਵਾਲਾ ਅਤੇ ਦੋ *ਮਰਾਚੀ* ਖਲੋਏ ਸਨ। *ਮਰਾਚੀ* ਸਪੈਨ ਦਾ ਗਿਟਾਰ ਦਾ ਮਾਹਰ ਸੀ। ਗਿਟਾਰ ਅਤੇ ਢੋਲ ਸੁਰ ਵਿਚ ਹੋ ਗਏ ਸੀ। ਸੰਗੀਤ ਸੰਦਰ ਸੀ। ਨਾਲੇ ਮਰਾਚੀ ਅੱਡੀ ਨਾਲ ਜੋਰ ਦੇਣੀ ਫਰਸ਼ ਨੂੰ ਮਾਰ ਦੇ ਸੀ।

ਰਾਣੇ ਨੂੰ ਨਾਚਣ ਅਤੇ ਵੱਜਾਉਂਣ ਵਾਲੇ ਵੱਲ ਵੇਖ ਕੇ ਇੰਡੀਆ ਦੇ ਟੱਪਰੀਵਾਸ ਅਤੇ ਭੱਟ ਬੰਜਾਰੇ ਚਟਿ ਆ ਗਏ। ਜਦ ਆਏ ਸਟੇਜ ਉੱਤੇ ਇਕ ਗਭਰੂ ਅਤੇ ਇਕ ਲਾਲ ਲਾਲ ਘੱਗਰੀ ਬਲਾਊਜ 'ਚ ਨੱਚਣ ਵਾਲੀ। ਰਾਣੇ ਨੂੰ ਨਸੀਬ ਫਿਲਮ 'ਚ ਅਮੀਤਾਬ ਬਚਨ ਅਤੇ ਹਿਮਾ ਮਾਲਿਨੀ ਦੀ ਯਾਦ ਆਈ। ਦੋਨਾਂ ਨੇ ਸੱਚ ਮੁੱਚ ਫੱਟੇ ਚੁੱਕ ਦਿੱਤੇ। ਜੋਰ ਦੇਣੀ ਅੱਡੀਆਂ ਸਟੇਜ ਦੇ ਲੱਕੜ'ਤੇ ਮਾਰੀਆਂ ਨਾਲੇ ਨਾਲ ਤਾੜੀਆਂ ਮਾਰੀਆਂ। ਨੱਚਣ ਵਾਲਿਆਂ ਨੇ ਕੇਵਲ ਪੈਰ ਲੱਤ ਹਲਾਏ। ਉਪਰਲਾ ਬਦਨ ਸਿੱਧਾ ਰਿਹਾ। ਕੋਈ ਕੋਈ ਵਾਰੀ ਬੰਦਾ ਨੇ ਬਾਹਾਂ ਹੌਲੀ ਹੌਲੀ ਹਿਲਾਈਆਂ ਜਿੱਦਾਂ ਬਾਲਦ ਨੂੰ ਟਿੱਚਰ ਕਰਕੇ ਕਹਿ ਰਿਹਾ ਸੀ - ਆਜਾ! ਤੈਤੋਂ ਮੈਂ ਡਰਦਾ ਨਹੀਂ-। ਕੁੜੀ ਵੀ ਇਸ ਵਕਤ ਘੱਗਰੀ ਛੱਡ ਕੇ ਹੱਥ ਸਿੰਗਾਂ ਵਾਂਗ ਬਣਾ ਕੇ ਉਸ ਵੱਲ ਧਾਵਾ ਕਰਦੀ ਸੀ। ਪਰ ਉਹ ਤਾਂ ਹਰ ਵੇਲੇ ਅੱਡੀ ਉੱਤੇ ਘੁੰਮਕਿ ਪਰੇ ਹੋ ਜਾਂਦਾ ਸੀ। ਦੋਨਾਂ ਦੇ ਹੱਥ ਵਿਚ ਕੈਸਾਨੇਟ ਸੀ ਜਿਸ ਨਾਲ ਘੋੜੀਆਂ ਦੇ ਸੁਮ ਵਾਂਗ ਖੜਕ ਬਣਾਉਂਦੇ ਸੀ। ਨੱਚ ਵਿਚ ਬਹੁਤ ਜੋਰ ਅਤੇ ਪੇਸ਼ਨ ਸੀ। ਰਾਣਾ ਨੇ ਘਟਰੀਨਾ ਦਾ ਹੱਥ ਫੜ੍ਹ ਲਿਆ। ਅੱਖਾਂ ਦੀਦੇ ਆਪਸ ਵਿਚ ਗੁੰਮੇ। ਪਿਆਰ ਦੇ ਪਿਆਲੇ ਸਨ। ਜਦ ਨੱਚ ਕੇ ਫਲਮੈਂਕਾ ਕਰਨ ਵਾਲਿਆਂ ਨੇ ਝੱਕਿਆ ਸਾਰਿਆਂ ਨੇ ਤਾੜੀਆਂ ਲਾਈਆਂ। ਹੁਣ ਦੋ ਹੋਰ ਅੱਗੇ ਆ ਗਏ। ਇਕ ਜੁਆਨ ਲੜਕਾ ਸੀ ਦੂਜਾ ਉਸ ਤੋਂ ਸਿਆਣਾ ਸੀ। ਦੋਵੇਂ ਜੋਰ ਨਾਲ ਨੱਚੇ। ਇਕ ਦੂਜੇ ਨਾਲ ਮੁਕਾਬਲਾ ਕਰਦੇ ਸੀ। ਘਟਰੀਨਾ ਨੂੰ ਨੌਂਹ ਜੁਆਨ ਪਸੰਦ ਸੀ ਪਰ ਰਾਣੇ ਨੂੰ ਤਾਂ ਦੂਜਾ ਬਿਹਤਰ ਲੱਗਦਾ ਸੀ। ਉਨ੍ਹਾਂ ਦੇ ਗੱਭੇ ਕੋਈ ਕੋਈ ਵਾਰੀ ਜਾਣ ਬੁੱਝ ਲਾਲ ਘੱਗਰੀ ਵਾਲੀ ਆਈ ਗਈ। ਸਾਫ਼ ਦਿਸਦਾ ਸੀ ਉਸ ਦੇ ਮਨ ਵਿਚ ਵੱਸਣ ਲਈ ਮੁਕਾਬਲਾ ਕਰ ਰਹਿ ਸੀ। ਹਾਰ ਕੇ ਨੌਂ ਜੁਆਨ ਹੀ ਜਿਤ ਗਿਆ ਸੀ। ਨਾਚ ਜਿਤ ਗਿਆ ਸੀ ਪਰ ਕਹਿ ਨਹੀਂ ਸੱਕਦੇ ਜੇ ਕੁੜੀ ਦੇ ਮਨ ਵਿਚ ਬੈਠ ਗਿਆ ਸੀ ਕੇ ਨਹੀਂ। ਅੱਧੀ ਰਾਤ ਦੀ ਸਿਖਰ ਸੀ ਜਦ ਸਰੂਰ 'ਚ ਰਾਣਾ ਅਤੇ ਘਟਰੀਨਾ ਲਾ ਰੰਮਬੋਲਾ ਦੇ ਪਾਥ ਉੱਤੇ ਆਏ। ਬਾਂਹ ਬਾਂਹ 'ਚ ਪਾ ਕੇ ਘਰ ਵੱਲ ਤੁਰ ਦੇ ਸੀ।

ਜੋ ਉਸ ਤੋਂ ਬਾਅਦ ਹੋਇਆ ਇਕ ਦਮ ਹਇਆ।

ਹਨੇਰੇ ਵਿਚੋਂ ਦੋ ਕੁ ਦੈਂਤ ਵਰਗੇ ਬੰਦੇ ਆਏ। ਇਕ ਨੇ ਹੱਸ ਕੇ ਘਟਰੀਨਾ ਨੂੰ ਗੰਦੀ ਤਰ੍ਹਾਂ ਟਿੱਚਰ ਕੀਤੀ। ਰਾਣਾ ਨੇ ਉਸਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ। ਨਾਲੇ ਦੇ ਬੰਦੇ ਨੇ ਰਾਣੇ ਨੂੰ ਘੁੰਮਾਕਿ ਭੁੰਝੇ ਸਿੱਟ ਦਿੱਤਾ। ਰਾਣੇ ਨੂੰ ਮਹਿਸੂਸ ਹੋਇਆ ਕੇ ਘਟਰੀਨਾ



ਨਾਲ ਜ਼ਬਰਦਸਤੀ ਹੋ ਰਿਹੀ ਸੀ। ਹਿੰਮਤ ਨਾਲ ਖੜ੍ਹ ਕੇ ਬੰਦੇ ਨੂੰ ਕੰਧ ਵਿਚ ਮਾਰਿਆ। ਪਹਿਲਾ ਆਦਮੀ ਦੇ ਚੱਦ ਵਿਚ ਘਟਰੀਨਾ ਨੇ ਪੈਰ ਮਾਰਿਆ। ਕੁੱਬਾ ਹੋ ਗਿਆ। ਰਾਣਾ ਨੇ ਘਟਰੀਨਾ ਦਾ ਹੱਥ ਖੋਹ ਕੇ ਦੌੜ ਪਿਆ। ਗਰਮੀ ਬਹੁਤ ਸੀ। ਦੋਵੇਂ ਇਕ ਕਬਾਬਖ਼ਾਨੇ ਦੇ ਖੋਲ੍ਹੇ ਖਲੋਏ। ਕਬਾਬ ਬਣਾਉਣ ਵਾਲੇ ਸੀਖਦਾਰ ਚੁਲ੍ਹੇ ਤੋਂ ਬਾਹਰ ਸੇਕ ਆਉਂਦਾ ਸੀ। ਰਾਣੇ ਦਾ ਦਮ ਚੜ੍ਹ ਗਿਆ ਸੀ। ਗਰਮੀ ਲੱਗਦੀ ਕਰਕੇ ਅੱਖਾਂ ਮੀਚ ਲੀਆਂ।

– ਤੂੰ ਠੀਕ ਏ?– ਘਟਰੀਨਾ ਨੇ ਪੁੱਛ ਗਿੱਛ ਕੀਤਾ।

– ਆਹੋ। ਠਹਿਰ। ਸਾਹ ਲੈ ਲੈਂਦੇ–। ਅੱਖਾਂ ਮੀਚੀਆਂ ਕਰਕੇ ਕੁਝ ਦਿੱਸਦਾ ਨਹੀਂ ਸੀ। ਪਰ ਹਵਾ ਮਹਿਸੂਸ ਹੁੰਦੀ ਸੀ ਅਤੇ ਮੀਟ ਦੀ ਸੁਗੰਧੀ ਉੱਡ ਗਈ। ਗਰਮੀ ਘੱਟ ਗਈ। ਰਾਣੇ ਨੂੰ ਲੱਗਿਆ ਕੁਝ ਬਦਲ ਗਿਆ ਸੀ।

*****

ਜਦ ਅੱਖਾਂ ਖੋਲ੍ਹੀਆਂ ਪਹਾੜ ਉੱਤੇ ਖਲੋਇਆ ਸੀ ਵਰਾਨੇ ਅਤੇ ਰਿੱਛ ਨਾਲ। ਪੈਰਾਂ ਹੇਠ ਭੜੀਆ ਦੀ ਲਾਸ਼ ਪਈ ਸੀ। ਆਲ਼ੇ-ਦੁਆਲ਼ੇ ਤੱਕਿਆ। ਭੂੰਝੇ ਵੈਰਿਆਂ ਦੀਆਂ ਲਾਸ਼ਾਂ ਖਿਲਰਿਆਂ ਸੀ।

– ਵਾਪਸ ਆ ਗਿਆ! - ਰਾਣਾ ਨੇ ਪੁਕਾਰਿਆ।

– ਯਾਰ ਤੂੰ ਤਾਂ ਐਂਤਕੀ ਕਿੱਥੇ ਨਹੀਂ ਗਿਆ!– ਚੰਦ ਨੇ ਉਤਾਰਿਆ। ਪਰ ਅਲਫੋਂਸੋ ਨੂੰ ਰਾਣੇ ਦੇ ਅੱਖਾਂ ਵਿਚ ਦੇਖ ਲਿਆ ਕੇ ਐਸਤਾਰਫੀਨੀਆ ਦੀ ਇਕ ਪਲ ਰਾਣੇ ਲਈ ਉਸ ਦੀ ਦੁਨੀਆਂ ਵਿਚ ਲੰਬੀ ਸਫ਼ਰ ਸੀ।

– ਹੋਰ ਆਉਣ ਤੋਂ ਪਹਿਲਾ ਤੁਰੀਏ– ਰਿੱਛ ਨੇ ਕਿਹਾ। ਚੰਦ ਨੇ ਰਾਣਾ ਦੀ ਤਲਵਾਰ ਭੇੜੀਆ 'ਚੋਂ ਕੱਢ ਕੇ ਘਾਹ ਉ0ਤੇ ਸਾਫ਼ ਕਰਕੇ ਮੁੰਡੇ ਨੂੰ ਵਾਪਸ ਫੜਾ ਦਿੱਤੀ। ਫਿਰ ਤੇਜੀ ਨਾਲ ਤਿੰਨ ਹੀ ਦੌੜ ਕੇ ਉੱਪਰ ਗਏ। ਜਿੰਨ੍ਹਾ ਉੱਪਰ ਗਏ ਉਨ੍ਹੀ ਹੀ ਗਰਮੀ ਵੱਧੀ ਗਈ। - ਇਹ ਜੱਗ ਸੱਚ ਮੁੱਚ ਉਲਟਾ ਹੈ! - ਰਾਣਾ ਨੇ ਸੋਚਿਆ। ਮੁੰਡੇ ਦਾ ਸਾਹ ਚੜ੍ਹ ਗਿਆ ਸੀ। ਦੋਸਤਾਂ ਨੇ ਥੋੜ੍ਹਾ ਚਿਰ ਲਈ ਉਸਨੂੰ ਅਰਾਮ ਕਰਨ ਦੇ ਦਿੱਤਾ। ਫਿਰ ਚੋਰਾਂ ਵਾਂਗ ਲੁਕ ਲੁਕਕਿ ਪਹਾੜ ਦੇ ਨਾਕ ਕੋਲ ਪਹੁੰਚ ਗਏ। ਥੜ੍ਹੇ ਬਹਿ ਗਏ।

ਉਨ੍ਹਾਂ ਦੇ ਆਹਮਣੇ ਬੁਰਿਆਰ ਦਾ ਕਿੱਲ੍ਹਾ ਸੀ। ਚਾਰ ਬੁਰਜ ਸਨ। ਕਾਲੇ ਕਾਲੇ ਸੀ। ਅੱਗੇ ਇਕ ਲੰਬਾ ਚੌੜਾ ਗੈਟ ਸੀ। ਗੈਟ ਵਿਚ ਇਕ ਦਰ ਸੀ। ਬਾਹਰ ਤਿੰਨ ਚਾਰ ਭੇੜੀਏ ਕੁਚਦੇ ਸੀ।

– ਇਸ ਪਾਸੇ ਕੰਮ ਨਹੀਂ ਬਣਨਾ– ਤਿੰਨਾਂ ਨੇ ਕਿਲ੍ਹੇ ਉੱਤੇ ਅੱਖਾਂ ਰੱਖਕਿ ਧਿਆਨ ਨਾਲ ਚੱਕਰ ਕੀਤਾ। ਪਿੱਛੇ ਵੀ ਰਾਖੀ ਸਨ। ਫਿਰ ਵਾਰਨੇ ਨੂੰ ਸੋਚ ਆਈ। ਜਲਦੀ ਜਲਦੀ ਰਾਣੇ ਅਤੇ ਅਲਫੋਂਸੋ ਦੇ ਕੰਨਾਂ ਵਿਚ ਬੋਲਿਆ। ਦੋ ਕੁ ਭੇੜੀਏ ਰੁੱਖਾਂ ਕੋਲ ਖਲੋਏ ਸੀ। ਦੋਨਾਂ ਦੇ ਜਾਮਨੀ ਵਰਦੀਆਂ ਪਾਈਆਂ ਸੀ। ਸਿਰ ਦੇ ਉਪਰ ਵੱਡੇ ਵੱਡੇ ਟੋਪ ਸੀ। ਹੱਥ ਵਿਚ ਰਾਸ਼ੇ ਸੀ। ਜਾਣ ਕੇ ਚੰਦ ਨੇ ਬਟੀ ਸਿੱਟੀ। ਖੱੜਕ ਸੁਣਕੇ ਦਰਖਤਾਂ ਵਿਚ ਫੋਲਾ ਫਾਲੀ ਕਰਨ ਭੇੜੀਏ ਆਂ ਗਏ। ਇਕ ਦੇ ਸਿਰ ਉੱਤੇ ਰਾਣਾ ਨੇ ਪਥਰ ਟੋਕ ਦਿੱਤਾ। ਦੂਜੇ ਦੇ ਸੀਸ ਉ0ਤੇ ਵਰਾਨਾ ਨੇ ਟੋਕ ਦਿੱਤਾ। ਜਦ ਅਲਫੋਂਸ ਨੇ ਰੱਖਾਂ ਵਿਚੋਂ ਬਾਹਰ ਤੱਕਿਆ ਉਸਦੇ ਸਾਥੀਂ ਜਾਮਣੀ ਵਰਦੀਆਂ ਵਿਚ ਬਾਹਰ ਤੁਰ ਪਏ ਸੀ। ਵਰਾਨਾ ਨੇ

ਕਲਾਰ ਉੱਪਰ ਖਿੱਚਾ ਸੀ। ਉਸਦੇ ਵਾਲਾ ਨੇ ਸਮਾ ਰੂਪ ਵਿਚ ਭੇੜਆਿ ਹੀ ਜਾਪਿਆ ਸੀ। ਰਾਣਾ ਨੇ ਵੀ ਕਾਲਰ ਲਾਈਆਂ ਸੀ ਅਤੇ ਟੋਪੀ ਵੀ ਥੱਲੇ ਖਿੱਚੀ ਸੀ। ਅੱਧਾ ਘੰਟਾਂ ਬੀਤ ਗਿਆ। ਭੇੜੀਆਂ ਦੇ ਲੀਡਰ ਨੇ ਸੀਟੀ ਮਾਰੀ। ਕੁਚਕਿ ਖੁਲ੍ਹਦੇ ਹੁੰਦੇ ਗੈਟ ਵਿਚ ਲੰਘ ਪਏ। ਰਾਣਾ ਅਤੇ ਚੰਦ ਵੀ ਵਿਚ ਸ਼ਾਮਲ ਸੀ। ਨਾਲੀ ਨਾਲ ਨਵੀਂ ਸ਼ਿਫਤ ਕਰਨ ਵਾਲੇ ਬਾਹਰ ਆਂ ਗਏ।

ਅਲਫੋਂਸੋ ਪਰਸ਼ਾਨ ਹੋ ਗਿਆ। ਵਕਤ ਕੀਮਤੀ ਸੀ। ਪਰ ਸਿਰਫ਼ ਪੰਦਰਾਂ ਮਿੰਟਾਂ ਬਾਅਦ ਸੀਟੀਦੀ ਆਵਾਜ਼ ਫਿਰ ਆਈ। ਕੁਚਕਿ ਇਹ ਰਾਖੀ ਵੀ ਅੰਦਰ ਤੁਰ ਗਏ। ਪਰ ਇੰਨ੍ਹਾਂ ਦੇ ਥਾਂ ਕੋਈ ਨਹੀਂ ਬਾਹਰ ਆਇਆ। ਫਿਰ ਗੈਟ ਵਾਪਸ ਖੁਲ੍ਹ ਗਿਆ। ਚੰਦ ਅੱਗੇ ਆਇਆ। ਉਸਨੇ ਆਪਣੇ ਹੀ ਕੱਪੜੇ ਪਾਏ ਸੀ। ਉਸਨੇ ਰਿੱਛ ਵੱਲ ਇਸ਼ਾਰਾ ਕੀਤਾ। ਜਲਦੀ ਜਲਦੀ ਅਲਫੋਂਸੋ ਫਾਟਕ ਵੱਲ ਦੌੜ ਗਿਆ। ਜਦ ਉਸਦੇ ਪਿੱਛੇ ਬੰਦ ਹੋ ਗਿਆ ਵਰਾਨੇ ਨੂੰ ਆਖਿਆ - ਸੇਟ?–।

– ਆਹੋ– ਜਵਾਬ ਦੇ ਕੇ ਹੌਲੀ ਹੌਲੀ ਰਿੱਛ ਦੇ ਅੱਗੇ ਤੁਰ ਪਿਆ। ਆਲ਼ੇ–ਦੁਆਲ਼ੇ ਅੰਗਣ ਵਿਚ ਨਸ਼ਾ ਅਤੇ ਸਰੂਰ ਨਾਲ ਭੇੜੀਐ ਸੁਤੇ ਸਨ। ਚੰਦ ਨੇ ਉਨ੍ਹਾਂ ਨੂੰ ਦੁਆਹ ਦੇ ਦਿੱਤੀ ਸੀ। ਪਰ ਹਲੇ ਅਮਧਰ ਲੈ ਘਰ ਵਿਚ ਪਹੁੰਚਣਾ ਸੀ। ਅਸਰਾਲ ਉਥੇ ਹੀ ਹੋਵੇਗਾ ਸਭ ਨੇ ਸੋਚਿਆ। ਹੋਰ ਰਾਖੀ ਵੀ ਹੋਵੇਗੇ। ਪਰ ਉਸ ਛਿਪਕਲੀ ਤੋਂ ਵੀ ਵੱਧਾ ਖਤਰਾ ਤਾਂ ਬਘਿਆੜ ਵੱਲੋਂ ਸੀ।

– ਆਪਾਂ ਊਹੀ ਨਹੀਂ ਅੰਦਰ ਤੁਰ ਸਕਦੇ ਏਂ– ਚੰਦ ਨੇ ਭਾਖਿਆ।

– ਹੋਰ ਦੁਆਹ ਤੇਰੇ ਕੋਲੇ ਹੈ?– ਅਲਫੋਂਸੋ ਨੇ ਜਾਣਕਾਰੀ ਮੰਗੀ।

– ਹੋਰ–

– ਜਦ ਮੈਂ ਸਿਪਾਹੀਆਂ ਦਾ ਧਿਆਨ ਪਾਸੇ ਕਰ ਲਿਆ। ਉਨ੍ਹਾਂ ਦੇ ਪਿੱਛੇ ਜਾ ਕੇ ਮੂੰਹ ਉੱਤੇ ਲੀਰ ਲਾਕਿ ਬੇਹੋਸ਼ ਕਰ ਦੇਣਾ–।

ਰਾਣਾ ਅਤੇ ਚੰਦ ਨੇ ਸਿਰਾਂ ਨਾਲ ਸੈਣਤ ਕੀਤੀ। ਫਿਰ ਅਲਫੋਂਸੋ ਨੇ ਹਾਕ ਮਾਰੀ। ਪਹਿਲਾ ਰਾਖੀ ਬਾਹਰ ਆਗਿਆ। ਅਲਫੋਂਸੋ ਨੇ ਉਸਨੂੰ ਆਪਣੇ ਪੰਜੇ ਨਾਲ ਭੁੰਜੇ ਸੁੱਟ ਦਿੱਤਾ। ਰਾਣੇ ਨੂੰ ਚੰਦ ਨੇ ਦੁਆਹ ਨਾਲ ਸਿੱਲ੍ਹੀ ਹੋਈ ਲੀਰ ਫੜ੍ਹਾ ਦਿੱਤੀ। ਦੋਨੂੰ ਅੰਦਰ ਕੰਧ ਨਾਲ ਜੂੜ ਜੂੜਕਿ ਗਏ। ਅੰਦਰ ਲੰਬਾ ਲਾਂਘਾ ਸੀ। ਏਥੇ ਹਨੇਰਾ ਸੀ। ਪੰਜ ਦਸ ਫੁੱਟ ਦੇ ਫ਼ਾਸਲੇ ਬਾਅਦ ਕੰਧ ਉੱਤੇ ਚਾਨਣ ਮਨਾਰੇ। ਕਹਿੰਦਾ ਮਤਲਬ ਸੂਝ ਨਜ਼ਾਰ ਦੇਣ ਵਾਲੀਆਂ ਟਾਰਚਾਂ ਟੰਗਆਂ ਸਨ। ਇਨ੍ਹਾਂ ਦੀ ਰੋਸ਼ਨੀ ਨਾਲ ਰਾਹ ਦਿਸਦਾ ਸੀ। ਭੇੜੀਆ ਦਾ ਚਹਿਰਾ ਵੀ ਦਿਸਦਾ ਸੀ। ਭੇੜੀਆ ਨੇ ਆਪਣੇ ਸਾਥੀ ( ਜਿਹੜਾ ਬਾਹਰ ਗਿਆ ਸੀ) ਨੂੰ ਹਾਕ ਮਾਰੀ। ਟਾਰਚ ਨੂੰ ਚੁੱਕਨ ਹੀ ਲੱਗਾ ਸੀ ਜਦ ਉਸਦੇ ਪਿੱਛੋਂ ਵਰਾਨਾ ਨੇ ਮੂੰਹ ਉੱਤੇ ਲੀਰ ਰੱਖ ਦਿੱਤੀ। ਰਾਖੀ ਬੇਹੋਸ਼ ਹੋ ਗਿਆ। ਥੋੜਾ ਜਾ ਅੱਗੇ ਦਰ ਸੀ ਗਾ। ਉਸ ਦਰ ਦੇ ਮੂੰਹ ਦੇ ਦੂਜੇ ਪਾਸੇ ਦੋ ਹੋਰ ਰਾਖੀ ਖੜ੍ਹੇ ਸੀ। ਇਕ ਪਲ ਬਾਅਦ ਖਲੋਏ ਨਹੀਂ ਸਨ। ਫ਼ਰਸ਼ ਉੱਤੇ ਬੇਹੋਸ਼ ਪਏ ਸੀ। ਦਰ ਇਕ ਚੋਰਸ ਚੱਕਰਮ ਕਮਰੇ ਦਾ ਮੂੰਹ ਸੀ। ਛੱਤ ਕੱਚ ਦੀ ਸੀ। ਦੇਖਣ ’ਚੋਂ ਛੱਤ ਦੀ ਰੂਪ ਭਬੂ ਦਾ ਜਾਲ਼ ਵਰਗਾ ਲੱਗਦਾ ਸੀ। ਚਾਨਣਾ ਬਾਹਰੋਂ ਖੁਲ੍ਹਾ ਡੁਲ੍ਹਾ ਛੱਤ ਵਿਚੋਂ ਕਮਰੇ ਅੰਦਰ ਡਿੱਗਦਾ ਸੀ। ਲੁਕਨ ਲਈ ਘੱਟ ਥਾਂ ਸੀ। ਸਜੇ ਪਾਸੇ ਕੋਬੇ ਹੋਕਿ ਚੰਦ



ਕਮਰੇ ਅੰਦਰ ਗਿਆ। ਖਬੇ ਪਾਸੇ ਐਸੀ ਤਰ੍ਹਾਂ ਰਾਣਾ ਗਿਆ। ਤਿੰਨ ਹੋਰ ਰਾਖੀ ਸਨ। ਦੋ ਕੁਚ ਕੇ ਇਧਰ ਉਧਰ ਤੁਰਦੇ ਸੀ। ਦੋਨਾਂ ਨੂੰ ਮੇਜ਼ ਕੁਰਦੀਆਂ ਪਿੱਛੇ ਲੁਕ ਲੁਕ ਕੇ ਸਾਡੇ ਬੀਰਾਂ ਨੇ ਬੇਹੋਸ਼ ਕਰ ਦਿੱਤੇ। ਪਰ ਤੀਜਾ ਰਾਖੀ ਇਕ ਛੱਜਾ ਉਪਰ ਖੜ੍ਹਾ ਸੀ। ਉਸਨੂੰ ਸਾਫ਼ ਦਿੱਸ ਗਿਆ ਕੇ ਰਾਖੀ ਗਾਇਬ ਹੋਂ ਗਏ ਸਨ। ਉਹ ਖ਼ਤਰਾ ਦੀ ਘੰਟੀ ਵਜਾਉਣ ਹੀ ਲੱਗਾ ਸੀ ਜਦ ਚੰਦ ਨੇ ਇਕ ਤੀਰ ਉਸਦੇ ਜਿਸਮ ਵਿਚ ਟੋਕ ਦਿੱਤਾ।

– ਚੱਲ ਅੱਗੇ ਜਾਈਏ!– ਹੁਣ ਖੁਲ੍ਹੀ ਤਰ੍ਹਾਂ ਕਮਰੇ ਵਿਚ ਦੋਵੇਂ ਬੀਰ ਤੁਰੇ। ਚੰਦ ਦੇ ਹੱਥਾਂ ਵਿਚ ਧਨੁਸ਼ ਤਿਆਰ ਸੀ ਜੇ ਤੀਰ ਮਾਰਨ ਦਾ ਲੋੜ ਰਿਹਾ। ਗਣੇ ਦੇ ਹੱਥ ਵਿਚ ਤਲਵਾਰ ਚੁੱਕੀ। ਅੱਗਲੇ ਬੂਹੇ ਪਿੱਛੇ ਲੰਬਾ ਲਾਂਘਾ ਸੀ। ਚਾਨਣ ਵਥੇਰਾ ਸੀ। ਪੰਜ ਭੇੜੀਏ ਵੀ ਸਨ। ਹੁਣ ਨਹੀਂ ਉਹਲੇ ਉਹਲੇ ਕੰਮ ਹੋ ਸੱਕਦਾ ਸੀ। ਰਾਣਾ ਨੇ ਦਰਵਾਜ਼ਾ ਖੋਲ੍ਹ ਦਿੱਤਾ। ਉਦ ਹੀ ਵਕਤ ਵਰਾਨਾ ਨੇ ਤੀਰ ਛੱਡ ਦਿੱਤੇ। ਪੰਜ ਹੀ ਸਿਪਾਈ ਮਰ ਗਏ। ਬੀਰਾਂ ਦੇ ਪਿੱਛੇ ਰਿੱਛ ਆ ਖੜ੍ਹ ਗਿਆ - ਬਾਹਰ ਹਲੇ ਵੀ ਬੇਹੋਸ਼ ਹੈ। ਹੁਣ ਟਾਇਮ ਕੀਮਤੀ ਏ–। ਤਿੰਨ ਹੀ ਅੱਗੇ ਤੁਰ ਪਏ। ਅਲਫੋਂਸੋ ਨੇ ਲਾਸ਼ਾਂ ਪਰੇ ਕੀਤੀਆਂ। ਚੰਦ ਨੇ ਦਰਵਾਜ਼ਾ ਖੋਲ੍ਹ ਦਿੱਤਾ। ਰਾਣਾ ਨੇ ਦੋ ਕੁ ਕਦਮ ਲਏ। ਕਮਰੇ ਵੇਖ ਕੇ ਹਰਾਨ ਹੋ ਗਿਆ। ਕਮਰਾ ਗੁੰਬਦ ਦਾ ਰੂਪਰ ਵਿਚ ਬਣਾਇਆ ਸੀ। ਪਰ ਸਾਇਜ਼ ਵਿਚ ਫੁਬੋਲ ਦੇ ਮੈਦਾਨ ਜਿੱਡਾ ਸੀ। ਕਮਰੇ ਦਾ ਰੰਗ ਹਰਾ ਸੀ। ਰਾਣੇ ਦੇ ਪਾਸੇ ਕੰਧਾਂ ਨਾਲ ਕੀਤਾਬਖਾਨੇ ਸਨ। ਕਿਤਾਬਾਂ ਨਾਲ ਭਰੇ ਸਨ। ਰਾਣੇ ਦੇ ਸਾਹਮਣੇ ਲੰਬਾ ਮੇਜ਼ ਸੀ। ਇਸ ਦੇ ਉਪਰ ਕੁਝ ਕਿਤਾਬਾਂ ਸੀ ਅਤੇ ਨਕਸ਼ਾ ਵਿਛਾਇਆ ਸੀ। ਮੇਜ਼ ਦੇ ਉੱਤੇ ਕਈ ਸ਼ੀਸ਼ੀਆਂ ਸੀ ਜਿੰਨਾਂ ਵਿਚ ਰੰਗੀਲਾਂ ਰਸਾਇਣਾਂ ਸਨ। ਮੇਜ਼ ਦੇ ਦੂਜੇ ਪਾਸੇ ਨਿੱਕਾ ਟੈਬਲ ਸੀ। ਉਸਦੇ ਨਾਲ ਲੰਬੀ ਪਿੱਠ ਵਾਲੀ ਕੁਰਸੀ ਸੀ। ਇਸ ਵੇਲੇ ਕੁਰਸੀ ਦੀ ਪਿੱਠ ਰਾਣੇ ਵੱਲ ਸੀ। ਟੈਬਲ ਦੇ ਅੱਗੇ ਪੌੜੀਆਂ ਸਨ ਜਿਸ ਨਾਲ ਥੱਲੇ ਜਾ ਸੱਕਦੇ ਸੀ। ਇਸ ਥਾਂ ਦੇ ਉਪਰ ਛੱਤ ਖੁਲ੍ਹੀ ਸੀ। ਕਿਉਂ? ਕਿਉਂਕਿ ਅਸਰਾਲ ਬਾਹਰ ਇਸ ਰਾਹ ਵਿਚੋਂ ਅੰਬਰ ਵੱਲ ਉਡਾਰੀ ਮਾਰ ਸੱਕਦਾ ਸੀ। ਜੇ ਉੱਡ ਗਿਆ ਕੰਮ ਗਿਆ ਗਵਾਚਾ! ਰਾਣੇ ਦੇ ਮਗਰ ਰਿੱਛ ਅਤੇ ਵਰਾਨਾ ਅੰਦਰ ਆਂ ਗਏ। ਤਿੰਨ ਹੀ ਅਸਰਾਲ ਵੱਲ ਅੱਖਾਂ ਕੱਢਕਿ ਤੱਕਦੇ ਸੀ। ਪਰ ਜਾਦੂਗਰ ਕਿੱਤੇ ਨਹੀਂ ਦਿਸੱਦਾ ਸੀ!

ਰਾਣਾ ਹੌਲੀ ਹੌਲੀ ਅੱਗੇ ਹੋ ਗਿਆ। ਚੰਦ ਨੇ ਖਬਾ ਪਾਸਾ ਲਿਆ ਅਤੇ ਅਲਫੋਂਸੋ ਨੇ ਸਜਾ। ਪਰ ਜਾਦੂਗਰ ਦਿੱਸਦਾ ਨਹੀਂ ਸੀ। ਅਸਰਾਲ ਸੁਤਾ ਸੀ। ਘੁਰਾੜੇ ਖਰਾਟੇ ਮਾਰਦਾ ਸੀ। ਰਾਣੇ ਦਾ ਪੁਰਾ ਧਿਆਨ ਅਸਰਾਲ ਵੱਲ ਹੀ ਸੀ। ਰੰਗ ਵਿਚ ਅਸਰਾਲ ਲਾਲ ਲਾਲ ਸੀ। ਬੁਥਾਂ ਲੰਬਾ ਸੀ। ਨਾਸਾਂ ਚੌੜੀਆਂ ਸਨ। ਬੁਲ੍ਹਾਂ ਵਿਚੋਂ ਸੁਹੇ ਬਾਹਰ ਨਿਕਲ ਦੇ ਸੀ। ਕਿਰਪਾਨ ਦੇ ਲੋਹੇ ਵਾਂਗ ਚਮਕ ਦੇ ਸੀ। ਸ਼ੇਰ ਵਾਂਗ ਸਰੀਰ ਸੀ ਪਰ ਮਾਸ ਮਗਰਮੱਛ ਵਰਗਾ ਸੀ। ਮੋਢਿਆਂ ਵਿਚੋਂ ਕੰਬ ਉਗਦੇ ਸੀ। ਕੰਬ ਚਮਗਿੱਦੜ ਦੇ ਕੰਬਾਂ ਵਰਗੇ ਸੀ। ਪੂਛ ਸੱਪ ਵਾਰਗੀ ਸੀ। ਪੂਛ ਦੀ ਨੂੰਕ ਤੀਰ ਦਾ ਸਿਰ ਜਿੰਨਾ ਤੀਖਾ ਸੀ। ਅੱਖਾਂ ਮਿੱਚੀਆਂ ਸੀ। ਇਹ ਸਭ ਰਾਣਾ ਨੇ ਇੱਲ ਹੀ ਪਲ ਵਿਚ ਦੇਖ ਲਿਆ ਸੀ। ਪਰ ਉਸ ਹੀ ਪਲ ਵਿਚ ਰਾਣੇ ਦੇ ਜਿਸਮ ਨੂੰ ਹੁਝਕਾ ਪਿਆ। ਰਾਣਾ ਪਿੱਛੇ ਕੰਧ ਵਿਚ ਵਜਗਿਆ। ਝਟਕਾ ਦੀ ਜਬਰਦਸਤੀ ਨੇ ਪਲ ਲਈ ਬੇਹੋਸ਼ ਕਰ ਦਿੱਤਾ ਸੀ। ਜਦ ਖੜ੍ਹਨ ਦੀ ਕੋਸ਼ਿਸ਼ ਕੀਤੀ ਜਾਦੂਗਰ ਦੇ ਕਮਰੇ ਵਿਚ ਨਹੀਂ ਸੀ। ਬਾਥੇਲੋਨਾ–ਘਰ ਵਾਪਸੀ ਵਿਚ ਵਾਪਸ ਆਗਿਆ ਸੀ।

*****

ਹੁਣ ਜਾਦੂਗਰ ਦੇ ਕਮਰੇ 'ਚ ਨਹੀਂ ਸੀ। ਕਬਾਬ ਘਰ ਤੋਂ ਸੇਕ ਆਉਂਦਾ ਸੀ। ਘਟਰੀਨਾ ਬਾਰ ਬਾਰ ਕਹੀ ਗਈ - ਤੂੰ ਠੀਕ ਏ?-। ਇਕ ਪਲ ਪਹਿਲਾ ਰਾਣੇ ਵੱਲ ਜਾਦੂਗਰ ਨੇ ਕੁਝ ਭੇਜਿਆ ਸੀ ਜਿਸ ਨਾਲ ਜਿਸਮ ਨੂੰ ਹੁਝਕਾ ਪਿਆ। ਪਰ ਉਸ ਵੇਲੇ ਰਾਣੇ ਦਾ ਧਿਆਨ ਅਸਰਾਲ ਵੱਲ ਸੀ। ਝਟਕਾ ਦੀ ਜਬਰਦਸਤੀ ਨੇ ਪਲ ਲਈ ਬੇਹੋਸ਼ ਕਰ ਦਿੱਤਾ ਸੀ। ਪਰ ਪਹਾੜ ਉੱਤੇ ਲੜਾਈ ਤਾਜ਼ੀ ਸੀ ਯਾਦਾਂ ਵਿਚ। ਰਾਣਾ ਨੇ ਸਾਹ ਭਰ ਕੇ ਸੋਚਿਆ। ਹੁਣ ਤਾਂ ਮੈਂ ਫ਼ੈਸਲਾ ਕਰ ਲਿਆ ਪਰ ਫਿਰ ਵੀ ਉਥੇ ਜਾਈ ਜਾਂਦਾ ਏ। ਲੱਗਦਾ ਉਨ੍ਹਾਂ ਦੇ ਫ਼ਾਇਦਾ ਲਈ ਹੀ ਐਸਤਾਰਫੀਨੀਆ ਜਾਂਦਾ ਹੈ। ਹੁਣ ਤਾਂ ਮੈਨੂੰ ਸਮਝ ਨਹੀਂ ਹੈ ਜੇ ਉਸ ਥਾਂ ਸੱਚਾ ਹੈ ਕੇ ਇਹ ਥਾਂ ਸੱਚਾ ਹੈ। ਘਟਰੀਨਾ ਨੇ ਤਾਂ ਸਮਝਣਾ ਨਹੀਂ। ਕੋਈ ਫ਼ਾਇਦਾ ਨਹੀਂ ਇਹਨੂੰ ਦੱਸਣ ਕੇ ਮੈਂ ਉਥੇ ਵਾਪਸ ਚੱਲੇ ਗਿਆ ਸੀ। ਰਾਣੇ ਨੂੰ ਹਮਲੇ ਦੀ ਯਾਦ ਆ ਗਈ। ਘਟਰੀਨਾ ਨੂੰ ਜਪੀ ਪਾ ਲਈ। ਇਸ ਨਾਲ ਉਹ ਵੀ ਖ਼ੁਸ਼ ਹੋ ਗਈ ਨਾਲੇ ਮੌਕਾ ਸਾਂਭ ਲਿਆ।

– ਪੁਲਿਸ ਨੂੰ ਰਪੋਰਟ ਕਰ –।

– ਨਹੀਂ ਜਾਨੇ ਮਨ। ਪੁਲਿਸ ਨੂੰ ਨਾ ਗਲੇ ਪਾ। ਗੱਲ ਵੱਧ ਜਾਣੀ ਏ–।

– ਅੱਛਾ। ਘਰ ਚਲੀਏ–। ਹਨ ਵਿਚ ਰਾਣਾ ਨੇ ਫ਼ੈਸਲਾ ਕਰ ਲਿਆ ਜਮਾਲ ਨਾਲ ਗੱਲ ਕਰਨ। ਅੱਛਾ ਪਾਠਕ ਜੀ। ਹੁਣ ਸਹੀ ਵਕਤ ਹੈ ਜਮਾਲ ਬਾਰੇ ਸੋਚਣ।

ਜਦ ਰਾਣਾ ਬਾਥੇਲੋਨ ਆਇਆ ਅਤੇ ਕਲਾਕਾਰ ਦਾ ਕਾਲਜ ਦਾਖਲ ਹੋ ਗਿਆ ਬਹੁਤ ਛੇਤੀ ਜਮਾਲ ਨਾਲ ਦੋਸਤੀ ਬਣ ਗਈ। ਜਮਾਲ ਪਾਕੀਸਤਾਨੀ ਸੀ। ਪਹਿਲਾ ਰਾਣੇ ਦੇ ਦਿਮਾਗ ਵਿਚ ਮਾਪਿਉ ਦੇ ਪੱਖਪਾਤਾਂ ਨੇ ਯਾਰੀ ਕਰਨ ਤੋਂ ਰੋਕਿਆ। ਪਰ ਹੌਲੀ ਹੌਲੀ ਰਾਣਾ ਨੇ ਵੇਖਿਆ ਕੇ ਜਮਾਲ ਚੰਗਾ ਸੀ ਨਾਲੇ ਪੰਜਾਬੀ ਬੋਲਦਾ ਸੀ। ਸਮਾ ਰਾਣੇ ਨੂੰ ਸਾਫ਼ ਦਿਸ ਗਿਆ ਕੇ ਜਿਹੜੇ ਭਾਰਤੀ ਪੰਜਾਬ ਤੋਂ ਨਹੀਂ ਸੀ ਉਨ੍ਹਾਂ ਦੇ ਰਸਮ ਬੋਲੀ ਰਾਣੇ ਲਈ ਅਜੀਬ ਸੀ। ਪਰ ਜਮਾਲ ਕੇਵਲ ਧਰਮ 'ਚ ਹੀ ਬੇਮੇਲ ਸੀ। ਉਹ ਜਮਾਲ ਸੂਫ਼ੀ ਦਾ ਰਾਹ ਪਸੰਦ ਕਰਦਾ ਸੀ। ਇਸ ਕਰਕੇ ਦੋਨੂੰ ਖਾਸ ਬੇਲੀ ਬਣ ਗਏ। ਮੁਲਕ ਅੱਲਾਗ ਸੀ ਪਰ ਸਭਿਆਚਾਰ ਇਕ ਹੀ ਸੀ। ਸਮਾ ਰਾਣੇ ਦੀ ਪੰਜਾਬੀ ਬੋਲਣ ਦੀ ਜਕ ਅਤੇ ਮਾਂ ਬੋਲੀ 'ਚ ਵਿਚਾਰ ਗੱਪਸ਼ੱਪ ਕਰਨ ਦੀ ਸ਼ਰਮ ਉਡਾ ਦਿੱਤੀ। ਰਾਣੇ ਦੀਆਂ ਅੱਖਾਂ ਵੀ ਖੁਲ੍ਹ ਗਈਆਂ। ਹੁਣ ਤੱਕ ਸਿਰਫ਼ ਵੱਖਰੇ ਅਤੇ ਖ਼ਿਲਾਫ਼ ਰੱਖਣ ਵਾਲੀ ਗੱਲਾਂ ਦਾ ਪਤਾ ਸੀ। ਹੁਣ ਤੋਂ ਸਾਂਝ ਰੱਖਣ ਵਾਲੀਆਂ ਗੱਲਾਂ ਦਾ ਵੀ ਪੂਰੀ ਸੂਝ ਸੀ। ਜਦ ਘਟਰੀਨਾ ਨਾਲ ਤੁਰਨਾ ਫਿਰਨਾ ਨਹੀਂ ਚਾਹੁੰਦਾ ਸੀ ਜ਼ਰੂਰ ਜਮਾਲ ਨਾਲ ਸੈਰ ਕਰਦਾ ਸੀ ਨਹੀਂ ਤਾਂ ਬਹਿਸ ਵੀ। ਬਹਿਸ ਕਰਕੇ ਜਮਾਲ ਨੂੰ ਬਹੁਤ ਅੰਨਦ ਮਿਲਦਾ ਸੀ। ਫੌੜ੍ਹ ਕਰਨ ਦੀ ਆਦਤ ਨਹੀਂ ਸੀ ਪਰ ਕੁਝ ਬਾਗ਼ੀ ਗੱਲਾ ਜ਼ਰੂਰ ਕਰਦਾ ਸੀ।

ਰਾਣੇ ਅਤੇ ਜਮਾਲ ਦੀ ਪੂਰੀ ਸਹਿਮਤ ਸੀ ਕੇ ਕੁੱਖ 'ਚ ਸੁਰੱਖਿਅਤ ਕੁੜੀ ਮਾਰਨ ਜ਼ਾਲਿਮ ਅਤੇ ਬੇਵਕੂਫੀ ਅਤੇ ਬਦਕਾਰ ਸੀ। ਜਿਹੜੀ ਮਾਂ ਆਪਣੀ ਅਣਜਮੀ ਧੀ ਨੂੰ ਕਤਲ ਹੋਣ ਦੇਵੇ ਡੈਣ ਹੈ। ਜਿਹੜਾ ਬਾਪ ਆਪਣੀ ਅਣਜਮੀ ਧੀ ਦਾ ਗਲਾ ਘੁੱਟ ਸਲਦਾ ਕਾਇਰ ਹੈ। ਧੀ ਘਰ ਦੀ ਇਜਟੱਹੁੰਦੀ ਹੈ। ਪੰਜਾਬੀ ਮੁੰਡੇ ਤਾਂ ਵਿਗਾਰੇ ਲੌਂਡੇ ਹੀ ਹਨ।



– ਦਿਮਾਗ ਇਨਸਾਨ ਲੋਕਾ ਦਾ ਪਾਗ਼ਲ ਏਂ। ਆਪਣੇ ਖਾਨਦਾਨ ਦਾ ਨਾਂਅ ਕਾਇਮ ਰੱਖਣ ਲਈ ਧੀਆਂ ਨੂੰ ਮਾਰ ਕੇ ਮੁੰਡੇ ਲੈਣ ਲਈ ਇੱਛਾ ਰੱਖਦੇ ਹੋਏ ਇਹ ਭੁਲ ਜਾਂਦੇ ਹਨ ਕੇ ਜਦੋਂ ਕੁੜੀਆਂ ਘੱਟ ਜਾਣਗਈਆਂ ਤਾਂ ਮੁੰਡਿਆਂ ਕਿਵੇਂ ਵਿਆਹੇ ਜਾਣਗੇ। ਫਿਰ ਤਾਂ ਇਹ ਮੁੰਡਿਆਂ ਲਈ ਵੀ ਕੋਈ ਵਾਰਿਸ਼ ਨਹੀਂ ਹੋਵੇਗਾ ਤੇ ਕੌਮ ਵੀ ਲਈ ਕੋਈ ਹੱਕਦਾਰ ਨਹੀਂ ਹੋ ਸੱਕਿਗਾ। ਜਨਾਨੀ ਤਾਂ ਜ਼ਰੂਰੀ ਹੈ। ਮਰਦ ਨਹੀਂ। – ਰਾਣੇ ਨੇ ਇਕ ਵਾਰੀ ਕਿਹਾ। ਰਾਣੇ ਨੇ ਦੇਖਿਆ ਕੇ ਗੋਰੇ ਕੌਮ ਦੇ ਔਰਤ ਆਦਮੀ ਤਕਰੀਵਨ ਬਰਾਬਰ ਹੈ।

– ਯਾਰ ਤੂੰ ਵੀ ਬੁੱਧੂ ਹੀ ਏ। ਪਹਿਲਾ ਤਾਂ ਇਹ ਸਾਡੇ ਪਾਕੀਸਤਾਨ ਵਿਚ ਵੀ ਕਰਦੇ ਨੇ। ਦੂਜੀ ਗੱਲ ਇਸ ਤੇ ਬਹੁਤ ਫ਼ਾਇਦਾ ਵੀ ਹੈ– ਜਮਾਲ ਨੇ ਉਤਾਰ ਦਿੱਤਾ।

– ਕੀ?–

– ਸੋਚ। ਜਦ ਬਾਅਦ ਕੁੜੀਆਂ ਹੀ ਹਨ ਅਤੇ ਮੁੰਡੇ ਘੱਟ। ਜੋਰ ਸਭ ਕੁੜੀ ਕੋਲ ਹੋ ਜਾਣਾ। ਸਭ ਦਿਆਜ ਲੈਣ ਦੈਣ ਦਾ ਚੱਕਰ ਉਲਤਾ ਹੋ ਜਾਣਾ। ਕੁੜੀ ਵਾਲੇ ਉਸ ਮੁੰਦੇ ਨਾਲ ਰਿਸ਼ਤਾ ਕਰਉਗੇ ਜਿੱਥੇ ਉਨ੍ਹਾਂ ਦਾ ਫ਼ਾਇਦਾ ਹੋਵੇਗਾ। ਹੋਰਸ ਭ ਦੇ ਵਾਰਿਸ਼ ਛੜੇ ਹੀ ਰੇਵੇਗੇ। ਇਹ ਹੈ ਕੌਮ ਨੂੰ ਸਜ਼ਾ ਇਸ ਅੰਪੜ੍ਹ ਖ਼ਿਆਲ ਰਸਮ ਅਤੇ ਪੋਲੀਸੀ ਦੀ। ਸਭ ਤੋਂ ਵਡਾ ਫ਼ਾਇਦਾ ਹੈ ਕੇ ਅਬਾਦੀ ਮੁਲਕ ਦੀ ਘੱਟ ਜਾਣੀ ਜੰਗ ਕਾਲ ਤੋਂ ਵਗੈਰ। ਨਾਲੇ ਜਾਤ ਪਾਤ ਦੀਆਂ ਗੱਲਾਂ ਵੀ ਫਿਕਸ ਹੋ ਜਾਣੀਆਂ। ਮਜਬੂਰੀ ਵਿਚ ਹੋਰ ਜਾਤਾ ਨਾਲ ਇਹ ਮੁੰਡਿਆਂ ਨੂੰ ਵਿਆਹ ਕਰਨਾ ਪਵੇਗਾ–।

– ਜਮਾਲ ਤੂੰ ਤਾਂ ਵਾਧੂ ਏ–।

– ਜਮਾਲ ਤਾਂ ਹੈ ਕਮਾਲ–। ਹੱਸਕਿ ਜਵਾਬ ਆਇਆ ਵੇਲੀ ਤੋਂ।

ਇਕ ਦਿਨ ਬਹਿਸ ਚੱਲੀ ਧਰਮ ਵਾਲੇ।

– ਤੇਰਾ ਧਰਮ ਯਾਰ ਬਹੁਤਾ ਇਕਸਟਰੀਮ ਏ। ਆਲ਼ੇ–ਦੁਆਲ਼ੇ ਵੇਖ ਕਿੰਨ੍ਹੇ ਭੰਗੇ ਹੁਣ ਚਲ ਦੇਏ –।

– ਯਾਰ ਕਿਸੇ ਦੇ ਧਰਮ ਨੂੰ ਚੰਗਾ ਮਾਰਾ ਨਹੀਂ ਕਹਿ ਸਕਦੇ। ਸੱਚ ਹੈ ਕੇ ਹਰੇਕ ਦੀਨ 'ਚ ਚੰਗਈਆਂ ਵੀ ਹਨ ਮਾਰੀਆਂ ਵੀ। ਬੀਮਾਰੀ ਤਾਂ ਲੋਕ ਏ। ਨਾਲੇ ਉਸ ਲੋਕ ਜਿਸ ਸਭ ਨੂੰ ਅਧੀਨ ਕਰਕੇ ਰਖਣੇ ਚਾਹੁੰਦੇ ਨੇ–।

– ਭਾਵੇਂ। ਪਰ ਇਸ ਵੇਲੇ ਸਭ ਕੁਝ ਉਲਟਾ ਹੈ। ਤੂੰ ਮੈਨੂੰ ਦਸਦਾ ਕੇ ਤੇਰੇ ਮੇਰੇ ਸਭੀਆਚਰ ਇਕ ਹੀ ਹੈ। ਪਰ ਜਦ ਮੈਂ ਵੇਖਦਾ ਸਬੂਤ ਇਸ ਦੇ ਖ਼ਿਲਾਫ਼ ਹੈ–।

– ਕਿਹੜੇ ਸਬੂਤ ਮਿਤਰਿਆ?–।

– ਅੱਛਾ। ਉਬਰਬਾਜ਼ਾਰ ਜਾ ਕੇ ਮੈਂ ਤਾਂ ਹੈਰਾਨ ਹੋ ਜਾਂਦਾ। ਜਦ ਆਲ਼ੇ–ਦੁਆਲ਼ੇ ਵੇਖਦਾ ਇੱਥੋ ਦੀ ਪੀੜ੍ਹੀ ਦੇ ਟਮਾਚਿਆਂ ਉੱਤੇ ਹੱਸਦਾ ਹਾਂ। ਇੱਥੇ ਦੀਆਂ ਕੁੜੀਆਂ ਨੇ ਅੱਖਾਂ ਤੋਂ ਛੁੱਤ ਸਭ ਕੁਝ ਲੁਪੇਤਿਆ ਹੈ। ਪਰ ਇਨ੍ਹਾਂ ਦੀਆਂ ਮਾਂਵਾਂ ਨੇ ਤਾਂ ਪੰਜਾਬੀ ਸਲਵਾਰ ਕਮੀਜ਼ ਪਾਈ ਹੁੰਦੀ ਹੈ। ਮੇਰਾ ਕਹਿਣ ਦਾ ਮਤਲਬ ਏ ਕੇ ਦੇਸ ਤੋਂ ਆਈਆਂ ਹੋਈਆਂ ਬੀਬੀਆਂ ਨੂੰਰਮਲ ਹਨ। ਖੁਲ੍ਹੇ ਖ਼ਿਆਲ ਵਾਲੀਆਂ ਹਨ। ਪਰ ਇੱਥੇ ਦੀਆਂ ਕੁੜੀਆਂ ਤੰਗ ਖ਼ਿਆਲ ਵਾਲੀਆਂ ਬਣ ਗਈਆਂ।

– ਇਦ ਦਾ ਜਵਾਬ ਤਾਂ ਸੋਕਾ ਏ ਯਾਰ। 9/11 ਤੋਂ ਬਾਅਦ ਇੱਥੇ ਦੇ ਬੱਚਿਆਂ

ਨੂੰ ਆਈਡੇਂਤੈਤੀ ਚਾਹੀਦੀ ਸੀ। ਆਪਨੂੰ ਹੁਣ ਅੰਗ੍ਰੇਜ਼ ਨਹੀਂ ਸਮਝ ਦੇ ਸੀ। ਪਰ ਮਾਂਪਿਉ ਦੇ ਦੇਸ ਨਾਲ ਹਮਦਰਦੀ ਇੰਨ੍ਹੀ ਨਹੀਂ ਸੀ। ਤੇਰੇ ਵਾਂਗ ਸਿਰਫ਼ ਅੰਗਰੇਜ਼ੀ ਹੀ ਮਾਰ ਸਕਦੇ ਹੈ। ਉਨ੍ਹਾਂ ਲਈ ਤਾਂ ਪੰਜਾਬ ਦੇ ਰਿਵਾਜ ਅਜੀਬ ਹਨ। ਇਸ ਲਈ ਅਰਬ ਮੁਲਕਾਂ ਦੇ ਰਸਮ ਚੁੱਕ ਲੈ। ਮਨਦਾ ਮੁੱਲੇ ਇਸ ਚੀਜ਼ ਨੂੰ ਉਹਸ਼ਾਹ ਦਿੰਦੇ ਪਰ ਸਾਡੇ ਕਈ ਲੋਕ ਸੂੱਫੀ ਟਾਇਪ ਵੀ ਹਨ-।

– ਜੇ ਏ ਗੱਲ ਸੱਚ ਹੈ ਸੂਫ਼ੀ ਦੇ ਹਮਦਰਦ ਕਿਉਂ ਨ੍ਹੀਂ ਕੁਝ ਕਰਦੇ? ਉਨ੍ਹਾਂ ਦਾ ਸਾਹਮਣਾ ਕਰਦੇ ਕਿਉਂ ਨਹੀਂ?-।

– ਤੂੰ ਤਾਂ ਸਿੱਧਾ ਸਾਧਾ ਹੀ ਹੋ। ਤੇਰੇ ਮੁਲਕ ਦੇ ਲੋਕ ਤਾਂ ਸਾਨੂੰ ਨੂੰ ਇਕ ਲੈਬਲ ’ਚ ਲੁਪੇਟ ਦੇ ਹਨ। ਸਭ ਨੂੰ ਇਸ ਰੰਗ ’ਚ ਤੱਕ ਦੇ ਹੋਂ। ਫਿਰ ਕੀ ਕਰ ਸਕਦੇ? ਅਸੀਂ ਤਾਂ ਇਨ੍ਹਾਂ ਆਤਮਵਾਦਿਆਂ ਨਾਲ ਰੋਜ ਰਹਿਣਾ ਹੈ-।

– ਮੈਂ ਭਾਰਤੀ ਨਹੀਂ ਹਾਂ। ਇੰਗਲੈਂਡ ਤੋਂ ਹੈ-

– ਸੱਚੀ? ਤਾਂ ਹੀ ਤੈਨੂੰ ਅੰਗਰੇਜ਼ੀ ਸਮਝ ਦੇ ਹੈ? ਓ ਯੇਸ ਤੈਨੂੰ ਵੀ ਪੈਕੀ ਆਖਦੇ ਹਨ। ਸਾਲਾ ਬੁੱਧੂ-।

– ਮੈਂ ਤਾਂ ਕਹਿੰਦਾ ਜੇ ਸੱਚ ਮੁੱਚ ਰਬ ਹੈ ਉਸ ਨੇ ਪਹਿਲਾ ਹੀ ਫ਼ੈਸਲਾ ਕਰ ਲਿਆ ਕਿਸ ਨੇ ਸਿੱਖ ਘਰ ’ਚ ਪੈਦਾ ਹੋਣਾ। ਕਿਸ ਨੇ ਇਸਾਏ। ਕਿਸ ਨੇ ਹਿੰਦੂ ਅਤੇ ਮੁਸਲਮਾਨ। ਫਿਰ ਲੋਕਾਂ ਨੂੰ ਦੂਜਿਆਂ ਨੂੰ ਆਪਣੇ ਧਰਮ ਵੱਲ ਖਿੱਚਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ-।

– ਪਹਿਲੀ ਸੇਂਸੀਬਲ ਗੱਲ ਕੀਤੀ ਹੈ। ਹੁਣ ਕੋਮਰੈਦ ਨਾ ਬਣ ਜਾਈ!-। ਬਸ ਇੱਦਾਂ ਹੀ ਦੋਨਾਂ ਦੀ ਬਹਿਸ ਚਲਦੀ ਰਹਿੰਣ ਦੀ ਸੀ।

ਰਾਣਾ ਨੇ ਜਮਾਲ ਨੂੰ ਫੋਨ ਕਰ ਲਿਆ। ਅੱਗਲੀ ਰਾਤ *ਡੇਲ ਕੈਂਪੋ* ’ਚ ਬਾਥੇਲੋਨਾ-ਘਰ ਵਾਪਸੀ ਅਤੇ ਰੀਆਲ ਮਦਰਿਡ ਫੁਟਬੋਲ ਤੀਮਾਂ ਦਾ ਮੈਚ ਸੀ। ਫੋਨ ਉੱਤੇ ਫ਼ੈਸਲਾ ਕਰ ਲਿਆ ਕੇ ਦੋਵੇਂ ਮੈਚ ਵੀ ਦੇਖੋਗੇ ਅਤੇ ਗੱਲ ਬਾਤ ਵੀ ਕਰੂਗੇ। ਡੇਲ ਕੈਂਪੋ ਬਹੁਤ ਸੁੰਦਰ ਖਿਡਾ ਵਾਲਾ ਮੈਦਾਨ ਹੈ। ਇਕ ਸੌਂ ਵੀਹ ਲੱਖ ਲੋਕ ਬੈਠ ਕੇ ਫੁਟਬੋਲ ਦੇਕ ਸੱਕਦੇ ਹੈ। ਰਾਣਾ ਆਮ ਫੁਟਬੋਲ ਤੋਂ ਪਰੇ ਰਹਿਣ ਦਾ ਸੀ। ਇੰਗਲੈਂਡ ਵਿਚ ਫੁਟਬੋਲ ਤਾਂ ਇੰਡੀਆ ਦੀ ਕ੍ਰਿਕਟ ਵਾਂਗ ਉੱਚੇ ਥਾ ’ਤੇ ਸੀ। ਪਰ ਫੁਟਬੋਲ ਦੇ ਪਰੇਮੀ ਬਰਤਾਨੀਆ ’ਚ ਤਾਂ ਜਾਨਵਰ ਸੀ। ਦੇਸ ਦੇ ਸਭ ਤੋਂ ਘਟੀਆ ਰੰਗਰ ਕਾਮੇ ਅੰਪੜ੍ਹ ਹੀ ਖਿਲ ਦੇ ਸੀ ਨਾਲੇ ਦੇਖਦੇ ਸੀ। ਸਭ ਟੀਮ ਦੇ ਨਾਂਅ ਤੇ ਟੋਲੇ ਬਣਾ ਕੇ ਦੂਜੀਆਂ ਟੀਮਾਂ ਦੇ ਪਰੇਮਿਆਂ ਨਾਲ ਲੜ ਦੇ ਸੀ। ਜੇ ਕੋਈ ਚੰਗੇ ਬੰਦੇ ਨੇ ਹੋਰ ਟੀਮ ਦੇ ਰੰਗ ਵਾਲੀ ਬਰਦੀ ਪਾਈ ਸੀ ( ਖਾਸ ਖ਼ਿਲਾਫ਼ ਟੀਮ ਦੇ ਰੰਗ)। ਵਿਚਾਰੇ ਨੂੰ ਕੁੱਟ ਕੁੱਟ ਕੇ ਭਣ ਦਿੰਦੇ ਸੀ। ਪਰਾਣੇ ਦਿਨਾਂ ਵਿਚ ਇਹ ਹੀ ਲੋਕ ਤਾਰੇ ਅਤੇ ਪ੍ਰੋਫ਼ੈਸਰ ਵਰਗਿਆਂ ਨੂੰ (ਪੈਕੀ) ਕਹਿ ਕਹਿ ਮਾਰ ਦੇ ਸੀ। ਇਸ ਲਈ ਰਾਣੇ ਦਾ ਤਾਂ ਪਿਆਰ ਰਗਬੀ ਵੱਲ ਸੀ।

ਬਾਥੇਲੋਨਾ-ਘਰ ਵਾਪਸੀ ’ਚ ਚੱਕਰ ਹੋਰ ਸੀ। ਇੱਥੇ ਤਾਂ ਫੁਟਬੋਲ ਨੂੰ ਪਿਆਰ ਕਰਦੇ ਸੀ ਜਿੱਦਾਂ ਪੰਜਾਬ ਵਿਚ ਕੱਬਦੀ ਨੂੰ ਕਰਦੇ ਹੋ। ਸਾਰਾ ਟੱਬਰ ਮੈਚ ਦੇਖਣ ਜਾਂਦਾ ਸੀ। ਖਤਰੇ ਦਾ ਰੀਨਕ ਨਹੀਂ ਡਾਰ ਸੀ। ਮੈਚ ਤੋਂ ਪਹਿਲਾ ਲੱਗਦਾ ਸੀ ਜਿੱਦਾਂ ਸਾਰੀ



ਦੁਨੀਆਂ ਕੂਚ ਕੇ ਸਟੈਡਿਅਮ ਵੱਲ ਤੁਰਦੀ ਸੀ। ਰਾਣੇ ਨੂੰ ਇੱਦਾਂ ਲੱਗੇ ਜਿੱਦਾਂ ਖੇਡ ਦਾ ਮੈਦਾਨ ਚੁੰਬਕ ਵਾਂਗ ਸਭ ਨੂੰ ਖਿੱਚਦਾ ਸੀ। ਖੈਰ ਐਸਤਾਰਫੀਨੀਆ ਬਾਰੇ ਗੱਲ ਕਰਨ ਜਮਾਲ ਨੂੰ ਉੱਥੇ ਮਿਲਣ ਚੱਲੇ ਗਿਆ। ਜਦ ਦੋਵੇਂ ਦੋਸਤ ਮਿਲੇ ਇਕ ਨੇ (ਸਸਰੀਕਾਲ) ਕੀਤਾ। ਇਕ ਨੇ (ਅੱਸਲਾਮਐਕਮ) ਕੀਤਾ। ਦੋਨਾਂ ਨੇ ਸਾਰੀ ਗੱਲ ਬਾਤ ਪੰਜਾਬੀ ’ਚ ਕੀਤੀ ਕਿਉਂਕਿ ਸਾਰੀ ਦੁਨੀਆਂ ਅੰਗਰੇਜ਼ੀ ਜਾਣ ਦੀ ਹੈ ਅਤੇ ਇੱਥੇ ਸਭ ਸਪੈਨਿਸ਼ ਬੋਲੀ ਵੀ ਜਾਣ ਦੇ ਹਨ। ਉਹ ਸੱਚ ਵਿਚ ਬਾਥੇਲੋਨਾ-ਘਰ ਵਾਪਸੀ ਦੇ ਵਾਸੀ ਜਾਣ ਬੁਝ ਕੇ ਘਟਲਾਂਨ ਬੋਲੀ ਮੈਦਾਨ ’ਚ ਬੋਲਦੇ ਹਨ। ਹੋਰ ਸਭ ਸਪੈਨ ਦੀਆਂ ਟੀਮਾਂ ਦੇ ਪਲੇ ਨਹੀਂ ਪੈਂਦਾ ਕੀ ਕਹਿੰਦੇ ਹਨ। ਬਾਥੇਲੋਨਾ-ਘਰ ਵਾਪਸੀ ਦੇ ਵਾਸੀ ਸਪੈਨਿਸ਼ ਨੂੰ ਤਾਂ ਰਾਜਧਾਨੀ ਬੋਲੀ ਸਮਝ ਦੇ ਐ। ਆਪਣੀ ਮਾਂ ਬੋਲੀ ’ਚ ਖਿਲਾਡਿਆਂ ਨੂੰ ਹੋਂਸਲਾ ਵੀ ਦਿੰਦੇ ਐ ਨਾਲੇ ਆਪਾਜ਼ਿਸ਼ਨ ਨੂੰ ਗਾਲ੍ਹੀਆਂ। ਇਸ ਮਿਸਾਲ ਜਮਾਲ ਨੂੰ ਚੰਗਾ ਲੱਗਦਾ ਸੀ। ਹਰੇਕ ਵਾਰੀ ਘਟਰੀਨਾ ਦੇ ਸਾਹਮਣੇ ਰਾਣੇ ਨਾਲ ਜਮਾਲ ਜਾਣ ਕੇ ਪੰਜਾਬੀ ਬੋਲਦਾ ਸੀ। ਇਸ ਕਰਕੇ ਹੁਣ ਰਾਣੇ ਦੀ ਵੀ ਆਦਤ ਬਣ ਗਈ ਸੀ ਪੰਜਾਬੀ ਬੋਲਣ। ਸਮਾ ਅੱਜ ਕੱਲ੍ਹ ਤਾਂ ਛਾਤੀ ਕੁਢ ਕੇ ਬੋਲਦਾ ਸੀ।

– ਜਦ ਘਟਰੀਨਾ ਨਾਲ ਮੈਂ ਰੈਸਤਾਰੈਂਟ ’ਚੋਂ ਬਾਹਰ ਨਿਕੱਲਿਆ ਸਾਡੇ’ਤੇ ਕੁਝ ਆਦਮਿਆਂ ਨੇ ਹਮਲਾ ਕੀਤਾ। ਮੈਂ ਵੀ ਦੋ ਤਿੰਨ ਲਾ ਦਿੱਤੀਆਂ। ਅਸੀਂ ਬੱਚ ਕੇ ਸੀਨ ਤੋਂ ਦੌੜ ਗਏ। ਪਰ ਜਦ ਮੈਂ ਸਾਹ ਭਰਨ ਲਈ ਖਲੋਇਆ ਉਹ ਪੜਾਣੀ ਗੱਲ ਫਿਰ ਹੋ ਗਈ-ਰਾਣਾ ਨੇ ਗੱਲ ਤੋਰੀ।

– ਕੀ ਮਤਲਬ? ਤੇਰਾ ਮਨਮੌਜ ਵਰਲਡ?-।

– ਤਰੰਗ ਜਾਂ ਸੱਚਾਈ ਮੈਨੂੰ ਹੁਣ ਕੁਝ ਨਹੀਂ ਪਲੇ ਪੈਂਦਾ ਏ। ਉੱਥੇ ਜਾਣ ਦਾਵੀ ਇੱਛਾ ਹਟ ਗਿਆ ਨਾਲੇ ਡੈਡ ਵੱਲ ਨਫਰਤ ਵੀ ਹਟ ਗਈ। ਫਿਰ ਵੀ ਵਾਪਸ ਜਾਈ ਜਾਂਦਾ-।

-‘ਤੇ ਘਟਰੀਨਾ ਨੇ ਤੈਂਨੂੰ ਉੱਥੇ ਉਡ ਦਾ ਵੇਖਿਆ?-

– ਯਾਰ। ਉਸ ਦੇ ਸਾਹਮਣੇ ਮੈਂ ਤਾਂ ਖਲੋਇਆ ਸਾਂ। ਉਸ ਦੇ ਨਜ਼ਰ ਵਿਚ ਤਾਂ ਟਿਕਿਆ ਹੋਇਆ ਖੜ੍ਹਾ ਲੰਬੇ ਲੰਬੇ ਸਾਹ ਭਰਦਾ ਸੀ-।

– ਤੂੰ ਕੁਝ ਵੀ ਨਹੀਂ ਉਸਨੂੰ ਦਸਿਆ?-

– ਕੁਝ ਵੀ ਨ੍ਹੀਂ। ਉਹ ਦੀ ਤਾਂ ਹਦ ਹੋ ਗਈ। ਮੇਰੀ ਵੀ-।

– ਯਾਰ ਡਾਕਤਰ ਨੂੰ ਦੇਖਣਾ ਦਾ ਸੋਚਿਆ?-

– ਭਰਾਵਾ ਮੈਂ ਪਾਗ਼ਲ ਨਹੀਂ ਹੈ-

– ਇਹ ਤਾਂ ਅਸੀਂ ਹਾਲੇ ਵੇਖਣਾ ਏ-

– ਜੇ ਮੈਂ ਝੂੱਠ ਬੋਲਦਾ ਜਮਾਲ ਫਿਰ ਐ ਕਿਥੋਂ ਆਏ?-। ਰਾਣਾ ਨੇ ਆਪਣੀ ਕਮੀਜ਼ ਉੱਪਰ ਕਰਕੇ ਜਮਾਲ ਨੂੰ ਆਪਣੀ ਪਿੱਠ ਦਿਖਾਈ। ਲਾਲ ਲਾਲ ਸੌਜ ਸਨ। ਜਿਥੇ ਭੇੜੀਆ ਨੇ ਮਾਰਿਆ ਅਤੇ ਜਿੱਥੇ ਕੰਧ ਵਿਚ ਜਾਦੂਗਰ ਦੇ ਝਟਕਿ ਨੇ ਮਾਰਿਆ ਸਤਾਂ ਸਨ। ਪਰ ਭੋਜਨਸ਼ਾਲੇ ਦੇ ਬਾਹਰ ਹਮਲੇ ਤੋਂ ਵੀ ਹੋ ਸਕਦੀਆਂ ਸਨ? ਅੁਸ ਵੇਲੇ ਸਾਰੇ ਸਰੀਰ ’ਤੇ ਤਾਂ ਹਮਲੇ ਕਰਨ ਵਾਲਿਆਂ ਦਾ ਹੱਥ ਤਾਂ ਨਹੀਂ ਲੱਗਾ ਸੀ। ਰਾਣਾ ਦੇ ਤਾਂ ਸਾਰੇ

ਪਾਸੇ ਸੌਂਜ ਸਨ।

– ਜੀਜ਼ਸ–। ਜਮਾਲ ਨੇ ਸੀਟੀ ਮਾਰ ਕੇ ਕਿਹਾ। ਜਮਾਲ ਨੇ ਵੀ ਫਿਰ ਕਿਹਾ ਕੇ ਹਮਲੇ 'ਚ ਸਟ ਵੱਜੀ ਹੋਵੇਗੀ। ਪਰ ਰਾਣੇ ਦੇ ਬੀਆਨ ਦੇ ਹਿਸਾਬ ਨਾਲ ਹੈ ਗੱਲ ਹੋ ਨਹੀਂ ਸੱਕੱਢੀ ਸੀ।

ਰਾਣਾ ਨੇ ਆਪਣੀ ਕਮੀਜ਼ ਵਾਪਸ ਪਾਕਿ ਫਿਰ ਜਮਾਲ ਵੱਲ ਤੱਕਿਆ। ਜਮਾਲ ਨੂੰ ਐਸਤਾਰਫੀਨੀਆ ਦੀ ਪੂਰੀ ਕਹਾਣੀ ਪਤਾ ਸੀ। ਕਈ ਵਾਰੀ ਰਾਣਾ ਨੇ ਉਸਦੇ ਕੰਨ ਖਾਦੇ ਸੀ।

– ਅੱਛਾ ਮਿਤਰਿਆ। ਲੱਗਦਾ ਤੇਰੀ ਗੱਲ ਕੁਝ ਸੱਚ ਹੈ। ਕਹਿਣ ਦਾ ਮਤਲਬ ਤੂੰ ਸੱਚ ਮੁੱਚ ਹੀ ਇਸ ਥਾਂ ਚੱਲੇ ਜਾਂਦਾ। ਪਰ ਕੋਈ ਦਰ ਦੇ ਰਾਹ ਨਹੀਂ। ਤੇਰਾ ਜਿਸਮ ਇੱਥੇ ਖੜ੍ਹਾ ਖਲੋਇਆ ਹੈ। ਲੱਗਦਾ ਤੇਰਾ ਆਤਮ ਉੱਥੇ ਚੱਲੇ ਜਾਂਦਾ। ਜਾਂਦਾ ਵੀ ਉੱਥੇ ਜਦ ਤੇਰੇ ਵੱਲ ਕੋਈ ਜਬਰਦਾਸਤੀ ਹੁੰਦੀ ਹੈ। ਮੇਰੇ ਖ਼ਿਆਲ 'ਚ ਉਨ੍ਹਾਂ ਨੂੰ ਤੇਰੀ ਲੋੜ ਹੈ। ਤੂੰ ਹੁਣ ਤਕ ਸੋਚ ਰਿਹਾ ਤੇਰੇ ਬਾਰੇ ਹੈ। ਤੇਰੇ ਅਤੇ ਤੇਰੇ ਪਿਉ ਦੇ ਰੌਲ੍ਹਾ ਬਾਰੇ ਨਹੀਂ ਹੈ। ਜਿੱਦਾਂ ਅੱਲ੍ਹਾ ਨੇ ਸਾਨੂੰ prophet ਭੇਜਿਆ ਤੈਨੂੰ ਕੀ ਪਤਾ ਤੇਰਾ ਵੀ ਐਸਾ ਰੌਲ ਹੈ। ਜਿੰਨ੍ਹਾਂ ਚਿਰ ਤੂੰ ਉਨ੍ਹਾਂ ਦਾ ਕੰਮ ਨਹੀਂ ਪੂਰਾ ਕਰਦਾ ਉੱਥੇ ਵਾਪਸ ਮੁੜੀ ਜਾਣਾ। ਜਦ ਤੂੰ ਖਾਣ ਦਾ ਸਾਹਮਣਾ ਨਹੀਂ ਕਰਦਾ ਮੇਰੇ ਖ਼ਿਆਲ 'ਚ ਵਾਪਸ ਹੀ ਜਾਈ ਜਊਗਾ–।

– ਫਿਰ ਤੂੰ ਮੱਨਦਾ ਮੈਂ ਐਸਤਾਰਫੀਨੀਆ ਜਾਂਦਾ?–

– ਮੈਂ ਮੱਨਦਾ ਕੁਝ ਹੁੰਦਾ। ਤੇਰੇ'ਤੇ ਅੱਖ ਰਖੂਗਾ–।

– ਠੀਕ ਏ। ਘਟਰੀਨਾ ਨੂੰ ਕੁਝ ਨਹੀਂ ਕਹਿਣਾ। ਉਨ੍ਹੇ ਤਾਂ ਇਕ ਦਮ ਪਾਗਲ–ਖਾਣੇ 'ਚ ਮੈਨੂੰ ਦਾਖਲ ਕਰਦੇ ਨਾ–। ਦੋਵੇਂ ਹੱਸ ਕੇ ਗੈਮ ਵੇਖਣ ਲੱਗ ਪਏ। ਇਕ ਗੱਲ ਤਾਂ ਪੱਕੀ ਸੀ। ਜਮਾਲ ਨੇ ਹੁਣ ਕਦੀ ਰਾਣੇ ਵੱਲ ਭੈੜੇ ਮੂੰਹ ਨਾਲ ਨਹੀਂ ਫਿਰ ਹਸਣਾ ਸੀ। ਸਬੂਤ ਢੂਹੀ ਦੇ ਉਪਰ ਨਿਸ਼ਾਨਾਂ ਦਾ ਨਕਸ਼ਾ ਸੀ। ਮੈਚ ਬਾਥੇਲੋਨਾ–ਘਰ ਵਾਪਸੀ ਨੇ ਜਿੱਤਿਆ। ਸਭ ਲੋਕ ਬਹੁਤ ਖ਼ੁਸ਼ ਸੀ। ਫੁਟਬੋਲ ਦੇ ਪ੍ਰੇਮਿਆਂ ਦਾ ਸੁਮੰਦਰ ਮੈਦਾਨ 'ਚੋਂ ਹੜ੍ਹ ਵਾਂਗ ਨਿਕਲ ਕੇ ਸੜਕਾਂ ਉੱਤੇ ਡੁਲ ਗਿਆ। ਹੜ੍ਹ ਦੇ ਵਿਚਾਲੇ ਦੋਵੇਂ ਦੋਸਤ ਵੀ ਸੀਟੀਆਂ ਮਾਰ ਦੇ ਕੱਲਬਾਂ ਵੱਲ ਗਏ। ਨਾਲੇ ਕਿੱਦਾਂ ਦੀਆਂ ਕੱਲਬਾਂ ਸੀ! ਇਕ ਸੜਕ ਉੱਤੇ ਦਸ ਕੁ ਦੁਕਾਨ ਵਰਗਈਆਂ ਕੱਲਬਾਂ ਸਨ ਜਿਹਨਾ ਦੇ ਦਰਸ਼ਲੀ ਦਰਵਾਜ਼ੇ ਖੁਲ੍ਹੇ ਸੀ। ਹਰੇਕ ਕੱਲਬ ਵਿਚ ਅੱਲਗ ਅੱਲਗ ਗੀਤ ਸੰਗੀਤ ਉੱਚੀ ਦੇਣੀ ਸ਼ੋਰ ਮੱਚਉਂਦੇ ਸੀ। ਲੋਕ ਇਕ ਤੋਂ ਦੂਜੇ 'ਚ ਘੁੰਮ ਦੇ ਫਿਰਦੇ ਸੀ। ਸਭ ਨਸ਼ਿਆਂ 'ਚ ਗਵਾਚੇ ਸਨ। ਇਕ ਵਿਚ ਆਦਮੀ ਸਨ ਜਿਹਨਾ ਨੇ ਆਪਣਾ ਹਾਲ ਜਨਾਨੀ ਵਰਗਾ ਕੀਤਾ ਸੀ। ਕਹਿਣ ਦਾ ਮਤਲਬ ਛਾਤੀ ਤੀਵੀਆਂ ਦੀਆਂ ਸਨ। ਇਨ੍ਹਾਂ ਨੂੰ ਵੇਖ ਕੇ ਰਾਣਾ ਖਿਸਲ ਗਿਆ। ਜਮਾਲ ਨੇ ਜਾਣ ਬੁੱਝ ਕੇ ਇਸ *ਜਨਾਨਿਆਂ* ਨੂੰ ਟਿਚਰ ਕੀਤਾ। ਜਦ ਪਹੁ ਫਟਣ ਲੱਗਿਆ ਰਾਣਾ ਸਰੂਰ 'ਚ ਘਰ ਪਉਂਚਿਆ। ਆਦਤ ਤੋਂ ਅੰਦਰ ਆਉਂਦੇ ਨੇ ਫੋਨ ਦੀ ਜਵਾਬ ਭਰਣ ਵਾਲੀ ਮਸ਼ੀਨ ਨੂੰ ਹੱਥ ਮਾਰ ਦਿੱਤਾ ਸੀ। ਜਿੰਨ੍ਹੇ ਸੁਨੇਹੇ ਸਨ ਹੁਣ ਬੋਲਣ ਲੱਗ ਪਏ। ਮਾਂ ਦੀ ਆਵਾਜ਼ ਵੀ ਬੋਲੀ - ਰਾਣਾ ਅਸੀਂ ਬਾਥੇਲੋਨਾ–ਘਰ ਵਾਪਸੀ ਆ ਗਏ–। ਪਰ ਰਾਣੇ ਨੂੰ ਗੱਲ ਮਹਸੂਸ ਨਹੀਂ ਹੋਈ। ਬੇਡ ਉੱਤੇ ਡਿੱਗ ਗਿਆ ਸੀ। ਪਲ 'ਚ ਸਭ ਹਨੇਰਾ ਹੋ ਗਿਆ।



ਸਭ ਤੋਂ ਆਖ਼ਰੀ ਯਾਦ ਸੀ ਸੀਸ ਵਿਚ ਦਰਦ ਹੁੰਦਾ ਸੀ।

*****

ਰਾਣੇ ਦਾ ਸਿਰ ਦੁਖਦਾ ਸੀ। ਦੁਨੀਆਂ ਨਾਲ ਖਿੱਝ ਸੀ। ਪਰ ਕੀ ਕਰੇ? ਰਾਣਾ ਭੂੰਜੇ ਉੱਠ ਗਿਆ। ਪਰ ਉਹੀ ਅਜੀਬ ਗੱਲ ਫਿਰ ਅੱਜ ਹੋ ਗਈ। ਐਸਤਾਰਫੀਨੀਆ ਵਾਪਸ ਪਹੁੰਚ ਗਿਆ। ਜਾਦੂਗਰ ਦੇ ਕਮਰੇ ਵਿਚ।

– ਲੁਕ ਜਾ!– ਚੰਦ ਦੀ ਆਵਾਜ਼ ਆਈ। ਇਕ ਦੰਮ ਰਾਣੇ ਨੂੰ ਯਾਦ ਨਹੀਂ ਸੀ ਇੱਥੇ ਕੀ ਹੁੰਦਾ ਸੀ। ਜਦ ਅੱਗੇ ਅਸਰਾਲ ਦਿੱਸ ਗਿਆ ਚੇਤਾ ਆਗਿਆ। ਹੇਠੋ ਤਲਵਾਰ ਚੁੱਕ ਕੇ ਬਿਜਲੀ ਦੀ ਚੱਮਕ ਨੂੰ ਮੋੜ ਦਿੱਤੀ। ਪਰ ਬਿਜਲੀ ਦੇ ਲਹਿਰ ਕਿਥੋਂ ਆਉਂਦੇ ਸੀ? ਰਾਣਾ ਨੇ ਅਬਦੀਆਂ ਅੱਖਾਂ ਆਲ਼ੇ–ਦੁਆਲ਼ੇ ਫੈਰੀਆਂ। ਕਮਰੇ ਕੋਲੇ ਖ਼ੂੰਜਾ ਨਹੀਂ ਸੀ ਪਰ ਜੇ ਗੋਲ ਕਮਰੇ ਵਿਚ ਖ਼ੂੰਜਾ ਹੋ ਸੱਕਦਾ ਸੀ ਉਸ ਹੀ ਥਾਂ ਵਿਚ ਇਕ ਸਾਇਆ ਖੜ੍ਹਾ ਖਲੋਇਆ ਸੀ। ਬਹੁਤ ਅਜੀਬ ਪ੍ਰਤਿਬਿੰਬ ਸੀ। ਚੋਗਾ ਸਾਇਆ ਦਾ ਪਾਇਆ ਸੀ ਜਿਸਦਾ ਫਣ ਇਨ੍ਹਾ ਡੂੰਗਾ ਸੀ ਕੇ ਮੁੱਖਰਾ ਨਹੀਂ ਦਿੱਸਦਾ ਸੀ। ਬਾਹਾਂ ਅੱਗੇ ਕੀਤੀਆਂ ਸੀ। ਉਨ੍ਹਾਂ ਦੀਆਂ ਆਸਤੀਨਾਂ ਵਿਚੋਂ ਦੋਂ ਲੰਬੇ ਪਿੰਜਰ ਵਰਗੇ ਹੱਥ ਤਿੰਨਾਂ ਐਸਤਾਰਫੀਨੀਆ ਵਾਲੇ ਬੀਰਾਂ ਵੱਲ ਵੱਧਾਏ ਸੀ। ਹੱਥ ਵਾਲਦਾਰ ਸੀ ਕਿਉਂਕਿ ਬਘਿਆੜ ਦੇ ਹੱਥ ਸੀ। ਹੱਥਾਂ ਦੇ ਨਹੁੰਆਂ ਵਿਚੋਂ ਲਾਲ ਲਾਲ ਬਿਜੱਲੀ ਦੇ ਲਹਿਰ ਇਨ੍ਹਾਂ ਵੱਲ ਤੀਰਾਂ ਵਾਂਗ ਆਉਂਦੇ ਸੀ। ਇਹ ਹੀ ਲਹਿਰਾਂ ਨੇ ਰਾਣੇ ਨੂੰ ਪਿੱਛੇ ਭੇਜਿਆ ਸੀ। ਹੁਣ ਦਿਹਾਂਤ ਦਾ ਤਸਵੀਰ ਨੇ ਬਿੱਜਲੀ ਦੇ ਚੱਮਕ ਅਲਫੋਂਸੋ ਵੱਲ ਭੇਜੇ। ਦੁੱਖ ਨਾਲ ਰਿੱਛ ਚੀਕੀਆ। ਚੰਦ ਨੇ ਦੋ ਤਿੰਨ ਤੀਰ ਜਾਦੂਗਰ ਵੱਲ ਭੇਜੇ ਪਰ ਕੋਈ ਅਸਰ ਨਹੀਂ ਪਈ। ਬਿੱਜਲੀ ਨੇ ਉੱਡਦੇ ਉੱਡਦੇ ਬਾਣਾਂ ਨੂੰ ਭੰਨ ਦਿੱਤੇ। ਇਸ ਅਰਾਤ ਨੇ ਅਸਰਾਲ ਨੂੰ ਉੱਠਾ ਦਿੱਤਾ।

ਰਾਣੇ ਨੂੰ ਨਵਾਂ ਫਿਕਰ ਆਇਆ। ਅਸਰਾਲ ਉਡਾਰੀ ਮਾਰ ਕੇ ਬਾਹਰ ਅੰਬਰ ਵੱਲ ਜਾ ਸੱਕਦਾ ਹੈ!

– ਚੰਦ ਜੋੜ ਦੇਣੀ ਬਘਿਆੜ ਉੱਤੇ ਹਮਲਾ ਕਰ!– ਜੋ ਅਬਦੀ ਦੁਨੀਆਂ ਵਿਚ ਹੁੰਦਾ ਸੀ ਹੁਣ ਲਈ ਚੇਤਾ ਭੁਲਾ ਦਿੱਤਾ। ਜੋ ਹੋਇਆ ਹੋਇਆ। ਜੋ ਬੀਤ ਗਿਆ ਬੀਤ ਗਿਆ। ਜਦ ਘਰ ਫਿਰ ਪਹੁੰਚੇਗਾ ਉਸ ਵੇਲੇ ਸੋਚੇਗਾ। –ਹੁਣ ਹੋਸ਼ ਇੱਥੇ ਰੱਖ!– ਰਾਣਾ ਨੇ ਸੌਂਚਿਆ। ਚੰਦ ਨੇ ਰਾਣੇ ਨੂੰ ਇਸ਼ਾਰਾ ਦੇਕਿ ਹਿੰਮਤਵੱਧਾ ਹਿੰਮਤਡੱਧਾ ਦਿੱਤੀ। ਉਸ ਹੀ ਵਕਤ ਅਲਫੋਂਸ ਨੇ ਬਘਿਆੜ ਵੱਲ ਛਾਲ ਮਾਰੀ। ਜਾਦੂਗਰ ਦਾ ਇਕ ਹੱਥ ਰਿੱਛ ਵੱਲ। ਉਸ ਹੀ ਪਲ ਵਿਚ ਰਾਣਾ ਨੇ ਪੌੜੀਆਂ ਰਾਹੋ ਅਸਰਾਲ ਕਰੀਬ ਹੇਠਾ ਚੱਲੇ ਗਿਆ। ਪਰ ਖੜੱਕਿ ਨਾਲ ਅਸਰਾਲ ਹੁਣ ਉੱਠ ਗਿਆ। ਉਸਦਾ ਸੀਸ ਹੁਣ ਉਪਰ ਖਲੋਇਆ ਜਿੱਦਾਂ ਕੋਈ ਫਨੇਰ ਸੱਪ ਡੰਗ ਮਾਰਨ ਲਈ ਤਿਆਰ ਹੁੰਦਾ ਸੀ। ਉਸਨੇ ਆਪਣੀਆਂ ਅੱਖਾਂ ਖੋਲੀਆਂ। ਦੋ ਮਹਾਨ ਪੀਲੇ ਪੀਲੇ ਚੱਕਰ ਸਨ। ਅਸਰਾਲ ਦੀਆਂ ਧੀਰੀਆਂ ਸੱਪ ਵਾਰਗਈਆਂ ਸਨ। ਡ੍ਰੈਕੋ ਨੇ ਆਲ਼ੇ–ਦੁਆਲ਼ੇ ਦੇਖ ਕੇ ਜਾਦੂਗਰ ਦੀ ਹਾਲਤ ਸਮਝ ਲਈ ਸੀ। ਕਰਾਮਾਤੀ ਨੇ ਰਾਣੇ ਵੱਲ ਹੱਥ ਵਧਇਆ। ਪਰ ਉਸ ਪਲ ਵਿਚ ਚੰਦ ਨੇ ਜਾਦੂਗਰ ਦੀ ਕਲਾਈ ਵਿਚ ਤੀਰ ਫਸਾ ਦਿੱਤਾ। ਖਿੱਝ ਵਿਚ ਜਾਦੂਗਰ ਦਾ ਸੀਸ ਇਧਰ ਉਧਰ ਹਿਲਾਇਆ। ਫਣ ਸਿਰ ਉਪਰੋ ਲੈ ਗਿਆ। ਹੁਣ ਮੁੱਖ ਸਾਫ਼ ਦਿੱਸਦਾ ਸੀ। ਜੰਗਲੀ ਬਘਿਆੜ ਦਾ ਚਿਹਰਾ ਹੀ ਸੀ।

ਪਰ ਵਾਲ ਪਸ਼ਮ ਹਰੇ ਹਰੇ ਸੀ। ਅੱਖਾਂ ਰੱਤ ਵਾਂਗ ਲਾਲ ਲਾਲ।

– ਉੱਡ! ਉੱਡ ਮੇਰੇ ਬੇਟੇ!– ਉੱਚੀ ਦੇਣੀ ਚੀਕੀਆ। ਫਿਰ ਜਾਦੂਗਰ ਤੋਂ ਬਿੱਜਲੀ ਦੀਆਂ ਲਹਿਰਾਂ ਵਰਾਨੇ ਨੂੰ ਚੁਬੀਆਂ । ਕਿਉਂਕਿ ਚੰਦ ਦੇ ਸੀਨੇ ਵਿਚ ਦਰਦ ਆਇਆ ਜਿੰਦਾਂ ਦਾ ਦੁਖ ਲਹੂ ਚੋਂਦੀਆਂ ਅੱਖਾਂ ਵੱਲੋਂ ਆਉਂਦਾ ਹੁੰਦਾ। ਬਿੱਜਲੀ ਦੀ ਚਮਕ ਨੇ ਵਰਾਨੇ ਨੂੰ ਧਰਤੀ ਤੋਂ ਚੁੱਕਕਿ ਕੰਧ ਵਿਚ ਮਾਰ ਸਿਟਿਆ। ਉਸ ਹੀ ਪਲ ਵਿਚ ਹਿੰਮਤਨਾਲ ਰਿੱਛ ਨੇ ਆਪਨੂੰ ਚੁੱਕਕਿ ਅਸਰਾਲ ਵੱਲ ਛਾਲ ਮਾਰੀ। ਅਲਫੋਂਸੋ ਦੇ ਪੰਜਿਆਂ ਨੇ ਡ੍ਰੈਕੋ ਦੇ ਮਾਸ ਵਿਚ ਸਹਾਰਾ ਲੱਬ ਲਿਆ। ਅਸਰਾਲ ( ਕਹਿੰਦਾ ਮਤਲਬ ਡ੍ਰੈਕੋ) ਨੇ ਆਪਣੇ ਕੰਬ ਹਵਾ ਵਿਚ ਉਡਾਰੀ ਮਾਰਨ ਹਲਾਏ ਪਰ ਰਿੱਛ ਦੇ ਭਾਰ ਨੇ ਉਸਨੂੰ ਡੋਲ ਦਿੱਤਾ। ਥਿੜਕ ਥਿੜਕਿ ਉਡਾਰੀ ਮਾਰਨ ਦੀ ਕੋਸ਼ਿਸ਼ ਖਰਾਬ ਹੋ ਗਈ। ਰਾਣਾ ਨੇ ਇਸ ਮੌਕਿ ਨੂੰ ਫੜ ਲਿਆ। ਜਾਨਵਰ ਨੂੰ ਦੂਕ ਨਹੀਂ ਦੇਣਾ ਚਾਹੁੰਦਾ ਸੀ ਪਰ ਕਰਨਾ ਪਿਆ। ਰਾਣੇ ਦੀ ਤਲਵਾਰ ਮਾਸ ਵਿਚ ਪੱਸ ਗਈ। । ਅਸਰਾਲ ਚੀਕ ਕੇ ਉਪਰ ਉਡ ਗਿਆ। ਉਸਦੇ ਨਾਲ ਹੀ ਦੋਵੇਂਬੀਰ ਚੰਬੜ ਦੇ ਚੰਬੜ ਦੇ ਉਪਰ ਗਏ ਅੰਬਰ ਵਿਚ। ਹੱਥਾਂ ਵਿਚ ਦਸਤਾ ਫੜਕਿ ਰਾਣਾ ਨੇ ਤਲਵਾਰ ਖੋਹ ਲਈ। ਦਸਤਾ ਫੜਕਿ ਲਮਕ ਦਾ ਸੀ। ਅਸਰਾਲ ਅੱਗ ਨਹੀਂ ਹੀ ਛੱਡ ਸਕਦਾ ਸੀ ਕਿਉਂਕਿ ਕੁਧ ਜਾਲ ਸਕਦਾ ਸੀ। ਇੰਝ ਹੀ ਉਪਰ ਗਏ। ਵਿਚਾਰੇ ਡ੍ਰੈਕ ਨੇ ਆਪਦੇ ਪੰਜਿਆਂ ਨਾਲ ਦੋਵੇਂ ਵੈਰੀਆਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਉਲਤਾ ਪੁਲਤਾ ਵੀ ਉਡਿਆ। ਪਰ ਦੋਨਾਂ ਦਾ ਹੱਥ ਪੱਕੇ ਸਨ। ਫਿਰ ਧਰਤੀ ਵੱਲ ਤੇਜ ਤੇਜ ਤੀਰ ਵਾਂਗ ਥੱਲੇ ਆਇਆ। ਇਸ ਪਲ ਵਿਚ ਅਲਫੋਂਸ ਨੇ ਉਸਦਾ ਜਿਸਮ ਛੱਡ ਕੇ ਦੰਦ ਅਸਰਾਲ ਦੇ ਧੌਣ ਵਿਚ ਬੀਜ ਲਏ। ਦੁੱਖ ਨਾਲ ਅਸਰਾਲ ਧਰਤੀ ਭਾਰ ਡਿੱਗ ਗਿਆ। ਕਿਲ੍ਹੇ ਦਾ ਦਲਾਨ ਵਿਚ ਢਹਿ ਢੇਰੀ ਹੋ ਗਿਆ। ਇਕ ਦੋ ਭੇੜੀਏ ਥੱਲੇ ਮਲੀਦੇ ਹੋ ਗਏ। ਸਾਰੇ ਹਲੇ ਸੁਤੇ ਸੀ। ਇਸ ਲਈ ਉਨ੍ਹਾਂ ਨੂੰ ਤਾਂ ਮਹਿਸੂਸਵੀ ਨਹੀਂ ਸੀ। ਜਦ ਭੂੰਝੇ ਡਿੱਗਿਆ ਰਾਣਾ ਵੀ ਉੱਡਕਿ ਵੱਕਰਾ ਹੋ ਗਿਆ ਸੀ। ਅਲਫੋਂਸ ਵੀ। ਰਾਣਾ ਤਲਵਾਰ ਉੱਤੇ ਭਾਰ ਦੇ ਕੇ ਖਲੋਇਆ। ਪੈਏ ਅਸਰਾ; ਵੱਲ ਗਿਆ। ਤਲਵਾਰ ਚੁੱਕੀ ਪਰ ਹਿੰਮਤਨਹੀਂ ਸੀ ਡ੍ਰੈਕ ਨੂੰ ਬੇਦਰਦੀ ਨਾਲ ਮਾਰਨ। ਹਲੇ ਮੁੰਡਾ ਮੁੰਡਾ ਸੋਚਦਾ ਹੀ ਸੀ ਜਦ ਅਲਫੋਂਸੋ ਨੇ ਅੱਗੇ ਆਕਿ ਤਲਵਾਰ ਖੋਹ ਲਈ। ਰਿੱਛ ਆਪਣੇ ਚਿੱਤੜ ਵਾਲੇ ਟੰਗ ਉੱਤੇ ਭਾਰ ਦੇ ਕੇ ਖੜ੍ਹ ਗਿਆ। ਸੀਸ ਚੀਰਨ ਹੀ ਲੱਗਾ ਸੀ ਜਦ ਅਸਰਾਲ ਨੇ ਉੱਠ ਕੇ ਦੋਨਾਂ ਵੱਲ ਅੱਗ ਛੱਡ ਦਿੱਤੀ। ਰਾਣੇ ਦੇ ਅੱਗੇ ਅਲਫੋਂਸੋ ਹੋ ਗਿਆ। ਰਾਣੇ ਨੂੰ ਗਰਮੀ ਮਹਿਸੂਸਹੋਈ। ਪਰ ਜਾਨ ਬੱਚ ਗਈ। ਕਿਉਂ ਜਾਨ ਬੱਚੀ? ਕਿਉਂਕਿ ਅਲਫੋਂਸੋ ਉਹਦੇ ਸਾਹਮਣੇ ਖੜ੍ਹ ਗਿਆ ਸੀ।

ਅਲਫੋਂਸੋ ਨੂੰ ਅੱਗ ਲੱਗ ਗਈ ਸੀ। ਜਦ ਅਸਰਾਲ ਦਾ ਉਸਾਸ ਰੁੱਖ ਗਿਆ ਰਾਣਾ ਨੇ ਗਰਮ ਤਲਵਾਰ ਚੁੱਕ ਕੇ ਅੱਗੇ ਦੌੜ ਕੇ ਡ੍ਰੈਕੋ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਪਰ ਆਪਦੇ ਹੱਥ ਨਾਲ ਮੱਖੀ ਵਾਂਗ ਰਾਣੇ ਨੂੰ ਮਾਰ ਕੇ ਥੱਲੇ ਸੁੱਟ ਦਿੱਤਾ। ਅਸਰਾਲ ਅੱਗ ਵਾਲਾ ਸਵਾਸ ਨਾਲ ਰਾਣੇ ਨੂੰ ਰਾੜ੍ਹਨ ਹੀ ਲੱਗਾ ਸੀ ਜਦ ਮੱਥੇ ਵਿਚ ਤੀਰ ਨੇ ਨਿਸ਼ਾਨਾ ਟੋਲ ਲਿਆ। ਜਿਸ ਉਹੇ ਰਾਹੋ ਜਾਦੂਗਰ ਦੇ ਕਮਰੇ ਵਿਚ ਅੰਦਰ ਆਏ ਉਸ ਦਰਾ ਵਿਚ ਥੱਕਾ ਟੁੱਟਾ ਚੰਦ ਖੜ੍ਹਾ ਸੀ। ਪਿੰਡੇ ਉੱਤੇ ਨੀਲ ਸਨ। ਸਿਰ ਤੋਂ ਲਹੂ ਚੋਂਦਾ ਸੀ ਜਿੱਦਾਂ



ਝਰਨਾ ਪਹਾੜ ਉੱਤੇ ਜੱਲ ਚੋਂਦਾ ਹੁੰਦਾ। ਵਰਾਨੇ ਨੇ ਦਰ ਦੇ ਉਪਰ ਆਪਣਾ ਭਾਰ ਰੱਖਿਆ ਸੀ। ਬਹਾਦਰ ਦੀ ਹਿੰਮਤਹੁਣ ਹਾਰ ਗਈ। ਅੰਗਣ ਦੇ ਧਰਤੀ ਉਪਰ ਜੱਲਿਆ ਹੋਇਆ ਰਿੱਛ ਵੀ ਪਿਆ। ਕੰਮ ਕਰਨ ਲਈ ਇਹ ਮੁੱਲ ਸੀ? ਫਿਰ ਚੰਦ ਦਾ ਜਿਸਮ ਇਕ ਹੋਰ ਵਾਰੀ ਉੱਡਿਆ। ਪਿੱਛੋਂ ਬਿਜਲੀ ਦੀ ਚਮੱਕ ਨੇ ਰਾਣੇ ਦੇ ਪੈਰ ਕੋਲ ਸੁੱਟ ਦਿੱਤਾ। ਰਾਣਾ ਨੇ ਕੋਬਾ ਹੋ ਕੇ ਵਰਾਨੇ ਦੇ ਤਰਕਸ਼ ਵਿਚੋਂ ਤੀਰ ਕੱਢ ਕੇ ਹੱਥ ਵਿਚ ਲੈ ਲਿਆ। ਦਰਵਾਜ਼ੇ ਦੇ ਮੂੰਹ ਵਿਚੋਂ ਬਘਿਆੜ ਅੱਗੇ ਆ ਗਿਆ। ਉਸ ਦੇ ਅੱਖਾਂ ਵਿਚ ਰੋਹ ਸੀ।

– ਮੇਰਾ ਲਾਡੂ ਨੂੰ ਮਾਰਿਆ! ਖ਼ੂਨੀ!– ਉਸ ਦੀਆਂ ਉਂਗਲਾਂ ਅੱਗੇ ਹੋਇਆਂ। ਪਰ ਇਸ ਵਾਰੀ ਰਾਣੇ ਨੂੰ ਹੋਸ਼ ਸੀ ਕੀ ਹੋਂਣ ਲੱਗਾ ਸੀ। ਹਿੰਮਤਨਾਲ ਅੱਗੇ ਨਸ ਕੇ ਜਾਦੂਗਰ ਦੇ ਛਾਤੀ ਵਿਚ ਤੀਰ ਪਾਉਣ ਦੀ ਕੋਸ਼ਿਸ਼ ਕੀਤੀ। ਹੁਣ ਦੋਵੇਂ ਘੁਲੇ। ਹੱਥੋ- ਪਾਈ ਵਿਚ ਤੀਰ ਬਘਿਆੜ ਦੇ ਗੱਲੇ ਵਿਚ ਘੋਪ ਗਿਆ। ਬਘਿਆੜ ਹੇਠਾ ਡਿੱਗ ਗਿਆ। ਪਰ ਉਸ ਹੀ ਵੇਲੇ ਰਾਣੇ ਦਾ ਮਨ ਵੀ ਭੂੰਝੇ ਘਿਰ ਗਿਆ ਸੀ। ਕੀ ਇਨ੍ਹਾਂ ਨੂੰ ਇੱਦਾਂ ਮਾਰਨ ਪਾਪ ਨਹੀਂ? ਇਨ੍ਹਾਂ ਨੇ ਮੈਨੂੰ ਕੀ ਕੀਤਾ? ਫਵਨ ਕਹਿੰਦਾ ਜਾਦੂਗਰ ਭੈੜਾ ਹੈ। ਅਸਰਾਲ ਨੇ ਤਾਂ ਕੁਝ ਨਹੀਂ ਕੀਤਾ। ਡਰਾਗੰਣ ਤਾਂ ਕੇਵਲ ਜਾਦੂਗਰ ਦਾ ਲਾਡਲਾ ਸੀ। ਮੇਰੇ ਅੱਤੇ ਖਾਣ ਵਿਚ ਫੈਰ ਕੀ ਫਰ ਕਏ? ਇਹ ਕਿਸ ਕਿਸਮ ਦਾ ਮੇਰੀ ਬਹਾਦਰੀ ਦਾ ਸਬੂਤ ਏ? ਕਿਉਂ ਮੈਂ ਏ ਕਰਦਾ? ਭਾਪ ਤੋਂ ਇਨ੍ਹਾਂ ਦੂਰ ਹੋਣਾ ਚਾਹੁੰਦਾ? ਕਿਸੇ ਹੋਰ ਨੂੰ ਦੁੱਖ ਦੇਣ ਲਈ ਤਿਆਰ ਹੋ ਗਿਆ? ਫਰ ਹੁਣ ਬਾਰਥੇਲੋਨਾ ਵਿਚ ਨਹੀਂ ਮੈਂ ਉਨ੍ਹਾਂ ਤੋਂ ਦੂਰ ਹੈ? ਮੇਰਾ ਟਚਿਾ ਕੀ ਹੈ? ਮੈਂ ਹੀ ਇਹ ਖ਼ੂਨ ਖਰਾਬਾ ਕੀਤਾ। ਸੱਚਮੁੱਚ ਮੈਂ ਹੀ ਖ਼ੂਨੀ ਹੈ! ਖਾਣ ਦਾ ਪਾਪ ਏਨਾ ਮਹਾਨ ਹੈ ਕੇ ਇਸ ਰਾਹ ਹੀ ਉਸਨੂੰ ਹਟਾ ਸਕਦੇ ਹੈ? ਐਸਤਾਰਫੀਨੀਆ ਸੱਚਾਈ ਹੈ ਕੇ ਮੇਰਾ ਕਲਪਨਾ? ਜੇ ਸੱਚਾਈ ਹੈ ਫਿਰ ਮੈਂ ਤਾਂ ਹੁਣ ਕਾਤਲ ਬਣ ਗਿਆ। ਨੇਕ ਗੁਣਾਂ ਅਤੇ ਬੁਰਾਈ ਵਿਚ ਕੀ ਫਰਕ ਹੈ? ਪਰ ਵਾਡਾ ਕੀਤਾ। ਵਾਡਾ ਐਸਤਾਰਫੀਨੀਆ ਨੂੰ ਬਚਾਉਣ। ਹਿੰਮਤਰੱਖ। ਜੇ ਗਲਟ ਕੀਤਾ ਫਿਰ ਜੇਹੀ ਕਰਨੀ ਤੇਹੀ ਭਰਨੀ। ਇੰਨਾ ਸਭ ਕੁਝ ਬਾਅਦ ਕੰਮ ਪੂਰਾ ਹੀ ਕਰਨਾ ਪਾਵੇਗਾ।

ਰਾਣਾ ਨੇ ਚਾਕੂ ਹੇਟੋਂ ਚੁੱਕ ਕੇ ਅਸਰਾਲ ਵੱਲ ਕਸਮ ਚੁੱਕਿ। ਉਸਦਾ ਬੂਥਾ ਖੋਲ੍ਹ ਕੇ ਚਾਕੂ ਨਾਲ ਹੌਲੀ ਹੌਲੀ ਹਰੇਕ ਦੰਦ ਕੱਢ ਦਿੱਤਾ। ਸਭ ਆਪਣੇ ਗੁਥਲੇ ਵਿਚ ਪਾ ਲੈ। ਹੁਣ ਕੰਮ ਹੋ ਗਿਆ ਸੀ। ਹੁਣ ਮਦਤ ਮੰਗ ਸਕਦਾ ਸੀ। ਚੰਦ ਦੇ ਥੈਲੇ ਵਿਚੋਂ ਸਿੰਗ ਕੱਢ ਕੇ ਵੱਜਾਇਆ। ਥੋੜ੍ਹਾ ਚਿਰ ਤਕ ਲਾਲ ਇੱਲ ਆਂ ਗਏ। ਕਿਸਮਤ ਨਾਲ ਹਲ ਤਕ ਭੈੜੀਏ ਸੁਤੇ ਸਨ। ਚੰਦ ਨੂੰ ਪਿਆਰ ਨਾਲ ਇਕ ਇੱਲ ਦੇ ਪਿੱਠ ਉੱਤੇ ਬੰਨ੍ਹ ਦਿੱਤਾ। ਅਲਫੋਂਸੋ ਦੇ ਹਾਲ ਵੇਖ ਕੇ ਦੋ ਇੱਲ ਉੱਡ ਗਏ ਫਿਰ ਵਾਪਸ ਵੱਧੀ ਚਾਦਰ ਲੈ ਕੇ ਆਏ। ਇਸ ਵਿਚ ਰਿੱਛ ਨੂੰ ਲੁਪੇਟ ਕੇ ਸਹਿਜ ਨਾਲ ਲੈ ਗਏ। ਰਾਣੇ ਨੂੰ ਪੂਰਾ ਪਰਹੋਸਾ ਸੀ ਕੇ ਪਵਨ ਨੇ ਮਿੱਤਰਾਂ ਨੂੰ ਸੁਰਜੀਤ ਕਰ ਦੇਣਾ ਸੀ। ਆਪ ਵੀ ਇੱਲ ਦੇ ਪਿੱਠ ਉੱਤੇ ਸਵਾਰ ਹੋ ਗਿਆ। ਅੰਬਰ ਵਿਚੋਂ ਥੇਲੇ ਵੇਖਿਆ। ਕਿਉਂਕਿ ਜਾਦੂਗਰ ਬੇਹੋਸ਼ ਸੀ ਇੱਲਾਂ ਲਈ ਇੱਥੇ ਆਉਣ ਸੌਖਾ ਹੋ ਗਿਆ ਸੀ। ਪਹਿਲਾ ਜੋਖਮ ਨਹੀਂ ਲੈ ਸੱਕਦੇ ਸੀ। ਹੁਣ ਉਪਰੋਂ ਦਿਸਦਾ ਸੀ ਕੋਈ ਭੇੜੀਏ ਉੱਠ ਦੇ ਸੀ। ਪਰ ਅਭਾਗਾ ਅਸਰਾਲ ਤਾਂ ਮਰਿਆ ਪਿਆ ਸੀ। ਰਾਣੇ ਦੇ ਹੱਥੋਂ ਮਾਰਿਆ ਗਿਆ। ਇਹ ਸੀ ਮੁੱਲ ਫ਼ੌਜ ਨੂੰ ਆਵਦੀ ਬਹਾਦਰੀ ਵੇਖਾਉਣ। ਰਾਣੇ ਨੂੰ ਤਰਸ

ਆਇਆ। ਕਿਉਂ ਨਹੀਂ? ਥਰਸ ਦਾ ਭਾਵ ਕੋਈ ਜੋਰੀ ਦਾ ਸੌਦਾ ਨਹੀਂ। ਪਵਨ ਨੂੰ ਮਿਲ ਗਿਆ ਜੋ ਉਹ ਲੈਣਾ ਚਾਹੁੰਦਾ ਸੀ। ਹੁਣ ਤਾਂ ਉਨ੍ਹਾਂ ਦੀ ਨਜ਼ਰ ਵਿਚ ਰਾਣਾ ਰਾਜ ਬੰਸ ਬਣਗਿਆ। ਔਖਾ ਕੰਮ ਸੀ ਬਾਪੂ ਨੂੰ ਮਾਰਨ। ਪਰ ਸੱਚਮੁਚ ਹੁਣ ਇੱਥੇ ਪਕਾ ਹੋਣਾ ਚਾਹੁੰਦਾ ਵੀ ਸੀ? ਜਿੱਦਾਂ ਵਿਓਂਤ ਕੀਤੀ ਫ਼ੌਜ ਕੋਲ੍ਹ ਇੱਲਾਂ ਨੇ ਤਿੰਨਾਂ ਨੂੰ ਲਿਆਂਦਾ।

ਰਾਣਾ ਨੇ ਭੂੰਝੇ ਤੱਕਿਆ। ਅੰਬਰੋਂ ਤੋਂ ਫ਼ੌਜੀ ਦੇਖਣ ਵਿਚ ਕੀੜੀਆਂ ਦੀ ਮੰਡਲੀ ਲੱਗਦੇ ਸੀ। ਵਰਾਨੇ ਸਨ। ਪਿੰਗੂ ਸਨ। ਅਤੇ ਹੋਰ ਵੀ ਜੰਤੂ ਸਨ। ਇੱਲ ਥੱਲੇ ਆਕਿ ਖਲੋਇਆ। ਰਾਣਾ ਇੱਲ ਤੋਂ ਔਥਿਆ। ਉਸਦੇ ਸਾਹਮਣੇ ਪਵਨ ਖੜ੍ਹਿਆ ਸੀ। ਘੋੜਾ ਹੁਣ ਆਮਾਨੀ ਸੂਟ ਦੇ ਥਾਂ ਸੰਜੋਐ ਵਿਚ ਸਜਿਆ ਸੀ। ਹਿਣਕ ਕੇ - ਜੀ ਆਇਆ ਨੂੰ - ਕੀਤਾ। ਫਿਰ ਵਰਾਨਿਆਂ ਨੂੰ ਇਸ਼ਾਰਾ ਦਿੱਤਾ ਚੰਦ ਅਤੇ ਅਲਫੋਂਸੋ ਨੂੰ ਇਕ ਜਾਮਨੀ ਤੰਬੂ ਵਿਚ ਲੈ ਕੇ ਜਾਣ।

– ਕੰਮ ਤੇਰਾ ਹੋ ਗਿਆ। ਪਰ ਮਹਿੰਗਾ - ਰਾਣਾ ਨੇ ਕਹਿਣਾ ਸ਼ੁਰੂ ਕੀਤਾ।

– ਫਿਕਰ ਨਾ ਕਰ। ਸਭ ਠੀਕ ਟਾਕ ਹੋ ਜਾਣਾ। ਮੈਂ ਵੀ ਜਾਦੂ ਜਾਂਦਾ ਏ–

– ਅੱਛਾ। ਪਰ ਮੈਨੂੰ ਬੇਗਾਨੇ ਅਤੇ ਮਾਸੂਨ ਲੋਕਾਂ ਨੂੰ ਮਾਰਨਾ ਪਸੰਦ ਨਹੀਂ ਹੈ। ਦਿਲ 'ਚ ਦਰਦ ਹੁੰਦਾ ਜਦ ਸੋਚਦਾ ‹ ਇਹ ਅਸਰਾਲ ਨੇ ਕੀ ਕੀਤਾ? ਕੀ ਬਿਗਾਰਿਆ? ਜਾਦੂਗਰ ਨੇ ਵੀ?› ਤੂੰ ਹੀ ਕਹਿੰਦਾ ਉਹ ਬਦੀ ਹੈ। ਮੈਨੂੰ ਕੀ ਪਤਾ–।

– ਸੋਚ ਨਾ। ਫ਼ੌਜ ਦਾ ਲੀਡਰ ਬਣਨ ਲਈ ਦਿਲੇਰ ਆਦਮੀ ਚਾਹੀਦਾ। ਤੂੰ ਆਪਣੀ ਦਿੱਲੇਰੀ ਸਾਨੂੰ ਵੇਖਾ ਦਿੱਤੀ। ਝੋਲਾ? –। ਰਾਣਾ ਨੇ ਬਾਂਹ ਅੱਗੇ ਵਧਾ ਦਿੱਤੀ। ਪਵਨ ਨੇ ਆਪਣੇ ਸੁੰਮਾਂ ਵਿਚ ਧਾਗਾ ਫਸਾ ਕੇ ਲੈ ਲਿਆ।

– ਅੱਗੇ ਦੇਖ। ਇਹ ਤੇਰੀ ਫ਼ੌਜ ਹੈ। ਸਭ ਮਾਰਨ ਲਈ ਤਿਆਰ ਏ। ਖਾਣ ਨੂੰ ਹੁਣ ਪਤਾ ਹੈ। ਰਣ ਸ਼ਹਿਰ ਨਹੀਂ ਹੋਵੇਗੀ। ਪਰ ਆ ਹੀ ਮੈਦਾਨ। ਸਾਡੇ ਵੱਲ ਉਸਦੀ ਫ਼ੌਜ ਕੂਚ ਰਹੀ ਹੈ। ਪਰ ਇਕ ਹੋਰ ਕੰਮ –। ਪਵਨ ਨੇ ਕਹਿਣਾ ਸ਼ੁਰੂ ਕੀਤਾ।

– ਬੱਸ! ਹੋਰ ਨਹੀਂ! ਮੈਨੂੰ ਮੇਰਾ ਸੰਜੋਆ ਦੇ। ਲਾੜਨ ਲਈ ਤਿਆਰ ਏ–।

– ਆਹੋ। ਪਰ ਸੱਚ ਹੈ ਕੇ ਦੂਜਾ ਕੰਮ ਪੂਰਾ ਨਹੀਂ ਹੈ। ਐ ਧਰਤੀ ਵਿਚ ਤੈਨੂੰ ਫ਼ੌਜ ਸਾਹਮਣੇ ਇਸ ਝੋਲੇ ਦੀਆਂ ਚੀਜ਼ਾਂ ਬੀਜਣੀਆਂ ਪੈਣੀਆਂ–।

– ਕੀ? ਦੰਦਾਂ ਨੂੰ - ਜਵਾਬ ਵਿਚ ਘੋੜੇ ਨੇ ਸਿਰ ਹਿਲਾਇਆ ਹਾਂ ਵਿਚ। ਰਾਣਾ ਨੇ ਝੋਲਾ ਖੋਹ ਲਿਆ। ਅਖਿਆ ਥਖਿਆ ਸੀ। ਪਰ ਫਿਰ ਵੀ ਹੈਦਾਨ ਦੀ ਮਿੱਟੀ ਵਿਚ ਦੰਦ ਥੱਕ ਕੇ ਬੀਜਨ ਲੱਗ ਗਿਆ। ਸਾਰੀ ਫ਼ੌਜ

ਪਿੱਛੇ ਹੋ ਗਈ। ਇਸ ਗੱਲ ਕਰਕੇ ਕੁਧ ਫਿਕਰ ਵਿਚ ਪੈਗਿਆ। ਜਦ ਆਖਰਾ ਦੰਦ ਬੀਜ ਦਿੱਤਾ ਸੀ ਮੁਖ ਮੈਦਾਨ ਵੱਲ ਰੱਖ ਕੇ ਪਿੱਛੇ ਤੁਰ ਪਿਆ। ਫਿਰ ਹਰਾਨ ਦੀ ਚੀਜ਼ ਦੇਖੀ। ਜਿੱਦਾਂ ਕੋਈ ਬੂਟਾਕਦਰਤ ਦੇ ਟੀਵੀ ਪ੍ਰੋਗ੍ਰਾਮ ਵਿਚ ਫਾਸਤ ਫਾਵੋਰਡ ਤੇ ਉੱਗਦਾ ਸੀ ਦੰਦਾਂ ਤੋਂ ਫੁੱਟ ਨਿਕਲ ਗਏ। ਰਾਣਾ ਕਾਂਬਿਆ। ਬੂਟੇ ਨਹੀਂ ਉੱਗੇ। ਪਰ ਜਿੰਨ੍ਹੇ ਦੰਦ ਕੱਢੇ ਸੀ ਓਨ੍ਹੇ ਹੱਡੀਆਂ ਦੇ ਮੁੱਠ ਸਾਹਮਣੇ ਖੜ੍ਹੇ ਖਲੋਏ ਸੀ। ਹਰੇਕ ਪਿੰਜਰ ਰਾਤ ਤੋਂ ਵੀ ਕਾਲਾ ਕਾਲਾ ਸੀ। ਹਰੇਕ ਦੇ ਹੱਥ ਵਿਚ ਹੱਥੀਆਰ ਸੀ। ਕਿਸੇ ਨੇ ਰਾਣਾ ਵੱਲ ਤਲਵਾਏ ਸਿੱਟ ਦਿੱਤੀ। ਰਾਣਾ ਨੇ ਫੜ ਲਈ। ਰਾਣੇ ਦੇ ਆਲ਼ੇ–ਦੁਆਲ਼ੇ ਪਿੰਜਰਾਂ ਦੀ ਫ਼ੌਜ ਨੇ ਚੱਕਰ ਬਣਾ



ਦਿੱਤਾ। ਸਭ ਕਾਰੀਗਰੀ ਨਾਲ ਸ਼ਸ਼ਤਾਰਾਂ ਨੂੰ ਘੰਮਾਉਂਦੇ ਸੀ। ਰਾਣਾ ਨੇ ਸੋਚਿਆ - ਰੱਬਾ ਹੁਣ ਬਹੁਤ ਚੰਗੀ ਵਕਤ ਹੈ ਮੈਨੂੰ ਆਵਦੀ ਜੱਗ ਵਿਚ ਵਾਪਸ ਲੈਣ - ਅੱਖਾਂ ਮੀਚੀਆਂ। ਫਿਰ ਖੋਲ੍ਹਿਆਂ। ਹਾਲੇ ਇੱਥੇ ਹੀ ਸੀ। ਹੁਣ ਕੀ ਕਰੂਗਾ?

**ਦੱਸਵਾਂ ਭਾਗ ਖ਼ਤਮ**

## ਗਿਆਰਵਾਂ ਭਾਗ

## ਐਸਤਾਰਫੀਨੀਆ

### *ਖਾਣ*

ਖਾਣਗੜ੍ਹ ਦਾ ਸਭ ਤੋਂ ਉੱਚਾ ਬੁਰਜ ਵਿਚ ਖੁੱਲ੍ਹਾ ਕਮਰਾ ਸੀ। ਇਥੋਂ ਸਾਰੀ ਸ਼ਹਿਰ ਦਿਸਦੀ ਸੀ। ਬਾਰੀ ਸਾਫ਼ ਅਤੇ ਚੌੜੀ ਸੀ। ਕਮਰੇ ਵਿਚ ਬਾਹਰੋਂ ਬਹੁਤ ਧੁੱਪ ਆਉਂਦੀ ਸੀ। ਫਰਨੀਚਰ ਘੱਟ ਸੀ। ਕੇਵਲ ਇਕ ਮੇਜ਼ ਅਤੇ ਇਕ ਪਲੰਘ। ਫ਼ਰਸ਼ ਉੱਤੇ ਕੋਈ ਦਰੀ ਨਹੀਂ ਸੀ। ਬਾਰੀ ਨਾਲ ਕੋਈ ਪਰਦੇ ਸੁੱਟੇ ਨਹੀਂ ਸੀ। ਇਕ ਸਿਨੇਮਾ ਸਕਰੀਨ ਵਰਗਾ ਵਿਸ਼ਾਲ ਦ੍ਰਿਸ਼ ਸੀ ਜਿਸ ਵਿਚੋਂ ਸਭ ਕੁਝ ਦਿੱਸਦਾ। ਉਸ ਖਿੜਕੀ ਸਾਹਮਣੇ ਬੰਦਾ ਖੜ੍ਹਾ ਸੀ। ਉਸ ਆਦਮੀ ਦੀ ਪਿੱਠ ਕਮਰੇ ਵੱਲ ਸੀ। ਉਹਦਾ ਚਿਹਰਾ ਬਾਰੀ ਦੇ ਸ਼ੀਸ਼ੇ ਵਿਚ ਹਲਕੀ ਪਰਛਾਈ ਦਿੰਦਾ ਸੀ। ਓਸਦੇ ਉਕਾਬੀ ਅੱਖਾਂ ਸਾਹਮਣੇ ਅੰਬਰ ਦੇਵ ਲੋਕ ਵੱਲ ਫੈਸਦਾ ਸੀ ਅਤੇ ਸ਼ਹਿਰ ਦੇ ਖੱਡਾ ਤੱਕ ਡਿੱਗਣਾ ਸੀ। ਨਜ਼ਰ ਦੇ ਸਾਹਮਣੇ ਕਾਲੇ ਕਾਲੇ ਰਾਖਸ਼ ਸਵਾਰ ਇੱਲ ਉੱਡਦੇ ਸਨ। ਸਵੈਚਲਣ ਵਾਲੀਆਂ ਗੱਡੀਆਂ ਵੀ ਉੱਡ ਦੀਆਂ ਸਨ। ਇਥੋਂ ਸਭ ਮੱਖੀਆਂ ਵਾਂਗ ਚਮਕ ਚਮਕ ਦੇ ਸਨ। ਊਂ ਰਾਤ ਨਹੀਂ ਸੀ ਪਰ ਸਵੇਰਾ ਸੀ। ਲਹੇ ਲਹੇ ਕਰਕੇ ਗੱਡੀਆਂ ਦੀਆਂ ਬੱਤੀਆਂ ਜਾਗਈਆਂ ਸਨ। ਇਸ ਲਈ ਜਦ ਬਾਰੀ ਵਿਚੋਂ ਬਹਾਰ ਦੇਖੀਏ ਸਿਆਹ ਲੱਗਦਾ ਸੀ ਜਿਸ ਵਿਚ ਗੱਡੀਆਂ ਟਟਹਿਣੇ ਵਰਗੇ ਜਾਪਦੇ ਸੀ। ਬਾਰੀ ਦੇ ਸ਼ੀਸ਼ੇ ਉੱਤੇ ਰੰਗਤ ਸੀ। ਤਾਂ ਹੀ ਸਭ ਟਟਹਿਣ ਮੱਖੀਆਂ ਵਾਂਗ ਚਮਕ ਦੇ ਸੀ। ਕੋਈ ਕਮਰੇ ਵਿਚ ਅੰਦਰ ਆਇਆ ਪਰ ਬੰਦਾ ਘੁੰਮਿਆ ਨਹੀਂ। ਬਾਹਰ ਉੱਡਦੀ ਫਿਰਦੀ ਦੁਨੀਆਂ ਵੱਲ ਝਲਕ ਰੱਖੀ।

– ਮਾਲਿਕ - ਚੇਂਗਿਸ ਨੇ ਝੁਕਾਕਿ ਕਿਹਾ।

– ਚਰਚਾ ਕੀ ਏ?– ਰੁੱਖੀ ਆਵਾਜ਼ ਵਾਪਸ ਆਈ। ਖਾਣ ਦੀ ਆਵਾਜ਼ ਸਖ਼ਤ ਸੀ।

– ਫੌਜ਼ ਇਥੋਂ ਪੰਜ ਕੋਹਾਂ ਕੁ ਖੜੀ ਏ। ਇੱਲ ਚੜ੍ਹੀ ਫੌਜ਼ ਵੀ ਏ। ਜਾਸੂਸਾਂ ਨੇ ਮਾਨਵ ਫੌਜ਼ਿਆ ਨਾਲ ਤੱਕਿਆ। ਜਵਾਨ ਲੜਕਾ ਏ। ਇਸ ਵੇਲੇ ਉਸਨੂੰ ਅਜ਼ਮਾਇਸ਼ ਦਿੰਦੇ ਏ। ਚੰਗਾ ਵਕਤ ਹਮਲਾ ਕਰਨ ਲਈ ਹੈ–। ਚੇਂਗਿਸ ਨੇ ਉਤਾਰਿਆ।

– ਅਤੇ ਮੇਰੀ ਫੌਜ?–

– ਸਭ ਤਿਆਰ ਏ ਮਾਲਿਕ–

– ਪਰਹੋਸਾ ਇਕ ਨਿਆਣੇ ਉੱਤੇ ਕਰਦੇ ਏ ਬੇਵਕੂਫ! ਉਨ੍ਹਾਂ ਦੀ ਫੌਜ਼ ਦਾ ਤਾਂ ਮੁੱਲ ਘੱਟਦਾ ਇਸ ਲਡਿਰ ਨਾਲ। ਸਾਡੇ ਮੁਕਾਬਲੇ ਕੁਝ ਵੀ ਨਹੀਂ ਏ। ਮਹਿੰਗਾ ਰੋਵੇ ਇਕ ਵਾਰ। ਸਸਤਾ ਰੋਵੇ ਵਾਰ ਵਾਰ–

– ਜੀ ਮਾਲਿਕ–।

– ਬਿੱਲੇ ਤਿਆਰ ਹੈ?–

– ਮੇਰੀ ਫੌਜ਼ ਤਿਆਰ ਹੈ–।

ਖਾਣ ਘੁੰਮਿਆ। ਚੇਂਗਿਸ ਨੂੰ ਪਰਖਿਆ। - ਸੁਣਿਆ ਤੇਰਾ ਪਰਾਣਾ ਯਾਰ ਅਮਰ ਉਨ੍ਹਾਂ 'ਚ ਸ਼ਾਮਲ ਏ?–

– ਜੀ–

– ਲੱਗਦਾ ਸੱਪ ਤੋਂ ਬੱਚ ਗਿਆ। ਤੇਰੇ ਕਾਰੇਹੱਥਾਂ ਤੋਂ ਵੀ ਬੱਚ ਗਿਆ। ਇਸ ਵਾਰੀ ਮਾਰਨਾ ਹੀ ਪਵੇਗਾ–

– ਜੀ ਮਾਲਿਕ–

– ਬਹੁਤ ਖੋਟੇ ਸਮੇਂ 'ਚ ਰਹਿੰਦੇ ਅਸੀਂ। ਘੜੀ ਘੜੀ ਐਸਾ ਹੀ ਹੁੰਦਾ। ਮੁੰਡਾ ਵਤਨ ਤੋਂ ਦੂਰ ਏ। ਮੈਂ ਉਸਨੂੰ ਸਮਬਾਲੂਗਾ। ਨਾਲੇ ਜੋ ਮੇਰੇ ਇਨਸਾਨ ਬਾਰੇ ਸੁਣਿਆ ਸਿਰਫ਼ ਵਹਿਮ ਹੈ। ਤੇਰਾ ਅਖਰਾ ਮੌਕਾ ਏ ਅਮਰ ਨੂੰ ਖ਼ਤਮ ਕਰਨ। ਸਮਝੇ?–

– ਜੀ ਮਾਲਿਕ–।

– ਮੈਂ ਤੇਰੇ ਉੱਠੇ ਸਵਾਰ ਰਣ 'ਚ ਜਾਵੇਗਾ। ਮੇਰੀ ਕਾਠੀ ਤਿਆਰ ਰੱਖ–। ਚੇਂਗਿਸ ਝੁਕਕਿ ਪਿੱਛੇ ਪਿੱਛੇ ਤੁਰਕਿ ਬਾਹਰ ਚਲੇ ਗਿਆ। ਖਾਣ ਫਿਰ ਘੁੰਮਕਿ ਸ਼ਹਿਰ ਵੱਲ ਫਿਰ ਦੇਖਣ ਲੱਗ ਗਿਆ। - ਹੁਣ ਸਭ ਉੱਤੇ ਦੱਘਲ ਕਰੂਗਾ। ਖਾਣ ਆ ਰਿਹਾ ਹੈ–। ਫਕੜੀ ਪਾਕਿ ਬਲਿਆ।

### *ਤਾਰਾ ਅਤੇ ਵੀਤਾ*

ਰਾਣੇ ਦਾ ਲਿਖਿਆ ਹੋਇਆ ਖ਼ਤ ਡਾਕ ਦੇ ਰਾਹੀ ਰਟਨ ਕਰਕੇ ਸਾਊਥਹਾਲ ਪਹੁੰਚ ਗਿਆ ਸੀ। ਪਹਿਲਾ ਬਾਥੇਲੋਨਾ-ਘਰ ਵਾਪਸੀ ਦੇ ਪੋਸਟ ਆਫ਼ਸ 'ਚ ਅੱਪੜਿਆ। ਉੱਥੋਂ ਇੰਗਲੈਂਡ ਦੇ ਡਾਕ 'ਚ ਮਿਲਿਆ। ਵੱਡੇ ਵੱਡੇ ਬੋਰਿਆਂ 'ਚ ਹੋਰ ਡਾਕ ਨਾਲ ਪਾ ਦਿੱਤਾ ਸੀ। ਬੋਰੇ ਹਵਾਈ ਜਹਾਜ਼ ਵਿਚ ਸਵਾਰ ਹੋਕਿ ਵਲੈਤ 'ਚ ਪਹੁੰਚ ਗਏ। ਉੱਥੇ ਜ਼ੋਨ ਦੇ ਹਿਸਾਬ ਨਾਲ ਵੰਡ ਦਿੱਤੇ ਸੀ। ਖ਼ਤ ਹੀਥਰਾਉ ਏਰਪੋਰਟ ਰਾਹੀ ਸਾਊਥਹਾਲ ਦੇ ਅੱਡੇ ਪਹੁੰਚ ਗਏ ਸੀ। ਡਾਕ ਦੇ ਦਫ਼ਟਰ ਦੇ ਕਾਮਿਆਂ ਨੇ ਛਾਂਟ ਕਰਕੇ ਡਾਕਿਆਂ ਨੂੰ ਫੜ੍ਹਾ ਦਿੱਤੇ। ਇਕ ਡਾਕੀ ਨੇ ਆਪਣੇ ਸਾਇਕਲ ਉੱਤੇ ਬਹਿਕਿ ਵੀਤਾ ਦੇ ਘਰ ਚਿੱਠੀ ਦੇ ਦਿੱਤੀ। ਰਾਣੇ ਨੂੰ ਤਾਂ ਪਤਾ ਵੀ ਨਹੀਂ ਸੀ ਕੇ ਘਟਰੀਨਾ ਨੇ ਉਸਦੇ ਖ਼ਤ ਮਾਂ-ਪਿਉਂ ਨੂੰ ਭੇਜ ਦਿੱਤਾ ਸੀ। ਵੀਤਾ ਨੇ ਚਿੱਠੀ ਬਹੁਤ ਚਾਹ ਨਾਲ ਖੋਲ੍ਹੀ। ਤਿੰਨ ਚਾਰ ਵਾਰੀ ਅਪਣੇ ਸੀਨੇ ਲਾ ਲਾਕਿ ਚਿੱਠੀ ਪੜ੍ਹੀ ਸੀ। ਖ਼ੱਤ ਦਾ ਕਾਗ਼ਜ ਹੰਝੂਆਂ ਨਾਲ ਗਿੱਲਾ ਸਿੱਲਾ ਹੋ ਗਿਆ ਸੀ।



ਰਾਣਾ ਹੁਣ ਜੁਦਾ ਹੋ ਕੇ ਅੱਕ ਗਿਆ ਸੀ। ਪਿਉ ਨਾਲ ਨਜ਼ਦੀਕ ਹੋਣ ਦੀ ਕੋਸ਼ਿਸ਼ ਕਰਨਾ ਚਾਹੁੰਦਾ ਸੀ। ਮਾਂ ਕੋਲੇ ਵਾਪਸ ਆਉਣਾ ਚਾਹੁੰਦਾ ਸੀ। ਆਪਣੇ ਕਲਾਕਾਰੀ 'ਚ ਕਾਮਯਾਬ ਵੀ ਸੀ। ਪਹਿਲਾ ਘਟਰੀਨਾ ਬਾਰੇ ਪੜ੍ਹਦੀ ਵੀਤਾ ਰੁਸ ਗਈ। ਫਿਰ ਸੋਚਣ ਲੱਗ ਪਈ। ਆਲ਼ੇ-ਦੁਆਲ਼ੇ ਰਿਸ਼ਤੇਦਾਰ ਦੇ ਬੱਚੇ ਅਪਣੀ ਜਾਤ ਵਿਚ ਵਿਆਹ ਕਰਨਾ ਹਟ ਗਏ ਸੀ। ਸਭ ਯਰਾਨੇ ਕਰਦੇ ਸੀ। ਕੱਲੀ ਜਾਤ ਤੋਂ ਬਾਹਰ ਨਹੀਂ। ਪਰ ਧਰਮ ਤੋਂ ਵੀ ਪਰੇ। ਅੱਜ ਕੱਲ੍ਹ ਤਾਂ ਕਹਿਆਂ ਨੇ ਗੋਰਿਆਂ ਨਾਲ ਵੀ ਸ਼ਾਦੀ ਕਰ ਲਈ ਸੀ। ਇਕ ਦੋਆਂ ਨੇ ਤਾਂ ਕਾਲਿਆਂ ਚਨਿਆਂ ਨਾਲ ਵੀ ਵਿਆਹ ਕਰ ਲਏ ਸੀ। ਸੱਚ ਸੀ ਕੇ ਧਰਮ ਦੀਨ ਦੇ ਰਾਗ ਗਾਈ ਗਏ। ਪਰ ਅਸਲੀਅਤ ਸੁਭਿਆਚਾਰ ਬਾਰੇ ਖਾਕ ਨਹੀਂ ਕਿਸੇ ਨੇ ਸਿਖਇਆ। ਵਿਦੇਸ਼ ਬੋਲੀ ਵੀ ਅਮਗ੍ਰੇਜ਼ੀ ਸੀ। ਭੰਗੜੇ ਤੋਂ ਛੁੱਤ ਕੁਝ ਨਹੀਂ ਜਾਣ ਦੇ ਸੀ। ਨਿਆਣੇ ਤਾਂ ਅਸਲ ਵਿਚ ਖਾਕੀ ਰੰਗ ਵਾਲੇ ਅਮਗ੍ਰੇਜ਼ ਸਨ। ਇਸ ਤੋਂ ਉਪਰ ਪੰਜਾਬਿਆਂ ਦੇ ਤੰਗ ਖਿਆਲਾਂ ਨੇ ਪੜ੍ਹੇ ਲਿਖਿਆਂ ਨੂੰ ਪਰੇ ਧੱਕ ਦਿੱਤਾ। ਇੱਦਾਂ ਦੇ ਆਲ਼ੇ-ਦੁਆਲ਼ੇ 'ਚ ਕਿਸੇ ਨੇ ਕੁਝ ਨਹੀਂ ਕਹਿਣਾ ਸੀ। ਜੇ ਰਾਣਾ ਨੇ ਇਸ ਕੁੜੀ ਨਾਲ ਵਿਆਹ ਕਰ ਲਿਆ। ਅਬਲ ਤਾਂ ਹਾਲੇ ਯਾਰਣੀ ਹੀ ਸੀ। ਕੋਈ ਪਕਾ ਮੇਲ ਤਾਂ ਨਹੀਂ ਸੀ।

ਕੀ ਪਤਾ ਬਾਅਦ ਪੰਜਾਬਣ ਨਾਲ ਵਿਆਹ ਕਰ ਵੀ ਲੈਵੇਗਾ? ਤਾਰੇ ਨੂੰ ਤਾਂ ਚਿੱਠੀ ਵੇਖਾਉਣੀ ਸੀ। ਕੀ ਪਤਾ ਪੜ੍ਹਕਿ ਉਹਦਾ ਮਨ ਹੌਲਾ ਹੋ ਜਾਵੇਗਾ? ਕੀ ਪਤਾ ਸਖ਼ਤੀ ਘੱਟ ਜਾਵੇਗੀ? ਵੀਤਾ ਨੂੰ ਹੁਣ ਪਰਹੋਸਾ। ਹਿੰਮਤਆ ਗਈ ਤਾਰੇ ਨੂੰ ਦਸਨ- ਅਸੀਂ ਬਾਥੇਲੋਨਾ-ਘਰ ਵਾਪਸੀ ਚੱਲੇ ਹੈ-। ਪੁਛ ਪੁਛ ਕੇ ਕੁਝ ਨਹੀਂ ਮਿਲਿਆ ਸੀ।

ਵੀਤਾ ਨੇ ਸਿਰ ਢੱਕ ਕੇ ਤਿੰਨ ਚਾਰ ਵਾਰੀ ਗੁਰੂ ਦੀ ਤਸਵੀਰ ਸਾਹਮਣੇ ਧੂਫ ਦਾ ਚੱਕਰ ਚੱਲਾ'ਕਿ ਮੱਥਾ ਟੇਕਿਆ। ਖ਼ਤ ਵਿਚ ਕਾਲਜ ਦਾ ਨਾਂਅ ਲ਼ਿਖਿਆ ਸੀ। ਕੁੜੀ ਦਾ ਨਾਂਅ ਵੀ ਪਤਾ ਸੀ। ਇੰਨ੍ਹਾਂ ਇਤਲਾਹ ਨਾਲ ਰਾਣੇ ਨੂੰ ਸੋਖਾ ਤਰ੍ਹੀ ਭਾਲ ਲੈਣਾ ਸੀ। ਬਸ ਤਾਰੇ ਨੂੰ ਪ੍ਰੇਰਨਾ ਹੀ ਦੇਣਾ ਸੀ। ਵੀਤਾ ਨੂੰ ਇਕ ਖ਼ਿਆਲ ਆਇਆ।

ਅਲਮਾਰੀ ਖੋਲ੍ਹਕਿ ਰਾਣੇ ਦੀਆਂ ਬੱਚਪਨ ਦੀਆਂ ਤਸਵੀਰਾਂ ਕੱਢ ਲੀਆਂ।

*****

ਅੱਧੀ ਰਾਤ ਤਾਂ ਬੀਤ ਗਈ ਸੀ ਜਦ ਤਾਰਾ ਭੋਜਨਸ਼ਾਲੇ ਤੋਂ ਘਰ ਵਾਪਸ ਆਇਆ। ਵੀਤਾ ਨੇ ਸਿਰਫ਼ ਗੱਲੀ ਦੀ ਬੱਤੀ ਲਾਈ ਸੀ। ਜਦ ਬੈਠਕ ਦੀ ਲਾਈਟ ਲਾਈ। ਤਾਰੇ ਦੀਆਂ ਥੱਕੀਆਂ ਅੱਖਾਂ ਕਾਹਵੇ ਵਾਲੇ ਮੇਜ਼ ਉੱਤੇ ਖੜੀਆਂ। ਵੀਤਾ ਨੇ ਫੋਟੋ ਐਲਬਮ ਨੂੰ ਖੋਲ ਕੇ ਰੱਖਿਆ ਸੀ। ਤਾਰਾ ਨੇ ਤਸਵੀਰਾਂ ਵੱਲ ਝਾਕਿਆ। ਰਾਣੇ ਦਾ ਪਹਿਲਾ ਜਨਮ ਦਿਨ ਦਾ ਜਸ਼ਨ ਮਨਾਉਂਦੇ ਸੀ। ਬਾਲਕ ਦੇ ਸਾਹਮਣੇ ਕਿੱਕ ਸੀ ਜਿਸ ਵਿਚ ਇਕੱਲੀ ਮੋਮ ਬੱਤੀ ਖੋਭੀ ਸੀ। ਰਾਣੇ ਦੇ ਮੁਖ ਉੱਤੇ ਵੱਧੀ ਮੁਸਕਾਨ ਸੀ। ਉਹ ਬੱਤੀ ਦੀ ਲਪਟ ਵੱਲ ਤੱਕਦਾ ਸੀ। ਇਕ ਪਾਸੇ ਵੀਤਾ ਸੀ। ਦੂਜੇ ਪਾਸੇ ਤਾਰਾ। ਟੱਬਰ ਬਹੁਤ ਖ਼ੁਸ਼ ਜਾਪਦਾ ਸੀ। ਵੀਤਾ ਨੇ ਜਾਣ ਕੇ ਐਲਬਮ ਖੋਲ੍ਹ ਕੇ ਰੱਖੀ ਸੀ। ਇੰਨ੍ਹਾਂ ਤਾਂ ਤਾਰਾ ਸਮਝ ਗਿਆ ਸੀ। ਤਾਰਾ ਨੇ ਐਲਬਮ ਬੰਦ ਕਰ ਦਿੱਤੀ। ਫਿਰ ਪਤਾ ਨਹੀਂ ਕਿਉਂ। ਤਾਰਾ ਨੇ ਤਸਵੀਰਾਂ ਦੀ ਕਿਤਾਬ ਖੋਲ੍ਹ ਲਈ। ਟੱਬਰ ਦਾ ਇਤੀਹਾਸ ਉਹਦੇ ਸਾਹਮਣੇ ਫੋਟੋਆਂ ਵਿਚ ਸੀ। ਨਿੱਕਾ ਹੁੰਦਾ ਮੁੰਡਾ ਬਹੁਤ ਤੇਜ ਸੀ। ਉਹਦੇ ਉੱਪਰ ਕਈ ਆਸ ਸੀ। ਕਈ ਸਪਣੇ ਜਿਹੜੇ ਨਹੀਂ

ਪੂਰੇ ਹੋਏ ਸੀ। ਖਿੱਝ ਫੁਟਨ ਤੋਂ ਪਹਿਲਾ ਐਲਬਮ ਬੰਦ ਕਏ ਦਿੱਤੀ।

ਤਾਰਾ ਰਸੋਈ ਵੱਲ ਗਿਆ। ਕਾਊਂਟਰ ਉੱਤੇ ਵੀਤਾ ਨੇ ਬਦਾਮ ਵਾਲੇ ਦੁੱਧ ਦਾ ਗਲਾਸ ਰੱਖਿਆ ਸੀ। ਦੱਧ ਦੇ ਨਾਲ ਖਾਣ ਲਈ ਸੇਬ ਵੀ ਪਿਆ ਸੀ। ਤਾਰਾ ਦੁੱਧ ਨੂੰ ਪੀਣ ਲਈ ਚੁੱਕਣ ਲੱਗਿਆ ਸੀ ਜਦ ਫਲ ਦੇ ਕੋਲ ਇਕ ਖੱਤ ਪਿਆ ਦਿਸ ਗਿਆ ਸੀ। ਰਾਣੇਦੇ ਹੱਥ 'ਚ ਸਰਨਾਵਾਂ ਲਿੱਖਿਆ ਸੀ। ਤਾਰਾ ਖੋਲ੍ਹ ਕੇ ਪੜ੍ਹਣ ਲੱਗ ਗਿਆ ਸੀ। ਹਾਲੇ ਵੀ ਪੁੱਤ ਵੱਲ ਗੁੱਸਾ ਸੀ। ਆਦਤ ਤੋਂ ਮਜਬੂਰ ਸੀ। ਇਸ ਲਈ ਖੱਤ ਵੱਲ ਉਦਾਸੀਨ ਰਹਿਣਾ ਚਾਹੁੰਦਾ ਸੀ। ਪਰ ਫਿਰ ਵੀ ਉਸਦਾ ਪਿਤਾ ਸੀ। ਮਲੋ ਮੱਲੀ ਹੰਝੂ ਆ ਗਏ। ਹੱਥ ਦੇ ਪਿੱਛਲੇ ਪਾਸੇ ਨਾਲ ਅੱਥਰੂ ਪੂੰਝ ਕੇ ਚਿੱਠੀ ਨੂੰ ਬੈਠਕ ਵਿੱਚ ਲੈ ਕੇ ਬਹਿ ਕੇ ਫਿਰ ਪੜ੍ਹਣ ਲੱਗ ਪਿਆ। ਫਿਰ ਤਸਵੀਰਾਂ ਦੀ ਕਿਤਾਬ ਖੋਲ੍ਹ ਕੇ ਸ਼ੁਰੂ ਤੋਂ ਫਰੋਲਣ ਲੱਗ ਗਿਆ। ਇਕ ਰਾਣੇ ਦੀ ਨਿੱਕੇ ਹੁੰਦੀ ਦੀ ਤਸਵੀਰ (ਜਿਸ ਨੂੰ ਬਹੁਤ ਪਸੰਦ ਕਰਦਾ ਸੀ) ਨੂੰ ਛੋਹਣ ਲੱਗ ਗਿਆ। ਕੋਈ ਦੇਖਣ ਵਾਲਾ ਨਹੀਂ ਸੀ। ਤਾਰਾ ਰੋਣ ਲੱਗ ਗਿਆ ਸੀ। ਪਰ ਹੰਕਾਰ ਨੂੰ ਛੱਡ ਨਹੀਂ ਸੱਕਦਾ ਸੀ। ਅਰਬ ਬੰਦਾ ਸੀ।

*****

ਦੂਜੇ ਦਿਨ ਤੜਕਿ ਉੱਠ ਗਿਆ ਸੀ। ਵੀਤਾ ਨਾਲ ਗੱਲ ਨਹੀਂ ਕੀਤੀ। ਸਾਰਾ ਦਿਨ ਕੰਮ 'ਚ ਗੁਆਚਾ ਰਿਹਾ। ਹਾਰ ਕੇ ਵੀਤਾ ਨੂੰ ਮੌਕਾ ਮਿਲ ਗਿਆ ਤਾਰੇ ਨਾਲ ਗੱਲ ਤੋਰਨ। ਉਹ ਗੱਲ ਕਰੀ ਗਈ। ਤਾਰਾ ਚੁਪ ਚਾਪ ਰਿਹਾ। ਫਿਰ ਬਹਿਸ ਕਰਨ ਲੱਹ ਗਿਆ - ਮੁੰਡਾ ਕਾਮਯਾਬ ਨਹੀਂ। ਕਲਾਕਾਰ ਕੋਈ ਕੰਮ ਹੈ? ਫਲਾਣੇ ਠੇਮਕਿ ਦਾ ਮੁੰਡਾ ਅਮੀਰ ਹੈ। ਫਲਾਣੇ ਦਾ ਮੁੰਡਾ ਵਕੀਲ ਹੈ। ਸਭ ਨੇ ਪੰਜਾਬਣਾਂ ਨਾਲ ਵਿਆਹ ਕੀਤੇ। ਸਾਡੀ ਉਲਾਦ ਹੀ ਗੋਰੀਆਂ ਨਾਲ ਫਿਰਦਾ–। ਜਵਾਬ ਵਿਚ ਐਟਕੀ ਵੀਤਾ ਤੇਜ ਹੋ ਗਈ ਸੀ। - ਭਾਵੇਂ ਰਾਣਾ ਕੱਲ੍ਹੋ ਭਾਰਤ ਦਾ ਪ੍ਰਦਾਨ-ਮੰਤਰੀ ਬਣ ਜਾਵੇਂ। ਤੁਸੀਂ ਖ਼ੁਸ਼ ਨਹੀਂ ਹੋਣਾ। ਸਾਡਾ ਖਲ੍ਹਾ ਪੁੱਤ ਹੀ ਹੈ। ਹੁਣ ਤਾਂ ਸਹੀ ਰਾਹ ਪੈ ਗਿਆ। ਲੋਕਾਂ ਦੀਆਂ ਗੱਲਾਂ ਵਿਚ ਤੁਸੀਂ ਹਮੇਸ਼ਾਂ ਆ ਜਾਂਦੇ ਨੇ–। ਫਿਰ ਦੋਵੇਂ ਬੂਥੇ ਬਣਾ ਕੇ ਬੈਠ ਗਏ ਸੀ।

– ਠੀਕ ਹੈ। ਟਿਕਤ ਬੁਕ ਕਰਦੇ। ਦੋ ਤਿੰਨ ਦਿਨਾਂ ਲਈ ਚੱਲ ਜਾਵੇਗੇ। ਪੰਜਾਬ ਵਾਂਗ ਕਿਥੇ ਦੂਰ ਐ?–

ਵੀਤਾ ਸੁਣ ਕੇ ਖ਼ੁਸ਼ ਹੋ ਗਈ। ਚੱਲ ਹੁਣ ਲਈ ਤਾਂ ਤਾਰੇ ਨੂੰ ਆਖਣ ਵੀਜ਼ੇ ਵੂਜੇ ਲੈ ਕੇ ਤਿਆਰੀਆਂ ਕਰ ਲਈਆਂ ਸੀ। ਕਾਲਜ ਨੂੰ ਫੋਨ ਕਰ ਲਿਆ ਸੀ। – ਹਾਂ ਤੁਹਾਡਾ ਪੁੱਤ ਇਸ ਕਾਲਜ 'ਚ ਪੜ੍ਹਦਾ ਸੀ। ਤਾਰਾ ਨੇ ਤਾਂ ਨਵਾਂ ਸੂਟ ਵੀ ਖਰੀਦ ਲਿਆ ਸੀ। ਖ਼ੱਤ ਨੇ ਕੰਮ ਕਰ ਦਿੱਤਾ ਸੀ। ਪਰ ਜਦ ਪਿਉਂ-ਪੁੱਤ ਮਿਲੇ ਉਦੋਂ ਹੀ ਪਤਾ ਲੱਗਨਾ ਜੇ ਹਾਲੇ ਵੀ ਫਾਸਲਾ ਹੈ?

********

ਈਜ਼ੀਜੇਟ ਦਾ ਹਵਾਈ ਜਹਾਜ਼ ਬਾਥੇਲੋਨਾ-ਘਰ ਵਾਪਸੀ ਏਆਰਪੋਰਟ ਦੇ ਟਾਰਮੈਂਕ ਉੱਤੇ ਹੁਜਕਾ ਮਾਰ ਕੇ ਹੌਲੀ ਹੋ ਗਿਆ। ਸਵਾਰੀਆਂ ਨੂੰ ਕੋਚਾਂ ਨਹੀਂ ਲੈਣ ਆਇਆਂ। ਸਾਰਿਆਂ ਨੂੰ ਤੁਰਕਿ ਏਆਰਪੋਰਟ ਦੇ ਅਡੇ ਜਾਣਾ ਪਿਆ। ਵੀਤਾ ਅੱਜ ਖ਼ੁਸ਼ ਸੀ। ਮੌਸਮ ਬਹੁਤ ਚੰਗਾ ਸੀ। ਪੰਜਾਬ ਵਾਂਗ ਨਿਘੇ ਨਿਘੇ ਕਿਰਾਨਾਂ ਨੇ ਤੇਜ ਧੁੱਪ ਧਰਤੀ



ਉੱਤੇ ਭੇਜੀ। ਆਵਾਸ ਲੰਘ ਕੇ ਮੀਆ ਬੀਬੀ ਨੇ ਟੈਕਸੀ ਫੜ੍ਹ ਲਈ। ਹੋਟਲ *ਲਾ ਡਾਇਐਗਨਲ* ਉੱਤੇ ਸੀ। ਵੀਤਾ ਨੂੰ ਲੱਗਾ ਕੇ ਜੇ ਭਾਰਤ ਨੇ ਆਪਨੂੰ ਸਿੱਧੇ ਰਾਹ ਪਾ ਲਿਆ। ਇੱਦਾਂ ਦੇ ਸ਼ਹਿਰ 'ਚ ਲੋਕ ਵਸਕਿ ਬਹੁਤ ਖ਼ੁਸ਼ ਹੋ ਸਕੱਦੇ ਹੈ। ਬਾਕੀ ਸੁਪਣੇ ਤਾਂ ਸੁੰਦਰ ਸੀ। ਪੰਜਾਬ ਦਾ ਮੌਸਮ। ਇੰਗਲੈਂਡ ਦੇ ਰਹਿਣ ਸਹਿਣ ਦੇ ਮਿਆਰ। ਵੀਤਾ ਦਾ ਤਾਂ ਜੀ ਕਰਦਾ ਸੀ ਕੇ ਇਕ ਦਮ ਅਪਣੇ ਲਾਡਲੇ ਨੂੰ ਮਿਲਣ ਜਾਵੇਂ। ਪਰ ਤਾਰਾ ਕਾਹਲੀ;ਚ ਨਹੀਂ ਸੀ। ਵਿਦੇਸ਼ ਆਕਿ ਬਰਤਾਨੀਆ 'ਚੋਂ ਬਾਹਰ ਨਹੀਂ ਬਹੁਤਾ ਗਿਆ। ਸਭ ਕੁਝ ਹਜ਼ਮ ਕਰਨਾ ਚਾਹੁੰਦਾ ਸੀ। ਸਮਝਣਾ ਚਾਹੁੰਦਾ ਸੀ ਕਿਉਂ ਇਸ ਥਾਂ ਰਾਣਾ ਆਕਿ ਟਿਕ ਗਿਆ ਸੀ। ਪੂਰਾ ਦਿਨ ਸ਼ਹਿਰ ਦੇ ਕਮਾਲ ਦੇਖਣ। ਸੈਲਾਨੀ ਸਥਾਨਾਂ ਦੇੱਖਣ 'ਚ ਬੀਤ ਗਿਆ ਸੀ। ਪਰ ਵੀਤਾ ਤਾਂ ਪਾਣੀ ਵਿਚੋਂ ਬਾਹਰ ਕਦੀ ਵਾਲੀ ਮੱਛੀ ਵਾਂਗ ਤੱਰਫ਼ ਦੀ ਰਹੀ। ਹਰੇਕ ਪੱਲ ਰਾਣੇ ਬਾਰੇ ਸੋਚਣ 'ਚ ਬੀਤ ਗਿਆ ਸੀ। ਅੱਗਲੇ ਦਿਨ ਸੁਭਾ ਉੱਠ ਕੇ ਦੋਵੇਂ *ਮੇਟਾਫੋਰਾ* ਜਾ ਕੇ ਰਾਣੇ ਬਾਰੇ ਪੁੱਛ ਗਿੱਛ ਕਰਨ ਲੱਗ ਪਏ ਸੀ। ਕਾਲਜ ਨੇ ਸੌ ਸੁਆਲ ਆਖੇ। ਉਨ੍ਹਾਂ ਦੀ ਆਦਤ ਨਹੀਂ ਸੀ ਬਿਗਾਨੇ ਬੰਦੇ ਨੂੰ ਇਤਲਾਹ ਦੇਣ। ਤਾਰਾ ਨਟ ਪਾਸਪੋਰਟ ਦਿਖਾਏ। ਰਾਣੇ ਦੀਆਂ ਤਸਵੀਰਾਂ ਬਟੂਆਂ 'ਚੋਂ ਕੱਢ ਕੇ ਵੀ ਨਜ਼ਰੀ ਪਾਏ। ਹਾਰ ਕੇ ਜਿਸ ਅਧਿਕਾਰੀ ਨੇ ਫੋਨ'ਤੇ ਗੱਲ ਕੀਤੀ ਸੀ ਸਾਹਮਣੇ ਆਗਿਆ। ਉਸਨੇ ਤਾਰੇ ਨੂੰ ਰਾਣੇ ਦਾ ਫੋਨ ਨੰਬਰ ਦੇ ਦਿੱਤਾ ਅਤੇ ਘਰ ਦਾ ਸਿਰਨਾਵਾਂ। ਤੜਕਾ ਕਰਕੇ ਇਕ ਦਮ ਟੈਕਸੀ ਫੜ੍ਹ ਕੇ ਉੱਤੇ ਚੱਲੇ ਗਏ। ਪਰ ਘਰ ਕੋਈ ਨਹੀਂ ਸੀ। ਘੰਟਾ ਲਈ ਪੁੱਤ ਦੇ ਉਦੀਕ 'ਚ ਇਕ ਕਾਫ਼ੇ 'ਚ ਘਰ ਦੇ ਸਾਹਮਣੇ ਬਹਿ ਗਏ ਸੀ। ਘਟਰੀਨਾ ਨੂੰ ਵੀ ਖੱਤ ਦੇ ਨਿਰਪੂਣ ਤੋਂ ਪਛਾਣਨ ਦੀ ਕੋਸ਼ਿਸ਼ ਕੀਤੀ। ਫਿਰ ਕਾਲਜ ਵਾਪਸ ਜਾ ਕੇ ਜਮਾਤਾਂ ਦਾ ਪਤਾ ਲੈਣ ਲੱਗ ਗਏ। ਲੱਗਾ ਅੱਜ ਮੁੰਡਾ ਕਾਲਜ ਤੋਂ ਭਗੌੜਾ ਹੋ ਗਿਆ ਸੀ। ਹਾਰ ਕੇ ਫੋਨ ਕਰਨ ਦਾ ਫੇਸਲਾ ਬਣਾਲਿਆ। ਤਾਰੇ ਕੋਲ ਹਿੰਮਤਨਹੀਂ ਸੀ ਬੇਟੇ ਨਾਲ ਗੱਲ ਕਰਨ। ਮੋਬਾਇਲ ਵੀਤਾ ਨੂੰ ਫੜ੍ਹਾ ਦਿੱਤਾ ਸੀ।

ਜਦ ਵੀਤਾ ਨੇ ਫੋਨ ਘੁੰਮਾਇਆ। ਉਸਨੂੰ ਸਨੇਹਾ ਭਰਨ ਵਾਲੀ ਮਸ਼ੀਨ ਹੀ ਮਿਲੀ। ਹਾਰ ਕੇ ਸਨੇਹਾ ਭਰ ਦਿੱਤਾ - ਰਾਣਾ ਅਸੀਂ ਬਾਥੇਲੋਨਾ-ਘਰ ਵਾਪਸੀ ਆ ਗਏ– । ਵੀਤਾ ਨੇ ਮੋਬਾਇਲ ਨੰਬਰ ਵੀ ਛੱਡ ਦਿੱਤਾ। ਉਸ ਰਾਤ ਹੋਟੇਲ ਦੇ ਬਾਰੀਆਂ 'ਚੋਂ ਬਾਹਰ ਸਾਰੇ ਸਪੇਨਿਸ਼ ਸੰਸਾਰ ਵੱਲ ਝਾਕਿ। ਸ਼ਹਿਰ ਸਭ ਸਟੈਡੀਅਮ ਚੱਲੀ ਸੀ। ਕੋਈ ਵੱਧਾ ਫੁਟਬੋਲ ਮੈਚ ਸੀ।

– ਕੀ ਪਤਾ ਉੱਥੇ ਹੋਵੇਗਾ?– ਤਾਰਾ ਨੇ ਕਿਹਾ।

– ਨਹੀਂ ਜੀ। ਉਹ ਤਾਂ ਰਗਬੀ ਦਾ ਸ਼ੌਂਕੀਨ ਹੈ–।

ਦਿਨ ਸੌਹ ਗਿਆ। ਰਾਤ ਉੱਠ ਗਈ। ਤਾਰਾ ਅਤੇ ਵੀਤਾ ਵੀ ਸੌਹ ਗਏ ਸੀ। ਸਾਰੀ ਰਾਤ ਉਨ੍ਹਾਂ ਦੀਆਂ ਸੋਚਾਂ ਵਿਚ ਰਾਣਾ ਨੇ ਹੱਲਾ ਕੀਤਾ। ਉਸਦੇ ਟਿਕਾਣੇ ਤੜਕਿ ਜਾਨ ਦਾ ਪੱਕਾ ਇਰਾਦਾ ਬਣਾ ਲਿਆ ਸੀ।

*******

ਦਰਵਾਜ਼ਾ ਇਕ ਸਪੇਂਨਿਸ਼ ਕੁੜੀ ਨੇ ਖੋਲ੍ਹਿਆ। ਤਾਰਾ ਹੈਰਾਨ ਹੋ ਗਿਆ ਕਿੰਨੀ ਸੁੰਦਰ ਸੀ। ਨੈਣ ਤਿੱਖੇ ਸਨ ਅਤੇ ਵਾਲ ਕਾਂ ਤੋਂ ਵੀ ਕਾਲੇ। ਦੇੱਖਣ ਵਾਲੇ ਨੂੰ ਤਾਂ

ਪੰਜਾਬਣ ਲੱਗ ਦੀ ਸੀ। ਤਾਰਾ ਨੂੰ ਸਮਝ ਲੱਗ ਗਈ ਕੇ ਕੁੜੀ ਘਟਰੀਨਾ ਹੀ ਸੀ। ਰਾਣੇ ਦੀ ਯਾਰਣੀ। ਹਾਲੇ ਸੋਹਣ ਵਾਲੇ ਕਪੜਿਆਂ 'ਚ ਹੀ ਸੀ। ਤਾਰਾ ਨੂੰ ਘਟਰੀਨਾ ਨੂੰਹ ਦੇ ਰੂਪ 'ਚ ਜਾਪਦੀ ਸੀ। ਇਸ ਕਰਕੇ ਉਸਨੂੰ ਇਸ ਹਾਲ 'ਚ ਵੇਂਖਕਿ ਸ਼ਰਮ ਆਉਂਦੀ ਸੀ। ਆਪਣੀਆਂ ਅੱਖਾਂ ਪਰ੍ਹੇ ਹਟਾ ਦਿੱਤੀਆਂ ਸੀ।

ਵੀਤਾ ਨੂੰ ਬੂਹਾ ਖੁਲਦੇ ਇਕ ਦਮ ਯਾਦ ਆ ਗਈ ਉਸ ਵੇਲੇ ਦਾ ਜਦ ਲੰਡਨ 'ਚ ਰਾਣੇ ਨੂੰ ਖਾਣਾ ਲੈ ਕੇ ਗਈ ਸੀ। ਤੇ ਇਕ ਅਮਗ੍ਰੇਜਣ ਨੰਗ ਧੜੰਗ ਖੜ੍ਹੀ ਖਲੋਈ ਸੀ। ਆਪਣੇ ਮਨ ਵਿਚ ਪਕਾ ਇਰਾਦਾ ਬਣਾਇਆ ਸੀ ਘਟਰੀਨਾ ਨੂੰ ਪਸੰਦ ਕਰਨ। ਪਰ ਇਸ ਯਾਦ ਨੇ ਕੁੜੀ ਵੱਲ ਖ਼ਿਲਾਫ਼ ਕਰ ਦਿੱਤਾ। ਅੱਧੀ ਨੰਗੀ ਸੀ। ਬਹੁਤੀ ਖੁਲ੍ਹੀ ਡੁਲ੍ਹੀ ਲੱਗਦੀ ਸੀ। ਘਰੇਲੂ ਨੂੰਹ ਵੀਤਾ ਨੂੰ ਚਾਹੀ ਦੀ ਸੀ। ਇਸ ਬਲਾ ਨੂੰ ਤਾਂ ਚਾਹ ਪੰਜਾਬੀ ਤਰੀਕਿ ਨਾਲ ਬਣਾਉਣਾ ਕਿਵੇਂ ਆਉਂਦਾ ਹੋਵੇਗਾ? ਪੈਸਟਾ ਪੂਸਟਾ ਹੀ ਲਾਡਲੇ ਨੂੰ ਖਰਾਵੇਂਗੀ।

– *ਓਲਾ!* ਤੁਸੀਂ ਕੌਣ ਹੋ?– ਘਟਰੀਨਾ ਨੇ ਆਪਣੀ ਬੋਲੀ ਵਿਚ ਆਖਿਆ। ਜਦ ਜਵਾਬ ਨਹੀਂ ਆਇਆ। ਧਿਆਨ ਨਾਲ ਬੁੱਢਾ ਬੁੱਢੀ ਵੱਲ ਦੇਖਿਆ। ਜਨਾਨੀ ਦੇ ਸਲਵਾਰ ਕਮੀਜ਼ ਪਾਈ ਹੋਈ ਸੀ। ਫਿਰ ਸਮਝ ਆ ਗਈ। ਰਾਣਾ ਨੇ ਚਿੱਠੀ ਲਿੱਖੀ ਸੀ। ਘਟਰੀਨਾ ਨੇ ਪੋਸਟ ਕੀਤੀ ਸੀ। ਖੱਤ ਵਿਚ ਮਾਂ–ਪਿਉ ਨੂੰ ਬਾਥੇਲੋਨਾ–ਘਰ ਵਾਪਸੀ ਬਲਾਇਆ ਹੋਵੇਗਾ। ਇਕ ਦਮ ਆਪਣੀ ਨੁਹਾਰ ਉੱਤੇ ਬੇਸ਼ਰਮੇ ਹੋ ਗਈ ਸੀ। ਦਰਵਾਜ਼ੇ ਪਿੱਛੇ ਲੁਕ ਗਈ ਸੀ। ਪਰ ਬੂਹੇ ਦੇ ਘੁੰਡ ਪਿੱਛੇ ਕਿੰਨ ਦੇਰ ਲਈ ਖਲੋ ਸੱਕੱਢੀ ਸੀ? ਦਰ 'ਚ ਕਿੰਨਾ ਦੇਰ ਲਈ ਰਾਣੇ ਦੇ ਮਾਂ–ਪਿਉਂ ਨੂੰ ਖੜ੍ਹੇ ਰੱਖ ਸੱਕੱਢੀ ਸੀ? ਅੰਗਰੇਜ਼ੀ ਵਿਚ ਉਨ੍ਹਾਂ ਨੂੰ ਕਿਹਾ - ਜੀ ਆਇਆ ਨੂੰ–। ਤਾਰਾ ਅੰਦਰ ਵੜ ਗਿਆ। ਵੀਤਾ ਅਰੁਚੀ ਨਾਲ ਮਗਰ ਅਮਦਰ ਆ ਗਈ ਸੀ। ਓਨ੍ਹਾਂ ਦੇ ਪਿੱਛੇ ਦਰਵਾਜ਼ਾ ਬੰਦ ਕਰਕੇ ਫੱਟਾਂ ਫਠ ਰਾਣੇ ਦੇ ਕਮਰੇ ਵੱਲ ਚੱਲੇ ਗਈ। ਜਦ ਹੇਠਾ ਵਾਪਸ ਆਈ ਕੋਟੀ ਜੀਨ ਪਾਏ ਸੀ।

–ਮੇਰਾ ਨਾਂਅ ਘਟਰੀਨਾ ਹੈ–।

–ਹੇਲੋ ਘਟਰੀਨਾ– ਤਾਰੇ ਨੇ ਕਿਹਾ।

–ਰਾਣਾ ਕਿੱਥੇ ਹੈ?– ਵੀਤਾ ਨੇ ਇਕ ਦਮ ਪੁੱਛਿਆ।

–ਜੀ। ਰਾਣਾ ਹਾਲੇ ਸੁਤਾ ਹੈ। ਮੈਂ ਜੁਗਾ ਕੇ ਉਸਨੂੰ ਲਿਆਉਂਦੀ–। ਘਟਰੀਨਾ ਨੇ ਹਾਲੇ ਪੂਰਾ ਜੁਆਬ ਨਹੀਂ ਦਿੱਤਾ ਸੀ। ਜਦ ਵੀਤਾ ਹੋਰ ਆਖਣ ਤੋਂ ਬਗ਼ੈਰ ਸੋਹਨ ਵਾਲੇ ਕਮਰੇ ਚੱਲੀ ਗਈ ਸੀ।

ਤਾਰਾ ਅਤੇ ਘਟਰੀਨਾ ਦੀਆਂ ਅੱਖਾਂ ਮਿਲੀਆਂ। ਘਟਰੀਨਾ ਨੂੰ ਲੱਗਦਾ ਸੀ ਕੇ ਇਸ ਜਿੰਨ ਨੂੰ ਵੇਖਕਿ ਝਿਜਕ ਜਾਵੇਗੀ। ਪਰ ਬੰਦਾ ਉਨ੍ਹਾਂ ਡਰਾਉਣਾ ਨਹੀਂ ਸੀ ਲੱਗਦਾ ਜਿੰਨ੍ਹਾਂ ਰਾਣਾ ਨੇ ਬਣਾਇਆ। ਸਮਾਂ ਬਹੁਤ ਪਿਆਰਾ ਲੱਗਦਾ ਸੀ। ਸਿਰ ਉੱਤੇ ਤਕਰੀਵਨ ਕੋਈ ਵਾਲ ਨਹੀਂ ਸੀ। ਜਿਹੜੇ ਸੀ ਚਿੱਟੇ ਚਿੱਟੇ ਸੀ। ਪਰਵਤੇ ਕਾਲੇ ਅਤੇ ਭਾਰੇ ਸੀ। ਜਿੱਦਾਂ ਦੁਨੀਆਂ ਦੇ ਸਾਰੇ ਦੁਖ ਉਨ੍ਹਾਂ ਉੱਤੇ ਸੀ। ਅੱਖਾਂ ਤਿੱਖੀਆਂ ਸਨ ਅਤੇ ਢਿੱਡ ਬਹੁਤ ਗੋਲ ਅਤੇ ਮੋਟਾ ਸੀ। ਪਤਾ ਨਹੀਂ ਘੁਰਾਇਆ ਸੀ। ਪਰ ਇਕ ਹੱਥ ਨਾਲ ਉਪਰ ਹੇਠਾ ਸਿੱਕੇ ਨੂੰ ਮਾਰੀ ਗਿਆ। ਘਟਰੀਨਾ ਨੂੰ ਹੋਰ ਕੁਝ ਨਹੀਂ ਆਇਆ ਕਰਕੇ ਉਸਦੇ ਵੱਲ ਮੁਸਕਾਨ



ਕੀਤਾ।

*******

ਵੀਤਾ ਦੀਆਂ ਅੱਖਾਂ ਇਕ ਦਮ ਹੰਝੂਆਂ ਨਾਲ ਭਾਰੀਆਂ ਹੋਗਈਆਂ। ਉਸਦਾ ਪਿਆਰਾ ਪੁੱਤ ਸਾਹਮਣੇ ਬੇਡ ਉੱਤੇ ਲਿਟਿਆ ਸੀ। ਬਾਹਾਂ ਅਤੇ ਲੱਤਾਂ ਸਰੀਰ ਤੋਂ ਦੂਰ ਦੂਰ ਸੀ ਕਰਕੇ ਲੱਗਿਆ ਜਿੱਦਾਂ ਕੋਈ ਮੱਕੜਾ ਪਿਆ ਸੀ। । ਉਹ ਦੀਆਂ ਅੱਖਾਂ ਬੰਦ ਸਨ। ਕਦੀ ਝਮਕਾ ਮਾਰਦਾ ਸੀ। ਵੀਤਾ ਨੂੰ ਲੱਗੇ ਜਿਵੇਂ ਭਿਆਨਕ ਸੋਚਾਂ 'ਚ ਗੁਮਿਆ ਸੀ। ਫਿਰ ਘੁਰਾੜੇ ਭਰਣ ਲੱਗ ਗਿਆ ਸੀ। ਬਹੁਤ ਉੱਚੀ ਦੇਣੀ। ਮਾਂ ਦਾ ਜੀ ਕਰਦਾ ਸੀ ਆਪਣੇ ਪੱਤਰ ਨੂੰ ਛੋਹਵਾਂ। ਫਿਕਰ ਸੀ ਕੇ ਬੁੜੇ ਸੁਪਣੇ ਉਸ ਨੂੰ ਪਰੇਸ਼ਾਨ ਕਰਦੇ ਸੀ। ਰਾਣੇ ਨੂੰ ਉੱਠਾਉਣਾ ਨਹੀਂ ਚਾਹੁੰਦੀ ਸੀ। ਹੌਲੀ ਦੇਣੀ ਬੋਲੀ - ਮੇਰਾ ਪੱਤ। ਮੇਰਾ ਰਾਣਾ। ਮੰਮੀ ਆ ਗਈ। ਆਪਾਂ ਆਪਣੇ ਘਰ ਚੱਲੀਏ–। ਸਮਾਂ ਹੋਰ ਜਬਰਦਸਤੀ ਨਾਲ ਮੁੰਡੇ ਦਾ ਪਿੰਡਾ ਇਧਰ ਉਧਰ ਧੂਹ ਕਰੀ ਗਿਆ। ਵੀਤਾ ਨੇ ਹੌਲੀ ਹੌਲੀ ਉਸਦੇ ਮੱਥੇ ਉੱਤੇ ਮਿੱਠੀ ਰੱਖ ਦਿੱਤੀ। ਫਿਰ ਵੀਤਾ ਥੱਲੇ ਵਾਪਸ ਜਾਣ ਲਈ ਘੁੰਮ ਗਈ ਸੀ। ਪਰ ਰਾਣੇ ਦਾ ਹੱਥ ਸੱਪ ਦਾ ਡੰਗ ਵਾਂਗ ਹਿਲਿਆ ਵੀਤਾ ਦੀ ਬਾਂਹ ਵੱਲ। ਮਾਂ ਦੀ ਬਾਂਹ ਫੜ੍ਹ ਲਈ। ਵੀਤਾ ਇਸ ਹਰਕਤ ਨਾਲ ਹੀ ਖ਼ੁਸ਼ ਹੋ ਗਈ ਸੀ। ਰਾਣਾ ਤਾਂ ਹਾਲੇ ਵੀ ਡੂੰਗੀ ਨੀਂਦ ਵਿਚ ਸੀ। ਸੁੱਤਾ ਸੁੱਤਾ ਮਾਂ ਨੂੰ ਅਜੀਬ ਚੀਜ਼ਾ ਦੱਸਣ ਲੱਗ ਪਿਆ।

– ਭੁਤ। ਪਿੰਜਰ ਫੋਜ। ਕੀ ਕਰਾ? ਸ਼ਾਰੇ ਪਾਸੇ। ਸਾਰੇ ਪਾਸੇ। ਹੁਣ ਕੀ ਕਰਾ? ਇਸ ਤਲਵਾਰ ਨਾਲ ਮਾਰ ਨੇ ਮੈਨੂੰ ਪਵੇਗੇ। ਪਰ ਮਾਸ ਨਹੀਂ। ਕੀ ਚੋਭੂਗਾ? ਮਾਸ ਨਹੀਂ!– ।

ਰਾਣੇ ਦੀ ਬੁੜਬੁੜ ਸੁਣ ਕੇ ਵੀਤਾ ਨੂੰ ਚਿੰਤਾ ਹੋ ਗਈ। ਜਿੱਦਾਂ ਝਰਨੇ ਤੋਂ ਪਾਣੀ ਰੇੜ੍ਹ ਦਾ ਹੈ ਉਸ ਤਰ੍ਹਾਂ ਹੰਝੂ ਵੀਤਾ ਦੀਆਂ ਅੱਖਾਂ ਵਿਚੋਂ ਡੁਲ੍ਹੇ ਸੀ। ਵੀਤਾ ਪਰੇਸ਼ਾਨੀ 'ਚ ਹੇਠਾ ਚੱਲੀ ਗਈ। ਗੁੱਸਾ ਤਾਰੇ ਵੱਲ ਚੱਲੇ ਗਿਆ। ਰਾਣੇ ਨੂੰ ਕੀ ਕਰ ਦਿੱਤਾ? ਕੀ ਕਰ ਦਿੱਤਾ?

## *ਰਾਣਾ ਅਤੇ ਖਾਣ*

ਰਾਣੇ ਦੇ ਆਲ਼ੇ–ਦੁਆਲ਼ੇ ਪਿੰਜਰ ਫੌਜ ਨੇ ਚਕਰ ਬਣਾਲਿਆ ਸੀ। ਉਨ੍ਹਾਂ ਦੇ ਪਿੱਛੇ ਐਸਤਾਰਫੀਨੀਆ ਦੀ ਫੌਜ਼ ਹੇਕ ਲਾਕਿ - ਰਾਣਾ। ਰਾਣਾ–ਬੋਲਦੇ ਸੀ। ਇਕ ਜੀਉਂਦਾ ਜਾਗਦਾ ਪਿੰਜਰ ਨੇ ਕਲਾਈ ਉਪਰ ਕਰਕੇ ਤਲਵਾਰ ਰਾਣੇ ਦੇ ਸਿਰ ਵੱਲ ਫੇੜੀ। ਰਾਣਾ ਪਾਸੇ ਹੋ ਗਿਆ। ਉਸ ਹੀ ਵੇਲੇ ਹੋਰ ਪਿੰਜਰ ਨੇ ਰਾਣੇ ਦੇ ਰੇਖ ਵਿਚ ਮੇਖ ਮਾਰਨੀ ਕੋਸ਼ਿਸ਼ ਕੀਤੀ। ਰਾਣੇ ਨੇ ਤਲਵਾਰ ਨਾਲ ਉਸਦਾ ਚਟੋਕਾ ਰੋਖ ਦਿੱਤਾ। ਸਾਰੇ ਪਿੰਜਰ ਨਿਹੜੇ ਆ ਗਏ। ਕੋਟ ਵਾਂਗ ਖਲੋਏ। ਰਾਣੇ ਨੇ ਬਾਂਹ ਅੱਗੇ ਵਧਾ ਦਿੱਤੀ। ਵੈਰੀ ਦੇ ਮਾਸ ਤਾਂ ਹੈ ਨਹੀਂ ਸੀ। ਫਿਰ ਕੀ ਕਰੂਗਾ? ਖ਼ਿਆਲ ਤੋਂ ਵੀ ਤੇਜ ਰਾਣੇ ਨੇ ਉਨ੍ਹਾਂ ਦੀ ਬਣਾਵਟ ਤੋਰ ਦਿੱਤੀ। ਹੱਥਾਂ ਨਾਲ ਤਲਵਾਰ ਸੀਸ ਦੇ ਉਪਰ ਚੱਕਰ 'ਚ ਮਾਰੀ। ਉਨ੍ਹਾਂ ਦੇ ਹੱਥੀਆਰ

ਵੀ ਉਪਰ ਪਹੁੰਚੇ। ਰਾਣਾ ਨੇ ਫਿਰ ਇਕ ਮੋਢੇ ਉੱਤੇ ਆਪਨੂੰ ਪਹੀਆ ਵਾਂਗ ਸੁੱਟ ਕੇ ਦੋਆਂ ਦੇ ਵਿਚਾਲੇ ਚੱਕਰ ਮਾਰ ਕੇ ਬਾਹਰ ਪਾਹੁੰਚਿਆ। ਜਾਂਦੇ ਜਾਂਦੇ ਨੇ ਇਕ ਦੇ ਗੋਡੇ ਨੂੰ ਤਲਵਾਰ ਨਾਲ ਕੱਟ ਦਿੱਤਾ। ਖੜ੍ਹਦੇ ਖੜ੍ਹਦੇ ਨੇ ਓਸ ਹੀ ਦੁਸ਼ਮਨ ਦਾ ਸਿਰ ਧੌਣ ਤੋਂ ਉੱਤਾ ਦਿੱਤਾ। ਜਿਹੜੇ ਪਿੰਜਰਾਂ ਦੀਆਂ ਪਿੱਠਾਂ ਰਾਣੇ ਵੱਲ ਸੀ ਸੀਸ ਵੱਢ ਦਿੱਤੇ। ਏਦਾ ਚਾਰ ਪਿੰਜਰ ਥੱਲੇ ਡਿੱਗ ਗਏ। ਰਾਣਾ ਹੁਣ ਫੌਜ਼ ਵੱਲ ਦੋੜਿਆ। ਮਗਰ ਪਿੰਜਰ ਆਏ।

ਰਾਣਾ ਨੇ ਇਕ ਮੁਰਲੀ ਪੰਗਤੀ ਵਿਚ ਖੜ੍ਹੇ ਹੋਏ ਵੀਰ ਤੋਂ ਧੰਦੁਸ ਖੋਹ ਲਿਆ। ਦਵਾ ਦਵ ਘੁੰਮਕਿ ਚਾਰ ਪੰਜ ਤੀਰ ਮਾਰੇ ਮੁੱਠਾਂ ਵਿਚ। ਦੋ ਤੀਰਾਂ ਨੇ ਨਿਸ਼ਾਨਾ ਭਾਲ ਲਿਆ। ਦੋ ਹੋਰ ਪਿੰਜਰ ਡਿੱਗ ਗਏ। ਧੰਦੁਸ ਭੁੰਝੇ ਸੁੱਟ ਕੇ ਹੋਰ ਵੀਰ ਤੋਂ ਢਾਲ ਖੋਹ ਲੈ ਲਈ ਨਾਲੇ ਖੰਡਾ ਵੀ ਖੋਹ ਲਿਆ। ਰਗਬੀ ਦੀ ਯਾਦ ਆ ਗਈ। ਸਿਰ ਥੱਲੇ ਰੱਖਕਿ ਅੱਗੇ ਨੱਠਾ ਗੇਂਦੇ ਵਾਂਗ। ਜੋਰ ਨਾਲ ਢਾਲ ਪਿੰਜਰਾਂ ਵਿਚ ਮਾਰ ਕੇ ਦੂਜੇ ਪਾਸੇ ਪਹੁੰਚ ਗਿਆ। ਰਾਹ ਵਿਚ ਕਿਸੇ ਦੀ ਗਰਦਨ ਨੂੰ ਤਲਵਾਰ ਨੇ ਤੋਰੀ। ਕਿਸੇ ਦੀ ਧੌਣ ਨੂੰ ਢਾਲ ਦੀ ਕਿਨਾਰੀ ਨੇ ਕੱਟ ਦਿੱਤੀ। ਜਦ ਰਾਣਾ ਘੁੰਮਿਆ ਉਸਦੇ ਸਾਹਮਣੇ ਐਸਤਾਰਫੀਨੀਆ ਦੀ ਫੌਜ ਖਲੋਈ ਸੀ। ਵਿਚਾਲੇ ਪੰਜ ਹੀ ਪਿੰਜਰ ਖੜ੍ਹੇ ਸੀ।

ਪਹਿਲਾ ਸੱਜੇ ਪਾਸੇ ਤੇ ਖੜ੍ਹਾ ਪਿੰਜਰ ਦੌੜ ਕੇ ਆਇਆ। ਰਾਣਾ ਨੇ ਦੂਜਿਆਂ ਤੇ ਵੀ ਧਿਆਨ ਰਖਿਆ ਪਰ ਆਪਣੇ ਖੱਬੇ ਗੋਡੇ ਭਾਰ ਹੋ ਗਿਆ। ਉਸ ਹੀ ਵਕਤ ਢਾਲ ਉਪਰ ਕਰ ਦਿੱਤੀ। ਦੁਸ਼ਮਣ ਦਾ ਹਥਿਆਰ ਢਾਲ ਵਿਚ ਵਜਾ। ਉਸ ਹੀ ਸਾਹ ਵਿਚ ਰਾਣੇ ਦੇ ਤਲਵਾਰ ਨੇ ਕੰਗਰੋੜ ਅੱਧ ਵਿਚ ਵੱਢ ਦਿੱਤੀ। ਹਲੇ ਵੈਰੀ ਹੇਠਾ ਡਿੱਗਿਆ ਨਹੀਂ ਜਦ ਗਭਲਾ ਪਿੰਜਰ ਨੇ ਅੱਗੇ ਨੱਠ ਕੇ ਰਾਣੇ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਹੁਣ ਰਾਣਾ ਖੜ੍ਹ ਗਿਆ ਸੀ। ਵੈਰੀ ਸਿੱਧੀ ਲਾਈਨ ਵਿਚ ਆਇਆ। ਰਾਣਾ ਨੇ ਆਪਣਾ ਖੱਬਾ ਪੈਰ ਧਰਤੀ ਉੱਤੇ ਰਹਿਣ ਦਿੱਤਾ ਪਰ ਸੱਜੇ ਪੈਰ ਨੂੰ ਪਿੱਛੇ ਘੁੰਮਾ ਕੇ ਆਪਣਾ ਸਰੀਰ ਪਿੰਜਰ ਦੇ ਰਾਹ ਤੋਂ ਪਰੇ ਕਰ ਦਿੱਤਾ। ਬਹੁਤ ਹੁਨਰ ਨਾਲ ਕੀਤਾ। ਲੱਤ ਪਿੱਛੇ ਝੁਲਾਈ ਅਤੇ ਪਿੰਡਾ ਘੁੰਮਇਆ ਜਿੱਦਾਂ ਬੂਹਾ ਕਬਜ਼ਾ ਉੱਤੇ ਹੁਲਾਰ ਮਾਰਦਾ ਹੈ। ਜਦ ਵੱਖ ਤੋਂ ਰਾਣਾ ਸਿੱਧਾ ਹੋਇਆਂ ਪਿੰਜਰ ਉਹਦੇ ਦੁਆਲੇ ਘੁੰਮਗਿਆ। ਫਿਰ ਜਾਣ ਭੁਜਕਿ ਰਾਣਾ ਉਲਤੇ ਪਾਸੇ ਘੁੰਮਿਆ। ਨਾਲੇ ਅੱਡੀ ਨਾਲ ਧਰਤੀ ਸੰਬਰ ਕੇ ਪਿੰਜਰ ਨੂੰ ਭੂੰਝੇ ਸਿੱਟ ਦਿੱਤਾ। ਜ਼ੋਰ ਦੇਂਣੀ ਢਾਲ ਦੀ ਝਾਲਰ ਉਸ ਦੇ ਧੌਣ ਉੱਤੇ ਮਾਰੀ। ਤੀਜਾ ਵੈਰੀ ਵੀ ਅੱਗੇ ਦੌੜਿਆ ਫੁੰਕਾਰ ਕਿ। ਰਾਣਾ ਨੇ ਤਿੰਨਾਂ ਨੂੰ ਖੁੰਬ ਠੱਪਣੀ ਦਿੱਤੀ। ਇਕ ਨੂੰ ਕੁਥਾਏ ਮਾਰਿਆ। ਇਕ ਨੂੰ ਕੋਪੜੀ ਵਿਚ ਠੋਕਿਆ। ਥੋੜਾ ਚਿਰ ਵਿਚ ਰੌਲਾ ਮੁਕਗਿਆ ਸੀ। ਰਾਣੇ ਵਿਚ ਮੋੜਾ ਪਏ ਗਿਆ ਸੀ। ਤਲਵਾਰ ਸਾਰਿਆਂ ਦੇ ਸਾਹਮਣੇ ਥੱਲੇ ਸਿੱਟ ਦਿੱਤੀ।

– ਰਾਜ਼ੀ ਹੋਂ!–

ਸਭ ਚੁਪ ਚਾਪ ਹੋਂ ਗਏ। ਫਿਰ ਖਾਮੋਸ਼ੀ ਪਵਨ ਨੇ ਤੋਰ ਦਿੱਤੀ।

– ਹੋਰ! ਲੋਕੋਂ ਆਪਣੀਆਂ ਅੱਖਾਂ ਨਾਲ ਹੀ ਤੁਸੀਂ ਵੇਖਲਿਆ! ਏ ਮੁੰਡਾ। ਏ ਇਨਸਾਨ ਸਾਨੂੰ ਜਿਤਾਉਗਾ! ਜੈ ਰਾਣਾ!–। ਸਭ ਨੇ ਹਸਕਿ ਫਿਰ ਕਿਹਾ - ਜੈ ਰਾਣਾ!–। ਐਸਤਾਰਫੀਨੀਆ ਦੇ ਸੈਨਿਕ ਤਿਆਰ ਹੋ ਗਏ। ਸਭ ਦਾ ਅਗਾਊਂ ਘੁਲੌਗਿਆ। ਪਵਨ ਨੇ ਰਾਣੇ ਨੂੰ ਤੰਬੂ ਵਿਚ ਲੈਗਿਆ। ਓਂਕਾਰ ਨੇ ਫ਼ੌਜ ਨੂੰ ਲੜਨ ਲਈ ਤਿਆਰ ਕਰ ਲਿਆ।



ਜਦ ਅੰਦਰ ਆਇਆ ਹਰਾਨ ਹੋ ਗਿਆ ਵੇਖਣ ਪੱਟੀਆਂ ਵਿਚ ਚੰਦ ਅਰਾਮ ਨਾਲ ਬੈਠਾ ਸੀ ਅਤੇ ਉਸਦੇ ਨਾਲ ਹੀ ਅਲਫੋਂਸੋ ਪੂਰਾ ਠੀਕ!

ਅਲਫੋਂਸੋ ਨੇ ਰਾਣੇ ਨੂੰ ਜਪੀ ਪਾਈ। ਫਿਰ ਸਭ ਚੋਂਕੀਆਂ ਉੱਤੇ ਬਹਿ ਗਏ। ਰਾਣੇ ਨੂੰ ਚੰਦ ਨੇ ਜਲ ਦੀ ਕੁੱਪੀ ਫੜਾ ਦਿੱਤੀ। ਰਾਣਾ ਨੇ ਸਾਰਾ ਪੀਲਿਆ।

– ਮੈਂ ਆ ਦੋਂ ਦਿਨਾਂ ਵਿਚ ਕਈ ਲੋਕ ਮਾਰੇ। ਖ਼ੁਸ਼ ਨਹੀਂ ਏ। ਕਿਸੇ ਦੀ ਜਾਣ ਲੈਣ ਪਾਪ ਏ। ਧਰਮ ਜੇ ਹੋਰ ਦਸਦਾ ਝੂਠ ਬੋਲਦਾ। ਅਜਾਦੀ ਕੁਝ ਹੋਰ ਕਹਿਵੇ ਤਾਂ ਝੂਠ ਬੋਲਦਾ। ਵਿਚਾਰਾ ਅਸਰਾਲ ਨੇ ਕੁਝ ਨਹੀਂ ਕੀਤਾ। ਇਹ ਦੋਂ ਕੰਮਾਂ ਲਈ ਬੁਹਤਾ ਖ਼ੂਨ ਖਰਾਬਾ ਹੋ ਚੁੱਕਿਆ। ਬਸ। –

– ਫਿਰ ਤੀਜੀ ਘਾਤ ਨਹੀਂ ਕਰੂਗਾ?– ਰਿੱਛ ਨੇ ਆਖਿਆ।

– ਨਹੀਂ। ਬਾਪ ਹੈ। ਬਾਪ। ਕਹਿੜਾ ਪਿਉ ਪੱਤ ਵਿਚ ਫੜਕ ਨਹੀਂ? ਓਦਾ ਹੀ ਚੱਲਦਾ ਰਹਿਵੇਗਾ–।

– ਠੀਕ। ਇਹ ਦੋ ਹੀ ਕੰਮ ਵਥੇਰੇ ਸੀ। ਬੱਸ ਖਾਣ ਮਾਰਨ ਤੋਂ ਬਾਅਦ ਤੈਨੂੰ – ਪਵਨ ਨੇ ਕਹਿਣਾ ਸ਼ੁਰੂ ਕੀਤਾ।

– ਹੱਦ ਹੋ ਗਈ ਪਵਨ!– ਰਾਣਾ ਨੇ ਖਿਝ ਵਿਚ ਉੱਤਰ ਦਿੱਤਾ। - ਕੁਛ ਨਹੀਂ ਮਾਰਨ ਨਾਲ ਠੀਕ ਸਾਬਤ ਕਰਦਾ–।

– ਰਾਣਾ ਗੱਲ ਤਾਂ ਤੇਰੀ ਸਹੀ ਏ। ਪਰ ਅਸੀਂ ਕੋਈ ਧਰਮ ਦੇ ਮਗਰ ਪੈਣ ਵਾਲੇ ਨਹੀਂ। ਅਸੀਂ ਆਮ ਨਿਵਾਸਿਆਂ ਨੂੰ ਮਾਰਨ ਵਾਲੇ ਨਹੀਂ। ਸਾਨੂੰ ਇਨਸਾਨ ਦੀ ਲੋੜ ਏ ਖਾਣ ਨੂੰ ਮੁਕਾਉਣ। ਕੁਦਰਤ ਨੇ ਤੈਨੂੰ ਇੱਥੇ ਭੇਜਿਆ। ਤੇਰੀ ਬਹਾਦਰੀ ਫ਼ੌਜ ਨੇ ਵੇਖ ਲਈ। ਬੱਸ ਤੂੰ ਸਿਰਫ਼ ਫੌਜ ਦੇ ਅੱਗੇ ਖੱਲੋ। ਖਾਣ ਵੱਲ ਤੱਕ। ਲੜਾਈ ਸਾਡੇ ਉੱਤੇ ਰਹਿੰਦੇ– ਚੰਦ ਨੇ ਜਵਾਬ ਦਿੱਤਾ।

– ਯਾਰ ਮੈਂ ਤਾਂ ਕੇਵਲ ਕਲਾਕਾਰ ਏ!–

– ਤੇਰੇ ਜੱਗ ਵਿਚ। ਸ਼ਾਡੇ ਵਿਚ ਤਾਂ ਤੂੰ ਬੀਰ ਏ। ਸੂਰਮਾ ਹੈ–।

–ਬੀਰ ਰੱਸੀ ਛੰਦ ਛੱਡ। ਮੈਂ ਕਿਸੇ ਹੋਰ ਨੂੰ ਨਹੀਂ ਮਾਰਨਾ। ਘਰ ਵਾਪਸ ਜਾਣਾ–
।

– ਕੋਈ ਸੂਰਮਾ ਬਣਨ ਆਖਦਾ ਨਹੀਂ ਯਾਰ। ਹਾਲਤ ਬਣਾ ਦਿੰਦੇ ਏ। ਸੌਹ ਖਾਂਦੇ। ਜਦ ਖਾਣ ਮਾਰ ਦਿੱਤਾ ਉਸ ਤੋਂ ਬਾਅਦ ਤੈਨੂੰ ਕਿਸੇ ਨੂੰ ਮਾਰਨਾ ਨਹੀਂ ਪਵੇਗਾ। ਨਾਕਿ ਉਸ ਤੋਂ ਪਹਿਲਾ। ਹਣਾ?– ਅਲਫੋਂਸੋ ਨੇ ਜੋਰ ਦੇਣੀ

ਦੂਜਿਆਂ ਵੱਲ ਤੱਕਿਆ।

– ਆਹੋ– ਹਾਰ ਕੇ ਬੋਲੇ। ਤਿੰਨਾਂ ਦੇ ਸਾਹਮਣੇ ਬੀਰ ਨਹੀਂ ਬੈਠਾ ਸੀ। ਇਕ ਧੀਮਾ ਜਿਹਾ ਮੁੰਡਾ ਸੀ।

– ਅੱਛਾ–।

– ਯਾਰ ਇਸਦਾ ਮਤਲਬ ਤੂੰ ਇੱਥੇ ਪੱਕਾ ਨਹੀਂ ਹੋਣਾ ਚਾਹੁੰਦਾ?– ਚੰਦ ਨੇ ਆਖਿਆ।

– ਯਾਰ ਤੁਹਾਨੂੰ ਸਭ ਨੂੰ ਬਹੁਤ ਪਿਆਰ ਕਰਦਾ ਏ। ਮੈਂ ਤਾਂ ਇੱਥੇ ਛੱਡਣਾ ਨਹੀਂ

ਚਾਹੁੰਦਾ ਸੀ। ਪਰ ਜਿਥੇ ਮੈਂ ਅੱਜ ਕੱਲ੍ਹ ਰਹਿੰਦਾ। ਬਾਥੇਲੋਨਾ-ਘਰ ਵਾਪਸੀ। ਸਭ ਕੁਝ ਬਦਲ ਗਿਆ- ਰਾਣਾ ਨੇ ਚੰਦ ਨੂੰ ਦਸਨ ਸ਼ੁਰੂ ਕੀਤਾ।

– ਫਿਰ ਤੇਰੇ ਪਿਤਾ ਨਾਲ ਸਭ ਕੁਝ ਹੁਣ ਠੀਕ ਏ?- ਚੰਦ ਨੇ ਪਛਿਆ।

ਰਾਣਾ ਜਵਾਬ ਦੇਣ ਹੀ ਲੱਗਾ ਸੀ ਜਦ ਅੱਖਾਂ ਦੇ ਸਾਹਮਣੇ ਆਲਾ ਦੁਆਲਾ ਬਦਲ ਗਿਆ। ਤੰਬੂ ਦੇ ਥਾਂ ਬਾਥੇਲੋਨੇ ਦੇ *ਲਾ ਰਾਮਬਲਾ* ਵਿਚ ਅੱਧੀ ਰਾਤ ਚੜ੍ਹੀ ਸੀ ਅਤੇ ਕੈਫ਼ੇ ਦੇ ਬਾਹਰ ਬੈਠਾ ਸੀ। ਪਰ ਅੱਗੇ ਕੁਰਸੀਆਂ ਉੱਤੇ ਪਵਨ ਚੰਦ ਅਤੇ ਅਲਫੋਂਸੋ ਨਹੀਂ ਸਨ। ਮਾਂਪਿਉ ਅਤੇ ਘਟ੍ਰੀਨਾ ਸਨ।

– ਤੂੰ ਕੀ ਵਕਵਾਸ ਬਕੀ ਜਾਂਦਾ ਰਾਣਿਆ?- ਪਿਉ ਨੇ ਆਖਿਆ।

### *ਤਾਰਾ ਅਤੇ ਵੀਤਾ ਅਤੇ ਰਾਣਾ ਅਤੇ ਘਟ੍ਰੀਨਾ*

– ਆਹੋ ਚੰਦ ਮੈਂ ਅਪਣੇ ਘਰ ਵਾਪਸ ਜਾਣਾ ਹੈ। ਐਸਤਾਰਫੀਨੀਆ ਤੇਰੀ ਦੁਨੀਆਂ ਹੈ। ਮੇਰਾ ਸੰਸਾਰ 'ਚ ਇਸ ਵੇਲੇ ਮੈਂ ਬਹੁਤ ਖੁਸ਼ ਹੈ। ਮੇਰੀ ਮਹਿਬੂਬਾ। ਮੇਰੀ ਜਾਣ ਘਟਰੀਨਾ ਹੈ। ਉਸ ਨਾਲ ਖਾਸ ਯਾਰੀ ਹੈ। ਮੈਂ ਆਪਣੇ ਬਾਪ ਨਾਲ ਸਭ ਕੁੱਛ ਠਕਿ ਬਨਾਉਣਾ ਚਾਹੁੰਦਾ। ਖਾਣ ਨੂੰ ਮਾਰ ਕੇ ਕੀ ਮਿਲਨਾ?- ਹਾਲੇ ਵੀ ਚੰਦ ਦੇ ਸੁਆਲ ਨੂੰ ਜੁਆਬ ਦਿੰਦਾ ਸੀ ਜਦ ਆਲ਼ੇ-ਦੁਆਲ਼ੇ ਦਾ ਰੂਪ ਬਦਲ ਗਿਆ।

ਰਾਣਾ ਦਾ ਸਿਰ ਘੁੰਮਦਾ ਸੀ। ਕਿਸੇ ਨੇ ਉਸਨੂੰ ਮਾਰਿਆ ਨਹੀਂ। ਕੋਈ ਜਬਰਦਸਤੀ ਨਹੀਂ ਹੋਈ ਸੀ। ਫਿਰ ਵੀ ਬੈਠਾ ਬੈਠਾ ਐਸਤਾਰਫੀਨੀਆ 'ਚੋਂ ਬਾਥੇਲੋਨਾ-ਘਰ ਵਾਪਸੀ ਵਾਪਸ ਆ ਗਿਆ ਸੀ। ਇਕ ਪਲ ਪਹਿਲਾ ਚੰਦ ਦਾ ਸੁਆਲ ਦਾ ਜਵਾਬ ਦਿੰਦਾ ਸੀ। ਪਰ ਇਸ ਵੇਲਾ ਤਾਂ ਕੋਈ ਚੋਟ ਨਹੀਂ ਪਈ। ਹੋ ਸਕਦਾ ਕੇ ਰਬ ਹੁਣ ਨਹੀਂ ਐਸਤਾਰਫੀਨੀਆ ਭੇਜਦਾ ਕਿਉਂਕਿ ਪਰਖ ਨੂੰ ਪਾਸ ਕਰ ਗਿਆ? ਪਿਤਾ ਜੀ ਨਾਲ ਗੁੱਸਾ ਹੁਣ ਨਹੀਂ ਸੀ। ਇੱਲ ਪਲ ਚੰਦ ਨਾਲ ਸੀ। ਹੁਣ ਅੱਗਲੀ ਪਲ 'ਚ ਮਾ-ਪਿਉ ਅਤੇ ਘਟਰੀਨਾ ਸਾਹਮਣੇ ਬਹਿ ਸਨ। ਇਸ ਗੱਲ ਦੀ ਸੇਂਸ ਨਹੀਂ ਬਣ ਦੀ ਸੀ। ਕੋਈ ਅਰਥ ਨਹੀਂ ਕੱਢ ਸਕਦਾ ਸੀ। ਐਂਟਕੀ ਐਸਤਾਰਫੀਨੀਆ ਪਹੁੰਚਣ ਤੋਂ ਪਹਿਲਾ ਘਟਰੀਨਾ ਨਾਲ ਕੱਲਬ ਜਾ ਕੇ ਅਪਣੇ ਕਮਰੇ 'ਚ ਸੀਗਾ ਜਦ ਪਲ ਬਾਅਦ ਉਠ ਕੇ ਐਸਤਾਰਫੀਨੀਆ ਆ ਬੈਠਾ। ਸਪੈਣ 'ਚ ਸੀ। ਮਾ-ਪਿਉਂ ਕਦ ਸਪੈਣ ਪਹੁੰਚ ਗਏ? ਹੁਣ *ਲਾ ਰਮਬਲਾ* 'ਚ ਕੋਈ ਕੈਫੇ ਦੇ ਬਾਹਰ ਸਭ ਸਨ। ਇਹ ਰਾਣੇ ਦੀ ਨਜ਼ਰ ਦੀ ਹੱਦ ਸੀ। ਤਾਰੇ ਦੀ ਨਿਗਾਹ ਤੋਂ ਗੱਲ ਹੀ ਹੋਰ ਸੀ।

ਤਾਰਾ ਵੀ ਰਾਣੇ ਦੀਆਂ ਗੱਲਾਂ ਸੁਣ ਕੇ ਹੈਰਾਨ ਹੋ ਗਿਆ ਅਤੇ ਇਸ ਹੈਰਾਨੀ ਦਾ ਪਰਛਾਵਾਂ ਵੀਤਾ 'ਤੇ ਘਟਰੀਨਾ ਦੇ ਸੂਰਤਾਂ ਉੱਠੇ ਸਾਫ਼ ਦਿਸਦਾ ਸੀ।

– ਤੂੰ ਕੀ ਬਕਵਾਸ ਬਕ ਬਕਦਾ ਐ ਰਾਣਿਆ?-

ਰਾਣਾ ਨੂੰ ਹੁਣ ਹੀ ਸੁਝਿਆ ਕੇ *ਲਾ ਰਮਬਲਾ* ਵਿਚ ਕੈਫੇ 'ਚ ਟੱਬਰ ਨਾਲ ਬੈਠਾ ਸੀ। ਜੋ ਤੁਹਾਨੂੰ ਦਸਿਆ ਗਿਆ ਕੇਵਲ ਦੋ ਕੁ ਪਲਾਂ ਵਿਚ ਹੋਇਆ ਸੀ। ਰਾਣੇ ਦੀਆਂ ਸੋਚਾਂ ਸਭ ਇਸ ਛਿਣ ਵਿਚ ਹੋਈਆਂ ਸੀ। ਹੁਣ ਸੋਚਨ ਲੱਗ ਪਿਆ ਕੇ ਕਿਵੇਂ ਟੱਬਰ ਇੱਥੇ ਹੈ? ਕੀ ਕੁਝ ਚਿਜ਼ਾਂ ਹੋ ਗਈਆਂ ਜਿੰਨ੍ਹਾਂ ਬਾਰੇ ਰਾਣੇ ਨੂੰ ਯਾਦ ਨਹੀਂ ਸੀ? ਉਸ ਰਾਤ ਜਦ



ਕੱਲਬ ਗਿਆ ਤੋਂ ਬਾਅਦ ਇਹ ਸੰਸਾਰ ਅਗੇ ਤੁਰ ਪਿਆ ਸੀ? ਕੀ ਮੈਂ ਹੁਣ ਅਪਣੇ ਸੰਸਾਰ 'ਚ ਰਹਿੰਦਾ ਰਹਿੰਦਾ ਸਭ ਕੁਝ ਭੁੱਲ ਗਿਆ? ਅਕਸਰ ਸਰੀਰ ਤਾਂ ਮੇਰਾ ਇੱਥੇ ਹੀ ਸੀ। ਕੀ ਮੇਰੇ ਜਾਣਨ ਤੋਂ ਬਿਨਾਂ ਤੁਰਦਾ ਫਿਰਦਾ ਸੀ?

ਪਾਠਕ ਵੀ ਸੋਚਦੇ ਹੋਵੇਗੇ ਕੌ ਹੋਇਆ।

*****

ਤਾਰਾ ਤੋਂ ਰਹਿ ਨਹੀਂ ਹੁੰਦਾ ਸੀ। ਘਟਰੀਨਾ ਦੀ ਮੁਸਕਾਨ ਨੂੰ ਆਖਿਆ - ਕੀ ਤੂੰ ਰਾਣੇ ਦੀ ਗਰਲਫਰੈਂਡ ਏ?-। ਘਟਰੀਨਾ ਲਾਜਵੰਤੀ ਨਾਲ ਭਰ ਗਈ। ਫਿਰ ਵੀ ਸਿੱਧਾ ਸਾਧਾ ਜਵਾਬ ਦਿੱਤਾ। - ਹਾਂਜੀ-।

– ਤੁਸੀਂ ਦੋਵੇਂ ਕਦ ਦੇ ਯਾਰ ਹੋ?-

– ਜੀ ਜਦ ਕਾਲਜ ਸ਼ੁਰੂ ਕੀਤਾ ਸੀ-

– ਅੱਛਾ। ਸੌਰੀ ਮੈਨੂੰ ਸਪੈਨਿਸ਼ ਨਹੀਂ ਆਉਂਦੀ। ਮੇਂ ਅੰਗਰੇਜ਼ੀ ਵਿਚ..-

– ਕੋਈ ਗੱਲ ਨਹੀਂ। ਕੋਣ ਅੰਗਰੇਜ਼ੀ ਨਹੀਂ ਜਾਂਦਾ?-

– ਆਹੋ। ਅੱਛਾ ਤੂੰ ਚਾਹ ਬਣਾ ਸਕਦੀ ਹੈ?-

– ਜ਼ਰੂਰ ਡੇਡ- ਸੋਚਣ ਤੋਂ ਬਿਨਾਂ ਤਾਰਾ ਨੂੰ ਡੈਡ ਆਖਿਆ। ਤਾਰਾ ਸੁਣ ਕੇ ਖ਼ੁਸ਼ ਹੋ ਗਿਆ ਸੀ। ਘਟਰੀਨਾ ਨੇ ਚਾਹ ਰੱਕ ਦਿੱਤੀ।

– ਤੁਸੀਂ ਖੰਡ ਲੈਂਦੇ ਏ?-

– ਨਹੀਂ। ਸੂਗਰ ਦਾ ਫਿਕਰ ਏ। ਪਾਣੀ ਪੱਤੀ ਰੋਕ। ਦੂਧ ਟਹੋਕ- ਦੋਵੇਂ ਹਸ ਪਏ। ਫਿਰ ਜਿੱਦਾਂ ਹੜ੍ਹ ਆ ਗਿਆ ਸੀ ਤਾਰਾ ਕੁੜੀ ਨੂੰ ਸੌ ਸੁਆਲ ਪਛਣ ਲੱਗ ਪਿਆ। ਰਾਣਾ ਕਾਮਯਾਬ ਹੈ? ਦੋਵੇਂ ਕੀ ਕਰਦੇ? ਤੂੰ ਕਰਦੀ? ਤੇਰਾ ਟੱਬਰ ਕਿਥੇ ਹੈ? ਤਾਰੇ ਨੂੰ ਪਤਾ ਨਹੀਂ ਲੱਗਿਆ ਕਦ ਵੀਤਾ ਪੌੜ੍ਹੀਆਂ 'ਤੇ ਆਕਿ ਖਲੋਈ ਸੀ। ਘਟਰੀਨਾ ਵੀ ਵਾਪਸ ਸਵਾਲ ਆਖਣ ਲੱਗ ਪਈ। ਜਿੰਨ੍ਹੇ ਵੱਧ ਜੁਆਬ ਮਿਲੇ ਉਨਾ ਵੱਧ ਪਤਾ ਲੱਗਿਆ ਕੇ ਰਾਣਾ ਆਪਣੇ ਬਾਪ ਦੀ ਗ਼ਲਤ ਇਮੈਂਜ ਬਣਾਉਂਦਾ ਸੀ। ਤਾਰਾ ਨੇ ਫਿਰ ਪੁੱਛਿਆ- ਮੇਰੇ ਬਾਰੇ ਬੋਲਦਾ ਹੈ?-। ਘਟਰੀਨਾ ਚੁਪ ਚਾਪ ਹੋ ਗਈ। ਪਹਿਲੀ ਵਾਰੀ ਤਾਰੇ ਨੂੰ ਸੁਝਿਆ ਕੇ ਆਦਾਸ ਹਾਲ 'ਚ ਵੀਤਾ ਹਾਲੇ ਵੀ ਸੀੜ੍ਹੀਆਂ ਉੱਤੇ ਖੜ੍ਹੀ ਸੀ।

– ਡੈਡ- ਘਟਰੀਨਾ ਨੇ ਉਚਾਰ ਫਿਰ ਸ਼ੁਰੂ ਕੀਤਾ - ਤੁਹਾਨੂੰ ਤਾਂ ਰਾਣਾ ਨਫਰਤ ਕਰਦਾ। ਉਹ ਤੁਹਾਨੂੰ ਕੋਈ ਭਿਆਨਕ ਜਿੰਨ ਦੇ ਰੂਪ ਵਿਚ ਜਾਪਦਾ ਸੌਰੀ ਮੇਰੀ ਅੰਗਰੇਜ਼ੀ ਬਹੁਤੀ ਸਾਫ਼ ਨਹੀਂ-।

– ਕਿਉਂ ਇੱਦਾਂ ਸੋਚਦਾ?-

– ਕਹਿੰਦਾ ਕੇ ਤੁਸੀ ਰਹੁਬ ਚਲਾਉਂਦੇ ਏ। ਤੁਸੀ ਵਿਵੇਕਹੀਣ ਹੋ। ਆਪਣੇ ਅਸਫਲ ਸੁਪਣੇ ਉਹਦੇ ਉਪਰ ਸੁੱਟ ਦੇ ਹਨ। ਮਾਂ ਨੂੰ ਖਰਾਬ ਕਰ ਦੇ ਹੈ। ਕਿਸੇ ਨੂੰ ਸਾਹ ਤਕ ਨਹੀਂ ਲੈਣ ਦਿੰਦੇ-। ਘਟਰੀਨਾ ਤਾਰੇ ਨੂੰ ਇਕ ਦਮ ਚੁਸਤ ਨਿਰਛਲ ਅਤੇ ਖਰਾ ਸੱਚ ਵਾਲੀ ਲੱਗੀ। ਘਟਰੀਨਾ ਬਹੁਤ ਕੁਝ ਹੋਰ ਬੋਲੀ। ਸਭ ਗੱਲਾਂ ਬਾਤਾਂ ਸੁਣ ਕੇ ਤਾਰਾ ਤਾਂ ਹੈਰਾਨ ਹੋ ਗਿਆ। ਮੁਖ ਤੋਂ ਖ਼ੁਸ਼ੀ ਢਗਿ ਗਈ। ਹਾਰ ਕੇ ਘਟਰੀਨਾ ਖਮੋਸ਼ ਹੋ ਗਈ। ਪੂਰਾ

ਮਹਿਸੂਸ ਸੀ ਗੱਲਾਂ ਦਾ ਕੀ ਅਸਰ ਤਾਰੇ ਨੂੰ ਪਿਆ ਸੀ। ਤਾਰੇ ਨੂੰ ਸੰਕਿਤ ਦਿੱਤਾ - ਤੁਸੀਂ ਤਾਂ ਮੈਨੂੰ ਚੁੰਗੇ ਲੱਗ ਦੇ ਏ। ਪਤਾ ਨਹੀਂ ਕਿਉਂ ਰਾਣਾ ਤੁਹਾਨੂੰ ਬੁਰਾ ਸਮਝਦਾ-।

– ਕਿਉਂ ਨਹੀਂ। ਉਹ ਦੀ ਹਾਲ ਉਪਰ ਦੇਖੀ ਏ? ਮੇਰਾ ਲਾਲ ਇੱਦਾਂ ਲੱਗਦਾ ਜਿੱਦਾਂ ਕਿਸੇ ਨੇ ਉਸਨੂੰ ਝਾੜੀਆਂ 'ਚੋਂ ਘਸੀਟੀਆਂ ਹੁੰਦਾ-। ਫਿਰ ਘਟਰੀਨਾ ਵੱਲ ਦੇਖ ਕੇ ਤਾਰੇ ਨੂੰ ਪੰਜਾਬੀ ਵਿਚ ਕਿਹਾ- ਮੈਨੂੰ ਇਹ ਬਘਿਆੜੀ ਚੜੇਲ ਪਸੰਦ ਨਹੀਂ। ਮੇਰੇ ਮੁੰਡੇ ਦਾ ਕੀ ਹਾਲ ਕੀਤਾ ਹੈ। ਪੁੱਤ ਨੂੰ ਉੱਠਾ ਕੇ ਇੱਥੇ ਲੈ ਚਲੀ ਏ। ਆਜੋ-।

-ਕੀ ਕਾਹਲੀ ਏ? ਤੂੰ ਚਾਹੁੰਦੀ ਸੀ ਇੱਥੇ ਆਉਣ। ਇਨ੍ਹਾਂ ਦਾ ਘਰ ਹੈ। ਆਪਾਂ ਇੱਦਾਂ ਨਹੀਂ ਕਰ ਸਕਦੇ-।

ਪਰ ਵੀਤਾ ਨੂੰ ਤਾਂ ਯਾਦ ਆਉਂਦਾ ਸੀ ਕਿਵੇਂ ਲੰਡਨ ਵਿਚ ਵੀ ਉਹ ਗੋਰੀ ਨਾਲ ਟਕਰ ਹੋਇਆ ਰਾਣੇ ਦੇ ਫਲੇਟ 'ਚ। - ਦੇਖ ਇੱਥੇ ਆਪ ਨੂੰ ਖਰਾਬ ਕਰਦਾ ਹੈ। ਫਮਿ ਜ਼ਰੂਰ ਖਾਂਧਾ ਹੋਵੇਗਾ ਇਹ ਦੇ ਨਾਲ-।

– ਮੈਨੂੰ ਤਾਂ ਕੁੜੀ ਠਕਿ ਹੀ ਲੱਗ ਦੀ ਐ-।

– ਕੁੜੀ ਠਕਿ ਲੱਗਦੀ ਹੈ। ਕਦੀ ਮੁੰਡੇ ਬਾਰੇ ਸੋਚਿਆਂ?-।

– ਤੁਸੀਂ ਕੀ ਕਹਿੰਦੇ ਨੇ?- ਘਟਰੀਨਾ ਨੇ ਅਮਗ੍ਰੇਜ਼ੀ ਵਿਚ ਸਵਾਲ ਪੁੱਛਿਆ।

– ਜਾਣ ਦਿਆਂ ਕਰ। ਸ਼ੁਰੂ ਤੋਂ ਤੂੰ ਹੀ ਰਾਣੇ ਨੂੰ ਚਮਲਾਇਆ। ਤਾਂ ਹੀ ਇੱਥੇ ਪਹੁੰਚ ਗਿਆ। ਕਦੀ ਉਹ ਤੋਂ ਕੰਮ ਨਹੀਂ ਕਰਾਇਆ। ਕਦੀ ਟੋਕਿਆ ਨਹੀਂ-। ਤਾਰਾ ਗਰਮ ਹੀ ਹੋਣ ਲੱਗਾ ਸੀ ਜਦ ਘਟਰੀਨਾ ਨੇ ਉਸਨੂੰ ਰੋਕ ਦਿੱਤਾ। ਤਿੰਨ ਹੀ ਚੁਪ ਹੋ ਗਏ। ਪਰ ਫਿਰ ਵੀ ਜਦ ਤਾਰਾ ਨੇ ਵੀਤਾ ਨੂੰ ਕਿਹਾ - ਜਾਣ ਦਿਆਂ ਕਰ- ਆਵਾਜ਼ ਇਹਨੀ ਉੱਚੀ ਸੀ ਕੇ ਰਾਣਾ ਦੀ ਨੀਂਦ ਟੁੱਟ ਗਈ।

ਰਾਣਾ ਜਾਗ ਗਿਆ। ਉਸਨੂੰ ਥਲਿਓਂ ਆਵਾਜ਼ਾਂ ਸੁਣ ਦੀਆਂ ਸੀ ਪਰ ਲੱਗਿਆ ਕੇ ਘਟਰੀਨਾ ਟੀਵੀ ਦੇਖ ਦੀ ਸੀ। ਜਾਹ ਰਣ ਤੋਂ ਜੁਝਾਰਾਂ ਦੀ ਆਵਾਜ਼ ਸੀ। ਹੌਲੀ ਹੌਲੀ ਉਬਾਸੀਆਂ ਮਾਰ ਕੇ ਹੇਠਾ ਤੁਰ ਪਿਆ। ਪਰ ਆਪਣੀਆਂ ਸੋਚਾਂ ਵਿਚ ਡੁਬਿਆ ਸੀ। ਇਸ ਕਰਕੇ ਟੀਵੀ-ਜੁਝਾਰ ਦਾ ਚੇਤਾ ਭੁਲ ਗਿਆ। ਬਾਹਾਂ ਲੱਤਾਂ ਹਲਾਉਂਦਾ ਸੀ ਜਿੱਦਾਂ ਰਣ ਵਿਚ ਲੜਦਾ ਹੋਵੇ। ਰਾਣੇ ਦਾ ਸਰੀਰ ਤੁਰਦੀ ਫਿਰਦੀ ਮਰੀ ਲਾਸ਼ ਵੰਗ ਗਤੀ ਦਿੰਦਾ ਸੀ। ਆਤਮਾ ਤਾਂ ਹਾਲੇ ਐਸਤਾਰਫੀਨੀਆ ਫਿਰਦਾ ਸੀ।

*****

ਜਦ ਰਾਣ ਰਾਣਾ ਜਾਗ ਕੇ ਤੁਰਨ ਫਿਰਨ ਲੱਗ ਪਿਆ ਸੀ। ਇਕ ਦੰਮ ਵੀਤਾ। ਘਟਰੀਨਾ ਅਤੇ ਤਾਰਾ ਉਪਰ ਨਸ ਕੇ ਉਹ ਦੀ ਮਦਦ ਕਰਨ ਲੱਗ ਪਏ। ਪਹਿਲਾ ਤਾਂ ਲੱਗੇ ਜਿੱਦਾਂ ਨਿੱਜੀ ਦੁਨੀਆਂ ਵਿਚ ਗੁਮਿਆ ਸੀ। ਫਿਰ ਹੋਸ਼ ਆਉਣ ਲੱਗ ਪਿਆ। ਵੀਤਾ ਨੂੰ ਖਿੱਝ ਆ ਗਈ ਸੀ ਜਦ ਘਟਰੀਨਾ ਨੇ ਬੇਡਰੂਮ 'ਚ ਲੱਜਾਕਿ ਮਾਂ-ਪਿਉ ਉੱਤੇ ਬੂਹਾ ਬੰਦ ਕਰ ਦਿੱਤਾ ਸੀ। ਤਾਰਾ ਅਤੇ ਵੀਤਾ ਬੁੱਤਾਂ ਵੰਗ ਬੈਠ ਗਏ ਸਨ। ਦੋਵੇਂ ਚੁਪਰ ਚਾਪ ਹੀ ਰਹਿ। ਹਾਰ ਕੇ ਸੋਹਣੇ ਕੱਪੜੇ ਪਾਕਿ ਰਾਣਾ ਅਤੇ ਘਟਰੀਨਾ ਥੇਲੇ ਆ ਗਏ। ਮਾਂ ਨੇ ਹਸ ਕੇ ਆਪਣੇ ਮੁੰਡੇ ਨੂੰ ਜਪੀ ਪਾਈ। - ਹੇਲੋ ਮਾਂ ਜੀ-। ਡੈਡ ਨੂੰ ਕੁਝ ਨਹੀਂ ਕਿਹਾ।

– ਤੂੰ ਪੁਛਣਾ ਨਹੀਂ ਕਿਉਂ ਆਏ?- ਵੀਤਾ ਨੇ ਆਖਿਆ।



– ਕਿਉਂ ਆਏ ਮਾਂ?-

– ਤੂੰ ਖੱਤ ਭੇਜੀ। ਅਸੀਂ ਪੜ੍ਹ ਕੇ ਸਮਝ ਲਿਆ ਤੂੰ ਸਾਨੂੰ ਮਿਸ ਕਰਦਾ ਸੀ-

– ਖੱਤ?- ਰਾਣਾ ਨੇ ਪ੍ਰੀਛਆ।

– ਆਹੋ। ਉਹ ਹੀ ਚਿੱਠੀ ਜੇਹੜੀ ਮੈਂ ਤੇਰੇ ਲਈ ਪੋਸਤ ਕੀਤੀ ਸੀ- ਘਟਰੀਨਾ ਨੇ ਕਿਹਾ। ਪਰ ਰਾਣੇ ਦੀਆਂ ਅੱਖਾਂ ਤਾਂ ਕੋਈ ਦੂਰ ਥਾਂ ਸਨ।

– ਤੂੰ ਕੁਝ ਦਿੱਤਾ?- ਵੀਤਾ ਨੇ ਖਿੱਝ ਕੇ ਘਟਰੀਨਾ ਨੂੰ ਆਖਿਆ।

– ਕੁਝ ਨਹੀਂ। ਰਾਤ ਕੱਲਬ ਗਿਆ ਸੀ ਜਮਾਲ ਨਾਲ। ਕੀ ਪਤਾ ਓਤੇ ਖ਼ਿ ਕਰਦੇ ਐ-।

– ਤੂੰ ਮੇਰੇ ਲਾਲ ਨੂੰ ਮੁਸਲਮਾਨ ਨਾਲ ਫਿਰਨ ਦਿੱਤਾ?-

– ਮਾਂ ਜੀ ਮੈਂ ਇਹ ਨੂੰ ਕਿਵੇਂ ਰੋਕਾ? ਸੋ ਵਾਟ ਜੇ ਜਮਾਲ ਮੁਸਲਮਾਨ ਹੈ?-।

– ਵੀਤਾ!- ਤਾਰੇ ਨੇ ਜੋਰ ਦੇਣੀ ਕੂਨਿਆ। ਵੀਤਾ ਚੁਪ ਹੋ ਗਈ ਅਤੇ ਰਾਣੇ ਨੂੰ ਪਹਿਲੀ ਵਾਰੀ ਮਹਿਸੂਸ ਹੋਇਆ ਕੇ ਉਸਦਾ ਪਿਉ ਇੱਥੇ ਸੀ।

– ਡੈਡ? ਡੈਡ! ਡੈਡੀ ਮੈਂ ਬਹੁਤ ਸੌਰੀ ਏ। ਮੈਨੂੰ ਮਾਫ਼ ਕਰਦੋ ਡੈਡ! ਮਾਫ਼ ਕਰਦੋ-। ਤਾਰੇ ਨੇ ਰਾਣਾ ਨੂੰ ਫੜ੍ਹ ਕੇ ਬੈਠਾ ਦਿੱਤਾ।

– ਪੁੱਤ ਤੂੰ ਮੈਨੂੰ ਮਾਫ਼ ਕਰ-। ਪਰ ਰਾਣਾ ਤਾਂ ਕੋਈ ਖਾਣ ਬਾਰੇ ਬਕਣ ਲੱਗ ਗਿਆ।

– ਖਾਣ ਕੌਣ ਏ?- ਵੀਤਾ ਨੇ ਪੁੱਛਿਆ।

– ਸੁਣਿਓ ਇਕ ਅਜੀਬ ਕਹਾਣੀ। ਰਾਣਾ ਚੁਪ ਹੋਜਾ ਮੇਰੀ ਜਾਣ- ਘਟਰੀਨਾ ਨੇ ਆਦੇਸ਼ ਦਿੱਤਾ। ਬਹਿ ਕੇ ਅਰਾਮ ਨਾਲ ਘਟਰੀਨਾ ਨੇ ਮਾਂ-ਪਿਉ ਨੂੰ ਐਸਤਾਰਫੀਨੀਆ ਬਾਰੇ ਦਸਿਆ।

*****

ਬਾਕੀ ਦਾ ਦਿਨ ਘਟਰੀਨਆ ਨੇ ਤਾਰਾ 'ਤੇ ਵੀਤਾ ਨੂੰ ਆਪਣਾ ਸ਼ਹਿਰ ਦਿਖਾਇਆ। ਰਾਣੇ ਨੂੰ ਵੀ ਨਾਲ ਫਿਰਾਇਆ। ਹੌਲੀ ਹੌਲੀ ਸੁਧਰ ਗਿਆ ਸੀ। ਇਸ ਕਰਕੇ ਸਭ ਨੂੰ ਤੱਸਲੀ ਆ ਗਈ। ਹਾਰ ਕੇ *ਲਾ ਰਮਬਲਾ* ਉੱਤੇ ਇਕ ਕੈਫੇ ਬਾਹਰ ਚਾਰ ਹੀ ਬਹਿ ਗਏ। ਰਾਣਾ ਦੀ ਜਕ ਖੁਲ੍ਹ ਗਈ। ਝਾਕਾ ਪਾਸੇ ਕਰਕੇ ਹੁਣ ਮਾਂ-ਪਿਉ ਨਾਲ ਖੁਲ੍ਹ ਕੇ ਆਪਣੀ ਚਿੱਤਰਕਾਰੀ ਬਾਰੇ। ਘਟਰੀਨਾ ਬਾਰੇ ਅਤੇ ਬਾਥੇਲੋਨਾ-ਘਰ ਵਾਪਸੀ ਬਾਰੇ ਦਸਨ ਲੱਗ ਪਿਆ। ਐਸਤਾਰਫੀਨੀਆ ਦਾ ਨਾਂਅ ਨਹੀਂ ਲਿਆ। ਫਿਰ ਸਮਝਣ ਤੋਂ ਬਿੰਨਾ ਜ਼ਿੰਦਗੀ ਦੀ ਬਾਣ ਪਰੇ ਕਰ ਦਿੱਤੀ। ਮਿਜ਼ਾਜ ਨੇ ਹੌਸਲਾ ਦੇ ਦਿੱਤਾ ਬਾਪ ਨਾਲ ਸਿੱਧੀ ਗੱਲ ਕਰਨ।

– ਮੈਂ ਤੁਹਾਨੂੰ ਪਿਆਰ ਕਰਦਾ ਡੈਡੀ ਜੀ। ਪਰ ਤੁਸੀਂ ਕਿਉਂ ਏਨੀ ਜਿਦ ਫੜ੍ਹ ਕੇ ਮੇਰੇ ਨਾਲ ਇੱਦਾਂ ਕਰਦੇ ਏ? ਪਰ ਜਦ ਵੀ ਮੈਂ ਕੁਝ ਕਰਦਾ। ਜੋ ਵੀ ਕਰਦਾ ਤੁਹਾਨੂੰ ਪਸੰਦ ਨਹੀਂ ਹੁੰਦਾ- ਰਾਣਾ ਨੇ ਗੱਲ ਤੋਰ ਲਈ।

– ਪੁੱਤ ਮੈਂ ਕਿਥੇ ਨਹੀਂ ਤੈਨੂੰ ਪਿਆਰ ਕਰਦਾ? ਕਹਿੜਾ ਬਾਪ ਪੁੱਤ ਨੂੰ ਪਿਆਰ ਨਹੀਂ ਕਰਦਾ? ਮੈਂ ਤੈਨੂੰ ਸਹੀ ਰਾਹ 'ਤੇ ਰੱਖਣ ਦੀ ਕੋਸ਼ਿਸ਼ ਹੀ ਕੀਤੀ ਏ। ਤੂੰ ਮੈਨੂੰ ਅੜ੍ਹਬ

ਸਮਝਦਾ। ਜਿਥੇ ਮੈਂ ਕਰਾ ਤੂੰ ਪਤਾ ਕਿੱਦਾਂ ਦਾ ਲੱਗ ਦਾ? ਛਲਾਕ ਲੱਗਦਾ। ਸਾਫ਼ ਦਿੱਸਦਾ ਤੇਰੇ ਖੋਲ ਦਿਮਾਗ ਏ ਪਰ ਕਦੇ ਤੂੰ ਵਰਤ ਦਾ? ਨਿਆਣਾ ਹੁੰਦਾ ਕੀੜੇ ਕਮੋੜਿਆ ਨਾਲ ਖੇਡਦਾ ਸੀ। ਫਿਰ ਟੀ ਵੀ ਦਿਨ ਰਾਤ ਦੇਖਦਾ। ਮੈਂ ਮਰਦਾ ਮਰਦਾ ਕੰਮ ਤੋਂ ਆਉਂਦਾ ਤੈਨੂੰ ਮੌਜਾ ਲੈਂਦਾ ਦੇੱਖਦਾ। ਕਦੇ ਘਰ ਦੇ ਕੰਮ ਕੀਤੇ? ਨਹੀਂ। ਤਾਂ ਹੀ ਗੁੱਸਾ ਚੜ੍ਹ ਜਾਂਦਾ ਸੀ-।

ਰਾਣਾ ਅੱਜ ਤਕ ਪਿਉ ਤੋਂ ਡਰਦਾ ਸੀ। ਇਹ ਜੁਆਬ ਸੁਣ ਕੇ ਹੌਸਲਾ ਵੱਧ ਗਿਆ। ਡਰ ਘਿਰ ਗਿਆ।

– ਡੈਡ ਇਹ ਤਾਂ ਤੁਹਾਡਾ ਖ਼ਿਆਲ ਹੈ। ਤੁਸੀਂ ਕਦੇ ਸੋਚਿਆ ਮੈਂ ਕੀ ਕਰਨਾ ਚਾਹੁੰਦਾ? ਮੈਂ ਤੁਹਾਨੂੰ ਵਿਦੇਸ਼ ਨਹੀਂ ਆਉਣ ਆਖਿਆ। ਹੁਣ ਤੁਸੀਂ ਆ ਗਏ ਤਾਂ ਫਿਰ ਜਿੱਦਾਂ ਅਮਗ੍ਰੇਜ਼ ਕਹਿੰਦਾ ਨੇ ‹ ਵੈਣ ਇੰਨ ਰੋਮ› ਸਮਝ ਦੇ ਐ? ਮੈਂ ਪੰਜਾਬ ਤੋਂ ਨਹੀਂ ਹੈ। ਪੰਜਾਬੀ ਮੇਰੀ ਮਾਂ ਬੋਲੀ ਨਹੀਂ ਹੈ। ਮੈਂ *ਫਰੇਸ਼ੀ* ਨਹੀਂ ਹਾਂ। ਤੁਸੀਂ ਕਲਾ ਕੰਮ ਹੀ ਸਮਝ ਦੇ ਹਨ। ਜੇ ਹੱਥ ਵਿਚ ਪਾਨਾ ਰੈਂਚ ਨਹੀਂ ਹੈ ਤਾਂ ਤੁਸੀਂ ਖਿਝ ਦੇ ਐ। ਮੇਰਾ ਪੈਂਟਬਰੱਸ਼ ਮੇਰਾ ਪਾਨਾ ਹੈ। ਕਲਾਕਾਰ ਮੇਰਾ ਰਾਹ ਹੈ। ਮੈਨੂੰ ਸਿਰਫ਼ ਹੋਰ ਬੱਚਿਆਂ ਵੱਲ ਦੇੱਖ ਕੇ ਤੁਲ ਦੇ ਸੀ। ਸਭ ਬਰਾਬਰ ਨਹੀਂ ਹੋ। ਲੋਕਾਂ ਦੀਆਂ ਗੱਲਾਂ 'ਚ ਆ ਜਾਂਦੇ ਹੈ। ਮੈਂ ਕਹਿੜਾ ਰਾਹ ਜਾਵਾ? ਇਕ ਪਲ ਪੜ੍ਹਾਕੂ ਬਣ। ਇੱਲ ਪਲ ਤੁਹਾਡੇ ਵੰਗ ਵਪਾਰੀ। ਇਕ ਪਲ ਨੌਕਰੀ ਕਰ। ਟਾਏ ਸ਼ਾਏ ਪਾ। ਸੱਚ ਹੈ ਤੁਸੀਂ ਆਪਣੇ ਸੁਪਣੇ ਮੇਰੇ ਪਲੇ 'ਚ ਸੁਟ ਦੇ ਸੀ। ਮੇਰੀ ਗ਼ਲਤੀ ਨਹੀਂ ਜੇ ਤੁਸੀਂ ਜੋ ਬਣਨਾ ਚਾਹੁੰਦੇ ਸੀ ਨਹੀਂ ਬਣ ਸੱਕਿ-। ਸੱਚ ਸੀ ਇਸ ਵਕਤ ਵਰ੍ਹਾਂ ਦਾ ਗੁੱਸਾ ਪਿਉ ਵੱਲ ਫਟਨ ਲੱਗਾ ਸੀ।

ਦੋਵੇਂ ਚੁਪ ਚਾਪ ਹੋ ਗਏ। ਖਮੋਸ਼ੀ ਚਾਕੂ ਜਿੰਨੀ ਤਿਖੀ ਸੀ।

– ਤੁਸੀਂ ਬਾਥੇਲੋਨਾ-ਘਰ ਵਾਪਸੀ ਦੇੱਖ ਲਿਆ। ਅੰਗ੍ਰੇਜ਼ ਬਾਰਸੇਲੋਨਾ ਕਹਿੰਦੇ ਨੇ। ਪਰ ਘਟਲਾਂਨ ਬੋਲੀ ਵਿਚ ਬਾਥੇਲੋਨਾ-ਘਰ ਵਾਪਸੀ ਹੀ ਹੈ। ਗੱਲ ਹੈ ਤੁਸੀਂ ਸ਼ਹਿਰ ਵੇੱਖ ਲਈ। ਘਟਰੀਨਾ ਨੂੰ ਵੀ ਮਿਲ ਗਏ। ਮੇਰਾ ਕਲਾਕਾਰ ਦੇੱਖ ਲਿਆ। ਮੈਂ ਇਸ ਸ਼ਹਿਰ ਵਿਚ ਕੁਝ ਹੈ। ਸ਼ਹਿਰ'ਤੇ ਮੇਰਾ ਰਿਸ਼ਤਾ ਅਨਿਵਾਰੀ ਹੈ। ਖਾਸ ਬੰਦਾ ਹੈ। ਅਸਰ ਰਸੂਖ ਵਾਲਾ ਹੈ। ਹੋਰ ਕੀ ਚਾਹੁੰਦੇ ਡੈਡ? ਹੋਰ ਕੀ?- ਹਰੇਕ ਲਾਫ਼ਿਸ ਨਾਲ ਬਾਪ ਤੋਂ ਡਾਰ ਦੂਰ ਹੁੰਦਾ ਜਾਂਦਾ ਸੀ। ਫਿਰ ਸੋਚਨ ਤੋਂ ਬਿੰਨਾ ਰਾਣਾ ਨੇ ਖਲੋਕਿ ਬਾਪ ਨੂੰ ਜਪੀ ਪਾਈ। ਤਾਰਾ ਰੋਂਣ ਲੱਗ ਗਿਆ। ਹੌਲੀ ਹੌਲੀ ਪਿਉ ਨੇ ਵੀ ਪੁੱਤ ਨੂੰ ਜਪੀ ਪਾਈ। ਫਿਰ ਸਭ ਕੁਝ ਬਦਲ ਗਿਆ।

ਰਾਣਾ ਨੇ ਡੈਡ ਨੂੰ ਧੱਕ ਦਿੱਤਾ। ਗਾਲ੍ਹਾਂ ਕੱਢਣ ਲੱਗ ਗਿਆ। ਐਸਤਾਰਫੀਨੀਆ ਦੇ ਕੋਈ ਮੈਦਾਨ 'ਚ ਸੀ। ਜਿਥੇ ਪਹਿਲਾ ਡੈਡ ਨਾਲ ਪਿਆਰ ਦੀਆਂ ਗੱਲਾਂ ਸੁਣਾਉਂਦਾ ਸੀ। ਜਿਥੇ ਸੁਲ੍ਹਾ ਕਰਦਾ ਸੀ। ਹੁਣ ਕੋਈ ਖ਼ਾਣ ਦਾ ਨਾਂਆ ਲੈਂਦਾ ਸੀ। ਬਾਹਾਂ ਹਲਾਉਂਦਾ ਸੀ ਜਿੱਦਾਂ ਕਿਸੇ ਨਾਲ ਗਟਕਾ ਖੇਡ੍ਹਦਾ ਸੀ। ਮੁਖ ਉੱਤੇ ਤੀਬਰ ਵੇਦ ਦੀ ਸੀ। ਰਾਣੇ ਦੀ ਨਜ਼ਰ ਵਿਚ ਖਾਣ ਅਤੇ ਤਾਰਾ ਇਕ ਰੂਪ ਦੇ ਸਨ। ਸ਼ੁਰੂ ਤੋਂ ਪਿਉ ਵੱਲ ਨਫ਼ਰਤ ਸੀ ਜਿਸ ਨੇ ਬਾਪ ਨੂੰ ਹੁਣ ਖ਼ਾਣ ਦਾ ਚਿਹਰਾ ਦੇ ਦਿੱਤਾ ਸੀ। ਰਾਣੇ ਨੂੰ ਕੋਈ ਸਮਝ ਨਹੀਂ ਲੱਗੀ। ਪਾਗ਼ਲ ਵੰਗ ਪਿਉ ਨੂੰ ਮਾਰੇ। ਤਾਰੇ ਨੂੰ ਵੀ ਨਹੀਂ ਪਤਾ ਲੱਗਾ ਕੀ ਕਰੇ। ਮੁੰਡੇ ਉੱਤੇ



ਅਧੀਨ ਕਰਨ ਥੱਪੜ ਚਪੇੜਾਂ ਮਾਰਨ ਲੱਗ ਗਿਆ। ਘਟਰੀਨਾ ਤਾਂ ਹੈਰਾਨੀ ਨਾਲ ਚੁਪ ਹੋ ਗਈ ਸੀ।

– ਤੁਸੀਂ ਸ਼ਕਲ ਵਿਚ ਐਨ ਮੇਰੇ ਬਾਪੂ ਵਰਗੇ ਲੱਗ ਦੇ ਨੇ-।

– ਜਾਣ ਬੁੱਝ ਕੇ ਕਰਦਾ ਆ – ਡੈਡ ਦੀ ਗੱਲ ਅੱਧੇ ਰਾਹ 'ਚ ਸੀ। ਰਾਣੇ ਨੇ ਵਿਚ ਚੀਰ ਕੇ ਕਿਹਾ - ਮੈਂ ਤੁਹਾਨੂੰ ਪਿਆਰ ਕਰਦਾ ਡੈਡੀ ਜੀ। ਪਰ ਤੁਸੀਂ ਕਿਉਂ ਏਨੀ ਜ਼ਿਦ ਫੜ੍ਹ ਲੈ ਮੇਰੇ ਨਾਲ ਇੱਦਾਂ ਕਰ ਦੇ ਏ?-।

ਵੀਤਾ ਰੋਂਣ ਲੱਗ ਪਈ।

ਮੁੰਡਾ ਤਾਂ ਪਾਗ਼ਲ ਬਣ ਗਿਆ ਸੀ।

### *ਖ਼ਾਣ ਅਤੇ ਰਾਣਾ*

ਰਾਣਾ ਬਾਪ ਨੂੰ ਕਹਿਣ ਹੀ ਲੱਗਾ ਸੀ - ਮੈਂ ਤੁਹਾਨੂੰ ਪਿਆਰ ਕਰਦਾ ਡੈਡੀ ਜੀ। ਪਰ ਤੁਸੀਂ ਕਿਉਂ ਏਨੀ ਜਿਦ ਫੜ੍ਹ ਕੇ ਮੇਰੇ ਨਾਲ ਇੱਦਾਂ ਕਰਦੇ ਏ?-। ਸੱਚ ਸੀ ਇਸ ਵਕਤ ਵਰ੍ਹਾਂ ਦਾ ਗੁੱਸਾ ਪਿਉ ਵੱਲ ਫਟਨ ਲੱਗਾ ਸੀ। ਪਰ ਫਿਰ ਓਈ ਗੱਲ ਫੈਰ ਹੋ ਗਈ। ਹੁਣ ਪਹਿਲਾ ਵਾਂਗੂੰ ਗੱਲ ਨਹੀਂ ਸੀ। ਅੱਜ ਤੱਕ ਜਦ ਵੀ ਕੋਈ ਜਬਰਦਸਤੀ ਹੁੰਦੀ ਸੀ। ਖਾਸ ਕਰ ਰਾਣੇ ਦੇ ਖ਼ਿਲਾਫ਼। ਉਦਾਂ ਨਹੀਂ ਐਸ ਵਾਰੀ ਹੋਈ। ਹੁਣ ਤਾਂ ਰਾਣਾ ਬਾਪੂ ਨਾਲ ਸਭ ਕੁਝ ਪ੍ਰਗਟ ਕਰਨਾ ਚਾਹੁੰਦਾ ਸੀ। ਜਾਣੀ ਕਲੀਰ ਕਰਨ ਦੀ ਕੋਸ਼ਿਸ਼ ਸੀ। ਪਰ ਇਸ ਜ਼ਰੂਰੀ ਵਕਤ ਵਿਚ ਸੰਜੋਗ ਨੇ ਐਸਤਾਰਫੀਨੀਆ ਵਾਪਸ ਲਿਆਂਦਾ ਸੀ। ਰਣ ਵਿਚ ਗੋਡੇ ਭਾਰ ਸੀ। ਆਲ਼ੇ-ਦੁਆਲ਼ੇ ਲੜਾਈ ਦੀ ਖੱਪ ਪੈਂਦੀ ਸੀ। ਕਿਸੇ ਪਾਸੇ ਕੋਈ ਪਿੰਗੂ ਬਾਘ ਬਿੱਲੇ ਨਾਲ ਲੜਦਾ ਸੀ। ਕਿਸੇ ਪਾਸੇ ਲਾਲ ਅਤੇ ਕਾਲੇ ਇੱਲ ਹੱਥ ਪਾਈ ਕਰ ਰਹਿ ਸਨ। ਕਿਸੇ ਪਾਸੇ ਰਾਖ਼ਸ਼ ਵਾਰਨੇ ਟੱਕਰ ਦੇ ਸਨ। ਜਦ ਤੱਕ ਸਾਰਾ ਸੀਨ ਰਾਣੇ ਦੇ ਭਲੇ ਪਿਆ ਇਕ ਬਾਘ ਬਿੱਲੇ ਨੇ ਉਹਦੇ ਵੱਲ ਛਾਲ ਮਾਰੀ। ਰਾਣਾ ਨੇ ਕੁਦਰਤੀ ਖੜ੍ਹਨ ਦੀ ਕੋਸ਼ਿਸ਼ ਕੀਤੀ ਪਰ ਬਿੱਲਾ ਪਾੜਨ ਹੀ ਲੱਗਾ ਸੀਗਾ ਜਦ ਕਿਸਮਤ ਨਾਲ ਮੁੰਡਾ ਬਚਗਿਆ। ਜਿੱਦਾਂ ਬਿਜਲੀ ਦੀ ਚਮਕ ਕੋਰੜੇ ਵਾਂਗ ਗਗਨ 'ਚ ਡਾਂਗ ਮਾਰ ਦਾ ਹੈ। ਕੁਝ ਕਾਲਾ ਕਾਲਾ ਦਿਸਿਆ ਰਾਣੇ ਨੂੰ ਉਸਦੇ ਅਤੇ ਬਿੱਲੇ ਦੇ ਵਿਚਾਲੇ। ਅਮਰ ਸੀ। ਅਮਰ ਨੇ ਆਪਣਾ ਬਦਨ ਰਾਣੇ ਅਤੇ ਉਸਦੇ ਹਮਲਾ ਕਰਨ ਵਾਲੇ ਦੇ ਮੱਧ ਕਰ ਦਿੱਤਾ ਸੀ। ਅਮਰ ਨੇ ਬਾਘ ਵੱਲ ਚਿੰਘਾਰਿਆ। ਬਾਘ ਬਿੱਲਾ ਚੇਂਗਿਸ ਸੀਗਾ। ਰਾਣੇ ਨੂੰ ਇਸ ਹੀ ਵੇਲੇ ਮਹਿਸੂਸ ਹੋਇਆ ਕੇ ਉਸਦੇ ਬਕਤਰ ਉੱਤੇ ਲਾਲ ਲਾਲ ਛਿੱਟੇ ਸਨ। ਬੁਅ ਬੋ ਆਈ ਲੜਾਈ ਦੀ। ਸਾਰਾ ਰਣ ਤੋਂ ਮੌਤ ਦਾ ਮੁਸ਼ਕ ਆਉਂਦਾ ਸੀ। ਆਲ਼ੇ-ਦੁਆਲ਼ੇ ਧਰਤੀ ਰੱਤਾ ਰਤੜਾ ਹੋਈ ਸੀ। ਰਾਣਾ ਹੁਣ ਹੋਸ਼ 'ਚ ਸੀ। ਕੋਈ ਗੱਲ ਨਹੀਂ ਉਨ੍ਹੇ ਸੋੱਚਿਆ। ਡੈਡ ਨਾਲ ਬਾਅਦ ਗੱਲਬਾਤ ਹੋਜਾਵੇਗੀ। ਹੁਣ ਫਿਰ ਇਸ ਦੇਸ਼ ਆ ਪਹੁੰਚਾ। ਹੱਥ ਨਾਲ ਮੈਲੀ ਤਲਵਾਰ ਚੁੱਕ ਲਈ। ਰਾਣੇ ਨੂੰ ਇਸ ਤਲਵਾਰ ਨੂੰ ਦੇਖ ਕੇ ਲੱਗਾ ਜਿੱਦਾਂ ਕਿਇਆਂ ਨੂੰ ਵਾਰ ਦਿੱਤਾ ਸੀ। ਉਪਰੋਂ ਤਿੱਖੀ ਧੁੱਪ ਅੱਖਾਂ ਵਿਚ ਚੁੱਭੇ। ਰਾਣਾ ਨੇ ਹੱਥ ਨਾਲ ਅੱਖਾਂ ਨੂੰ ਛਾਂ ਦਿੱਤੀ। ਹੋਸ਼ ਵੀ ਆ ਬੈਠਾ ਸੀ। ਜੋਸ਼ ਵੀ। ਹੁਣ ਪਤਾ ਲੱਗਿਆ ਕੇ ਸਾਹਮਣੇ ਖੜ੍ਹਾ ਖਲੋਇਆ ਬਾਘ ਉੱਤੇ

ਸਵਾਰ ਸੀ। ਪਰ ਰਾਖ਼ਸ਼ਾਂ ਤੋਂ ਤਾਂ ਵਖਰਾ ਲੱਗੇ।

ਮੁਖ ਵੀ ਕਵਚ ਨਕਾਬ ਪਿੱਛੇ ਲੁਕੋਇਆ ਸੀ। ਇਹ ਵੈਰੀ ਕੌਣ ਸੀ?

– ਰਸਤੇ ਤੋਂ ਪਰੇ ਹਟ– ਚੇਂਗਿਸ ਨੇ ਅਮਰ ਨੂੰ ਪੈ ਕੇ ਕਿਹਾ– ਨਈ ਤਾਂ ਮੈਂ ਤੇਰੇ ਟੁਕਰ ਟੁਕਰੇ ਕਰ ਦੇਣੇ ਐ–।

– ਚੇਂਗਿਸ ਅੱਜ ਤੇਰੇ ਲਹੂ ਨਾਲ ਮੇਰੇ ਪੰਜਿਆਂ ਦਾ ਸ਼ਾਨ ਕਰੂਗਾ। ਖਾਂ ਨੂੰ ਉਤਾਰ ਕੁੱਤਿਆ!–। ਅਮਰ ਨੇ ਜਵਾਬ ਦਿੱਤਾ। ਰਾਣਾ ਅੱਗੇ ਆ ਕੇ ਅਮਰ ਦੇ ਨਾਲ ਖੜ੍ਹ ਗਿਆ। ਚੇਂਗਿਸ ਦੇ ਸਵਾਰ ਵੱਲ ਧਿਆਨ ਨਾਲ ਦੇਖਿਆ। ਇਨਸਾਨ ਸੀ।

ਸੰਜੋਅ ਸਾਰੇ ਪਿੰਡੇ ਉੱਤੇ ਸੀ। ਜਾਣੀ ਲੋਹਾ ਲੋਹਾ ਹੀ ਦਿਸਦਾ ਸੀ। ਸਿਰ ਦੇ ਉਪਰ ਭਾਰਾ ਕਵਚ ਖੋਦ ਸੀ। ਸਮਾਰਾਏ ਵਰਗਾ ਸੀ। ਚਾਂਦੀ ਦਾ ਬਣਾਇਆ ਖੋਦ ਸੀ। ਮੁਖ ਦੇ ਉੱਤੇ ਨਕਾਬ ਸੀ ਇੱਲ ਦੇ ਰੂਪ 'ਚ ਬਣਾਇਆ। ਕੇਵਲ ਉਸ ਦੀਆਂ ਉਕਾਬੀ ਅੱਖਾਂ ਦਿਸ ਦੀਆਂ ਸਨ।

– ਸੋ ਤੂੰ ਹੈ ਐਸਤਾਰਫੀਨੀਆ ਦਾ ਰੱਖਿਅਕ!– ਆਵਾਜ਼ ਰਾਣੇ ਨੂੰ ਇੱਦਾਂ ਲੱਗੀ ਜਿੱਦਾਂ ਕੋਈ ਨਾਗ ਦੀ ਸੀ ਨਾ ਕੇ ਆਦਮੀ ਦੀ। ਖਾਣ ਚੇਂਗਿਸ ਤੋਂ ਉਤਰ ਗਿਆ। ਸੱਜੇ ਮੋਢੇ ਉੱਤੇ ਕਾਂ ਬੈਠਾ ਸੀ। ਉਸ ਪਾਸੇ ਦੇ ਹੱਥ 'ਚ ਹੱਥੌੜਾ ਸੀ।

– ਖਾਂ ਇਥੋਂ ਚੱਲੇ ਜਾ। ਇਹ ਲੋਕਾਂ ਨੂੰ ਅਮਨ ਵਿਚ ਰਹਿੰਦੇ। ਮੈਂ ਹੋਰ ਖੁਨ ਨਹੀਂ ਡੋਲਣਾ ਚਾਹੁੰਦਾ। ਜਿੱਦਾਂ ਇਹ ਅਰਾਮ ਨਾਲ ਜਿਉਂਦੇ ਚਾਹੁੰਦਾ ਏ। ਉਸ ਤਰ੍ਹਾਂ ਮੈਂ ਵੀ ਆਪਣੇ ਜੱਗ 'ਚ ਹੀ ਰਹਿਣਾ ਚਾਹੁੰਦਾ ਆ–।

– ਫਿਰ ਆਪਣੇ ਸੰਸਾਰ ਵਾਪਸ ਮੁੜ!– ਉੱਤਰ ਵਾਪਸ ਆਇਆ ਜਿੱਦਾਂ ਖਾਣ ਨੇ ਚਾਬਕ ਨਾਲ ਮਾਰਿਆ ਹੁੰਦਾ।

– ਉਦਾਂ ਹੀ ਚਾਹੁੰਦਾ ਪਰ ਜੋ ਮਰਜੀ ਕਰਦਾ ਇੱਥੇ ਹੀ ਵਾਪਸ ਆ ਜਾਂਦਾ। ਹੁਣ ਮੈਨੂੰ ਸਾਫ਼ ਸਮਝ ਏ ਕੇ ਜਿੰਨਾ ਚਿਰ ਤੂੰ ਇੱਥੇ ਹੈ ਮੈਂ ਵੀ ਵਾਪਸ ਆਈ ਜਾਣਾ–।

– ਤੇਰੀ ਫੌਜ ਦੇ ਪੈਰ ਕਬਰ 'ਚ ਲੱਟਕ ਦੇ ਏ! ਰਣ ਤਾਂ ਮੇਰਾ ਈ ਹੈ! ਇੱਦਾਂ ਕਰ ਮੈਂ ਤੈਂਨੂੰ ਇੱਥੇ ਹੀ ਸੂਰਮਾ ਦੀ ਮੌਤ ਦੇਦੂਗਾ। ਉਸ ਤੋਂ ਬਾਅਦ ਇਹ ਸਾਰਾ ਦੇਸ਼ ਸਾੜ ਦੇਣਾ!–। ਰਾਣੇ ਨੇ ਆਪਣੀ ਤਲਵਾਰ ਅੱਗੇ ਕਰ ਦਿੱਤੀ। ਡਰ ਤਾਂ ਜ਼ਰੂਰ ਸੀ। ਕਿਥੇ ਬਾਥੇਲੋਨਾ–ਘਰ ਵਾਪਸੀ 'ਚ ਚਿੱਤਰਕਾਰ ਦੇ ਬਰੱਸ਼ ਨਾਲ ਚਿੱਤਰ–ਟਾਟ ਨਾਲ ਲੜਦਾ ਸੀ। ਹੁਣ ਇੱਥੇ ਤਲਵਾਰ ਨਾਲ ਲੜਨਾ ਪਊਗਾ। ਰਾਣੇ ਨੂੰ ਮਹਿਸੂਸ ਸੀ ਕੇ ਆਸ ਪਾਸ ਵੱਧ ਲਾਸ਼ਾਂ ਪਵਨ ਦੇ ਲੋਕਾਂ ਦੀਆਂ ਸਨ। ਅੰਗ ਸਰੀਰਾਂ ਤੋਂ ਵਖਰੇ ਹੋਏ ਸਾਰੇ ਪਾਸੇ ਪਏ ਸਨ। ਰਾਖ਼ਸ਼ ਜਿਤਦੇ ਸੀ। ਰਾਣੇ ਦੇ ਕਲਪਨੇ ਨੇ ਉਸਨੂੰ ਲੜਾਈ ਦਾ ਸ਼ੁਰੂ ਦਾ ਸੀਨ ਦਿਖਾਇਆ। ਰਣ ਦੇ ਇਕ ਪਾਸੇ ਵਰਾਨੇ ਚੰਦ ਦੇ ਪਿੱਛੇ ਤਿਆਰ ਖੜ੍ਹੇ ਸਨ। ਪਿੰਗੂ ਅਲਫੋਂਸੋ ਦੇ ਮਗਰ। ਇੱਲ ਓਂਕਾਰ ਦੇ ਪਿੱਛੇ'ਤੇ ਹੋਰ ਸਭ ਪਵਨ ਦੇ। ਦੂਜੇ ਪਾਸੇ ਕਾਲੇ ਇੱਲ ਅਤੇ ਚੇਂਗਿਸ ਦੇ ਬਾਘ ਬਿੱਲੇ। ਸਾਰਿਆਂ ਦੇ ਅੱਗੇ ਖਾਣ। ਰਾਣੇ ਦੇ ਕਲਪਨੇ 'ਚ ਖਾਣ ਅੱਗੇ ਆਇਆ ਹੱਥ 'ਚ ਹੱਥੌੜਾ। ਜਿਹੜਾ ਰਾਹ 'ਚ ਆਇਆ ਉਸ ਦੀ ਖੋਪਰੀ ਫੇਹ ਦਿੱਤੀ। ਹੁਣ ਲਾਲ ਲਾਲ ਹੋਇਆ ਹੱਥੌੜਾ ਰਾਣੇ ਦਾ ਲਹੂ ਪੀਣਾ ਚਾਹੁੰਦਾ ਸੀ। ਅਮਰ ਨੇ ਦੋਨਾਂ ਇਨਸਾਨਾਂ ਨੂੰ ਹਿਲਣ ਦਾ ਮੌਕਾ ਨਹੀਂ ਦਿੱਤਾ। ਖਾਣ ਵੱਲ ਛਾਲ ਮਾਰੀ। ਪਰ ਹਲੇ



ਹਵਾ 'ਚ ਹੀ ਸੀ ਜਦ ਚੇਂਗਿਸ ਨੇ ਛਾਲ ਮਾਰ ਕੇ ਦੋਵੇਂ ਸ਼ੇਰਾਂ ਨੂੰ ਰੁਲ ਰੁਲ ਕੇ ਜ਼ਮੀਨ ਉੱਤੇ ਲਿਆ ਦਿੱਤਾ। ਗੜਗੜ ਕਰਦੇ ਇਕ ਦੂਜੇ ਦੇ ਪੰਜੇ ਮਾਰਦੇ ਸਨ ਅਤੇ ਤਿੱਖੇ ਤਿੱਖੇ ਦੰਦਾਂ ਨਾਲ ਇਕ ਦੂਜੇ ਦਾ ਮਾਸ ਨੂੰ ਪਾਟ ਦੇ ਸੀ। ਰਾਣਾ ਨੂੰ ਹਲੇ ਸਮਝ ਨਹੀਂ ਸੀ ਜੇ ਖਾਣ ਨੇ ਉਸਨੂੰ ਮਾਰ ਦਿੱਤਾ ਅਸਲੀ ਜੱਗ। ਜਾਣੀ ਰਾਣੇ ਦੇ ਦੁਨੀਆਂ ਵਿਚ ਕੀ ਹੋਵੇਗਾ। ਉਥੇ ਵੀ ਪੂਰਾ ਹੋਜੂਗਾ? ਫਰ ਸੋਚਨ ਦਾ ਵਕਤ ਨਹੀਂ ਸੀ। ਐਸਤਾਰਫੀਨੀਆ ਦਾ ਖੇੜਾ ਛੱਡਣਾ ਚਾਹੁੰਦਾ ਸੀ। ਖਾਣ ਨਾਲ ਟੱਕਰ ਕਰਨ ਦਾ ਰਸਤਾ ਹੀ ਸੀ। ਰਾਣੇ ਨੇ ਤਲਵਾਰ ਚੁੱਕ ਕੇ ਖਾਣ ਦੇ ਸੀਸ ਵੱਲ ਡੁਲਾਈ। ਪਰ ਹੱਥੌੜੇ ਦੇ ਸਿਰ ਨੇ ਤਲਵਾਰ ਦੀ ਝੁਲ ਰੋਕ ਦਿੱਤੀ। ਫਿਰ ਪੈਰਾਂ ਉੱਤੇ ਘੁੰਮਕਿ ਖਾਣ ਨੇ ਹੱਥੌੜਾ ਰਾਣੇ ਦੇ ਛਾਤੀ ਵਿਚ ਮਾਰਨ ਦੀ ਕੋਸ਼ਿਸ਼ ਕਿੱਤੀ। ਰਾਣਾ ਰਾਹ 'ਚੋਂ ਪਰੇ ਹੋ ਗਿਆ। ਰਾਣਾ ਨੇ ਖਾਣ ਨੂੰ ਚੋਭਣ ਦੀ ਹਿੰਮਤਕਿੱਤੀ। ਪਰ ਕਾਮਯਾਬ ਨਹੀਂ ਹੋਇਆ। ਉਸ ਹੀ ਵਕਤ ਖਾਣ ਦਾ ਹੱਥੀਆਰ ਰਾਣੇ ਦੇ ਸੀਨੇ ਵਿਚ ਵੱਜਿਆ। ਰਾਣਾ ਪਿੱਛੇ ਡਿੱਗ ਗਿਆ ਸੀ। ਖਾਣ ਨੇ ਹੱਥੌੜਾ ਆਪਣੇ ਸੀਸ ਉੱਤੇ ਚਕਿਆ। ਰਾਣੇ ਦਾ ਸਿਰ ਭੰਨਣ ਲੱਗਾ ਸੀ ਜਿੱਦਾਂ ਵਾਏਕਿੰਗਾਂ ਦਾ ਦੇਵ ਥਓਰ ਨੇ ਦੈਂਤਾਂ ਨੂੰ ਮਾਰਿਆ ਸੀ। ਓਂਕਾਰ ਉੱਡ ਕੇ ਖਾਣ ਦੇ ਸਿਰ ਉਪਰ ਪੰਜੇ ਮਾਰਨ ਲੱਗ ਪਿਆ। ਕਾਂ ਉੱਲੂ'ਤੇ ਪੈ ਗਿਆ ਆਪਣੇ ਮਾਲਕ ਦੇ ਧਿਰ ਵਿਚ। ਉਸ ਪਲ 'ਚ ਮੁੰਡੇ ਨੇ ਆਪਣੇ ਪੈਰਾਂ ਨਾਲ ਖਾਣ ਦੇ ਗਿੱਟੇ ਫਸਾਲੈ। ਫਿਰ ਪਬਾਂ ਨੂੰ

ਘੁੰਮਾਕਿ ਖਾਣ ਨੂੰ ਭੁੰਝੇ ਸਿੱਟ ਦਿੱਤਾ। ਓਂਕਾਰ ਨੇ ਕਾਂ ਪਰੇ ਕਰਕੇ ਹੱਥੌੜਾ ਚੁੱਕ ਕੇ ਉਡਾਰੀ ਮਾਰੀ। ਉਸ ਦੇ

ਮਗਰ ਕਾਂ ਉੱਡ ਗਿਆ। ਰਾਣਾ ਹੁਣ ਖਾਣ ਦੇ ਉਪਰ ਖਲੋਇਆ ਸੀ। ਤਲਵਾਰ ਦੀ ਤਿੱਖੀ ਨੁੰਕ ਖਾਣ ਦੇ ਗਲੇ ਉੱਤੇ ਰੱਖੀ ਸੀ।

ਦੂਜਾ ਜੋੜਾ ਹਾਲੇ ਵੀ ਲੜ ਰਿਹਾ ਸੀ। ਇਸ ਵੇਲੇ ਅਮਰ ਆਪਣੇ ਪਿੱਠ ਉੱਤੇ ਸੀ। ਚੇਂਗਿਸ ਉਸਦੇ ਉਪਰ ਖੜ੍ਹ ਕੇ ਦੰਦਾਂ ਨਾਲ ਦੰਦੀ ਵੱਢ ਰਿਹਾ ਸੀ। ਪਰ ਜਦ ਉਨ੍ਹੇ ਵੇਖਿਆ ਕੇ ਖਾਣ ਥੱਲੇ ਪਿਆ ਸੀ ਉਸਦਾ ਧਿਆਨ ਪਲ ਲਈ ਹਟ ਗਿਆ ਸੀ। ਕਾਲੇ ਚੀਤੇ ਨੇ ਮੌਕਾ ਫੜ ਕੇ ਆਪਣੇ ਪਿਛਲੇ ਲਤਾਂ ਨਾਲ ਚੇਂਗਿਸ ਨੂੰ ਪਰੇ ਧੱਕ ਦਿੱਤਾ। ਫਿਰ ਬਿਜਲੀ ਦੀ ਚਮਕ ਜਿੱਦਾਂ ਤੇਜੀ 'ਚ ਆਪਣਾ ਬੂਥਾ ਖੋਲ੍ਹ ਕੇ ਬਾਘ ਬਿੱਲੇ ਦਾ ਗਲਾ ਮੂੰਹ 'ਚ ਲੈ ਲਿਆ। ਜੋਰ ਦੇਣੀ ਬਾਚੀ ਬੰਦ ਕਰ ਲਈ। ਚੇਂਗਿਸ ਦਾ ਸਰੀਰ ਇਕ ਦੋ ਵਾਰੀ ਹਿੱਲਿਆ। ਫਿਰ ਲਾਸ਼ ਸੌਹ ਗਿਆ। ਅਮਰ ਨੇ ਧੌਣ ਛੱਡ ਦਿੱਤੀ। ਜਦ ਆਲ਼ੇ–ਦੁਆਲ਼ੇ ਦੇਖਿਆ ਸਭ ਖੜ੍ਹੇ ਖਲੋਏ ਸਨ। ਪਵਨ ਦੀ ਫੌਜ ਦੇ ਵਿਸ਼ੂਲੇ ਤੀਰਾਂ ਨੇ ਫਿਰ ਵੀ ਕਿਈ ਰਾਖ਼ਸ਼ਾਂ ਨੂੰ ਵਾਰ ਦਿੱਤਾ ਸੀ। ਓ ਨਾਗ ਦਾ ਜ਼ਹਿਰ ਲੈਣ ਦਾ ਫਿਰ ਵੀ ਫ਼ਾਇਦਾ ਹੀ ਸੀ। ਪਰ ਪਵਨ ਦੀ ਫੌਜ ਲਈ ਫਿਰ ਵੀ ਇਹ ਜੰਗ ਮਹਿੰਗਾ ਨਿਕਲਾ ਸੀ। ਹੁਣ ਜਿਹੜੇ ਐਸਤਾਰਫੀਨੀਏ ਜੀਓਂਦੇ ਸਨ ਰਾਣੇ ਦੇ ਪਿੱਛੇ ਮੋਰਚਾ ਬਣਾ ਕੇ ਟਿਕਿ ਸੀ। ਜਿਹੜੇ ਰਾਖ਼ਸ਼ਾ ਨੂੰ ਨਾਗ ਦੀ ਵਿੱਸ ਨੇ ਨਹੀਂ ਨਿਬੇੜਿਆ ਨਹੀਂ ਉਨ੍ਹਾਂ ਨੇ ਡਿੱਗੇ ਹੋਏ ਖਾਣ ਪਿੱਛੇ ਲਾਇਨ ਬਣਾ ਲਈ। ਲੜਾਈ ਹਟ ਗਈ ਸੀ। ਸਾਰੇ ਇੱਲ ਵੀ ਹੁਣ ਧਰਤੀ ਉੱਤੇ ਬੈਠੇ ਸਨ। ਹੁਣ ਰਣ ਖਮੋਸ਼ ਸੀ। ਸਭ ਰਾਣੇ ਅਤੇ ਖਾਣ ਵੱਲ ਤੱਕ ਦੇ ਸੀ। ਇਸ ਗੱਲ ਦੀ ਰਾਣੇ ਅਤੇ ਖਾਣ ਨੂੰ ਵੀ ਮਹਿਸੂਸ ਸੀ।

–ਮੁਹਲਤ ਚਾਹੀਦੀ - ਖਾਣ ਨੇ ਰਾਣੇ ਨੂੰ ਆਖਿਆ। ਰਾਣਾ ਨੇ ਆਪਣਾ ਸਿਰ ਹਲਾ ਕੇ ਤਲਵਾਰ ਮੋੜ ਲਈ। ਖਾਣ ਉੱਠ ਕੇ ਚੇਂਗਿਸ ਦੀ ਲਾਸ਼ ਵੱਲ ਗਿਆ। ਫਿਰ ਉਨ੍ਹੇ ਆਪਣੀ ਫੌਜ ਵੱਲ ਝਾਤੀ ਮਾਰੀ। ਬਹੁਤ ਘੱਟ ਹਏ ਸੀ। ਫਿਰ ਰਾਣੇ ਦੀ ਫਫਜ ਵੱਲ ਤੱਕਿਆ। ਉਨ੍ਹਾਂ ਦੇ ਨੰਬਰ ਦੁਗਣੇ ਸੀ। ਰਾਖ਼ਸ਼ਾਂ ਨੂੰ ਇਸ਼ਾਰਾ ਕੀਤਾ ਪਾਣੀ ਦੇਣ। ਜਦ ਪਾਣੀ ਪੀਂ ਹਟਾ ਝੱਜਰ ਹੇਠਾ ਸਿੱਟ ਦਿੱਤੀ।

ਰਾਣੇ ਨੂੰ ਯਾਦ ਸੀ ਕਿਵੇਂ ਕੈਸਰ ਖਾਣ ਨੂੰ ਮਾਰਨ। ਸੰਹੋਆ ਪਿੱਛੇ ਇਕ ਪਿੰਡਾ ਸੀ ਜਿਸ ਨੂੰ ਇਕ ਝਾਤ ਮਾਨਵ ਤੋਂ ਸਾੜ ਸਕਦੀ ਸੀ। ਹਮੇਸ਼ਾਂ ਖਾਣ ਨਕਾਬ ਵਿਚ ਲੁਕਦਾ ਸੀ। ਕੋਈ ਰਾਹ ਨਾਲ ਰਾਣੇ ਨੂੰ ਉਸਨੂੰ ਬੇਨਕਾਬ ਕਰਨਾ ਸੀ। ਫ਼ੁਲਾਦ ਦੇ ਕੁਰਤੇ ਨੂੰ ਲਾਉਣਾ ਸੀ।

ਖਾਣ ਨੂੰ ਹੁਣ ਤਲਵਾਰ ਕਿਸੇ ਨੇ ਫੜਾ ਦਿੱਤੀ। ਦੋਨਾਂ ਵੀਰਾਂ ਮੁਕਾਬਲਾ ਫਿਰ ਸ਼ੁਰੂ ਹੋ ਗਿਆ। ਮਹਾਂ ਮਾਨਵਾਂ ਦਾ ਟਾਕਰਾ ਸੀ। ਇੱਦਾਂ ਲੱੜੇ ਜਿੱਦਾਂ ਵਾਲੀ ਅਤੇ ਉਸਦਾ ਭਰਾ ਸੁਗਰੀਵਾ ਆਪਸ ਵਿਚ ਜੂਝ ਦੇ ਸਨ। ਸਿੰਗ ਮਿਲਾਉਂਦੇ ਸੀ ਜਿੱਦਾਂ ਕਿਆਮਤ ਦਾ ਫ਼ੈਸਲਾ ਏਨਾਂ'ਤੇ ਸੀ। ਤਲਵਾਰਾਂ ਘੁੰਮੀਆਂ ਜਿੱਦਾਂ ਹਵਾ ਵਿਚ ਪੌਣ ਚੁੱਕੀ ਦੀਆਂ ਪੱਖੀਆਂ ਘੁੰਮ ਦੀਆਂ ਹਨ। ਕਦੀ ਰਾਣਾ ਤਲਵਾਰ ਦੀ ਤਿੱਖੀ ਮਿੱਠੀ ਤੋਂ ਬਚ ਜਾਂਦਾ ਸੀ ਕਦੀ ਖਾਣ। ਕੋਈ ਕੋਈ ਵਾਰੀ ਬਲੇਡ ਬਕਤਰ ਵਿਚ ਲੰਘ ਕੇ ਮਾਸ ਨੂੰ ਚੀਰ ਦਿੰਦਾ ਸੀ। ਹੁਣ ਰਣ ਉੱਤੇ ਕੇਵਲ ਉਨ੍ਹਾਂ ਦੀਆਂ ਤਲਵਾਰਾਂ ਖੜਕ ਦੀਆਂ ਸੀ। ਸਾਰੇ ਲੋਕ ਹਲੇ ਵੀ ਖ਼ਮੋਸ਼ ਸਨ। ਹਜੂਮ ਦੇ ਢਿੱਡ 'ਚੋਂ ਚੰਦ ਅੱਗੇ ਆਗਿਆ ਸੀ। ਮਤਲਬ ਭੀੜ ਦੇ ਗੱਭੋ ਮੁੜੇ ਆਗਿਆ ਸੀ। ਚੰਦ ਦੇ ਸਾਰੇ ਬਦਨ ਉੱਤੇ ਸੌਜ ਸੱਟਾਂ ਸਨ। ਅਲਫੋਂਸੋ ਵੀ ਮੁੜੇ ਆਗਿਆ ਸੀ। ਉਸਦਾ ਸਮੂਰ ਫਰ ਉੱਤੇ ਲਾਲ ਲਾਲ ਲਹੂ ਸੀ। ਪਵਨ ਵੀ ਹੁਣ ਫੌਜ ਦੇ ਸਾਹਮਣੇ ਖੜ੍ਹਾ ਸੀ। ਉਹਦਾ ਧਿਆਨ ਪੂਰਾ ਖਾਣ ਵੱਲ ਸੀ। ਮਨ ਵਿਚ ਉਸਨੂੰ ਵੀ ਪਤਾ ਸੀ ਕੇ ਇਕ ਵਾਰੀ ਖੋਦ ਲਾਕਿ ਰਾਣੇ ਦੀਆਂ ਅੱਖਾਂ ਨਾਲ ਸੜ ਜਉਗਾ। ਸਾਰਿਆਂ ਦੇ ਆਲ਼ੇ–ਦੁਆਲ਼ੇ ਸਾਰੀ ਬਰਫ਼ ਘੁਰ ਗਈ। ਧਰਤੀ ਖੁਨ ਨਾਲ ਸੁਰਖ ਸੁਰਖ ਹੋਈ ਸੀ। ਰੱਤਾ ਰੰਗ ਵਿਚ ਦੋਵੇਂ ਵਿਰੋਧੀ ਲੜੀ ਗਏ। ਤਿੱਖੀ ਧੁਪ ਰਾਣੇ ਦੀਆਂ ਅੱਖਾਂ ਨੂੰ ਚੁਭੀ। ਉਸ ਹੀ ਪਲ ਵਿਚ ਖਾਣ ਨੇ ਫ਼ਾਇਦਾ ਉੱਤਾ ਲਿਆ। ਜੋਰ ਦੇਣੀ ਕੂਹਣੀ ਰਾਣੇ ਦੇ ਮੂੰਹ 'ਚ ਮਾਰੀ ਫਿਰ ਬਾਂਹ ਖੋਹ ਲਈ। ਰਾਣਾ ਨੇ ਖਾਣ ਦੇ ਚੱਡ 'ਚ ਗੋਡਾ ਮਾਰ ਦਿੱਤਾ। ਖਾਣ ਗੋਡੇ ਭਾਰ ਡਿੱਗ ਗਿਆ। ਰਾਣੇ ਦੀਆਂ।

ਅੱਖਾਂ ਉਸ ਵੇਲੇ ਕਰੋਧ ਨਾਲ ਭਰ ਗਈਆਂ। ਰਾਣਾ ਤਲਵਾਰ ਨਾਲ ਖਾਣ ਦੇ ਸੀਸ ਨੂੰ ਕੱਟਨ ਲਈ ਤਿਆਰ ਹੋ ਗਿਆ। ਰਾਣਾ ਨੇ ਆਪਣੇ ਆਪਨੂੰ ਰੋਕ ਲਿਆ। ਖਾਣ ਦਾ ਚਿਹਰਾ ਵੇਖਣ ਦਾ ਜੀ ਕਰ ਗਿਆ। ਸਾੜਨ ਲਈ ਨਹੀਂ। ਸੁਆਲ ਤਾਂ ਹੋਰ ਸੀ। ਖਾਣ ਕੌਂਣ ਹੈ? ਇਸ ਸੋਚ ਨੇ ਇਕ ਦਮ ਸਿਰ ਲਾਉਣ ਤੋਂ ਹੱਟਾ ਦਿੱਤਾ। ਪਵਨ ਨੇ ਇਕ ਵਾਰੀ ਕਿਹਾ ਸੀ ਕੇ ਕੋਈ ਚਾਲ ਚਾਹੀਦੀ ਹੈ ਸਿਰ ਤੋਂ ਖੋਦ ਲਾਹੋਨ ਨੂੰ। ਪਰ ਇਸ ਵਕਤ ਰਾਣਾ ਰੋਭ ਤੇ ਧੱਕੜ ਨਾਲ ਕਰਵਾਉਣਾ ਚਾਹੁੰਦਾ ਸੀ।

– ਨਕਾਬ ਲਾਹ - ਖਾਣ ਨੂੰ ਹੁਕਮ ਦਿੱਤਾ।



– ਤੇਰੀ ਮਾਂ – ਖਾਣ ਕਹਿਣ ਸ਼ੁਰੂ ਲੱਗਿਆ। ਰਾਣਾ ਨੇ ਸੱਜੇ ਹੱਥ ਦੇ ਪਿੱਛਲੇ ਪਾਸੇ ਨਾਲ ਖਾਣ ਦੇ ਮੂੰਹ'ਤੇ ਮਾਰਿਆ। ਫਿਰ ਉਸ ਹੀ ਹੱਥ ਸੰਗ ਜਬਰਦਸਤੀ ਖਾਣ ਦਾ ਨਕਾਬ ਜੋਰ ਦੇਣੀ ਸਿਰ ਉਤੋਂ ਲਾ ਦਿੱਤਾ। ਖਾਣ ਨੇ ਪਹਿਲੀ ਵਾਰੀ ਕਿਸੇ ਨੂੰ ਏਨਾ ਨੇੜੇ ਹੌਣ ਦਿੱਤਾ। ਰਾਣਾ ਉਸਦਾ ਮੁਖ ਦੇਖ ਕੇ ਹੈਰਾਨੀ ਨਾਲ ਉਥੇ ਹੀ ਠਾਰ ਗਿਆ। ਨੈਣ ਨਕਸ਼ ਜਾਣਕਾਰ ਸਨ। ਕਿਉਂਕਿ ਖਾਣ ਦੇ ਨੈਣਾਂ ਐਨ ਪਿਉ ਵਰਗੇ ਸੀ। ਰਾਣੇ ਨੂੰ ਤਾਂ ਆਪਣਾ ਹੀ ਬਾਪ ਜਾਪਿਆ। ਖਾਣ ਅਤੇ ਤਾਰਾ ਇਕ ਹੀ ਆਦਮੀ ਸੀ। ਕੇ ਦਿਖਾਈ 'ਚ ਹਾਂ ਏਦਾ ਸੀ? ਇਸ ਗੱਲ ਨੇ ਤਾਂ ਹੈਰਾਨੀ ਵਿਚ ਰਾਣੇ ਨੂੰ ਪਾ ਦਿੱਤਾ। ਜੇ ਖਾਣ ਦਾ ਸੀਸ ਕੱਟਿਆ ਉਦਾਂ ਲੱਗਣਾ ਜਿੱਦਾਂ ਆਪਣਾ ਹੀ ਬਾਪ ਮਾਰਨ ਦੀ ਕੋਸ਼ਿਸ਼ ਕਰਦਾ ਸੀ। ਉਹ ਕੱਟਨ ਦੀ ਕੀ ਲੋੜ ਸੀ? ਰਾਣੇ ਦੀਆਂ ਨੈਣਾਂ ਦੀ ਝਾਕ ਨਾਲ ਖਾਣ ਦਾ ਮਾਸ ਸੜਨ ਲੱਗ ਗਿਆ ਸੀ। ਖਾਣ ਤਾਂ ਬਹੁਤ ਮੁਸੀਬਤ 'ਚ ਸੀ। ਚਮੜੀ ਚਿਹਰੇ ਤੋਂ ਛਿੱਲ ਵਾਂਗ ਲਹਿ ਗਈ। ਖਾਣ ਦੀ ਖੱਲ ਛਾਲਿਆਂ ਨਾਲ ਭਰ ਗਈ। ਪਾਂ ਪੀਕ ਪਿਉ ਦੇ ਹੁਲਿਆ 'ਚੋਂ ਚੋਂਦਾ ਸੀ। – ਕਾਸ! ਪਿਤਾ ਥੋਰੋ ਆ!– ਰਾਣਾ ਨੇ ਸੋਚਿਆ। ਰਾਣੇ ਦੀ ਤਲਵਾਰ ਹੱਥੋਂ ਡਿੱਗ ਪਈ। ਸਾਰੇ ਹੈਰਾਨ ਹੋ ਗਏ ਜਦ ਰਾਣਾ ਵੀ ਗੋਡੇ ਭਾਰ ਡਿੱਗ ਗਿਆ ਸੀ। - ਡੈਡ– ਰਾਣਾ ਨੇ ਜਲਦੇ ਸੜਦੇ ਬੰਦੇ ਨੂੰ ਕਿਹਾ।

ਉਹ ਸਾਹ 'ਚ ਸਾਹ ਲੈਂਦਾ ਸੀ ਪਰ ਇਸ ਲਾਫ਼ਸ ਸੁਣ ਕੇ ਖਾਣ ਨੇ ਵੀ - ਕੀ! - ਹੋਠ 'ਚੋਂ ਕੱਢ ਲਿਆ ਸੀ।

– ਤੁਸੀਂ ਸ਼ਕਲ ਵਿਚ ਐਨ ਮੇਰੇ ਬਾਪੂ ਵਰਗੇ ਲੱਗ ਦੇ ਨੇ–।

– ਜੇ ਮੈਨੂੰ ਮਾਰਨਾ ਤਾਂ ਮਾਰ ਨਹੀਂ ਤਾਂ..– ਪਰ ਖਾਣ ਏਨਾ ਦੁੱਖ ਵਿਚ ਹੋਰ ਕੁਝ ਕਹਿ ਨਹੀਂ ਸੱਕਦਾ ਸੀ। ਕੀ ਪਤਾ ਇਸ ਹਾਲ 'ਚੋ ਅਜ਼ਾਦ ਹੋਣ ਲਈ ਮਰਨਾ ਚਾਹੁੰਦਾ ਸੀ। ਕੀ ਪਤਾ ਕਈ ਧੌਂਸ ਦੁਣੀ ਚਾਹੁੰਦਾ ਸੀ। ਮੱਸਾ ਮੂੰਹ ਵਿਚੋਂ - ਤੈਨੂੰ ਵੇਖਾਊਗਾ– ਨਿਕਲਿਆ। ਪਰ ਰਾਣੇ ਨੂੰ ਖਾਣ ਨਹੀਂ ਪਰ ਪਿਤਾ ਹੀ ਸਾਹਮਣੇ ਦਿਖਾਈ ਦਿੰਦਾ ਸੀ। ਰਾਣੇ ਦੀਆਂ ਅੱਖਾਂ ਹੰਝੂਾਂ ਨਾਲ ਭਰ ਗਈਆਂ ਸਨ। ਸਾਹਮਣੇ ਡੈਡ ਇੱਦਾਂ ਜਲਦਾ ਸੀ ਜਿੱਦਾਂ ਚਿਖੇ ਉੱਤੇ ਤਰਫ਼ ਦਾ ਸੀ। ਰਾਣੇ ਨੂੰ ਸੁਝ ਦੀ ਨਹੀਂ ਸੀ ਕੀ ਕਰਾ। ਪਰ ਸੜਦੇ ਆਦਮੀ ਵਿਚ ਥੌੜੀ ਜੀ ਹਿੰਮਤਹਲੇ ਵੀ ਸੀ। ਖਾਣ ਨੇ ਰਾਣੇ ਦੀ ਤਲਵਾਰ ਚੁੱਕ ਲਈ। ਪੀੜਾਂ ਮਨ ਦੇ ਕੋਈ ਖੂੰਜੇ ਵਿਚ ਥੱਕ ਕੇ ਖਾਣ ਨੇ ਆਖ਼ਰੀ ਚਾਲ ਚਲਾਈ।

– ਬੱਚਾ ਆਪਨੂੰ! ਚੰਦ ਨੇ ਚਿੰਘਾਰਿਆ। ਰਾਣਾ ਹੋਸ਼ 'ਚ ਆਗਿਆ। ਜਦ ਉਪਰ ਦੇਖੇ ਬਾਪ ਖੜ੍ਹਾ ਸੀ ਤਲਵਾਰ ਉਸਦੇ ਹੱਥਾਂ ਵਿਚ ਸਿਰ ਕੱਟਨ ਨੂੰ ਤਿਆਰ ਸੀ। ਰਾਣੇ ਦਾ ਸੀਸ ਨੂੰ ਕੱਟਨ ਤਿਆਰ। ਪਿਉ ਪੁੱਤਰ ਦੀ ਗੱਲ ਸੱਚੀ ਇੱਥੇ ਤਕ ਪਹੁੰਚ ਗਈ ਕੇ ਇਕ ਦੂਜੇ ਨੂੰ ਮਾਰਨ ਤਿਆਰ ਹੋ ਗਏ ਸੀ? ਰਾਣਾ ਜੋ ਵੀ ਡੈਡ ਬਾਰੇ ਸੋਚਦਾ ਸੀ ਉਸਦਾ ਕਤਲ ਕਦੇ ਨਹੀਂ ਕਰ ਸੱਕਦਾ ਸੀ। ਮਨ ਵਿਚ ਪਤਾ ਸੀ ਤਾਂ ਇਹ ਗੱਲ ਗਲਤ ਹੈ। ਮਾਂਪਿਉ ਨੇ ਦੁਨੀਆਂ ਵਿਚ ਲਿਆਂਦਾ ਸੀ। ਫਿਰ ਕਿਵੇਂ ਏਨਾ ਨੀਵਾ ਹੋ ਸੱਕਦਾ ਹੈ? ਰਾਣਾ ਨੇ ਆਪਣਾ ਸਿਰ ਝੁਕਾ ਦਿੱਤਾ। ਤਲਵਾਰ ਨੇ ਹਵਾ ਵਿਚ ਭੰਵਰੇ ਵਰਗੀ ਆਵਾਜ਼ ਬਣਾ ਕੇ ਰਾਣੇ ਦੇ ਗਰਦਨ ਵੱਲ ਗਈ। ਪਿਉ ਨਾਲ ਲੜਨ ਤੋਂ ਅੱਕ ਗਿਆ ਸੀ। ਰਾਣੇ ਦੀ ਹਿੰਮਤਹਾਰ ਗਈ ਸੀ। ਰਣ ਦੀ ਖਮੋਸ਼ੀ ਦੇ ਥਾਂ ਬਾਥੇਲੋਨਾ–ਘਰ ਵਾਪਸੀ ਦਾ ਰੋਲਾ

ਵਾਪਸ ਆਗਿਆ। ਜਦ ਅੱਖਾਂ ਖੋਲ੍ਹੀਆਂ ਉਹੀ ਚਿਹਰਾ ਸਾਹਮਣੇ ਸੀ। ਪਰ ਖਾਣ ਦੇ ਰੂਪਰ ਵਿਚ ਨਹੀਂ। ਡੈਡ ਦੇ ਰੂਪ ਵਿਚ ਸੀ।

– ਜਾਣ ਬੁੱਝ ਕੇ ਕਰਦਾ ਆ – ਡੈਡ ਦੀ ਗੱਲ ਅੱਧੇ ਰਾਹ 'ਚ ਸੀ। ਰਾਣੇ ਨੇ ਵਿਚ ਚੀਰ ਕੇ ਕਿਹਾ - ਮੈਂ ਤੁਹਾਨੂੰ ਪਿਆਰ ਕਰਦਾ ਡੈਡੀ ਜੀ। ਪਰ ਤੁਸੀਂ ਕਿਉਂ ਏਨੀ ਜ਼ਿਦ ਫੜ੍ਹ ਲੈ ਮੇਰੇ ਨਾਲ ਇੱਦਾਂ ਕਰ ਦੇ ਏ?–।

ਸੁਆਲ ਸੁਣ ਕੇ ਤਾਰਾ ਚੁਪ ਹੋ ਗਿਆ। ਅੱਖਾਂ ਵਿਚ ਬੇਸ਼ਰਮੀ ਸੀ ਪਰ ਪੰਜਾਬੀ ਬਾਪ ਨੂੰ ਕਿਥੇ ਸੁਆਦ ਆਉਂਦਾ ਪੁੱਤਰ ਦੇ ਥੱਪੜ ਜੜਨੇ ਤੋਂ ਬਗੈਰ? ਜਵਾਬ ਵਿਚ ਰਾਣੇ ਦੇ ਚਪੇੜ ਮਾਰ ਦਿੱਤੀ ਪਰ ਇੱਦਾਂ ਕਰਕੇ ਅੰਨਦ ਨਹੀਂ ਮਿਲਿਆ। ਜਿੱਦਾਂ ਕਿਸੇ ਨੇ ਫਿਲਮ ਸੀਨ ਬਦਲ ਦਿੱਤੀ ਸੀ ਉਂਜ ਨਇਕ ਨੂੰ ਉਥੇ ਹੀ ਰਖਿਆ। ਉਦਾਂ ਹੀ ਰਣ 'ਚ ਵਾਪਸ ਪਹੁੰਚ ਗਿਆ ਸੀ। ਪਤਾ ਨਈਂ ਚਪੇੜ ਕਰਕੇ ਜੇ ਇਹਸਾਸ ਹੋ ਗਿਆ ਘਟ ਜਦ ਤੱਕ ਖਾਣ ਜਿਉਂਦਾ ਤਦ ਤੱਕ ਵਾਪਸ ਹੀ ਓਨਾ ਜਾਣਾ ਪਾਵੇਗਾ।

ਖਾਣ ਦਾ ਮੁਖ ਤਾਂ ਹੁਣ ਵਿਗਰਿਆ ਹੋਇਆ ਸੀ। ਸਰੀਰ ਖੋਲ ਵਰਗਾ ਬਣ ਗਿਆ ਸੀ। ਮਾਸ ਦਾ ਕੀਮਾ ਬਣ ਗਿਆ ਸੀ। ਤਰਸ ਆਈ ਰਾਣੇ ਨੂੰ ਉਸਨੂੰ ਇਸ ਹਾਲ ਵਿਚ ਦੇਖ ਕਿ। ਕਾਸ! ਖਾਣ ਦਾ ਮੁਖ ਤਾਂ ਡੈਡ ਦਾ ਮੁਖ ਵਰਗਾ ਸੀ। ਇਸ ਸੋਚ ਅਤੇ ਆਣੀ ਜਾਣੀ ਨਾਲ ਉੱਤੇਜਨਾ ਨੇ ਫ਼ੈਸਲਾ ਪਲ ਵਿਚ ਹੀ ਕਰ ਦਿੱਤਾ। ਬਰਦੀ 'ਚੋਂ ਸੱਪ ਦੇ ਵਿਸ਼ ਵਿਚ ਭਿਜਿਆ ਹੋਇਆ ਚਾਕੂ ਕੱਢ ਕੇ ਖਾਣ ਦੇ ਗੁਰਦੇ ਵਿਚ ਚੋਭ ਦਿੱਤਾ। ਖਾਣ ਨੇ ਦੋ ਤਿੰਨ ਕਦਮ ਪਿੱਛੇ ਚੁੱਕਿ। ਮੁਖ ਉੱਤੇ ਹੈਰਾਨੀ ਸੀ। ਫਿਰ ਤਲਵਾਰ ਹੱਥੋਂ ਡਿੱਗ ਗਈ। ਉਸ ਤੋਂ ਬਾਅਦ ਰਾਣਾ ਖੁਦ ਭੁੰਝੇ ਡਿੱਗ ਗਿਆ। ਆਲ਼ੇ-ਦੁਆਲ਼ੇ ਸਾਰੇ ਸੀਟੀਆਂ ਮਾਰਨ ਅਤੇ ਤਾੜੀਆਂ ਲਾਉਣ ਲੱਗ ਪਏ। ਪਵਨ ਅੱਤੇ ਚੰਦ ਨੇ ਮੋਢਿਆਂ ਭਾਰ ਰਾਣੇ ਨੂੰ ਚੁੱਕ ਲਿਆ। ਜਿਥੇ ਦੇਖੇ ਬਾਂਦਰ ਲੋਕ। ਪਿੰਗੂ ਲੋਕ ਅਤੇ ਹੋਰ ਸਭ ਭੰਗੜਾ ਪਉਂਦੇ ਸੀ। ਰਾਖਸ਼ ਹਵਾ ਵਿਚ ਧੁੰਦ ਬਣ ਕੇ ਮਿਟ ਗਏ। ਬਾਘ ਅਤੇ ਕਾਲੇ ਇੱਲ ਡਰ ਕੇ ਨਸ ਗਏ। ਰਾਣੇ ਦੀਆਂ ਅੱਖਾਂ ਧਰਤੀ ਵੱਲ ਗਈਆਂ। ਖਾਣ ਆਪਣੇ ਮੂਹਰੇ ਪਾਸੇ ਉੱਤੇ ਪਿਆ ਸੀ। ਰਾਣੇ ਨੂੰ ਤਾਂ ਸਿਰਫ਼ ਡੈਡ ਹੀ ਜਾਪਦਾ ਸੀ। ਕੇਵਲ ਬਾਪ। ਅੱਖਾਂ 'ਚੋਂ ਹੰਝੂ ਡੁਲ੍ਹਣ ਬਖੇਰਨ ਲੱਗ ਪਏ। ਜ਼ਰੂਰ ਹੁਣ ਤੱਕ ਬਾਪ ਵੱਲ ਨਫ਼ਤ ਹੀ ਨਫ਼ਤ ਸੀ। ਪਰ ਇਸ ਵੇਲੇ ਦਿਲ 'ਚ ਪੀੜ ਸਨ ਕਿਉਂ ਕੇ ਅਕਸਰ ਪ੍ਰੇਮ ਵੀ ਸੀ। ਜੋ ਇੱਥੇ ਮਰਜੀ ਹੋਇਆ ਆਪਣੇ ਜੱਗ 'ਚ ਸਭ ਕੁਝ ਸਹੀ ਕਰਾਉਣਾ ਚਾਹੁੰਦਾ ਸੀ। ਅੱਖਾਂ ਮੀਚੀਆਂ। ਜਦ ਪਪੋਟਾਂ ਖੋਲ੍ਹਿਆਂ ਡੈਡ ਅੱਗੇ ਖੜ੍ਹਾ ਖਲੋਇਆ ਸੀ। ਚਾਕੂ ਮਾਰਨ ਦੇ ਕੋਈ ਨਿਸ਼ਾਨ ਨਹੀਂ ਸੀ। ਰਾਣਾ ਨੇ ਉਹਨੂੰ ਜਪੀ ਪਾ ਲਈ। ਤਾਰਾ ਹੈਰਾਨ ਸੀ ਕਿਉਂਕਿ ਹੁਣੀ ਤਾਂ ਮੁੰਡੇ ਦੇ ਕਰਾਰੀ ਚਪੇੜ ਮਾਰੀ ਸੀ। ਹੈਰਾਨੀ 'ਚ ਤਾਰੇ ਨੇ ਵੀ ਹੌਲੀ ਹੌਲੀ ਪੁੱਤ ਨੂੰ ਜਪੀ ਪਾ ਲਈ। ਦੋਵੇਂ ਰੱਜ ਰੱਜ ਕੇ ਰੋਏ। ਇਸ ਤੋਂ ਬਾਅਦ ਰਾਣਾ ਕਦੀ ਨਹੀਂ ਐਸਤਾਰਫੀਨੀਆ ਵਾਪਸ ਗਿਆ। ਉਂਜ ਕੀ ਪਤਾ ਐਸਤਾਰਫੀਨੀਆ ਰਾਣੇ ਕੋਲੇ ਆ ਸੱਕੱਢੀ ਹੈ? ਇਸਦਾ ਤਾਂ ਅੱਗੇ ਜਾਹ ਕੇ ਹੀ ਪਤਾ ਹੀ ਲੱਗਨਾ ਹੈ। ਖੈਰ ਉਥੇ ਦੇ ਲੋਕਾਂ ਨੇ ਖਾਣਗੜ੍ਹ ਦਾ ਨਾ ਬਦਲ ਕੇ ਰਾਣਾਗੜ੍ਹ ਰਾਣੇ'ਤ ਬਾਅਦ ਪੈ ਗਿਆ। ਰਾਣੇ ਨੂੰ ਕਦੀ ਨਹੀਂ ਐਸਤਾਰਫੀਨੀਆ ਨਾਂਅ ਪਸੰਦ ਸੀ। ਉਸਨੂੰ ਇਸ ਨਾਂ ਕਹਿਣਾ ਬਹੁਤ ਔਖਾ ਲੱਗਦਾ ਸੀ। ਜਦ ਪਹਾੜ ਵੱਲ ਸਫ਼ਰ ਕੀਤਾ ਚੰਦ ਅਤੇ



ਅਲਫੋਂਸੋ ਨੂੰ ਕਹਿੰਦਾ ਸੀ ਕੇ - ਬਾਥੇਲੋਨਾ-ਘਰ ਵਾਪਸੀ ਕਹਿਣਾ ਸੌਖਾ ਹੈ–। ਇਸ ਗੱਲ ਦੇ ਯਾਦ 'ਚ ਹਾਰ ਕੇ ਨਾਂਅ ਐਸਤਾਰਫੀਨੀਆ ਦੇ ਥਾਂ ਬਾਥੇਲੋਨਾ-ਘਰ ਵਾਪਸੀ ਬਣ ਗਿਆ ਸੀ।

**ਗਿਆਰਵਾਂ ਭਾਗ ਖ਼ਤਮ**

**ਬਾਰਵਾਂ ਭਾਗ**

**ਨਤੀਜਾ**

***ਰਾਣਾ***

ਰਾਣਾ ਬੇਹੋਸ਼ ਹੋ ਕੇ ਭੁੰਣੇ ਡਿੱਗ ਗਿਆ ਸੀ। ਕੈਫੇ ਦੇ ਮਾਲਕ ਨੇ ਮਿਹਰਬਾਨੀ ਕਰਕੇ ਹਸਪਤਾਲ ਨੂੰ ਫੋਨ ਕਰ ਦਿੱਤਾ ਸੀ। ਐਂਬੂਲੈਂਸ ਚਾਰਾ ਨੂੰ ਉੱਥੇ ਲੈ ਗਈ। ਜਦ ਰਾਣਾ ਨੂੰ ਹੋਸ਼ ਆਇਆ ਉਸ ਦੇ ਅੱਗੇ ਮਾਂ-ਪਿਉ ਅਤੇ ਘਟਰੀਨਾ ਸਾਹਮਣੇ ਖੜ੍ਹੇ ਸਨ। ਤਿੰਨ ਹੀ ਰੋਂਦੇ ਸੀ।

– ਕੀ ਗੱਲ? ਮੈਂ ਠੀਕ ਹੈ ਮਾਂ। ਬਿਲਕੁਲ ਠੀਕ ਏ। ਡੈਡ ਮੈਂ ਖਾਣ ਨੂੰ ਮਾਰ ਦਿੱਤਾ। ਹੁਣ ਨਹੀਂ ਐਸਤਾਰਫੀਨੀਆ ਕਦੀ ਵਾਪਸ ਜਾਣਾ ਪਵੇਗਾ। ਖ਼ਾਣ ਦਾ ਮੁਖ ਬਿਲਕੁਲ ਤੁਹਾਡੇ ਵਰਗਾ ਸੀ। ਬਹੁਤ ਔਖਾ ਸੀ ਉਸਨੂੰ ਮਾਰਣ। ਸੱਚ ਦਸਾ ਤਾਂ ਮੈਨੂੰ ਇੱਦਾਂ ਲੱਗੇ ਜਿਵੇਂ ਕੋਈ ਰੂਪਕ ਸੀ। ਸਾਡੇ ਟੱਬਰ ਦੇ ਪਾੜ ਦਾ ਪਛਾਵਾ। ਪਰ ਤੁਸੀਂ ਖ਼ਾਣ ਨਹੀਂ ਹੋ। ਮੇਰੇ ਬਾਪ ਹੋ। ਤੁਸੀਂ ਕਦੀ ਮੇਰੇ ਨਾਲ ਫਿਰ ਤੱਤਾ ਨਹੀਂ ਹੋਣਾ। ਮੈਂ ਪੱਛਮ ਦਾ ਨਤੀਜਾ ਹੈ'ਤੇ ਤੁਸੀਂ ਪੂਰਬ ਦਾ–। ਰਾਣਾ ਨੇ ਨੈਣ ਦੋ ਕੁ ਪਲਾਂ ਲਈ ਬੰਦ ਕਰ ਲਏ। ਜਦ ਅੱਖਾਂ ਖੋਲ੍ਹੀਆਂ ਮਾਂ ਨਾਲ ਬੋਲਿਆ– ਮੈਂ ਤੁਹਾਨੂੰ ਬਹੁਤ ਪਿਆਰ ਕਰਦਾ। ਜਿੱਦਾਂ ਡੈਡ ਨੇ ਤੁਹਾਡੇ ਨਾਲ ਕੀਤਾ ਮੈਂ ਕਦੀ ਘਟਰੀਨਾ ਨਾਲ ਇੱਦਾਂ ਨਹੀਂ ਕਰੇਗਾ। ਸਖ਼ਤ ਆਦਮੀ ਦਾ ਜ਼ਮਾਨਾ ਹੁਣ ਚੱਲੇ ਗਿਆ ਮਾਂ। ਹੁਣ ਔਰਤ ਦਾ ਰਾਜ ਹੋਵੇਗਾ। ਦੇਖੀ ਜਾਓ। ਘਟਰੀਨਾ ਤੂੰ ਕਿਉਂ ਰੋਂਦੀ? ਹੁਣ ਤਾਂ ਮੈਂ ਹਮੇਸ਼ਾਂ ਲਈ ਬਾਥੇਲੋਨਾ-ਘਰ ਵਾਪਸੀ ਹੋਵੇਗਾ। ਤੈਨੂੰ ਮੇਰੀ ਪੰਜਾਬਣ ਬਣਾ ਦੇਣਾ–। ਲੋਇਣ ਫਿਰ ਮੀਚ ਲਏ। ਹੁਣ ਜਦ ਅੱਡੇ ਨਜ਼ਰ ਸਾਹਮਣੇ ਮਾਂ-ਪਿਉ ਪਿੱਛੇ ਚੰਦ ਪਵਨ ਅਤੇ ਅਲਫੋਂਸੋ ਖਲੋਏ ਸਨ। ਘਟਰੀਨਾ ਦੇ ਨਾਲ ਅਮਰ ਖੜ੍ਹਾ ਸੀ। ਰਾਣਾ ਨੇ ਫਿਰ ਅੱਖਾਂ ਬੰਦ ਕਰ ਲੀਆਂ।

– ਸੌਰੀ ਡੈਡ ਜੇ ਮੈਂ ਤੁਹਾਡੇ ਲਈ ਨਾਕਾਮੀ ਸੀਗਾ। ਪਰ ਸੱਚ ਬੋਲੇ ਤੁਸੀਂ ਵੀ ਕਿੱਧਾ ਦੇ ਬਾਪ ਸੀ? ਕਾਮਯਾਬੀ ਨੇ ਸਾਨੂੰ ਮਾਰ ਦਿੱਤਾ। ਸਾਨੂੰ ਵਾਰ ਦਿੱਤਾ–।

ਰਾਣਾ ਹਮੇਸ਼ਾਂ ਲਈ ਸੌਂ ਗਿਆ।

*ਵੀਤਾ*

ਰਾਣਾ ਬੇਹੋਸ਼ ਹੋਇਆ ਹਸਪਤਾਲ ਦੀ ਬੈਡ 'ਚ ਪਿਆ ਸੀ। ਡਾਘਟਰਾਂ ਨੇ ਸੀਸ ਦਾ ਕੈਟਸਕੈਨ ਲੈ ਲਿਆ ਸੀ । ਵੀਤਾ। ਤਾਰਾ ਅਤੇ ਘਟਰੀਨਾ ਨੂੰ ਨਾਲ ਦੇ ਕਮਰੇ ਵਿਚ ਵਿਚ ਕੈਟਸਕੈਨ ਦਾ ਨਤੀਜਾ ਸਮਝਾਉਂਦੇ ਸੀ। ਪਹਿਲਾ ਵੀਤਾ ਨੇ ਤਾਂ ਘਟਰੀਨਾ ਨੂੰ ਕਮਰੇ ਵਿਚ ਵੜਨ ਨਹੀਂ ਦਿੱਤਾ। ਪਰ ਤਾਰਾ ਨੇ ਡਾਘਟਰ ਨੂੰ ਦਸ ਦਿੱਤਾ ਕੇ ਘਟਰੀਨਾ ਰਾਣੇ ਮੰਗੇਤਰ ਸੀ।

– ਤੁਸੀਂ ਸਭ ਬੈਠ ਜੋ। ਅੱਛਾ ਕੋਈ ਸੌਖਾ ਰਾਹ ਨਹੀਂ ਇਸ ਗੱਲ ਨੂੰ ਦੱਸਨ– ਡਾਘਟਰ ਨੇ ਕਿਹਾ। ਤਾਰਾ ਅਤੇ ਘਟਰੀਨਾ ਦੇ ਗੱਭੇ ਵੀਤਾ ਬੈਠੀ ਸੀ। ਹੁਣ ਤਾਰਾ ਦਾ ਵੀ ਹੱਥ ਫੜ੍ਹ ਲਿਆ ਅਤੇ ਘਟਰੀਨਾ ਦਾ ਵੀ। - ਤੁਹਾਡੇ ਬੇਟੇ ਖੋਲ੍ਹ ਸਿਰ 'ਚ ਰਸੌਲੀ ਹੈ। ਕਹਿਣ ਦਾ ਮਤਲਬ ਟਯੂਮਰ। ਬਦਕਿਸਮਤੀ ਨਾਲ ਹੁਣ ਅਸਾਧ ਹੋ ਸੱਕਦਾ ਹੈ। ਮਤਲਬ ਟਯੂਮਰ ਖੁਣਸੀ ਟਾਇਪ ਹੈ। ਕੀ ਪਤਾ ਦੋਕ ਮਹਿਨੇ ਜਿੰਦਾ ਰਹਿਵੇਗਾ। ਕੀ ਪਤਾ ਇਕ ਵੀਕ। ਭਾਵੇ ਇਕ ਰਾਤ। ਇਸ ਵੇਲੇ ਡੂੰਘੀ ਬੇਹੋਸ਼ੀ ਵਿਚ ਹੈ। ਆਇਮ ਸੋ ਸੌਰੀ–।

ਤਿੰਨ ਹੀ ਜੋਰ ਦੇਣੀ ਰੋਣ ਲੱਗ ਪਏ। ਤਾਰਾ ਆਮ ਕਿਸੇ ਦੇ ਸਾਹਮਣੇ ਰੋਂਦਾ ਨਹੀਂ ਸੀ। ਅੱਜ ਪਲਿਲੀ ਵਾਰੀ ਰੋਇਆ। ਹਾਲੇ ਦੋ ਬਾਰ ਫਿਰ ਇੱਦਾਂ ਹੋਣਾ ਸੀ। ਵੀਤਾ ਨੇ ਤਾਂ ਘਟਰੀਨਾ ਦਾ ਸਹਾਰਾ ਲਿਆ। ਅਰੁਚੀ ਦੂਰ ਹੋ ਗਈ ਸੀ। ਰੱਜ ਰੱਜ ਕੇ ਰੋਏ।

*****

ਦੋ ਮਹੀਨਿਆਂ ਲਈ ਰੋਜ ਹਸਪਤਾਲ ਆਏ। ਕਦੇ ਰਾਤ ਤਾਰਾ ਨੇ ਰਾਣੇ ਨਾਲ ਕੱਟੀ। ਕਦੇ ਵੀਤਾ ਕਦੇ ਘਟਰੀਨਾ ਨੇ ਆਸਰਾ ਦਿੱਤਾ। ਪਰ ਮੁੰਡੇ ਦਾ ਤਾਂ ਓਈ ਹਾਲ ਰਿਹਾ। ਨਿਰਮਲ ਮੁਖ ਸ਼ਾਂਤ ਤਸਵੀਰ ਸੀ। ਜਦ ਵੀਤਾ ਰਾਣੇ ਨਾਲ ਖਲੀ ਹੁੰਦੀ ਸੀ ਗੱਲ ਬਾਤ ਰਾਜ਼ 'ਚ ਕਰਦੀ ਸੀ।

– ਸਾਡੀ ਕਿਸਮਤ ਹੈ। ਪਤਾ ਨ੍ਹੀਂ ਪਹਿਲਾ ਜਨਮ 'ਚ ਮੈਂ ਕੀ ਗ਼ਲਤ ਕੀਤਾ ਸੀ। ਉਹ ਤਾਂ ਕੋਈ ਫ਼ਰਿਸ਼ਤਾ ਹੋਵੇਗਾ। ਜੇਹੜਾ ਰੱਬ ਵੀ ਨਹੀਂ ਉਹਨੂੰ ਰੋਕਦਾ। ਮੈਂ ਬੁਤ ਕੋਸ਼ਿਸ਼ ਕੀਤੀ ਪੁੱਤ। ਤੈਨੂੰ ਕੋਈ ਸਮਝ ਨਹੀਂ ਪੰਜਾਬੀ ਮਾਂ ਲਈ ਕਿੰਨ੍ਹਾ ਔਖਾ ਹੁੰਦਾ। ਗੋਰਿਆਂ ਵੰਗ ਤਲਾਕ ਲੈਣਾ ਸੌਖਾ ਨਹੀਂ। ਮੇਰੇ ਬਾਪੂ ਜੀ ਦੀ ਇਜੱਟਸੀ। ਸ਼ਮਾਜ ਦੇ ਚਰਚੇ ਬਹੁਤ ਬਦਕਾਰ ਹੁੰਦੇ ਨੇ। ਜੇ ਮੈਂ ਉਹਨੂੰ ਛੱਡ ਦੇਂਦੀ ਆਪਾਂ ਪਤਾ ਨਹੀਂ ਕਿਨ੍ਹੇ ਖਰਾਬ ਹੋਣਾ ਸੀ। ਰੱਬ ਤਾਂ ਹੋ ਨਹੀਂ ਸੱਕਦਾ–। ਕਦੇ ਕਹਿਣ ਲੱਗਦੀ ਸੀ - ਰੱਬ ਨੇ ਸਭ ਕੁਝ ਠੀਕ ਕਰ ਦੇਣਾ। ਫਿਕਰ ਨਾ ਕਰ। ਮੈਂ ਰੋਜ ਪਾਠ ਕਰਦੀ ਹੈ–। ਕੀ ਕਰੇ? ਜੇ ਤਾਰੇ ਨੂੰ ਛੱਡ ਦੇਂਦੀ ਸੀ ਵੀਤਾ ਦੇ ਖ਼ਿਆਲ ਵਿਚ ਹਾਲ ਬੁਹਤ ਬੁਰਾ ਹੋਣਾ ਸੀ। ਨਾਲੇ ਵੀਤਾ ਵਿਚ ਏਨੀ ਹਿੰਮਤਨਹੀਂ ਸੀ। ਨਾਰੀ ਮੱਧਮ ਮਨ ਦੀ ਸੀ। ਢਿੱਲੀ ਸੀ। ਤਾਰੇ ਵਰਗੇ ਮਰਦ ਦਾ ਸਾਹਮਣਾ ਨਹੀਂ ਕਰ ਸੱਕਢੀ ਸੀ। ਤਲਾਕ ਕਰਕੇ ਜੱਗ ਦਾ ਸਾਹਮਣਾ ਕਿਵੇਂ ਕਰੇਗੀ? ਫਰ ਹੁਣ ਦੇੱਖ ਕਿੱਥੇ ਪਹੁੰਚ ਗਏ? ਅੱਜ ਕਲ੍ਹ ਤਾਂ ਸਭ ਤਲਾਕ ਕਰ ਲੈਂਦੇ ਹੈ। ਪਰ ਜੇ ਰਾਣਾ ਰੱਬ ਦਾ ਪਿਆਰਾ ਹੋ ਗਿਆ ਫਿਰ ਕੀ ਫਾਇਦਾ? ਥਾਰਾ ਨਾਲ ਹੀ ਜੀਵਨ ਬੀਤਾ। ਇਸ ਉਮਰ 'ਚ ਕੀ ਕਰ ਸੱਕਢੀ ਸੀ। ਵੀਤਾ ਦੀ ਹੁਣ ਇੱਛਾ ਕਹਿੰਦੀ ਸੀ ਕੇ ਜੇ ਤੂੰ ਤਕੜੀ ਜਨਾਨੀ ਹੁੰਦੀ



ਭਾਵੇਂ ਤਾਰਾ ਦਾ ਸਾਹਮਣਾ ਕਰ ਦੇਂਦੀ। ਵੀਤਾ ਨੇ ਆਪਣਾ ਸਿਰ ਰਾਣੇ ਦੇ ਛਾਤੀ ਉੱਤੇ ਰੱਖ ਲਿਆ। ਰਾਣੇ ਦਾ ਹੱਥ ਹਿਲ ਕੇ ਵੀਤਾ ਦੇ ਸੀਸ ਉੱਤੇ ਟਿਕ ਗਿਆ। - ਮਾਂ–।

ਵੀਤਾ ਇਕ ਦੰਮ ਉੱਠ ਕੇ ਡਾਘਟਰਾਂ ਨੂੰ ਬਲਾਉਣ ਚੱਲੇ ਗਈ। ਆਵੇਸ਼ ਵਿਚ ਵਾਰ ਵਾਰ ਕਹਿ ਗਈ - ਹਾਂ ਪੁੱਤ ਮੈਂ ਇੱਥੇ ਹੈ–।

ਰਾਣਾ ਉੱਠ ਗਿਆ। ਵੀਤਾ ਨੇ ਤਾਰੇ ਨੂੰ ਫੋਨ ਕਰ ਦਿੱਤਾ। ਤਾਰਾ ਅਤੇ ਘਟਰੀਨਾ ਆ ਗਏ ਸੀ। ਦੋਕ ਘੰਟਿਆਂ ਲਈ ਸਭ ਠੀਕ ਠਾਕ ਸੀ। ਸਾਰੇ ਹੁਣ ਖ਼ੁਸ਼ ਸੀ। ਡਾਘਟਰਾਂ ਨੇ ਟੇਸਟ ਕੀਤੇ। ਜਦ ਨਤੀਜਾ ਨਿਕਲਿਆ ਟੱਬਰ ਨੂੰ ਦਸਿਆ - ਜੇ ਹੁਣ ਦੋਕ ਦਿਨਾਂ ਲਈ ਜਾਗਦਾ ਰਿਹਾ ਅਸੀਂ ਔਪਰੇਸ਼ਨ ਕਰ ਸੱਕਦੇ ਹੈ। ਨਤੀਜਾ ਚੰਗਾ ਵੀ ਹੋ ਸੱਕਦਾ। ਦੂਜੇ ਪਾਸੇ ਚਾਂਸ ਹੈ ਕੇ ਅਸੀਂ ਨਹੀਂ ਕਾਮਯਾਬ ਹੋਵੋਗੇ–।

ਵੀਤਾ ਪੂਰੇ ਦੋ ਦਿਨਾਂ ਲਈ ਰਾਣੇ ਨਾਲ ਰਹੀ। ਗੁੱਪ ਛੱਪ ਮਾਰ ਕੇ ਟਾਇਮ ਪਾਸ ਹੋਇਆ ਸੀ। ਫਿਰ ਘਟਰੀਨਾ ਵੀ ਰਹੀ। ਹਫ਼ਤਾ ਹੋ ਗਿਆ। ਰਾਣਾ ਐਸਤਾਰਫੀਨੀਆ ਬਾਰੇ ਫਿਰ ਬੋਲਣ ਲੱਗ ਗਿਆ। ਇਕ ਦਿਨ ਤਾਰਾ ਵੀ ਰਿਹਾ ਪਰ ਵੀਤਾ ਨੂੰ ਲੱਗਾ ਕੇ ਹਾਲੇ ਵੀ ਖੁਲ੍ਹ ਕੇ ਗੱਲ ਦੋਨਾਂ ਵਿਚ ਨਹੀਂ ਹੋਈ। ਫਿਰ ਇਕ ਦਿਨ ਜਦ ਸਿਰਫ਼ ਵੀਤਾ ਰਾਣੇ ਨਾਲ ਸੀ ਡਾਘਟਰ ਨੇ ਔਪਰੇਸ਼ਨ ਕਰਨ ਦੀ ਇਜਾਜ਼ਤ ਦੇ ਦਿੱਤੀ। ਸਾਰੇ ਖ਼ੁਸ਼ ਸੀ। ਰਾਣੇ ਨੂੰ ਸਾਫ਼ ਦਸਿਆ ਕੇ ਔਪਰੇਸ਼ਨ ਵੇਲੇ ਮਰ ਵੀ ਸੱਕਦਾ। ਇਸ ਕਰਕੇ ਰਾਣਾ ਨੇ ਫ਼ੈਸਲਾ ਬਣਾ ਦਿੱਤਾ ਚੀਰ ਫਾੜ ਤੋਂ ਇਕ ਰਾਤ ਪਹਿਲਾ ਸਭ ਨਾਲ ਗੱਲ ਕਰਨ। ਬਾਪੂ ਨਾਲ ਵੀ। ਗੱਲ ਕਰਦਾ ਹਮੇਸ਼ਾਂ ਲਈ ਵੀਤਾ ਤੋਂ ਦੂਰ ਚੱਲੇ ਗਿਆ।

ਜਦ ਰਾਣਾ ਪੂਰਾ ਹੋ ਗਿਆ ਸੀ ਤਿੰਨ ਹੀ ਬਹੁਤ ਰੋਏ। ਵੀਤਾ ਦੀ ਹਲਾਤ ਇੰਨ੍ਹੀ ਬੁਰੀ ਸੀ ਕੇ ਹਾਰ ਕੇ ਬੁੱਤ ਬਣ ਗਈ ਸੀ। ਬੇਧਰਮ ਹੋ ਗਈ। ਬੇਆਸ। ਖਾਲੀ। ਹਨ ਮਰ ਗਿਆ ਸੀ। ਸਾਰੀ ਜ਼ਿੰਦਗੀ ਪੁੱਤ ਨੂੰ ਪਿਉ ਤੋਂ ਬੱਚਾ ਕੇ ਰੱਖਿਆ। ਬਾਪ ਨੂੰ ਬੇਟੇ ਤੋਂ। ਕਈ ਦੁੱਖ ਬਰਦਾਸ਼ ਕੀਤੇ ਸੀ। ਹੁਣ ਅਖੀਰ'ਤੇ ਵੀਰਾਨ ਹੋ ਗਈ।

ਰਾਣੇ ਦੀ ਲਾਸ਼ ਸਾਊਥਹਾਲ ਲੈ ਗਏ। ਸੰਸਕਾਰ ਕੀਤਾ। ਉਸ ਤੋਂ ਬਾਅਦ ਵੀਤਾ ਛੇ ਮਹੀਨੇ ਲਈ ਇਸ ਹਾਲ 'ਚ ਰਹੀ। ਹਾਰ ਕੇ ਹੌਂਸਲਾ ਨਾਲ ਆਖ਼ਰੀ ਚਿਤਰਕਾਰ ਬਣਾਇਆ। ਟਾਟ ਨੂੰ ਕਾਲਾ ਰੰਗ ਲਾਇਆ। ਗੱਭੇ ਇਕ ਲਾਲ ਢੇਰ ਸੀ ਜਿਸ ਦਾ ਰੂਪ ਖੁਲ੍ਹਾ ਮੂੰਹ ਵਰਗਾ ਸੀ। ਲੱਗੇ ਜਿਵੇਂ ਨਿਰੰਤਰ ਵਕਤ ਲਈ ਚੀਕ ਦਾ ਸੀ। ਐਣ ਜਿੱਦਾਂ ਵੀਤਾ ਦੀ ਰੂਹ ਚੀਕ ਦੀ ਸੀ। ਆਪਣੇ ਆਪ ਤੋਂ ਦੂਰ ਹੋ ਗਈ।

*ਤਾਰਾ*

ਰਾਣਾ ਜਦ ਉੱਠ ਗਿਆ ਸੀ ਤਾਰਾ ਬਹੁਤਾ ਉਸ ਦੇ ਨਾਲ ਰਿਹਾ ਨਹੀਂ। ਕੋਈ ਪਛਾਵਾ ਵੰਗ ਪਿੱਛੇ ਹੀ ਰਹਿੰਦਾ ਸੀ। ਹਾਫ਼ਤੇ ਲਈ ਵੀਤਾ ਅਤੇ ਘਟਰੀਨਾ ਨੇ ਸ਼ਿਫਟਾਂ ਲਾਇਆਂ ਸੀ। ਹਾਰ ਕੇ ਇਕ ਦਿਨ ਤਾਰਾ ਨੇ ਵੀ ਬੀਤਿਆ। ਪੁੱਤ ਨੂੰ ਪਤਾ ਨਾ ਲੱਗੇ ਬਾਪ ਨੂੰ ਕੀ ਕਹਿਵਾ। ਪਿਉ ਨੂੰ ਨਹੀਂ ਸਮਝ ਲੱਗੇ ਮੁੰਡੇ ਨੂੰ ਕੀ ਕਹਿਵਾ। ਉਸ ਦਿਨ ਕੈਫੇ 'ਚ ਦੋਨਾਂ ਨੇ ਜੋ ਕਹਿਣਾ ਕਹਿ ਦਿੱਤਾ ਸੀ। ਸਭ ਜਜ਼ਬਾਤ ਹੜ੍ਹ ਵੰਗ ਉਸ ਹੀ ਦਿਨ

ਨਿਕਲ ਗਿਆ ਸੀ। ਬੇਫਜੂਲ ਗੱਲਾਂ ਹੀ ਕੀਤੀਆਂ। ਤਾਰੇ ਦੇ ਮਨ ਵਿਚ ਬਹੁਤ ਕੁਝ ਸੀ। ਪਛਤਾਵਾ ਸੀ। ਗੁੱਸਾ ਸੀ। ਪਿਆਰ ਸੀ। ਨਫਰਤ ਵੀ ਸੀ। ਪਰ ਹਾਲੇ ਵੀ ਤਿਆਰ ਨਹੀਂ ਸੀ ਮਨਣ ਕੇ ਕੋਈ ਚੀਜ਼ਾ ਵਿਚ ਗ਼ਲਤ ਹੋ ਸੱਕਦਾ ਸੀ। ਤਾਰੇ ਨੂੰ ਲੱਗਿਆ ਕੇ ਰਾਣਾ ਜਿੱਦੀ ਸੀ। ਇਸ ਕਰਕੇ ਕੁਝ ਨਹੀਂ ਕਹਿੰਦਾ ਸੀ। ਕੱਪਤਾ ਲੱਗੇ। ਕੀ ਮੈਂ ਇਨਾ ਬੁਰਾ ਹੈਂ ਕੇ ਤੈਤੋਂ ਗੱਲ ਵੀ ਮੇਰਾ ਨਾਲ ਤੋਰ ਨਹੀਂ ਹੁੰਦੀ? ਫਰ ਤਾਰੇ ਤੋਂ ਕਿੱਥੇ ਕੁਧ ਗੱਲ ਤੋਰ ਹੁੰਦੀ ਸੀ। ਇਸ ਹਾਲ 'ਚ ਜਦ ਵੀਤਾ ਆਈ ਮੁੰਡੇ ਨੂੰ ਛੱਡ ਦਿੱਤਾ।

ਬਾਥੇਲੋਨਾ-ਘਰ ਵਾਪਸੀ ਤੋਂ ਰਾਣੇ ਨੂੰ ਕਫਨ ਵਿਚ ਵਲੈਤ ਵਾਪਸ ਲੈ ਕੇ ਆਉਣ ਦਾ ਇੰਤਜ਼ਾਮ ਤਾਰੇ ਅਤੇ ਘਟਰੀਨਾ ਨੇ ਕੀਤਾ। ਪਿੱਛੇ ਸੁੰਦਰ ਸ਼ਹਿਰ ਨੂੰ ਛੱਡ ਦਿੱਤਾ ਅਤੇ ਅੱਗੇ ਸਾਊਥਹਾਲ ਦੇ ਗੰਦ ਮੰਦ 'ਚ ਰਾਣਾ ਆਗਿਆ। ਤਾਬੂਤ ਪਹਿਲਾ ਘਰ ਦੇ ਬੈਠਕ 'ਚ ਦਿਖਾਇਆ। ਲਾਸ਼ ਦੇ ਖੋਲ੍ਹੇ ਰਿਸ਼ਤੇਦਾਰ ਅਤੇ ਸਰੀਕ ਬੇਲੀ ਲੰਘੇ। ਸਭ ਨੇ ਰਾਣੇ ਵੱਲ ਝਾਤੀ ਮਾਰੀ। ਸਭ ਦੇੱਖ ਕੇ ਰੋਏ। ਕਈ ਬੀਬੀਆਂ ਨੇ ਤਾਂ ਪੂਰਾ ਸਿਆਪਾ ਪਾਇਆ। ਤਾਰਾ ਨੇ ਸੋਚਿਆ ਸੰਸਾਰ ਦੇ ਹੰਝੂ ਨਕਲੀ ਹੁੰਦੇ ਨੇ। ਇਨਾਂ ਦੇ ਵੀ ਪਖੰਡ ਵਾਲੇ ਟਸੂਏ ਸਨ। ਰਾਣੇ ਦਾ ਮੁਖ ਸ਼ਾਂਤ ਰੂਪ ਵਾਲਾ ਸੀ । ਵੀਤਾ ਬੁੱਤ ਬਣ ਕੇ ਬੈਠੀ ਸੀ। ਕੋਈ ਰਾਣੇ ਦਾ ਅਣਜਾਣ ਦੋਸਤ ਆਇਆ। ਘਬਰਾਉਂਦਾ ਸੀ। ਵੀਤਾ ਉਸ ਨੂੰ ਮੁਸਕਾਨ ਦੇ ਕੇ ਰਾਣੇ ਬਾਰੇ ਗੱਪ ਛੱਪ ਮਾਰਣ ਲੱਗ ਗਈ। ਕੀ ਪਤਾ ਉਸ ਦੀ ਉਮਰ ਰਾਣੇ ਜਿੱਦੀ ਸੀ। ਪਰ ਇਸ ਮੁਲ਼ਾਕਾਤ ਨੇ ਹੜ੍ਹ ਖੋਲ੍ਹ ਦਿੱਤਾ। ਹਰੇਕ ਬੰਦੇ ਨਾਲ ਰਾਣੇ ਦੇ ਬਾਰੇ ਡੂੰਘੀਆਂ ਡੂੰਘੀਆਂ ਗੱਲਾਂ ਕਰਨ ਲੱਗ ਪਈ।

ਤਾਰੇ ਤੋਂ ਦੇਖ ਕੇ ਬਰਦਾਸ਼ ਨਹੀਂ ਸੀ ਹੁੰਦੀ। ਬਾਹਰ ਜਾ ਕੇ ਜਾਣ ਬੁਝ ਕੇ ਕੰਮ ਟੋਲੀ ਗਿਆ। ਸੰਸਕਾਰ 'ਤੇ ਜਮਾਲ'ਤੇ ਘਟਰੀਨਾ ਵੀ ਅਏ ਸੀ। ਦੋਨਾਂ ਨੂੰ ਤਾਰੇ ਨੇ ਧੰਨਵਾਦ ਦਿੱਤਾ। ਵੀਤਾ ਨੂੰ ਪਰੇ ਹੁਣ ਰਖੀਏ। ਜਦ ਵੀ ਕਫਨ ਦੇਖ ਦੀ ਸੀ ਸਿਆਪਾ ਕਰਨ ਲੱਗ ਜਾਂਦੀ ਸੀ। ਬੀਬੀਆਂ ਤਾਂ ਉਹਦੀ ਚਾਬੀ ਘੁੰਮਾਣ ਦੀਆਂ ਸੀ। ਸਵੇਰੇ ਰਾਣੇ ਦੀ ਲਾਸ਼ ਨੂੰ ਧੋਣ ਦਾ ਟਾਇਮ ਆਗਿਆ ਸੀ। ਤਾਰਾ। ਡੇਲ ਅਤੇ ਦੋ ਗੁਰਦੁਆਰੇ ਤੋਂ ਸਿੰਘਾਂ ਨੇ ਧੋਈ। ਮਰਨ ਪਿੱਛੋਂ ਸਰੀਰ ਦਾ ਅਕੜੇਵਾ ਨੇ ਪਿੰਡੇ ਨੂੰ ਜੋੜ ਦਿੱਤਾ ਸੀ। ਜਦ ਰਾਣਾ ਜੀਂਦਾ ਸੀ ਕਦੀ ਐਨਾ ਭਾਰਾ ਨਹੀਂ ਸੀ। ਅੰਗ ਤੰਗ ਜੁੜੇ ਕਰਕੇ ਹਲਾਉਣ ਔਖੀ ਸੀ। ਫਿਰ ਵੀ ਦਹੀ ਨਾਲ ਲੋਥ ਸਾਫ਼ ਕੀਤੀ। ਗੁਰਮੀਤ ਦਾ ਯਾਦ ਆ ਗਿਆ। ਡੇਲ ਨੇ ਤਾਰੇ ਵੱਲ ਢਾਰਸ ਕੀਤੀ। ਤਾਰੇ ਨੂੰ ਜਪੀ ਵਿਚ ਫੜ੍ਹ ਲਿਆ। ਜਦ ਸਾਰੇ ਕੱਪੜੇ ਪਾ ਦਿੱਤੇ ਸੀ। ਤਾਰੇ ਤੋਂ ਬਿੰਨਾ ਸਾਰਿਆਂ ਨੇ ਕਮਰਾ ਛੱਡ ਦਿੱਤਾ। ਤਾਰਾ ਖੁਲ੍ਹਾ ਖੁਲ੍ਹਾ ਰੋਣ ਲੱਗ ਪਿਆ। ਰਾਣੇ ਵੱਲ ਸ਼ਰਮ ਨਾਲ ਦੇੱਖਿਆ। ਪਹਿਲੀ ਵਾਰੀ ਜ਼ਿੰਦਗੀ 'ਚ ਬੋਲਿਆ - ਸੌਰੀ ਪੁੱਤ-।

*****

ਬਾਅਦ ਸਸਕਾਰ-ਘਰ ਦੇ ਬਾਹਰ ਲੋਕਾਂ ਦਾ ਝੁੰਡ ਨਾਲ ਖੜ੍ਹ ਕੇ ਚਿਮਨੀ ਵੱਲ ਦੇੱਖਿਆ। ਦਾਹ ਦਾ ਧੂੰਆਂ ਬਾਹਰ ਆਏ। ਦਿਨ ਨੀਲਾ ਸੀ। ਅੰਬਰ ਸਾਫ਼ ਸੀ। ਤਾਰਾ ਨੂੰ ਲੱਗਿਆ ਜਿਵੇਂ ਉਠਦੇ ਧੂੰਏ ਨੇ ਰਾਣੇ ਨੂੰ ਹਵਾ 'ਚ ਰੱਬ ਵੱਲ ਲੈ ਗਿਆ। ਕੀ ਪਤਾ ਬਹੁਤ ਉੱਚਾ ਜਾ ਕੇ ਵਰਖਾ 'ਚ ਸ਼ਾਮਲ ਹੋ ਕੇ ਇਕ ਦਿਨ ਧਰਤੀ ਦੀ ਪਿਆਸ ਨੂੰ ਭਿੱਜਾਵੇਗਾ।



ਇਸ ਸੋ0ਚ ਪਸੰਦ ਸੀ। ਅੰਤਿਮ ਸੰਸਕਾਰ ਪ੍ਰਬੰਧਕ ਕਰਨ ਵਾਲੇ ਨੇ ਰਾਣੇ ਦੀਆਂ ਅਸਥੀਆਂ ਨੂੰ ਇਕ ਕਾਲੇ ਗਮਲੇ 'ਚਪਾਕਿ ਦੇ ਦਿੱਤੀਆਂ। ਜਦ ਸਭ ਕੁਝ ਹੋ ਗਿਆ ਤਾਰੇ ਨੂੰ ਅਲਵਿਦਾ ਕਰਨ ਘਟਰੀਨਾ ਆ ਗਈ।

– ਪੁੱਤ ਤੂੰ ਹੁਣ ਕੀ ਕਰੂਗੀ?-

– ਡੈਡ ਮੈਂ ਬਾਥੇਲੋਨਾ-ਘਰ ਵਾਪਸੀ ਵਾਪਸ ਚੱਲੇ ਜਾਣਾ।

– ਹਾਂ। ਇਸ ਗੱਲ ਤਾਂ ਮੈਨੂੰ ਪੂਰੀ ਸਮਝ ਏ। ਅਬਲ ਤਾਂ ਵੀਤਾ ਨਾਲ ਮੈਨੂੰ ਗੱਲ ਕਰਨੀ ਪਵੇਗੀ ਪਰ ਮੈਂ ਸੋਚਦਾ ਕੇ ਬਾਥੇਲੋਨਾ-ਘਰ ਵਾਪਸੀ ਰਾਣੇ ਨੂੰ ਬਹੁਤ ਪਿਆਰਾ ਸੀ। ਇਸ ਲਈ ਰਾਣੇ ਦੀਆਂ ਅਸਥੀਆਂ ਉੱਥੇ ਛਿੜਕ ਦੇਨੀਆਂ-।

– ਬਹੁਤ ਚੰਗਾ ਖ਼ਿਆਲ ਹੈ-। ਕਹਿ ਕੇ ਤਾਰੇ ਦੇ ਛਾਤੀ ਉੱਤੇ ਸੀਸ ਧਰ ਕੇ ਰੋਣ ਲੱਗ ਪਈ।

ਸੰਸਕਾਰ ਤੋਂ ਬਾਅਦ ਪੂਰੇ ਮਹਿਨੇ ਲਈ ਕੰਮ ਨਹੀਂ ਤਾਰਾ ਨੇ ਕੀਤਾ। ਕਰਮਚਾਰਿਆਂ ਨੂੰ *ਲਾਲ ਕਿਲ੍ਹਾ* ਚਲਾਉਣ ਛੱਡ ਦਿੱਤਾ ਸੀ। ਵੀਤਾ ਵੀ ਹਾਰ ਕੇ ਮਨ ਗਈ ਸੀ ਰਾਣੇ ਦੀਆਂ ਅਸਥੀਆਂ ਨੂੰ ਬਾਥੇਲੋਨਾ-ਘਰ ਵਾਪਸੀ ਛਿੜਕਣ। ਦੋਵੇਂ ਵਾਪਸ ਗਏ। ਉੱਥੇ ਜਮਾਲ ਅਤੇ ਘਟਰੀਨਾ ਨੇ ਮਦਦ ਕੀਤੀ। ਜਦ ਘਰ ਵਾਪਸ ਆਏ ਦੋਵੇਂ ਤੁਰਦੇ ਫਿਰਦੇ ਲਾਸ਼ ਬਣ ਗਏ। ਜਦ ਨਿਆਣਾ ਪਹਿਲਾ ਮਰ ਜਾਂਦਾ ਜੀਂਨਣ ਦਾ ਕੀ ਫਾਇਦਾ ਹੈ?

*****

ਇਕ ਸਲੇਤੀ ਦਿਨ ਸੀ। ਤਾਰਾ ਸਾਊਥਹਾਲ ਵਿਚ ਆਪਣੀ ਗੱਡੀ ਵਿਚ ਨਿਰਉਦੇਸ਼ ਇਧਰ ਉਧਰ ਜਾਂਦਾ ਸੀ। *ਟੇਸਕੋ* ਦੇ ਨਾਲ ਆਵਰ ਪਾਸ ਸੀ। ਮੋਟਰਵੈ ਤੋਂ *ਓਕਸਬ੍ਰਿਜ* ਅਤੇ ਸਾਊਥਹਾਲ ਬ੍ਰੋਡਵੈ ਤਕ ਲਏ ਜਾਂਦਾ ਸੀ। ਅੱਧੀ ਰਾਹ ਜੇ ਬ੍ਰੋਡਵੈ ਵੱਲ ਜਾਈਦਾ ਸੱਜੇ ਪਾਸੇ ਹੈਵਾਲੋਕ ਰੋਡ ਦਾ ਨਵਾ ਗੁਰਦੁਆਰਾ ਦਾ ਸੋਨਾ ਗੁੰਬਦ ਦਿੱਸਦਾ ਸੀ। ਤਾਰੇ ਦਾ ਵਹਿਣ ਨੇ ਤਾਂ ਪਹਿਲਾ ਹੀ ਉੱਸ ਦਾ ਧਿਆਨ ਹੋਰ ਪਾਸੇ ਲੈ ਕੇ ਜਾਇਆ ਸੀ। ਗੁੰਬਦ ਨੇ ਤਾਰੇ ਦੀ ਅੱਖ ਫੜ੍ਹ ਲਈ। ਕਿਉਂਕਿ ਹੁਣ ਜੇਹੜਾ ਧਿਆਨ ਸੜਕ ਉੱਤੇ ਰਹਿਣ ਦਾ ਵੀ ਸੀ ਪਰੇ ਹੋ ਗਿਆ। ਗੱਡੀ ਹੌਲੀ ਹੋ ਗਈ। ਪਿੱਛਲੀ ਕਾਰ ਵਾਲੇ ਨੇ ਜੋਰ ਦੇਣੀ ਹੋਰਨ ਮਾਰਿਆ। ਤਾਰਾ ਚਿੰਤਾਵਾਨ ਹੋ ਗਿਆ ਅਤੇ ਘਬਰਾ ਵੀ ਗਿਆ। ਜੋਰ ਦੇਣੀ ਕਾਰ ਨੂੰ ਸਾਇਡ'ਤੇ ਲਿਆ ਕੇ ਟਿਕਾ ਦਿੱਤੀ। ਮਸਾ ਪੁਲ ਦੀ ਕੰਧ 'ਚ ਵਜਣ ਤੋਂ ਬਚਾਈ। ਥੋੜ੍ਹਾ ਚਿਰ ਲਈ ਗੱਡੀ ਵਿਚ ਬੈਠਾ ਰਿਹਾ। ਫਿਰ ਹਵਾ ਲੈਣ ਬਾਹਰ ਚੱਲੇ ਗਿਆ। ਪੁਲ ਦੀ ਵਾੜ ਨਾਲ ਖੜ੍ਹ ਕੇ ਚੜਾਈ ਤੋਂ ਆਲ਼ੇ-ਦੁਆਲ਼ੇ'ਤੇ ਨਜ਼ਰ ਫੇਰੀ।

ਸਾਊਥਹਾਲ ਨਹੀਂ ਬਦਲਿਆ। ਪਰ ਤਾਰਾ ਬਦਲ ਗਿਆ ਸੀ। ਸਲੇਤੀ ਅੰਬਰ ਹੇਠਾ ਨਗਰ ਗੈਰਦਿਲਕਸ਼ ਲੱਗਦਾ ਸੀ। ਤਾਰੇ ਲਈ ਹੁਣ ਕੋਈ ਖਿੱਚ ਨਹੀਂ ਸੀ। ਸਾਰੇ ਇਮਾਰਤ ਸੁਆਹ ਰੰਗੇ ਸਨ। ਘਰ ਘਰ ਉੱਤੇ ਕੱਸੇ ਸਨ। ਕੰਕਰੀਟ ਜੰਗਲ ਸੀ। ਲੋਕ ਅਤੇ ਗੱਡੀਆਂ ਕੀੜੀਆਂ ਵੰਗ ਇਧਰ ਉਧਰ ਵਹਿੰਦੇ ਸੀ। ਆਹੋ ਧਨ ਸੀ। ਕੋਈ ਸੱਚਾ ਗਰੀਬ ਮੁਥਾਜ ਇੱਥੇ ਨਹੀਂ ਸੀ। ਸਭ ਕੋਲ ਪੈਸਾ ਸੀ। ਪਰ ਬਥੇਰਾ ਦਿਖਾਵਾ ਵੀ ਸੀ। ਪਰ ਹਰ ਘਰ ਵਿਚ ਦਰਦ ਸੀ। ਤਾਰਾ ਨੇ ਸੋਚਾ ਇੱਥੇ ਆਕਿ ਅਸੀਂ ਅਮੀਰ ਬਣ ਗਏ ਪਰ ਪਿੱਛੇ ਕੀ

ਗਵਾਚਾ? ਪੈਸਾ ਅਤੇ ਧਰਮ ਮਗਰ ਹੀ ਲੱਗ ਦੇ ਹਨ। ਅਸੂਲ ਕਿਥੇ ਗਏ? ਸਾਡੇ ਲੋਕਾਂ ਦਾ ਕੀ ਹੋਵੇਗਾ? ਸਭਿਆਚਾਰ ਤਾਂ ਮਰ ਗਈ। ਹਿੰਦੀ ਫਿਲਮਾਂ ਅਤੇ ਬੁਰੇ ਗਾਣਿਆਂ ਨੂੰ ਕੱਸ ਕੇ ਫੜ੍ਹ ਦੇ ਸੀ ਕਿਉਂਕਿ ਪੰਜਾਬੀਅਤ ਤਾਂ ਲੋਪ ਹੋ ਗਈ ਸੀ। ਲੰਬਾ ਸਾਹ ਭਰਿਆ। ਹੁਣ ਪੰਜਾਬ ਵਾਪਸ ਜਾਣ ਦਾ ਵਕਤ ਸੀ। ਅਸਲੀ ਘਰ ਮੁੜ ਕੇ ਜਾਣਾ ਚਾਹੁੰਦਾ ਸੀ। ਪਰ ਉੱਥੇ ਵੀ ਕੀ ਹੁਣ ਸੀ? ਤਾਰੇ ਨੇ ਸੋਚਾ ਸਾਡੇ ਤੋਂ ਵੀ ਬੁਰੇ ਬਣ ਗਏ। ਫਿਰ ਵੀ ਪੰਜਾਬ ਵਾਪਸ ਜਾਵੇਗਾ।

ਰਾਣਾ ਸੱਚਾ ਧਨ ਸੀ।

ਤਾਰਾ ਵਲੈਤ ਕੱਤਣ ਆਏ ਸੀ। ਕੀ ਕੱਤ ਕੇ ਲਿਆਂਦਾ? ਬਸ ਆ ਹੀ ਨਤੀਜਾ ਸੀ। ਹੁਣ ਵਾਪਸ ਚੱਲੇ ਜਾਣਾ ਸੀ। ਸੱਚ...

ਮੈਂ ਤਾਰਾ ਹਾਂ।

**ਖ਼ਤਮ**